

ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ

(1984 ਤੋਂ 2007)

* * *

ਡਾ. ਹਰਜਿੰਦਰ ਸਿੰਘ
ਦਿਲਗੀਰ

ਸਿੱਖਾਂ ਦੀ
ਨਸਲਕੁਸ਼ੀ ਦੀ ਦਾਸਤਾਨ

(1984 ਤੋਂ 2007 ਤੱਕ)

ਤਤਕਰਾ ੧ ਨੰ: ਸਫੇ ਤੇ ੫

ਡਾ: ਹਰਜਿੰਦਰ ਸਿੰਘ ਦਿਲਗੀਰ

ਪ੍ਰਕਾਸ਼ਕ:-
ਸਿੱਖ ਯੂਨੀਵਰਸਿਟੀ ਪ੍ਰੈਸ
2016

SIKHAN DI NASALKUSHI DI DASTAAN

by:
Dr. Harjinder Singh Dilgeer
Ph. D., M.Phil., M.A. (Eng., Phil., Pbi.)
Adi Granth Acharya, D.G. Phil., L.L.B.
email:- hsdilgeer@yahoo.com

ISBN : 2-930-247-54-1
First Edition - March 2016
Price : 450-00

Published by :
The Sikh University Press Belgium

Distributors:
B. Chattar Singh Jiwan Singh
Bazar Mai Sewan Amritsar.
Phones : 91-183-5011003, 2542346, 2547974
Fax : 91-183-5017488
E-mail : csjssales@hotmail.com
: csjspurchase@yahoo.com
Visit our Website : www.csjs.com
Follow us on:
www.facebook.com/csjsamritsar

(Printed in India)

Printed at : Jeewan Printers, Amritsar

ਸਮਰਪਣ

ਸਾਰੇ ਜਾਣੇ ਤੇ ਅਣਜਾਣੇ ਸ਼ਹੀਦਾਂ ਦੇ ਨਾਂ
(ਜਿਨ੍ਹਾਂ ਦੀ ਕੌਮ ਦੇ ਬੇਕਦਰੇ ਆਗੂਆਂ ਨੇ
ਕਦਰ ਨਹੀਂ ਪਾਈ)



ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ

(1984 ਤੋਂ 2007)

* * *

ਡਾ. ਹਰਜਿੰਦਰ ਸਿੰਘ
ਦਿਲਗੀਰ

ਉਚੇਚਾ ਸ਼ੁਕਰੀਆ

ਦਰਸ਼ਨ ਸਿੰਘ ਢਾਡੀ ਦਾ ਸ਼ੁਕਰੀਆ ਜਿਨ੍ਹਾਂ ਮੇਰੀ ਬਚਨ ਸਿੰਘ ਡੀ.ਐਸ.ਪੀ. ਬਾਰੇ ਗ਼ਲਤੀ ਦੀ ਦਰੁਸਤੀ ਕਰਵਾਈ। **ਸ. ਬਲਦੇਵ ਸਿੰਘ ਸਚਦੇਵਾ ਨਕੋਦਰ** ਦਾ ਸ਼ੁਕਰੀਆ ਜਿਨ੍ਹਾਂ ਨੇ ਮੈਨੂ ਇੰਗਲੈਂਡ ਫ਼ੋਨ ਕਰ ਕੇ 1984 ਜੂਨ ਵਿਚ ਬਗ਼ਾਵਤ ਕਰਨ ਵਾਲੀਆਂ ਯੂਨਿਟਾਂ ਬਾਰੇ ਜਾਣਕਾਰੀ ਦਿੱਤੀ। **ਸ. ਮਨਜੀਤ ਸਿੰਘ ਖਹਿਰਾ ਵਕੀਲ** ਦਾ ਸ਼ੁਕਰੀਆ ਜਿਨ੍ਹਾਂ ਮੈਨੂੰ ਇੰਗਲੈਂਡ ਫ਼ੋਨ ਕਰ ਕੇ ਰਾਜੀਵ-ਲੌਂਗੋਵਾਲ ਸਮਝੌਤੇ ਬਾਰੇ ਕੀਮਤੀ ਜਾਣਕਾਰੀ ਦਿੱਤੀ। **ਭਾਈ ਅਸ਼ੋਕ ਸਿੰਘ ਬਾਗੜੀਆਂ, ਸ. ਰਜਿੰਦਰ ਸਿੰਘ ਬਡੇਹਰੀ** ਦਾ ਸ਼ੁਕਰੀਆ ਜਿਨ੍ਹਾਂ ਨੇ ਇੰਗਲੈਂਡ ਫ਼ੋਨ ਕਰ ਕੇ ਕੁਝ ਘੁੰਡੀਆਂ ਖੋਲ੍ਹੀਆਂ। ਖਾੜਕੂ ਲਹਿਰ ਦੇ ਮੁਖੀ ਆਗੂ **ਭਾਈ ਮੋਹਕਮ ਸਿੰਘ** ਦਾ ਸ਼ੁਕਰੀਆ ਜਿਨ੍ਹਾਂ ਮੈਨੂੰ ਇੰਗਲੈਂਡ ਫ਼ੋਨ ਕਰ ਕੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੀ 1986 ਦੀ ਅਸਲ ਹਾਲਤ ਦੱਸੀ। **ਸ. ਅਤਿੰਦਰਪਾਲ ਸਿੰਘ ਖਾਲਿਸਤਾਨੀ** ਦਾ ਸ਼ੁਕਰੀਆ ਜਿਨ੍ਹਾਂ ਨੇ ਮੈਨੂੰ ਪਾਕਿਸਤਾਨ ਤੋਂ (ਤੇ ਪਟਿਆਲਾ ਤੋਂ ਵੀ), ਅਤੇ, **ਸ. ਪ੍ਰਿਤਪਾਲ ਸਿੰਘ** ਦਾ ਜਿਨ੍ਹਾਂ ਨੇ ਇੰਗਲੈਂਡ ਤੋਂ ਖਾੜਕੂਆਂ ਦੀ ਅੰਦਰੂਨੀ ਹਾਲਤ ਬਾਰੇ ਬਹੁਤ ਕੀਮਤੀ ਜਾਣਕਾਰੀ ਦਿੱਤੀ। **ਸ. ਬਲਦੇਵ ਸਿੰਘ ਬੁਧਸਿੰਘਵਾਲਾ** ਤੇ ਹੋਰ ਸਾਰਿਆਂ ਦਾ ਸ਼ੁਕਰੀਆ ਜਿਨ੍ਹਾਂ ਨੇ ਮੈਨੂੰ ਕੀਮਤੀ ਜਾਣਕਾਰੀ ਦਿੱਤੀ ਜਿਨ੍ਹਾਂ ਨਾਲ ਮੈਂ ਕੁਝ ਗ਼ਲਤੀਆਂ ਵੀ ਸੁਧਾਰ ਸਕਿਆ ਤੇ ਨਵੀਂ ਸਮੱਗਰੀ ਵੀ ਸ਼ਾਮਿਲ ਕਰ ਸਕਿਆ।

ਪੇਸ਼ਕਾਰੀ

ਸਿੱਖ ਤਵਾਰੀਖ਼ ਨਾਲ ਜੋ ਜ਼ਿਆਦਤੀ ਹੋਈ ਹੈ ਉਹ ਸ਼ਾਇਦ ਹੀ ਕਿਸੇ ਕੌਮ ਦੀ ਤਵਾਰੀਖ਼ ਨਾਲ ਹੋਈ ਹੋਵੇ। ਬਾਕੀ ਕੌਮਾਂ ਦੀ ਤਵਾਰੀਖ਼ ਵਿਚ ਤਾਂ ਰਲਾ ਪਾਇਆ ਗਿਆ ਹੋਵੇਗਾ ਪਰ ਸਿੱਖ ਤਵਾਰੀਖ਼ ਦਾ ਤਾਂ ਰੱਜ ਕੇ ਰੇਪ ਕੀਤਾ ਗਿਆ ਹੈ। ਇਸ ਨੂੰ ਮੁਸਲਮਾਨ ਲਿਖਾਰੀਆਂ ਨੇ ਨਫ਼ਰਤ ਤੇ ਗੁੱਸੇ ਨਾਲ ਪੇਸ਼ ਕੀਤਾ; ਹਿੰਦੂ ਲਿਖਾਰੀਆਂ ਨੇ ਇਸ ਨੂੰ ਈਰਖਾ ਤੇ ਨਫ਼ਰਤ ਨਾਲ ਛੁਟਿਆਇਆ ਅਤੇ ਅਹਿਸਾਨ-ਫ਼ਰਾਮੋਸ਼ੀ ਦਾ ਇਜ਼ਹਾਰ ਕੀਤਾ। ਅੰਗਰੇਜ਼ ਲਿਖਾਰੀਆਂ ਨੇ ਨਾਵਾਕਫ਼ੀ ਅਤੇ ਸਾਜ਼ਿਸ਼ ਹੇਠ ਇਸ ਨੂੰ ਗ਼ਲਤ ਪੇਸ਼ ਕੀਤਾ ਤੇ ਉਲਝਣਾਂ ਪਾਉਣ ਦੇ ਮੁਜਰਿਮ ਬਣੇ।

ਘਟ ਸਿੱਖ ਲਿਖਾਰੀਆਂ ਨੇ ਵੀ ਨਹੀਂ ਕੀਤੀ। ਉਨ੍ਹਾਂ ਨੇ ਅੰਨ੍ਹੀ ਸ਼ਰਧਾ ਹੇਠ ਇਸ ਵਿਚ ਰਲਾ ਪਾਇਆ ਅਤੇ ਕਈਆਂ ਨੇ ਤਾਂ ਗਪੌੜ ਕਹਾਣੀਆਂ ਘੜ ਕੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਅਖੌਤੀ ਤਾਂਤਰਿਕਾਂ, ਸਿੱਧਾਂ ਤੇ ਜਾਦੂਗਰਾਂ ਵਰਗੀ ਬਣਾਉਣ ਦੀ ਕੋਸ਼ਿਸ਼ ਵੀ ਕੀਤੀ (ਬ੍ਰਾਹਮਣ ਲਿਖਾਰੀਆਂ ਦਾ ਵੀ ਅਜਿਹੀ ਪੇਸ਼ਕਾਰੀ ਵਿਚ ਚੋਖਾ ਰੋਲ ਸੀ)। ਕੁਝ ਲਿਖਾਰੀ ਅਜਿਹੇ ਵੀ ਹਨ ਜਿਹੜੇ ਮਿਹਨਤ ਕਰਨ ਤੋਂ ਦੌੜਦੇ ਹਨ ਅਤੇ ਇਸੇ ਕਰ ਕੇ 'ਭੱਟ ਵਹੀਆਂ' ਅਤੇ ਹੋਰ ਨਵੇਂ ਲੱਭੇ ਕੀਮਤੀ ਸੋਮਿਆਂ ਦਾ ਫ਼ਾਇਦਾ ਨਹੀਂ ਉਠਾਉਣਾ ਚਾਹੁੰਦੇ। ਇੰਞ ਹੀ ਕੁਝ ਲੇਖਕ (ਜਿਹੜੇ ਤਵਾਰੀਖ਼ ਦੇ ਅਸਲੂਬ ਨਹੀਂ ਜਾਣਦੇ ਅਤੇ ਦੋ-ਚਾਰ ਚੰਗੇ-ਮਾੜੇ ਸੋਮਿਆਂ ਨੂੰ ਸਾਹਵੇਂ ਰੱਖ ਕੇ ਲੇਖ ਅਤੇ ਕਿਤਾਬਾਂ ਲਿਖਣ ਦੇ ਸ਼ੌਕੀਨ ਹਨ) ਤੇ ਅਖ਼ਬਾਰਾਂ ਵਾਸਤੇ ਕਾਲਮ ਲਿਖਣ ਵਾਲਿਆਂ ਵਿਚੋਂ ਵੀ ਕੁਝ ਕੁ ਨੇ ਵੀ ਬਹੁਤ ਜ਼ਿਆਦਤੀ ਕੀਤੀ ਹੈ। ਕੁਝ ਅਖ਼ਬਾਰਾਂ ਦੇ ਲੇਖਾਂ ਵਿਚ 'ਇਤਿਹਾਸ' ਅਤੇ 'ਵਿਰਸਾ' ਦੇ ਨਾਂ 'ਤੇ ਵੀ ਸਿੱਖ ਤਵਾਰੀਖ਼ ਨੂੰ ਬੜਾ ਗ਼ਲਤ ਪੇਸ਼ ਕੀਤਾ ਜਾਂਦਾ ਰਿਹਾ ਹੈ।

ਇਸ ਸਾਰੀ ਜ਼ਿਆਦਤੀ ਨੂੰ ਸਾਹਵੇਂ ਰੱਖ ਕੇ ਮੈਂ ਮੁਕੰਮਲ 'ਸਿੱਖ ਤਵਾਰੀਖ਼' ਨੂੰ ਮੁੱਢੋਂ ਹੀ ਲਿਖਣ ਦਾ ਤਹੱਈਆ ਕੀਤਾ ਸੀ। ਇੱਤਫ਼ਾਕਨ ਮੈਂ ਪਹਿਲਾਂ 'ਬੰਦਾ ਸਿੰਘ ਬਹਾਦਰ' ਅਤੇ ਘੱਲੂਘਾਰਾ ਕਾਲ (1708-1765) ਬਾਰੇ ਲਿਖਿਆ (ਜੋ ਦੋ ਕਿਤਾਬਾਂ ਵਜੋਂ ਛਪ ਚੁਕਾ ਹੈ)। ਪਰ ਹੁਣ ਪੂਰੀ ਸਿੱਖ ਤਵਾਰੀਖ਼ ਨੂੰ ਵੀ ਪੇਸ਼ ਕੀਤਾ ਹੈ। ਇਸ ਤਵਾਰੀਖ਼ ਨੂੰ ਲਿਖਣ ਵਾਸਤੇ ਮੈਂ ਵੱਖ-ਵੱਖ ਪੜਾਵਾਂ 'ਤੇ ਪਿਛਲੇ 30-32 ਸਾਲ ਵਿਚ ਕੰਮ ਕੀਤਾ ਹੈ। ਸਭ ਤੋਂ ਪਹਿਲਾਂ 1978 ਵਿਚ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਛਾਪੀ ਸੀ ਤੇ ਉਸ ਮਗਰੋਂ ਅਕਾਲ ਤਖ਼ਤ ਸਾਹਿਬ, ਸਿੱਖ ਸਟਰਗਲ ਫ਼ਾਰ ਸਾਵਰੱਨਟੀ: ਐਨ ਹਿਸਟੋਰੀਕਲ ਪਰਸਪੈਕਟਿਵ ਤੇ ਫਿਰ ਹੋਰ ਕਈ ਕੁਝ।

ਹੱਥਲੀ ਕਿਤਾਬ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ ਦਾ ਉਹ ਲਹੂ ਭਿੱਜਿਆ ਵਰਕਾ ਹੈ, ਜਿਸ ਨੂੰ ਲਿਖਦਿਆਂ ਮੇਰੀ ਰੂਹ ਕਈ ਵਾਰ ਰੋਈ। ਅੱਜ ਵੀ ਮੇਰਾ ਮਨ ਨਹੀਂ ਮੰਨਦਾ ਕਿ ਸਿੱਖਾਂ ਨੇ ਇਹ ਸਾਰਾ ਕੁਝ ਸੀਨੇ ਤੇ ਹੰਢਾਇਆ ਹੈ। ਇਸ ਸਮੇਂ ਵਿਚ ਸਿੱਖਾਂ ਦੀ ਨਸਲਕੁਸ਼ੀ ਦੇ ਤਿੰਨ ਵੱਡੇ ਦੌਰ ਆਏ ਸਨ: ਜੂਨ 1984, ਖ਼ੂਨੀ ਨਵੰਬਰ 1984 ਅਤੇ 1992 ਤੋਂ 1995 ਵਿਚਕਾਰ ਬੇਅੰਤ ਤੇ ਕੇ.ਪੀ. ਗਿੱਲ ਹੱਥੋਂ ਨੌਜਵਾਨਾਂ ਦਾ ਕਤਲੇਆਮ। ਮੈਨੂੰ ਪਤਾ ਹੈ ਕਿ ਇਸ ਜ਼ੁਲਮ ਦੀ ਦਾਸਤਾਨ ਦਾ ਮੈਂ ਬਹੁਤ ਨਿੱਕਾ ਜਿਹਾ ਹਿੱਸਾ ਹੀ ਪੇਸ਼ ਕਰ ਸਕਿਆ ਹਾਂ; ਬਹੁਤਾ ਕੁਝ ਹੌਲੇ ਹੌਲੀ ਪਰਗਟ ਹੋਵੇਗਾ।

ਇਸ ਕਿਤਾਬ ਦੇ ਲਿਖਣ ਤੇ ਛਪਾਈ ਦੌਰਾਨ ਕੁਝ ਸੱਜਣ ਬੜੇ ਮਿਹਰਬਾਨ ਰਹੇ। ਮੈਂ ਇਨ੍ਹਾਂ ਸਾਰਿਆਂ ਦਾ ਤਹਿ-ਦਿਲੋਂ ਸ਼ੁਕਰਗੁਜ਼ਾਰ ਹਾਂ:

ਬੀਬੀ ਸੁਰਿੰਦਰ ਕੌਰ ਪਰਮਾਰ (ਸਿੰਘਣੀ ਸ਼ਹੀਦ ਜਥੇਦਾਰ ਤਲਵਿੰਦਰ ਸਿੰਘ), ਡਾ: ਦਰਸ਼ਨ ਸਿੰਘ (ਚੰਡੀਗੜ੍ਹ), ਡਾ: ਗੁਰਨਾਮ ਸਿੰਘ (ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ), ਸ. ਸੁਰਜੀਤ ਸਿੰਘ ਛਡੌੜੀ (ਬੈਲਜੀਅਮ), ਸ. ਕੁਲਵਿੰਦਰ ਸਿੰਘ ਜਾਡਲਾ (ਸਪੇਨ), ਸ. ਨਛੱਤਰ ਸਿੰਘ ਬੈਂਸ ਤੇ ਉਨ੍ਹਾਂ ਦਾ ਪਰਵਾਰ (ਓਸਲੋ, ਨਾਰਵੇ), ਡਾ: ਅਵਤਾਰ ਸਿੰਘ ਸੇਖੋਂ (ਐਡਮੰਟਨ), ਸ: ਜੋਗਿੰਦਰ ਸਿੰਘ (ਵਿਨੀਪੈੱਗ), ਸ. ਗੁਰਪ੍ਰੀਤ ਸਿੰਘ, ਸ. ਮਨਜੀਤ ਸਿੰਘ ਸਹੋਤਾ ਤੇ ਸ ਸਤਨਾਮ ਸਿੰਘ ਜੌਹਲ (ਤਿੰਨੇ ਬਰੈਂਪਟਨ - ਟਰਾਂਟੋ), ਸ. ਮਨਦੀਪ ਸਿੰਘ (ਵਰਨਨ) (ਸਾਰੇ ਛੇ ਕਨੇਡਾ ਤੋਂ), ਸ. ਜਾਗੀਰ ਸਿੰਘ ਹਮਦਰਦ (ਮੈਨੇਜਿੰਗ ਡਾਇਰੈਕਟਰ ਸਿੱਖ ਯੂਨੀਵਰਸਿਟੀ ਪ੍ਰੈਸ, ਇੰਗਲੈਂਡ), ਡਾ. ਗੁਰਬਚਨ ਸਿੰਘ ਬਚਨ (ਅੰਮ੍ਰਿਤਸਰ), ਸ. ਦਿਲਬੀਰ ਸਿੰਘ (ਸਿੱਖ ਫ਼ੋਰਮ, ਕਲਕੱਤਾ), ਸ. ਅਮਰਜੀਤ ਸਿੰਘ ਚੰਦੀ (ਉਤਰਾਂਚਲ), ਸ. ਜਸਬਿੰਦਰ ਸਿੰਘ ਡੁਬਈ (ਹਾਲ ਮੋਹਾਲੀ) ਤੇ ਉਨ੍ਹਾਂ ਸਾਰਿਆਂ ਦਾ ਸ਼ੁਕਰੀਆ ਜਿਨ੍ਹਾਂ ਦੇ ਨਾਂ ਇੱਥੇ ਲਿਖਣੇ ਭੁੱਲ ਗਿਆ ਹੋਵਾਂਗਾ।

ਸ. ਸੁਰਜੀਤ ਸਿੰਘ ਛਡੌੜੀ, ਸ. ਰਵਿੰਦਰ ਸਿੰਘ ਖਾਲਸਾ (ਮੋਹਾਲੀ), ਸ. ਇੰਦਰ ਸਿੰਘ ਘੱਗਾ, ਸ. ਕੰਵਲਜੀਤ ਸਿੰਘ ਕੁੰਡਲ ਤੇ ਸ. ਪ੍ਰੀਤਮ ਸਿੰਘ ਮਟਵਾਣੀ ਨੇ ਇਸ ਦਾ ਖਰੜਾ ਪੜ੍ਹ ਕੇ ਕੀਮਤੀ ਸੁਝਾਅ ਦਿੱਤੇ, ਉਨ੍ਹਾਂ ਦਾ ਉਚੇਚਾ ਸ਼ੁਕਰਗੁਜ਼ਾਰ ਹਾਂ।

ਅੰਬੈਸਡਰ ਆਫ਼ ਸਿੱਖਇਜ਼ਮ ਸ. ਖ਼ਜ਼ਾਨ ਸਿੰਘ (ਕਲਕੱਤਾ), ਪੰਥ ਰਤਨ ਸ. ਮਹਿੰਦਰ ਸਿੰਘ ਜੋਸ਼, ਫ਼ਖ਼ਰ-ਇ-ਕੌਮ ਸ. ਜਗਮੋਹਣ ਸਿੰਘ ਗਿਆਨੀ (ਲੁਧਿਆਣਾ) ਨੇ ਬੜਾ ਨਿੱਘਾ ਪਿਆਰ ਦਿੱਤਾ। ਪਰ ਉਹ ਇਸ ਦੀ ਛਪਾਈ ਤੋਂ ਪਹਿਲਾਂ ਹੀ ਚੜ੍ਹਾਈ ਕਰ ਗਏ, ਉਨ੍ਹਾਂ ਦੀ ਯਾਦ ਇਸ ਦਿਲ ਵਿਚ ਹਮੇਸ਼ਾ ਕਾਇਮ ਰਹੇਗੀ।

ਡਾ:ਹਰਜਿੰਦਰ ਸਿੰਘ ਦਿਲਗੀਰ
22 ਅਕਤੂਬਰ 2015, ਬ੍ਰਿਮਿੰਘਮ, ਇੰਗਲੈਂਡ

ਤਤਕਰਾ

ਦਰਬਾਰ ਸਾਹਿਬ 'ਤੇ ਹਮਲਾ 25
ਧਰਮ ਦੇ ਅਧਾਰ 'ਤੇ ਮੁਲਕਾਂ ਦਾ ਕਾਇਮ ਹੋਣਾ 25
ਇੰਦਰਾ ਗਾਂਧੀ ਦੀ ਪਾਲਸੀ 26
ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਹੁਕਮ 27
ਰੂਸ, ਇੰਗਲੈਂਡ ਅਤੇ ਇਸਰਾਈਲ ਤੋਂ ਮਦਦ 28
ਬ੍ਰਿਟਿਸ਼ ਪ੍ਰਾਈਮ ਮਨਿਸਟਰ ਮਾਰਗਰੇਟ ਥੈਚਰ ਦਾ ਰੋਲ 28
ਦਰਬਾਰ ਸਾਹਿਬ 'ਤੇ ਹਮਲੇ ਦੀ ਤਫ਼ਸੀਲ 30
ਦਰਬਾਰ ਸਾਹਿਬ 'ਤੇ ਟੈਂਕਾਂ ਨਾਲ ਹਮਲਾ 35
ਦਰਬਾਰ ਸਾਹਿਬ 'ਤੇ ਹਮਲੇ ਦੇ ਕੁਝ ਅਨਜਾਣੇ ਪੱਖ 38
ਦੁਨੀਆਂ ਭਰ ਦੀ ਸਭ ਤੋਂ ਵੱਡੀ ਅਸਾਂਵੀਂ ਲੜਾਈ 38
ਲੜਾਈ ਦੇ ਹੀਰੋ ਕੌਣ ਸਨ ? 38
ਭਾਰਤੀ ਫ਼ੌਜ ਨੇ ਇਹ ਲੜਾਈ ਸ਼ਰਾਬੀ ਹੋ ਕੇ ਲੜੀ 38
ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਨਾਲ ਕੀ ਸਲੂਕ ਕੀਤਾ ਗਿਆ? 39
2 ਤੋਂ 12 ਸਾਲ ਦੀ ਉਮਰ ਦੇ ਸਿੱਖ ਦਹਿਸ਼ਤਗਰਦ ਜੇਲ੍ਹ ਵਿਚ 39
ਜ਼ਾਲਮ ਫ਼ੌਜੀਆਂ ਨੂੰ ਐਵਾਰਡ 40
ਭਾਰਤੀ ਫ਼ੌਜ ਦੇ ਮੁਖੀ ਜ਼ੈਲ ਸਿੰਘ ਦਾ ਦਰਬਾਰ ਸਾਹਿਬ ਆਉਣਾ 40
ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਕਿੰਨੇ ਲੋਕ ਮਰੇ? 41
ਦੁਨੀਆਂ ਭਰ ਵਿਚ ਸਿੱਖਾਂ ਵੱਲੋਂ ਰੋਸ: ਪਦਮ ਸ੍ਰੀ ਐਵਾਰਡ ਮੋੜੇ 41
ਦਰਬਾਰ ਸਾਹਿਬ 'ਤੇ ਹਮਲਾ ਅਤੇ ਭਾਰਤੀ ਸਿਆਸਤਦਾਨ 42
ਹਿੰਦੂਆਂ ਨੇ ਖ਼ੁਸ਼ੀਆਂ ਮਨਾਈਆਂ 43
ਸਿੱਖਾਂ ਵੱਲੋਂ ਅੰਮ੍ਰਿਤਸਰ ਵਲ ਕੂਚ 43
ਪ੍ਰਕਾਸ਼ ਸਿੰਘ ਬਾਦਲ ਨੇ ਫ਼ੌਜੀਆਂ ਅਤੇ ਪੁਲਸ 'ਚ ਨੌਕਰੀ ਕਰਦੇ ਸਿੱਖਾਂ ਨੂੰ ਬਗ਼ਾਵਤ.... 43
ਸਿੱਖ ਫ਼ੌਜੀਆਂ ਵੱਲੋਂ ਬਗਾਵਤ 43
ਮੈਕਾਰਥੀ ਤਰੀਕੇ ਦਾ ਜ਼ੁਲਮ 44
ਇੰਦਰਾ ਗਾਂਧੀ ਦਰਬਾਰ ਸਾਹਿਬ ਵਿਚ 45
ਸਰਕਾਰ ਦਾ ਵ੍ਹਾਈਟ ਪੇਪਰ ਜਾਰੀ 46
ਜਥੇਦਾਰ ਤਲਵਿੰਦਰ ਸਿੰਘ ਰਿਹਾ : 46
ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ 46
ਜ਼ੈਲ ਸਿੰਘ ਨੂੰ 'ਬਰੀ' ਕਰਨ ਦਾ ਡਰਾਮਾ 48

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਸਪੱਸ਼ਟੀਕਰਨ 49
"ਫ਼ੈਸਲਾ" 49
ਪੰਜ ਗ੍ਰੰਥੀਆਂ ਵੱਲੋਂ ਜ਼ੈਲ ਸਿੰਘ ਦਾ ਅਕਾਲ ਤਖ਼ਤ 'ਤੇ 'ਸੁਆਗਤ' 50
ਕਿਰਪਾਲ ਸਿੰਘ 'ਤੇ ਹਮਲਾ 51
ਇਕ ਹੋਰ ਜਹਾਜ਼ ਅਗਵਾ 51
ਸਿੱਖਾਂ ਵੱਲੋਂ ਇੰਦਰਾ ਗਾਂਧੀ ਨੂੰ ਸਜ਼ਾ 51
ਹਜ਼ਾਰਾਂ ਸਿੱਖਾਂ ਦਾ ਕਤਲੇਆਮ (ਖ਼ੂਨੀ ਨਵੰਬਰ 84) 53
ਖ਼ੂਨੀ ਨਵੰਬਰ ਵਿਚ ਸਿੱਖਾਂ ਨੂੰ ਮਾਰਨ/ਮਰਵਾਉਣ ਵਾਲਾ ਲਲਿਤ ਮਾਕਨ ਤੇ ਅਰਜਨ ਦਾਸ ਮਾਰੇ ਗਏ 55
ਭਾਰਤੀ ਪ੍ਰਾਈਮ ਮਨਿਸਟਰ ਨੇ ਸਿੱਖ ਕਤਲੇਆਮ ਦੀ ਰਸਮੀ ਮੁਆਫ਼ੀ ਮੰਗੀ 55
ਖਾੜਕੂਆਂ ਦੇ ਕੁਝ ਐਕਸ਼ਨ 55
ਕਿਰਪਾਲ ਸਿੰਘ 'ਤੇ ਫੇਰ ਹਮਲਾ 56
ਪੰਜਾਬ ਵਿਚ ਵਿਦੇਸ਼ੀਆਂ ਦੇ ਦਾਖ਼ਲੇ 'ਤੇ ਪਾਬੰਦੀ 56
ਖਾੜਕੂਆਂ ਦੇ ਐਕਸ਼ਨ 57
ਦਿਲੀ 'ਚ ਟਰਾਂਜ਼ਿਸਟਰ ਬੰਬ 57
ਰਾਜੀਵ-ਲੌਂਗੋਵਾਲ ਸਮਝੌਤਾ 58
ਰਾਜੀਵ ਦਾ ਅਕਾਲੀਆਂ ਨਾਲ ਰਾਬਤਾ 58
ਅਕਾਲੀ ਆਗੂ ਬਾਬਾ ਜੋਗਿੰਦਰ ਸਿੰਘ ਕੋਲ 59
ਅਕਾਲੀਆਂ ਵੱਲੋਂ ਆਪਣਾ ਧੜਾ ਮੁੜ ਕਾਇਮ 59
ਦੋਹਾਂ ਅਕਾਲੀ ਦਲਾਂ ਵਿਚ ਟਕਰਾਅ ਸ਼ੁਰੂ 60
ਰਾਜੀਵ-ਲੌਂਗੋਵਾਲ ਸਮਝੌਤਾ ਕਿਵੇਂ ਹੋਇਆ? 60
ਰਾਜੀਵ-ਲੌਂਗੋਵਾਲ ਸਮਝੌਤਾ ਵਿਚ ਕੀ ਨਹੀਂ ਸੀ? 62
ਹਰਚੰਦ ਸਿੰਘ ਲੌਂਗੋਵਾਲ ਦਾ ਕਤਲ 63
ਅਕਾਲੀ ਦਲ 'ਤੇ ਸੁਰਜੀਤ ਬਰਨਾਲਾ ਕਾਬਜ਼ 64
ਪੰਜਾਬ 'ਚ ਚੋਣਾਂ ਦਾ ਐਲਾਨ 64
ਪੰਜਾਬ 'ਚ ਸੁਰਜੀਤ ਬਰਨਾਲਾ ਸਰਕਾਰ 64
ਸੁਰਜੀਤ ਬਰਨਾਲਾ ਵੱਲੋਂ ਸਿੱਖਾਂ 'ਤੇ ਜ਼ੁਲਮ 66
ਸਿੱਖਾਂ ਦੀਆਂ ਬੇਹਿਸਾਬ ਗ੍ਰਿਫ਼ਤਾਰੀਆਂ 66
ਪੰਜਾਬ ਵਿਚ ਇਕ ਹੋਰ ਫ਼ੌਜੀ ਛਾਵਣੀ 66
ਬਰਨਾਲਾ ਕਾਂਗਰਸ ਨੇ ਆਪ ਲਿਆਂਦਾ 66
ਸਿੱਖ ਰਿਹਾ ਨਹੀਂ ਕੀਤੇ ਜਾਣਗੇ 66
ਜੇਲ੍ਹਾਂ 'ਚ ਸਿੱਖਾਂ ਨਾਲ ਜ਼ਿਆਦਤੀਆਂ 67
'ਧਰਮੀ' ਫ਼ੌਜੀਆਂ ਨੂੰ ਸਜ਼ਾ 67
ਹੋਰ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 67

ਹਿੰਦੂਆਂ ਵੱਲੋਂ ਥਾਣੇ ’ਤੇ ਹਮਲਾ 68
ਬੈਂਸ ਕਮੇਟੀ ਵੱਲੋਂ ਸਿੱਖਾਂ ਦੀਆਂ ਰਿਹਾਈਆਂ ਦੀ ਸਿਫ਼ਾਰਸ਼ 68
ਹੋਰ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 68
ਦਰਬਾਰ ਸਾਹਿਬ ’ਚ ਫੇਰ ਪੁਲੀਸ ਦਾਖ਼ਿਲ 69
ਦਰਬਾਰ ਸਾਹਿਬ ਵਿਚ ਬੇਅੰਤ ਸਿੰਘ ਦਾ ਸ਼ਹੀਦੀ ਦਿਨ 70
ਸੁਰਜੀਤ ਬਰਨਾਲਾ ਸਰਕਾਰ ਵੱਲੋਂ ਗ੍ਰਿਫ਼ਤਾਰੀਆਂ ਦਾ ਹੜ੍ਹ 70
ਰਾਜੀਵ ਵੱਲੋਂ ਬਰਨਾਲਾ ਦੀ ਬੇਇੱਜ਼ਤੀ ਤੇ ਉਸ ਦੀ ਬੇਗ਼ੈਰਤੀ 72
ਪਾਕਿਸਤਾਨੀ ਜੇਲ੍ਹ ਵਿਚੋਂ ਕੈਦ ਸਿੱਖਾਂ ਵੱਲੋਂ ਦੌੜਨ ਦੀ ਕੋਸ਼ਿਸ਼ 73
2337 ‘ਧਰਮੀ’ ਫ਼ੌਜੀਆਂ ਨੂੰ ਸਜ਼ਾ 74
992 ਵਿਚੋਂ ਸਿਰਫ਼ 26 ਸਿੱਖ ਰਿਹਾ ਹੋਏ 74
ਜਲੰਧਰ ’ਚ ਸ਼ਿਵ ਸੈਨਾ ਵਲੋਂ ਸਿੱਖਾਂ ’ਤੇ ਹਮਲੇ 75
ਅਕਾਲ ਤਖ਼ਤ ਦੀ ਈਮਾਰਤ ਦੀ ਕਾਰ ਸੇਵਾ ਸਬੰਧੀ ਟਕਰਾਅ 76
(ਪ੍ਰੋ) ਦਰਸ਼ਨ ਸਿੰਘ ਰਾਗੀ ਅਗਵਾ ਅਤੇ ਗ੍ਰਿਫ਼ਤਾਰ 76
ਪਾਇਲ ਵਿਚ ਚਾਰ ਸਿੱਖਾਂ ਦਾ ਕਤਲ 77
ਸਿੱਖਾਂ ਦੇ ਖ਼ਿਲਾਫ਼ ਯੂ.ਪੀ. ਵਗ਼ੈਰਾ ਵਿਚ ਪੋਸਟਰ 77
ਕੇਸਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਫ਼ਿਰਕੂ ਕਹਿ ਕੇ ਛੱਡ ਗਏ 78
ਸਿਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ ‘ਰਸਤਾ ਰੋਕੋ’ ਦਾ ਐਲਾਨ 78
ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ 78
ਸਿੱਖ ਕੁੜੀਆਂ ਉੱਤੇ ਜ਼ੁਲਮ 78
ਬਰਨਾਲਾ ਸਰਕਾਰ ਵੱਲੋਂ ਰਸਤਾ ਰੋਕੇ ’ਤੇ ਫ਼ਾਇਰਿੰਗ 79
ਸਿੱਖਾਂ ’ਤੇ ਮੁਕੱਦਮੇ ਦਰਜ 79
ਪਾਕਿਸਤਾਨ ਵਿਚ ਸਿੱਖ ਹਾਈਜੈਕਰਾਂ ਨੂੰ ਫ਼ਾਂਸੀ ਦੀ ਸਜ਼ਾ 79
ਹਰਜਿੰਦਰ ਸਿੰਘ ਜਿੰਦਾ ਗ੍ਰਿਫਤਾਰ 80
ਦਲਜੀਤ ਸਿੰਘ ਨੂੰ ਪੁਲੀਸ ਹਿਰਾਸਤ ਵਿਚ ਮਾਰਿਆ: 80
ਸਿੱਖਾਂ ’ਤੇ ਜ਼ੁਲਮ ਕਰਨ ਵਾਲਿਆਂ ਨੂੰ ਦਿੱਲੀ ਵਿਚ ਮੈਡਲ 80
ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਵਿਚ ਫੁੱਟ 80
ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਵਾਸਤੇ ਮੈਥਿਊ ਕਮਿਸ਼ਨ ਬਣਾਇਆ 81
ਅਬੋਹਰ ਫ਼ਾਜ਼ਿਲਕਾ ’ਚ ਰਾਏ ਸ਼ੁਮਾਰੀ 81
ਅਕਾਲ ਤਖ਼ਤ ਦੀ ਇਮਾਰਤ ਢਾਹੁਣ ਦਾ ਐਲਾਨ 82
ਸੁਰਜੀਤ ਬਰਨਾਲਾ ਧੜੇ ਵੱਲੋਂ ਫ਼ੈਡਰੇਸ਼ਨ ਨਾਲ ਟੱਕਰ 83
ਟੌਹੜਾ ਨੇ ਹਥਿਆਰ ਸੁੱਟ ਦਿੱਤੇ 83
ਭਿੰਡਰਾਂ-ਮਹਿਤਾ ਜਥੇ ਦਾ ‘ਸਰਬਤ ਖਾਲਸਾ’ ਇਕੱਠ 84
ਸੁਰਜੀਤ ਬਰਨਾਲਾ ਸਰਕਾਰ ਵੱਲੋਂ ਨਵੀਆਂ ਗ੍ਰਿਫ਼ਤਾਰੀਆਂ 85

ਖਾੜਕੂ ਜੇਲ੍ਹ ਵਿਚੋਂ ਫ਼ਰਾਰ 86
ਸੁਰਜੀਤ ਬਰਨਾਲਾ ਸਰਕਾਰ ਨੇ ਨਕੋਦਰ 'ਚ 4 ਸਿੱਖ ਮਾਰੇ 86
ਬਿਮਲ ਕੌਰ, ਮੇਜਰ ਜਨਰਲ ਨਰਿੰਦਰ ਸਿੰਘ, ਰਜਿੰਦਰ ਸਿੰਘ ਖੁਰਾਣਾ ਤੇ ਹੋਰ ਸਿੱਖ ਗ੍ਰਿਫ਼ਤਾਰ 87
ਬਟਾਲਾ ਵਿਚ ਦਹਿਸ਼ਤਗਰਦ ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ 87
ਸੁਰਜੀਤ ਬਰਨਾਲਾ ਵੱਲੋਂ ਹਿੰਦੂ ਦਹਿਸ਼ਤਗਰਦਾਂ ਨਾਲ ਮੀਟਿੰਗਾਂ ਪਰ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 88
ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿਚ ਫ਼ੁੱਟ 88
ਕਪੂਰਥਲਾ ਵਿਚ ਸਿੱਖਾਂ 'ਤੇ ਫ਼ਾਇਰਿੰਗ 88
ਤਰਨਤਾਰਨ ਵਿਚ ਦਰਬਾਰ ਸਾਹਿਬ ਨੂੰ ਘੇਰਾ 89
ਕਪੂਰਥਲਾ ਵਿਚ ਸ਼ਿਵ ਸੈਨਾ ਵੱਲੋਂ ਹਮਲਾ 89
ਖਾੜਕੂਆਂ ਦੇ ਟੱਬਰਾਂ 'ਤੇ ਜ਼ੁਲਮ 89
ਦਹਿਸ਼ਤਗਰਦ ਹਿੰਦੂਆਂ ਵੱਲੋਂ ਬਜਰੰਗ ਸਿੰਹ ਉੱਤੇ ਗੋਲੀ 90
ਜਲੰਧਰ 'ਚ ਹਿੰਦੂ ਦਹਿਸ਼ਤਪਸੰਦਾਂ ਦੀ ਹੁੱਲੜਬਾਜ਼ੀ ਤੇ ਗੁੰਡਾਗਰਦੀ 90
ਬਟਾਲੇ 'ਚ ਸਿੱਖਾਂ 'ਤੇ ਜ਼ੁਲਮ 90
ਚੰਡੀਗੜ੍ਹ ਵਿਚ ਅਸੈਂਬਲੀ ਕੋਲ 9 ਸਿੱਖ ਮਾਰੇ 91
ਅੰਬਾਲੇ ਵਿਚ 8 ਸਿੱਖਾਂ ਦੀਆਂ ਦੁਕਾਨਾਂ ਸਾੜੀਆਂ 91
ਹਰਭਜਨ ਸਿੰਘ ਮੰਡ ਸੀ.ਆਰ.ਪੀ. ਨਾਲ ਮੁਕਾਬਲੇ 'ਚ ਸ਼ਹੀਦ 91
ਅਨੰਦਪੁਰ 'ਚ ਬਰਨਾਲੇ ਨੇ 12 ਸਿੱਖ ਮਾਰੇ 92
ਜ਼ਾਲਮ ਪੁਲੀਸ ਅਫ਼ਸਰ ਪੰਜਾਬ ਪੁਲੀਸ ਦਾ ਚੀਫ਼ ਬਣਾਇਆ 92
ਖਾੜਕੂਆਂ ਵੱਲੋਂ ਲੁਧਿਆਣੇ ਵਿਚ ਹਿੰਦੂ ਦਹਿਸ਼ਤਗਰਦ ਕਤਲ 93
ਨਕਲੀ ਮੁਕਾਬਲੇ 'ਚ ਸਿੱਖਾਂ ਦਾ ਕਤਲ 93
ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੰਡੀ ਗਈ 93
ਦਿੱਲੀ ਵਿਚ ਸਰਕਾਰ ਦੇ ਚਾਪਲੂਸ ਸਿੱਖਾਂ ਦਾ ਹਿੰਦੂਆਂ ਦੇ ਕਤਲਾਂ 'ਤੇ ਜਲੂਸ 95
ਜਲੰਧਰ ਕਚਹਿਰੀ 'ਚ ਖਾੜਕੂਆਂ ਨੇ ਸਾਥੀ ਰਿਹਾ ਕਰਵਾਏ 95
ਗੜ੍ਹਸ਼ੰਕਰ ਥਾਣੇ 'ਤੇ ਹਿੰਦੂਆਂ ਵੱਲੋਂ ਹਮਲਾ 96
ਸੁਰਜੀਤ ਬਰਨਾਲੇ ਵੱਲੋਂ ਅਪ੍ਰੈਲ ਵਿਚ ਹੋਰ ਸੈਂਕੜੇ ਸਿੱਖ ਗ੍ਰਿਫ਼ਤਾਰ 96
ਦਰਬਾਰ ਸਾਹਿਬ ਉੱਤੇ ਨਵੇਂ ਹਮਲੇ ਦੀ ਤਿਆਰੀ ਦਾ ਪਲਾਨ 97
ਅਨੰਦਪੁਰ ਸਾਹਿਬ ਫ਼ਾਇਰਿੰਗ ਨਾਜਾਇਜ਼ ਕਰਾਰ 97
ਭਿੰਡਰਾਂ-ਮਹਿਤਾ ਜਥਾ ਵੱਲੋਂ ਨਵੇਂ 'ਸਰਬਤ ਖਾਲਸਾ' ਦਾ ਐਲਾਨ 97
ਅੰਮ੍ਰਿਤਸਰ ਨੂੰ ਪਵਿੱਤਰ ਕਰਾਰ ਦਿਓ: ਜੈਨ ਮੁਨੀ 98
ਖਾੜਕੂਆਂ ਦੇ ਆਪਣੀ ਦੁਸ਼ਮਣੀਆਂ ਦੇ ਕਤਲ 99
ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂ ਸਰਬਜੀਤ ਸਿੰਘ ਰੋਪੜ ਦਾ ਕਤਲ 99
ਭਿੰਡਰਾਂਵਾਲਿਆਂ ਨੂੰ ਸ਼ਹੀਦ ਕਹਿਣ ਦਾ ਬਹਾਨਾ ਬਣਾ ਕੇ ਗੁਰਿੰਦਰ ਸਿੰਘ ਭੋਲਾ ਨੂੰ ਸ਼ਹੀਦ ਕੀਤਾ 100
ਸੁਖਦੇਵ ਸਿੰਘ ਸਖੀਰਾ ਦਾ ਕਤਲ 100

ਗੁਰਦਿਆਲ ਸਿੰਘ ਸਿੰਧੀ ਨੂੰ ਖਾੜਕੂਆਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ 101
ਖਾਲਿਸਤਾਨ ਦੀ ਜਲਾਵਤਨ ਸਰਕਾਰ ਦਾ ਐਲਾਨ ਤੇ 102
ਦਰਬਾਰ ਸਾਹਿਬ 'ਤੇ ਸੁਰਜੀਤ ਬਰਨਾਲਾ ਦਾ ਹਮਲਾ 102
ਬਰਨਾਲਾ ਅਕਾਲੀ ਦਲ ਦੇ ਦੋ ਟੁਕੜੇ 104
ਬਰਨਾਲਾ ਦਾ ਅਕਾਲ ਤਖ਼ਤ ਸਾਹਿਬ 'ਤੇ ਡਰਾਮਾ 105
ਹੁਕਮਨਾਮਾ 106
ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਦਾ ਹੜ੍ਹ 107
ਪੁਲੀਸ ਨੇ ਦਰਜਨ ਦੇ ਕਰੀਬ ਸਿੱਖ ਮਾਰੇ 109
ਸੁਰਜੀਤ ਬਰਨਾਲਾ ਨੇ ਪੰਜਾਬ ਵਿਚ ਹੋਰ ਫ਼ੌਜ ਲਿਆਂਦੀ 110
ਅੰਮ੍ਰਿਤਸਰ ਵਿਚ ਕੁਝ ਹਿੰਦੂਆਂ ਦਾ ਕਤਲ ਅਤੇ ਸਿੱਖਾਂ 'ਤੇ ਹਮਲੇ 110
ਪੁਲੀਸ 'ਚੋਂ ਅੰਮ੍ਰਿਤਧਾਰੀ ਸਿਖਾਂ ਨੂੰ ਨੌਕਰੀ ਤੋਂ ਕੱਢਿਆ 110
ਨਕਲੀ ਪੁਲੀਸ ਮੁਕਾਬਲਿਆਂ ਵਿਚ ਹੋਰ ਸਿੱਖਾਂ ਦਾ ਕਤਲ 110
ਬੇਗੁਨਾਹ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 111
ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਵਾਸਤੇ ਵੈਂਕਟਰਮੱਈਆ ਕਮਿਸ਼ਨ 112
ਪੰਜਾਬੀ ਤੇ ਸਿੱਖ-ਵਿਰੋਧੀ ਲਾੱਬੀ ਦੀ ਚਾਪਲੂਸੀ ਦੀ ਹੱਦ 113
ਜੂਨ 1986 ਵਿਚ ਪੰਜਾਬ ਦੀ ਸਿਆਸਤ ਬਾਰੇ ਆਗੂਆਂ ਦਾ ਰੋਲ 113
ਸੁਰਜੀਤ ਮਿਨਹਾਸ ਦੀ ਪੱਗ ਲਾਹੀ 114
ਬਰਨਾਲੇ ਨੇ ਸਿਮਰਨਜੀਤ ਸਿੰਘ ਮਾਨ ਨੂੰ ਹਰਵਾਇਆ 114
ਪੰਜਾਬ ਭਰ ਵਿਚ ਸਿੱਖਾਂ ਉੱਤੇ ਹਿੰਦੂਆਂ ਦੇ ਹਮਲੇ 114
ਪੰਜਾਬ ਵਿਚ ਸੀ.ਆਰ.ਪੀ.ਐਫ਼. ਦੀ ਹਕੂਮਤ 115
ਕੈਨੇਡਾ 'ਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 115
ਸੁਰਜੀਤ ਬਰਨਾਲਾ ਸਰਕਾਰ ਵੱਲੋਂ ਜੁਲਾਈ 1986 ਵਿਚ ਸਿੱਖਾਂ ਦਾ ਕਤਲੇਆਮ 116
ਦਲਬੀਰ ਸਿੰਘ ਬਿੱਲਾ ਅਸਲ ਮੁਕਾਬਲੇ ਵਿਚ ਸ਼ਹੀਦ 116
ਸੈਂਕੜੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 117
ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ 119
ਦਿੱਲੀ ਵਿਚ ਸਿੱਖਾਂ ਉੱਤੇ ਹਮਲੇ: 6 ਸਿੱਖ ਮਰੇ 45 ਜ਼ਖ਼ਮੀ 119
ਸੀ.ਆਰ.ਪੀ.ਐਫ਼. ਵੱਲੋਂ ਦਰਬਾਰ ਸਾਹਿਬ ਦੇ ਮੂਹਰੇ ਤੰਮਾਕੂਨੋਸ਼ੀ 119
ਜਲੰਧਰ ਵਿਚ ਖਾੜਕੂਆਂ ਵੱਲੋਂ ਖੁੱਲਰ 'ਤੇ ਫੇਰ ਹਮਲਾ 119
ਸਿੱਖੋ ਯੂ.ਪੀ., ਐਮ.ਪੀ., ਬਿਹਾਰ, ਹਰਿਆਣਾ, ਰਾਜਸਥਾਨ 'ਚੋਂ ਭਜ ਜਾਓ 120
ਮੰਡ 'ਚ ਖਾੜਕੂਆਂ ਦੇ ਖ਼ਿਲਾਫ਼ ਰਬੈਰੋ ਦਾ 'ਅਪਰੇਸ਼ਨ ਫ਼ਰਾਡ' 120
ਅਗਸਤ 1986 ਵਿਚ ਖਾੜਕੂਆਂ ਦੀਆਂ ਗ੍ਰਿਫ਼ਤਾਰੀਆਂ 121
ਦਿੱਲੀ, ਹਰਿਆਣਾ, ਯੂ.ਪੀ. ਵਿਚ 40 ਸਿੱਖ ਕਤਲ 122
ਦਿੱਲੀ 'ਚ ਬਾਦਲ ਤੇ ਟੌਹੜਾ ਗ੍ਰਿਫ਼ਤਾਰ 122

ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਵੈਦਯ ਦਾ ਕਤਲ 123
ਅਗਸਤ 1986 ਦੇ ਕੁਝ ਨਕਲੀ ਪੁਲੀਸ ਮੁਕਾਬਲੇ 123
ਕਸ਼ਮੀਰ 'ਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 123
ਰਬੈਰੋ ਵੱਲੋਂ ਸੈਂਕੜੇ ਸਿੱਖ ਮਾਰਨ ਦਾ ਦਾਅਵਾ 124
ਬੀ.ਐਸ.ਐਫ਼. ਨੇ ਦਸ ਸਿੱਖ ਹੱਥ ਬੰਨ੍ਹ ਕੇ ਮਾਰੇ 124
ਖੇਤਾਂ 'ਚ ਕੰਮ ਕਰਦੇ ਸਿੱਖ ਕਤਲ 124
ਖਾੜਕੂਆਂ ਦੇ ਐਕਸ਼ਨ 125
ਸਤੰਬਰ 1986 ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 125
ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿਚ ਫੇਰ ਜ਼ਬਰਦਸਤ ਫ਼ੁੱਟ 127
ਖਾੜਕੂਆਂ ਨੇ ਪੁਲੀਸ ਦੇ ਟਰਾਂਸਮੀਟਰ ਜਾਮ ਕੀਤੇ 127
ਸੁਰਜੀਤ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦਾ ਇਕ ਹੋਰ ਕਤਲੇਆਮ 127
ਇਕ ਸੌ ਦੇ ਕਰੀਬ ਸਿੱਖ ਗ੍ਰਿਫ਼ਤਾਰ ਕੀਤੇ ਗਏ 128
ਰਾਜੀਵ ਗਾਂਧੀ 'ਤੇ ਹਮਲਾ 129
ਰਬੈਰੋ ਵੀ ਖਾੜਕੂਆਂ ਹੱਥੋਂ ਮਰਨੋਂ ਬਚ ਗਿਆ 129
ਵਰਿਆਮ ਸਿੰਘ ਖਾਪਿਆਂਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ 130
ਗੁਰਜੀਤ ਸਿੰਘ ਦਰਬਾਰ ਸਾਹਿਬ 'ਚ ਪੁੱਜਾ 131
ਨਵੰਬਰ ਵਿਚ ਸੁਰਜੀਤ ਬਰਨਾਲਾ ਸਰਕਾਰ ਵੱਲੋਂ ਗ੍ਰਿਫ਼ਤਾਰੀਆਂ 131
ਸਰਕਾਰ ਨੇ 400 ਸਿੱਖਾਂ ਦੇ ਕਤਲ ਤੇ 1625 ਗ੍ਰਿਫ਼ਤਾਰੀਆਂ ਮੰਨੀਆਂ 132
ਖਾੜਕੂਆਂ ਹੱਥੋਂ ਪੁਲਸੀਆਂ ਤੇ ਮੁਖ਼ਬਰਾਂ ਦੇ ਕਤਲ 132
ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ 132
ਫ਼ਿਰਕੂ ਹਿੰਦੂ ਕਾਲੀ ਚਰਨ ਮਾਰਿਆ ਗਿਆ 133
ਨਵਾਂ ਸਰਬਤ ਖਾਲਸਾ 133
ਬਰਨਾਲੇ ਤੋਂ ਸ਼੍ਰੋਮਣੀ ਕਮੇਟੀ ਖੁੱਸੀ 133
ਹਾਰੇ ਹੋਏ ਬਰਨਾਲੇ ਨੇ ਅਕਾਲੀ ਜੇਲ੍ਹਾਂ ਵਿਚ ਸੁੱਟੇ 134
ਹੁਸ਼ਿਆਰਪੁਰ ਵਿਚ ਸਿੱਖਾਂ 'ਤੇ ਜ਼ੁਲਮ ਦਾ ਜਵਾਬੇ-ਅਮਲ 134
ਖਾੜਕੂਆਂ ਨੇ ਮੁਖ਼ਬਰ ਮਾਰੇ 134
ਖਾੜਕੂਆਂ ਅਤੇ ਆਮ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 135
ਨਕਲੀ ਮੁਕਾਬਲਿਆਂ ਵਿਚ ਸਿੱਖ ਕਤਲ 136
ਹਿੰਦੂ ਦਹਿਸ਼ਤਗਰਦਾਂ ਵਲੋਂ ਫੇਰ ਸਿੱਖਾਂ 'ਤੇ ਜ਼ੁਲਮ 136
ਦਿੱਲੀ 'ਚ ਸਿੱਖਾਂ 'ਤੇ ਫੇਰ ਜ਼ੁਲਮ ਅਤੇ ਕਤਲੇਆਮ 136
ਪੰਜਾਬ ਦੇ ਸੋਲਾਂ ਸਬ-ਡਵੀਜ਼ਨ ਫ਼ੌਜ ਦੇ ਹਵਾਲੇ 137
ਬ੍ਰਹਮਪੁਰਾ 'ਚ ਸੀ.ਆਰ.ਪੀ.ਐਫ਼. ਦਾ ਜ਼ੁਲਮ 137
ਪ੍ਰੋ: ਦਰਸ਼ਨ ਸਿੰਘ ਅਕਾਲ ਤਖ਼ਤ ਸਾਹਿਬ 'ਤੇ 138

ਜ਼ਾਲਮ ਪੁਲਸੀਏ ਸਵਰਨ ਘੋਟਨੇ ਦੀ ਕੁੜੀ ਵਿਆਹੀ ਨਾ ਜਾ ਸਕੀ 139
ਜਨਵਰੀ 1987 ਵਿਚ ਸਿੱਖ ਨਕਲੀ ਮੁਕਾਬਲੇ ਵਿਚ ਮਾਰੇ 139
ਨਾਭਾ ਜੇਲ੍ਹ ਵਿਚੋਂ ਫ਼ਰਾਰ ਹੋਣ ਦੀ ਕੋਸ਼ਿਸ਼ 140
ਜਨਵਰੀ ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 140
ਸੀ.ਆਰ.ਪੀ.ਐਫ਼. ਦੇ ਹੋਰ ਜ਼ੁਲਮ 141
ਖਾੜਕੂਆਂ ਨੇ ਮੁਖ਼ਬਰ ਤੇ ਜ਼ਾਲਮ ਮਾਰੇ 142
ਗੁਰਦਆਰਿਆਂ ’ਤੇ ਸੁਰਜੀਤ ਬਰਨਾਲਾ ਦੀ ਪੁਲੀਸ ਦੇ ਹਮਲੇ 142
ਜੋਗਿੰਦਰ ਪਾਲ ਪਾਂਡੇ ਮਾਰ ਦਿੱਤਾ 143
ਗੁਰੂ ਗ੍ਰੰਥ ਸਾਹਿਬ ’ਤੇ ਕਾਨੂੰਨ ਦੇ ਨਾਂ ’ਤੇ ਹਮਲਾ 143
1986 ਵਿਚ ਸਿੱਖਾਂ ’ਤੇ ਕੀਤੇ ਜ਼ੁਲਮ ਦਾ ਸਰਕਾਰੀ ਇਕਬਾਲ 143
ਫਰਵਰੀ 1987 ਵਿਚ ਦਰਜਨਾਂ ਸਿੱਖਾਂ ਦਾ ਕਤਲ 144
ਬਰਨਾਲਾ ਸਰਕਾਰ ਵੱਲੋਂ ਫਰਵਰੀ ’ਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 145
ਖਾੜਕੂਆਂ ਹੱਥੋਂ ਜ਼ਾਲਮ ਪੁਲਸੀਆਂ ਦੇ ਕਤਲ 146
ਪੰਜਾਬ ਦੀ ਤਵਾਰੀਖ਼ ਦਾ ਸਭ ਤੋਂ ਵੱਡਾ ਬੈਂਕ ਡਾਕਾ 146
ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ 147
ਬਰਨਾਲੇ ਵਲੋਂ ‘ਅਕਾਲ ਤਖ਼ਤ’ ਦੇ ਪੁਜਾਰੀਆਂ ਖ਼ਿਲਾਫ਼ ਬਗ਼ਾਵਤ ਦਾ ਐਲਾਨ 149
ਬਰਨਾਲਾ ਦਲ ਦੇ ਡੈਲੀਗੇਟਾਂ ਨੇ ਬਰਨਾਲਾ ਨੂੰ ਰੱਦ ਕੀਤਾ 149
ਜ਼ੈਲ ਸਿੰਘ ਵੱਲੋਂ ਬਰਨਾਲਾ ਦੀ ਹਿਮਾਇਤ 149
ਖਾੜਕੂਆਂ ਦੇ ਐਕਸ਼ਨ 149
ਗੁਰਦੁਆਰਾ ਸ਼ਹੀਦਾਂ ’ਤੇ ਸੀ.ਆਰ.ਪੀ.ਐਫ਼.ਦਾ ਇਕ ਹੋਰ ਹਮਲਾ 150
ਦਰਬਾਰ ਸਾਹਿਬ ਵਿਚ ਫੇਰ ਪੁਲੀਸ 150
ਮਾਰਚ ਵਿਚ ਸਿੱਖਾਂ ਦੇ ਸਰਕਾਰੀ ਕਤਲ 150
ਅਬਿਨਾਸ਼ੀ ਸਿੰਘ ਤੇ ਡਾਕਟਰ ਬਰਾੜ ਦਾ ਕਤਲ 151
ਮਾਰਚ ’ਚ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 151
ਸੁਰਜੀਤ ਬਰਨਾਲੇ ਨੂੰ ਹੋਰ ਸ਼੍ਰੋਮਣੀ ਕਮੇਟੀ ਮੈਂਬਰ ਛੱਡ ਗਏ 152
ਖਾੜਕੂਆਂ ਨੇ ਪੁਲੀਸ ਮੁਖ਼ਬਰ ਮਾਰੇ 153
ਅਪ੍ਰੈਲ 1987 ’ਚ ਸੁਰਜੀਤ ਬਰਨਾਲਾ ਵੱਲੋਂ ਸਿੱਖਾਂ ਦੇ ਕਤਲ 153
ਅਪਰੈਲ ’ਚ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 154
ਸਿੱਖ-ਦੁਸ਼ਮਣਾਂ ਨੂੰ ਹਥਿਆਰ ਮੁਫ਼ਤ ਦੇ ਭਾਅ 156
ਖਾੜਕੂਆਂ ਨੇ ਐਕਸ਼ਨ ਕਰ ਕੇ ਬੰਦੀ ਛੁਡਾਏ 157
ਮਈ 1987 ਵਿਚ ਬਰਨਾਲਾ ਸਰਕਾਰ ਵੱਲੋਂ ਖਾੜਕੂਆਂ ਦੇ ਕਤਲ 157
ਨਕਲੀ ਮੁਕਾਬਲਿਆਂ ਵਿਚ ਸ਼ਹੀਦੀਆਂ 158
ਮਈ ’ਚ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 158

ਖਾੜਕੂਆਂ ਦੇ ਇਕ ਧੜੇ ਵੱਲੋਂ ਨਸ਼ਿਆਂ ਦੇ ਸੁਧਾਰ ਦੀ ਲਹਿਰ 160
ਬਲਵੰਤ ਸਿੰਘ ਨੇ ਵੀ ਰਬੈਰੋ ਨੂੰ ਸਿੱਖ-ਦੁਸ਼ਮਣ ਕਿਹਾ 160
ਦਰਬਾਰ ਸਾਹਿਬ ’ਚ ਸੁਰਜੀਤ ਬਰਨਾਲੇ ਨੇ ਫੇਰ ਪੁਲੀਸ ਭੇਜੀ 160
ਦਿੱਲੀ ਦੇ ਗੁਰਦੁਆਰਿਆਂ ’ਤੇ ਪੁਲੀਸ ਦਾ ਹਮਲਾ 160
ਉਮਰਾਨੰਗਲ ਦੇ ਮੁੰਡੇ ਦਾ ਕਤਲ 161
ਸੁਰਜੀਤ ਬਰਨਾਲਾ ਸਰਕਾਰ ਤੋੜੀ ਗਈ 161
ਰਬੈਰੋ ਦੇ ਜ਼ੁਲਮ ਦੀ ਦਾਸਤਾਂ 162
ਤਰਨਤਾਰਨ ਦੇ ਇਲਾਕੇ ਵਿਚ ਫ਼ੌਜ ਅਤੇ ਪੁਲੀਸ ਦਾ ਧਾਵਾ 163
ਰਬੈਰੋ ਵੱਲੋਂ ਸਿੱਖਾਂ ਦਾ ਇਕ ਹੋਰ ਕਤਲੇਆਮ 163
ਪੁਲੀਸ ਨੇ ਦਰਬਾਰ ਸਾਹਿਬ ਸੀਲ ਕੀਤਾ 163
ਜੂਨ 1987 ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 164
ਅਮਰੀਕਨ ਕਾਂਗਰਸ ’ਚ ਖਾਲਿਸਤਾਨ ਦੀ ਹਿਮਾਇਤ 165
ਪੁਲੀਸ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 166
ਖਾੜਕੂਆਂ ਦੇ ਐਕਸ਼ਨ 168
ਸੀ.ਆਰ.ਪੀ.ਐਫ਼. ’ਤੇ ਹਮਲੇ: 168
ਦਹਿਸ਼ਤ-ਪਸੰਦ ਹਿੰਦੂਆਂ ਤੇ ਮੁਖ਼ਬਰਾਂ ਦੇ ਕਤਲ 168
ਗੁਰਦੇਵ ਸਿੰਘ ਦੇਬੂ ਨੂੰ ਕੜਾਹੇ ਵਿਚ ਉਬਾਲ ਕੇ ਸ਼ਹੀਦ ਕੀਤਾ 169
ਜੁਲਾਈ ਵਿਚ ਦਰਜਨਾਂ ਹੋਰ ਸਿੱਖ ਸ਼ਹੀਦ 169
ਲਾਲੜੂ-ਫਤਹਿਬਾਦ ਬਸ ਕਾਂਡ ਵਿਚ ਹਿੰਦੂ ਫ਼ੌਜੀਆਂ ਦੇ ਕਤਲ 170
ਹਿੰਦੂਆਂ ਵੱਲੋਂ ਹਿਮਾਂਚਲ ਤੇ ਹੋਰ ਜਗਹ ਸਿੱਖਾਂ ’ਤੇ ਹਮਲੇ 170
ਮੁਖ਼ਬਰਾਂ ਅਤੇ ਹੋਰ ਸਿੱਖ ਮੁਖ਼ਾਲਿਫ਼ਾਂ ’ਤੇ ਹਮਲੇ 171
ਭਾਈ ਗੁਰਜੀਤ ਸਿੰਘ ਦਾ ਸਾਰਾ ਟੱਬਰ ਜੇਲ੍ਹ ਵਿਚ 172
ਜੁਲਾਈ ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ 172
ਦਰਬਾਰ ਸਾਹਿਬ ’ਤੇ ਫਿਰ ਪੁਲੀਸ ਧਾਵਾ 174
ਹਰਿਆਣੇ ’ਚ ਚੋਂ: ਦੇਵੀ ਲਾਲ ਦੀ ਜਿੱਤ ਅਤੇ ਅਕਾਲੀ 175
4 ਅਗਸਤ 1987 ਦੀ (ਪ੍ਰੋ) ਦਰਸ਼ਨ ਸਿੰਘ ਦੀ ਕਨਵੈਨਸ਼ਨ 176
ਗੁੰਥੀਆਂ ਵੱਲੋਂ ਖਾੜਕੂਆਂ ਦੀ ਹਿਮਾਇਤ 177
ਅਗਸਤ ਤੋਂ ਅਕਤੂਬਰ 1987 ਦੌਰਾਨ ਸਿੱਖਾਂ ਦਾ ਇਕ ਹੋਰ ਕਤਲੇਆਮ 177
ਅਣੋਖ ਸਿੰਘ ਬਬਰ ਨੂੰ ਅੰਤਾਂ ਦੇ ਤਸੀਹੇ ਦੇਣ ਮਗਰੋਂ ਸ਼ਹੀਦ ਕੀਤਾ 178
ਹਰਜਿੰਦਰ ਸਿੰਘ ਜਿੰਦਾ ਗ੍ਰਿਫ਼ਤਾਰ 179
ਖਾੜਕੂਆਂ ਵੱਲੋਂ ਮੁਖ਼ਬਰਾਂ ਤੇ ਹੋਰਾਂ ਦੇ ਕਤਲ 179
ਦਰਬਾਰ ਸਾਹਿਬ ’ਤੇ ਪੁਲੀਸ ਦੇ ਨਵੇਂ ਹਮਲੇ 179
‘ਸਰਬਤ ਖਾਲਸਾ’ ਇਕੱਠ ਬੁਲਾਉਣ ਵਾਲੇ ਗੁੰਥੀ ਗ੍ਰਿਫ਼ਤਾਰ 179

ਦਰਬਾਰ ਸਾਹਿਬ ਦੁਆਲੇ ਪੱਕੇ ਨਾਕੇ 180
ਨਵੀਂ ਪੰਥਕ ਕਮੇਟੀ 180
ਅਕਤੂਬਰ ਤੋਂ ਦਸੰਬਰ 1987 ਦੌਰਾਨ ਸਿੱਖਾਂ ਦਾ ਵੱਡਾ ਕਤਲੇਆਮ 180
ਦਰਸ਼ਨ ਸਿੰਘ ਰਾਗੀ ਦਾ ਇਨਸਾਫ਼ ਮਾਰਚ ਫੇਲ੍ਹ ਕੀਤਾ 182
ਬਾਦਲ ਦਾ ਪੰਜ ਨੁਕਾਤੀ ਐਲਾਨ-ਨਾਮਾ 182
ਫ਼ਤਹਿਗੜ੍ਹ ਸਾਹਿਬ ’ਚ ਖਾਲਿਸਤਾਨ ਦਾ ਮਤਾ 183
ਖਾੜਕੂਆਂ ਦੇ ਇਕ ਗਰੁਪ ਨੇ ਡਾ ਰਾਜਿੰਦਰ ਕੌਰ ਨੂੰ ਕਤਲ ਕੀਤਾ 183
1988 ਵਿਚ ਸਿੱਖਾਂ ਦਾ ਕਤਲੇਆਮ 183
ਜਸਬੀਰ ਸਿੰਘ ਰੋਡੇ ਦੀ ਸਰਕਾਰ ਨਾਲ ਸੌਦੇਬਾਜ਼ੀ ਤੇ ਉਸ ਦੀ ਰਿਹਾਈ 184
ਅਕਾਲ ਤਖ਼ਤ ਸਾਹਿਬ ’ਤੇ ਜਸਬੀਰ ਸਿੰਘ ਦੀ ‘ਤਾਜਪੋਸ਼ੀ’ 185
ਨਕਸਲੀ ਕਵੀ ਅਵਤਾਰ ਪਾਸ਼ ਦਾ ਕਤਲ 185
ਡਾ: ਗੁਰਨਾਮ ਸਿੰਘ ਬੁੱਟਰ ਨਕਲੀ ਮੁਕਾਬਲੇ ਵਿਚ ਸ਼ਹੀਦ 186
ਦਰਬਾਰ ਸਾਹਿਬ ’ਤੇ ਇਕ ਹੋਰ ਹਮਲਾ 187
ਦਰਬਾਰ ਸਾਹਿਬ ’ਤੇ ਨਵਾਂ ਹਮਲਾ (ਬਲੈਕ ਥੰਡਰ) 189
ਦਰਬਾਰ ਸਾਹਿਬ ਵਿਚ ਕੀਰਤਨ ਬੰਦ ਰਿਹਾ 191
ਜਸਬੀਰ ਸਿੰਘ ਰੋਡੇ ਤੇ ਦੂਜੇ ਗ੍ਰੰਥੀ ਬਰਖ਼ਾਸਤ 192
ਅਕਾਲ ਤਖ਼ਤ ਦੇ ਮਲਬੇ ਹੇਠੋਂ ਲਾਸ਼ਾਂ ਲਭਣਾ 193
ਖਾੜਕੂਆਂ ਵੱਲੋਂ 170 ਤੋਂ ਵਧ ਕਤਲ 193
ਮਜ਼ਹਬ ਤੇ ਸਿਆਸਤ ਵੱਖ ਕਰਨ ਬਾਰੇ ਆਰਡੀਨੈਂਸ 193
ਮਈ 1988 ਵਿਚ ਸਿੱਖਾਂ ਦਾ ਕਤਲੇਆਮ 194
ਰਣਜੀਤ ਸਿੰਘ ਬਬਰ ਨੇ ਸਾਇਆਨਾਈਡ ਖਾ ਕੇ ਸ਼ਹੀਦੀ ਦਿੱਤੀ 194
ਜੂਨ 1988 ਤੇ ਇਸ ਮਗਰੋਂ ਮਾਰੇ ਗਏ ਸਿੱਖ 195
ਜਨਰਲ ਲਾਭ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ 195
ਜਨਰਲ ਅਵਤਾਰ ਸਿੰਘ ਬ੍ਰਹਮਾ ਪੁਲਸ ਮੁਕਾਬਲੇ ਵਿਚ ਸ਼ਹੀਦ 195
ਜਨਰਲ ਲਾਭ ਸਿੰਘ ਨਮਿਤ ਪਾਠ ਦਾ ਭੋਗ 196
ਖਾੜਕੂਆਂ ਵੱਲੋਂ ਰਾਕਟਾਂ ਦੀ ਵਰਤੋਂ 197
ਸੁਰਜੀਤ ਬਰਨਾਲੇ ਦਾ ਅਕਾਲ ਤਖ਼ਤ ’ਤੇ ਨਵਾਂ ਡਰਾਮਾ 197
ਸੰਯੁਕਤ ਅਕਾਲੀ ਦਲ ਤੇ ਬਾਬਾ ਜੋਗਿੰਦਰ ਸਿੰਘ ਵੱਖ ਹੋ ਗਏ 197
ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੋਢੀ ਆਗੂ ਭਾਨ ਸਿੰਘ ਦਾ ਕਤਲ 198
‘ਖ਼ੂਨੀ ਨਵੰਬਰ 1984’ ਵਾਂਙ ਬਿਦਰ (ਕਰਨਾਟਕ) ਵਿਚ ਵੀ ਸਿੱਖਾਂ ਦਾ ਕਤਲੇਆਮ 198
(ਪ੍ਰੋ:) ਦਰਸ਼ਨ ਸਿੰਘ ਨੇ ਮੁੜ ਅਕਾਲ ਤਖ਼ਤ ਦੀ ਸੇਵਾ ਸੰਭਾਲੀ 199
ਖਾੜਕੂਆਂ ਦੇ ਹੋਰ ਐਕਸ਼ਨ: 200
ਦਰਸ਼ਨ ਦਾਸ ਇੰਗਲੈਂਡ ਵਿਚ ਕਤਲ 200

ਬਰਨਾਲਾ ਫਿਰ ਅਕਾਲ ਤਖ਼ਤ ’ਤੇ 200
ਅਸਲੀ ਪੁਲਸ ਮੁਕਾਬਲੇ ਵਿਚ ਸੱਤਬਚਨ ਸਿੰਘ ਸਕਰੋਲੀ ਸ਼ਹੀਦ 201
ਬਲਜਿੰਦਰ ਸਿੰਘ ਰਾਜੂ ਨਕਲੀ ਮੁਕਾਬਲੇ ਵਿਚ ਸ਼ਹੀਦ 201
ਗੋਬਿੰਦ ਰਾਮ ਦਾ ਜ਼ੁਲਮ 202
ਲੋਕ ਸਭਾ ਚੋਣਾਂ ਵਿਚ ਖਾਲਿਸਤਾਨੀਆਂ ਦੀ ਜ਼ਬਰਦਸਤ ਜਿੱਤ 204
ਜੁਗਰਾਜ ਸਿੰਘ ਤੂਫ਼ਾਨ ਸੈਂਕੜੇ ਫ਼ੋਰਸਾਂ ਨਾਲ ਟਾਕਰੇ ਵਿਚ ਸ਼ਹੀਦ 205
ਦਰਬਾਰ ਸਾਹਿਬ ਫੇਰ ਸੀਲ 206
26 ਜਨਵਰੀ, 15 ਅਗਸਤ ਤੇ 2 ਅਕਤੂਬਰ ਦੀਆਂ ਛੁੱਟੀਆਂ ਬੰਦ 206
ਸਾਬਕਾ ਵਜ਼ੀਰ ਬਲਵੰਤ ਸਿੰਘ ਨੂੰ ਕਤਲ ਕੀਤਾ ਗਿਆ 207
ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੂੰ ਕਤਲ ਕੀਤਾ ਗਿਆ 207
ਫ਼ੈਡਰੇਸ਼ਨ ਆਗੂ ਹਰਮਿੰਦਰ ਸਿੰਘ ਸੰਧੂ ਦਾ ਕਤਲ 207
ਬਲਦੇਵ ਸਿੰਘ ਘੁੰਮਣ (ਮੇਜਰ) ਪੁਲਸ ਕੈਟਾਂ ਹੱਥੋਂ ਸ਼ਹੀਦ 208
ਜ਼ੁਲਮਾਂ ਦੀ ਦਾਸਤਾਨ ਦੇ ਕੁਝ ਵਰਕੇ 209
ਭਾਈ ਜੋਗਾ ਸਿੰਘ ਖਾਨਪੁਰ ਦੇ ਪੂਰੇ ਪਰਵਾਰ ਦਾ ਕਤਲ 209
ਅਵਤਾਰ ਸਿੰਘ ਸ਼ਤਰਾਨਾ ਨੂੰ ਜ਼ਾਲਮਾਨਾਂ ਤਸੀਹੇ ਦੇ ਕੇ ਸ਼ਹੀਦ ਕੀਤਾ 209
ਬਲਵਿੰਦਰ ਸਿੰਘ ਜਟਾਣਾ ਦੇ ਸਾਰੇ ਪਰਵਾਰ ਦਾ ਕਤਲ 210
ਬਲਵਿੰਦਰ ਸਿੰਘ ਜਟਾਣਾ ਅਤੇ ਚਰਨਜੀਤ ਸਿੰਘ ਚੰਨਾ ਪੁਲਸ ਮੁਕਾਬਲੇ ਵਿਚ ਸ਼ਹੀਦ 210
ਹਰਪਿੰਦਰ ਸਿੰਘ ਗੋਲਡੀ ਦੀ ਭੈਣ ਬੀਬੀ ਅਮਨਦੀਪ ਕੌਰ ਦਾ ਰੇਪ ਅਤੇ ਕਤਲ 211
ਗੁਰਦੇਵ ਸਿੰਘ ਕਾਓਂਕੇ ਦਾ ਜ਼ਾਲਮਾਨਾ ਕਤਲ 212
ਰੇਸ਼ਮ ਕੌਰ ਅਤੇ ਉਸ ਦੇ 8 ਮਹੀਨੇ ਦੇ ਬੱਚੇ ਦਾ ਜ਼ਾਲਮਾਨਾ ਕਤਲ 213
ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚ ਕੁਝ ਅਸਲ ਮੁਕਾਬਲੇ 214
ਭੁੱਲਰ ਪਿੰਡ ਕੋਲ ਛੇ ਘੰਟੇ ਚੱਲਿਆ ਅਸਲ ਤੇ ਅਸਾਵਾਂ ਮੁਕਾਬਲਾ 214
ਕਰਨਾਮਾ ਪਿੰਡ ਵਿਚ ਖਾੜਕੂਆਂ ਤੇ ਸਰਕਾਰੀ ਫ਼ੋਰਸਾਂ ਵਿਚ ਅਸਲ ਮੁਕਾਬਲਾ 214
ਰਟੌਲ ਵਿਚ ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚ ਅਸਲ ਮੁਕਾਬਲਾ (48 ਘੰਟੇ ਚੱਲੇ ਮੁਕਾਬਲੇ ਵਿਚ ਇਕ ਡੀ.ਆਈ. ਜੀ. ਸਣੇ ਦਰਜਨਾਂ ਪੁਲਸੀਏ ਤੇ 8 ਸਿੱਖ ਮਰੇ 214
ਆਤਮਾ ਸਿੰਘ ਬਾਵਾ 14 ਘੰਟੇ ਦੇ ਅਸਲ ਪੁਲਸ ਮੁਕਾਬਲੇ ਵਿਚ ਸ਼ਹੀਦ 215
ਬੋਲੋਵਾਲੀ ਪਿੰਡ ਵਿਚ ਖਾਲਿਸਤਾਨ ਦੀ ਤਵਾਰੀਖ਼ ਦਾ ਸਭ ਤੋਂ ਲੰਬਾ ਅਸਲ ਮੁਕਾਬਲਾ; 12000 ਸਿਪਾਹੀਆਂ ਨਾਲ 4 ਖਾੜਕੂਆਂ ਨੇ 48 ਘੰਟੇ ਜੰਗ ਕੀਤੀ 215
ਖਾੜਕੂਆਂ ਵੱਲੋਂ ਪੰਜਾਬ ਦੇ ਸਾਬਕਾ ਪੁਲਸ ਮੁਖੀ ਰਬੇਰੋ ’ਤੇ ਰੋਮਾਨੀਆ ’ਚ ਹਮਲਾ 216
ਪੰਜਾਬ ਵਿਚ ਬੇਅੰਤ ਸਰਕਾਰ 217
ਪੰਜਾਬ ਅਸੈਂਬਲੀ ਦੀਆਂ ਚੋਣਾਂ ਰੱਦ ਕਰਨਾ 217
ਅਕਾਲੀ ਦਲ ਵੱਲੋਂ ਪੰਜਾਬ ’ਚ ਚੋਣਾਂ ਦਾ ਬਾਈਕਾਟ 218
ਨਕਲੀ ਮੁਕਾਬਲਿਆਂ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਅਪ੍ਰੈਲ 1992 ਵਿਚ ਸਿੱਖਾਂ ਦੇ ਕਤਲ 219

ਮਈ 1992 ਵਿਚ ਸਿੱਖਾਂ ਦੇ ਕਤਲ 221
ਗੱਟੀਵਾਲ ਵਿਚ ਪੁਲਸ ਤੇ ਖਾੜਕੂਆਂ ਵਿਚ ਅਸਲ ਮੁਕਾਬਲਾ 221
ਕਾਰਜ ਸਿੰਘ ਸਮਰਾ ਦਾ ਕਤਲ 222
ਜੂਨ 1992 ਵਿਚ ਸਿੱਖਾਂ ਦੇ ਕਤਲ 222
ਪਿੰਡ ਬਹਿਲਾ 'ਚ ਖਾੜਕੂਆਂ ਅਤੇ ਫ਼ੋਰਸਿਜ਼ ਵਿਚਕਾਰ ਅਸਲ ਮੁਕਾਬਲਾ: ਪੁਲਸ ਨੇ 6 ਬੰਦੇ 'ਢਾਲ' ਬਣਾ ਕੇ ਸ਼ਹੀਦ ਕੀਤੇ 223
ਰਛਪਾਲ ਸਿੰਘ ਛੰਦੜਾ ਤੇ ਜਗਦੀਸ਼ ਸਿੰਘ ਦੀਸ਼ਾ ਸ਼ਹੀਦ 223
ਹਰਪਿੰਦਰ ਸਿੰਘ ਗੋਲਡੀ ਤੇ ਚਾਰ ਸਾਥੀ ਅਸਲ ਪੁਲਸ ਮੁਕਾਬਲੇ ਵਿਚ ਸ਼ਹੀਦ 224
ਜੁਲਾਈ 1992 ਵਿਚ ਸਿੱਖਾਂ ਦੇ ਕਤਲ 224
ਪਰਮਜੀਤ ਸਿੰਘ ਬਠਿੰਡਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ 225
ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਸ਼ਹੀਦੀ 226
ਅਗਸਤ 1992 ਵਿਚ ਸਿੱਖਾਂ ਦੇ ਕਤਲ 226
ਬੱਬਰ ਸੁਖਦੇਵ ਸਿੰਘ ਦਾਸੂਵਾਲ ਦੀ ਸ਼ਹੀਦੀ 227
ਬੇਅੰਤ ਤੇ ਕੇ.ਪੀ.ਗਿਲ ਦਾ ਇਕ ਹੋਰ ਜਬਰ: ਬਹਿਲਾ ਵਿਚ ਕਰਫ਼ਿਊ 227
ਅਗਸਤ 1992 ਵਿਚ ਹੋਰ ਸਿੱਖਾਂ ਦੇ ਕਤਲ 228
ਸਤੰਬਰ 1992 ਵਿਚ ਸਿੱਖਾਂ ਦੇ ਕਤਲ 228
ਖਾੜਕੂਆਂ ਦੇ ਖ਼ਿਲਾਫ਼ ਝੂਠਾ ਪ੍ਰਚਾਰ ਤੇ ਈਨਾਮਾਂ ਦੀ ਠੱਗੀ 230
ਅਕਤੂਬਰ 1992 ਵਿਚ ਸਿੱਖਾਂ ਦੇ ਕਤਲ 230
ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ 231
ਪੁਲੀਸ ਚੀਫ਼ ਕੇ.ਪੀ.ਐਸ. ਗਿੱਲ ਭਿੰਡਰਾਂ-ਮਹਿਤਾ ਡੇਰੇ ਗਿਆ 231
ਬੱਬਰ ਖਾਲਸਾ ਦੇ ਮੋਢੀ ਜਥੇਦਾਰ ਤਲਵਿੰਦਰ ਸਿੰਘ ਦੀ ਸ਼ਹੀਦੀ 232
ਅਕਤੂਬਰ 1992 ਦੇ ਦੂਜੇ ਅੱਧ ਵਿਚ ਸਿੱਖਾਂ ਦੇ ਕਤਲ 232
ਦਰਬਾਰ ਸਾਹਿਬ ਵਿਚ ਦੀਵਾਲੀ ਦਾ ਮਨਾਇਆ ਜਾਣਾ ਬੰਦ 233
ਨਵੰਬਰ 1992 ਵਿਚ ਸਿੱਖਾਂ ਦੇ ਕਤਲ 234
ਦਸੰਬਰ 1992 ਵਿਚ ਸਿੱਖਾਂ ਦੇ ਕਤਲ 236
ਧਰਮ ਸਿੰਘ ਕਾਸ਼ਤੀਵਾਲ ਸ਼ਹੀਦ 237
ਸੈਂਕੜੇ ਸਿੱਖਾਂ ਦਾ ਕਤਲ ਕਰ ਕੇ ਲਾਸ਼ਾਂ ਦਰਿਆਵਾਂ, ਨਹਿਰਾਂ ਵਿਚ ਰੋੜ੍ਹੀਆਂ 238
ਬੇਅੰਤ ਸਿੰਘ ਦਾ ਅਕਾਲੀਆਂ 'ਤੇ ਵਾਰ 238
ਬਾਦਲ ਵੱਲੋਂ ਵਿਧਾਨ 'ਤੇ ਬੇਭਰੋਸਗੀ ਦਾ ਐਲਾਨ 239
ਸਵਿਟਜ਼ਰਲੈਂਡ ਵਿਚ ਖਾਲਿਸਤਾਨ ਦਾ ਝੰਡਾ ਲਹਿਰਾਇਆ 239
1993 ਵਿਚ ਸਿੱਖਾਂ ਦੇ ਕਤਲ 240
ਫ਼ਰਵਰੀ 1993 ਵਿਚ ਸਿੱਖਾਂ ਦੇ ਕਤਲ 240
ਕੁਲਵੰਤ ਸਿੰਘ ਸੈਣੀ, ਉਸ ਦੀ ਪਤਨੀ ਤੇ ਮਾਸੂਮ ਬੱਚੇ ਦਾ ਕਤਲ 241

ਗੁਰਬਚਨ ਸਿੰਘ ਮਾਨੋਚਾਹਲ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ 242
ਮਾਰਚ-ਅਪ੍ਰੈਲ-ਮਈ 1993 ਵਿਚ ਸਿੱਖਾਂ ਦੇ ਕਤਲ 242
ਰਮਿੰਦਰ ਸਿੰਘ ਟੈਨੀ ਤੇ ਉਸ ਦੀ ਪਤਨੀ ਮਨਜੀਤ ਕੌਰ ਸ਼ਹੀਦ 243
ਪਰਗਟ ਸਿੰਘ ਫ਼ੌਜੀ ਸੰਗਤਪੁਰ ਤੇ ਮਨਜਿੰਦਰ ਸਿੰਘ ਤਲਵੰਡੀ ਰਾਇ ਸ਼ਹੀਦ 243
ਬਬਰ ਖਾਲਸਾ ਦੇ ਗੁਰਮੇਲ ਸਿੰਘ ਦੀ ਸ਼ਹੀਦੀ 244
ਨਵਨੀਤ ਸਿੰਘ ਕਾਦੀਆਂ (ਖਾਲਿਸਤਾਨ ਲਿਬਰੇਸ਼ਨ ਫ਼ੋਰਸ) ਦੀ ਸ਼ਹੀਦੀ 244
1992-93 ਦੇ ਕੁਝ ਅਸਲ ਪੁਲਸ ਮੁਕਾਬਲੇ 245
ਖਜਾਲਾ ਵਿਚ ਖਾੜਕੂਆਂ ਅਤੇ ਪੁਲਸ ਵਿਚ ਅਸਲ ਮੁਕਾਬਲਾ 245
ਰੱਤਾ ਖੁੱਡਾ ਪਿੰਡ ਵਿਚ ਖਾੜਕੂਆਂ ਅਤੇ ਫ਼ੋਰਸਿਜ਼ ਦਾ ਅਸਲ ਮੁਕਾਬਲਾ 245
ਖੁੱਡਾ ਹਲਾਲ ਵਿਚ ਖਾੜਕੂਆਂ ਤੇ ਪੁਲਸ ਵਿਚ ਮੁਕਾਬਲੇ 'ਚ 9 ਖਾੜਕੂ ਸ਼ਹੀਦ 245
ਗੱਟਾ ਬਾਦਸ਼ਾਹ ਕੋਲ ਅਸਲ ਮੁਕਾਬਲਾ 246
ਸੱਤੋਵਾਲੀ (ਜਲੰਧਰ) ਵਿਚ ਖਾੜਕੂਆਂ ਅਤੇ ਪੁਲਸ ਵਿਚ ਅਸਲ ਮੁਕਾਬਲਾ 246
ਭਾਈ ਕੰਵਰ ਸਿੰਘ ਨੇ ਕੇ.ਪੀ. ਗਿੱਲ ਦੇ ਪੈਰੀਂ ਹੱਥ ਲਾਉਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ:
'ਮੈਂ ਔਰੰਗਜ਼ੇਬ ਦੇ ਪੈਰੀਂ ਹੱਥ ਨਹੀਂ ਲਾਵਾਂਗਾ' 246
ਪੰਥਕ ਕਮੇਟੀ ਦਾ ਚੌਧਰੀ ਡਾ. ਸੋਹਨ ਸਿੰਘ 'ਗ੍ਰਿਫ਼ਤਾਰ' 247
ਜੀਵਨ ਸਿੰਘ ਉਮਰਾਨੰਗਲ ਦੀ ਸਿੱਖ ਦੁਸ਼ਮਣੀ ਦੀ ਹੱਦ 247
ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਦੇ ਘਰੋਂ ਕਰੋੜਾਂ ਗ਼ੈਰ-ਕਾਨੂੰਨੀ ਰੁਪੈ ਨਿਕਲੇ;
ਹਾਈ ਕੋਰਟ ਨੇ ਰਿਕਾਰਡ ਸਮਨ ਕੀਤੇ 247
ਬੇਅੰਤ ਦਾ ਕਤਲ ਤੇ ਉਸ ਦੇ ਜ਼ੁਲਮਾਂ ਦੇ ਦੌਰ ਦਾ ਖ਼ਾਤਮਾ 247
ਪੁਲਸ ਨੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰ ਕੇ, ਉਸ 'ਤੇ ਬੇਪਨਾਹ ਜ਼ੁਲਮ ਕਰ ਕੇ,
ਉਸ ਨੂੰ ਸ਼ਹੀਦ ਕੀਤਾ 249
ਬੇਅੰਤ ਸਰਕਾਰ ਅਤੇ ਅਕਾਲੀ ਦਲ 258
ਅਕਾਲ ਤਖ਼ਤ ਸਾਹਿਬ 'ਤੇ ਪੁਲੀਸ ਦੀ ਹੁੱਲੜਬਾਜ਼ੀ 259
ਗੁੱਜਰਵਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੋਕਿਆ 259
ਅਕਾਲੀਆਂ 'ਤੇ ਸਖ਼ਤੀ ਦਾ ਨਵਾਂ ਦੌਰ 261
ਬਾਦਲ ਵਲੋਂ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦਾ ਮੈਂਬਰ ਬਣਨਾ 263
ਅਕਾਲ ਤਖ਼ਤ ਤੋਂ ਨਵਾਂ ਅਕਾਲੀ ਦਲ ਕਾਇਮ ਕਰਨ ਦੀ ਕਵਾਇਦ 264
ਅਕਾਲੀ ਦਲ (ਅੰਮ੍ਰਿਤਸਰ) ਦੀ ਕਾਇਮੀ 269
ਖਾਲਸਾ ਪੰਥ ਨਾਲ ਪ੍ਰਣ ਪੱਤਰ: 270
ਗੁਰੂ ਪੰਥ ਦੇ ਦਾਸ: 270
ਬਾਦਲ ਵਲੋਂ ਮਨਜੀਤ ਸਿੰਘ ਦੀ 'ਹੁਕਮ ਅਦੂਲੀ 271
ਰਛਪਾਲ ਸਿੰਘ ਦਿੱਲੀ ਦਾ ਡਰਾਮਾ 271
ਬਾਦਲ ਵੱਲੋਂ ਨਵਾਂ ਅਕਾਲੀ ਦਲ ਬਣਾਉਣ ਦਾ ਫ਼ੈਸਲਾ 271

ਬਾਦਲ ਦਾ ਸਿੱਖ 'ਬੁੱਧੀਜੀਵੀ' ਮਿਸ਼ਨ ਦਾ ਡਰਾਮਾ (ਜੂਨ 1994) 272
ਬਾਦਲ ਦਲ 'ਪੰਜਾਬੀ ਦਲ' ਬਣਿਆ, ਦਲ 'ਚ ਹਿੰਦੂ ਭਰਤੀ ਸ਼ੁਰੂ 273
ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਵਰਕਿੰਗ ਕਮੇਟੀ 273
ਬਾਦਲ ਧੜੇ ਦੀ ਵਰਕਿੰਗ ਕਮੇਟੀ 274
ਬਲਾਕ ਸੰਮਤੀ ਚੋਣਾਂ ਵਿਚ ਦੋਹਾਂ ਧੜਿਆਂ ਦੀ ਬਰਾਬਰ ਦੀ ਟੱਕਰ 275
ਦੋਹਾਂ ਦਲਾਂ ਵਿਚ ਫੇਰ ਹਿਲਜੁਲ 275
ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਪਹਿਲਾਂ 276
ਮਨਜੀਤ ਸਿੰਘ ਵਲੋਂ ਬਾਦਲ ਨੂੰ ਇਕ ਹੋਰ ਖ਼ਤ 276
ਮਨਜੀਤ ਸਿੰਘ ਵਲੋਂ ਇਕ ਹੋਰ ਚਿੱਠੀ 278
ਬਾਦਲ ਦੇ ਉਮੀਦਵਾਰ ਦੀ ਨਮੋਸ਼ੀ ਭਰੀ ਹਾਰ 280
ਬਾਦਲ ਵਲੋਂ ਫੇਰ ਅੜੀ 281
ਏਕਤਾ ਵਾਸਤੇ 7 ਮੈਂਬਰੀ ਕਮੇਟੀ 281
ਟੌਹੜਾ ਦੀ ਸਮਝੌਤੇ ਵਾਸਤੇ 'ਤੜਫੜਾਹਟ' 282
ਅਕਾਲੀ ਦਲ (ਬਾਦਲ-ਟੌਹੜਾ) ਵਿਚ ਏਕਤਾ ਬਾਰੇ ਉੱਚ-ਤਾਕਤੀ (ਹਾਈ ਪਾੱਵਰਡ) ਕਮੇਟੀ 283
ਫਿਰ ਦੋ ਅਕਾਲੀ ਦਲਾਂ ਦਾ ਐਲਾਨ 285
ਲੋਕ ਸਭਾ ਦੀਆਂ ਚੋਣਾਂ (1996) 286
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 287
ਪੰਜਾਬ ਵਿਚ ਬਾਦਲ ਦੀ ਸਰਕਾਰ 288
ਬਾਦਲ-ਟੌਹੜਾ ਅਕਾਲੀ ਦਲ ਦਾ ਚੋਣ ਮੈਨੀਫ਼ੈਸਟੋ 288
ਅਮਰਜੀਤ ਕੌਰ ਮੁੜ ਐਮ.ਪੀ. ਬਣਨ ਵਾਸਤੇ ਦਲ ਵਿਚ ਆਈ 288
1997 ਦੀਆਂ ਚੋਣਾਂ ਦੇ ਨਤੀਜੇ 290
ਲੰਗਰ ਭੁੰਜੇ ਖਾਣ ਬਾਰੇ 'ਹੁਕਮਨਾਮਾ' 290
'ਜਥੇਦਾਰ-ਮਾਫ਼ੀਆ' ਯੂਨੀਅਨ 292
ਅਮਰਜੀਤ ਕੌਰ ਨੂੰ ਤਨਖ਼ਾਹ 292
ਪ੍ਰਕਾਸ਼ ਸਿੰਘ ਬਾਦਲ ਦੀ ਸਿੱਖ ਪੰਥ ਨਾਲ ਗ਼ਦਾਰੀ 293
ਚੰਡੀਗੜ੍ਹ ਦੀ ਮੰਗ 296
ਊਧਮ ਸਿੰਘ ਨਗਰ ਦਾ ਮਸਲਾ 296
ਪੰਜਾਬ ਦੀ ਦੌਲਤ ਲੁੱਟਣਾ 297
ਬਾਦਲ ਦੀ ਸੁਪਰੀਮ'ਬਣਨ ਦੀ ਸ਼ੁਰੂਆਤ 298
ਪੰਜਾਬ 'ਪੀਪਲਜ਼ ਕਮਿਸ਼ਨ' ਦਾ ਹਸ਼ਰ 303
ਗੁਰਚਰਨ ਸਿੰਘ ਟੌਹੜਾ ਦਾ ਨਿਰੰਕਾਰੀ ਸਮਾਗਮ ਵਿਚ ਜਾਣਾ 303
ਟੌਹੜਾ ਦਾ ਝੂਠ ਅਤੇ ਰਣਜੀਤ ਸਿੰਘ ਵੱਲੋਂ ਅਕਾਲ ਤਖ਼ਤ ਦੀ ਬੇਅਦਬੀ 305
ਨਿਸ਼ਾਨੇ-ਖਾਲਸਾ ਵਿਚ ਖੰਡੇ ਦਾ ਮਸਲਾ 309

ਬਾਦਲ ਧੜੇ ਵੱਲੋਂ ਟੌਹੜਾ ਦੇ ਖ਼ਿਲਾਫ਼ ਵੱਡਾ ਜਹਾਦ 311
ਮਨਜੀਤ ਸਿੰਘ ਕਲਕਤਾ ਤੇ 4 ਹੋਰ ਵਜ਼ੀਰਾਂ ਦੇ ਅਸਤੀਫ਼ੇ 313
ਅਕਾਲ ਤਖ਼ਤ ਸਾਹਿਬ ਤੋਂ ਰਣਜੀਤ ਸਿੰਘ ਦਾ 'ਹੁਕਮਨਾਮਾ' 315
"ਹੁਕਮਨਾਮਾ 315
(ਭਾਈ) ਰਣਜੀਤ ਸਿੰਘ ਦੇ ਖ਼ਿਲਾਫ਼ ਬਾਦਲ ਦੀ 'ਜੰਗ' 318
ਰਣਜੀਤ ਸਿੰਘ ਦੇ ਖ਼ਿਲਾਫ਼ ਐਕਸ਼ਨ 327
ਰਣਜੀਤ ਸਿੰਘ ਦੀ 'ਮੁਅੱਤਲੀ' 328
ਕੌਮ ਦੇ ਨਾਂ ਸੰਦੇਸ਼ 329
ਰਣਜੀਤ ਸਿੰਘ ਦਾ ਲੇਖਾ-ਜੋਖਾ 329
ਗੁਰਚਰਨ ਸਿੰਘ ਟੌਹੜਾ ਦਾ ਅਸਤੀਫ਼ਾ 330
300 ਸਾਲਾਂ ਦੇ ਬੇਮਾਅਨਾ ਸਮਾਗਮ 332
ਬਿਹਾਰ ਅਸੈਂਬਲੀ ਤੋੜਨ ਦੀ ਹਿਮਾਇਤ 332
ਸਰਬ ਹਿੰਦ ਅਕਾਲੀ ਦਲ ਦੀ ਕਾਇਮੀ 333
ਲੋਕ ਸਭਾ ਚੋਣਾਂ 'ਚ ਜ਼ਬਰਦਸਤ ਹਾਰ 333
ਅਮਰੀਕਾ ਦੇ ਪ੍ਰਧਾਨ ਬਿਲ ਕਲਿੰਟਨ ਦੀ ਆਮਦ 'ਤੇ ਚਿੱਠੀ ਸਿੰਘਪੁਰਾ ਵਿਚ 36 ਸਿੱਖ ਕਤਲ 334
ਪੁਰੇਵਾਲ ਦਾ ਕੈਲੰਡਰ ਅਤੇ ਗ੍ਰੰਥੀ ਪੂਰਨ ਸਿੰਘ ਤੇ ਜਗੀਰ ਕੌਰ 'ਚ ਟਕਰਾਅ 334
ਪੂਰਨ ਸਿੰਘ ਦੀ ਅਕਾਲ ਤਖ਼ਤ ਤੋਂ ਛੁੱਟੀ 339
ਜਾਗੀਰ ਕੌਰ ਦੀ ਕੁੜੀ ਦੀ 'ਮੌਤ' 342
ਰਵੀਇੰਦਰ ਸਿੰਘ ਦਾ ਬਾਦਲ ਨੂੰ ਛੱਡਣਾ 343
ਤਲਵੰਡੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ 344
ਆਰ.ਐਸ.ਐਸ. ਦੇ ਸਿੱਖੀ 'ਤੇ ਹਮਲੇ 344
ਸਿੱਖਾਂ ਦੇ ਕਾਤਲ ਪੁਲਸੀਆਂ ਨੂੰ ਆਮ ਮੁਆਫ਼ੀ ਦੀ ਗੱਲ 345
ਬਾਦਲ ਨੇ ਰਾਮ ਸਿੰਘ ਕੂਕਾ ਨੂੰ 'ਸਤਿਗੁਰੂ' ਮੰਨਿਆ 346
ਬਲਬੀਰ ਸਿੰਘ ਪੰਨੂ ਤੇ ਇਕ ਜਵਾਨ ਕੁੜੀ ਦੀ ਮੌਤ 346
ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਮਤਾ 346
ਵੱਸਣ ਸਿੰਘ ਜ਼ਫ਼ਰਵਾਲ ਵਾਪਿਸ ਪਰਤਿਆ 346
ਸਤਾਰਾਂ ਸਾਲ ਝੂਠ ਬੋਲਣ ਮਗਰੋਂ ਭਿੰਡਰਾਂ-ਮਹਿਤਾ ਜਥਾ ਦੇ ਬਹੁਤੇ ਆਗੂਆਂ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹੀਦੀ ਮੰਨੀ 347
ਅਮਰੀਕਾ ਵਿਚ ਅਲ ਕਾਇਦਾ ਨੇ ਦੋ ਟਾਵਰ ਉਡਾਏ 347
ਬਾਦਲ ਵਿਰੋਧੀਆਂ ਦਾ ਮੋਰਚਾ 348
ਪੰਜਾਬ ਵਿਚ ਅਮਰਿੰਦਰ ਸਿੰਘ ਦੀ ਸਰਕਾਰ ਬਣੀ 348
ਭਨਿਆਰਾ, ਨੂਰਮਹਿਲੀਆ, ਨਾਮਧਾਰੀਏ ਤੇ ਹੋਰ ਸਾਧ 349
ਜਗਦੇਵ ਸਿੰਘ ਤਲਵੰਡੀ ਨੂੰ ਬਾਦਲ ਨੇ ਪਾਰਟੀ ਵਿਚੋਂ ਕਢਿਆ 350

ਧਨਵੰਤ ਸਿੰਘ ਵੱਲੋਂ ਕੁੜੀ ਦਾ ਰੇਪ ਤੇ ਵੇਦਾਂਤੀ ਦਾ ਰੋਲ 350
ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਾਂਮੀ ਦੀ ਸਜ਼ਾ ਦੀ ਮੁਆਫ਼ੀ ਵਾਸਤੇ ਬਾਦਲ ਟੌਹੜਾ ਇਕੱਠੇ ਹੋਏ 352
ਬਾਦਲ ਤੇ ਟੌਹੜਾ ਫਿਰ ਇਕ ਹੋਏ 352
ਦਿੱਲੀ ਵਿਚ ਪਰਮਜੀਤ ਸਿੰਘ ਸਰਨਾ ਦੀ ਚੜ੍ਹਤ 355
ਦਰਬਾਰ ਸਾਹਿਬ ਵਿਚ ਬੀਬੀਆਂ ਦੇ ਹੱਕਾਂ ਦਾ ਮਸਲਾ 357
ਜੋਗਿੰਦਰ ਸਿੰਘ (ਵੇਦਾਂਤੀ) ਅਤੇ ਕਾਲਾ ਅਫ਼ਗਾਨਾ 358
ਮੋਹਾਲੀ ਕਨਵੈਨਸ਼ਨ 26 ਅਕਤੂਬਰ 2003 359
ਟੌਹੜਾ ਦੀ ਮੌਤ ਤੇ ਉਸ ਨੂੰ 'ਪੰਥ ਰਤਨ' ਦਾ ਖ਼ਿਤਾਬ 361
2004 ਦੀਆਂ ਲੋਕ ਸਭਾ ਚੋਣਾਂ 362
ਪ੍ਰਹਿਲਾਦ ਸਿੰਘ ਚੰਡੋਕ ਅਤੇ ਵੇਦਾਂਤੀ 362
ਕੁਰਪਸ਼ਨ ਦੇ ਕੇਸ ਵਿਚ ਬਾਦਲ ਤੇ ਸੁਖਬੀਰ ਦੀ ਗ੍ਰਿਫ਼ਤਾਰੀ 364
ਸੋਨੀਆ ਗਾਂਧੀ ਨੂੰ ਅਕਾਲ ਤਖ਼ਤ ਤੇ ਚੜ੍ਹਨ ਦੀ ਇਜਾਜ਼ਤ ਨਾ ਦਿੱਤੀ ਗਈ 365
ਸਿਮਰਨਜੀਤ ਸਿੰਘ ਮਾਨ ਦੀਆਂ ਗ੍ਰਿਫ਼ਤਾਰੀਆਂ 365
ਮਾਨ ਤੇ ਬਾਦਲ ਧੜੇ ਵਿਚ ਝੜਪਾਂ 366
ਮਾਨ ਤੇ ਦਲਜੀਤ ਸਿੰਘ ਬਿੱਟੂ 366
ਦਰਬਾਰ ਸਾਹਿਬ ਨੂੰ ਵਿਰਾਸਤੀ ਦਰਜਾ ਦੇਣ ਦੀ ਸਾਜ਼ਿਸ਼ 367
ਫ਼ਰਾਂਸ ਵਿਚ ਦਸਤਾਰ ਦਾ ਮਸਲਾ 368
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 369
'ਸਹਿਧਾਰੀਆਂ' ਦਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਹੱਕ ਖ਼ਤਮ ਹੋਇਆ 369
ਪੰਜਾਬ ਦੇ ਪਾਣੀਆਂ ਦਾ ਮਸਲਾ 370
ਪਾਣੀਆਂ ਦੇ ਸਮਝੌਤੇ ਰੱਦ ਕਰਨਾ 370
ਰਾਜਿਸਥਾਨ ਪੰਜਾਬ ਦੇ ਪਾਣੀ ਦੇ ਪੈਸੇ ਅਦਾ ਕਰੇ 372
ਮੁਲਕ ਦਾ ਦੁਸ਼ਮਣ ਕੌਣ? 372
ਸੁਪਰੀਮ ਕੋਰਟ 'ਤੇ ਵੀ ਯਕੀਨ ਨਹੀਂ 373
ਸਿੱਖ ਤਵਾਰੀਖ਼ ਦੀਆਂ ਸ਼ਤਾਬਦੀਆਂ ਮਨਾਉਣਾ 373
ਪੰਜਾਬ ਅਸੈਂਬਲੀ ਵਿਚ ਅਖੌਤੀ 'ਅਤਿਵਾਦ' 'ਤੇ ਬਹਿਸ 374
ਦਰਬਾਰ ਸਾਹਿਬ ਲਈ ਐਲੀਵੇਟਡ ਰੋਡ, ਰਾਧਾ ਸੁਆਮੀ ਤੇ ਕੂਕੇ (ਨਾਮਧਾਰੀ) 374
ਬਾਦਲ ਦੇ ਹੱਥੋਂ ਸ਼੍ਰੋਮਣੀ ਕਮੇਟੀ ਅਤੇ ਸਿੱਖੀ ਦੀ ਤਬਾਹੀ 375
ਸਾਧਾਂ ਦੇ ਖ਼ਿਲਾਫ਼ ਜੱਦੋਜਹਿਦ 375
ਪਟਨਾ ਸਾਹਿਬ ਦੇ ਗ੍ਰੰਥੀ ਇਕਬਾਲ ਸਿੰਘ ਦੀਆਂ ਬੇਹੂਦਗੀਆਂ 376
ਅੰਤਿਕਾ 1 378
ਪੁਰੇਵਾਲ ਦੇ ਅਖੌਤੀ ਨਾਨਕਸ਼ਾਹੀ ਕੈਲੰਡਰ ਦੀ ਅਸਲੀਅਤ 378
ਨਾਨਕਸ਼ਾਹੀ ਨਹੀਂ ਬਲਕਿ ਸੱਚਾ ਤੇ ਖ਼ਾਲਿਸ ਬ੍ਰਾਹਮਣਵਾਦੀ ਕੈਲੰਡਰ 379

ਪੁਰੇਵਾਲ ਦੇ ਹੋਰ ਸ਼ੋਸ਼ੇ 381
ਕੀ ਬਿਕਰਮੀ ਕੈਲੰਡਰ ਹਿੰਦੂ ਕੈਲੰਡਰ ਹੈ ? 382
ਪੁਰੇਵਾਲ ਦਾ ਕੈਲੰਡਰ ਬਿਕਰਮੀ ਕੈਲੰਡਰ ਦਾ ਸੂਰਜੀਕਰਣ ਹੈ 382
ਪੁਰੇਵਾਲ ਦਾ ਕੈਲੰਡਰ ਸਿੱਖ ਹਿਸਟਰੀ ਵੀ ਵਿਗਾੜਦਾ ਹੈ 383
ਅਖੌਤੀ ਸੰਤ ਸਮਾਜ ਦੇ ਇਕ ਧੜੇ ਨੇ ਕਿਵੇਂ ਮੰਨਿਆ? 383
ਇਹ ਕਿਵੇਂ ਹੋਇਆ? 384
ਪੁਰੇਵਾਲ ਦਾ ਕੈਲੰਡਰ ਕਿੰਨੇ ਚਿਰ ਵਿਚ ਬਣਿਆ ? 385
ਅੰਤਿਕਾ 2 387
ਸਿੱਖ ਲੀਡਰਸ਼ਿਪ ਦਾ ਲੇਖਾ-ਜੋਖਾ 387

○

ਦਰਬਾਰ ਸਾਹਿਬ ’ਤੇ ਹਮਲਾ

ਧਰਮ ਦੇ ਅਧਾਰ ’ਤੇ ਮੁਲਕਾਂ ਦਾ ਕਾਇਮ ਹੋਣਾ

1947 ਵਿਚ ਜਦ ਅੰਗਰੇਜ਼ ਸਾਊਥ ਏਸ਼ੀਆ ਤੋਂ ਰੁਖ਼ਸਤ ਹੋ ਰਹੇ ਸਨ ਤਾਂ ਉਨ੍ਹਾਂ ਨੇ ਆਪਣੇ ਕਬਜ਼ੇ ਹੇਠਲੇ ਦੇਸ਼ਾਂ, ਜਿਸ ਨੂੰ ਉਨ੍ਹਾਂ ਨੇ ਇੰਤਜ਼ਾਮੀਆ ਪੱਖ ਤੋਂ ਇੰਡੀਆ ਨਾਂ ਦੇ ਦਿੱਤਾ ਸੀ; ਨੂੰ ਧਰਮ ਦੇ ਅਧਾਰ ’ਤੇ ਵੰਡ ਕੇ ਜਾਣ ਦਾ ਫ਼ੈਸਲਾ ਕੀਤਾ ਸੀ। ਪਰ ਇਸ ਵਿਚ ਉਹ ਤਿੰਨ ਮੁਖ ਧਰਮ ਮੰਨ ਕੇ ਵੀ ਸਿੱਖਾਂ ਨਾਲ ਜ਼ੁਲਮ ਕਮਾ ਗਏ ਤੇ ਉਨ੍ਹਾਂ ਦੇ ਮੁਲਕ ਨੂੰ ਹਿੰਦੂ ਅਤੇ ਮੁਸਲਮਾਨ ਜ਼ੋਨ ਦੇ ਰਹਿਮੋ-ਕਰਮ ਹੇਠ ਛੱਡ ਦਿੱਤਾ। ਸਿੱਖਾਂ ਨੂੰ ਮਜਬੂਰ ਹੋ ਕੇ ਭਾਰਤ ਦੇ ਕਬਜ਼ੇ ਹੇਠ ਰਹਿਣਾ ਪਿਆ। ਲੱਖਾਂ ਸਿੱਖਾਂ ਨੂੰ ਪੱਛਮੀ ਪਾਕਿਸਤਾਨ ਵਿਚ ਕਤਲੇਆਮ ਦਾ ਸ਼ਿਕਾਰ ਹੋਣਾ ਪਿਆ।

ਮੌਜੂਦਾ ਭਾਰਤ ਦੀ ਕਾਇਮੀ ਦਾ ਅਧਾਰ ਹਿੰਦੂ ਮੁਲਕ ਸੀ, ਪਰ ਏਥੇ ਚੋਣਾਂ ਦਾ ਅਧਾਰ ਹੋਣ ਕਰ ਕੇ ਸਾਰੀ ਸਿਆਸਤ ਵੋਟ ਬੈਂਕ ਦੇ ਹਿਸਾਬ ਨਾਲ ਚੱਲਣ ਲਗ ਪਈ। ਇਸ ਫ਼ਿਰਕੂ ਪੈਂਤੜੇ ਦਾ ਸਭ ਤੋਂ ਪਹਿਲਾ ਤੇ ਵੱਡਾ ਸ਼ਿਕਾਰ ਸਿੱਖ ਹੋਏ। ਅਗਸਤ 1947 ਤਕ ਹਿੰਦੂ ਆਗੂ (ਸਣੇ ਗਾਂਧੀ, ਪਟੇਲ ਅਤੇ ਨਹਿਰੂ) ਕਸਮਾਂ ਖਾਂਦੇ ਰਹੇ ਸਨ ਕਿ ਸਿੱਖਾਂ ਨੂੰ ‘ਭਾਰਤ ਦੇ ਉਤਰ ਵਿਚ ਅਜ਼ਾਦੀ ਦਾ ਅਹਿਸਾਸ ਦੇਣ ਵਾਸਤੇ ਇਕ ਖਿੱਤਾ ਮਹਿਫ਼ੂਜ਼ ਕੀਤਾ ਜਾਵੇਗਾ’ ਪਰ ਇਹ ਫਰੇਬ ਭਰੇ ਬੋਲ 15 ਅਗਸਤ ਦੇ ਦਿਨ ਹੀ ਅਲੋਪ ਹੋ ਗਏ। ਸਗੋਂ ਇਸ ਦੇ ਉਲਟ ਫ਼ਿਰਕਾਪ੍ਰਸਤੀ ਦਾ ਬੋਲ ਬਾਲਾ ਸ਼ੁਰੂ ਹੋ ਗਿਆ। ਸਿੱਖਾਂ ਨੂੰ ਗ਼ੁਲਾਮ, ਦੂਜੇ ਦਰਜੇ ਦੇ, ਗ਼ੈਰ ਧਰਮ ਦੇ, ਦੂਜੀ ਜ਼ਬਾਨ ਦੇ, ਗ਼ੈਰ ਕਲਚਰ ਦੇ, ਤੇ ਜਰਾਇਮ ਪੇਸ਼ਾ ਲੋਕ ਦਰਸਾ ਕੇ ਉਨ੍ਹਾਂ ਨਾਲ ਮਲੇਛਾਂ ਵਾਲਾ ਸਲੂਕ ਸ਼ੁਰੂ ਹੋ ਗਿਆ। ਉਨ੍ਹਾਂ ਨੂੰ ਅਜ਼ਾਦੀ ਦਾ ਨਿੱਘ ਦੇਣ ਦੀ ਬਜਾਇ ਬਹੁਗਿਣਤੀ ਦੇ ਮਜ਼ਹਬ, ਜ਼ਬਾਨ ਤੇ ਕਲਚਰ ਵਿਚ ਜਜ਼ਬ ਕਰਨ ਵਾਸਤੇ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ। ਸਿੱਖਾਂ ਨਾਲ ਹਰ ਪੱਖ ਤੋਂ ਵਿਤਕਰਾ ਕਰਨਾ ਸ਼ਾਇਦ ‘ਭਾਰਤ ਦੀ ਕੌਮੀ ਖ਼ੂਬੀ’ ਬਣ ਗਿਆ ਸੀ।

ਇੰਵ ਕੁਝ ਸਾਲ ਲੰਘ ਗਏ। ਹੌਲੀ-ਹੌਲੀ ਕਾਂਗਰਸ ਪਾਰਟੀ ਦੇ ਮੁਕਾਬਲੇ ਵਿਚ ਨਵੀਆਂ ਸਿਆਸੀ ਸਫ਼ਬੰਦੀਆਂ ਸ਼ੁਰੂ ਹੋ ਗਈਆਂ। ਇਸ ਨਾਲ ਕਾਂਗਰਸ ਨੂੰ ਵੋਟ ਬੈਂਕ ਹਾਸਿਲ ਕਰਨ ਵਾਸਤੇ ਪੈਂਤੜੇ ਬਦਲਣੇ ਪਏ। ਇਸ ਮੌਕੇ ’ਤੇ ਸੋਸ਼ਲਿਸਟ ਪਾਰਟੀਆਂ ਨੇ ਆਰਥਕ ਪੱਖ ਤੋਂ ਲਾਮਬੰਦ ਹੋਣਾ ਸ਼ੁਰੂ ਕੀਤਾ। ਉਨ੍ਹਾਂ ਨੂੰ ਬਹੁਤ ਕਾਮਯਾਬੀ ਹਾਸਿਲ ਕੋਈ। ਉਦੋਂ ਰਾਮ ਮਨੋਹਰ ਲੋਹੀਆ, ਮਧੂ ਲਿਮਏ, ਅਚਾਰੀਆ ਕ੍ਰਿਪਲਾਨੀ, ਜੈ ਪ੍ਰਕਾਸ਼ ਨਾਰਾਇਣ ਤੇ ਰਾਜਗੋਪਾਲ ਅਚਾਰੀਆ ਵਰਗੀਆਂ ਸ਼ਖ਼ਸੀਅਤਾਂ ਮੌਜੂਦ ਸਨ। ਪਰ, ਇਨ੍ਹਾਂ ਦੇ ਟੁਰ ਜਾਣ ਨਾਲ ਸਿਆਸਤ ਦਾ ਨਕਸ਼ਾ ਬਦਲ ਗਿਆ। ਇਸ ਮੌਕੇ ’ਤੇ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਜਥੇਬੰਦ ਹੋ ਚੁਕੀ ਸੀ। ਇਸ ਪਾਰਟੀ ਨੇ ਸਿੱਧਾ ਹੀ ਫ਼ਿਰਕੂ ਪੱਤਾ ਵਰਤਣਾ ਸ਼ੁਰੂ ਕਰ ਦਿੱਤਾ। ਬੇਸਮਝ ਲੋਕ ਧਰਮ ਦੇ ਨਾਂ ’ਤੇ ਮੂਰਖ ਬਣਨੇ ਸ਼ੁਰੂ ਹੋ ਗਏ। ਇਸ ਨਾਅਰੇ ਦਾ ਅਸਰ ਪਹਿਲਾਂ ਥੋੜ੍ਹਾ ਤੇ ਫਿਰ ਬਹੁਤ

ਹੋਣ ਲਗ ਪਿਆ। ਵੋਟਾਂ ਹਾਸਿਲ ਕਰਨ ਵਾਸਤੇ ਸਿੱਖ ਤੇ ਮੁਸਲਮ ਵੋਟ ਬੈਂਕ ਬਣ ਚੁਕੇ ਸਨ। ਜਨਸੰਘ (ਭਾਜਪਾ) ਸਿੱਖ ਤੇ ਮੁਸਲਮ ਦੇ ਖ਼ਿਲਾਫ਼ ਨਫ਼ਰਤ ਦਾ ਨਾਅਰਾ ਲਾ ਕੇ ਵੋਟ ਮੰਗਦੀ ਸੀ ਤੇ ਕਾਂਗਰਸ ਇਸ ਦੇ ਉਲਟ। ਪੰਡਤ ਜਵਾਹਰ ਲਾਲ ਨਹਿਰੂ ਨੇ ਖ਼ੂਬ ਚਾਲਾਕੀ ਨਾਲ ਦੋਵੇਂ ਪੱਤੇ ਵਰਤੀ ਰੱਖੇ। ਇਕ ਪਾਸੇ ਤਾਂ ਉਹ ਸਿੱਖ, ਪੰਜਾਬੀ ਤੇ ਪੰਜਾਬ ਦੀ ਮੁਖ਼ਾਲਫ਼ਤ ਕਰ ਕੇ ਉਤਰੀ ਭਾਰਤ ਦੀ ਹਿੰਦੂ ਵੋਟ ਹਾਸਿਲ ਕਰਦਾ ਰਿਹਾ ਤੇ ਦੂਜੇ ਪਾਸੇ ਮੁਸਲਮਾਨਾਂ ਦਾ (ਦਿਖਾਵੇ ਦਾ) ਹਮਦਰਦ ਬਣ ਕੇ ਮੁਸਲਿਮ ਵੋਟ ਵੀ ਹਾਸਿਲ ਕਰਦਾ ਰਿਹਾ।

ਇੰਦਰਾ ਗਾਂਧੀ ਦੀ ਪਾਲਸੀ

ਨਹਿਰੂ ਦੀ ਮੌਤ ਮਗਰੋਂ ਉਸ ਦੀ ਧੀ ਇੰਦਰਾ ਗਾਂਧੀ ਨੇ ਭਾਵੇਂ ਸਿੱਖਾਂ ਦੇ ਮਸਲੇ 'ਤੇ ਇਹੀ ਪਾਲਸੀ ਜਾਰੀ ਰੱਖੀ ਪਰ 1965 ਦੀ ਜੰਗ ਕਾਰਨ ਜਦੋਂ ਪੰਜਾਬੀ ਸੂਬਾ ਬਣਾਉਣਾ ਪੈ ਗਿਆ ਤਾਂ ਇਸ ਵਿਚ ਵੀ ਉਸ ਨੇ ਐਂਟੀ-ਸਿੱਖ ਪਾਲਸੀ ਵਰਤ ਕੇ ਉਤਰ ਦੇ ਹਿੰਦੂ ਵੋਟਰ ਨੂੰ ਹੱਥ ਵਿਚ ਰੱਖਣ ਦੀ ਕੋਸ਼ਿਸ਼ ਕੀਤੀ (ਇਹ ਗੱਲ ਉਸ ਨੇ ਆਪਣੀ ਕਿਤਾਬ 'ਮਾਈ ਸਟੋਰੀ' ਵਿਚ ਵੀ ਮੰਨੀ ਹੈ)। ਇਸ ਮਗਰੋਂ 1967 ਤੋਂ 1980 ਤਕ ਉਸ ਨੇ ਗ਼ਰੀਬੀ ਹਟਾਓ ਅਤੇ ਹੋਰ ਆਰਥਕ ਨਾਅਰਿਆਂ ਨਾਲ ਵੋਟ ਬੈਂਕ 'ਤੇ ਕਬਜ਼ਾ ਕਰਨ ਵਿਚ ਕਾਮਯਾਬੀ ਹਾਸਿਲ ਕੀਤੀ। ਪਰ ਉਸ ਨੇ ਮਹਿਸੂਸ ਕੀਤਾ ਕਿ ਹੁਣ ਇਹ ਨਾਅਰਾ ਅਗਲੀ ਵਾਰ ਕਾਮਯਾਬ ਨਹੀਂ ਹੋ ਸਕਣਾ ਕਿਉਂ ਕਿ 1977 ਵਿਚ ਬਣੀ ਜਨਤਾ ਪਾਰਟੀ ਦੀ ਸੋਚ ਵਿਚੋਂ ਨਵੀਆਂ ਧਿਰਾਂ ਦੇ ਉਠ ਪੈਣ ਅਤੇ ਤਾਕਤ ਵਿਚ ਆਉਣ ਦੇ ਆਸਾਰ ਕਾਇਮ ਰਹਿਣੇ ਸਨ। ਇਸ ਕਰ ਕੇ ਉਸ ਨੇ ਨਵਾਂ ਵੋਟ ਬੈਂਕ ਕਾਇਮ ਕਰਨ ਦੀ ਪਲਾਨਿੰਗ ਕੀਤੀ। ਉਸ ਕੋਲ ਦੋ ਵੋਟ ਜ਼ੋਨ ਸਨ: ਮੁਸਲਿਮ, ਸਿੱਖ ਤੇ ਦਰਾਵਿੜ ਇਕ ਪਾਸੇ ਅਤੇ ਬੰਗਾਲੀ, ਮਰਹੱਟਾ ਤੇ ਪਹਾੜੀ ਲੋਕ ਦੂਜੇ ਪਾਸੇ। ਵਿਚਕਾਰਲਾ ਹਿੰਦੀ ਜ਼ੋਨ ਦਾ ਹਿੰਦੂ ਵੋਟ (ਯੂ.ਪੀ., ਐਮ.ਪੀ., ਬਿਹਾਰ ਤੇ ਕੁਝ ਕੁ ਗੁਜਰਾਤ ਤੇ ਰਾਜਿਸਥਾਨ)। ਇਨ੍ਹਾਂ ਸਾਰਿਆਂ ਨੂੰ ਉਹ ਇਕੱਠਿਆ ਵੋਟ ਬੈਂਕ ਵਜੋਂ ਨਹੀਂ ਵਰਤ ਸਕਦੀ ਸੀ। ਉਸ ਨੇ ਮਹਿਸੂਸ ਕੀਤਾ ਕਿ ਸਭ ਤੋਂ ਵੱਡੇ ਵੋਟ ਬੈਂਕ, ਯਾਨਿ ਹਿੰਦੂਸਤਾਨੀ ਵੋਟ ਬੈਂਕ, ਨੂੰ ਹਾਸਿਲ ਕਰਨ ਵਾਸਤੇ ਉਨ੍ਹਾਂ ਨੂੰ ਜਜ਼ਬਾਤੀ ਕਰ ਕੇ ਅਤੇ ਭੜਕਾ ਕੇ ਹੀ ਵੋਟ ਹਾਸਿਲ ਕੀਤੀ ਜਾ ਸਕਦੀ ਸੀ। ਇਸ ਵੋਟ ਨੂੰ ਹਾਸਿਲ ਕਰਨ ਵਾਸਤੇ ਉਸ ਕੋਲ ਦੋ ਹਥਿਆਰ ਸਨ: ਸਿੱਖ ਅਤੇ ਦਰਾਵਿੜ। ਇਨ੍ਹਾਂ ਦੇ ਨਾਂ 'ਤੇ ਹੀ ਉਹ ਹਿੰਦੂਸਤਾਨੀਆਂ ਦੀਆਂ ਵੋਟਾਂ ਹਾਸਿਲ ਕਰ ਸਕਦੀ ਸੀ।

ਇਸ ਸੋਚ ਨਾਲ ਉਸ ਨੇ ਪਹਿਲਾਂ ਦਰਾਵਿੜ ਵੋਟ ਬੈਂਕ ਵਰਤਣ ਦੀ ਸਕੀਮ ਬਣਾਈ। ਇਸ ਮਕਸਦ ਵਾਸਤੇ ਉਸ ਨੇ ਸ੍ਰੀਲੰਕਾ ਵਿਚ ਤਾਮਿਲਾਂ ਨੂੰ ਖੜ੍ਹਾ ਕੀਤਾ। ਉਸ ਨਿੱਕੇ ਜਿਹੇ ਮੁਲਕ ਵਿਚ ਤਾਮਿਲਾਂ ਦੀ ਅਜ਼ਾਦੀ ਦੇ ਨਾਂ 'ਤੇ ਹਥਿਆਰਬੰਦ ਜੰਗ ਸ਼ੁਰੂ ਕਰਵਾਈ। ਇਸ ਪਿੱਛੇ ਉਸ ਦੇ ਦੋ ਨਿਸ਼ਾਨੇ ਸਨ: ਇਕ ਇਹ ਕਿ ਦਰਾਵਿੜ ਲੋਕ ਉਸ ਦੇ ਵਫ਼ਾਦਾਰ ਰਹਿਣਗੇ (ਅਤੇ ਵਖਰੇ ਦਰਾਵਿੜਸਤਾਨ ਦੀ ਸੋਚ ਛੱਡ ਦੇਣਗੇ) ਅਤੇ ਦੂਜਾ ਉਹ ਸ੍ਰੀ ਲੰਕਾ ਵਿਚੋਂ ਤਾਮਿਲ-ਈਲਾਮ ਆਜ਼ਾਦ ਕਰਵਾ ਕੇ ਆਪਣੇ ਆਪ ਨੂੰ 1971 ਵਿਚ ਬੰਗਲਾ ਦੇਸ਼ ਕਾਇਮ ਕਰਨ ਵਰਗਾ ਨਾਅਰਾ ਲਾ ਕੇ ਹਿੰਦੂਸਤਾਨੀ ਵੋਟਰਾਂ ਵਾਸਤੇ ਫਿਰ ਦੇਵੀ ਬਣ ਜਾਵੇਗੀ। ਪਰ ਉਸ ਨੂੰ ਇਹ ਮੋਰਚਾ ਛੱਡਣਾ ਪਿਆ ਤੇ ਇਸ ਨਾਲ ਹਿੰਦੂਸਤਾਨੀ ਵੋਟਰ ਉਸ ਦੇ ਨਾਲ ਨਾ ਜੁੜਿਆ।

ਇਸ ਮਗਰੋਂ ਉਸ ਨੇ ਸਿੱਖ ਪੱਤਾ ਵਰਤਣ ਦੀ ਸਕੀਮ ਘੜੀ। ਉਸ ਨੇ ਖ਼ੁਫ਼ੀਆ 'ਥਰਡ ਏਜੰਸੀ' ਕਾਇਮ ਕਰ ਕੇ ਇਸ ਰਾਹੀਂ ਪੰਜਾਬ ਵਿਚ ਗੜਬੜ ਕਰਵਾ ਕੇ ਹਿੰਦੂਆਂ ਵਿਚ ਡਰ ਅਤੇ ਨਫ਼ਰਤ ਦਾ ਅਹਿਸਾਸ ਪੈਦਾ ਕਰ ਕੇ ਅਤੇ ਸਿੱਖਾਂ ਦੇ ਖ਼ਿਲਾਫ਼ ਨਫ਼ਰਤ ਦਾ ਮਾਹੌਲ ਪੈਦਾ ਕੀਤਾ। ਪਰ ਉਸ ਦੀ ਇਸ ਪਾਲਸੀ ਨੂੰ ਉਲਟਾ ਭਾਰਤੀ ਜਨਤਾ ਪਾਰਟੀ ਅਤੇ ਇਸ ਦੀਆਂ ਸਾਥੀ ਪਾਰਟੀਆਂ ਸ਼ਿਵ ਸੈਨਾ, ਵਿਸ਼ਵ ਹਿੰਦੂ ਪ੍ਰੀਸ਼ਦ ਵਗ਼ੈਰਾ ਨੇ ਸਗੋਂ ਵਧੇਰੇ ਕੈਸ਼ ਕਰਨਾ ਸ਼ੁਰੂ ਕਰ ਦਿੱਤਾ। ਹੁਣ ਇੰਦਰਾ ਗਾਂਧੀ ਵਾਸਤੇ ਇਹ ਹਥਿਆਰ ਸਗੋਂ ਘਾਤਕ ਸਾਬਿਤ ਹੋਣ ਲਗ ਪਿਆ। ਪਰ ਉਹ 1984 ਦੀਆਂ ਚੋਣਾਂ ਹਰ ਹਾਲਤ ਵਿਚ ਜਿੱਤਣਾ ਚਾਹੁੰਦੀ ਸੀ ਤੇ ਉਸ ਕੋਲ ਕੋਈ ਹੋਰ ਨਾਅਰਾ ਜਾਂ ਹਥਿਆਰ ਨਹੀਂ ਸੀ। ਇਸ ਕਰ ਕੇ ਉਸ ਨੇ ਭਾਜਪਾ ਤੋਂ ਅੱਗੇ ਨਿਕਲਣ ਦੀ ਸਕੀਮ ਬਣਾਈ। ਇਹ ਸੀ: ਦਰਬਾਰ ਸਾਹਿਬ 'ਤੇ ਹਮਲਾ ਕਰ ਕੇ 'ਹਿੰਦੂ ਰਾਸ਼ਟਰ ਦੀ ਦੇਵੀ' ਬਣ ਕੇ ਹਿੰਦੂਸਤਾਨੀ ਵੋਟ ਹਾਸਿਲ ਕਰਨਾ।

ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਹੁਕਮ

1984 ਦੀਆਂ ਚੋਣਾਂ ਤੋਂ ਡੇਢ ਸਾਲ ਪਹਿਲਾਂ ਉਸ ਨੇ ਇਹ ਫੈਸਲਾ ਕਰ ਲਿਆ ਸੀ ਕਿ ਉਹ ਸਿੱਖ ਪੱਤਾ ਵਰਤ ਕੇ ਹੀ ਕਾਮਯਾਬ ਹੋ ਸਕੇਗੀ। ਇਸ ਸਕੀਮ ਨਾਲ ਉਸ ਨੇ 1983 ਦੀਆਂ ਗਰਮੀਆਂ ਵਿਚ ਭਾਰਤੀ ਫ਼ੌਜ ਦੇ ਮੁਖੀ ਜਨਰਲ ਐਸ. ਕੇ. ਸਿਨਹਾ ਕੋਲ ਆਪਣੀ ਖ਼ਾਹਿਸ਼ ਜ਼ਾਹਿਰ ਕੀਤੀ। ਪਰ ਜਨਰਲ ਸਿਨਹਾ ਨੇ ਇੰਦਰਾ ਗਾਂਧੀ ਨੂੰ ਇਹ ਹਰਕਤ ਕਰਨ ਤੋਂ ਰੋਕਿਆ। (ਸਿਨਹਾ ਨੇ ਇਹ ਗੱਲ 26 ਜੂਨ 2011 ਦੇ ਦਿਨ 'ਡੇਅ ਐਂਡ ਨਾਈਟ' ਟੀਵੀ ਤੋਂ ਸ਼ਰੇਆਮ ਕਹੀ ਸੀ)। ਇੰਦਰਾ ਗਾਂਧੀ ਨੇ ਜਦ ਜਨਰਲ ਸਿਨਹਾ 'ਤੇ ਜ਼ੋਰ ਪਾਇਆ ਤਾਂ ਉਸ ਨੇ ਅਗਾਊਂ ਰਿਟਾਇਰਮੈਂਟ ਹਾਸਿਲ ਕਰ ਲਈ। ਉਸ ਮਗਰੋਂ ਇੰਦਰਾ ਗਾਂਧੀ ਨੇ ਅਰੁਣ ਸ਼੍ਰੀਧਰ ਵੈਦਯਾ ਨੂੰ ਫ਼ੌਜ ਦੀ ਕਮਾਨ ਦੇ ਦਿੱਤੀ। ਸਤੰਬਰ 1983 ਵਿਚ ਇੰਦਰਾ ਨੇ ਜਨਰਲ ਵੈਦਯਾ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਤਿਆਰੀ ਕਰਨ ਵਾਸਤੇ ਹਦਾਇਤਾਂ ਦਿੱਤੀਆਂ। ਉਸ ਦੇ ਨਾਲ ਹੀ ਵੈਸਟਰਨ ਕਮਾਂਡ ਦੇ ਜੀ.ਓ.ਸੀ. ਕ੍ਰਿਸ਼ਨ ਸਵਾਮੀ ਸੁੰਦਰਜੀ ਨੂੰ ਵੀ ਡਿਪਟੀ ਵਜੋਂ ਤਾਇਨਾਤ ਕੀਤਾ। ਇਹ ਦੋਵੇਂ ਇੰਦਰਾ ਗਾਂਧੀ ਦੇ ਵਫ਼ਾਦਾਰਾਂ ਵਾਂਗ ਉਸ ਦੇ ਹੁਕਮ ਮੰਨ ਕੇ ਦਰਬਾਰ ਸਾਹਿਬ 'ਤੇ ਹਮਲੇ ਵਾਸਤੇ ਤਿਆਰੀ ਕਰਨ ਲਗ ਪਏ। ਇਸ ਮਕਸਦ ਵਾਸਤੇ ਸਭ ਤੋਂ ਪਹਿਲਾਂ 'ਪੁਜ਼ੀਸਨ ਪੇਪਰ' ਤਿਆਰ ਕੀਤਾ ਗਿਆ ਜਿਸ ਵਿਚ ਸਾਰੀ ਐਕਸ਼ਨ ਪਲਾਨ ਸੀ। ਦਸੰਬਰ 1983 ਵਿਚ ਇਸ ਪਲਾਨ ਨੂੰ ਇੰਦਰਾ ਗਾਂਧੀ ਕੋਲ ਪੇਸ਼ ਕੀਤਾ ਗਿਆ। ਉਸ ਨੇ 15 ਜਨਵਰੀ 1984 ਦੇ ਦਿਨ ਵੈਦਯ ਤੇ ਸੁੰਦਰਜੀ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ। ਇਹ ਹਮਲਾ ਕਿਸੇ ਵੇਲੇ ਵੀ ਕੀਤਾ ਜਾ ਸਕਦਾ ਸੀ।

ਜਨਰਲ ਵੈਦਯ ਨੇ ਫ਼ੌਜ ਦੇ ਸਾਰੇ ਹਿੱਸਿਆਂ ਵਿਚ ਸਭ ਤੋਂ ਵਧੀਆ 600 ਕਮਾਂਡੋ ਚੁਣ ਕੇ ਇਕ ਫ਼ੋਰਸ ਤਿਆਰ ਕੀਤੀ ਅਤੇ ਦਿੱਲੀ ਤੋਂ 296 ਕਿਲੋਮੀਟਰ ਦੂਰ, ਉਤਰਾਖੰਡ ਵਿਚ, ਭਾਰਤੀ ਫ਼ੌਜ ਦੇ ਸਭ ਤੋਂ ਅਹਿਮ ਅੱਡੇ ਚਕਰਾਤਾ ਦੀਆਂ ਪਹਾੜੀਆਂ ਵਿਚ ਦਰਬਾਰ ਸਾਹਿਬ ਦਾ ਇਕ ਪੂਰੇ ਸਾਈਜ਼ ਦਾ ਜ਼ਿੰਦਾ ਮਾਡਲ ਤਿਆਰ ਕੀਤਾ ਗਿਆ ਅਤੇ ਦਰਬਾਰ ਸਾਹਿਬ 'ਤੇ ਕਬਜ਼ਾ ਕਰਨ ਵਾਸਤੇ ਲਗਾਤਾਰ ਰੀਹਰਸਲ ਸ਼ੁਰੂ ਕਰ ਦਿੱਤੀ ਗਈ। ਕੁਝ ਹੀ ਹਫ਼ਤਿਆਂ ਵਿਚ ਫ਼ੌਜ ਨੇ ਐਲਾਨ

ਕਰ ਦਿੱਤਾ ਕਿ ਉਨ੍ਹਾਂ ਦੀ ਪਲਾਨਿੰਗ ਕਾਮਯਾਬ ਹੋਣ ਵਿਚ ਕੋਈ ਕਸਰ ਨਹੀਂ ਹੈ ਅਤੇ ਉਹ ਹਮਲਾ ਕਰਨ ਦੇ 36 ਘੰਟਿਆਂ ਵਿਚ ਹੀ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲੈਣਗੇ।

ਫ਼ਰਵਰੀ 1984 ਵਿਚ ਜਨਰਲ ਵੈਦਯਾ ਤੇ ਸੁੰਦਰਜੀ ਨੇ ਇੰਦਰਾ ਗਾਂਧੀ ਨੂੰ ਕਹਿ ਦਿੱਤਾ ਸੀ ਕਿ ਉਹ ਹਮਲੇ ਵਾਸਤੇ ਪੂਰੀ ਤਰ੍ਹਾਂ ਤਿਆਰ ਹਨ। ਇੰਦਰਾ ਗਾਂਧੀ ਨੇ ਇਹ ਸਾਰਾ ਕੁਝ ਆਪਣੇ ਨਜ਼ਦੀਕੀਆਂ (ਅਰੁਣ ਨਹਿਰੂ, ਅਰੁਣ ਸਿੰਘ ਤੇ ਰਾਜੀਵ ਗਾਂਧੀ ਵਗ਼ੈਰਾ) ਨਾਲ ਵਿਚਾਰਿਆ।

ਇਸ ਦੌਰਾਨ ਇੰਦਰਾ ਗਾਂਧੀ ਨੇ ਆਪਣੀ ਖ਼ੁਫ਼ੀਆ 'ਥਰਡ ਏਜੰਸੀ' ਦੇ ਰਾਹੀਂ ਪੰਜਾਬ ਵਿਚ ਗੜਬੜ ਕਰਾਉਣੀ ਸ਼ੁਰੂ ਕਰ ਦਿੱਤੀ; ਇਸ ਵਿਚ ਕਈ ਕਤਲ ਅਤੇ 36 ਸਟੇਸ਼ਨ ਸਾੜਨਾ ਵੀ ਸੀ। ਇਹ ਸਾਰਾ ਕੁਝ ਅਪ੍ਰੈਲ-ਮਈ ਵਿਚ ਕੁਝ ਹੀ ਦਿਨਾਂ ਵਿਚ ਕੀਤਾ ਗਿਆ ਤਾਂ ਜੋ ਸਾਰੇ ਪਾਸੇ ਦਹਿਸ਼ਤ ਦਾ ਮਾਹੌਲ ਬਣਾ ਕੇ ਦਰਬਾਰ ਸਾਹਿਬ 'ਤੇ ਹਮਲੇ ਨੂੰ ਜਾਇਜ਼ ਠਹਿਰਾਇਆ ਜਾ ਸਕੇ। ਇਨ੍ਹਾਂ ਕਤਲਾਂ ਅਤੇ ਸਾੜ ਫੂਕ ਨੂੰ ਨਿਸ਼ਾਨਾ ਬਣਾ ਕੇ ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਅਤੇ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਵਿਚ ਫ਼ੌਜ ਭੇਜਣ ਦੀ ਮੰਗ ਕੀਤੀ ਅਤੇ ਇਸ ਵਾਸਤੇ ਦਿੱਲੀ ਵਿਚ ਇਕ ਜਲੂਸ ਵੀ ਕੱਢਿਆ, ਜਿਸ ਦੀ ਅਗਵਾਈ ਲਾਲ ਕ੍ਰਿਸ਼ਨ ਅਡਵਾਨੀ ਅਤੇ ਸਾਬਕਾ ਪ੍ਰਾਈਮ ਮਨਿਸਟਰ ਚੌਧਰੀ ਚਰਨ ਸਿੰਘ ਨੇ ਕੀਤੀ ਸੀ। ਇਸ ਜਲੂਸ ਦਾ ਜ਼ਿਕਰ ਅਡਵਾਨੀ ਨੇ ਆਪਣੀ ਕਿਤਾਬ 'ਮਾਈ ਕੰਟਰੀ ਮਾਈ ਨੇਸ਼ਨ' ਵਿਚ ਵੀ ਕੀਤਾ ਹੈ।

ਰੂਸ, ਇੰਗਲੈਂਡ ਅਤੇ ਇਸਰਾਈਲ ਤੋਂ ਮਦਦ

ਇੰਦਰਾ ਗਾਂਧੀ ਨੇ 15 ਜਨਵਰੀ 1984 ਦੇ ਦਿਨ ਜਨਰਲ ਵੈਦਯ ਨੂੰ ਹੁਕਮ ਦੇਣ ਮਗਰੋਂ ਰੂਸ, ਇੰਗਲੈਂਡ ਅਤੇ ਇਸਰਾਈਲ ਨਾਲ ਰਾਬਤਾ ਕਾਇਮ ਕੀਤਾ। ਇੰਦਰਾ ਨੇ ਇਸ ਮਦਦ ਬਦਲੇ ਇਨ੍ਹਾਂ ਤਿੰਨਾਂ ਹੀ ਸਰਕਾਰਾਂ ਨੂੰ ਉਨ੍ਹਾਂ ਕੋਲੋਂ ਹਥਿਆਰ ਖ਼ਰੀਦਣ ਵਾਸਤੇ ਵੱਡੇ ਆਰਡਰ ਦੇਣ ਦੀ ਪੇਸ਼ਕਸ਼ ਕੀਤੀ। ਰੂਸ ਤਾਂ ਪਹਿਲਾਂ ਹੀ ਇੰਦਰਾ ਦੀ ਮਦਦ ਕਰ ਰਿਹਾ ਸੀ, ਇਸ ਕਰ ਕੇ ਉਹ ਤਾਂ ਇਕ ਦਮ ਮੰਨ ਗਿਆ। ਇਸ ਮਗਰੋਂ ਇੰਦਰਾ ਗਾਂਧੀ ਨੇ ਰਾਅ ਦੇ ਦੋ ਅਫ਼ਸਰ ਮਾਸਕੋ ਭੇਜੇ ਜਿੱਥੇ ਉਨ੍ਹਾਂ ਨੇ ਰੂਸ ਦੀ ਖ਼ੁਫ਼ੀਆ ਏਜੰਸੀ ਕੇ.ਜੀ.ਬੀ. ਅਤੇ ਰੂਸੀ ਫ਼ੌਜ ਦੇ ਸੀਨੀਅਰ ਜਰਨੈਲਾਂ ਨਾਲ ਬਹੁਤ ਸਾਰੀਆਂ ਮੁਲਾਕਾਤਾਂ ਕੀਤੀਆਂ ਤੇ ਸਿਖਲਾਈ ਹਾਸਿਲ ਕੀਤੀ। ਮਗਰੋਂ ਇਹ ਰੂਸੀ ਅਫ਼ਸਰ ਦਿੱਲੀ ਵੀ ਜਾਂਦੇ ਰਹੇ ਤੇ ਦਰਬਾਰ ਸਾਹਿਬ 'ਤੇ ਹਮਲੇ ਦੀ ਪਲਾਨ ਬਣਾਉਣ ਵਿਚ ਅਗਵਾਈ ਦੇਂਦੇ ਰਹੇ। ਇੰਞ ਹੀ ਰਾਅ ਦੇ ਇਹ ਦੋ ਅਫ਼ਸਰ ਜੇਰੂਸ਼ਲੇਮ ਵੀ ਗਏ ਤੇ ਇਸਰਾਈਲ ਦੀ ਖ਼ੁਫ਼ੀਆ ਏਜੰਸੀ 'ਮੋਸਾਦ' ਤੋਂ ਵੀ ਸਲਾਹ ਲਈ।

ਬ੍ਰਿਟਿਸ਼ ਪ੍ਰਾਈਮ ਮਨਿਸਟਰ ਮਾਰਗਰੇਟ ਥੈਚਰ ਦਾ ਰੋਲ

ਦਰਬਾਰ ਸਾਹਿਬ 'ਤੇ ਇਸ ਹਮਲੇ ਦੀ ਪਲਾਨ ਵਿਚ ਸਭ ਤੋਂ ਵੱਡਾ ਹੈਰਾਨਕੁੰਨ ਐਕਸ਼ਨ ਇੰਗਲੈਂਡ ਦੀ ਪ੍ਰਾਈਮ ਮਨਿਸਟਰ ਮਾਰਗਰੇਟ ਥੈਚਰ ਦਾ ਸੀ। ਹਾਲਾਂਕਿ ਇੰਦਰਾ ਗਾਂਧੀ ਦਾ ਇਹ ਐਕਸ਼ਨ ਇਕ ਵਿਰੋਧੀ ਸਿਆਸੀ ਪਾਰਟੀ ਦੇ ਖ਼ਿਲਾਫ਼ ਸੀ ਤੇ ਉਸ ਦੇ ਆਪਣੇ ਮੁਲਕ ਦਾ ਅੰਦਰੂਨੀ ਮਸਲਾ ਸੀ; ਪਰ, ਮਾਰਗਰੇਟ ਥੈਚਰ ਨੇ, ਭਾਰਤ ਤੋਂ ਹਥਿਆਰਾਂ ਦਾ ਵੱਡਾ ਆਰਡਰ ਹਾਸਿਲ ਕਰਨ ਵਾਸਤੇ, ਇਕ ਮੁਲਕ ਦੇ ਅੰਦਰੂਨੀ ਮਸਲੇ ਵਿਚ ਆਪਣੀ ਫ਼ੌਜ ਦਾ ਦਖ਼ਲ ਦੇਣ ਦਾ ਫ਼ੈਸਲਾ ਕਰ ਲਿਆ। ਇਹ ਨਾ ਤਾਂ ਕੌਮਾਂਤਰੀ ਅਸੂਲਾਂ ਮੁਤਾਬਿਕ ਸਹੀ ਸੀ ਤੇ ਨਾ ਹੀ ਇਨਸਾਨੀਅਤ

ਦੇ ਪੱਖ ਤੋਂ। ਪਰ ਥੈਚਰ, ਜੋ ਆਪਣੇ ਆਪ ਨੂੰ 'ਆਇਰਨ ਲੇਡੀ' ਅਖਵਾਉਂਦੀ ਸੀ, ਉਹ ਇਕ ਬੇਅਸੂਲੀ ਤੇ ਜ਼ਾਲਮ ਔਰਤ ਨਾਲ ਮਿਲ ਕੇ, ਸਾਰੇ ਕੌਮਾਂਤਰੀ ਅਸੂਲਾਂ ਨੂੰ ਛਿੱਕੇ ਟੰਗ ਕੇ, ਹਜ਼ਾਰਾਂ ਲੋਕਾਂ ਦਾ ਕਤਲੇਆਮ ਕਰਾਉਣ ਵਾਸਤੇ ਤਿਆਰ ਹੋ ਗਈ।

ਫਿਰ ਮਾਰਗਰੇਟ ਥੈਚਰ ਨੇ ਦੇਰ ਵੀ ਨਹੀਂ ਲਾਈ ਅਤੇ ਇੰਦਰਾ ਗਾਂਧੀ ਦੀ ਸਾਜ਼ਿਸ਼ ਵਿਚ ਇਕ ਦਮ ਹੀ ਸ਼ਾਮਿਲ ਹੋ ਗਈ। ਚਾਹੀਦਾ ਤਾਂ ਇਹ ਸੀ ਕਿ ਉਹ ਖ਼ੁਫ਼ੀਆ ਤੌਰ 'ਤੇ ਪਤਾ ਕਰਦੀ ਕਿ ਇੰਦਰਾ ਗਾਂਧੀ ਦਾ ਅਸਲ ਮਨਸ਼ਾ ਕੀ ਹੈ? ਕੀ ਇਹ ਹਰਕਤ ਕੌਮਾਂਤਰੀ ਅਸੂਲਾਂ ਦੇ ਉਲਟ ਤਾਂ ਨਹੀਂ? ਕੀ ਇਸ ਦੇ ਪਿਛੋਕੜ ਵਿਚ ਕਈ ਹੋਰ ਸਾਜ਼ਿਸ਼ ਤਾਂ ਨਹੀਂ? ਪਰ, ਇਸ ਦੀ ਬਜਾਇ ਮਾਰਗਰੇਟ ਥੈਚਰ ਨੇ ਬਿਨਾ ਕਿਸੇ ਖੋਜ ਪੜਤਾਲ ਤੋਂ, ਦੋ-ਚਾਰ ਦਿਨਾਂ ਦੇ ਅੰਦਰ ਅੰਦਰ, ਆਪਣੇ ਦੋ ਸੀਨੀਅਰ ਐਸ.ਏ.ਐਸ. ਅਫ਼ਸਰ, ਖ਼ੁਫ਼ੀਆ ਤੌਰ 'ਤੇ, ਦਿੱਲੀ ਅਤੇ ਅੰਮ੍ਰਿਤਸਰ ਭੇਜ ਦਿੱਤੇ। ਇਹ ਅਫ਼ਸਰ 17 ਫ਼ਰਵਰੀ 1984 ਦੇ ਦਿਨ ਦਰਬਾਰ ਸਾਹਿਬ ਇਕ ਯਾਤਰੂ ਦੇ ਤੌਰ 'ਤੇ ਗਏ ਅਤੇ ਸਾਰਾ ਮੌਕਾ ਦੇਖਿਆ। ਉਸ ਦਿਨ ਰੀਹਰਸਲ ਵਜੋਂ ਦਰਬਾਰ ਸਾਹਿਬ 'ਤੇ ਬੇਵਜਹ ਗੋਲੀਆਂ ਦਾ ਮੀਂਹ ਵਰ੍ਹਾਇਆ ਗਿਆ। ਇਸ ਨਾਲ ਅੱਧੀ ਦਰਜਨ ਯਾਤਰੂ ਮਾਰੇ ਗਏ; ਪਰ ਖਾੜਕੂਆਂ ਨੇ ਇਕ ਵੀ ਗੋਲੀ ਨਾ ਚਲਾਈ। ਦਰਅਸਲ ਉਹ ਆਪਣਾ ਅਸਲਾ ਜ਼ਾਇਆ ਨਹੀਂ ਕਰਨਾ ਚਾਹੁੰਦੇ ਸਨ। ਅਜਿਹਾ ਜਾਪਦਾ ਹੈ ਕਿ ਇਹ ਐਕਸ਼ਨ ਬ੍ਰਿਟਿਸ਼ ਅਫ਼ਸਰ ਦੀਆਂ ਹਦਾਇਤਾਂ ਮੁਤਾਬਿਕ ਕੀਤਾ ਗਿਆ ਸੀ ਜੋ ਇਸ ਦਾ ਜਵਾਬੇ-ਅਮਲ (ਰੀਐਕਸ਼ਨ) ਦੇਖਣਾ ਚਾਹੁੰਦਾ ਸੀ। ਇਸ ਤੋਂ ਬਾਅਦ ਉਸ ਅਫ਼ਸਰ ਨੇ ਇਕ ਪਲਾਨ ਤਿਆਰ ਕੀਤੀ ਸੀ ਜਿਸ ਨੂੰ ਇੰਦਰਾ ਗਾਂਧੀ ਨੇ ਮਨਜ਼ੂਰੀ ਦਿੱਤੀ ਸੀ। ਯਾਨਿ ਇਸ ਪਲਾਨ ਵਿਚ ਮਾਰਗਰੇਟ ਥੈਚਰ ਪੂਰੀ ਤਰ੍ਹਾਂ ਸ਼ਾਮਿਲ ਸੀ।

ਮਾਰਗਰੇਟ ਥੈਚਰ ਦੀ ਇਸ ਕਾਰਵਾਈ ਦਾ ਰਾਜ਼ ਖੋਲ੍ਹਦੀਆਂ ਇਹ ਖ਼ੁਫ਼ੀਆ ਚਿੱਠੀਆਂ 6 ਫ਼ਰਵਰੀ 1984 ਅਤੇ 23 ਫ਼ਰਵਰੀ 1984 ਦੀਆਂ ਹਨ। 6 ਫ਼ਰਵਰੀ ਦੀ ਚਿੱਠੀ ਬਰਾਇਨ ਹਾਲ (ਪ੍ਰਾਈਵੇਟ ਸੈਕਟਰੀ ਟੂ ਫ਼ਾਰਨ ਮਨਿਸਟਰ ਜੈਫ਼ਰੀ ਹੌਵੇ) ਦੀ 3 ਫ਼ਰਵਰੀ ਦੀ ਚਿੱਠੀ ਦੇ ਜਵਾਬ ਵਿਚ ਹੈ। ਇਹ ਚਿੱਠੀ ਐਫ਼.ਈ.ਆਰ. ਬਟਲਰ (ਪ੍ਰਿੰਸੀਪਲ ਪ੍ਰਾਈਵੇਟ ਸੈਕਟਰੀ ਟੂ ਮਾਰਗਰੇਟ ਥੈਚਰ) ਵੱਲੋਂ ਲਿਖੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ "ਸਾਨੂੰ ਦਿੱਲੀ ਤੋਂ ਅਰਜ਼ ਆਈ ਹੈ ਕਿ ਇੰਦਰਾ ਗਾਂਧੀ ਨਾਲ 'ਮਤਭੇਦ ਰੱਖਣ ਵਾਲੇ' ਸਿੱਖਾਂ ਨੂੰ ਦਰਬਾਰ ਸਾਹਿਬ ਵਿਚੋਂ ਕੱਢਣ ਵਾਸਤੇ ਸਲਾਹ ਦਿੱਤੀ ਜਾਵੇ" *{ਨੋਟ: ਇਸ ਵਿਚ ਉਨ੍ਹਾਂ ਨੂੰ ਦਹਿਸ਼ਤਗਰਦ ਜਾਂ ਵੱਖਵਾਦੀ ਵੀ ਨਹੀਂ ਕਿਹਾ ਗਿਆ ਤੇ ਸਿਰਫ਼ ਸਰਕਾਰ ਨਾਲ 'ਮਤਭੇਦ ਰੱਖਣ ਵਾਲੇ', ਯਾਨਿ ਸਰਕਾਰ/ ਇੰਦਰਾ ਗਾਂਧੀ ਦੇ ਵਿਰੋਧੀ, ਕਿਹਾ ਗਿਆ ਹੈ}*। ਇਸ ਚਿੱਠੀ ਮੁਤਾਬਿਕ ਥੈਚਰ ਨੇ ਫ਼ਾਰਨ ਸੈਕਟਰੀ (ਵਜ਼ੀਰ) ਨੂੰ ਉਸ ਵੱਲੋਂ ਭਾਰਤ ਸਰਕਾਰ ਦੀ ਮਦਦ ਵਾਸਤੇ ਬਣਾਈ ਪਲਾਨ ਨੂੰ ਕਬੂਲ ਕਰ ਲਿਆ ਹੈ ਅਤੇ ਆਪਣੇ ਫ਼ੌਜੀ ਐਡਵਾਈਜ਼ਰ (ਅਫ਼ਸਰ) ਦਿੱਲੀ ਭੇਜਣ ਵਾਸਤੇ ਕਿਹਾ ਸੀ। (ਇਸ ਚਿੱਠੀ ਦੀ ਇਕ-ਇਕ ਕਾਪੀ ਡਿਫ਼ੈਂਸ ਮਨਿਸਟਰੀ ਦੇ ਰਿਚਰਡ ਮੋਟਰਾਮ ਅਤੇ ਕੈਬਨਿਟ ਦਫ਼ਤਰ ਦੇ ਰਿਚਰਡ ਹੈਟਫ਼ੀਲਡ ਨੂੰ ਵੀ ਭੇਜੀ ਗਈ ਸੀ।

ਦੂਜੀ ਚਿੱਠੀ, 23 ਫ਼ਰਵਰੀ 1984 ਦੀ ਹੈ ਜੋ ਬੀ.ਜੇ.ਪੀ ਫ਼ਾਲ (ਪ੍ਰਾਈਵੇਟ ਸੈਕਟਰੀ ਟੂ ਫ਼ਾਰਨ ਮਨਿਸਟਰ ਜੈਫ਼ਰੀ ਹੌਵੇ) ਵੱਲੋਂ ਹਿਊ ਟੇਲਰ (ਪ੍ਰਾਈਵੇਟ ਸੈਕਟਰੀ ਟੂ ਹੋਮ ਸੈਕਟਰੀ ਲਿਓਨ ਬ੍ਰਿਟਨ) ਨੂੰ ਲਿਖੀ ਗਈ ਹੈ। ਇਸ ਦਾ ਹੈਡਿੰਗ ਹੀ "ਸਿੱਖ ਕਮਿਊਨਿਟੀ" ਹੈ। ਇਸ ਵਿਚ

ਦੱਸਿਆ ਗਿਆ ਹੈ ਕਿ ਦਰਬਾਰ ਸਾਹਿਬ 'ਤੇ ਐਕਸ਼ਨ ਕਰਨ ਦੀ ਪਲਾਨ ਸਬੰਧੀ, ਇੰਗਲੈਂਡ ਦੀ ਸਰਕਾਰ ਦਾ ਇਕ ਐਸ.ਏ.ਐਸ. ਅਫ਼ਸਰ, ਇੰਗਲੈਂਡ ਦੀ ਪ੍ਰਾਇਮ ਮਨਿਸਟਰ ਥੈਚਰ ਦੀ ਮਨਜ਼ੂਰੀ ਨਾਲ, ਭਾਰਤ ਗਿਆ ਸੀ ਅਤੇ ਉਸ ਨੇ ਇਕ ਪਲਾਨ ਤਿਆਰ ਕੀਤੀ ਸੀ ਜਿਸ ਨੂੰ ਇੰਦਰਾ ਗਾਂਧੀ ਨੇ ਮਨਜ਼ੂਰੀ ਦਿੱਤੀ ਸੀ। (ਯਾਨਿ ਇਸ ਚਿੱਠੀ ਤੋਂ ਸਾਫ਼ ਸਪਸ਼ਟ ਹੈ ਕਿ ਇਹ ਪਲਾਨ ਇੰਗਲੈਂਡ ਦੇ ਫ਼ੌਜੀ ਅਫ਼ਸਰਾਂ ਨੇ ਹੀ ਬਣਾਈ ਸੀ)।

ਇਸੇ ਚਿੱਠੀ ਵਿਚ ਫ਼ੌਰਨ ਸੈਕਟਰੀ ਹੋਰ ਲਿਖਦਾ ਹੈ ਕਿ ਭਾਰਤ ਸਰਕਾਰ ਉਸ ਬਰਤਾਨਵੀ ਅਫ਼ਸਰ ਦੀ ਪਲਾਨ 'ਤੇ ਜਲਦੀ ਹੀ ਐਕਸ਼ਨ ਕਰੇਗੀ। ਚਿੱਠੀ ਵਿਚ ਕਿਹਾ ਗਿਆ ਹੈ ਕਿ ਇਸ ਐਕਸ਼ਨ (ਯਾਨਿ ਦਰਬਾਰ ਸਾਹਿਬ 'ਤੇ ਹਮਲੇ) ਦੇ ਨਤੀਜੇ ਵਜੋਂ ਪੰਜਾਬ ਵਿਚ ਫ਼ਿਰਕੂ ਫ਼ਸਾਦ ਭੜਕੇਗਾ ਅਤੇ ਇਸ ਦਾ ਅਸਰ ਇੰਗਲੈਂਡ ਵਿਚ ਰਹਿੰਦੇ ਭਾਰਤੀ ਭਾਈਚਾਰੇ 'ਤੇ ਵੀ ਪਵੇਗਾ; ਖ਼ਾਸ ਕਰ ਕੇ ਜੇ ਇਹ ਰਾਜ਼ ਖੁਲ੍ਹ ਗਿਆ ਕਿ ਇੰਗਲੈਂਡ ਦਾ ਐਸ.ਏ.ਐਸ. ਅਫ਼ਸਰ ਇਸ (ਯਾਨਿ ਦਰਬਾਰ ਸਾਹਿਬ 'ਤੇ ਹਮਲੇ) ਵਿਚ ਸ਼ਾਮਿਲ ਸੀ। {ਇਸ ਚਿੱਠੀ ਦੀ ਇਕ-ਇਕ ਕਾਪੀ ਡਿਫ਼ੈਂਸ ਮਨਿਸਟਰੀ ਦੇ ਰੌਬਿਨ ਬਟਲਰ (ਨੰਬਰ 10, ਯਾਨਿ ਪ੍ਰਾਈਮ ਮਨਿਸਟਰ ਦਫ਼ਤਰ), ਰਿਚਰਡ ਮੋਟਰਾਮ (ਮਨਿਸਟਰੀ ਆਫ਼ ਡਿਫ਼ੈਂਸ ਅਤੇ ਕੈਬਨਿਟ ਦਫ਼ਤਰ ਦੇ ਰਿਚਰਡ ਹੈਟਫ਼ੀਲਡ (ਕੈਬਨਟ ਆਫ਼ਿਸ) ਨੂੰ ਵੀ ਭੇਜੀ ਗਈ ਸੀ)।

(13 ਅਤੇ 14 ਜਨਵਰੀ 2014 ਦੇ ਦਿਨ ਇਹ ਦੋ ਚਿੱਠੀਆਂ ਇੰਟਰਨੈਟ ਰਾਹੀਂ ਸਾਰੇ ਪਾਸੇ ਫੈਲ ਗਈਆਂ ਅਤੇ ਦੁਨੀਆਂ ਭਰ ਵਿਚ ਸਾਰੇ ਪਾਸੇ ਜ਼ਬਰਦਸਤ ਤੂਫ਼ਾਨ ਉਠ ਖੜਾ ਹੋਇਆ। (ਮਗਰੋਂ 4 ਫ਼ਰਵਰੀ 2014 ਦੇ ਦਿਨ ਬਰਤਾਨੀਆ ਦੇ ਫ਼ਾਰਨ ਸੈਕਟਰੀ ਵਿਲੀਅਮ ਹੇਗ ਨੇ ਬਰਤਾਨਵੀ ਪਾਰਲੀਮੈਂਟ ਵਿਚ ਮੰਨਿਆ ਕਿ ਬਰਤਾਨੀਆ ਨੇ ਸਿਰਫ਼ ਸਲਾਹ ਦਿੱਤੀ ਸੀ ਤੇ ਫ਼ੌਜੀ ਮਦਦ ਨਹੀਂ ਦਿੱਤੀ ਸੀ)।

17 ਫ਼ਰਵਰੀ 1984 ਤੋਂ ਮਗਰੋਂ ਵੀ ਭਾਰਤ ਸਰਕਾਰ ਦੇ ਖ਼ੁਫ਼ੀਆ ਮਹਿਕਮੇ ਦੇ ਦੋ ਸੀਨੀਅਰ ਅਫ਼ਸਰ ਗੈਰੀ ਸਕਸੈਨਾ ਤੇ ਆਰ.ਐਨ.ਰਾਓ ਕਈ ਵਾਰ ਲੰਡਨ ਆਏ ਅਤੇ ਇੰਗਲੈਂਡ ਦੀਆਂ ਖ਼ੁਫ਼ੀਆ ਏਜੰਸੀਆਂ ਅਤੇ ਫ਼ੌਜ ਤੋਂ ਸਲਾਹ ਅਤੇ ਅਗਵਾਈ ਲੈਂਦੇ ਰਹੇ।

ਫ਼ਰਵਰੀ ਦੇ ਅਖ਼ੀਰ ਅਤੇ ਅਪ੍ਰੈਲ ਵਿਚ ਦੋ ਵਾਰ ਦਰਬਾਰ ਸਾਹਿਬ 'ਤੇ ਹਮਲਾ ਕਰਨ ਦਾ ਪ੍ਰੋਗਰਾਮ ਬਣਿਆ ਪਰ, ਦੋਵੇਂ ਵਾਰ, ਐਨ ਮੌਕੇ 'ਤੇ ਇਸ ਨੂੰ ਮੁਲਤਵੀ ਕਰ ਦਿੱਤਾ ਜਾਂਦਾ ਰਿਹਾ। ਅਖ਼ੀਰ 31 ਮਈ 1984 ਦੀ ਰਾਤ ਨੂੰ ਇੰਦਰਾ ਗਾਂਧੀ ਨੇ ਜਨਰਲ ਵੈਦਯਾ ਨੂੰ ਹਮਲਾ ਕਰਨ ਦੇ ਹੁਕਮ ਜਾਰੀ ਕੀਤੇ ਅਤੇ ਪਹਿਲੀ ਜੂਨ ਨੂੰ ਤਕਰੀਬਨ ਇਕ ਲੱਖ ਫ਼ੌਜਾਂ ਅੰਮ੍ਰਿਤਸਰ ਵੱਲ ਚੱਲ ਪਈਆਂ।

ਦਰਬਾਰ ਸਾਹਿਬ 'ਤੇ ਹਮਲੇ ਦੀ ਤਫ਼ਸੀਲ

ਤਕਰੀਬਨ ਇਕ ਲੱਖ ਫ਼ੌਜ ਇਸ ਸਾਰੀ ਮੁਹਿਮ ਵਿਚ, ਇਕ ਜਾਂ ਦੂਜੇ ਤਰੀਕੇ ਨਾਲ, ਸ਼ਾਮਿਲ ਸਨ। ਇਨ੍ਹਾਂ ਵਿਚ, ਆਰਮੀ, ਨੇਵੀ ਤੇ ਏਅਰਫ਼ੋਰਸ, ਤਿੰਨੇ ਸ਼ਾਮਿਲ ਸਨ। ਪਹਿਲੀ ਜੂਨ ਨੂੰ ਚੰਡੀਗੜ੍ਹ ਕੋਲ ਚੰਡੀ ਮੰਦਰ '2 ਕੋਰ' ਦੇ ਹੈੱਡਕੁਆਰਟਰ ਵਿਚ ਕੇ.ਐਸ. ਬਰਾੜ, ਲੈਫ਼ਟੀਨੈਂਟ ਜਨਰਲ ਕੇ. ਸੁੰਦਰਜੀ, ਆਰ.ਐਸ. ਦਿਆਲ ਅਤੇ ਕਈ ਹੋਰ ਫ਼ੌਜੀ ਅਫ਼ਸਰ ਇਕੱਠੇ ਹੋਏ। ਇਨ੍ਹਾਂ ਵਿਚੋਂ ਸੁੰਦਰਜੀ ਪਾਕਿਸਤਾਨ ਨਾਲ ਹੋਈ 1965 ਦੀ ਲੜਾਈ ਵਿਚ ਇਕ ਰੈਜਿਮੈਂਟ ਦਾ ਕਮਾਂਡਰ

ਰਿਹਾ ਸੀ ਤੇ ਦਿਆਲ ਵੀ ਇਸੇ ਲੜਾਈ ਵਿਚ ਹਿੱਸਾ ਲੈ ਰਹੀ ਪੈਰਾਸ਼ੂਟ ਰੈਜਿਮੈਂਟ ਦਾ ਇਕ ਮੇਜਰ ਸੀ। ਚੰਡੀ ਮੰਦਰ ਛਾਉਣੀ ਵਿਚ ਹੋਈ ਇਸ ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਗਿਆਨੀ ਜ਼ੈਲ ਸਿੰਘ* ਅਤੇ ਇੰਦਰਾ ਵਲੋਂ ਦਿੱਤੀ ਹਦਾਇਤ ਮੁਤਾਬਿਕ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਜਾਣਾ ਸੀ ਅਤੇ ਸਾਰੇ ਕੰਪਲੈਕਸ ਪੂਰਾ ਕਬਜ਼ਾ 48 ਤੋਂ 72 ਘੰਟੇ ਵਿਚ ਮੁਕੰਮਲ ਕੀਤਾ ਜਾਣਾ ਸੀ। ਇਸ ਐਕਸ਼ਨ ਦੇ ਦੋ ਮੁਖ ਹਿੱਸੇ ਸਨ: ਦਰਬਾਰ ਸਾਹਿਬ 'ਤੇ ਹਮਲਾ ਅਤੇ ਕਬਜ਼ਾ ਕਰਨਾ (ਅਪ੍ਰੇਸ਼ਨ ਬਲੂ ਸਟਾਰ) ਅਤੇ ਅੰਮ੍ਰਿਤਸਰ ਦੀ ਪਾਕਿਸਤਾਨ ਵੱਲ ਅਤੇ ਬਾਕੀ ਪੰਜਾਬ ਨਾਲ ਸਰਹੱਦ ਸੀਲ ਕਰਨਾ (ਅਪ੍ਰੇਸ਼ਨ ਵੁੱਡ ਰੋਜ਼)। ਸਰਹੱਦ ਸੀਲ ਕਰਨ ਦਾ ਕੰਮ 11 ਕੋਰ ਯੂਨਿਟ, ਜਿਸ ਦਾ ਮੁਖੀ ਲੈਫ਼ਟੀਨੈਂਟ ਜਨਰਲ ਕੇ. ਗੌਰੀ ਸ਼ੰਕਰ ਸੀ, ਨੂੰ ਸੌਂਪਿਆ ਗਿਆ। *(*ਇਹ ਕੋਰਾ ਝੂਠ ਹੈ ਕਿ ਗਿਆਨੀ ਜ਼ੈਲ ਸਿੰਘ ਨੂੰ ਹਮਲੇ ਦਾ ਪਤਾ ਨਹੀਂ ਸੀ ਤੇ ਉਸ ਨੇ ਦਸਤਖ਼ਤ ਨਹੀਂ ਸਨ ਕੀਤੇ। ਦਰਅਸਲ ਇਹ ਹਮਲਾ ਉਸ ਦੀ ਮਰਜ਼ੀ ਨਾਲ ਹੋਇਆ ਸੀ)।*

ਕੇ.ਐਸ. ਬਰਾੜ ਪਹਿਲੀ ਜੂਨ ਨੂੰ ਸਵੇਰੇ ਤੜਕਸਾਰ ਆਪਣੇ ਡਿਪਟੀ ਬਰਗੇਡੀਅਰ ਐਨ.ਕੇ. ਤਲਵਾੜ ਨਾਲ ਅੰਮ੍ਰਿਤਸਰ ਪੁੱਜ ਚੁੱਕਾ ਸੀ। ਇਸ ਵੇਲੇ ਤਕ 15 ਪਿਆਦਾ ਡਵੀਜ਼ਨ ਫ਼ੌਜ ਨੂੰ ਤਿਆਰ ਕਰ ਲਿਆ ਗਿਆ ਸੀ। ਇਨ੍ਹਾਂ ਦੇ ਹੈੱਡਕੁਆਟਰ ਵਿਚ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਤੇ ਹੋਰ ਸਾਰੇ ਪਾਸਿਓਂ ਮਿੰਟ-ਮਿੰਟ ਦੀ ਖ਼ਬਰ ਪੁਜ ਰਹੀ ਸੀ। ਦਿੱਲੀ ਨਾਲ ਇਨ੍ਹਾਂ ਦਾ ਸਿੱਧਾ ਰਾਬਤਾ ਸੀ ਜੋ ਫ਼ੋਨ ਰਾਹੀਂ ਹੱਟ-ਲਾਈਨ 'ਤੇ ਹੋ ਰਿਹਾ ਸੀ। ਇਸ ਦੇ ਨਾਲ ਹੀ ਲੈਫ਼ਟੀਨੈਂਟ ਕਰਨਲ ਕੇ.ਐਸ. ਰੰਧਾਵਾ ਤੇ ਬਰਗੇਡੀਅਰ ਡੀ.ਵੀ. ਰਾਓ ਦੀ ਅਗਵਾਈ ਹੇਠ, ਦਰਬਾਰ ਸਾਹਿਬ 'ਚੋਂ ਸੂਹਾਂ ਹਾਸਿਲ ਕਰਨ ਦੀ ਨਿਗਰਾਨੀ ਕਰ ਰਹੇ ਸਨ। ਇਸ ਸਬੰਧ ਵਿਚ ਉਨ੍ਹਾਂ ਦੀ ਮਦਦ ਵਾਸਤੇ 12 ਬਿਹਾਰ ਬਟਾਲੀਅਨ ਤੇ 10 ਗਾਰਡ ਤਿਆਰ ਖੜ੍ਹੀਆਂ ਸਨ। ਵਧੇਰੇ ਸੂਹ ਲੈਣ ਵਾਸਤੇ ਕੈਪਟਨ ਜਸਬੀਰ ਰੈਣਾ ਦਰਬਾਰ ਸਾਹਿਬ 'ਚ ਸਾਦੇ ਕਪੜਿਆਂ ਵਿਚ ਗਿਆ। ਇਂਵ 2 ਤਾਰੀਖ਼ ਸ਼ਾਮ ਤਕ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਪੂਰੀ ਤਿਆਰੀ ਕਰ ਲਈ ਸੀ। ਇਸੇ ਰਾਤ ਸਵਾ ਨੌਂ ਵਜੇ ਇੰਦਰਾ ਨੇ ਟੀ.ਵੀ. 'ਤੇ ਤਕਰੀਰ ਕੀਤੀ। ਟੀ.ਵੀ. 'ਤੇ ਬੋਲਣ ਲੱਗਿਆਂ ਇੰਦਰਾ ਥੱਕੀ ਹੋਈ, ਡਰੀ ਹੋਈ ਤੇ 'ਖ਼ੁਦਕੁਸ਼ੀ ਤੋਂ ਪਹਿਲਾਂ ਵਾਲੀ ਹਾਲਤ' ਵਿਚ ਨਜ਼ਰ ਆ ਰਹੀ ਸੀ। ਇਸ ਤਕਰੀਰ ਵਿਚ ਉਸ ਨੇ ਫ਼ੌਜੀ ਹਮਲੇ ਦੀ ਗੱਲ ਨਹੀਂ ਕੀਤੀ, ਪਰ ਜਿਸ ਵੇਲੇ ਉਹ ਟੀ.ਵੀ. ਤੇ ਬੋਲ ਰਹੀ ਸੀ, ਉਸ ਵੇਲੇ ਇਕ ਪਿਆਦਾ ਬਟਾਲੀਅਨ '12-ਬਿਹਾਰ' ਦੇ ਫ਼ੌਜੀ ਦਰਬਾਰ ਸਾਹਿਬ ਨੂੰ ਘੇਰਾ ਪਾ ਰਹੇ ਸਨ। ਸੀ.ਆਰ.ਪੀ.ਐਫ਼. ਨੇ ਪਹਿਲੋਂ ਹੀ ਦਰਬਾਰ ਸਾਹਿਬ ਦੇ ਦੁਆਲੇ ਪੁਜ਼ੀਸ਼ਨਾਂ ਲਈਆਂ ਹੋਈਆਂ ਸਨ।

ਦਿੱਲੀ ਵਿਚ 'ਅਪਰੇਸ਼ਨ ਬਲੂ ਸਟਾਰ' ਦੀ ਸਾਰੀ ਕਾਰਵਾਈ ਦੀ ਨਿਗਰਾਨੀ ਇੰਦਰਾ, ਰਾਜੀਵ, ਅਰੁਣ ਨਹਿਰੂ, ਅਰੁਣ ਸਿੰਘ ਵਗ਼ੈਰਾ ਆਪ ਕਰ ਰਹੇ ਸਨ। 3 ਜੂਨ ਨੂੰ ਤੜਕੇ ਹੀ 12 ਬਿਹਾਰ ਦੇ ਫ਼ੌਜੀਆਂ ਨੇ ਦਰਬਾਰ ਸਾਹਿਬ ਦੇ ਆਲੇ-ਦੁਆਲੇ ਸਾਰੀਆਂ ਇਮਾਰਤਾਂ ਵਿਚ ਮੋਰਚੇ ਸੰਭਾਲ ਲਏ ਸਨ। ਉਨ੍ਹਾਂ ਕੋਲ ਹਰ ਤਰ੍ਹਾਂ ਦੇ ਮਾਰੂ ਹਥਿਆਰ ਸਨ। ਇਸ ਯੂਨਿਟ ਦਾ ਕਮਾਂਡਿੰਗ ਅਫ਼ਸਰ ਲੈਫ਼ਟੀਨੈਂਟ ਕਰਨਲ ਰੰਧਾਵਾ ਸੀ। ਉਸ ਨੇ ਹਮਲੇ ਵਾਸਤੇ ਟਿਕਾਣਿਆਂ ਦੀ ਨਿਸ਼ਾਨ-ਦੇਹੀ ਕਰ ਲਈ ਸੀ। ਪਹਿਲੋਂ, ਪਹਿਲੀ ਜੂਨ ਨੂੰ, ਸੀ.ਆਰ.ਪੀ.ਐਫ਼. ਨੇ ਵੀ ਦਰਬਾਰ ਸਾਹਿਬ 'ਤੇ ਅੰਨ੍ਹੇ-ਵਾਹ ਫ਼ਾਇਰਿੰਗ ਕਰ ਕੇ ਕੋਸ਼ਿਸ਼ ਕੀਤੀ ਸੀ ਕਿ ਉਸ ਨੂੰ ਪਤਾ ਲਗ ਸਕੇ ਕਿ ਮੁਕਾਬਲਾ

ਕਿੱਥੋਂ-ਕਿੱਥੋਂ ਹੋਣਾ ਹੈ। ਪਰ ਉਸ ਦਿਨ ਖਾੜਕੂਆਂ ਨੇ ਸੀ.ਆਰ.ਪੀ.ਐਫ਼. ਦੀ ਕਾਰਵਾਈ ਦਾ ਜਵਾਬ ਨਹੀਂ ਦਿੱਤਾ ਸੀ, ਕਿਉਂਕਿ ਉਹ ਅਸਲਾ ਗੁਆਉਣਾ ਨਹੀਂ ਸਨ ਚਾਹੁੰਦੇ। ਇਸ ਦਿਨ ਫ਼ੌਜ ਦੀਆਂ ਗੋਲੀਆਂ ਨਾਲ ਇਕ ਸਿੱਖ ਭਾਈ ਕੁਲਵੰਤ ਸਿੰਘ ਸ਼ਹੀਦ ਹੋਇਆ ਸੀ। ਫਿਰ 2 ਜੂਨ ਦੇ ਦਿਨ ਵੀ ਫ਼ੌਜ ਨੇ ਅਕਾਲ ਤਖ਼ਤ ਦੇ ਪਿਛਵਾੜੇ 'ਤੇ 32 ਫ਼ਾਇਰ ਕੀਤੇ; ਇਸ ਫ਼ਾਇਰਿੰਗ ਨਾਲ 20-25 ਬੰਦੇ ਮਾਰੇ ਗਏ ਸਨ (ਇਸ 2 ਜੂਨ ਦੀ ਘਟਨਾ ਦੀ ਰਿਪੋਰਟਿੰਗ ਕਿਸੇ ਸੋਮੇ ਨੇ ਨਹੀਂ ਕੀਤੀ)।

2 ਜੂਨ ਨੂੰ ਰਾਤ ਦੇ 9 ਵਜੇ ਸਾਰੇ ਪੰਜਾਬ ਵਿਚ 36 ਘੰਟੇ ਵਾਸਤੇ ਕਰਫ਼ਿਊ ਲਾ ਦਿੱਤਾ ਗਿਆ (ਮਗਰੋਂ ਇਸ ਨੂੰ ਹੋਰ ਵਧਾ ਦਿੱਤਾ ਗਿਆ ਸੀ)। ਇਸ ਤੋਂ ਸਾਫ਼ ਸਮਝਿਆ ਜਾ ਸਕਦਾ ਸੀ ਕਿ ਫ਼ੌਜ ਦਰਬਾਰ ਸਾਹਿਬ 'ਤੇ ਹਮਲਾ ਕਰ ਦੇਵੇਗੀ। ਦਰਬਾਰ ਸਾਹਿਬ ਦੇ ਅੰਦਰ ਬੈਠੇ ਖਾੜਕੂਆਂ ਦੀ ਕਮਾਨ ਜਨਰਲ ਸੁਬੇਗ ਸਿੰਘ ਕੋਲ ਸੀ। ਉਸ ਨੇ ਇਸ ਹਮਲੇ ਦਾ ਅੰਦਾਜ਼ਾ ਲਾ ਲਿਆ ਸੀ ਅਤੇ ਵੱਖ-ਵੱਖ ਥਾਵਾਂ 'ਤੇ ਮੋਰਚਿਆਂ ਵਿਚ ਖਾੜਕੂਆਂ ਨੂੰ ਤਾਇਨਾਤ ਕਰ ਦਿੱਤਾ ਸੀ।

3 ਤਾਰੀਖ਼ ਦੀ ਰਾਤ ਨੂੰ ਹੀ ਦਰਬਾਰ ਸਾਹਿਬ ਤੋਂ ਸਿਰਫ਼ 300 ਮੀਟਰ ਦੂਰ ਫ਼ੌਜ ਨੇ ਆਪਣਾ ਕੰਟਰੋਲ ਰੂਮ ਕਾਇਮ ਕਰ ਲਿਆ ਸੀ। ਇਹ ਇਕ ਉੱਚੀ ਇਮਾਰਤ ਦੀ ਉੱਪਰਲੀ ਮੰਜ਼ਿਲ 'ਤੇ ਸੀ। ਇਸ ਜਗ੍ਹਾ 'ਆਰਡਰਜ਼ ਗਰੁਪ', ਜਿਸ ਨੂੰ ਬਰਾੜ ਨੇ ਹੁਕਮ ਦੇ ਕੇ ਲਾਗੂ ਕਰਵਾਉਣਾ ਸੀ, ਅਤੇ ਹੋਰ ਅਫ਼ਸਰ, ਹਾਜ਼ਿਰ ਸਨ। ਇਨ੍ਹਾਂ ਵਿਚ 350 ਪਿਆਦਾ ਬਰਗੇਡ ਦਾ ਕਮਾਂਡਰ ਅਤੇ ਇਸ ਹੇਠ ਰੱਖੀਆਂ ਚਾਰ ਪਿਆਦਾ ਬਟਾਲੀਅਨਾਂ ਦੇ ਕਮਾਂਡਿੰਗ ਅਫ਼ਸਰ ਵੀ ਸਨ। ਇਹ ਚਾਰ ਬਟਾਲੀਅਨ ਸਨ: 10 ਗਾਰਡ, 26 ਮਦਰਾਸ, 12 ਬਿਹਾਰ ਤੇ 9 ਕਮਾਊਂ। ਇਸੇ ਸ਼ਾਮ ਨੂੰ ਜਨਰਲ ਸੁੰਦਰਜੀ ਅਤੇ ਦਿਆਲ ਵੀ ਡਵੀਜ਼ਨ ਦੇ ਹੈੱਡ-ਕੁਆਟਰ 'ਤੇ ਪਹੁੰਚ ਗਏ

ਇਸ ਵੇਲੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਸੀ। ਉਸ ਨੇ ਰਸਮੀ ਤੌਰ 'ਤੇ ਵੀ ਦਰਬਾਰ ਸਾਹਿਬ 'ਤੇ ਹਮਲੇ ਦੀ ਮਨਜ਼ੂਰੀ ਦੇਣ ਵਾਸਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ। ਇਸ 'ਤੇ ਉਸ ਨੂੰ ਛੁੱਟੀ 'ਤੇ ਭੇਜ ਕੇ ਉਸ ਦੀ ਥਾਂ 'ਤੇ ਰਮੇਸ਼ਇੰਦਰ ਸਿੰਘ ਨੂੰ ਲਾ ਦਿੱਤਾ ਗਿਆ ਜਿਸ ਨੇ ਚੁਪਚਾਪ ਦਸਤਖ਼ਤ ਕਰ ਦਿੱਤੇ। (ਇਸ ਰਮੇਸ਼ਇੰਦਰ ਨੂੰ ਬਾਦਲ ਨੇ ਚੀਫ਼ ਮਨਿਸਟਰ ਬਣਨ 'ਤੇ ਦੋਵੇਂ ਵਾਰ ਆਪਣਾ ਚੀਫ਼ ਸੈਕਟਰੀ ਲਾਇਆ ਸੀ)।

3-4 ਜੂਨ 1984 ਦੀ ਰਾਤ ਨੂੰ ਦਰਬਾਰ ਸਾਹਿਬ ਦੀ ਬਿਜਲੀ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਗਿਆ (ਇਹ ਮਹੀਨਾ ਪੰਜਾਬ ਵਿਚ ਅੱਤ ਦੀ ਗਰਮੀ ਦਾ ਹੁੰਦਾ ਹੈ; ਫ਼ੌਜ ਦਾ ਨਿਸ਼ਾਨਾ ਸਿੱਖਾਂ ਨੂੰ ਪਿਆਸੇ ਮਾਰਨ ਵੀ ਸੀ)। ਸਵੇਰੇ ਚਾਰ ਵੱਜ ਕੇ ਚਾਲੀ ਮਿੰਟ 'ਤੇ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਸਭ ਤੋਂ ਪਹਿਲਾਂ ਅੱਗੇ ਭੇਜੀਆਂ ਜਾਣ ਵਾਲੀਆਂ ਚਾਰ ਪਿਆਦਾ ਬਟਾਲੀਅਨਾਂ ਅਤੇ ਦੋ ਕੰਪਨੀਆਂ ਦੀ ਗਿਣਤੀ ਦੇ ਬਰਾਬਰ ਕਮਾਂਡੋ ਸਨ। ਇਸ ਪਹਿਲੀ ਹਮਲਾਵਰ ਫ਼ੌਜ ਨੂੰ ਇੰਞ ਵੰਡਿਆ ਗਿਆ ਸੀ: (ੳ) ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਉੱਤਰ-ਪੱਛਮੀ ਬਾਹੀਆਂ (ਘੰਟਾ ਘਰ ਤੋਂ ਅਕਾਲ ਤਖ਼ਤ ਸਾਹਿਬ ਤੱਕ ਦਾ ਇਲਾਕਾ) = ਇਕ ਪਿਆਦਾ ਬਟਾਲੀਅਨ, ਇਕ ਕੰਪਨੀ ਪੈਰਾ ਕਮਾਂਡੋ, ਇਕ ਕੰਪਨੀ ਸਪੈਸ਼ਲ ਬਾਰਡਰ ਫ਼ੋਰਸ (ਐਸ.ਐਫ਼.ਐਸ.)। (ਅ) ਦਰਬਾਰ ਸਾਹਿਬ ਵਾਸਤੇ = ਕਮਾਂਡੋ ਟੋਲਿਆਂ ਦੀ ਹੱਲਾ-ਬੋਲ ਟੋਲੀ। (ੲ) ਦਰਬਾਰ ਸਾਹਿਬ ਦੀਆਂ ਦੱਖਣੀ ਤੇ ਪੂਰਬੀ ਬਾਹੀਆਂ (ਆਟਾ ਮੰਡੀ, ਸਿੱਖ ਰੈਫ਼ਰੈਂਸ

ਲਾਇਬਰੇਰੀ, ਮੰਜੀ ਸਾਹਿਬ, ਬਾਬਾ ਅਟਲ) = ਇਕ ਪਿਆਦਾ ਬਟਾਲੀਅਨ। (ਸ) ਇਨ੍ਹਾਂ ਸਾਰੀਆਂ ਵਾਸਤੇ ਰੀਜ਼ਰਵ = ਇਕ ਪਿਆਦਾ ਬਟਾਲੀਅਨ। (ਹ) ਘੇਰਾਬੰਦੀ = ਇਕ ਪਿਆਦਾ ਬਟਾਲੀਅਨ।

ਫ਼ੌਜ ਨੇ ਹਮਲਾ ਕਰਨ ਵੇਲੇ ਸਭ ਤੋਂ ਪਹਿਲਾਂ ਰਾਮਗੜ੍ਹੀਆ ਬੁੰਗਿਆਂ ਤੇ ਗੁਰੂ ਰਾਮਦਾਸ ਸਰਾਂ ਦੇ ਪਿੱਛੇ ਵਾਲੀ ਟੈਂਕੀ ਉੱਤੇ 106 ਐਮ.ਐਮ. ਦੀ ਤੋਪ ਤੇ 3.7 ਇੰਚ ਦੀ ਹਾਊਵਿਟਜ਼ਰ ਨਾਲ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਲਗਾਤਾਰ ਗੋਲਾਬਾਰੀ ਨਾਲ ਟੈਂਕੀ ਟੁੱਟ ਗਈ ਅਤੇ ਬੁੰਗਿਆਂ ਦਾ ਉਪਰਲਾ ਹਿੱਸਾ ਬੁਰੀ ਤਰ੍ਹਾਂ ਤਬਾਹ ਹੋ ਗਿਆ। ਇਸ ਦੇ ਨਾਲ ਹੀ ਇਹ ਮੋਰਚੇ ਬਿਨਾਂ ਕਿਸੇ ਲੜਾਈ ਤੋਂ ਖ਼ਤਮ ਹੋ ਗਏ।

ਭਾਵੇਂ ਅਸਲ ਲੜਾਈ 4 ਜੂਨ ਸਵੇਰੇ 4 ਵਜ ਕੇ 40 ਮਿੰਟ ਤੇ ਸ਼ੁਰੂ ਹੋਈ ਸੀ, ਪਰ ਫ਼ੌਜੀ ਹਮਲੇ ਦਾ ਚੀਫ਼ ਬਰਾੜ ਆਪਣੀ ਕਿਤਾਬ *ਅਪਰੇਸ਼ਨ ਬਲੂ ਸਟਾਰ* ਵਿਚ ਇਸ ਨੂੰ ਪੰਜ ਜੂਨ ਸ਼ਾਮ ਸਾਢੇ ਚਾਰ ਵਜੇ ਤੋਂ ਲਿਖਦਾ ਹੈ, ਜਦੋਂ ਉਸ ਮੁਤਾਬਿਕ, ਫ਼ੌਜ ਨੇ ਲਾਊਡ ਸਪੀਕਰਾਂ ਰਾਹੀਂ ਲੋਕਾਂ ਨੂੰ ਦਰਬਾਰ ਸਾਹਿਬ 'ਚੋਂ ਬਾਹਰ ਆ ਜਾਣ ਵਾਸਤੇ ਆਖਿਆ। ਬਰਾੜ ਮੁਤਾਬਿਕ ਇਹ ਐਲਾਨ ਸ਼ਾਮ 7 ਵਜੇ ਤਕ ਕੀਤੇ ਜਾਂਦੇ ਰਹੇ। ਉਸ ਦਾ ਕਹਿਣਾ ਹੈ ਕਿ 7 ਵਜੇ ਦੇ ਕਰੀਬ ਸਿਰਫ਼ 129 ਆਦਮੀ, ਔਰਤਾਂ ਅਤੇ ਬੱਚੇ ਹੀ ਬਾਹਰ ਆਏ। ਇਨ੍ਹਾਂ ਬਾਲਗਾਂ ਵਿਚੋਂ ਬਹੁਤੇ ਬੀਮਾਰ ਸਨ। ਪਰ, ਬਰਾੜ ਦੀ ਦਿੱਤੀ ਤਾਰੀਖ਼ ਅਤੇ ਵਕਤ ਦੋਵੇਂ ਗ਼ਲਤ ਹਨ। ਬਰਾੜ ਦੀ ਦਿੱਤੀ ਤਾਰੀਖ਼ ਦਰਅਸਲ 'ਆਖ਼ਰੀ ਵੱਡੇ ਹਮਲੇ' ਦੀ ਸ਼ੁਰੂਆਤ ਦੀ ਤਾਰੀਖ਼ ਹੈ।

ਬਰਾੜ ਮੁਤਾਬਿਕ ਫ਼ੌਜ ਨੇ ਉਸ ਰਾਤ 10 ਵਜੇ ਤਕ ਹੋਟਲ 'ਟੈਂਪਲ ਵਿਊ' ਅਤੇ ਬ੍ਰਹਮ ਬੂਟਾ ਅਖਾੜਾ 'ਤੇ ਕਬਜ਼ਾ ਕਰ ਲਿਆ ਸੀ। ਇਸ ਤੋਂ ਤਿੰਨ ਘੰਟੇ ਤੋਂ ਵੀ ਘੱਟ ਸਮੇਂ ਦੇ ਅੰਦਰ-ਅੰਦਰ ਭਾਰਤੀ ਫ਼ੌਜ ਦੀ '10 ਗਾਰਡ' ਘੰਟਾ ਘਰ ਵਲੋਂ ਦਰਬਾਰ ਸਾਹਿਬ ਵੱਲ ਦਾਖ਼ਿਲ ਹੋਈ। ਦਾਖ਼ਿਲ ਹੁੰਦਿਆਂ ਹੀ ਇਸ ਦੇ 50 ਫ਼ੌਜੀ ਖਾੜਕੂਆਂ ਹੱਥੋਂ ਮਾਰੇ ਗਏ। ਜ਼ਖ਼ਮੀ ਹੋਣ ਵਾਲਿਆਂ ਵਿਚ ਜਸਬੀਰ ਰੈਣਾ ਵੀ ਸੀ (ਜੋ 3 ਜੂਨ ਨੂੰ ਦਰਬਾਰ ਸਾਹਿਬ ਦੇ ਅੰਦਰ ਜਾ ਕੇ, ਜਾਸੂਸੀ ਕਰ ਕੇ ਆਇਆ ਸੀ)। ਜਸਬੀਰ ਰੈਣਾ ਨੂੰ ਲੱਗੀਆਂ ਗੋਲੀਆਂ ਕਾਰਨ ਮਗਰੋਂ ਉਸ ਦੀ ਲੱਤ ਵੀ ਕੱਟਣੀ ਪਈ ਸੀ। (ਲੋਕ ਇਸ ਨੂੰ 'ਗ਼ਦਾਰੀ ਦੀ ਸਜ਼ਾ' ਆਖਦੇ ਹਨ)। ਘੰਟਾ ਘਰ ਵਲੋਂ 10 ਗਾਰਡ ਦੇ ਨਾਲ-ਨਾਲ ਪੈਰਾ ਕਮਾਂਡੋ ਅਤੇ ਐਸ.ਐਸ.ਐਫ. ਨੇ ਵੀ ਅਪਰੇਸ਼ਨ ਸ਼ੁਰੂ ਕੀਤਾ ਸੀ।

ਸੈਂਕੜੇ ਫ਼ੌਜੀ ਥੋੜ੍ਹਾ-ਥੋੜ੍ਹਾ ਕਰ ਕੇ ਇਧਰੋਂ ਅਕਾਲ ਤਖ਼ਤ ਸਾਹਿਬ ਵੱਲ ਵਧਦੇ ਗਏ ਤੇ ਮਾਰੇ ਜਾਂਦੇ ਰਹੇ। ਉਨ੍ਹਾਂ ਦਾ ਨਿਸ਼ਾਨਾ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੇੜੇ ਪਹੁੰਚ ਕੇ ਇਸ ਦੇ ਅੰਦਰ ਗੈਸ ਦੇ ਗੋਲੇ ਸੁੱਟਣਾ ਸੀ, ਜਿਸ ਨਾਲ ਖਾੜਕੂ ਬੇਹੋਸ਼ ਹੋ ਜਾਂਦੇ ਜਾਂ ਮਾਰੇ ਜਾਂਦੇ। ਪਰ ਇਸ ਨਿਸ਼ਾਨੇ 'ਚ ਫ਼ੌਜ ਨੂੰ ਕਾਮਯਾਬੀ ਹਾਸਿਲ ਨਾ ਹੋਈ ਤੇ ਸੈਂਕੜੇ ਫ਼ੌਜੀ ਮਾਰੇ ਗਏ। ਉਨ੍ਹਾਂ ਜ਼ਮੀਨ 'ਤੇ ਸਰਕ-ਸਰਕ ਕੇ, ਰਿੜ੍ਹ-ਰਿੜ੍ਹ ਕੇ ਵੀ ਅੱਗੇ ਵੱਧਣ ਦੀ ਕੋਸ਼ਿਸ਼ ਕੀਤੀ ਪਰ ਖਾੜਕੂਆਂ ਵਲੋਂ ਫ਼ਰਸ਼ 'ਤੇ ਫ਼ਿਟ ਕੀਤੀ ਮਸ਼ੀਨਗੰਨ ਨੇ ਸੈਂਕੜੇ ਫ਼ੌਜੀ ਮਾਰ ਦਿੱਤੇ ਅਤੇ ਕਈ ਘੰਟਿਆਂ ਬਾਅਦ ਹੀ ਭਾਰਤੀ ਫ਼ੌਜੀ ਦਰਸ਼ਨੀ ਡਿਓਢੀ ਦੇ ਨੇੜੇ ਪੁੱਜਣ 'ਚ ਕਾਮਯਾਬ ਹੋਏ, ਪਰ ਉਦੋਂ ਹੀ ਹਵਾ ਦਾ ਰੁਖ ਉਨ੍ਹਾਂ ਵੱਲ ਹੋ ਗਿਆ, ਜਿਸ ਨਾਲ ਇਹ ਗੈਸ ਉਲਟਾ ਉਨ੍ਹਾਂ ਵਾਸਤੇ ਹੀ ਮੁਸੀਬਤ ਬਣ ਗਈ। ਹੁਣ ਤਕ ਅਕਾਲ ਤਖ਼ਤ ਸਾਹਿਬ, ਦਰਸ਼ਨੀ ਡਿਓਢੀ ਤੇ ਨਿਸ਼ਾਨ ਸਾਹਿਬ ਦੇ ਵਿਚਕਾਰ ਸਿਰਫ਼ ਲਾਸ਼ਾਂ

ਹੀ ਲਾਸ਼ਾਂ ਸਨ ਤੇ ਕੋਈ ਵੀ ਫ਼ੌਜੀ ਬਚ ਨਹੀਂ ਸੀ ਸਕਿਆ।

ਇਸ ਅਪਰੇਸ਼ਨ ਦੌਰਾਨ ਫ਼ੌਜ ਨੇ ਪਰਕਰਮਾ ਦੇ ਸਾਰੇ ਕਮਰਿਆਂ, ਜਿੱਥੋਂ-ਜਿੱਥੋਂ ਫ਼ੌਜ ਲੰਘਦੀ ਗਈ, ਵਿਚ ਗਰਨੇਡ ਸੁੱਟ ਕੇ ਉੱਥੇ ਹਾਜ਼ਿਰ ਹਰ ਇਕ ਸ਼ਖ਼ਸ ਨੂੰ ਮਾਰ ਦਿੱਤਾ। ਪਰ ਅਜਿਹਾ ਕਰਦਿਆਂ ਵੀ ਦਰਜਨਾਂ ਫ਼ੌਜੀ ਮਾਰੇ ਗਏ। ਬਚੇ-ਖੁਚੇ ਫ਼ੌਜੀਆਂ ਦੀ ਅਗਵਾਈ ਲੈਫ਼ਟੀਨੈਂਟ ਜਨਰਲ ਇਸਰਾਰ ਖ਼ਾਨ ਨੇ ਸੰਭਾਲੀ ਹੋਈ ਸੀ। ਦੂਜੇ ਪਾਸੇ ਰੀਜ਼ਰਵ ਕੰਪਨੀ ਨੇ ਅਲਮੀਨੀਅਮ ਦੀ ਇਕ ਪੌੜੀ ਲਾਈ ਤੇ ਉਹ ਪਰਕਰਮਾ ਦੀ ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਪੁੱਜ ਗਈ। ਉਨ੍ਹਾਂ ਨੇ ਗਰਨੇਡ ਸੁੱਟ ਕੇ ਅਤੇ ਗੋਲੀਆਂ ਦੀ ਵਾਛੜ ਕਰ ਕੇ ਘੰਟਾ ਘਰ ਦੇ ਬਿਲਕੁਲ ਨੇੜੇ ਦੇ ਕਮਰਿਆਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਐਕਸ਼ਨ ਵਿਚ ਵੀ ਬਹੁਤ ਸਾਰੀ ਫ਼ੌਜ ਮਾਰੀ ਗਈ ਤੇ ਕਈ ਖਾੜਕੂ ਵੀ ਜਾਨ ਗੁਆ ਬੈਠੇ।

ਉਧਰ ਅਕਾਲ ਤਖ਼ਤ ਸਾਹਿਬ ਵੱਲ ਭਾਵੇਂ ਫ਼ੌਜੀਆਂ ਨੂੰ ਮੌਤ ਤੋਂ ਸਿਵਾ ਕੁਝ ਨਹੀਂ ਸੀ ਹਾਸਿਲ ਹੋ ਸਕਿਆ, ਪਰ ਫਿਰ ਵੀ ਉਨ੍ਹਾਂ ਨੇ ਆਪਣਾ ਐਕਸ਼ਨ ਜਾਰੀ ਰੱਖਿਆ। ਹੁਣ ਲੈਫ਼ਟੀਨੈਂਟ ਜਨਰਲ ਕੇ.ਸੀ. ਪੱਡਾ ਆਪਣੇ ਸੂਬੇਦਾਰ ਮੇਜਰ ਤੇ 30 ਕਮਾਂਡੋ ਲੈ ਕੇ ਅੱਗੇ ਵਧਿਆ। ਪਰ ਉਹ ਸਾਰੇ ਹੀ ਮਾਰੇ ਗਏ। ਇਸ ਤੋਂ ਬਾਅਦ ਫ਼ੌਜ ਦੀ ਇਕ ਟੁਕੜੀ ਗੁਰਦੁਆਰਾ ਥੜ੍ਹਾ ਸਾਹਿਬ ਦੇ ਨਾਲ ਦੀ ਇਮਾਰਤ 'ਤੇ ਪੁੱਜ ਗਈ ਤੇ ਅਕਾਲ ਤਖ਼ਤ ਸਾਹਿਬ 'ਤੇ ਗੋਲੇ ਵਰ੍ਹਾਣੇ ਸ਼ੁਰੂ ਕਰ ਦਿੱਤੇ। ਉਧਰ ਹੌਲੀ-ਹੌਲੀ ਐਸ.ਐਸ.ਐਫ਼. ਦੀ ਗੈਸ ਸੁੱਟਣ ਵਾਲੀ ਟੋਲੀ ਦਰਸ਼ਨੀ ਡਿਉਢੀ ਵਲ ਵਧੀ ਤੇ 20 ਮੀਟਰ ਤੋਂ ਅਕਾਲ ਤਖ਼ਤ ਸਾਹਿਬ 'ਤੇ ਅੰਨ੍ਹੇ-ਵਾਹ ਗੋਲੇ ਸੁੱਟਣੇ ਸ਼ੁਰੂ ਕੀਤੇ ਪਰ ਵਰ੍ਹਦੀਆਂ ਗੋਲੀਆਂ ਨੇ ਉਨਾਂ ਦਾ ਸਫ਼ਾਇਆ ਕਰ ਦਿੱਤਾ। ਇਨ੍ਹਾਂ ਗੈਸ-ਗੋਲਿਆਂ ਦਾ ਵੀ ਖਾੜਕੂਆਂ 'ਤੇ ਕੋਈ ਅਸਰ ਨਾ ਹੋ ਸਕਿਆ ਕਿਉਂਕਿ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੇ ਦਰਵਾਜ਼ੇ, ਖਿੜਕੀਆਂ ਤੇ ਰੌਸ਼ਨਦਾਨ ਸਭ ਪੂਰੀ ਤਰ੍ਹਾਂ ਬੰਦ ਸਨ। ਦੂਜਾ, ਝਰੋਖਿਆਂ 'ਚੋਂ ਫ਼ੌਜੀਆਂ 'ਤੇ ਗੋਲਾਬਾਰੀ ਹੋ ਰਹੀ ਸੀ ਤੇ ਫ਼ੌਜੀ ਮਾਰੇ ਜਾ ਰਹੇ ਸਨ। ਤੀਜਾ, ਗੈਸ ਦੇ ਧੂੰਏ ਦਾ ਰੁਖ਼ ਫ਼ੌਜ ਵਾਲੇ ਪਾਸੇ ਹੋਣ ਕਰ ਕੇ ਵੀ ਫ਼ੌਜ ਦਾ ਬਹੁਤ ਨੁਕਸਾਨ ਹੋ ਰਿਹਾ ਸੀ।

ਉਧਰ 26 ਮਦਰਾਸ ਰਜਮੈਂਟ ਨੇ ਰਾਤ 10 ਵਜੇ ਜਲ੍ਹਿਆਂ ਵਾਲਾ ਬਾਗ਼ ਤੋਂ ਗੁਰੂ ਰਾਮਦਾਸ ਸਰਾਂ ਵੱਲ ਹਮਲਾ ਕਰਨਾ ਸੀ ਜਦੋਂ ਇਹ ਰਜਮੈਂਟ ਗੁਰੂ ਰਾਮਦਾਸ ਸਰਾਂ ਵਾਲੇ ਪਾਸੇ ਦੇ ਮੇਨ ਗੇਟ 'ਤੇ ਪੁੱਜੀ ਤਾਂ ਉਸ ਕੋਲੋਂ ਇਹ ਗੇਟ ਖੁੱਲ ਹੀ ਨਾ ਸਕਿਆ। ਅਖੀਰ ਉਸ ਨੇ ਟੈਂਕ ਮੰਗਵਾ ਲਏ ਤੇ ਟੈਂਕਾਂ ਨਾਲ ਸਰਾਂ ਵਾਲੇ ਪਾਸੇ ਦਾ ਮੇਨ ਗੇਟ ਤੋੜਿਆ। ਇਸ ਵੇਲੇ ਸਰਾਂ, ਲੰਗਰ ਅਤੇ ਬਾਬਾ ਅਟਲ ਵਾਲੇ ਮੋਰਚਿਆਂ ਤੋਂ ਗੋਲੀਬਾਰੀ ਨੇ ਭਾਰਤੀ ਫ਼ੌਜ ਦਾ ਅੱਗੇ ਵਧਣਾ ਰੋਕ ਦਿੱਤਾ। ਹੁਣ ਟੈਂਕਾਂ ਨੇ ਖਾੜਕੂਆਂ ਦੇ ਮੋਰਚਿਆਂ 'ਤੇ ਜ਼ਬਰਦਸਤ ਗੋਲਾਬਾਰੀ ਸ਼ੁਰੂ ਕਰ ਦਿੱਤੀ। ਇਸ ਦੇ ਬਾਵਜੂਦ 26 ਮਦਰਾਸ ਬਹੁਤਾ ਅੱਗੇ ਨਾ ਵੱਧ ਸਕੀ। ਹਾਲਾਂਕਿ ਇਸ ਦਾ ਨਿਸ਼ਾਨਾ ਦਰਬਾਰ ਸਾਹਿਬ 'ਚ ਦਾਖ਼ਿਲ ਹੋ ਕੇ ਪਰਕਰਮਾ ਵਿਚ ਦੱਖਣੀ ਪਾਸਿਓਂ ਅਕਾਲ ਤਖ਼ਤ ਸਾਹਿਬ ਵੱਲ ਵਧਣਾ ਸੀ, ਪਰ ਇਹ ਰੈਜਿਮੈਂਟ ਕਈ ਘੰਟੇ ਸਰਾਂ ਦੇ ਨੇੜੇ ਹੀ ਗਹਿ-ਗੱਚ ਲੜਾਈ ਵਿਚ ਫਸੀ ਰਹੀ।

ਜਦੋਂ 26 ਮਦਰਾਸ ਬੁਰੀ ਤਰ੍ਹਾਂ ਦੀ ਲੜਾਈ 'ਚ ਉਲਝ ਗਈ ਤਾਂ 9 ਗੜ੍ਹਵਾਲ ਦੀਆਂ ਦੋ ਕੰਪਨੀਆਂ ਨੂੰ ਆਟਾ ਮੰਡੀ ਵਾਲੇ ਘੰਟਾ ਘਰ ਵਲੋਂ ਹਮਲਾ ਕਰਨ ਵਾਸਤੇ ਆਖਿਆ ਗਿਆ। ਉਨ੍ਹਾਂ ਦੇ ਪਿੱਛੇ 15 ਕਮਾਊਂ (2 ਕੰਪਨੀਆਂ ਘਟ) ਨੇ ਆਉਣਾ ਸੀ। 15 ਕਮਾਊਂ ਦੀ ਇਹ ਫ਼ੌਜ ਗੁਰੂ

ਰਾਮਦਾਸ ਨਿਵਾਸ, ਅਕਾਲ ਰੈਸਟ ਹਾਊਸ, ਤੇਜਾ ਸਿੰਘ ਸਮੁੰਦਰੀ ਹਾਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ 'ਤੇ ਕਬਜ਼ਾ ਕਰਨ ਵਾਸਤੇ ਰਿਜ਼ਰਵ ਰੱਖੀ ਹੋਈ ਸੀ। ਹੁਣ ਇਸ ਨੂੰ ਇਸ ਐਕਸ਼ਨ ਦੀ ਜਗ੍ਹਾ ਦੱਖਣੀ ਦਰਵਾਜ਼ੇ ਵੱਲ ਟੋਰ ਦਿੱਤਾ ਗਿਆ।

9 ਗੜ੍ਹਵਾਲ ਦੀਆਂ ਕੰਪਨੀਆਂ ਨੇ ਤੜਕੇ ਡੇਢ ਵਜੇ ਤਕ ਸਿੱਖ ਰੈਫ਼ਰੈਂਸ ਲਾਇਬਰੇਰੀ ਅਤੇ ਇਸ ਦੇ ਦੋਹੀਂ ਪਾਸੀਂ ਮਕਾਨਾਂ 'ਤੇ ਕਬਜ਼ਾ ਕਰ ਲਿਆ ਸੀ। ਇਸ ਵੇਲੇ ਤਕ 15 ਕਮਾਊਂ ਐਕਸ਼ਨ ਫੋਰਸ, ਲੈਫ਼ਟੀਨੈਂਟ ਜਨਰਲ ਐਨ.ਸੀ. ਪੰਤ ਦੀ ਕਮਾਨ ਹੇਠ ਐਕਸ਼ਨ ਵਿਚ ਰੁੱਝੀ ਹੋਈ ਸੀ। ਬਰਾੜ ਮੁਤਾਬਿਕ 6 ਜੂਨ ਤੜਕੇ 2 ਵਜੇ ਤਕ ਹਾਲਾਤ ਇੰਞ ਸੀ:

(1) 10 ਗਾਰਡ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਸੀ ਤੇ ਉਸ ਨੇ ਉੱਤਰੀ ਘੰਟਾ ਘਰ 'ਤੇ ਕਬਜ਼ਾ ਕਰ ਲਿਆ ਸੀ, ਪਰ ਅਜੇ ਵੀ ਪਰਕਰਮਾ ਦੇ ਕਮਰਿਆਂ ਵਿਚ ਖਾੜਕੂਆਂ ਦੀਆਂ ਗੋਲੀਆਂ ਭਾਰਤੀ ਫ਼ੌਜੀਆਂ ਦੀਆਂ ਜਾਨਾਂ ਲੈ ਰਹੀਆਂ ਸਨ।

(2) 26 ਮਦਰਾਸ ਦੱਖਣੀ ਬਾਹੀ ਵਿਚ ਪਹੁੰਚ ਚੁੱਕੀ ਸੀ।

(3) 9 ਗੜ੍ਹਵਾਲ ਰਾਈਫ਼ਲ ਦੀਆਂ ਦੋ ਕੰਪਨੀਆਂ ਦੱਖਣੀ ਦੁਆਰ (ਸਿੱਖ ਰੈਫ਼ਰੈਂਸ ਲਾਇਬਰੇਰੀ) ਦੇ ਦੋਹੀਂ ਪਾਸੀ ਕਬਜ਼ਾ ਕਰ ਚੁੱਕੀਆਂ ਸਨ।

(4) 1 ਪੈਰਾ-ਕਮਾਂਡੋ ਅਤੇ ਐਸ.ਐਸ.ਐਫ਼. ਵਲੋਂ ਅਕਾਲ ਤਖ਼ਤ ਸਾਹਿਬ ਤਕ ਪੁੱਜਣ ਦੀਆਂ ਸਾਰੀਆਂ ਕੋਸ਼ਿਸਾਂ ਨਾਕਾਮ ਰਹੀਆਂ ਸਨ ਤੇ ਉਹ ਸਾਰੇ ਉੱਥੇ ਜਾਣ ਦੀ ਕੋਸ਼ਿਸ਼ ਵਿਚ ਮਾਰੇ ਜਾ ਚੁੱਕੇ ਸਨ।

ਦਰਬਾਰ ਸਾਹਿਬ 'ਤੇ ਟੈਂਕਾਂ ਨਾਲ ਹਮਲਾ

ਜਿਸ ਵੇਲੇ ਬਰਗੇਡੀਅਰ ਏ.ਕੇ. ਦੀਵਾਨ (ਚਿੱਕੀ) ਸਿੱਖ ਰੈਫ਼ਰੈਂਸ ਲਾਇਬਰੇਰੀ ਕੋਲ ਆ ਗਿਆ, ਬਰਾੜ ਨੇ 26 ਮਦਰਾਸ, 15 ਕਮਾਊਂ ਤੇ 9 ਗੜ੍ਹਵਾਲ ਨੂੰ ਦੀਵਾਨ ਦੀ ਕਮਾਨ ਹੇਠ ਕਰ ਦਿੱਤਾ। ਉਨ੍ਹਾਂ ਨੂੰ ਹਦਾਇਤ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਹੀ ਨਿਸ਼ਾਨਾ ਰੱਖਣ। ਤੜਕੇ ਢਾਈ ਵਜੇ ਤਕ ਦੀਵਾਨ ਨੇ ਗੜ੍ਹਵਾਲ ਤੇ ਕਮਾਊਂ ਦੀ ਕਮਾਨ ਸੰਭਾਲ ਕੇ ਐਕਸ਼ਨ ਸ਼ੁਰੂ ਕਰ ਦਿੱਤਾ ਸੀ। ਉਸ ਵਲੋਂ ਸਖ਼ਤ ਗੋਲਾਬਾਰੀ ਸ਼ੁਰੂ ਹੋ ਚੁੱਕੀ ਸੀ। ਪਰ ਇਸ ਦੇ ਬਾਵਜੂਦ ਭਾਰਤੀ ਫ਼ੌਜ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵੱਲ ਇਕ ਸੈਂਟੀਮੀਟਰ ਵੀ ਨਹੀਂ ਸੀ ਵੱਧ ਸਕੀ। ਇਸ ਹਾਲਤ ਵਿਚ ਦੀਵਾਨ ਤੇ ਬਰਾੜ ਨੇ ਟੈਂਕਾਂ ਨਾਲ ਹਮਲਾ ਕਰਨ ਦੀ ਪਲਾਨ ਬਣਾਈ। ਪਰ ਉਹ ਸੁੰਦਰਜੀ ਨਾਲ ਰਾਬਤਾ ਨਾ ਬਣਾ ਸਕੇ। ਅਖ਼ੀਰ ਜਦੋਂ ਬਰਾੜ ਦਾ ਸੁੰਦਰਜੀ ਨਾਲ ਰਾਬਤਾ ਹੋਇਆ, ਉਸ ਨੇ ਇੰਦਰਾ ਗਾਂਧੀ ਤੋਂ ਹੁਕਮ ਲੈ ਕੇ ਪਰਕਰਮਾ ਵਿਚ ਟੈਂਕ ਭੇਜਣ ਦੀ ਇਜਾਜ਼ਤ ਦੇ ਦਿੱਤੀ। ਢਾਈ ਤੇ ਪੌਣੇ ਤਿੰਨ ਵਜੇ ਦੇ ਵਿਚਕਾਰ ਪਹਿਲਾ ਟੈਂਕ ਗੁਰੂ ਰਾਮਦਾਸ ਸਰਾਂ (ਪੂਰਬੀ ਬਾਹੀ) ਵੱਲੋਂ ਲਿਆਂਦਾ ਗਿਆ। ਟੈਂਕ ਨੇ ਪਰਕਰਮਾ ਵਿਚ ਦਾਖ਼ਿਲ ਹੋ ਕੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵਲ ਸਰਚ ਲਾਈਟ ਸੁੱਟੀ ਅਤੇ ਨਾਲ ਹੀ ਗੋਲੀਆਂ ਦਾ ਮੀਂਹ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਹੁਣ ਟੈਂਕ ਤੋਂ ਅਤੇ ਸਾਰੀਆਂ ਫ਼ੌਜੀ ਟੁਕੜੀਆਂ ਵਲੋਂ ਆਖ਼ਰਾਂ ਦੀ ਗੋਲਾਬਾਰੀ ਸ਼ੁਰੂ ਹੋ ਗਈ। ਪਰ ਇਹ ਐਕਸ਼ਨ ਵੀ ਬਹੁਤੀ ਦੇਰ ਨਾ ਚੱਲ ਸਕਿਆ, ਕਿਉਂਕਿ ਸਰਚ ਲਾਈਟ ਦੀਆਂ ਬੱਤੀਆਂ ਇਕ ਮਿੰਟ ਤੋਂ ਵੱਧ ਜਗਾਉਣ ਨਾਲ ਹਰ ਵਾਰ ਇਨ੍ਹਾਂ ਬਲਬਾਂ ਦੀ ਤਾਰ ਸੜ ਜਾਂਦੀ ਸੀ। ਇਸ

ਹਾਲਤ ਵਿਚ ਭਾਰਤੀ ਫ਼ੌਜ ਨੇ ਇਕ ਹੋਰ ਟੈਂਕ ਲੈ ਆਂਦਾ। ਜਦੋਂ ਦੂਜੇ ਟੈਂਕ ਦੇ ਬਲਬਾਂ ਦੀਆਂ ਤਾਰਾਂ ਸੜ ਗਈਆਂ ਤਾਂ ਤੀਜਾ ਟੈਂਕ ਵੀ ਅੰਦਰ ਲਿਆਂਦਾ ਗਿਆ। ਥੋੜ੍ਹੀ ਦੇਰ ਮਗਰੋਂ ਤਕਰੀਬਨ ਚਾਰ ਕੁ ਵਜੇ ਇਕ ਬਖ਼ਤਰਬੰਦ ਗੱਡੀ ਵੀ ਪਰਕਰਮਾ ਵਿਚ ਲਿਆਂਦੀ ਗਈ। ਇਸ ਗੱਡੀ ਨੂੰ ਲਿਆਉਣ ਵਾਸਤੇ ਪਰਿਕਰਮਾ ਦੀਆਂ ਪੌੜੀਆਂ ਟੈਂਕ ਨਾਲ ਤੋੜਨੀਆਂ ਪਈਆਂ, ਕਿਉਂਕਿ ਪਹੀਆਂ ਵਾਲੀ ਸਕੌਟ ਇਨ੍ਹਾਂ ਪੌੜੀਆਂ ਤੋਂ ਲੰਘ ਨਹੀਂ ਸੀ ਸਕਦੀ।

ਇਸ ਵੇਲੇ ਤਕ 84 ਐਮ.ਐਮ. ਦੇ ਕਾਰਲ ਗੁਸਤਾਵ (ਸਵੀਡਨ ਦੇ ਬਣੇ) ਰੌਂਦ ਅਕਾਲ ਤਖ਼ਤ ਸਾਹਿਬ ਦੀ ਇਮਾਰਤ ’ਤੇ ਸੁੱਟੇ ਜਾ ਰਹੇ ਸਨ। ਹੁਣ 15 ਕਮਾਊਂ ਦੇ ਕੁਝ ਦਸਤੇ ਬਖ਼ਤਰਬੰਦ ਗੱਡੀ ਵਿਚ ਬੈਠ ਕੇ ਪਰਕਰਮਾ ਵਿਚੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਵਲ ਵੱਧੇ ਤਾਂ ਜੋ ਉਹ ਭਾਰਤੀ ਫ਼ੌਜ ਦੇ ਰਾਕਟਾਂ ਦੇ ਹਮਲਿਆਂ ਦੀ ਆੜ ਵਿਚ ਲੰਘਦੇ ਅਕਾਲ ਤਖ਼ਤ ਸਾਹਿਬ ਤਕ ਜਾ ਪੁੱਜਣ। ਪਰ ਇਹ ਬਖ਼ਤਰਬੰਦ ਗੱਡੀ ਜਦੋਂ ਸਾਢੇ ਚਾਰ ਕੁ ਵਜੇ ਅਕਾਲ ਤਖ਼ਤ ਸਾਹਿਬ ਦੇ ਨੇੜੇ ਪੁੱਜੀ ਤਾਂ ਇਕ ਐਂਟੀ-ਟੈਂਕ ਗੋਲਾ ਇਸ ’ਤੇ ਆ ਵੱਜਾ ਤੇ ਇਹ ਉੱਥੇ ਹੀ ਜਾਮ ਹੋ ਗਈ। ਹੁਣ ਸਰਘੀ ਵੇਲਾ ਹੋ ਗਿਆ ਸੀ ਅਤੇ ਨਿੰਮ੍ਹੀ-ਨਿੰਮ੍ਹੀ ਰੌਸ਼ਨੀ ਹੋ ਗਈ ਸੀ। ਸਵੇਰੇ 5 ਵਜ ਕੇ 10 ਮਿੰਟ ’ਤੇ ਇੰਦਰਾ ਗਾਂਧੀ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਟੈਂਕਾ ਰਾਹੀਂ ਉਡਾ ਦੇਣ ਦਾ ਹੁਕਮ ਦੇ ਦਿੱਤਾ। 5 ਵੱਜ ਕੇ 21 ਮਿੰਟ ’ਤੇ ਟੈਂਕਾਂ ਨੇ ਅੰਨ੍ਹੇ-ਵਾਹ ਗੋਲਾਬਾਰੀ ਸ਼ੁਰੂ ਕਰ ਦਿੱਤੀ। ਜਿਸ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਘੱਟੋ-ਘੱਟ ਤੀਜਾ ਹਿੱਸਾ ਜਾਂ ਤਾਂ ਬਿਲਕੁਲ ਹੀ ਢਹਿ-ਢੇਰੀ ਹੋ ਗਿਆ ਤੇ ਜਾਂ ਬੁਰੀ ਤਬਾਹ ਹੋ ਗਿਆ। ਇਸ ਦੇ ਨਾਲ ਭਾਰਤੀ ਫ਼ੌਜ ਦਾ ਵੀ ਬਹੁਤ ਨੁਕਸਾਨ ਹੋ ਰਿਹਾ ਸੀ। ਅਖ਼ੀਰ ਪੌਣੇ ਕੁ ਛੇ ਵਜੇ ਏ-ਕਮਾਂਡੋ ਕੰਪਨੀ ਦਾ ਮੇਜਰ ਬੀ.ਕੇ. ਮਿਸ਼ਰਾ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀਆਂ ਪੌੜੀਆਂ ਨੇੜੇ ਜਾ ਪੁੱਜਾ ਪਰ ਉਹ ਅਤੇ ਉਸ ਦੇ ਸਾਥੀ ਉਥੇ ਹੀ ਢੇਰੀ ਹੋ ਗਏ। ਇਸ ਤੋਂ ਇਲਾਵਾ ਦੋਵੇਂ ਕੰਪਨੀਆਂ, ਜੋ ਤਖ਼ਤ ਸਾਹਿਬ ਦੀ ਇਮਾਰਤ ਵੱਲ ਵਧ ਰਹੀਆਂ ਸਨ, ਵੀ ਖਾੜਕੂਆਂ ਦੀ ਜ਼ਬਰਦਸਤ ਗੋਲਾਬਾਰੀ ਦਾ ਸ਼ਿਕਾਰ ਹੋ ਗਈਆਂ। ਉਨ੍ਹਾਂ ਵਿਚੋਂ ਬਹੁਤ ਸਾਰੇ ਮਾਰੇ ਗਏ ਤੇ ਬਚੇ-ਖੁਚੇ ਪਰਿਕਰਮਾ ਦੇ ਬਰਾਂਡੇ ਵਿਚ ਆ ਕੇ ਲੁਕ ਗਏ।

ਸਵੇਰੇ 6 ਵਜ ਕੇ 20 ਮਿੰਟ ਤਕ ਭਾਰਤੀ ਫ਼ੌਜ ਸਿਰਫ਼ ਬੰਦੇ ਮਰਵਾਉਣ ਵਿਚ ਹੀ ਕਾਮਯਾਬ ਹੋ ਸਕੀ ਸੀ ਤੇ ਅਕਾਲ ਤਖ਼ਤ ਸਾਹਿਬ ਦੇ ਮੋਰਚੇ ’ਚੋਂ ਹੋਰ ਕੁਝ ਵੀ ਹਾਸਿਲ ਨਹੀਂ ਸੀ ਕਰ ਸਕੀ। ਇਸ ਮਗਰੋਂ ਸੂਬੇਦਾਰ ਕੇ.ਪੀ. ਰਮਨ ਰਵੀ ਦੀ ਅਗਵਾਈ ਹੇਠ ਕੁਝ ਕਮਾਂਡੋ ਤਖ਼ਤ ਸਾਹਿਬ ਦੀ ਇਮਾਰਤ ਵੱਲ ਵਧੇ। ਉਹ ਸਾਰੇ ਅਕਾਲ ਤਖ਼ਤ ਸਾਹਿਬ ਦੀਆਂ ਪੌੜੀਆਂ ’ਚ ਪੁੱਜ ਗਏ। ਖਾੜਕੂਆਂ ਨੇ ਸੂਬੇਦਾਰ ਰਵੀ ਨੂੰ ਕਾਬੂ ਕਰ ਲਿਆ ਅਤੇ ਉਸ ਦੇ ਜਿਸਮ ਦੇ ਦੁਆਲੇ ਬਾਰੂਦ ਦੀਆਂ ਲੜੀਆਂ ਬੰਨ੍ਹ ਕੇ ਉਸ ਨੂੰ ਉਡਾ ਦਿੱਤਾ ਤੇ ਬਾਕੀ ਦੇ ਕਮਾਂਡੋ ਵੀ ਮਾਰ ਦਿੱਤੇ। ਸਵੇਰੇ ਸਾਢੇ ਸੱਤ ਵਜੇ ਤਕ ਭਾਰਤੀ ਫ਼ੌਜੀਆਂ ਦੀਆਂ ਲਾਸ਼ਾਂ ਦਾ ਢੇਰ ਲੱਗ ਚੁੱਕਾ ਸੀ। ਹੁਣ ਵਿਜਯੰਤ ਟੈਂਕਾਂ ਨੇ 105 ਐਮ.ਐਮ. ਦੇ ਧਮਾਕਾਖ਼ੇਜ਼ ਸੂਕੈਸ਼ ਹੈੱਡ ਗੋਲੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ’ਤੇ ਸੁੱਟਣੇ ਸ਼ੁਰੂ ਕਰ ਦਿੱਤੇ। ਇਕ ਸੋਮੇ ਮੁਤਾਬਿਕ ਘਟੋ-ਘੱਟ 80 ਅਜਿਹੇ ਗੋਲੇ ਅਕਾਲ ਤਖ਼ਤ ਸਾਹਿਬ ਵਲ ਸੁੱਟੇ ਗਏ। ਦੁਪਹਿਰ 11 ਵਜੇ ਤਕ ਇਹ ਲੜਾਈ ਚਲਦੀ ਰਹੀ। ਇਸ ਦੌਰਾਨ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ*, ਭਾਈ ਅਮਰੀਕ ਸਿੰਘ, (ਜਨਰਲ) ਸੁਬੇਗ ਸਿੰਘ ਅਤੇ ਦਰਜਨਾਂ ਹੋਰ ਸਿੱਖ ਸ਼ਹੀਦ ਹੋ ਚੁੱਕੇ ਸਨ। ਅਕਾਲ ਤਖ਼ਤ’ਚੋਂ ਕੁਝ ਸਿੱਖ ਪਿਛਲੇ ਪਾਸਿਓਂ ਬਚ ਕੇ ਨਿਕਲ ਵੀ ਚੁੱਕੇ ਸਨ।

*(*__ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਦੀ ਸ਼ਹੀਦੀ ਕਬੂਲੀ:__ ਜੱਥਾ ਭਿੰਡਰਾਂ-ਮਹਿਤਾ (ਜੋ ਆਪਣੇ ਆਪ ਨੂੰ 1977 ਤੋਂ ਦਮਦਮੀ ਟਕਸਾਲ ਕਹਿਣ ਲਗ ਪਿਆ ਹੈ) 1984 ਤੋਂ ਲਗਾਤਾਰ ਇਹੀ ਕਹਿੰਦਾ ਰਿਹਾ ਹੈ ਕਿ ਬਾਬਾ ਜਰਨੈਲ ਸਿੰਘ 6 ਜੂਨ 1984 ਦੇ ਦਿਨ ਸ਼ਹੀਦ ਨਹੀਂ ਹੋਏ ਸਨ ਅਤੇ ਖ਼ੁਫ਼ੀਆ ਰਸਤੇ ਰਾਹੀਂ ਦਰਬਾਰ ਸਾਹਿਬ ਵਿਚੋਂ ਨਿਕਲ ਕੇ ਚਲੇ ਗਏ ਸਨ। ਇਸ ਡੇਰੇ ਦੇ ਮੁਖੀ ਠਾਕਰ ਸਿੰਘ ਨੇ ਇਹ ਗੱਲ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਈ ਵਾਰ ਕਹੀ ਕਿ ਬਾਬਾ ਜਰਨੈਲ ਸਿੰਘ ਠੀਕ ਠਾਕ ਹਨ ਅਤੇ ਉਨ੍ਹਾਂ ਨਾਲ ਉਸ (ਠਾਕਰ ਸਿੰਘ) ਦਾ ਰਾਬਤਾ ਲਗਾਤਾਰ ਕਾਇਮ ਹੈ; ਉਸ ਨੇ ਅਤੇ ਇਸ ਡੇਰੇ ਦੇ ਬਾਕੀ ਆਗੂਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਹ ਝੂਠ ਲਗਾਤਾਰ 21 ਸਾਲ ਬੋਲਿਆ; ਅਖ਼ੀਰ ਇਨ੍ਹਾਂ ਵਿਚੋਂ ਬਹੁਤਿਆਂ ਨੇ, ਸਣੇ ਬਾਬਾ ਜਰਨੈਲ ਸਿੰਘ ਦੇ ਪਰਵਾਰ ਨੇ, 6 ਜੂਨ 2001 ਦੇ ਦਿਨ ਬਾਬਾ ਜਰਨੈਲ ਸਿੰਘ ਦੀ ਸ਼ਹੀਦੀ ਮੰਨ ਲਈ)।*

ਅਕਾਲ ਤਖਤ 'ਤੇ ਕਬਜ਼ੇ ਮਗਰੋਂ ਭਾਰਤੀ ਫ਼ੌਜ ਨੂੰ ਸਿਰਫ਼ ਖਾੜਕੂਆਂ ਦੀਆਂ ਲਾਸ਼ਾਂ ਅਤੇ ਚੰਦ ਇਕ ਛੋਟੇ-ਮੋਟੇ ਹਥਿਆਰਾਂ ਤੋਂ ਸਿਵਾ ਕੁਝ ਵੀ ਨਾ ਮਿਲਿਆ। ਭਾਵੇਂ ਭਾਰਤੀ ਫ਼ੌਜ ਨੇ ਦਾਅਵਾ ਕੀਤਾ ਹੈ ਕਿ 6 ਜੂਨ ਨੂੰ ਦੁਪਹਿਰੇ 11 ਵਜੇ ਕੁਝ ਖਾੜਕੂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਤੋਂ ਨਿਕਲ ਕੇ ਸਰੋਵਰ ਵਲ ਭੱਜੇ ਤਾਂ ਜੋ ਤੈਰ ਕੇ ਦਰਬਾਰ ਸਾਹਿਬ ਜਾ ਸਕਣ, ਪਰ ਫ਼ੌਜ ਨੇ ਉਨ੍ਹਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਤੇ ਇਂਵ ਹੀ 10 ਖਾੜਕੂ ਚਿੱਟਾ ਝੰਡਾ ਲਹਿਰਾ ਕੇ ਤਖ਼ਤ ਸਾਹਿਬ ਦੀ ਇਮਾਰਤ ਚੋਂ ਨਿਕਲ ਕੇ ਬਾਹਰ ਆਏ ਤੇ ਫ਼ੌਜ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਅਕਾਲ ਤਖ਼ਤ ਸਾਹਿਬ ਤੋਂ ਸਰੋਵਰ ਤਕ ਪੁੱਜਣ ਤਕ ਹਜ਼ਾਰਾਂ ਗੋਲੀਆਂ ਦੀ ਵਾਛੜ ਤੋਂ ਬਚਣਾ ਨਾਮੁਮਕਿਨ ਸੀ ਤੇ ਇਂਵ ਹੀ ਚਿੱਟਾ ਝੰਡਾ ਲੈ ਕੇ ਆਉਣ ਵਾਲੇ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਵੀ ਝੂਠੀ ਹੈ, ਕਿਉਂਕਿ ਫ਼ੌਜ ਨੇ ਇਸ ਮੌਕੇ 'ਤੇ ਕਿਸੇ ਵੀ ਖਾੜਕੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ, ਬਲਕਿ ਸਿਰਫ਼ ਗੋਲੀ ਨਾਲ ਹੀ ਉਡਾਇਆ ਸੀ। ਸ਼ਾਇਦ ਬਰਾੜ ਹਥਿਆਰ ਸੁੱਟਣ ਦੀ ਗੱਲ ਆਖ ਕੇ ਫ਼ੌਜ ਦੀ ਕੋਈ 'ਕਾਮਯਾਬੀ' ਸਾਬਿਤ ਕਰਨੀ ਚਾਹੁੰਦਾ ਹੈ। ਦਰਅਸਲ ਅਕਾਲ ਤਖ਼ਤ ਦੇ ਮੂਹਰੇ ਗਹਿਗੱਚ ਲੜਾਈ ਹੋਈ ਸੀ ਤੇ ਚਸ਼ਮਦੀਦ ਗਵਾਹਾਂ ਮੁਤਾਬਿਕ ਇਕ ਵੀ ਖਾੜਕੂ ਉੱਥੋਂ ਜਿਊਂਦਾ ਨਹੀਂ ਸੀ ਫੜਿਆ ਗਿਆ।

◆

ਦਰਬਾਰ ਸਾਹਿਬ 'ਤੇ ਹਮਲੇ ਦੇ ਕੁਝ ਅਨਜਾਣੇ ਪੱਖ

ਦੁਨੀਆਂ ਭਰ ਦੀ ਸਭ ਤੋਂ ਵੱਡੀ ਅਸਾਂਵੀਂ ਲੜਾਈ

ਦੁਨੀਆਂ ਭਰ ਵਿਚ ਬਹੁਤ ਸਾਰੀਆਂ ਲੜਾਈਆਂ ਅਸਾਵੀਆਂ ਲੜਾਈਆਂ ਮੰਨੀਆਂ ਗਈਆਂ ਹਨ ਜਿਨ੍ਹਾਂ ਵਿਚ ਇਕ ਪਾਸੇ ਮੁਠ ਕੂ ਲੋਕ ਸਨ ਤੇ ਉਨ੍ਹਾਂ ਕੋਲ ਅਸਲਾ ਵੀ ਥੋੜ੍ਹਾ ਜਾਂ ਮਾਮੂਲੀ ਜਿਹਾ ਸੀ ਤੇ ਦੂਜੇ ਪਾਸੇ ਬਹੁਤ ਤਾਕਤਵਰ, ਵੱਡੀ, ਅਤੇ ਅਸਲੇ ਨਾਲ ਭਰਪੂਰ ਫ਼ੌਜ ਸੀ। ਇਨ੍ਹਾਂ ਵਿਚੋਂ ਅੱਧੀਆਂ ਤੋਂ ਵਧ ਜੰਗਾਂ ਸਿੱਖਾਂ ਨੇ ਲੜੀਆਂ ਸਨ, ਜਿਵੇਂ ਚਮਕੌਰ (7-8 ਦਸੰਬਰ 1705), ਲੋਹਗੜ੍ਹ (30 ਨਵੰਬਰ 1710), ਅਕਾਲ ਤਖ਼ਤ (1 ਦਸੰਬਰ 1764), ਸਾਰਾਗੜ੍ਹੀ (12 ਸਤੰਬਰ 1897)। ਪਰ ਸਭ ਤੋਂ ਲਾਸਾਨੀ ਸੀ ਜੂਨ 1984 ਦੀ ਲੜਾਈ। 4 ਤੋਂ 6 ਜੂਨ 1984 ਦੀ ਦਰਬਾਰ ਸਾਹਿਬ ਦੀ ਲੜਾਈ ਨੇ ਦੁਨੀਆਂ ਭਰ ਦੀਆਂ ਜੰਗਾਂ ਦੀ ਤਵਾਰੀਖ਼ ਬਦਲ ਕੇ ਰੱਖ ਦਿੱਤੀ। ਸਿਰਫ਼ 444 ਵਰਗ ਫੁੱਟ ਜਗਹ 'ਤੇ ਕਬਜ਼ਾ ਕਰਨ ਵਾਸਤੇ ਇਕ ਪਾਸੇ ਦੁਨੀਆਂ ਭਰ ਦੀ ਚੌਥੀ ਵੱਡੀ ਫ਼ੌਜ ਦੇ ਇਕ ਲੱਖ ਤੋਂ ਵਧ ਫ਼ੌਜੀ, ਦੁਨੀਆਂ ਭਰ ਦੇ ਸਭ ਤੋਂ ਨਵਾਂ ਅਸਲਾ, ਟੈਕਨਾਲੋਜੀ ਅਤੇ ਸਹੂਲਤਾਂ ਸਣੇ (ਜਿਸ ਵਿਚ ਹੈਲੀਕਾਪਟਰ, ਬਖ਼ਤਰਬੰਦ ਗੱਡੀਆਂ, ਬੰਬ, ਟੈਂਕ ਵੀ ਸ਼ਾਮਿਲ ਸਨ) ਅਤੇ ਦੂਜੇ ਪਾਸੇ ਸਨ: ਭੁੱਖੇ ਭਾਣੇ 125 ਦੇ ਕਰੀਬ ਅਸਿੱਖਿਅਤ ਨੌਜਵਾਨ ਸਨ। ਭਲਕੇ ਸ਼ਾਇਦ ਤਵਾਰੀਖ਼ ਪੜ੍ਹਨ ਵਾਲੇ ਇਹ ਮੰਨਣ ਤੋਂ ਝਕ ਜਾਣ ਕਿ ਕੀ ਇਹ ਜੰਗ ਸਚਮੁਚ ਹੋਈ ਸੀ ਜਿਸ ਵਿਚ ਐਡੀ ਵੱਡੀ ਤਾਕਤ ਨੂੰ ਏਨੀ ਕੂ ਜਗਹ 'ਤੇ ਕਬਜ਼ਾ ਕਰਨ ਵਾਸਤੇ ਏਨੇ ਕੂ ਬੰਦਿਆਂ ਨੇ ਤਿੰਨ ਦਿਨ ਅੱਗੇ ਲਾਈ ਰੱਖਿਆ।

ਲੜਾਈ ਦੇ ਹੀਰੋ ਕੌਣ ਸਨ ?

ਇਸ ਜੰਗ ਦਾ ਸਾਰਾ ਪੈਂਤੜਾ ਜਨਰਲ ਸੁਬੇਗ ਸਿੰਘ ਨੇ ਤਿਆਰ ਕੀਤਾ ਸੀ। ਸਭ ਤੋਂ ਵਧ ਤਕੜਾ ਮੋਰਚਾ (ਜਥੇਦਾਰ ਤਲਵਿੰਦਰ ਸਿੰਘ ਦੇ ਸਾਥੀ ਤੇ ਸਿਮਰਨਜੀਤ ਸਿੰਘ ਮਾਨ ਦੀ ਸਰਪਰਸਤੀ ਵਾਲੇ) ਅਮਰਜੀਤ ਸਿੰਘ ਖੇਮਕਰਨੀ ਦਾ ਸੀ। ਉਨ੍ਹਾਂ ਤੋਂ ਇਲਾਵਾ ਨਾਗੋਕੇ ਦੇ ਜੁਝਾਰੂ ਸ਼ਾਇਦ ਸਭ ਤੋਂ ਵਧ ਲੜੇ ਸਨ। ਬੀਬੀਆਂ ਵਿਚੋਂ ਉਪਕਾਰ ਕੌਰ ਅਤੇ ਪਰਮਜੀਤ ਕੌਰ ਸੰਧੂ ਨੇ ਬੀਬੀ ਭਿੱਖਾਂ ਚੌਹਾਨ (6 ਦਸੰਬਰ 1705) ਵਾਲਾ ਸਾਕਾ ਮੁੜ ਦੁਹਰਾਇਆ ਸੀ। ਖਾੜਕੂਆਂ ਦੀ ਗਿਣਤੀ ਕਿਸੇ ਤਰ੍ਹਾਂ ਨਾਲ ਵੀ 125 ਤੋਂ ਵਧ ਨਹੀਂ ਸੀ।

ਭਾਰਤੀ ਫ਼ੌਜ ਨੇ ਇਹ ਲੜਾਈ ਸ਼ਰਾਬੀ ਹੋ ਕੇ ਲੜੀ

ਦਰਬਾਰ ਸਾਹਿਬ ਅਤੇ ਹੋਰ ਥਾਂਵਾਂ 'ਤੇ ਹਮਲਾਵਰ ਫ਼ੌਜੀਆਂ ਨੇ ਸਾਰੀ ਲੜਾਈ ਸ਼ਰਾਬੀ ਹੋ ਕੇ ਲੜੀ ਸੀ। ਇਕ ਸਰਕਾਰੀ ਰਿਪੋਰਟ ਮੁਤਾਬਿਕ ਫ਼ੌਜ ਨੇ ਸਿਰਫ਼ ਪੰਜਾਬ ਵਿਚੋਂ ਹੀ 7 ਲੱਖ

ਬੋਤਲਾਂ ਰੰਮ ਦੀਆਂ, 30 ਹਜ਼ਾਰ ਵਿਸਕੀ ਦੇ ਅਧੀਏ, 60 ਹਜ਼ਾਰ ਬਰਾਂਡੀ ਦੇ ਅਧੀਏ ਤੇ ਇਕ ਲੱਖ 60 ਹਜ਼ਾਰ ਬੀਅਰ ਦੀਆਂ ਬੋਤਲਾਂ ਖ਼ਰੀਦੀਆਂ ਸਨ। ਇਹ ਸਾਰੀਆਂ ਪੰਜਾਬ ਸਰਕਾਰ ਦੇ 'ਟੈਕਸ ਅਤੇ ਐਕਸਾਈਜ਼' ਮਹਿਕਮੇ ਨੇ ਇਕ ਨੋਟੀਫ਼ਿਕੇਸ਼ਨ ਰਾਹੀਂ ਟੈਕਸ-ਫ਼ਰੀ ਕਰ ਕੇ ਫ਼ੌਜ ਨੂੰ 'ਅਪਰੇਸ਼ਨ ਬਲੂ ਸਟਾਰ' ਵਾਸਤੇ ਮੁਹਈਆ ਕੀਤੀਆਂ ਸਨ। ਇਸ ਤੋਂ ਇਲਾਵਾ ਹਜ਼ਾਰਾਂ ਡੱਬੀਆਂ ਸਿਗਰਟਾਂ ਵੀ ਮੁਹੱਈਆ ਕੀਤੀਆਂ ਗਈਆਂ। ਫ਼ੌਜੀ ਦਰਬਾਰ ਸਾਹਿਬ ਦੀ ਹਦੂਦ ਵਿਚ ਸ਼ਰੇਆਮ ਸਿਗਰਟਾਂ ਪੀਂਦੇ ਰਹੇ।

ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਨਾਲ ਕੀ ਸਲੂਕ ਕੀਤਾ ਗਿਆ?

ਭਾਰਤੀ ਫ਼ੌਜ ਨੂੰ ਹੁਕਮ ਸੀ ਦਰਬਾਰ ਸਹਿਬ ਵਿਚੋਂ ਕਿਸੇ ਵੀ ਸਿੱਖ ਨੂੰ ਗ੍ਰਿਫ਼ਤਾਰ ਨਹੀਂ ਕਰਨਾ; ਜੋ ਵੀ ਨਜ਼ਰ ਆਵੇ ਉਸ ਨੂੰ ਗੋਲੀ ਮਾਰ ਦੇਣੀ ਹੈ। ਇਸ ਦੇ ਬਾਵਜੂਦ ਇਕ ਫ਼ੌਜੀ ਅਫ਼ਸਰ ਨੇ ਬੇਗੁਨਾਹ ਲੋਕਾਂ ਨੂੰ ਗੋਲੀ ਮਾਰਨ ਦੀ ਬਜਾਇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਦੇ ਹੱਥ ਪਿੱਠ ਪਿੱਛੇ ਬੰਨ੍ਹ ਕੇ ਬਿਠਾ ਲਿਆ ਗਿਆ। ਪਰ ਅਖ਼ੀਰ ਫ਼ੌਜੀ ਜਰਨੈਲਾਂ ਦੇ ਹੁਕਮ ਹੇਠ ਉਨ੍ਹਾਂ ਕੈਦ ਕੀਤੇ ਸਿੱਖਾਂ ਨੂੰ ਵੀ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਜਦ ਕੁਝ ਲਾਸ਼ਾਂ ਦਾ ਪੋਸਟ ਮਾਰਟਮ ਹੋਇਆ ਤਾਂ ਉਨ੍ਹਾਂ ਵਿਚ ਪਿੱਠ ਪਿੱਛੇ ਬੰਨੇ ਹੱਥਾਂ ਵਾਲੇ ਇਹ ਲੋਕ ਵੀ ਸ਼ਾਮਿਲ ਸਨ (ਰੋਜ਼ਾਨਾ 'ਟਾਈਮਜ਼' ਲੰਡਨ, 14 ਜੂਨ 1984)। 6 ਜੂਨ ਦੀ ਸ਼ਾਮ ਤਕ ਦਰਬਾਰ ਸਾਹਿਬ ਕੰਪਲੈਕਸ ਵਿਚ ਹਰ ਪਾਸੇ ਲਾਸ਼ਾਂ ਦੇ ਢੇਰ ਸਨ। ਸੈਂਕੜੇ ਫ਼ੌਜੀਆਂ ਦੀਆਂ ਲਾਸ਼ਾਂ ਫ਼ੌਜੀ ਟਰੱਕਾਂ ਵਿਚ ਲਿਜਾਈਆਂ ਗਈਆਂ ਅਤੇ ਸਿੱਖਾਂ ਦੀਆਂ ਲਾਸ਼ਾਂ ਢੋਣ ਵਾਸਤੇ ਮਿਉਂਸਪਲ ਕਮੇਟੀ ਦੀਆਂ ਕੂੜਾਂ ਚੁੱਕਣ ਵਾਲੀਆਂ ਟਰਾਲੀਆਂ ਲਿਆਂਦੀਆਂ ਗਈਆਂ। ਲਾਸ਼ਾਂ ਚੁੱਕਣ ਵਾਲੇ ਭੰਗੀਆਂ (ਸਫ਼ਾਈ ਸੇਵਕਾਂ) ਨੂੰ ਲਾਲਚ ਦਿੱਤਾ ਗਿਆ ਕਿ ਲਾਸ਼ਾਂ ਦੇ ਬੋਝਿਆਂ ਵਿਚੋਂ ਜੋ ਵੀ ਮਾਲ ਮੱਤਾ ਮਿਲੇ ਉਹ ਰੱਖ ਸਕਦੇ ਹਨ। ਉਨ੍ਹਾਂ ਸਾਰਿਆਂ ਨੂੰ ਸ਼ਰਾਬ ਦੀਆਂ ਬੋਤਲਾਂ ਦਿੱਤੀਆਂ ਗਈਆਂ ਤੇ ਉਨ੍ਹਾਂ ਸ਼ਰਾਬ ਦੇ ਨਸ਼ੇ ਵਿਚ ਲਾਸ਼ਾਂ ਦੀ ਬੋਅ ਦੀ ਪਰਵਾਹ ਨਾ ਕਰਦੇ ਹੋਏ ਇਨ੍ਹਾਂ ਲਾਸ਼ਾਂ ਨੂੰ ਅੰਮ੍ਰਿਤਸਰ ਤੇ ਆਲੇ-ਦੁਆਲੇ ਦੇ ਸ਼ਮਸ਼ਾਨ ਘਾਟਾਂ ਵਿਚ ਇਕੱਠੀਆਂ ਕਰ ਕੇ ਬਿਨਾਂ ਕਿਸੇ ਧਾਰਮਿਕ ਰਸਮਾਂ ਦੇ ਫੂਕ ਦਿੱਤਾ। ਲਾਸ਼ਾਂ ਢੋਣ ਦਾ ਕੰਮ 6 ਤੇ 7 ਜੂਨ ਦੋਵੇਂ ਦਿਨ, ਦਿਨ ਰਾਤ, ਚਲਦਾ ਰਿਹਾ।ਇਹ ਸਾਰਾ ਕੁਝ ਡੀ.ਸੀ. ਰਮੇਸ਼ਇੰਦਰ ਸਿੰਘ ਦੀ ਨਿਗਰਾਨੀ ਹੇਠ ਕੀਤਾ ਗਿਆ। (ਸੁਭਾਸ਼ ਕਿਰਪਾਕਰ ਅਤੇ ਬ੍ਰਹਮਾ ਚੇਲਾਨੀ ਨੇ ਇਸ ਸਾਰੀ ਹਾਲਤ ਵਿਚੋਂ ਬਹੁਤਾ ਕੁਝ ਨੂੰ ਅੱਖੀਂ ਵੇਖ ਕੇ ਆਪਣੀਆਂ ਲਿਖਤਾਂ ਵਿਚ ਬਿਆਨ ਕੀਤਾ ਹੈ)।

2 ਤੋਂ 12 ਸਾਲ ਦੀ ਉਮਰ ਦੇ ਸਿੱਖ ਦਹਿਸ਼ਤਗਰਦ ਜੇਲ੍ਹ ਵਿਚ

ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਕੰਪਲੈਕਸ ਵਿਚ ਹਜ਼ਾਰਾਂ ਸਿੱਖ ਯਾਤਰੂਆਂ ਦਾ ਬੇਰਹਿਮੀ ਨਾਲ ਕਤਲ ਕੀਤਾ। ਇਨ੍ਹਾਂ ਯਾਤਰੂਆਂ ਵਿਚੋਂ ਕਈਆਂ ਦੇ ਨਾਲ ਨਿੱਕੇ ਨਿੱਕੇ ਬੱਚੇ ਵੀ ਆਏ ਹੋਏ ਸਨ।ਜਿਹੜੇ ਬੱਚੇ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਸੁੱਤੇ ਪਏ ਸਨ ਉਨ੍ਹਾਂ ਨੂੰ ਤਾਂ ਫ਼ੌਜ ਨੇ ਮਾਂ ਪਿਓ ਦੇ ਨਾਲ ਹੀ ਗੋਲੀਆਂ ਨਾਲ ਭੁੰਨ ਦਿੱਤਾ ਸੀ ਪਰ ਜਿਹੜੇ ਬੱਚੇ ਸਰਾਵਾਂ ਵਿਚ ਰਹਿ ਗਏ ਸਨ ਉਨ੍ਹਾਂ ਦੇ ਮਾਪਿਆਂ ਦੇ ਮਰਨ ਪਿੱਛੋਂ ਫ਼ੌਜ ਨੇ ਇਨ੍ਹਾਂ 39 ਬੱਚਿਆਂ, ਜਿਨ੍ਹਾਂ ਦੀ ਉਮਰ 2 ਤੋਂ 12 ਸਾਲ ਤਕ ਸੀ, ਨੂੰ 'ਦਹਿਸ਼ਤਗਰਦ' ਕਹਿ ਕੇ ਗ੍ਰਿਫ਼ਤਾਰ ਕਰ ਲਿਆ। ਇਹ 'ਦਹਿਸ਼ਤਗਰਦ' ਬੱਚੇ ਲੁਧਿਆਣਾ ਜੇਲ੍ਹ ਵਿਚ ਰੱਖੇ ਗਏ ਸਨ। ਉਥੇ ਇਨ੍ਹਾਂ ਵਾਸਤੇ ਕੋਈ ਨਿਗਰਾਨ ਨਹੀਂ ਸੀ ਤੇ ਵੱਡੇ

(11-12 ਸਾਲ ਦੇ) ਬੱਚੇ ਨਿੱਕੇ ਬੱਚਿਆਂ ਦੀ ਦੇਖ ਭਾਲ ਕਰਦੇ ਸਨ। ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਮਾਂ ਬਾਪ ਮਰ ਚੁਕੇ ਸਨ। ਕਾਨੂੰਨ (ਚਿਲਡਰਨ ਐਕਟ 1960 ਤੇ 1976) ਮੁਤਾਬਿਕ ਇਸ ਉਮਰ ਦੇ ਬੱਚੇ ਨੂੰ ਜੇਲ੍ਹ ਵਿਚ ਰੱਖਣ ਦੀ ਸਖ਼ਤ ਮਨਾਹੀ ਹੈ। ਪਰ ਸਿੱਖਾਂ ਦੇ ਇਨਸਾਨੀ ਹੱਕ ਤਾਂ ਹੁੰਦੇ ਹੀ ਨਹੀਂ! ਅਖ਼ੀਰ ਸਤੰਬਰ ਵਿਚ ਕਮਲਾ ਦੇਵੀ ਚੱਟੋਪਾਧੀਆ ਨਾਂ ਦੀ ਇਕ ਇਨਸਾਨੀ ਹਕੂਕ ਦੀ ਇਕ ਅਲੰਬਰਦਾਰ ਨੇ ਇਸ ਸਬੰਧੀ ਭਾਰਤ ਦੀ ਸੁਪਰੀਮ ਕੋਰਟ ਵਿਚ ਦਰਖ਼ਾਸਤ ਦਿੱਤੀ ਤਾਂ ਇਨ੍ਹਾਂ ਬੱਚਿਆਂ ਦੀ ਖਲਾਸੀ ਹੋਈ (ਇਸ ਤੋਂ ਪਹਿਲਾਂ ਕਿ ਸੁਪਰੀਮ ਕੋਰਟ ਦਾ ਹੁਕਮ ਉਥੇ ਪੁੱਜਦਾ ਇਨ੍ਹਾਂ ਵਿਚੋਂ ਕੁਝ ਬੱਚੇ ਨਾਭਾ ਜੇਲ੍ਹ ਵਿਚ ਭੇਜ ਦਿੱਤੇ ਗਏ ਸਨ ਜੋ ਕਈ ਕਈ ਸਾਲ ਜੇਲ੍ਹ ਵਿਚ ਰਹੇ।

ਜ਼ਾਲਮ ਫ਼ੌਜੀਆਂ ਨੂੰ ਐਵਾਰਡ

ਭਾਰਤੀ ਫ਼ੌਜ ਨੇ ਲੋਕਾਂ ’ਤੇ ਏਨੇ ਜ਼ੁਲਮ ਕੀਤੇ ਕਿ ਇਕ ਆਮ ਬੰਦਾ ਤਰਾਹ-ਤਰਾਹ ਕਰ ਉਠਦਾ ਹੈ; ਪਰ ਭਾਰਤ ਸਰਕਾਰ ਨੇ ਇਨ੍ਹਾਂ ਫ਼ੌਜੀਆਂ ਨੂੰ ਇਨਸਾਨੀ ਹੱਕਾਂ ਦਾ ਘਾਣ ਕਰਨ ਦੇ ਬਦਲੇ ਵਿਚ ਐਵਾਰਡ ਦਿੱਤੇ। ਚੇਤੇ ਰਹੇ ਕਿ 1962, 1965 ਤੇ 1971 ਵਿਚ ਭਾਰਤੀ ਫ਼ੌਜ ਨੇ ਪਾਕਿਸਤਾਨ ਅਤੇ ਚੀਨ ਦੇ ਖ਼ਿਲਾਫ਼ ਜੰਗਾਂ ਲੜੀਆਂ ਸਨ। ਉਨ੍ਹਾਂ ਜੰਗਾਂ ਵਿਚ ਦੁਸ਼ਮਣ ਦੇ ਖ਼ਿਲਾਫ਼ ਲੜਦਿਆਂ ਕਈ ਫ਼ੌਜੀਆਂ ਨੇ ਕਮਾਲ ਦੀ ਬਹਾਦਰੀ ਦਿਖਾਈ ਸੀ। ਉਨ੍ਹਾਂ ਵਿਚੋਂ ਕਿਸੇ ਨੂੰ ਐਵਾਰਡ ਤੇ ਇਨਾਮ ਦੇਣ ਵਾਸਤੇ ਕਦੇ ਕੋਈ ਸਮਾਗਮ ਨਹੀਂ ਕੀਤਾ ਗਿਆ ਸੀ, ਪਰ, ਦਰਬਾਰ ਸਾਹਿਬ ’ਤੇ ਹਮਲੇ ਦੌਰਾਨ ‘ਬਹਾਦਰੀ ਦਿਖਾਉਣ’ ਬਦਲੇ 10 ਜੁਲਾਈ 1985 ਦੇ ਦਿਨ ਉਚੇਚਾ ਸਮਾਗਮ ਕਰ ਕੇ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਇਨ੍ਹਾਂ ‘ਬਹਾਦਰ ਫ਼ੌਜੀਆਂ’ ਨੂੰ ਐਵਾਰਡ ਦਿੱਤੇ।

ਭਾਰਤੀ ਫ਼ੌਜ ਦੇ ਮੁਖੀ ਗਿਆਨੀ ਜ਼ੈਲ ਸਿੰਘ ਦਾ ਦਰਬਾਰ ਸਾਹਿਬ ਆਉਣਾ

ਜੂਨ 1984 ਦੇ ਪਹਿਲੇ ਹਫ਼ਤੇ ਭਾਰਤੀ ਫ਼ੌਜ ਵੱਲੋਂ ਦਰਬਾਰ ਸਾਹਿਬ ਤਬਾਹੀ ਨੂੰ ਜਿਹੜਾ ਵੀ ਸਿੱਖ ਸੁਣਦਾ ਉਸ ਦੇ ਅੰਦਰ ਭਾਰਤ ਵਾਸਤੇ ਤੇ ਇੰਦਰਾ ਵਾਸਤੇ ਹੋਰ ਅਤੇ ਨਫ਼ਰਤ ਸੁਤੇ-ਸਿੱਧ ਆਉਣੀ ਹੀ ਸੀ। ਇਸ ਸਾਰੇ ’ਤੇ ਪਰਦਾ ਪਾਉਣ ਵਾਸਤੇ ਤੇ ਸਿੱਖਾਂ ਦੇ ਰੋਹ ਨੂੰ ਠੰਡਿਆਂ ਕਰਨ ਵਾਸਤੇ ਡਰਾਮੇ ਵਜੋਂ ਭਾਰਤ ਦਾ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ 8 ਜੂਨ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਕਿਉਂਕਿ ਉਹ ਭਾਰਤੀ ਫ਼ੌਜਾਂ ਦਾ ਮੁਖੀ ਸੀ, ਇਸ ਕਰ ਕੇ ਉਸ ਨੇ ਆਪਣੀ ਫ਼ੌਜ ਦੀ ‘ਕਾਮਯਾਬੀ’ ਨੂੰ ਵੇਖਣਾ ਹੀ ਸੀ! ਅਕਾਲ ਤਖ਼ਤ ਸਾਹਿਬ ਦੀ ਤਬਾਹੀ, ਦਰਬਾਰ ਸਾਹਿਬ ’ਤੇ 350 ਤੋਂ ਗੋਲੀਆਂ ਦੇ ਨਿਸ਼ਾਨ, ਸੜੀ ਹੋਈ ਕਰੋੜਾਂ ਰੁਪਿਆਂ ਦੀ ਚਾਨਣੀ, ਗੋਲੀਆਂ ਨਾਲ ਜ਼ਖ਼ਮੀ ਹੋਇਆ ਦਰਬਾਰ ਸਾਹਿਬ ’ਚ ਪਿਆ ਗੁਰੂ ਗ੍ਰੰਥ ਸਾਹਿਬ ਦਾ 1830 ਦਾ ਸਰੂਪ, ਚੋਰੀ ਕਰ ਲਈ ਗਈ ਸਿੱਖ ਰੈਫ਼ਰੈਂਸ ਲਾਇਬਰੇਰੀ (ਜੋ ਅੱਜ ਨਵੰਬਰ 2014 ਤਕ ਵੀ ਵਾਪਿਸ ਨਹੀਂ ਕੀਤੀ), ਦਰਬਾਰ ਸਾਹਿਬ ਵਿਚ ਸਿਗਰਟਾਂ ਪੀਂਦੇ ਭਾਰਤੀ ਫ਼ੌਜੀ ਵੇਖ ਕੇ ਉਸ ਦੇ ਦਿਲ ਵਿਚ ਦਰਦ ਨਾ ਜਾਗਿਆ। ਉਸ ਦੀ ਮੁਰਦਾ ਰੂਹ ਨੂੰ ਜ਼ਖ਼ਮੀ ਹੋਏ-ਹੋਏ ਦਰਬਾਰ ਸਾਹਿਬ ਕੰਪਲੈਕਸ ਨੇ ਨਾ ਟੁੰਬਿਆ। ਇਕ ਬੇਗ਼ੈਰਤ, ਜਜ਼ਬਾਤ-ਰਹਿਤ, ਮੁਰਦਾ-ਰੂਹ ਵਾਂਗ ਉਹ ਆਇਆ ਅਤੇ ਟੀ.ਵੀ. ਅਤੇ ਅਖ਼ਬਾਰਾਂ ਵਿਚ ਤਸਵੀਰਾਂ ਛਪਵਾ ਕੇ ਚਲਾ ਗਿਆ। ਇਥੇ ਹੀ ਬੱਸ ਨਹੀਂ ਇੰਦਰਾ ਗਾਂਧੀ ਦੇ ਇਸ ‘ਝਾੜੂ-ਬਰਦਾਰ’ ਨੇ ਇਕ ਤਕਰੀਰ ਵਿਚ ਇਸ ‘ਮਹਾਨ ਕਾਰਨਾਮੇ’ ਨੂੰ ਹੱਕ-ਬਜਾਨਬ ਵੀ ਠਹਿਰਾਇਆ ਤੇ ਮਗਰੋਂ ਹਮਲਾ ਕਰਨ ਵਾਲਿਆਂ ਨੂੰ ਮੈਡਲ ਵੀ ਦਿੱਤੇ। ਜ਼ੈਲ ਸਿੰਘ ਦੀ ਫੇਰੀ

ਵੇਲੇ ਇਕ ਸਿੱਖ ਨੇ ਫ਼ਾਇਰਿੰਗ ਵੀ ਕੀਤੀ ਜਿਸ ਨਾਲ (ਰੂਹਾਨੀ ਤੌਰ 'ਤੇ ਮਰ ਚੁੱਕਾ) ਜ਼ੈਲ ਤਾਂ ਬਚ ਗਿਆ ਪਰ ਇਕ ਕਰਨਲ ਨੂੰ ਗੋਲੀ ਵੱਜੀ। ਉਸ ਵੇਲੇ ਦਰਬਾਰ ਸਾਹਿਬ ਸਿੱਖਾਂ ਵਾਸਤੇ ਬੈਨ ਸੀ ਪਰ ਜ਼ੈਲ ਸਿੰਘ ਦੇ ਆਉਣ 'ਤੇ ਦਰਬਾਰ ਸਾਹਿਬ ਵਿਚ ਕੀਰਤਨ ਕਰਨ ਵਾਸਤੇ ਰਾਗੀ ਜੱਥਾ ਲਿਆਂਦਾ ਗਿਆ; ਉਸ ਵੇਲੇ ਰਾਗੀ ਸੁਰਿੰਦਰ ਸਿੰਘ ਪਟਨਾ ਸਾਹਿਬ ਕੀਰਤਨ ਕਰ ਰਹੇ ਸਨ; ਜ਼ੈਲ ਸਿੰਘ ਦੇ ਆਉਣ 'ਤੇ ਉਨ੍ਹਾਂ ਨੇ ਭਾਈ ਗੁਰਦਾਸ ਦੀ ਵਾਰ 35 ਦੀ ਪਹਿਲੀ ਪਉੜੀ **'ਕੁਤਾ ਰਾਜ ਬਹਾਲੀਐ ਫਿਰ ਚੱਕੀ ਚੱਟੇ'** ਗਾਈ ਅਤੇ ਜ਼ੈਲ ਸਿੰਘ ਨੂੰ ਉਸ ਦੀ ਔਕਾਤ ਦੱਸੀ।

ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਕਿੰਨੇ ਲੋਕ ਮਰੇ?

ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਭਾਵੇਂ ਸਰਕਾਰ ਨੇ ਆਪਣੇ 'ਵ੍ਹਾਈਟ ਪੇਪਰ' (ਜੂਨ 1984) ਵਿਚ ਕਿਹਾ ਸੀ ਕਿ ਇਸ ਹਮਲੇ ਦੌਰਾਨ ਸਿਰਫ਼ 83 ਫ਼ੌਜੀ ਤੇ 493 ਸਿੱਖ ਮਰੇ ਸਨ। ਪਰ, 20 ਜੂਨ 1984 ਦੇ ਦਿਨ, ਭਾਰਤੀ ਫ਼ੌਜ ਦੇ ਮੇਜਰ ਜਨਰਲ ਆਰ.ਕੇ. ਗੌੜ ਨੇ 4 ਅਫ਼ਸਰਾਂ, 4 ਜੇ.ਸੀ.ਸੀਜ਼. ਅਤੇ 92 ਫ਼ੌਜੀਆਂ ਦਾ ਮਰਨਾ ਮੰਨਿਆ); ਸਰਕਾਰ ਨੇ 287 ਫ਼ੌਜੀਆਂ ਦਾ ਜ਼ਖ਼ਮੀ ਹੋਣਾ ਅਤੇ 121 ਸਿੱਖਾਂ ਦਾ ਫੱਟੜ ਹੋਣਾ ਮੰਨਿਆ ਸੀ। ਮਗਰੋਂ 1987 ਵਿਚ ਰਾਜੀਵ ਗਾਂਧੀ ਨੇ ਨਾਗਪੁਰ ਵਿਚ ਮੀਡੀਆ ਕੋਲ 700 ਫ਼ੌਜੀਆਂ ਦਾ ਮਰਨਾ ਕਬੂਲ ਕੀਤਾ ਸੀ। ਪਰ ਖ਼ੁਫ਼ੀਆ ਰਿਪੋਰਟਾਂ ਮੁਤਾਬਿਕ 1208 ਫ਼ੌਜੀ, 125 ਦੇ ਕਰੀਬ ਖਾੜਕੂ ਅਤੇ 3228 ਸਿੱਖ ਯਾਤਰੂ ਤੇ ਬੰਗਲਾਦੇਸ਼ੀ ਮੁਸਾਫ਼ਿਰ ਮਾਰੇ ਗਏ ਸਨ; ਗ਼ੈਰ-ਸਰਕਾਰੀ ਸੋਮਿਆਂ ਮੁਤਾਬਿਕ ਜ਼ਖ਼ਮੀਆਂ ਵਿਚ 3000 ਫ਼ੌਜੀ, 12 ਖਾੜਕੂ ਅਤੇ 1526 ਸਿੱਖ ਤੇ ਬੰਗਲਾਦੇਸ਼ੀ ਮੁਸਾਫ਼ਿਰ ਸ਼ਾਮਿਲ ਸਨ। (ਸਰਕਾਰ ਮੁਤਾਬਿਕ ਹੋਰ ਗੁਰਦੁਆਰਿਆਂ ਵਗ਼ੈਰਾ 'ਚ ਹਮਲਿਆਂ ਦੌਰਾਨ 9 ਫ਼ੌਜੀ ਤੇ 60 ਸਿੱਖ ਮਾਰੇ ਗਏ ਸਨ। ਸਰਕਾਰ ਨੇ ਦਰਬਾਰ ਸਾਹਿਬ 'ਚੋਂ 1592, ਹੋਰ ਗੁਰਦੁਆਰਿਆਂ 'ਚੋਂ 796 ਤੇ ਬਾਕੀ ਜਗਹ ਤੋਂ 2324, ਕੁਲ 4712, ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਮੰਨੀਆਂ ਹਨ)।

ਦੁਨੀਆਂ ਭਰ ਵਿਚ ਸਿੱਖਾਂ ਵੱਲੋਂ ਰੋਸ: ਪਦਮ ਸ੍ਰੀ ਐਵਾਰਡ ਮੋੜੇ

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਸਭ ਤੋਂ ਪਹਿਲਾਂ ਖ਼ੁਸ਼ਵੰਤ ਸਿੰਘ ਨੇ ਪਦਮ ਸ੍ਰੀ ਐਵਾਰਡ ਵਾਪਿਸ ਕੀਤਾ। 10 ਜੂਨ 1984 ਦੇ ਦਿਨ ਕੈਪਟਨ ਅਮਰਿੰਦਰ ਸਿੰਘ ਅਤੇ ਦਵਿੰਦਰ ਸਿੰਘ ਗਰਚਾ ਨੇ ਪਾਰਲੀਮੈਂਟ ਦੀ ਮੈਂਬਰੀ ਅਤੇ ਕਾਂਗਰਸ ਤੋਂ ਅਸਤੀਫ਼ਾ ਦਿੱਤਾ; ਇਨ੍ਹਾਂ ਨਾਲ ਬੂਟਾ ਸਿੰਘ ਨੇ ਵੀ ਅਸਤੀਫ਼ਾ ਦੇਣ ਦੀ ਪਲਾਨ ਬਣਾਈ ਸੀ ਪਰ ਬਾਅਦ ਵਿਚ ਉਸ ਦਾ ਦਿਲ ਬੇਈਮਾਨ ਹੋ ਗਿਆ ਅਤੇ ਉਹ ਮੁਕਰ ਗਿਆ ਤੇ ਸਿੱਖਾਂ 'ਤੇ ਜ਼ੁਲਮ ਕਰਨ ਵਿਚ ਭਾਈਵਾਲ ਬਣਿਆ। ਇਸ ਮਗਰੋਂ ਡਾ: ਗੰਡਾ ਸਿੰਘ, ਭਗਤ ਪੂਰਨ ਸਿੰਘ ਨੇ ਵੀ ਪਦਮਸ੍ਰੀ ਦੇ ਖ਼ਿਤਾਬ ਵਾਪਿਸ ਕਰ ਦਿੱਤੇ। ਚਰਨਜੀਤ ਸਿੰਘ ਕੋਕਾ ਕੋਲਾ ਕਾਂਗਰਸ ਛੱਡ ਗਿਆ। ਸਾਧੂ ਸਿੰਘ ਹਮਦਰਦ ਅਤੇ ਡਾ: ਖ਼ੁਸ਼ਦੇਵਾ ਸਿੰਘ ਨੇ 16 ਜੂਨ 1984 ਦੇ ਦਿਨ ਸਰਕਾਰ ਨੂੰ ਪਦਮਸ੍ਰੀ ਦਾ ਖ਼ਿਤਾਬ ਵਾਪਿਸ ਕਰ ਦਿੱਤਾ।

ਸ. ਸਿਮਰਨਜੀਤ ਸਿੰਘ ਮਾਨ (ਉਦੋਂ ਕਮਾਂਡੈਂਟ ਸੈਂਟਰਲ ਇੰਡਸਟਰੀਅਲ ਸਕਿਊਰਿਟੀ ਫ਼ੋਰਸ- ਆਈ.ਪੀ.ਐਸ., ਬੰਬਈ, ਮਹਾਂਰਾਸ਼ਟਰ) ਨੇ ਰਾਸ਼ਟਰਪਤੀ ਨੂੰ ਖ਼ਤ ਲਿਖ ਕੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਜ਼ਬਰਦਸਤ ਪ੍ਰੋਟੈਸਟ ਕੀਤਾ ਅਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। (ਇਸ ਮਗਰੋਂ ਮਾਨ ਨੇ ਵਿਦੇਸ਼ਾਂ ਵਿਚੋਂ ਖਾਲਿਸਤਾਨ ਲਹਿਰ ਚਲਾਉਣ ਦੀ ਪਲਾਨ

ਬਣਾਈ ਪਰ ਉਸ ਨੂੰ ਭਾਰਤ ਵਿਚੋਂ ਨਿਕਲਣ ਦੀ ਕੋਸ਼ਿਸ਼ ਵਿਚ ਨੇਪਾਲ ਦੀ ਸਰਹਦ ਤੋਂ 27 ਨਵੰਬਰ 1984 ਦੇ ਦਿਨ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਜੇਲ੍ਹ ਵਿਚ ਅੰਤਾਂ ਦੇ ਤਸੀਹੇ ਦਿੱਤੇ ਗਏ। ਪਰ ਇਸ ਦੇ ਬਾਵਜੂਦ ਉਸ ਨੇ ਸੀ ਤਕ ਨਾ ਕੀਤੀ। ਉਸ 'ਤੇ ਇੰਦਰਾ ਗਾਂਧੀ ਦੇ ਕਤਲ ਦਾ ਕੇਸ ਵੀ ਦਰਜ ਕੀਤਾ ਗਿਆ। ਉਸ ਨੂੰ 5 ਸਾਲ ਮਗਰੋਂ ਲੋਕ ਸਭਾ ਚੋਣ ਜਿੱਤਣ ਮਗਰੋਂ 2 ਦਸੰਬਰ 1989 ਦੇ ਦਿਨ ਰਿਹਾ ਕੀਤਾ ਗਿਆ)।

ਅਜਿਹੇ ਰੋਸ ਹੋਰ ਵੀ ਕਈ ਸਿੱਖਾਂ ਨੇ ਜ਼ਾਹਿਰ ਕੀਤੇ ਸਨ। ਪਰ 1947 ਵਿਚ ਵਾਰਸ ਸ਼ਾਹ ਨੂੰ ਆਵਾਜ਼ਾਂ ਮਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਤੇ ਉਸ ਵਰਗੇ ਬੇਗ਼ੈਰਤਾਂ ਦੇ ਅੰਦਰ ਦਾ ਇਨਸਾਨ ਨਾ ਜਾਗਿਆ।

ਵਿਦੇਸ਼ਾਂ ਵਿਚ ਸਿੱਖਾਂ ਨੇ ਹਰ ਪਾਸੇ ਜ਼ਬਰਦਸਤ ਰੋਸ ਜਲੂਸ ਕੱਢੇ। ਸਭ ਤੋਂ ਵੱਡੇ ਜਲੂਸ ਲੰਡਨ, ਵਾਸ਼ਿੰਗਟਨ, ਵੈਨਕੂਵਰ, ਟਰਾਂਟੋ, ਓਸਲੋ ਵਗ਼ੈਰਾ ਵਿਚ ਕੱਢੇ ਗਏ ਸਨ। ਇਨ੍ਹਾਂ ਵਿਚ ਲੱਖਾਂ ਸਿੱਖਾਂ ਨੇ ਹਿਸਾ ਲਿਆ।

ਦਰਬਾਰ ਸਾਹਿਬ 'ਤੇ ਹਮਲਾ ਅਤੇ ਭਾਰਤੀ ਸਿਆਸਤਦਾਨ

ਦਰਬਾਰ ਸਾਹਿਬ 'ਤੇ ਹਮਲੇ ਦੀ ਜ਼ਿੰਮੇਦਾਰੀ, ਆਮ ਤੌਰ 'ਤੇ ਜ਼ੈਲ ਸਿੰਘ, ਇੰਦਰਾ ਗਾਂਧੀ, ਰਾਜੀਵ ਗਾਂਧੀ ਅਤੇ ਕਾਂਗਰਸ ਪਾਰਟੀ 'ਤੇ ਪਾਈ ਜਾਂਦੀ ਹੈ। ਬਹੁਤੇ ਤਾਰੀਖ਼ਦਾਨ ਇਨ੍ਹਾਂ ਨੂੰ ਹੀ ਮੁਜ਼ਰਿਮ ਆਖਦੇ ਹਨ। ਉਦੋਂ ਭਾਰਤੀ ਜਨਤਾ ਪਾਰਟੀ ਅਤੇ ਕਮਿਊਨਿਸਟਾਂ ਨੇ ਵੀ ਇੰਦਰਾ ਦੀ ਰੱਜਵੀਂ ਹਿਮਾਇਤ ਕੀਤੀ ਸੀ। (ਭਾਜਪਾ ਨੇ ਤਾਂ ਇੰਦਰਾ ਗਾਂਧੀ ਨੂੰ ਦੁਰਗਾ ਕਹਿ ਕੇ ਉਸ ਦੀ ਪੂਜਾ ਵੀ ਕੀਤੀ ਸੀ)। ਅਡਵਾਨੀ ਨੇ ਮਾਰਚ 2008 ਵਿਚ ਛਪੀ ਆਪਣੀ ਜੀਵਨੀ ਵਿਚ ਇਹ ਮੰਨਿਆ ਹੈ ਕਿ ਉਹ ਦਰਬਾਰ ਸਾਹਿਬ 'ਤੇ ਹਮਲੇ ਵਾਸਤੇ ਇੰਦਰਾ 'ਤੇ ਵਾਰ-ਵਾਰ ਜ਼ੋਰ ਪਾਉਂਦੇ ਰਹੇ ਸਨ।

(ਇਸ ਕਿਤਾਬ ਦਾ ਰਾਜ਼ ਖੁਲ੍ਹਣ ਦੇ ਕੁਝ ਦਿਨ ਮਗਰੋਂ ਹੀ ਇਸ ਅਡਵਾਨੀ ਨੂੰ, ਉਸ ਦੇ ਦਰਬਾਰ ਸਾਹਿਬ 'ਤੇ ਹਮਲੇ ਵਿਚ ਇਸ 'ਮਹਾਨ ਰੋਲ ਬਦਲੇ', ਬਾਦਲ ਅਕਾਲੀ ਦਲ ਦਿੱਲੀ ਨੇ, ਨਵੇਂ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੀ ਅਗਵਾਈ ਹੇਠ, ਵਿਸਾਖੀ 2008 ਦੇ ਦਿਨ ਉਸ ਦੇ ਘਰ ਜਾ ਕੇ ਸਿਰੋਪਾ ਭੇਟ ਕੀਤਾ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਅਡਵਾਨੀ ਨੂੰ ਸਿਰੋਪੇ ਦੇਣ ਵਾਲੇ ਇਹ ਸਿੱਖ ਵੀ ਦਰਬਾਰ ਸਾਹਿਬ 'ਤੇ ਹਮਲੇ ਦੇ ਹਿਮਾਇਤੀ ਸਨ)।

ਉਂਞ ਸਾਰੀਆਂ ਪਾਰਟੀਆਂ ਅੰਦਰੋਂ-ਅੰਦਰੀ ਮੰਨਦੀਆਂ ਰਹੀਆਂ ਕਿ ਇੰਦਰਾ ਦੇ ਇਸ ਐਕਸ਼ਨ ਦੇ ਪਿਛੋਕੜ ਵਿਚ ਨਿਸ਼ਾਨਾ ਸਿੱਖਾਂ ਦਾ ਪੱਤਾ ਵਰਤ ਕੇ ਹਿੰਦੂ ਵੋਟ ਲੈ ਕੇ ਚੋਣਾਂ ਜਿੱਤਣਾ ਹੀ ਸੀ। ਪਰ ਦੂਜੇ ਪਾਸੇ, ਇੰਦਰਾ ਤੋਂ ਬਾਅਦ ਜਦੋਂ ਵੀ.ਪੀ. ਸਿੰਹ, ਚੰਦਰ ਸ਼ੇਖਰ, ਦੇਵਗੌੜਾ, ਗੁਜਰਾਲ, ਵਾਜਪਾਈ, ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਵੀ ਕਦੇ ਵੀ ਇਸ ਹਮਲੇ ਨੂੰ ਗ਼ਲਤ ਨਹੀਂ ਆਖਿਆ ਅਤੇ ਨਾ ਹੀ ਕਿਸੇ ਇਸ ਦੀ ਸਰਕਾਰੀ ਪੱਧਰ 'ਤੇ ਮੁਆਫ਼ੀ ਹੀ ਮੰਗੀ। ਸਾਰੇ ਸਿਰਫ਼ ਇਸ ਨੂੰ 'ਅਫ਼ਸੋਸਨਾਕ', 'ਮੰਦਭਾਗਾ', 'ਮੁੜ ਕੇ ਨਾ ਹੋਵੇ' ਆਖ ਕੇ ਲਿਫ਼ਾਫ਼ੇਬਾਜ਼ੀ ਕਰਦੇ ਰਹੇ। ਹੋਰ ਤਾਂ ਹੋਰ ਚੰਦਰ ਸ਼ੇਖਰ ਵਰਗੇ ਆਗੂ, ਜਿਨ੍ਹਾਂ ਨੇ ਦਰਬਾਰ ਸਾਹਿਬ 'ਤੇ ਹਮਲੇ ਦੀ ਨਿੰਦਾ ਕੀਤੀ ਸੀ, ਵੀ ਮਗਰੋਂ ਜਦੋਂ ਸਰਕਾਰ ਵਿਚ ਆਏ ਤਾਂ ਉਨ੍ਹਾਂ ਦੀ ਬੋਲੀ ਬਦਲ ਗਈ। ਪਰ, ਐਨ.ਟੀ. ਰਾਮਾ ਰਾਓ, ਸੁਬਰਾਮਨੀਅਮ ਸਵਾਮੀ, ਰਾਮ ਜੇਠਮਲਾਨੀ ਤੇ ਕੁਝ ਹੋਰਾਂ ਨੇ ਸਾਫ਼ ਲਫ਼ਜ਼ਾਂ ਵਿਚ ਹਮੇਸ਼ਾ ਇਸ ਹਮਲੇ ਦੀ ਹਮੇਸ਼ਾ ਪੂਰੀ ਤਰ੍ਹਾਂ ਨਿੰਦਾ ਕੀਤੀ।

ਹਿੰਦੂਆਂ ਨੇ ਖ਼ੁਸ਼ੀਆਂ ਮਨਾਈਆਂ

ਦਰਬਾਰ ਸਾਹਿਬ 'ਚ ਤਬਾਹੀ ਕਰਨ ਮਗਰੋਂ ਜਦੋਂ ਫ਼ੌਜੀ ਬਾਹਰ ਨਿਕਲੇ ਤਾਂ ਸ਼ਹਿਰ ਦੇ ਹਿੰਦੂਆਂ ਨੇ ਫ਼ੌਜੀਆਂ ਦੇ ਇਸ ਮਹਾਨ 'ਕਾਰਨਾਮੇ' 'ਤੇ ਮਿਠਾਈਆਂ, ਫਲ, ਦੁੱਧ ਵਗ਼ੈਰਾ ਨਾਲ ਸੇਵਾ ਕੀਤੀ ਤੇ ਮੁਬਾਰਕਾਂ ਦਿੱਤੀਆਂ ਤੇ ਹਿੰਦੂ ਔਰਤਾਂ ਤੇ ਮਰਦਾਂ ਦੋਹਾਂ ਨੇ ਫ਼ੌਜੀਆਂ ਦੀਆਂ ਆਰਤੀਆਂ ਉਤਾਰੀਆਂ। ਫ਼ੌਜ ਨੇ ਹਿੰਦੂਆਂ ਨੂੰ ਭਿੰਡਰਾਂ ਵਾਲੇ ਦੀ ਲਾਸ਼ ਵੀ ਦਿਖਾਈ। ਹਿੰਦੂਆਂ ਨੇ ਇਸ ਮੌਕੇ 'ਤੇ ਭੰਗੜੇ ਵੀ ਪਾਏ ਤੇ ਖ਼ੁਸ਼ੀਆਂ ਮਨਾਈਆਂ। ਇਸ ਤੋਂ ਜ਼ਾਹਿਰ ਹੁੰਦਾ ਸੀ ਕਿ ਇਹ ਲੜਾਈ ਇੰਦਰਾ ਅਤੇ ਫ਼ੌਜ ਨੇ ਹਿੰਦੂ-ਸਿੱਖ ਲੜਾਈ ਬਣਾ ਕੇ ਲੜੀ ਗਈ ਸੀ ਨਾ ਕਿ ਖਾੜਕੂਆਂ ਜਾਂ ਭਿੰਡਰਾਂਵਾਲੇ ਦੇ ਖ਼ਿਲਾਫ਼। ਫਿਰ ਏਨਾ ਹੀ ਬਸ ਨਹੀਂ, ਭਾਰਤੀ ਫ਼ੌਜ ਨੇ ਤਿੰਨ ਦਰਜਨ ਤੋਂ ਵੱਧ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ। ਇਨ੍ਹਾਂ ਹਮਲਿਆਂ ਵਿਚ ਸਭ ਤੋਂ ਵੱਧ ਨੁਕਸਾਨ ਪਟਿਆਲਾ, ਤਰਨ ਤਾਰਨ, ਮੁਕਤਸਰ, ਮੋਗਾ, ਫ਼ਤਹਿਗੜ ਵਗ਼ੈਰਾ ਵਿਚ ਹੋਇਆ ਸੀ ਜਿੱਥੇ ਸੈਂਕੜੇ ਸਿੱਖ ਮਾਰੇ ਗਏ ਸਨ।

ਸਿੱਖਾਂ ਵੱਲੋਂ ਅੰਮ੍ਰਿਤਸਰ ਵਲ ਕੂਚ

ਜਦੋਂ ਪੰਜਾਬ ਭਰ ਵਿਚ ਸਿੱਖਾਂ ਨੂੰ ਖ਼ਬਰਾਂ ਮਿਲੀਆਂ ਕਿ ਫ਼ੌਜ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ ਹੈ ਤਾਂ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਮਾਲਵੇ, ਦੁਆਬੇ ਤੇ ਮਾਝੇ ਵਲੋਂ ਸਿੱਖ ਅੰਮ੍ਰਿਤਸਰ ਵੱਲ ਚੱਲ ਪਏ। ਭਾਰਤੀ ਫ਼ੌਜ ਨੇ ਹਰ ਪਾਸੇ ਨਾਕੇ ਲਾਏ ਹੋਏ ਸਨ ਤੇ ਤੋਪਾਂ ਬੀੜੀਆਂ ਹੋਈਆਂ ਸਨ, ਖ਼ਾਸ ਕਰ ਕੇ ਹਰੀਕੇ ਪੱਤਣ 'ਤੇ ਅਤੇ ਤਰਨ ਤਾਰਨ ਤੋਂ ਆਉਂਦੇ ਰਸਤੇ 'ਤੇ ਫ਼ੌਜ ਨੇ ਇਧਰ ਆਉਂਦੇ ਸਿੱਖਾਂ ਦੇ ਜਲੂਸਾਂ 'ਤੇ ਗੋਲੀਆਂ ਚਲਾਈਆਂ, ਜਿਸ ਨਾਲ ਗੁਰਬਚਨ ਸਿੰਘ ਤੁੜ ਸਾਬਕ ਐਮ.ਪੀ. ਅਤੇ ਹਜ਼ਾਰਾਂ ਸਿੱਖ ਮਾਰੇ ਗਏ। ਇਕ ਸੋਮੇ ਮੁਤਾਬਿਕ ਫ਼ੌਜ ਨੇ ਹੈਲੀਕਾਪਟਰਾਂ ਰਾਹੀਂ ਵੀ ਸਿੱਖਾਂ 'ਤੇ ਗੋਲੀਆਂ ਚਲਾਈਆਂ ਸਨ।

ਪ੍ਰਕਾਸ਼ ਸਿੰਘ ਬਾਦਲ ਨੇ ਫ਼ੌਜੀਆਂ ਅਤੇ ਪੁਲਸ 'ਚ ਨੌਕਰੀ ਕਰਦੇ ਸਿੱਖਾਂ ਨੂੰ ਬਗ਼ਾਵਤ ਵਾਸਤੇ ਭੜਕਾਇਆ

ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਜਵਾਬ ਵਿਚ, 8 ਜੂਨ 1984 ਦੇ ਦਿਨ, ਪੰਜਾਬ ਦੇ ਸਾਬਕਾ ਚੀਫ਼ ਮਨਿਸਟਰ ਪ੍ਰਕਾਸ਼ ਸਿੰਘ ਬਾਦਲ ਨੇ ਚੰਡੀਗੜ੍ਹ ਵਿਚ ਇਕ ਬਿਆਨ ਜਾਰੀ ਕਰ ਕੇ ਭਾਰਤੀ ਫ਼ੌਜ ਅਤੇ ਪੁਲਸ ਵਿਚ ਨੌਕਰੀ ਕਰ ਰਹੇ ਸਿੱਖਾਂ ਨੂੰ ਸਰਕਾਰ ਦੇ ਖ਼ਿਲਾਫ਼ ਬਗ਼ਾਵਤ ਕਰਨ ਦਾ ਸੱਦਾ ਦਿੱਤਾ। ਇਸ 'ਤੇ ਬਾਦਲ ਨੂੰ 10 ਜੂਨ ਦੇ ਦਿਨ ਗ੍ਰਿਫ਼ਤਾਰ ਕਰ ਕੇ ਮੱਧ ਪ੍ਰਦੇਸ਼ ਵਿਚ ਪੰਚਮੜ੍ਹੀ ਗੈਸਟ ਹਾਊਸ ਵਿਚ ਕੈਦ ਕਰ ਦਿੱਤਾ ਗਿਆ।

ਸਿੱਖ ਫ਼ੌਜੀਆਂ ਵੱਲੋਂ ਬਗਾਵਤ

ਦਰਬਾਰ ਸਾਹਿਬ ਉੱਤੇ ਹਮਲੇ ਵਿਚ ਕੁਝ ਬੇਗ਼ੈਰਤ ਸਿੱਖ ਭਾਰਤੀ ਫ਼ੌਜ ਦੀ ਅਗਵਾਈ ਕਰ ਰਹੇ ਸਨ ਪਰ ਦੂਜੇ ਪਾਸੇ ਧਰਮੀ ਸਿੱਖ ਫ਼ੌਜੀਆਂ ਦੀ ਗ਼ੈਰਤ ਨੇ ਉਨ੍ਹਾਂ ਨੂੰ ਬਗ਼ਾਵਤ ਕਰਨ ਵਾਸਤੇ ਝੰਜੋੜਿਆ। ਕਈ ਪਾਸੇ ਸਿੱਖ ਫ਼ੌਜੀਆਂ ਨੇ ਬਗ਼ਾਵਤ ਕਰ ਦਿੱਤੀ ਅਤੇ ਦਰਬਾਰ ਸਾਹਿਬ ਵੱਲ ਟੁਰ ਪਏ। ਗੰਗਾਨਗਰ (ਰਾਜਿਸਥਾਨ), ਰਾਮਗੜ੍ਹ (ਬਿਹਾਰ), ਯੂ.ਪੀ., ਕਸ਼ਮੀਰ 'ਚੋਂ ਹਜ਼ਾਰਾਂ ਸਿੱਖ

ਫ਼ੌਜੀਆਂ ਨੇ ਬਗ਼ਾਵਤ ਕੀਤੀ ਸੀ।

ਸਭ ਤੋਂ ਵੱਡੀ ਬਗ਼ਾਵਤ 'ਸਿੱਖ ਰੈਜਿਮੈਂਟਾਂ' ਵਿਚ ਰਾਮਗੜ੍ਹ, ਗੰਗਾਨਗਰ ਅਤੇ ਜੰਮੂ ਵਿਚ ਹੋਈ ਸੀ। ਸਭ ਤੋਂ ਪਹਿਲਾ ਤੇ ਵੱਡਾ ਗ਼ਦਰ ਰਾਮਗੜ੍ਹ (ਬਿਹਾਰ) ਵਿਚ ਹੋਇਆ। ਇੱਥੇ ਸ: ਗੁਰਨਾਮ ਸਿੰਘ ਦੀ ਅਗਵਾਈ ਵਿਚ 1461 ਸਿੱਖ ਫ਼ੌਜੀਆਂ ਨੇ ਬਗ਼ਾਵਤ ਕੀਤੀ। ਰਾਮਗੜ੍ਹ ਦੇ 1461 ਜਵਾਨ, ਬਰਗੇਡੀਅਰ ਪੁਰੀ ਨੂੰ ਮਾਰਨ ਮਗਰੋਂ, ਭਾਰੀ ਅਸਲਾ ਲੈ ਕੇ ਅੰਮ੍ਰਿਤਸਰ ਵੱਲ ਟੁਰ ਪਏ। ਇਨ੍ਹਾਂ ਨੂੰ ਰਾਮਗੜ੍ਹ ਤੋਂ 190 ਮੀਲ ਦੂਰ ਸ਼ਕਤੇਸ਼ਗੜ੍ਹ ਰੇਲਵੇ ਸ਼ਟੇਸ਼ਨ 'ਤੇ ਘੇਰ ਲਿਆ ਗਿਆ। ਇਸ ਘੇਰੇ ਵਿਚੋਂ ਵੀ ਕੁਝ ਟਰੱਕ ਬਚ ਕੇ ਨਿਕਲ ਗਏ। ਇਨ੍ਹਾਂ ਨੂੰ '21 ਵੀਂ ਮਕੈਨਾਈਜ਼ਡ ਇਨਫ਼ੈਂਟਰੀ' ਰੈਜਿਮੈਂਟ ਨੇ ਘੇਰ ਲਿਆ। ਬਾਕੀ ਅੱਧਿਆਂ ਨੂੰ ਕੁਝ ਦੂਰ ਜਾ ਕੇ '20ਵੀਂ ਇਨਫ਼ੈਂਟਰੀ' ਨੇ ਘੇਰ ਲਿਆ। ਇਸ ਸਾਰੀ ਮੁਹਿੰਮ ਵਿਚ 25 ਫ਼ੌਜੀ ਮਾਰੇ ਗਏ। ਇਸ ਦੇ ਨਾਲ ਹੀ ਗੰਗਾਨਗਰ ਵਿਚ ਸਿੱਖ ਰੈਜਿਮੈਂਟ ਦੀ '9ਵੀਂ ਬਟਾਲੀਅਨ' ਦੇ 600 ਜਵਾਨਾਂ ਨੇ ਵੀ ਬਗ਼ਾਵਤ ਕੀਤੀ। ਗੰਗਾਨਗਰ ਦੇ 600 ਫ਼ੌਜੀਆਂ ਵਿਚੋਂ ਬਹੁਤੇ ਗ੍ਰਿਫ਼ਤਾਰ ਕਰ ਲਏ ਗਏ ਤੇ ਕੁਝ ਪਾਕਿਸਤਾਨ ਵੀ ਨਿਕਲ ਗਏ। ਜੰਮੂ ਦੇ ਬਾਗ਼ੀਆਂ ਵਿਚੋਂ ਵੀ ਕੁਝ ਪਾਕਿਸਤਾਨ ਨਿਕਲ ਗਏ। ਇੰਵ ਹੀ ਪੂਨਾ ਅਤੇ ਮੁੰਬਈ ਦੇ ਨੇੜੇ ਵੀ ਸਿੱਖ ਫ਼ੌਜੀਆਂ ਨੇ ਅਤੇ 'ਸਿੱਖ 9' ਅਤੇ 'ਪੰਜਾਬ 14' ਦੇ ਸਿੱਖ ਫ਼ੌਜੀਆਂ ਨੇ ਵੀ ਬਗ਼ਾਵਤ ਕੀਤੀ। ਇਨ੍ਹਾਂ ਸਿੱਖਾਂ ਨੂੰ ਭਾਰਤੀ ਫ਼ੌਜ ਨੇ ਰਾਹ ਵਿਚ ਰੋਕ ਕੇ ਮੁਕਾਬਲਾ ਕਰ ਕੇ ਜਾਂ ਤਾਂ ਮਾਰ ਦਿੱਤਾ ਜਾਂ ਗ੍ਰਿਫ਼ਤਾਰ ਕਰ ਲਿਆ। ਇਕ ਸਰਕਾਰੀ ਸੋਮੇ ਮੁਤਾਬਿਕ ਤਿੰਨ ਹਜ਼ਾਰ ਤੋਂ ਵੱਧ ਫ਼ੌਜੀਆਂ ਨੇ ਬਗ਼ਾਵਤ ਕੀਤੀ ਸੀ, ਜਿਨ੍ਹਾਂ ਵਿਚੋਂ ਕਈਆਂ ਦਾ ਕਦੇ ਵੀ ਥਹੁ ਪਤਾ ਨਾ ਲੱਗਿਆ। ਕਈ ਲੋਕਾਂ ਦਾ ਖ਼ਿਆਲ ਹੈ ਕਿ ਇਨ੍ਹਾਂ ਵਿਚੋਂ ਕਈ ਪਾਕਿਸਤਾਨ ਚਲੇ ਗਏ ਤੇ ਉੱਥੇ ਕੈਦ ਕੀਤੇ ਗਏ ਸਨ।

ਸਰਕਾਰ ਦੀ 17 ਅਗਸਤ 1984 ਦੀ ਰਿਪੋਰਟ ਮੁਤਾਬਿਕ 2334 ਸਿੱਖ ਫ਼ੌਜੀਆਂ ਨੇ ਦਰਬਾਰ ਸਾਹਿਬ ਵੱਲ ਚਾਲੇ ਪਾਏ ਸਨ। ਇਨ੍ਹਾਂ ਵਿੱਚੋਂ 67 ਸਿੱਖ ਮਾਰੇ ਗਏ ਸਨ ਤੇ 31 ਲਾਪਤਾ ਐਲਾਨੇ ਗਏ ਸਨ (ਸ਼ਾਇਦ ਤਸੀਹੇ ਦੇ ਕੇ ਮਾਰ ਦਿੱਤੇ ਗਏ ਹੋਣ) ਅਤੇ 172 ਨੂੰ ਸਿੱਧਾ ਮੁਕੱਦਮਾ ਚਲਾ ਕੇ ਸਜ਼ਾ ਦਿੱਤੀ ਗਈ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਫ਼ੌਜੀਆਂ ਦੇ ਕੋਰਟ ਮਾਰਸ਼ਲ ਸਮਰੀ-ਟਰਾਇਲ ਕੀਤੇ ਤੇ ਉਨ੍ਹਾਂ ਨੂੰ ਕੈਦਾਂ ਦੀਆਂ ਸਜ਼ਾਵਾਂ ਦਿੱਤੀਆਂ ਤੇ ਨਾਲ ਹੀ ਨੌਕਰੀ ਤੋਂ ਵੀ ਬਰਤਰਫ਼ ਕਰ ਦਿੱਤਾ।

ਭਾਵੇਂ ਹਜ਼ਾਰਾਂ ਮੀਲ ਬੈਠੇ ਸਿੱਖ ਫ਼ੌਜੀਆਂ ਨੇ ਆਪਣੀ ਜਾਨ ਤੇ ਕੈਰੀਅਰ ਦਾਅ 'ਤੇ ਲਾ ਕੇ ਬਗ਼ਾਵਤ ਕੀਤੀ ਪਰ ਪੰਜਾਬ ਦੀ ਧਰਤੀ 'ਤੇ ਪੂਜਾ ਦਾ ਧਨ ਖਾਣ ਵਾਲੇ ਤੇ ਲੁੱਟਾਂ-ਖੋਹਾਂ ਨਾਲ ਅੱਯਾਸ਼ੀ ਕਰ ਰਹੇ ਤੇ ਭੰਗ ਪੀ ਰਹੇ ਨਿਹੰਗਾਂ ਤੇ ਡੇਰੇਦਾਰਾਂ ਵਿਚੋਂ ਕਿਸੇ ਦੀ ਗ਼ੈਰਤ ਨੇ ਵੀ ਉਨ੍ਹਾਂ ਨੂੰ ਨਾ ਟੁੰਬਿਆ।

ਖਾਲਿਸਤਾਨੀ ਸਰਕਾਰਾਂ: 11 ਜੂਨ 1984 ਦੇ ਦਿਨ ਲੰਡਨ ਵਿਚ ਦਲ ਖਾਲਸਾ ਨੇ ਜਲਾਵਤਨ ਸਰਕਾਰ ਦਾ ਐਲਾਨ ਕਰ ਦਿੱਤਾ। ਦੋ ਦਿਨ ਬਾਅਦ ਜਗਜੀਤ ਸਿੰਘ ਚੌਹਾਨ ਨੇ ਵੀ ਇਕ ਸਰਕਾਰ ਦਾ ਐਲਾਨ ਕਰ ਦਿੱਤਾ।

ਮੈਕਾਰਥੀ ਤਰੀਕੇ ਦਾ ਜ਼ੁਲਮ

ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿਚ ਫ਼ੌਜ ਨੇ 18 ਤੋਂ 40 ਸਾਲ

ਦੀ ਉਮਰ ਦੇ ਹਜ਼ਾਰਾਂ ਸਿੱਖ ਗ੍ਰਿਫ਼ਤਾਰ ਕੀਤੇ। ਇਨ੍ਹਾਂ ਵਿਚੋਂ ਕਈ ਤਾਂ ਫ਼ੌਜ ਨੇ ਮਾਰ ਮੁਕਾਏ ਤੇ ਕੁਝ ਜੇਲ੍ਹਾਂ ਵਿਚ ਸੁੱਟ ਦਿੱਤੇ।

ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਸਤੰਬਰ 1984 ਤਕ (4 ਮਹੀਨੇ) ਕਬਜ਼ਾ ਕਾਇਮ ਰੱਖਿਆ। 6 ਜੂਨ ਤੋਂ 8 ਜੂਨ ਤਕ ਦਰਬਾਰ ਸਾਹਿਬ ਵਿਚ ਕੀਰਤਨ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਨਹੀਂ ਹੋਣ ਦਿੱਤਾ ਗਿਆ ਸੀ। ਅਜਿਹਾ ਪਿਛਲੇ 220 ਸਾਲ 'ਚ ਪਹਿਲੀ ਵਾਰੀ ਹੋਇਆ ਸੀ। ਇਸ ਮਗਰੋਂ ਵੀ ਦਰਬਾਰ ਸਾਹਿਬ ਫ਼ੌਜ ਦੀ ਨਿਗਰਾਨੀ ਹੇਠ ਹੀ ਖੁੱਲ੍ਹਦਾ ਤੇ ਬੰਦ ਹੁੰਦਾ ਰਿਹਾ, ਪਰ ਕਿਸੇ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੁੰਦੀ ਸੀ।

ਹਮਲੇ ਦੌਰਾਨ ਅਕਾਲ ਤਖ਼ਤ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਗਈ ਸੀ, ਪਰ ਇਥੋਂ ਦਾ ਬੁਜ਼ਦਿਲ ਮੁਖ ਸੇਵਾਦਾਰ ਕਿਰਪਾਲ ਸਿੰਘ ਟੀ.ਵੀ. 'ਤੇ ਰੀਲੇਅ ਕੀਤੀ ਗਈ ਇਕ ਕੈਸਟ ਵਿਚ "ਕੋਠਾ ਸਾਹਿਬ ਠੀਕ ਠਾਕ ਹੈ" ਆਖ ਕੇ ਝੂਠ ਬੋਲ ਰਿਹਾ ਸੀ, ਯਕੀਨਨ ਫ਼ੌਜ ਦੀ ਗੋਲੀ ਤੋਂ ਡਰ ਕੇ ਆਪਣੀ ਜਾਨ ਬਚਾਉਣ ਵਾਸਤੇ।

ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਨਾਲ ਬਹੁਤ ਜ਼ਿਆਦਾ ਤਬਾਹੀ ਹੋਈ। ਦਰਬਾਰ ਸਾਹਿਬ 'ਤੇ 350 ਤੋਂ ਵੱਧ ਗੋਲੀਆਂ ਦੇ ਨਿਸ਼ਾਨ ਸਨ, ਤੋਸ਼ੇਖਾਨੇ ਦਾ ਕੀਮਤੀ ਸਾਮਾਨ ਤਬਾਹ ਹੋ ਚੁੱਕਾ ਸੀ। ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਕੀਮਤੀ ਖ਼ਜ਼ਾਨਾ ਚੁੱਕ ਕੇ ਇਮਾਰਤ ਨੂੰ ਸਾੜ ਦਿੱਤਾ ਸੀ। ਫ਼ੌਜ ਨੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਵੀ ਚੁੱਕ ਲਏ ਸਨ ਅਤੇ ਇਨ੍ਹਾਂ ਇਮਾਰਤਾਂ ਨੂੰ ਅੱਗ ਲਾ ਦਿੱਤੀ ਸੀ। ਰੈਫ਼ਰੈਂਸ ਲਾਇਬਰੇਰੀ, ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਰਿਕਾਰਡ ਚੁੱਕ ਕੇ ਕਮਰਿਆਂ ਵਿਚ ਪਈਆਂ ਅਖ਼ਬਾਰਾਂ ਨੂੰ ਸਾੜ ਕੇ ਇਹ ਕਿਹਾ ਗਿਆ ਸੀ ਕਿ ਇਹ ਸਭ ਰਿਕਾਰਡ ਅੱਗ ਲਗਣ ਨਾਲ ਸੜ ਗਏ ਹਨ। ਸਭ ਤੋਂ ਵੱਧ ਤਬਾਹੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਹੋਈ ਸੀ। ਇਸ ਦਾ ਸਾਰਾ ਮੱਥਾ ਤਿੰਨ ਤੋਂ ਪੰਜ ਫ਼ੁੱਟ ਅੰਦਰ ਤਕ ਤੋਪਾਂ ਦੇ ਗੋਲੀਆਂ ਦੀ ਮਾਰ ਨਾਲ ਉੱਡ ਚੁੱਕਾ ਸੀ। ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਕੋਈ ਵੀ ਥੰਮ੍ਹਲਾ ਸਬੂਤਾ ਨਹੀਂ ਸੀ ਨਜ਼ਰ ਆ ਰਿਹਾ। ਤੋਪਾਂ ਦੀ ਮਾਰ ਨੇ ਦੋਹਾਂ ਬਾਹੀਆਂ ਨੂੰ ਢਹਿ-ਢੇਰੀ ਕਰ ਦਿੱਤਾ ਸੀ। ਉਤਲੀ ਮੰਜ਼ਿਲ ਵੀ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਮਾਰਤ ਦੇ ਸਿਖਰ 'ਤੇ ਸੋਨੇ ਦਾ ਗੁੰਬਦ ਵੀ ਬੁਰੀ ਤਰ੍ਹਾਂ ਤਬਾਹ ਹੋ ਚੁੱਕਾ ਸੀ ਤੇ ਉਸ ਵਿਚ ਪਏ ਵੱਡੇ ਮਘੋਰੇ ਦੂਰੋਂ ਦਿਸ ਰਹੇ ਸਨ। ਅਕਾਲ ਤਖ਼ਤ ਸਾਹਿਬ ਵੱਲ ਵੇਖ ਕੇ ਅਜਿਹਾ ਜਾਪਦਾ ਸੀ ਕਿ ਕੋਈ ਜ਼ਲਜ਼ਲਾ ਆਇਆ ਹੋਵੇ, ਜਿਸ ਨੇ ਇਸ ਇਮਾਰਤ ਦੀ ਇਹ ਹਾਲਤ ਕੀਤੀ ਹੋਵੇ। ਪਹਿਲੀ ਅਤੇ ਦੂਜੀ ਵੱਡੀ ਜੰਗ ਹੀ ਨਹੀਂ ਬਲਕਿ ਪੂਰੀ ਤਵਾਰੀਖ਼ ਵਿਚ ਵੀ ਕਿਸੇ ਧਾਰਮਿਕ ਇਮਾਰਤ ਦੀ ਏਨੀ ਤਬਾਹੀ ਨਹੀਂ ਹੋਈ ਹੋਣੀ, ਜਿੰਨੀ ਅਕਾਲ ਤਖ਼ਤ ਦੀ ਇਮਾਰਤ ਦੀ ਹੋਈ ਸੀ।

ਇੰਦਰਾ ਗਾਂਧੀ ਦਰਬਾਰ ਸਾਹਿਬ ਵਿਚ

ਜ਼ੈਲ ਸਿੰਘ ਤੋਂ ਬਾਅਦ ਪ੍ਰਧਾਨ ਮੰਤਰੀ ਇੰਦਰਾ ਵੀ 23 ਜੂਨ ਨੂੰ ਆਪਣੀ ਕਾਮਯਾਬੀ ਵੇਖਣ ਦਰਬਾਰ ਸਾਹਿਬ ਪੁੱਜੀ। ਇੰਦਰਾ ਦਾ ਦੌਰਾ ਇਸ ਨੂੰ ਸਿਆਸੀ ਹਥਿਆਰ ਵਜੋਂ ਵਰਤਣ ਵਾਸਤੇ ਸੀ। ਇੰਦਰਾ ਦੀ ਇਸ ਫੇਰੀ 'ਤੇ, ਜ਼ੈਲ ਸਿੰਘ ਦੀ ਫੇਰੀ ਵਾਂਗ, ਗ੍ਰੰਥੀਆਂ ਕਿਰਪਾਲ ਸਿੰਘ ਅਤੇ ਸਾਹਿਬ

ਸਿੰਘ, ਨੇ ਉਸ ਨੂੰ ਜੀ ਆਇਆਂ ਆਖਿਆ ਤੇ ਉਸ ਦੇ ਅੱਗੇ-ਪਿੱਛੇ ਫਿਰਦੇ ਰਹੇ।

ਦੂਜੇ ਪਾਸੇ ਇਨ੍ਹਾਂ ਦਿਨਾਂ ਵਿਚ (ਪ੍ਰੋ) ਦਰਸ਼ਨ ਸਿੰਘ ਰਾਗੀ ਅਤੇ ਸੁਰਿੰਦਰ ਸਿੰਘ ਰਾਗੀ (ਪਟਨਾ ਸਾਹਿਬ) ਨੇ ਕੀਰਤਨ ਤੇ ਕਥਾ ਰਾਹੀਂ ਸਿੱਖਾਂ ਨੂੰ ਹਲੂਣ ਕੇ ਜ਼ੁਲਮ ਦੇ ਖ਼ਿਲਾਫ਼ ਉੱਠਣ ਵਾਸਤੇ ਜੋਸ਼ ਦਿੱਤਾ। (ਮਗਰੋਂ ਰਾਗੀ ਦਰਸ਼ਨ ਸਿੰਘ ਨੂੰ ਹਰਿਆਣਾ ਪੁਲੀਸ ਨੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਤਸੀਹੇ ਦਿੱਤੇ)।

ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਏਨੀ ਦਿਲ-ਕੰਬਾਊ ਤਬਾਹੀ ਹੋਈ ਸੀ ਕਿ ਇਸ ਨੂੰ ਵੇਖ ਕੇ ਕਮਜ਼ੋਰ ਤੋਂ ਕਮਜ਼ੋਰ ਅਤੇ ਵੱਡੇ ਤੋਂ ਵੱਡੇ ਗੁਨਾਹਗਾਰ ਸਿੱਖ ਦੀ ਰੂਹ ਨੇ ਵੀ ਉਬਾਲਾ ਖਾਣਾ ਹੀ ਸੀ। ਇਸ ਕਰ ਕੇ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ ਨੂੰ ਸਿੱਖਾਂ ਵਾਸਤੇ ਸੀਲ ਕਰੀ ਰੱਖਿਆ। 3 ਜੂਨ 1984 ਤੋਂ 24 ਜੂਨ ਤਕ, 21 ਦਿਨ, ਦਰਬਾਰ ਸਾਹਿਬ ਕੰਪਲੈਕਸ ਵਿਚ ਕਿਸੇ ਵੀ ਸਿੱਖ ਨੂੰ ਵੜਨ ਤਕ ਨਾ ਦਿੱਤਾ ਗਿਆ। 25 ਜੂਨ ਨੂੰ ਸਿਰਫ਼ ਦੋ ਘੰਟੇ ਵਾਸਤੇ ਦਰਬਾਰ ਸਾਹਿਬ 'ਚ ਗਿਣੇ-ਚੁਣੇ ਲੋਕਾਂ ਨੂੰ ਦਾਖ਼ਿਲ ਹੋਣ ਦੀ ਇਜਾਜ਼ਤ ਦਿੱਤੀ ਗਈ। ਇਨ੍ਹਾਂ ਨੂੰ ਵੀ ਸਿਰਫ਼ ਏਨਾ ਹੱਕ ਸੀ ਕਿ ਉਹ ਘੰਟਾ ਘਰ ਵਲੋਂ ਦਰਸ਼ਨੀ ਡਿਉੜੀ ਤੇ ਅੰਦਰ ਹਰਿਮੰਦਰ ਸਾਹਿਬ ਤਕ ਜਾ ਕੇ ਮੱਥਾ ਟੇਕ ਸਕਦੇ ਸਨ। ਪਰ ਇਨ੍ਹਾਂ ਗਿਣਵੇਂ-ਚੁਣਵੇਂ ਸਿੱਖਾਂ ਨੇ ਵੀ ਜਦੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਹਾਲਤ ਵੇਖੀ ਤਾਂ ਉਨ੍ਹਾਂ ਦੀਆਂ ਭੁੱਬਾਂ ਨਿਕਲ ਗਈਆਂ। ਲੋਕਾਂ ਦੀਆਂ ਅੱਖਾਂ ਵਿਚ ਰੋਹ ਅਤੇ ਨਫ਼ਰਤ ਵੇਖ ਕੇ ਫ਼ੌਜ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਫੇਰ ਸੀਲ ਕਰ ਦਿੱਤਾ।

ਸਰਕਾਰ ਦਾ ਵ੍ਹਾਈਟ ਪੇਪਰ ਜਾਰੀ

11 ਜੁਲਾਈ 1987 ਨੂੰ ਸਰਕਾਰ ਨੇ ਪੰਜਾਬ ਬਾਰੇ 'ਵਾਈਟ ਪੇਪਰ' ਜਾਰੀ ਕਰ ਦਿੱਤਾ ਤਾਂ ਜੋ ਸਿੱਖਾਂ ਨੂੰ ਦੋਸ਼ੀ ਠਹਿਰਾਇਆ ਜਾ ਸਕੇ ਅਤੇ ਫ਼ੌਜ ਦੇ ਹਮਲੇ ਨੂੰ ਵਾਜਬ ਕਰਾਰ ਦਿੱਤਾ ਜਾ ਸਕੇ। ਇਸ ਵਿਚ ਖਾੜਕੂਆਂ ਦੇ ਹਥਿਆਰਾਂ ਦੀਆਂ ਤਸਵੀਰਾਂ ਛਾਪੀਆਂ ਗਈਆਂ; ਇਹ ਉਹ ਹਥਿਆਰ ਸਨ ਜੋ ਫ਼ੌਜ ਨੇ ਖ਼ੁਦ ਰੱਖ ਕੇ ਤਸਵੀਰਾਂ ਲਈਆਂ ਸਨ। ਦਰਅਸਲ ਸਾਰਾ 'ਵਾਈਟ ਪੇਪਰ' ਇੱਕ ਕੂਫ਼ਰ ਦਾ ਪੁਲੰਦਾ ਸੀ। ਇਸ ਤੋਂ ਨਾ ਤਾਂ ਦਰਬਾਰ ਸਾਹਿਬ ਉੱਤੇ ਹਮਲੇ ਨੂੰ ਹੱਕ-ਬਜਾਨਿਬ ਠਹਿਰਾਇਆ ਜਾ ਸਕਦਾ ਸੀ ਅਤੇ ਨਾ ਹੀ ਸਰਕਾਰ ਦੇ ਜ਼ੁਲਮ ਤੇ ਪਰਦਾ ਪੈਂਦਾ ਸੀ। ਉਂਞ ਇਸ ਵਿਚ ਇਹ ਰਾਜ਼ ਜ਼ਰੂਰ ਫ਼ਾਸ਼ ਕੀਤਾ ਗਿਆ ਕਿ ਕੁਝ ਅਕਾਲੀ ਚੌਧਰੀ ਸੈਂਟਰ ਨਾਲ ਖ਼ੁਫ਼ੀਆ ਮੁਲਾਕਾਤਾਂ ਕਰਦੇ ਰਹੇ ਸਨ।

ਜਥੇਦਾਰ ਤਲਵਿੰਦਰ ਸਿੰਘ ਰਿਹਾ :

17 ਜੁਲਾਈ ਨੂੰ ਬੱਬਰ ਖਾਲਸਾ ਦੇ ਬਾਨੀ ਜਥੇਦਾਰ ਤਲਵਿੰਦਰ ਸਿੰਘ ਨੂੰ ਜਰਮਨ ਦੀ ਡਜ਼ਲਡੋਰਫ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ ਗਿਆ। ਉਸ ਨੂੰ ਜੂਨ 1983 ਵਿੱਚ ਇੰਟਰਪੋਲ ਨੇ ਗ੍ਰਿਫ਼ਤਾਰ ਕੀਤਾ ਸੀ। ਜਥੇਦਾਰ ਤਲਵਿੰਦਰ ਸਿੰਘ ਰਿਹਾ ਹੋ ਕੇ ਭਾਰਤ ਸਰਕਾਰ ਦੀ ਗ੍ਰਿਫ਼ਤ ਵਿਚੋਂ ਬਚ ਕੇ ਕਨੇਡਾ ਪਹੁੰਚ ਗਿਆ।

ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ

ਅਕਾਲ ਤਖ਼ਤ ਸਾਹਿਬ ਦੀ ਇਮਾਰਤ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਸੀ। ਇਸ ਦੌਰਾਨ ਹੀ

ਸਿੱਖ ਵਿਦਵਾਨਾਂ ਅਤੇ ਆਗੂਆਂ ਨੇ ਆਖਣਾ ਸ਼ੁਰੂ ਕਰ ਦਿੱਤਾ ਸੀ ਕਿ ਅਕਾਲ ਤਖ਼ਤ ਸਾਹਿਬ ਦੀ ਤਬਾਹ ਹੋਈ ਇਮਾਰਤ ਨੂੰ ਹੂ-ਬ-ਹੂ ਰਖਿਆ ਜਾਵੇ ਤਾਂ ਜੋ ਆਉਣ ਵਾਲੀਆਂ ਨਸਲਾਂ, ਇੰਦਰਾ ਦੇ ਹੁਕਮ ਨਾਲ ਭਾਰਤੀ ਫ਼ੌਜ ਵਲੋਂ ਅਕਾਲ ਪੁਰਖ ਦੇ ਤਖ਼ਤ ’ਤੇ ਕੀਤੇ ਹਮਲੇ ਨੂੰ ਕਦੇ ਵੀ ਨਾ ਭੁਲਾ ਸਕਣ। ਭਾਰਤੀ ਫ਼ੌਜ, ਭਾਰਤੀ ਖ਼ੁਫੀਆ ਪੁਲੀਸ ਅਤੇ ਸਰਕਾਰੀ ਸੂਹੀਆਂ ਨੇ, ਇਸ ਕਰ ਕੇ, ਇੰਦਰਾ ਨੂੰ ਸਲਾਹ ਦਿੱਤੀ ਕਿ ਦਰਬਾਰ ਸਾਹਿਬ ਨੂੰ ਉਦੋਂ ਤਕ ਸੀਲ ਰੱਖਿਆ ਜਾਵੇ, ਜਦੋਂ ਤਕ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਪੂਰੀ ਮੁਰੰਮਤ ਨਾ ਹੋ ਜਾਵੇ।

ਅਕਾਲ ਤਖ਼ਤ ਸਾਹਿਬ ਨੂੰ ਪੁਰਾਣੀ ਹਾਲਾਤ ਵਿਚ ਲਿਆਉਣ ਵਾਸਤੇ ਇੰਦਰਾ ਨੇ ਬੂਟਾ ਸਿੰਘ ਦੀ ਡਿਊਟੀ ਲਾਈ। ਬੂਟਾ ਸਿੰਘ ਨੇ ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਤੇ ਕਈ ਹੋਰ ਬਾਬਿਆਂ ਤਕ ਪਹੁੰਚ ਕੀਤੀ, ਪਰ ਕੋਈ ਵੀ ਸਰਕਾਰ ਦੀ ਸਰਪ੍ਰਸਤੀ ਅਤੇ ਫ਼ੌਜ ਦੀ ਨਿਗਰਾਨੀ ਹੇਠ ‘ਕਾਰ ਸੇਵਾ’ ਕਰਵਾਉਣ ਵਾਸਤੇ ਨਾ ਮੰਨਿਆ। ਸਾਰਿਆਂ ਦੀ ਇਹੀ ਸ਼ਰਤ ਸੀ ਕਿ ਪਹਿਲਾਂ ਭਾਰਤੀ ਫ਼ੌਜ ਦਰਬਾਰ ਸਾਹਿਬ ਕੰਪਲੈਕਸ ਨੂੰ ਸਿੱਖ-ਸੰਗਤਾਂ ਵਾਸਤੇ ਖੋਲ੍ਹ ਦੇਵੇ ਤੇ ਆਪ ਉੱਥੋਂ ਚਲੀ ਜਾਵੇ, ਫੇਰ ਹੀ ਉਹ ਕਾਰ-ਸੇਵਾ ਕਰਵਾਉਣਗੇ। ਅਖ਼ੀਰ ਇੰਦਰਾ ਨੇ ਆਪਣਾ ਪੁਰਾਣਾ ਮੁਹਰਾ ਸੰਤਾ ਸਿੰਘ ਨਿਹੰਗ ਅੱਗੇ ਲਿਆਂਦਾ। ਉਸ ਦੇ ਨਾਲ ਕਲੇਰਾਂ ਵਾਲੇ ਡੇਰੇ ਦਾ ਨਰੈਣ ਸਿੰਘ ਖੜ੍ਹਾ ਕਰ ਕੇ ਸਰਕਾਰੀ ਸੇਵਾ ਨਾਲ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਸ਼ੁਰੂ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ। ਇਸ ਵਾਸਤੇ ਸੰਤਾ ਸਿੰਘ ਨੇ ਇਕ ਇਕੱਠ ਵੀ ਬੁਲਾਇਆ। ਇਹ ਇਕੱਠ 11 ਅਗਸਤ 1984 ਦੇ ਦਿਨ ਹੋਇਆ। ਇਸ ਵਿਚ ਜਗਮੀਤ ਸਿੰਘ ਬਰਾੜ, ਬੂਟਾ ਸਿੰਘ ਤੇ ਦੋ ਕੂ ਹੋਰ ਸਿੱਖ ਸ਼ਾਮਿਲ ਹੋਏ ਬਾਕੀ ਸਾਰੀ ਹਾਜ਼ਰੀ ਪੁਲੀਸ, ਫ਼ੌਜ ਅਤੇ ਗ਼ੈਰ-ਸਿੱਖਾਂ ਦੀ ਹੀ ਸੀ।

ਉੱਤੋਂ-ਉੱਤੋਂ ਤਾਂ ਇਸ ਇਮਾਰਤ ਦੀ ਮੁਰੰਮਤ ਵਾਸਤੇ ਸੰਤਾ ਸਿੰਘ ਦਾ ਨਾਂ ਵਰਤਿਆ ਗਿਆ ਪਰ ਅਸਲ ’ਚ ਇਹ ਸਾਰੀ ਕਾਰਵਾਈ ‘ਸਕਿਪਰ ਬਿਲਡਰਜ਼’ ਨਾਂ ਦੀ ਫ਼ਰਮ, ਜਿਸ ਦਾ ਮਾਲਕ ਤੇਜਵੰਤ ਸਿੰਘ ਸੀ (ਕੁਝ ਸਾਲ ਮਗਰੋਂ ਸ਼ਹੀਦ ਭਾਈ ਅਮਰੀਕ ਸਿੰਘ ਦੇ ਭਰਾ ਭਾਈ ਮਨਜੀਤ ਸਿੰਘ ਨੇ ਇਸੇ ਤੇਜਵੰਤ ਸਿੰਘ ਨੂੰ ਆਪਣੇ ‘ਅਕਾਲੀ ਦਲ’ ਦਾ ਦਿੱਲੀ ਦਾ ਚੀਫ਼ ਬਣਾਇਆ ਸੀ), ਦੀ ਨਿਗਰਾਨੀ ਹੇਠ ਅਤੇ ਸਰਕਾਰੀ ਖ਼ਰਚੇ ਨਾਲ, ਮਜ਼ਦੂਰ ਲਾ ਕੇ, ਸ਼ੁਰੂ ਕੀਤੀ ਗਈ। ਪੀ.ਡਬਲਯੂ.ਡੀ. ਮਹਿਕਮੇ ਦੇ ਸਾਬਕ ਚੀਫ਼ ਇੰਜੀਨੀਅਰ ਪੰਡਤ ਕੇ.ਡੀ. ਬਾਲੀ ਨੂੰ ਇਸ ਸਾਰੇ ਦਾ ਇੰਚਾਰਜ ਬਣਾਇਆ ਗਿਆ ਸੀ। ਬਹੁਤੇ ਮਜ਼ਦੂਰ ਰਾਜਸਥਾਨ, ਉੱਤਰ ਪ੍ਰਦੇਸ਼ ਵਗ਼ੈਰਾ ਤੋਂ ਲਿਆਂਦੇ ਗਏ ਸਨ। ਮਲਬਾ ਅੰਮ੍ਰਿਤਸਰ ਦੇ ਜਮਾਂਦਾਰਾਂ ਤੋਂ ਚੁਕਵਾਇਆ ਗਿਆ ਸੀ। ਸਰਕਾਰੀ ਇੰਜੀਨੀਅਰਾਂ, ਮਜ਼ਦੂਰਾਂ, ਸਰਕਾਰੀ ਖ਼ਰਚੇ ਤੇ ਮਸ਼ੀਨਰੀ ਨਾਲ ਇਹ ਮੁਰੰਮਤ ਕਈ ਦਿਨ ਚਲਦੀ ਰਹੀ। ਛੇ ਕਰੋੜ ਰੁਪਏ ਨਾਲ ਇਹ ਢਾਂਚਾ ਤਕਰੀਬਨ ਦੋ ਮਹੀਨੇ ਵਿਚ ਤਿਆਰ ਹੋ ਗਿਆ। ਇਸ ਦੌਰਾਨ ਕਿਰਪਾਲ ਸਿੰਘ, ਸਾਹਿਬ ਸਿੰਘ ਤੇ ਪ੍ਰੀਤਮ ਸਿੰਘ, ਤਿੰਨੇ ਗ੍ਰੰਥੀ, ਇਸ ਦੀ ਪੂਰੀ ਨਿਗਰਾਨੀ ਕਰਦੇ ਰਹੇ। ਉਹ ਥਾਂ-ਥਾਂ ’ਤੇ ਆਪਣੀ ਸਲਾਹ ਤੇ ਅਗਵਾਈ ਦੇਂਦੇ ਰਹੇ।

ਇਕ ਪਾਸੇ ਤਾਂ ਇਹ ਤਿੰਨੇ ਗ੍ਰੰਥੀ ਸਰਕਾਰੀ ਸੇਵਾ ਦੀ ਅਣ-ਐਲਾਨੀ ਸਰਪ੍ਰਸਤੀ ਕਰਦੇ ਰਹੇ ਤੇ ਦੂਜੇ ਪਾਸੇ ਸਰਕਾਰ ਵਲੋਂ ਮੁਰੰਮਤ ਕਰਵਾਉਣ ਦੀ ਮੁਖ਼ਾਲਫ਼ਤ ਵਾਲੇ ਬਿਆਨ ਵੀ ਜਾਰੀ ਕਰਦੇ ਰਹੇ। ਭਾਰਤ ਸਰਕਾਰ ਦਾ ਨਿਸ਼ਾਨਾ ਸੀ ਕਿ ਉਹ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਸਤੰਬਰ ਦੇ ਆਖ਼ਰੀ ਹਫ਼ਤੇ ਤਕ ਮੁਕੰਮਲ ਕਰ ਦੇਵੇਗੀ। ਉਸ ਨੇ ਕਿਰਪਾਲ ਸਿੰਘ ਨੂੰ ਇਸ

ਬਾਰੇ ਇਤਲਾਹ ਦੇ ਦਿੱਤੀ ਸੀ ਇਸ ’ਤੇ ਕਿਰਪਾਲ ਸਿੰਘ ਨੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ‘ਵਿਸ਼ਵ ਸਿੱਖ ਕਾਨਫ਼ਰੰਸ’ ਕਰਨ ਦਾ ਐਲਾਨ ਕਰ ਦਿੱਤਾ। ਇਹ ਕਾਨਫ਼ਰੰਸ ਸਰਬੱਤ ਖਾਲਸਾ ਇਕੱਠ ਵਜੋਂ ਨਹੀਂ ਸੀ ਬੁਲਾਈ ਗਈ। ਇਹ ਕਾਨਫ਼ਰੰਸ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਹੀਂ ਬੁਲਾਈ ਸੀ ਕਿਉਂਕਿ ਸਾਰੇ ਅਕਾਲੀ ਆਗੂ ਇੰਦਰਾ ਨੇ ਜੇਲ੍ਹਾਂ ਵਿਚ ਸੁੱਟੇ ਹੋਏ ਸਨ। ਉਂਞ ਇਹ ਦੁਨੀਆਂ ਭਰ ਦੇ (ਵਿਸ਼ਵ) ਸਿੱਖਾਂ ਦੀ ਕਾਨਫ਼ਰੰਸ ਵੀ ਨਹੀਂ ਸੀ, ਕਿਉਂਕਿ ਇਸ ਵਿਚ ਵਿਦੇਸ਼ਾਂ ਵਿਚੋਂ ਕੋਈ ਵੀ ਸਿੱਖ ਨਹੀਂ ਸੀ ਆਇਆ (ਉਦੋਂ ਤਾਂ ਬਾਹਰਲੇ ਮੁਲਕਾਂ ਵਿਚੋਂ ਸਿੱਖਾਂ ਦੇ ਆਉਣ ’ਤੇ ਮੁਕੰਮਲ ਪਾਬੰਦੀ ਲਗੀ ਹੋਈ ਸੀ)।

ਇਸ ‘ਕਾਨਫ਼ਰੰਸ’ ਵਿਚ ਕਿਰਪਾਲ ਸਿੰਘ ਤੇ ਉਸ ਦੇ ਸਾਥੀਆਂ ਨੇ ਭਾਰਤ ਸਰਕਾਰ ਨੂੰ ਅਖੌਤੀ ‘ਅਲਟੀਮੇਟਮ’ ਦਿੱਤਾ ਕਿ ਜੇ ਕਰ 30 ਸਤੰਬਰ ਤਕ ਫ਼ੌਜ ਦਰਬਾਰ ਸਾਹਿਬ ਕੰਪਲੈਕਸ ’ਚੋਂ ਨਾ ਨਿਕਲੀ ਤਾਂ ਮੋਰਚਾ ਲਾਇਆ ਜਾਵੇਗਾ। ਇਹ 28 ਦਿਨ ਦਾ ਏਨਾ ਲੰਬਾ ਨੋਟਿਸ ਇਕ ਮਜ਼ਾਕ ਸੀ। ਅਸਲੀਅਤ ਇਹ ਹੈ ਕਿ ਸਰਕਾਰ ਨੇ ਕਿਰਪਾਲ ਸਿੰਘ ਨੂੰ ਯਕੀਨ ਦਿਵਾਇਆ ਸੀ ਕਿ 25 ਸਤੰਬਰ ਦੇ ਨੇੜੇ-ਤੇੜੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਠੀਕ-ਠਾਕ ਕਰ ਦਿੱਤੀ ਜਾਵੇਗੀ। ਉਂਞ ਇਸ ਮਗਰੋਂ ਤਾਂ ਸਰਕਾਰ ਨੇ, ਖ਼ੁਦ, ਫ਼ੌਜ ਨੂੰ ਉੱਥੋਂ ਹਟਾਉਣ ਵਾਸਤੇ ਕੋਈ ਬਹਾਨਾ ਢੂੰਢਣਾ ਸੀ। (ਕਿਰਪਾਲ ਸਿੰਘ ਵਲੋਂ ਬੁਲਾਏ ਇਸ ਇਕਠ ਵਿਚ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ ਨਿਹੰਗ, ਨਰੈਣ ਸਿੰਘ ਕਲੇਰਾਂ ਵਾਲੇ ਨੂੰ ਪੰਥ ’ਚੋਂ ‘ਖਾਰਿਜ’ ਵੀ ਕੀਤਾ ਗਿਆ)। ਮਗਰੋਂ ਜ਼ੈਲ ਸਿੰਘ ਨੂੰ ਬੁਲਾ ਕੇ ਸਾਜ਼ਸ਼ੀ ਤਰੀਕੇ ਨਾਲ ਮੁਆਫ਼ ਕਰ ਦਿੱਤਾ ਗਿਆ। ਕਲੇਰਾਂ ਵਾਲਾ ਸਾਧ ਨਰੈਣ ਸਿੰਘ ਕਾਫ਼ੀ ਦੇਰ ਤਾਂ ਅੜਿਆ ਰਿਹਾ ਪਰ ਅਖ਼ੀਰ 19 ਅਗਸਤ 1986 ਦੇ ਦਿਨ ਉਸ ਨੇ ਅਕਾਲ ਤਖ਼ਤ ਦੇ ਗ੍ਰੰਥੀਆਂ ਕੋਲ ਪੁੱਜ ਕੇ ਮੁਆਫ਼ੀ ਮੰਗ ਕੇ ਸਜ਼ਾ ਲੁਆਈ। ਸੰਤਾ ਸਿੰਘ ਤੇ ਬੂਟਾ ਸਿੰਘ ਤਾਂ ਕਈ-ਕਈ ਸਾਲ ਆਕੜੇ ਰਹੇ।

ਜ਼ੈਲ ਸਿੰਘ ਨੂੰ ‘ਬਰੀ’ ਕਰਨ ਦਾ ਡਰਾਮਾ

ਇਕ ਪਾਸੇ ਤਾਂ ਕਿਰਪਾਲ ਸਿੰਘ ਨੇ ਇਹ ‘ਡਰਾਮਾ’ ਕੀਤਾ ਅਤੇ ਦੂਜੇ ਪਾਸੇ ਉਸ ਦੀ ਜ਼ੈਲ ਸਿੰਘ ਨਾਲ ਵੀ ਗੰਢ-ਤਰੁੱਪ ਚੱਲ ਰਹੀ ਸੀ। ਇਕ ਸੋਮੇ ਮੁਤਾਬਿਕ ਤਰਲੋਚਨ ਸਿੰਘ (ਜ਼ੈਲ ਸਿੰਘ ਦਾ ਪੀ.ਏ. ਜੋ ਸੰਨ 2000 ਵਿਚ ਘਟ-ਗਿਣਤੀ ਕਮਿਸ਼ਨ ਦਾ ਵਾਈਸ-ਚੇਅਰਮੈਨ ਵੀ ਬਣਿਆ) ਨੇ ਇਸ ਸਬੰਧ ਵਿਚ ਅਹਿਮ ਰੋਲ ਅਦਾ ਕੀਤਾ।

ਜ਼ੈਲ ਸਿੰਘ ਨੇ ਰਵੇਲ ਸਿੰਘ (ਸਾਬਕਾ ਸਕੱਤਰ ਅਕਾਲੀ ਦਲ ਤੇ ਸਾਬਕ ਵਜ਼ੀਰ ਪੰਜਾਬ) ਰਾਹੀਂ ਪਹਿਲਾਂ ਤਾਂ ਗਿਆਨੀ ਕਿਰਪਾਲ ਸਿੰਘ ਨਾਲ ਖ਼ਾਲੀ ਗਲਬਾਤ ਚਲਾਈ ਅਤੇ ਮੂੰਹ-ਜ਼ਬਾਨੀ ‘ਮੁਆਫ਼ੀ’ ਲੈਣ ਦੀ ਕੋਸ਼ਿਸ਼ ਕੀਤੀ। ਪਰ ਜਦ ਕਿਰਪਾਲ ਸਿੰਘ ਨੇ ਮਜਬੂਰੀ ਜ਼ਾਹਿਰ ਕੀਤੀ ਤੇ ਕਿਹਾ ਕਿ “ਸਾਡਾ ਮੂੰਹ ਰੱਖਣ ਵਾਸਤੇ ਕੁਝ ਕਾਰਵਾਈ ਤਾਂ ਪਾ ਦਿਓ” ਤਾਂ ਰਵੇਲ ਸਿੰਘ ਫੇਰ ਦਿੱਲੀ ਗਿਆ ਅਤੇ ਜ਼ੈਲ ਸਿੰਘ ਨੇ ਰਵੇਲ ਸਿੰਘ ਅਤੇ ਆਪਣੇ ਪੀ.ਏ. ਕੁਲਵੰਤ ਸਿੰਘ ਰਾਹੀਂ ਇਕ ‘ਦਿਖਾਵੇ ਦੀ’ ਚਿੱਠੀ ਭੇਜ ਦਿੱਤੀ। ਇਸ ਚਿੱਠੀ ਵਿਚ ਨਾ ਤਾਂ ਮੁਆਫ਼ੀ ਸੀ ਅਤੇ ਨਾ ਹੀ ਪਛਤਾਵਾ ਸੀ। ਇਸ ਚਿੱਠੀ ਮੁਤਾਬਿਕ ਵੀ ਜ਼ੈਲ ਸਿੰਘ ਨੇ ਦਰਬਾਰ ਸਾਹਿਬ ’ਤੇ ਹਮਲੇ ਨੂੰ ਗ਼ਲਤ ਨਹੀਂ ਸੀ ਕਿਹਾ। ਕਿਰਪਾਲ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਤੇ (ਛੇਵੇਂ) ਜੋਗਿੰਦਰ ਸਿੰਘ (ਮੁੱਖ ਸੇਵਾਦਾਰ, ਹਜ਼ੂਰ ਸਾਹਿਬ ਨੰਦੇੜ) ਨੇ ਇਸ ਚਿੱਠੀ ਨੂੰ ‘ਤਸੱਲੀਬਖ਼ਸ਼ ਸਪੱਸ਼ਟੀਕਰਨ’ ਆਖ ਕੇ ਜ਼ੈਲ ਸਿੰਘ

ਨੂੰ ਮੁਆਫ਼ ਕਰ ਦਿੱਤਾ। ਜ਼ੈਲ ਸਿੰਘ ਦੀ ਰਿਕਾਰਡ ਵਿਚ ਪਈ ਚਿੱਠੀ, ਉਸ 'ਤੇ 'ਟਿੱਪਣੀ' ਅਤੇ 'ਫ਼ੈਸਲਾ' (ਹੁਕਮ/ਹੁਕਮਨਾਮਾ ਨਹੀਂ) ਇਹ ਸਨ:

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਸਪੱਸ਼ਟੀਕਰਨ

"ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਰਵੇਲ ਸਿੰਘ ਐਡਵੋਕੇਟ ਅੰਮ੍ਰਿਤਸਰ ਆਏ ਤੇ ਸਿੰਘ ਸਾਹਿਬਾਨ ਨੂੰ ਮਿਲੇ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਜਵਾਬੀ ਸਪੱਸ਼ਟੀਕਰਨ ਦੇਣ ਲੱਗੇ। ਅਸੀਂ ਕਿਹਾ, ਇਸ ਤਰ੍ਹਾਂ ਨਹੀਂ, ਤੁਸੀਂ ਉਨ੍ਹਾਂ ਪਾਸੋਂ ਲਿਖਤੀ ਸਪੱਸ਼ਟੀਕਰਨ ਲੈ ਕੇ ਆਓ। ਫਿਰ ਉਸ ਉਪਰ ਵਿਚਾਰ ਕਰਾਂਗੇ।

25-9-84 ਨੂੰ ਸ: ਰਵੇਲ ਸਿੰਘ ਗਿਆਨੀ ਜ਼ੈਲ ਸਿੰਘ ਵੱਲੋਂ ਲਿਖਤੀ ਸਪੱਸ਼ਟੀਕਰਨ ਲੈ ਕੇ ਪੰਜ ਸਿੰਘ ਸਾਹਿਬਾਨ ਪਾਸ ਹਾਜ਼ਰ ਹੋਏ। ਸਪੱਸ਼ਟੀਕਰਨ ਦੀ ਹੂਬਹੂ ਨਕਲ ਹੇਠ ਦਰਜ ਕਰਦੇ ਹਾਂ:

"ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀਉ, ਆਪ ਦੇ ਦਸਤਖ਼ਤਾਂ ਹੇਠਾਂ ਜਾਰੀ ਕੀਤੇ ਹੁਕਮਨਾਮੇ ਦੀ ਕਾਪੀ ਮੈਨੂੰ ਮਿਲ ਗਈ ਹੈ। ਉਸ ਸਬੰਧੀ ਮੇਰੇ ਨਾਲ ਬਹੁਤ ਸਾਰੇ ਪੂਰਨ ਗੁਰਸਿੱਖਾਂ ਦੀ ਬਾਤਚੀਤ ਹੁੰਦੀ ਰਹੀ ਹੈ ਜਿਨ੍ਹਾਂ ਵਿਚ ਤੁਹਾਡੇ ਖ਼ਾਸ ਨਿਕਟਵਰਤੀ ਵੀ ਸਨ। ਜਿਨ੍ਹਾਂ ਨੇ ਲੋੜੀਂਦੇ ਕਾਗਜ਼ ਅਤੇ ਹੋਰ ਪੂਰੀ ਵਾਕਫ਼ੀਅਤ ਲੈ ਕੇ ਤੁਹਾਨੂੰ ਅਸਲੀਅਤ ਤੋਂ ਜਾਣੂ ਕਰਵਾਇਆ ਹੋਵੇਗਾ।

ਫਿਰ ਮੈਂ ਇਸ ਪੱਤਰ ਰਾਹੀਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਮੈਂ ਦਰਬਾਰ ਸਾਹਿਬ ਪਰਕਰਮਾ ਵਿਚ ਜੋੜੇ ਪਾ ਕੇ ਨਹੀਂ ਗਿਆ। ਛਤਰੀ ਲਾ ਕੇ ਜਾਣਾ ਵੀ ਗ਼ਲਤ ਹੈ। ਸਟਾਫ਼ ਵਿਚੋਂ ਇਕ ਸਰਕਾਰੀ ਮੁਲਾਜ਼ਮ ਸ਼ਿਖ਼ਾਵਤ ਖ਼ਾਨ ਨੇ ਛਤਰੀ ਖੋਲ੍ਹ ਕੇ ਮੇਰੇ ਵੱਲ ਲਿਆਉਣੀ ਚਾਹੀ, ਜੋ ਮੈਂ ਤੁਰੰਤ ਬੰਦ ਕਰਵਾ ਦਿੱਤੀ।

ਫ਼ੌਜ ਭੇਜਣ ਦਾ ਮਾਮਲਾ ਦੇਸ ਦੇ ਸੰਵਿਧਾਨ ਅਤੇ ਕਾਨੂੰਨ ਨਾਲ ਸਬੰਧ ਰੱਖਦਾ ਹੈ, ਜਿਸ ਦੀ ਆਪ ਨੂੰ ਵਾਕਫ਼ੀਅਤ ਹੈ, ਪਰ ਮੇਰੇ ਮਨ ਦੀ ਭਾਵਨਾ ਦਾ ਦੁਖਦਾਈ ਪ੍ਰਗਟਾਵਾ, ਮੇਰੀ ਉਹ ਤਕਰੀਰ ਹੈ, ਜੋ ਮੈਂ ਰਾਸ਼ਟਰ ਦੇ ਨਾਮ ਸੰਦੇਸ਼ ਵਿਚ 27 ਜੂਨ 1984 ਨੂੰ ਕੀਤੀ ਸੀ, ਜਿਸ ਨੂੰ ਆਪ ਨੇ ਸੁਣ ਵੀ ਲਿਆ ਹੋਵੇਗਾ ਅਤੇ ਪੜ੍ਹ ਵੀ ਲਿਆ ਹੋਵੇਗਾ।

ਮੈਂ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਉਪਦੇਸ਼ ਮੁਤਾਬਿਕ ਹਰ ਧਾਰਮਿਕ ਅਸਥਾਨ ਦਾ ਪੂਰਾ ਸਤਿਕਾਰ ਕਰਦਾ ਹਾਂ ਅਤੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ, ਜੋ ਸਰਬ ਉਤਮ ਧਾਰਮਿਕ ਅਸਥਾਨ ਹਨ, ਉਨ੍ਹਾਂ ਦਾ ਸਤਿਕਾਰ ਅਤੇ ਸ਼ਰਧਾ ਮੇਰੇ ਲਈ ਅਟੁੱਟ ਹੈ।"

ਆਪ ਦਾ ਸ਼ੁਭ ਚਿੰਤਕ, ਜ਼ੈਲ ਸਿੰਘ

ਜ਼ੈਲ ਸਿੰਘ ਦੀ ਇਸ ਚਿੱਠੀ ਵਿਚ ਕਿਤੇ ਵੀ ਦਰਬਾਰ ਸਾਹਿਬ ਦੇ ਹਮਲੇ ਨੂੰ ਗ਼ਲਤ ਨਹੀਂ ਕਿਹਾ ਗਿਆ ਤੇ ਨਾ ਹੀ 'ਅਫ਼ਸੋਸ' ਜਾਂ 'ਦੁੱਖ' ਜ਼ਾਹਿਰ ਕੀਤਾ ਗਿਆ ਹੈ। ਇਸ ਦੇ ਬਾਵਜੂਦ ਪੰਜਾਂ ਗ੍ਰੰਥੀਆਂ ਨੇ ਇਹ 'ਫ਼ੈਸਲਾ' (ਹੁਕਮਾਨਾਮਾ ਨਹੀਂ) ਦਿੱਤਾ:

"ਫ਼ੈਸਲਾ"

ਅਕਾਲ ਤਖ਼ਤ ਸਾਹਿਬ ਵੱਲੋਂ ਭਾਰਤ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਰੁੱਧ 2 ਸਤੰਬਰ 1984 ਨੂੰ ਜਾਰੀ ਕੀਤੇ ਹੁਕਮਨਾਮੇ ਸਬੰਧੀ 24 ਸਤੰਬਰ 1984 ਨੂੰ ਉਨ੍ਹਾਂ ਦੇ ਵਿਸ਼ੇਸ਼

ਦੂਤ ਰਵੇਲ ਸਿੰਘ ਐਡਵੋਕੇਟ ਸਿੰਘ ਸਾਹਿਬਾਨ ਪਾਸ ਉਨ੍ਹਾਂ ਦਾ ਲਿਖਤੀ ਸਪੱਸ਼ਟੀਕਰਨ ਪੱਤਰ ਲੈ ਕੇ ਹਾਜ਼ਰ ਹੋਏ। ਸਿੰਘ ਸਾਹਿਬਾਨ ਨੇ ਸਪੱਸ਼ਟੀਕਰਨ ਪੱਤਰ 'ਤੇ ਸੋਚ ਵਿਚਾਰ ਕੀਤੀ ਤੇ ਇਸ ਸਬੰਧੀ ਹੋਰ ਜਾਣਕਾਰੀ ਮੰਗੀ।

26 ਸਤੰਬਰ 1984 ਨੂੰ ਰਵੇਲ ਸਿੰਘ ਐਡਵੋਕੇਟ ਅਤੇ ਕੁਲਵੰਤ ਸਿੰਘ ਨਿੱਜੀ ਸਕੱਤਰ ਗਿਆਨੀ ਜ਼ੈਲ ਸਿੰਘ, ਦੋਹਾਂ ਨੇ ਹਾਜ਼ਰ ਹੋ ਕੇ ਲੋੜੀਂਦੀ ਜਾਣਕਾਰੀ ਦਿੱਤੀ। ਯਾਤਰਾ ਸਮੇਂ ਲਈਆਂ ਗਈਆਂ ਤਸਵੀਰਾਂ ਅਤੇ ਹੋਰ ਰਿਕਾਰਡ ਵੀ ਵੇਖਿਆ। ਪੂਜਾ ਸਪੱਸ਼ਟੀਕਰਨ ਤਸੱਲੀਬਖ਼ਸ਼ ਹੈ ਅਤੇ ਹੁਣ ਕਿਸੇ ਕਾਰਵਾਈ ਦੀ ਲੋੜ ਨਹੀਂ।"

ਇਸ "ਫ਼ੈਸਲੇ" ਹੇਠਾਂ ਇਨ੍ਹਾਂ ਛੇਆਂ ਗ੍ਰੰਥੀਆਂ (ਕਿਰਪਾਲ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਤੇ ਛੇਵੇਂ ਜੋਗਿੰਦਰ ਸਿੰਘ, ਮੁੱਖ ਸੇਵਾਦਾਰ, ਹਜ਼ੂਰ ਸਾਹਿਬ ਨੰਦੇੜ) ਦੇ ਦਸਤਖ਼ਤ ਸਨ। ਉਨ੍ਹਾਂ ਦਿਨਾਂ ਵਿਚ ਅਖ਼ਬਾਰਾਂ ਵਿਚ ਇਹ ਚਰਚਾ ਵੀ ਕੀਤਾ ਗਿਆ ਕਿ ਜ਼ੈਲ ਨੇ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰਨ ਵਾਲੇ ਹੁਕਮਾਂ 'ਤੇ ਦਸਤਖ਼ਤ ਨਹੀਂ ਕੀਤੇ ਸਨ। ਇਹ ਵੀ ਆਖਿਆ ਗਿਆ ਸੀ ਕਿ ਇਸ ਬਾਰੇ ਸਾਰੇ ਕਾਗ਼ਜ਼ ਕਿਰਪਾਲ ਸਿੰਘ ਨੂੰ 'ਦਿਖਾਏ ਜਾ ਸਕਦੇ' ਹਨ। ਫਿਰ ਇਹ ਵੀ ਬਿਆਨ ਛਾਪਿਆ ਗਿਆ ਕਿ 'ਕਾਗ਼ਜ਼ ਦਿਖਾ ਦਿੱਤੇ ਗਏ ਹਨ'। ਇਹ ਸਾਰਾ ਕੁਝ ਮਹਿਜ ਇਕ ਡਰਾਮਾ ਸੀ। ਜ਼ੈਲ ਸਿੰਘ ਭਾਰਤ ਦਾ ਰਾਸ਼ਟਰਪਤੀ ਹੋਣ ਦੇ ਨਾਤੇ ਸਾਰੀਆਂ ਫ਼ੌਜਾਂ ਦਾ ਮੁਖੀ ਸੀ; ਭਾਵੇਂ ਉਹ ਹੁਕਮਾਂ ਦੇ ਦਸਤਖ਼ਤ ਕਰੇ ਜਾਂ ਨਾ ਕਰੇ। ਪਰ ਜੇ ਉਹ ਨਾ ਚਾਹੁੰਦਾ ਤਾਂ ਇਹ ਹਮਲਾ ਉਸੇ ਵੇਲੇ ਰੁਕ ਸਕਦਾ ਸੀ। ਉਹ ਹਮਲਾ ਹੋਣ ਮਗਰੋਂ ਰੋਸ ਵਜੋਂ (ਸਿਮਰਨਜੀਤ ਸਿੰਘ ਮਾਨ, ਚਰਨਜੀਤ ਸਿੰਘ ਕੋਕਾ ਕੋਲਾ ਤੇ ਅਮਰਿੰਦਰ ਸਿੰਘ ਵਾਂਗ) ਆਪਣੇ ਅਹੁਦੇ ਤੋਂ ਅਸਤੀਫ਼ਾ ਵੀ ਦੇ ਸਕਦਾ ਸੀ। ਦਰਅਸਲ, ਉਸ ਦੀ ਮਰਜ਼ੀ ਇਸ ਹਮਲੇ ਵਿਚ ਸ਼ਾਮਿਲ ਸੀ ਤੇ ਉਸ ਨੇ ਆਪ ਦਸਤਖ਼ਤ ਕੀਤੇ ਸਨ। ਉਸ ਨੇ 8 ਜੂਨ 1984 ਦੇ ਦਰਬਾਰ ਸਾਹਿਬ ਦੀ ਤਬਾਹੀ ਵੇਖਣ ਮਗਰੋਂ ਇਸ ਨੂੰ ਇਕ ਤਕਰੀਰ ਵਿਚ ਸ਼ਰੇਆਮ ਸਹੀ ਠਹਿਰਾਇਆ ਸੀ ਅਤੇ ਮਗਰੋਂ ਇਸ ਹਮਲੇ ਵਿਚ ਸ਼ਾਮਿਲ ਫ਼ੌਜੀਆਂ ਨੂੰ 'ਬਹਾਦਰੀ ਦਿਖਾਉਣ ਬਦਲੇ' ਮੈਡਲ ਵੀ ਦਿੱਤੇ ਸਨ। ਇਨ੍ਹਾਂ 'ਬਹਾਦਰਾਂ' ਵਿਚ ਰਮੇਸ਼ਇੰਦਰ ਸਿੰਘ ਡੀ.ਸੀ. (ਬਾਦਲ ਦਾ ਚਹੇਤਾ ਚੀਫ਼ ਸੈਕਟਰੀ) ਵੀ ਸ਼ਾਮਿਲ ਸੀ।

ਪੰਜ ਗ੍ਰੰਥੀਆਂ ਵੱਲੋਂ ਜ਼ੈਲ ਸਿੰਘ ਦਾ ਅਕਾਲ ਤਖ਼ਤ 'ਤੇ 'ਸੁਆਗਤ'

27 ਸਤੰਬਰ ਨੂੰ ਜ਼ੈਲ ਸਿੰਘ ਅੰਮ੍ਰਿਤਸਰ ਆਇਆ ਤੇ ਦੋਬਾਰਾ ਦਰਬਾਰ ਸਾਹਿਬ ਦੀ ਤਬਾਹੀ ਦੇਖੀ। ਇਸ ਦਿਨ ਉਹ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵੱਲੋਂ ਬਣੀ ਇਮਾਰਤ ਉੱਤੇ ਵੀ ਚੜ੍ਹਿਆ। ਇਸ ਮੌਕੇ 'ਤੇ ਪੰਜੇ ਗ੍ਰੰਥੀ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। (ਇਨ੍ਹਾਂ ਨੂੰ ਉਸ ਮੌਕੇ 'ਤੇ ਲਈ ਗਈ ਤਸਵੀਰ ਵਿਚ ਜ਼ੈਲ ਸਿੰਘ ਨਾਲ ਫੋਟੋ ਖਿਚਵਾਉਣ ਲਈ ਤਰਲੋਮੱਛੀ ਹੁੰਦੇ ਦੇਖਿਆ ਜਾ ਸਕਦਾ ਹੈ)। ਉਂਵ ਇਹ ਗ੍ਰੰਥੀ ਇਸ ਇਮਾਰਤ ਨੂੰ ਨਾਜਾਇਜ਼ ਢਾਂਚਾ ਆਖਦੇ ਸਨ ਤੇ ਨਾਲ ਹੀ ਜਨਵਰੀ 1986 ਤਕ (ਇਕ ਸਾਲ 4 ਮਹੀਨੇ) ਆਪਣੀ ਹਰ ਕਾਰਵਾਈ ਵੀ ਇਸੇ ਇਮਾਰਤ ਤੋਂ ਚਲਾਉਂਦੇ ਰਹੇ ਸਨ। ਜਿਹਾ ਕਿ ਸਰਕਾਰ ਦਾ ਕਿਰਪਾਲ ਸਿੰਘ ਨਾਲ ਵਾਅਦਾ ਸੀ, ਫ਼ੌਜ ਨੇ 29 ਸਤੰਬਰ ਨੂੰ ਦਰਬਾਰ ਸਾਹਿਬ ਦਾ ਅੰਦਰੂਨੀ ਹਿੱਸਾ ਖ਼ਾਲੀ ਕਰ ਦਿੱਤਾ। ਪਰ ਦਰਬਾਰ ਸਾਹਿਬ ਦੇ ਆਲੇ-ਦੁਆਲੇ ਹਰ ਮੋੜ 'ਤੇ ਹੀ ਨਹੀਂ ਬਲਕਿ ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ,

ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫ਼ਤਰਾਂ ’ਤੇ ਅਜੇ ਵੀ ਬਾਵਰਦੀ ਤੇ ਹਥਿਆਰਬੰਦ ਭਾਰਤੀ ਫ਼ੌਜ ਤਾਇਨਾਤ ਸੀ। ਇਸ ਤੋਂ ਇਲਾਵਾ ਸਿਵਲੀਅਨ ਪਹਿਰਾਵੇ ਵਿਚ ਫ਼ੌਜ, ਸੀ.ਆਰ.ਪੀ.ਐਫ਼. ਅਤੇ ਪੰਜਾਬ ਪੁਲਿਸ ਦੇ ਸੈਂਕੜੇ ਮੁਲਾਜ਼ਮ ਅਜੇ ਵੀ ਦਰਬਾਰ ਸਾਹਿਬ ਕੰਪਲੈਕਸ ਵਿਚ ਡਿਊਟੀ ’ਤੇ ਮੌਜੂਦ ਸਨ।

ਕਿਰਪਾਲ ਸਿੰਘ ’ਤੇ ਹਮਲਾ

ਪਹਿਲੀ ਅਕਤੂਬਰ ਸਵੇਰ ਨੂੰ ਹੀ ਦਰਬਾਰ ਸਾਹਿਬ ਵਿਚ ਸਿੱਖਾਂ ਦੇ ਕਾਫ਼ਲੇ ਪੁੱਜਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਬਹੁਤ ਸਾਰੇ ਨੌਜਵਾਨ ਵੀ ਸਨ। ਇਨ੍ਹਾਂ ਵਿਚੋਂ ਕੁਝ ਨੌਜਵਾਨਾਂ ਨੇ ਦਰਬਾਰ ਸਾਹਿਬ ਵਿਚ ਕਈ ਥਾਂਈਂ ‘ਖਾਲਿਸਤਾਨੀ’ ਝੰਡੇ ਗੱਡ ਦਿੱਤੇ। ਇਸ ਦੇ ਨਾਲ ਹੀ ਕੁਝ ਨੌਜਵਾਨ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵਲੋਂ ਮੁਰੰਮਤ ਕੀਤੀ ਗਈ ਇਮਾਰਤ ’ਤੇ ਵੀ ਗਏ। ਉਨ੍ਹਾਂ ਨੇ ਕਿਰਪਾਲ ਸਿੰਘ ਦੀ ਬੁਰੀ ਤਰ੍ਹਾਂ ਕੁੱਟ-ਮਾਰ ਕੀਤੀ। ਇਸ ’ਤੇ ਕਿਰਪਾਲ ਸਿੰਘ ਨੇ ਫ਼ੌਜ ਦੋਬਾਰਾ ਬੁਲਾ ਲਈ ਤੇ 300 ਨੌਜਵਾਨ ਗ੍ਰਿਫ਼ਤਾਰ ਕਰਵਾ ਦਿੱਤੇ।

ਇਕ ਹੋਰ ਜਹਾਜ਼ ਅਗਵਾ

ਇਸ ਦੌਰਾਨ ਚੰਡੀਗੜ੍ਹ ਦੇ ਸੱਤ ਨੌਜਵਾਨਾਂ ਨੇ ਹਿੰਦੂਸਤਾਨ ਦਾ ਇਕ ਜਹਾਜ ਅਗਵਾ ਕਰਨ ਦੀ ਕਾਰਵਾਈ ਕੀਤੀ। 24 ਅਗਸਤ ਨੂੰ ਇਹ ਜਹਾਜ਼ ਪਹਿਲਾਂ ਲਾਹੌਰ, ਫਿਰ ਕਰਾਚੀ ਤੇ ਫਿਰ ਡੁਬਈ ਲਿਜਾਇਆ ਗਿਆ। ਮਗਰੋਂ ਡੁਬਈ ਵਿਚ ਇਨ੍ਹਾਂ ਨੌਜਵਾਨਾਂ ਨੇ ਹਥਿਆਰ ਸੁੱਟ ਦਿੱਤੇ ਤੇ ਜੇਲ ਵਿਚ ਜਾ ਪੁੱਜੇ। ਇਹ ਸਨ: ਤਜਿੰਦਰ ਸਿੰਘ, ਸੁਰਿੰਦਰ ਸਿੰਘ, ਮਾਨ ਸਿੰਘ ਬੱਗਾ, ਅਵਤਾਰ ਸਿੰਘ, ਦਵਿੰਦਰ ਸਿੰਘ, ਅਮਰਿੰਦਰ ਸਿੰਘ ਤੇ ਕਮਲਜੀਤ ਸਿੰਘ ਸੰਧੂ। (ਮਗਰੋਂ 19 ਅਪਰੈਲ 1993 ਦੇ ਦਿਨ ਅਦਾਲਤ ਨੇ ਇਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ)। ਇਨ੍ਹਾਂ ਨੌਜਵਾਨਾਂ ਨੇ ਆਪਨਾ ਕੈਰੀਅਰ ਦਾਅ ’ਤੇ ਲਾਇਆ ਸੀ ਪਰ ਕੌਮ ਨੇ ਇਨ੍ਹਾਂ ਦੀ ਕੋਈ ਸਾਰ ਨਾ ਲਈ ਜਿਸ ਨਾਲ ਇਨ੍ਹਾਂ ਵਿਚੋਂ ਕੁਝ ਮਾਨਸਿਕ ਰੋਗੀ ਹੋ ਗਏ ਤੇ ਇਕ ਦੀ ਤਾਂ ਭਰ ਜਵਾਨੀ ਵਿਚ ਸ਼ੱਕੀ ਹਾਲਤਾਂ ਵਿਚ ਮੌਤ ਵੀ ਹੋ ਗਈ।

ਸਿੱਖਾਂ ਵੱਲੋਂ ਇੰਦਰਾ ਗਾਂਧੀ ਨੂੰ ਸਜ਼ਾ

12 ਅਕਤੂਬਰ 1984 ਨੂੰ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ। ਇਸ ਕਾਰ-ਸੇਵਾ ਵਿਚ ਹਜ਼ਾਰਾਂ ਸਿੱਖਾਂ ਨੇ ਹਿੱਸਾ ਲਿਆ। ਕਾਰ-ਸੇਵਾ ਵਿਚ ਹਿੱਸਾ ਪਾਉਣ ਅਤੇ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਦੀ ਹਾਲਾਤ ਵੇਖਣ ਆਉਣ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਇੰਦਰਾ ਗਾਂਧੀ ਦੇ ਸਕਿਉਰਿਟੀ ਸਟਾਫ਼ ਦਾ ਸ: ਬੇਅੰਤ ਸਿੰਘ (ਵਾਸੀ ਪਿੰਡ ਮਲੋਆ, ਚੰਡੀਗੜ੍ਹ) ਵੀ ਸੀ। ਬੇਅੰਤ ਸਿੰਘ ਕੋਈ ਧਾਰਮਿਕ ਸੋਚ ਵਾਲੀ ਜ਼ਿੰਦਗੀ ਜੀਣ ਵਾਲਾ ਸਿੱਖ ਨਹੀਂ ਸੀ, ਪਰ ਭਾਰਤੀ ਫ਼ੌਜ ਵਲੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀ ਕੀਤੀ ਤਬਾਹੀ ਅਤੇ ਬੇਹੁਰਮਤੀ ਵੇਖ ਕੇ ਉਹ ਵੀ ਫ਼ੁਟ-ਫ਼ੁਟ ਕੇ ਰੋ ਪਿਆ। ਉਹ ਦਿੱਲੀ ਵਿਚ ਪ੍ਰੋ: ਦਰਸ਼ਨ ਸਿੰਘ ਦਾ ਕੀਰਤਨ ਸੁਣ ਕੇ ਪਹਿਲਾਂ ਹੀ ਜਜ਼ਬਾਤੀ ਹੋ ਚੁਕਾ ਸੀ। ਅਖ਼ੀਰ ਉਸ ਦੇ ਅੰਦਰ ਦਾ ‘ਸਿੱਖ’ ਜਾਗ ਪਿਆ ਤੇ ਉਸ ਨੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਕਰਨ ਵਾਲੀ ਨੂੰ ਸਜ਼ਾ ਦੇਣ ਦਾ ਪ੍ਰਣ ਕੀਤਾ। ਸ: ਬੇਅੰਤ

ਸਿੰਘ ਨੇ ਆਪਣੇ ਨਾਲ ਸ: ਸਤਵੰਤ ਸਿੰਘ (ਪਿੰਡ ਅਗਵਾਨ ਖੁਰਦ, ਗੁਰਦਾਸਪੁਰ) ਨੂੰ ਵੀ ਸ਼ਾਮਿਲ ਕਰ ਲਿਆ। ਬੇਅੰਤ ਸਿੰਘ ਨੇ ਆਪਣਾ ਰਾਜ਼ ਆਪਣੇ ਫੁੱਫੜ ਕਿਹਰ ਸਿੰਘ ਨਾਲ ਵੀ ਸਾਂਝਾ ਕੀਤਾ। ਪੱਕਾ ਇਰਾਦਾ ਕਰਨ ਮਗਰੋਂ ਬੇਅੰਤ ਸਿੰਘ ਤੇ ਸਤਵੰਤ ਸਿੰਘ ਮੁਨਾਸਿਬ ਮੌਕੇ ਦੀ ਉਡੀਕ ਕਰਨ ਲੱਗੇ। ਅਖੀਰ 31 ਅਕਤੂਬਰ ਦੇ ਦਿਨ ਇਨ੍ਹਾਂ ਦੋਹਾਂ ਨੇ ਇੰਦਰਾ ਗਾਂਧੀ ਨੂੰ ਸਿੱਖਾਂ ’ਤੇ ਜ਼ੁਲਮ ਕਰਨ, ਦਰਬਾਰ ਸਾਹਿਬ ਦੀ ਬੇਹੁਰਮਤੀ ਕਰਨ ਅਤੇ ਹਜ਼ਾਰਾਂ ਬੇਗ਼ੁਨਾਹ ਸਿੱਖਾਂ ਦਾ ਕਤਲੇਆਮ ਕਰਨ ਦੀ ਸਜ਼ਾ ਦੇ ਦਿੱਤੀ।

ਇੰਦਰਾ ਨੂੰ ਕਤਲ ਕਰਨ, ਮਗਰੋਂ ਦੋਹਾਂ ਨੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਵਾਸਤੇ ਪੇਸ਼ ਕਰ ਦਿੱਤਾ। ਦੋਹਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ’ਤੇ ਗੋਲੀਆਂ ਦੀ ਵਾਛੜ ਕੀਤੀ ਗਈ। ਇਨ੍ਹਾਂ ਗੋਲੀਆਂ ਨਾਲ ਬੇਅੰਤ ਸਿੰਘ ਦੀ ਮੌਤ ਹੋ ਗਈ ਤੇ ਸਤਵੰਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। (ਸਤਵੰਤ ਸਿੰਘ ਨੂੰ ਮਗਰੋਂ ਬਚਾ ਲਿਆ ਗਿਆ)। ਬੇਅੰਤ ਸਿੰਘ ਨੂੰ ਮਾਰਨ ਮਗਰੋਂ ਉਸ ਦੀ ਲਾਸ਼ ਦਾ ਕੀ ਕੀਤਾ ਗਿਆ, ਇਸ ਬਾਰੇ ਕੋਈ ਨਹੀਂ ਜਾਣਦਾ, ਕਿਉਂਕਿ ਜੇ ਉਸ ਦਾ ਸਸਕਾਰ ਪੁਲੀਸ ਨੇ ਕੀਤਾ ਵੀ ਤਾਂ ਵੀ ਉਸ ਦੀਆਂ ਅਸਥੀਆਂ ਤਕ ਬੇਅੰਤ ਸਿੰਘ ਦੇ ਪਰਿਵਾਰ ਨੂੰ ਨਹੀਂ ਦਿੱਤੀਆਂ ਗਈਆਂ ਸਨ। ਇਸ ਕੇਸ ਵਿਚ ਬਲਬੀਰ ਸਿੰਘ ਤੇ ਕੇਹਰ ਸਿੰਘ (ਫੁੱਫੜ ਬੇਅੰਤ ਸਿੰਘ) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

6 ਜੂਨ 1985 ਨੂੰ ਇੰਦਰਾ ਕਤਲ ਦੀ ਸੁਣਵਾਈ ਸ਼ੁਰੂ ਹੋਈ ਤੇ 22 ਜਨਵਰੀ 1986 ਨੂੰ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ। ਸੈਸ਼ਨ ਜੱਜ ਮਹੇਸ਼ ਚੰਦਰ ਨੇ ਸਤਵੰਤ ਸਿੰਘ, ਬਲਬੀਰ ਸਿੰਘ ਤੇ ਕੇਹਰ ਸਿੰਘ ਨੂੰ ਸਜ਼ਾ-ਇ-ਮੌਤ ਸੁਣਾਈ। ਇਹ ਆਮ ਚਰਚਾ ਸੀ ਕਿ ਇਸ ਮੁਕੱਦਮੇ ਦਾ ਫ਼ੈਸਲਾ ਰਾਜੀਵ ਦੀ ਕੋਠੀ ਵਿਚ ਲਿਖਿਆ ਗਿਆ ਸੀ। ਮਹੇਸ਼ ਚੰਦਰ ਫ਼ੈਸਲਾ ਪੜ੍ਹਦਿਆਂ ਥਥਲਾ ਰਿਹਾ ਸੀ ਤੇ ਉਹ ਲਿਖਿਆ ਹੋਇਆ ਫ਼ੈਸਲਾ ਪੜ੍ਹ ਕੇ ਇਕ ਦਮ ਉਠ ਕੇ ਚਲਾ ਗਿਆ।

ਇਨ੍ਹਾਂ ਤਿੰਨਾਂ ਨੇ ਕੇਸ ਦੇ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕੀਤੀ। ਪਰ ਰਾਜੀਵ ਨੇ ਦਿੱਲੀ ਹਾਈਕੋਰਟ ਵਿਚ ਆਪਣੇ ਵਫ਼ਾਦਾਰ ਚਾਵਲਾ ਨੂੰ ਚੀਫ਼ ਜਸਟਿਸ ਬਣਾ ਕੇ ਆਪਣੀ ਮਰਜ਼ੀ ਮੁਤਾਬਿਕ ਫ਼ੈਸਲਾ ਕਰਵਾ ਲਿਆ ਅਤੇ ਤਿੰਨਾਂ ਦੀ ਫ਼ਾਂਸੀ ਦੀ ਸਜ਼ਾ ਬਹਾਲ ਰਖਵਾ ਲਈ। ਰਾਜੀਵ ਦੇ ਵਫ਼ਾਦਾਰ ਜੱਜ ਸਨ: ਐਮ. ਕੇ. ਚਾਵਲਾ, ਬੀ.ਐਨ ਕਿਰਪਾਲ ਅਤੇ ਐਸ. ਰੰਗਾਨਾਥਨ। ਇਸ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿਚ ਅਪੀਲ ਦਾਇਰ ਕੀਤੀ ਗਈ। ਸੁਪਰੀਮ ਕੋਰਟ ਨੇ ਬਲਬੀਰ ਸਿੰਘ ਨੂੰ ਤਾਂ ਬਰੀ ਕਰ ਦਿੱਤਾ ਪਰ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਫ਼ਾਂਸੀ ਦੀ ਸਜ਼ਾ ਬਹਾਲ ਰੱਖੀ। ਇਹ ਸੀ ਸੁਪਰੀਮ ਕੋਰਟ ਦਾ ‘ਇਨਸਾਫ਼’ ਜਿਸ ’ਤੇ ਦੁਨੀਆਂ ਦੇ ਹਰ ਕਾਨੂੰਨਦਾਨ ਨੂੰ ਹੈਰਤਅੰਗੇਜ਼ ਹੈਰਾਨੀ ਹੋਈ। ਕੇਹਰ ਸਿੰਘ ਦੀ ਸਜ਼ਾ ਬਾਰੇ ਦੁਨੀਆਂ ਭਰ ਦੇ ਕਾਨੂੰਨਦਾਨਾਂ ਨੂੰ ਸਦਮਾ ਲੱਗਾ ਕਿ ਉਸ ਨੂੰ ਬੇਗੁਨਾਹ ਹੋਣ ਦੇ ਬਾਵਜੂਦ ਫ਼ਾਂਸੀ ਦਿੱਤੀ ਗਈ। ਇਹ ਦੁਨੀਆਂ ਭਰ ਦੀ ਤਵਾਰੀਖ਼ ਦਾ ਸਭ ਤੋਂ ਵਧੇਰੇ ਬੇਇਨਸਾਫ਼ੀ ਵਾਲਾ ਫ਼ੈਸਲਾ ਸੀ।

ਦੋਹਾਂ ਨੂੰ 6 ਜਨਵਰੀ 1989 ਦੇ ਦਿਨ ਫ਼ਾਂਸੀ ਦੇ ਦਿੱਤੀ ਗਈ।

(ਮਗਰੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲੀ ਫ਼ੌਜ ਦੇ ਮੁਖੀ ਜਨਰਲ ਵੈਦਯ ਨੂੰ ਵੀ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਨੇ ਪੂਨਾ ਵਿਚ ਕਤਲ ਕਰ ਦਿੱਤਾ। ਇਨ੍ਹਾਂ ਦੋਹਾਂ ਨੂੰ 9 ਅਕਤੂਬਰ 1992 ਦੇ ਦਿਨ ਫ਼ਾਂਸੀ ਲਾ ਦਿੱਤਾ ਗਿਆ)।

ਇੰਦਰਾ ਗਾਂਧੀ ਦੇ ਕਤਲ ਸਬੰਧੀ ਇਕ ਸ਼ੋਸ਼ਾ ਇਹ ਵੀ ਛਡਿਆ ਗਿਆ ਸੀ ਕਿ ਇਸ ਵਿਚ ਬੇਅੰਤ ਸਿੰਘ ਤੇ ਸਤਵੰਤ ਸਿੰਘ ਦਾ ਕੋਈ ਰੋਲ ਨਹੀਂ ਸੀ ਬਲਕਿ ਇਹ ਕਤਲ ਇੰਦਰਾ ਗਾਂਧੀ ਦੇ ਇਕ ਸਾਬਕਾ ਸਾਥੀ ਆਰ.ਕੇ. ਧਵਨ ਨੇ ਇਕ ਸਾਜ਼ਸ਼ ਹੇਠ ਕਰਵਾਇਆ ਸੀ। ਦਰਅਸਲ ਇਸ ਪ੍ਰਚਾਰ ਦਾ ਮਕਸਦ ਬੇਅੰਤ ਸਿੰਘ ਤੇ ਸਤਵੰਤ ਸਿੰਘ ਨੂੰ ਸਿੱਖਾਂ ਵਿਚ ਸ਼ਹੀਦ ਮੰਨੇ ਜਾਣੋਂ ਰੋਕਣਾ ਸੀ। ਇਸ ਸਾਜ਼ਿਸ਼ ਦਾ ਮੁਖ ਪ੍ਰਚਾਰ ਸੰਗਤ ਸਿੰਘ ਨੇ ਆਪਣੀ ਕਿਤਾਬ ਸਿੱਖਜ਼ ਇਨ ਹਿਸਟਰੀ ਵਿਚ ਕੀਤਾ ਸੀ। (ਉਂਵ ਸੰਗਤ ਸਿੰਘ ਨੇ ਇਸ ਕਿਤਾਬ ਵਿਚ ਹੋਰ ਵੀ ਕਈ ਕੁਝ ਗ਼ਲਤ ਲਿਖਿਆ ਹੈ)।

ਹਜ਼ਾਰਾਂ ਸਿੱਖਾਂ ਦਾ ਕਤਲੇਆਮ (ਖ਼ੂਨੀ ਨਵੰਬਰ 84)

31 ਅਕਤੂਬਰ 1984 ਦੇ ਦਿਨ ਇੰਦਰਾ ਦੇ ਕਤਲ ਪਿੱਛੋਂ ਰਾਜੀਵ ਗਾਂਧੀ ਅਤੇ ਉਸ ਦੇ ਕੁਝ ਚਾਪਲੂਸਾਂ ਦੀ ਹਦਾਇਤ ’ਤੇ ਸਿੱਖਾਂ ਦੇ ਖ਼ਿਲਾਫ਼ ਨਫ਼ਰਤ ਦੀ ਹਨੇਰੀ ਚਲਾਈ ਗਈ। ਰਾਜੀਵ ਗਾਂਧੀ ਦੇ ਸਭ ਤੋਂ ਨਜ਼ਦੀਕੀ ਸਾਥੀਆਂ (ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਲਲਿਤ ਮਾਕਨ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਤੇ ਹੋਰ ਦਰਜਨਾਂ ਕਾਂਗਰਸੀਆਂ) ਨੇ ਦਿੱਲੀ ਵਿਚ ਪੁਲਿਸ ਦੀ ਮਦਦ ਨਾਲ, ਹਜ਼ਾਰਾਂ ਸਿੱਖਾਂ ਨੂੰ, ਵਹਿਸ਼ੀਆਨਾ ਤਰੀਕੇ ਨਾਲ, ਕਤਲ ਕਰਵਾਇਆ। ਕਈਆਂ ਨੂੰ ਜ਼ਖ਼ਮੀ ਕਰ ਕੇ ਤੇ ਕਈਆਂ ਨੂੰ ਜਿਊਂਦਿਆਂ ਨੂੰ ਹੀ ਮਿੱਟੀ ਦਾ ਤੇਲ ਤੇ ਪੈਟਰੋਲ ਪਾ ਕੇ ਸਾੜ ਦਿੱਤਾ ਗਿਆ। ਸਿੱਖਾਂ ਦੇ ਘਰਾਂ, ਦੁਕਾਨਾਂ, ਸਕੂਲਾਂ ਤੇ ਗੁਰਦੁਆਰਿਆਂ ਨੂੰ ਲੁੱਟਿਆ ਗਿਆ ਤੇ ਮਗਰੋਂ ਸਾੜ ਦਿੱਤਾ ਗਿਆ। ਸੈਂਕੜੇ ਸਿੱਖ ਕੁੜੀਆਂ ਅਤੇ ਔਰਤਾਂ ਨੂੰ ਅਗਵਾ ਕਰ ਕੇ ਉਨ੍ਹਾਂ ਦਾ ਰੇਪ ਕੀਤਾ ਗਿਆ। ਜ਼ੁਲਮ ਦੀ ਇਹ ਇੰਤਹਾ ਦਿੱਲੀ ਹੀ ਨਹੀਂ, ਚੀਫ਼ ਮਨਿਸਟਰ ਭਜਨ ਲਾਲ ਦੀ ਅਗਵਾਈ ਵਿਚ ਹਰਿਆਣਾ ਵਿਚ ਤੇ ਹੋਰ ਕਾਂਗਰਸੀਆਂ ਦੀ ਅਗਵਾਈ ਵਿਚ ਕਾਂਗਰਸੀ ਹਕੂਮਤ ਵਾਲੇ ਸੂਬਿਆਂ (ਖ਼ਾਸ ਕਰ ਕੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਬਿਹਾਰ, ਉੜੀਸਾ, ਗੁਜਰਾਤ ਅਤੇ ਮਹਾਂਰਾਸ਼ਟਰ) ਵਿਚ ਵੀ ਹੋਈ।

ਭਾਵੇਂ ਸਰਕਾਰ ਨੇ 3000 ਸਿੱਖਾਂ ਦਾ ਕਤਲੇਆਮ ਮੰਨਿਆ ਸੀ, ਪਰ ਗ਼ੈਰ-ਸਰਕਾਰੀ ਸੋਮਿਆਂ ਮੁਤਾਬਿਕ 20 ਤੋਂ 25 ਹਜ਼ਾਰ ਤਕ ਸਿੱਖ ਕਤਲ ਕੀਤੇ ਗਏ ਸਨ। ਕਾਬਲੇ-ਜ਼ਿਕਰ ਗੱਲ ਇਹ ਵੀ ਹੈ ਕਿ ਜਿਸ ਵੇਲੇ ਇਹ ਕਤਲ ਹੋ ਰਹੇ ਸਨ, ਉਸ ਵੇਲੇ ਜ਼ੈਲ ਸਿੰਘ ਰਾਸ਼ਟਰਪਤੀ ਤੇ ਬੂਟਾ ਸਿੰਘ ਵਜ਼ੀਰ ਦਿੱਲੀ ਵਿਚ ਹੀ ਸਨ ਤੇ ਇਸ ਤੋਂ ਇਲਾਵਾ ਇੰਦਰਾ ਦੇ ਸਸਕਾਰ ਵਿਚ ਸ਼ਾਮਿਲ ਹੋਣ ਵਾਸਤੇ ਆਏ ਦਰਜਨਾਂ ਡਿਪਲੋਮੇਟ ਵੀ ਇਸ ਕਤਲੇਆਮ ਨੂੰ ਚੁੱਪ-ਚਾਪ ਵੇਖ ਰਹੇ ਸਨ। **(ਇਨ੍ਹਾਂ ਵਿਚੋਂ ਕਿਸੇ ਨੇ ਵੀ ਉਦੋਂ ਜਾਂ ਉਨ੍ਹਾਂ ਦੀਆਂ ਸਰਕਾਰਾਂ ਨੇ ਉਦੋਂ ਜਾਂ ਮਗਰੋਂ ਕਦੇ ਵੀ, ਇਸ ਵਹਿਸ਼ੀਆਨਾ ਕਤਲੇਆਮ ’ਤੇ ਹਾਅ ਦਾ ਨਾਅਰਾ ਨਹੀਂ ਮਾਰਿਆ ਅਤੇ 1939-45 ਦੌਰਾਨ ਯਹੂਦੀਆਂ ’ਤੇ ਹੋਏ ਜ਼ੁਲਮ ਵਾਂਗ ਇਸ ਵਾਰ ਵੀ ਅੱਖਾਂ ਮੀਟ ਕੇ ਗੂੰਗੇ, ਬੋਲੇ ਤੇ ਅੰਨ੍ਹੇ ਬਣੇ ਰਹੇ।** ਹੋਰ ਤਾਂ ਹੋਰ ਆਪਣੇ ਕਤਲੇਆਮ ਦੇ ਖ਼ਿਲਾਫ਼ ਲੋਕਾਂ ਤੋਂ ਹਮਦਰਦੀ ਮੰਗਣ ਵਾਲੇ ਯਹੂਦੀਆਂ ਦੀ ਜ਼ਬਾਨ ’ਚੋਂ ਵੀ ਇਸ ਕਤਲੇਆਮ ’ਤੇ ਉਫ਼ ਤਕ ਨਾ ਨਿਕਲੀ)। **ਹੋਰ ਵੀ ਸ਼ਰਮਨਾਕ ਸੀ ਰਾਜੀਵ ਗਾਂਧੀ ਦਾ ਇਹ ਬਿਆਨ ਕਿ ‘ਜਦੋਂ ਕੋਈ ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ।’** *ਇਹ ਬਿਆਨ ਦੇ ਕੇ ਸਿੱਖਾਂ ਦੇ ਵਹਿਸ਼ੀਆਨਾ ਤੇ ਜ਼ਾਲਮਾਨਾ ਕਤਲੇਆਮ ਨੂੰ ਸਹੀ ਠਹਿਰਾਉਣ, ਦਰਅਸਲ ਸਿੱਖਾਂ ਦੇ ਕਤਲੇਆਮ ਵਾਸਤੇ ਉਕਸਾਉਣ ਵਾਲੇ ਰਾਜੀਵ ਦੀ ਆਪਣੀ ਮੌਤ ਵੀ ਤਾਮਿਲਾਂ ਹੱਥੋਂ ਅਜਿਹੇ ਹੀ ਤਰੀਕੇ ਨਾਲ ਹੋਈ ਤੇ ਉਸ ਦੀ ਲਾਸ਼ ਨਾਲ ਉਸੇ ਤਰ੍ਹਾਂ ਹੀ ਹੋਇਆ, ਜਿਹੋ-ਜਿਹਾ ਨਵੰਬਰ 1984 ਵਿਚ ਜਿਊਂਦੇ ਸਾੜੇ*

ਜਾ ਰਹੇ ਸਿੱਖਾਂ ਨਾਲ ਹੋਇਆ ਸੀ।

ਕਤਲੇਆਮ ਤੋਂ ਬਾਅਦ ਲੱਖਾਂ ਸਿੱਖ ਦਿੱਲੀ, ਹਰਿਆਣਾ, ਯੂ.ਪੀ., ਐਮ.ਪੀ., ਬਿਹਾਰ, ਰਾਜਿਸਥਾਨ, ਹਿਮਾਂਚਲ ਅਤੇ ਹੋਰ ਸੂਬਿਆਂ ਤੋਂ ਪੰਜਾਬ ਵੱਲ ਦੌੜ ਗਏ। ਅਜੇ ਵੀ ਕੁਝ ਸਿੱਖ ਅਖਵਾਉਣ ਵਾਲੇ ਸ਼ਖ਼ਸ ਇਸ ਜ਼ੁਲਮ ਦਾ ਬਦਲਾ ਲੈਣ ਦੀ ਬਜਾਇ ਖਾਲਿਸਤਾਨ ਦੇ ਖ਼ਿਲਾਫ਼ ਬਿਆਨ ਦੇਣ 'ਤੇ ਜ਼ੋਰ ਲਾ ਰਹੇ ਸਨ। ਇਸ ਕਤਲੇਆਮ ਦੀ ਜ਼ਿੰਮੇਦਾਰੀ ਕਾਂਗਰਸ ਵਿਚ ਕਾਬਜ਼ ਦਹਿਸ਼ਤਗਰਦ ਹਿੰਦੂਆਂ ਅਤੇ ਸਰਕਾਰ ਤੋਂ ਇਲਾਵਾ ਕਾਂਗਰਸ ਵਿਚ ਬੈਠੇ ਪੱਗਾਂ ਵਾਲਿਆਂ (ਸਿੱਖ ਅਖਵਾਉਣ ਵਾਲਿਆਂ), ਖ਼ਾਸ ਕਰ ਕੇ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ ਤੇ ਹੋਰ ਕਾਂਗਰਸੀਆਂ ਦੀ ਵੀ ਹੈ; ਤੇ ਉਨ੍ਹਾਂ ਦੀ ਵੀ ਜੋ ਚੁਪ ਰਹੇ। ਜੇ ਜ਼ੈਲ ਸਿੰਘ ਉਦੋਂ ਅਸਤੀਫ਼ਾ ਦੇ ਦੇਂਦਾ ਤਾਂ ਸਿੱਖਾਂ ਦਾ ਕਤਲੇਆਮ ਹਰਗਿਜ਼ ਨਾ ਹੁੰਦਾ।

ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਸ ਵਹਿਸ਼ੀਆਨਾ ਕਤਲੇਆਮ ਨੇ ਕਿਸੇ ਅਦੀਬ ਦੀ ਰੂਹ ਨੂੰ ਨਾ ਟੁੰਬਿਆ। ਸਿਰਫ਼ ਕਹਾਣੀਕਾਰ ਅਜੀਤ ਕੌਰ ਨੇ ਦਲੇਰੀ ਨਾਲ ਕਲਮ ਉਠਾਈ ਤੇ ਜਾਂ ਫਿਰ ਕੁਝ ਇਨਸਾਨੀ ਹਕੂਕ ਦੀਆਂ ਜਥੇਬੰਦੀਆਂ, ਜਿਨ੍ਹਾਂ ਨੇ 'ਹੂ ਆਰ ਗਿਲਟੀ ਰਿਪੋਰਟ ਲਿਖ ਕੇ ਸੱਚੋ-ਸੱਚ ਸਾਹਮਣੇ ਲਿਆਂਦਾ। ਇਸ ਰਿਪੋਰਟ ਮੁਤਾਬਿਕ ਸਿੱਖਾਂ ਦੇ ਕਤਲਾਂ ਦੇ ਜ਼ਿੰਮੇਦਾਰਾਂ ਵਿਚ ਹੇਠ ਲਿਖੇ ਕਾਂਗਰਸੀ, ਪੁਲੀਸ ਅਫ਼ਸਰ ਤੇ ਉਨ੍ਹਾਂ ਦੇ ਲਿਆਂਦੇ ਕਿਰਾਏ ਦੇ ਕਾਤਿਲ ਜ਼ਿੰਮੇਦਾਰ ਸਨ:

ਰਾਜੀਵ, ਨਰਸਿੰਮ੍ਹਾ ਰਾਓ, ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਅਰਜਨ ਦਾਸ, ਲਲਿਤ ਮਾਕਨ, ਧਰਮ ਦਾਸ ਸ਼ਾਸਤਰੀ, ਸੱਜਣ ਕੁਮਾਰ, ਬਾਬੂ ਰਾਮ ਸ਼ਰਮਾ, ਮਹਿੰਦਰ (ਕੌਂਸਲਰ), ਮੰਗਤ ਰਾਮ ਸਿੰਗਲ, ਡਾ. ਅਸ਼ੋਕ ਕੁਮਾਰ, ਸੁੱਖਣ ਲਾਲ ਸੂਦ, ਜਗਦੀਸ਼ ਚੰਦਰ ਡੁਕਾਸ, ਈਸ਼ਵਰ ਸਿੰਹ, ਬਲਵੰਤ ਖੋਖਰ, ਰਤਨਾ, ਸਤਿਬੀਰ ਸਿੰਹ, ਫ਼ੈਜ਼ ਮੁਹੰਮਦ ਅਤੇ ਕਈ ਹੋਰ। ਪੁਲਸੀਆਂ ਵਿਚੋਂ ਅਸਿਸਟੈਂਟ ਕਮਿਸ਼ਨਰ ਪੁਲੀਸ ਮਲਹੋਤਰਾ; ਐਸ.ਐਚ.ਓਜ਼: ਜੈ ਸਿੰਹ, ਰਾਓ ਰਾਮ ਮਿਹਰ, ਹਰੀ ਰਾਮ ਭੱਟੀ, ਰਵਤਾਸ ਸਿੰਹ, ਸੂਰਵੀਰ ਸਿੰਹ, ਆਰ ਕੇ ਪੁਰਮ ਥਾਣੇ ਦਾ ਇੰਚਾਰਜ, ਤਿਰਲੋਕ ਪੁਰੀ ਦਾ ਤਿਆਗੀ ਤੇ ਕਈ ਹੋਰ; ਦੂਜੇ ਰੈਂਕਾਂ ਦੇ ਪੁਲਸੀਏ: ਆਰ.ਡੀ. ਸਿੰਹ, ਰਾਣਾ (ਤਿਰਲੋਕ ਪੁਰੀ), ਮੂਲਚੰਦ (ਸ਼ੱਕਰਪੁਰ), ਬਖਸ਼ੀ, ਰਾਜਵੀਰ ਸਿੰਹ। ਇਨ੍ਹਾਂ ਅਤੇ ਹੋਰ ਕਾਤਲਾਂ ਗੁੰਡਿਆਂ ਤੇ ਲੁਟੇਰਿਆਂ ਦੇ 198 ਨਾਂ **'ਹੂ ਆਰ ਗਿਲਟੀ'** ਰਿਪੋਰਟ ਵਿਚ ਦਿੱਤੇ ਗਏ ਹਨ। ਇਹ ਰਿਪੋਰਟ ਪੀਪਲਜ਼ ਯੂਨੀਅਨ ਫ਼ਾਰ ਡੈਮੋਕਰੇਟਿਕ ਰਾਈਟਜ਼ ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਾਰਟੀਜ਼ ਵੱਲੋਂ ਤਿਆਰ ਕੀਤੀ ਗਈ ਸੀ। ਇਸ ਨੂੰ ਗੋਬਿੰਦਾ ਮੁਖੱਟੀ ਤੇ ਰਜਨੀ ਕੋਠਾਰੀ ਨੇ ਜਾਰੀ ਕੀਤਾ ਸੀ।

(ਮਗਰੋਂ 1985 ਵਿੱਚ ਇਸ ਬਾਰੇ ਇੱਕ 'ਮਿਸ਼ਰਾ ਕਮਿਸ਼ਨ' ਬਣਾਉਣ ਦੀ ਕਾਗ਼ਜ਼ੀ ਕਾਰਵਾਈ ਵੀ ਕੀਤੀ ਗਈ। ਕਮਿਸ਼ਨ ਵੱਲੋਂ 1986 ਵਿਚ ਇਕ ਰਿਪੋਰਟ ਤਿਆਰ ਕੀਤੀ ਗਈ। ਇਸ ਰਿਪੋਰਟ ਨੂੰ ਰਾਜੀਵ ਦੀ ਹਦਾਇਤ 'ਤੇ ਲਿਖਿਆ ਗਿਆ ਤੇ ਛੋਟੇ-ਮੋਟੇ ਪੁਲਸੀਆਂ ਅਤੇ ਨਿੱਕੇ ਮੋਟੇ ਕਾਂਗਰਸੀਆਂ ਤੇ ਥੋੜ੍ਹਾ ਬਹੁਤ ਨਜ਼ਲਾ ਸੁੱਟ ਕੇ ਸਾਰੇ ਵੱਡੇ-ਵੱਡੇ ਕਾਤਲਾਂ ਨੂੰ ਸੁਰਖ਼ਰੂ ਕਰਨ ਦਾ ਡਰਾਮਾ ਕੀਤਾ ਗਿਆ ਸੀ। ਰਿਪੋਰਟ ਪੜ੍ਹਨ ਤੋਂ ਇੰਜ ਲਗਦਾ ਏ ਜਿਵੇਂ ਕੋਈ ਕਾਂਗਰਸੀ ਲੈਕਚਰ ਕਰ ਰਿਹਾ ਹੋਵੇ, ਨਾ ਕਿ ਇਹ ਕਿਸੇ ਕਮਿਸ਼ਨ ਦੀ ਰਿਪੋਰਟ ਹੋਵੇ)। ਇਸ ਮਗਰੋਂ ਹੋਰ

ਵੀ ਦਸ ਕਮਿਸ਼ਨ ਬਣਾਏ ਗਏ ਜੋ ਡਰਾਮਾ ਕਰ ਕੇ ਖਤਮ ਹੁੰਦੇ ਗਏ। ਇਸ ਸਬੰਧੀ ਪੂਰੀ ਤਫ਼ਸੀਲ ਕਿਤਾਬ 'ਦ ਟਰੀ ਦੈਟ ਸ਼ੁਕ ਦ ਲੈਂਡ' (ਲੇਖਕ ਹਰਵਿੰਦਰ ਸਿੰਘ ਫੂਲਕਾ) ਵਿਚ ਪੇਸ਼ ਹੈ। ਖ਼ੂਨੀ 84 ਬਾਰੇ ਕੁਝ ਕੀਮਤੀ ਜਾਣਕਾਰੀ ਹੇਠ ਲਿਖੀਆਂ ਕਿਤਾਬਾਂ ਵਿਚ ਵੀ ਪੇਸ਼ ਹੈ: ਹੂ ਆਰ ਗਿਲਟੀ (ਇਨਸਾਨੀ ਹੱਕਾਂ ਦੀਆਂ ਜਥੇਬੰਦੀਆਂ ਦੀ ਰੀਪੋਰਟ), ਸਰਕਾਰੀ ਕਤਲੇਆਮ (ਗੁਰਚਰਨ ਸਿੰਘ), ਖ਼ੂਨੀ ਚੌਰਾਸੀ (ਅਜੀਤ ਕੌਰ)।

ਖ਼ੂਨੀ ਨਵੰਬਰ ਵਿਚ ਸਿੱਖਾਂ ਨੂੰ ਮਾਰਨ/ਮਰਵਾਉਣ ਵਾਲਾ ਲਲਿਤ ਮਾਕਨ ਤੇ ਅਰਜਨ ਦਾਸ ਮਾਰੇ ਗਏ

ਖ਼ੂਨੀ ਨਵੰਬਰ 1984 ਵਿਚ ਦਿੱਲੀ 'ਚ ਸਿੱਖਾਂ ਨੂੰ ਤਸੀਹੇ ਦੇ-ਦੇ ਕੇ ਕਤਲ ਕਰਨ/ਕਰਵਾਉਣ ਵਾਲਿਆਂ ਵਿਚੋਂ ਇੱਕ ਵੱਡਾ ਮੁਜਰਿਮ ਲਲਿਤ ਮਾਕਨ ਤੇ ਇੱਕ ਹੋਰ ਜ਼ਾਲਮ ਅਰਜਨ ਦਾਸ ਵੀ ਸਨ। ਉਨ੍ਹਾਂ ਨੂੰ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੇ ਤਰਤੀਬਵਾਰ 30 ਜੁਲਾਈ 1985 ਅਤੇ 4 ਸਤੰਬਰ 1985 ਦੇ ਦਿਨ ਕਤਲ ਕਰ ਦਿੱਤਾ। ਇਸ ਤੋਂ ਬਾਅਦ ਇਸ ਕਤਲੇਆਮ ਦੇ ਬਾਕੀ ਦੇ ਸਾਰੇ ਮੁਜਰਿਮਾਂ ਉੱਤੇ ਖ਼ਾਸ ਪਹਿਰੇ ਲਾ ਦਿੱਤੇ ਗਏ ਤੇ ਉਨ੍ਹਾਂ ਨੂੰ ਆਪਣੇ ਘਰਾਂ ਵਿਚ ਹੀ ਕੈਦੀ ਬਣਾ ਦਿੱਤਾ।

ਭਾਰਤੀ ਪ੍ਰਾਈਮ ਮਨਿਸਟਰ ਨੇ ਸਿੱਖ ਕਤਲੇਆਮ ਦੀ ਰਸਮੀ ਮੁਆਫ਼ੀ ਮੰਗੀ

12 ਅਗਸਤ 2005 ਦੇ ਦਿਨ ਭਾਰਤੀ ਪ੍ਰਾਈਮ ਮਨਿਸਟਰ ਮਨਮੋਹਨ ਸਿੰਘ ਨੇ ਪਾਰਲੀਮੈਂਟ ਵਿਚ ਕਿਹਾ: "ਮੈਨੂੰ ਸਿੱਖ ਭਾਈਚਾਰੇ ਕੋਲੋਂ ਮੁਆਫ਼ੀ ਮੰਗਣ ਵਿਚ ਕੋਈ ਝਿਜਕ ਨਹੀਂ। ਮੈਂ ਸਿੱਖ ਭਾਈਚਾਰੇ ਹੀ ਨਹੀਂ ਬਲਕਿ ਸਾਰੀ ਭਾਰਤੀ ਕੌਮ ਤੋਂ ਮੁਆਫ਼ੀ ਮੰਗਦਾ ਹਾਂ ਕਿ 1984 ਵਿਚ ਜੋ ਕੁਝ ਹੋਇਆ, ਉਹ ਭਾਰਤੀ ਵਿਧਾਨ ਵਿਚ ਕੌਮੀਅਤ ਦੇ ਸਿਧਾਂਤ ਦੇ ਉਲਟ ਸੀ।" ਇਹ ਰਸਮੀ ਮੁਆਫ਼ੀ ਕਤਲੇਆਮ ਤੋਂ 21 ਸਾਲ ਮਗਰੋਂ ਵਾਰ ਵਾਰ ਰੌਲਾ ਪਾਉਣ ਮਗਰੋਂ ਮੰਗੀ ਗਈ। ਇਹ ਨਕਲੀ ਤੇ ਬੇਮਾਅਨਾ ਮੁਆਫ਼ੀ ਸੀ ਕਿਉਂ ਕਿ ਇਸ ਦੇ ਬਾਵਜੂਦ, ਵਾਰ-ਵਾਰ ਸਿੱਖਾਂ ਦੇ ਕਾਤਲਾਂ ਨੂੰ ਉਚੇ ਅਹੁਦੇ ਦੇ ਕੇ ਸਨਮਾਨਿਆ ਜਾ ਰਿਹਾ ਸੀ।

ਖਾੜਕੂਆਂ ਦੇ ਕੁਝ ਐਕਸ਼ਨ

ਜੂਨ 1984 ਵਿਚ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਹੋਏ ਹਜ਼ਾਰਾਂ ਸਿੱਖਾਂ ਦੇ ਵਹਿਸ਼ੀਆਨਾ ਕਤਲਾਂ ਨੇ ਸਿੱਖਾਂ ਦੇ ਦਿਲਾਂ ਵਿਚ ਕਾਂਗਰਸ ਪਾਰਟੀ ਹੀ ਨਹੀਂ, ਭਾਰਤ ਨਾਲ ਵੀ, ਨਫ਼ਰਤ 'ਚ ਵਾਧਾ ਕੀਤਾ। ਖ਼ੁਫ਼ੀਆ ਪੁਲੀਸ, ਅਖ਼ਬਾਰ ਨਵੀਸ ਅਤੇ ਸਮਝਦਾਰ ਲੋਕ ਖ਼ੂਬ ਸਮਝ ਰਹੇ ਸਨ ਕਿ ਪਹਿਲੋਂ ਇੰਦਰਾ ਗਾਂਧੀ ਅਤੇ ਹੁਣ ਰਾਜੀਵ ਗਾਂਧੀ ਸਿੱਖਾਂ ਵਿਚ ਵਡੇ ਦੁਸ਼ਮਣਾਂ ਦਾ ਦਰਜਾ ਹਾਸਿਲ ਕਰ ਚੁਕੇ ਹਨ। ਇਸ ਹਾਲਤ ਵਿਚ ਸਿੱਖਾਂ ਵਿਚ ਮੁਲਕ ਨਾਲੋਂ ਅਲਵਿਦਾ ਹੋਣ ਦੀ ਸੋਚ ਵਧੇਰੇ ਭਾਰੂ ਹੋਣੀ ਹੀ ਸੀ। ਹਾਲਾਤ ਇਹੋ ਜਿਹੇ ਬਣ ਗਏ ਸਨ ਕਿ ਕੋਈ ਵੀ ਗ਼ੈਰਤ ਵਾਲਾ ਸਿੱਖ ਆਪਣੇ ਆਪ ਨੂੰ ਕਾਂਗਰਸੀ ਅਖਵਾਉਣ ਵਾਸਤੇ ਤਿਆਰ ਨਹੀਂ ਸੀ। ਜੂਨ ਅਤੇ ਨਵੰਬਰ ਵਿਚ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਰਾਜੀਵ ਗਾਂਧੀ ਤੇ ਕਾਂਗਰਸ ਨੇ ਸਿੱਖਾਂ ਵਾਸਤੇ ਬਲਦੀ 'ਤੇ ਹੋਰ ਤੇਲ ਉਦੋਂ ਪਾਇਆ, ਜਦੋਂ ਲੋਕ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ ਐਂਟੀ-ਸਿੱਖ ਪੱਤਾ

ਵਰਤਿਆ। ਕਾਂਗਰਸ ਦਾ ਮੁਖ ਨਾਅਰਾ ਹੀ 'ਸਰਦਾਰ-ਦੇਸ਼ ਦੇ ਗ਼ਦਾਰ' ਸੀ। ਇਸ ਨਾਅਰੇ ਨੇ ਲੋਕ ਸਭਾ ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਨੂੰ ਜ਼ਬਰਦਸਤ ਕਾਮਯਾਬੀ ਦਿੱਤੀ। ਹੋਰ ਤਾਂ ਹੋਰ ਭਾਰਤੀ ਜਨਤਾ ਪਾਰਟੀ ਅਤੇ ਉਨ੍ਹਾਂ ਦੇ ਹਿਮਾਇਤੀਆਂ ਨੂੰ ਵੀ ਬੁਰੀ ਤਰ੍ਹਾਂ ਹਾਰ ਹੋਈ, ਹਾਲਾਂਕਿ ਇਸ ਪਾਰਟੀ ਨੇ ਵੀ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਦੀ ਡਟਵੀਂ ਹਿਮਾਇਤ ਕੀਤੀ ਸੀ ਅਤੇ ਦਰਬਾਰ ਸਾਹਿਬ ਕੰਪਲੈਕਸ 'ਤੇ ਫ਼ੌਜ ਦੇ ਕਬਜ਼ੇ ਦੀਆਂ ਮੁਬਾਰਕਾਂ ਦਿੱਤੀਆਂ ਸਨ। ਇਨ੍ਹਾਂ ਪਾਰਟੀਆਂ ਨੇ ਉਦੋਂ ਇਹ ਸੋਚਿਆ ਸੀ ਕਿ ਇੰਦਰਾ ਦੀ ਸਿੱਖਾਂ ਦੇ ਖ਼ਿਲਾਫ਼ ਜੰਗ ਸਹੀ ਸੀ। ਲੋਕ ਸਭਾ ਚੋਣਾਂ 'ਚ ਜ਼ਬਰਦਸਤ ਹਾਰ ਮਗਰੋਂ ਇਨ੍ਹਾਂ ਨੂੰ ਸਮਝ ਆਉਣ ਲਗ ਪਈ ਕਿ ਉਨ੍ਹਾਂ ਵੱਲੋਂ ਇੰਦਰਾ ਦੀ ਹਿਮਾਇਤ ਬੇਵਕੂਫ਼ੀ ਵਾਲੀ ਹਰਕਤ ਸੀ। ਪਰ ਹੁਣ ਪਛਤਾਵਾ ਕਰਨ ਦਾ ਕੋਈ ਫ਼ਾਇਦਾ ਨਹੀਂ ਸੀ। ਰਾਜੀਵ ਗਾਂਧੀ ਨੇ ਅਗਲੇ ਪੰਜ ਸਾਲ ਮੁਲਕ 'ਤੇ ਕਾਬਜ਼ ਰਹਿਣਾ ਸੀ। ਇਸ ਹਾਲਤ ਵਿਚ ਭਾਜਪਾ ਤੇ ਜਨਤਾ ਪਾਰਟੀ ਵਿਚ ਨਿਰਾਸ਼ਾ ਫ਼ੈਲਣੀ ਵੱਡੀ ਗੱਲ ਨਹੀਂ ਸੀ।

ਇੰਵ ਹੀ ਇਧਰ ਸਿੱਖਾਂ ਵਿਚ ਅਕਾਲੀ ਪਾਰਟੀ ਵਾਸਤੇ ਹਿਮਾਇਤ ਬੁਰੀ ਤਰ੍ਹਾਂ ਘੱਟ ਚੁੱਕੀ ਸੀ। ਆਮ ਸਿੱਖ ਜਿੱਥੇ ਕਾਂਗਰਸ ਪਾਰਟੀ, ਫ਼ਿਰਕੂ ਤੇ ਦਹਿਸ਼ਤਗਰਦ ਹਿੰਦੂ ਸੋਚ ਅਤੇ ਭਾਰਤ ਨਾਲ ਨਫ਼ਰਤ ਕਰਨ ਲੱਗ ਪਿਆ ਸੀ, ਉੱਥੇ ਉਹ ਅਕਾਲੀ ਦਲ ਨਾਲ ਵੀ ਗ਼ੈਰਸਾਲੀ ਰੱਖਣ ਲੱਗ ਪਿਆ ਸੀ। ਆਮ ਸਿੱਖ ਇਹ ਸੋਚਦੇ ਸਨ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸਿੱਖ ਕੌਮ ਦੀ ਅਗਵਾਈ ਨਹੀਂ ਕਰ ਸਕਦੇ ਤੇ ਸਿੱਖਾਂ ਦੇ ਮਸਲਿਆਂ ਦਾ ਹੱਲ ਸਿਰਫ਼ ਖਾਲਿਸਤਾਨ ਹੈ, ਜਿਸ ਨੂੰ ਉਹ ਖਾੜਕੂਆਂ ਦੀ ਅਗਵਾਈ ਵਿਚ ਹੀ ਹਾਸਿਲ ਕਰ ਸਕਦੇ ਸਨ। ਇਸ ਮਾਹੌਲ ਵਿਚ ਆਮ ਸਿੱਖ ਅਕਾਲੀ ਦਲ ਨੂੰ ਛਡ ਕੇ ਖਾੜਕੂ ਸੋਚ ਵਾਲਿਆਂ ਦਾ ਸਾਥੀ ਬਣਨ ਵਿਚ ਮਾਣ ਮਹਿਸੂਸ ਕਰਨ ਲਗ ਪਿਆ ਸੀ। ਸਿੱਖ ਅਕਾਲੀਆਂ ਅਤੇ ਅਕਾਲ ਤਖ਼ਤ ਸਾਹਿਬ ਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਤੇ ਗ੍ਰੰਥੀਆਂ ਨੂੰ ਇਕੋ ਜਿਹੀ ਨਫਰਤ ਕਰਦੇ ਸਨ। ਇਨ੍ਹਾਂ ਗ੍ਰੰਥੀਆਂ ਵਿਚੋਂ ਕਿਰਪਾਲ ਸਿੰਘ ਨੂੰ ਸਿੱਖ ਸਭ ਤੋਂ ਵਧ ਨਫ਼ਰਤ ਕਰਦੇ ਸਨ।

ਕਿਰਪਾਲ ਸਿੰਘ 'ਤੇ ਫੇਰ ਹਮਲਾ

16 ਜਨਵਰੀ 1985 ਨੂੰ ਲੁਧਿਆਣੇ ਨੇੜੇ ਖਾੜਕੂਆਂ ਨੇ ਅਕਾਲ ਤਖ਼ਤ ਦੇ ਮੁਖ ਸੇਵਾਦਾਰ ਕਿਰਪਾਲ ਸਿੰਘ ਉੱਤੇ ਇਕ ਵਾਰ ਫੇਰ ਹਮਲਾ ਕੀਤਾ। ਕਿਰਪਾਲ ਸਿੰਘ ਇਸ ਹਮਲੇ ਵਿਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਪਰ ਰਾਜੀਵ ਵੱਲੋਂ ਮੁਹੱਈਆ ਕੀਤੇ ਗਏ ਵਧੀਆ ਤੋਂ ਵਧੀਆ ਇਲਾਜ ਕੀਤੇ ਜਾਣ ਕਰ ਕੇ ਉਹ ਮਰਨੋਂ ਬਚ ਗਿਆ। ਪੁਲੀਸ ਵੱਲੋਂ ਜ: ਗੁਰਦੇਵ ਸਿੰਘ, ਦਰਸ਼ਨ ਸਿੰਘ, ਖੈਬਰ ਸਿੰਘ, ਸਤਨਾਮ ਸਿੰਘ, ਡਾ: ਗੁਰਚਰਨ ਸਿੰਘ, ਦਵਿੰਦਰ ਸਿੰਘ ਤੇ ਸੁਖਜੀਤ ਸਿੰਘ ਇਸ ਹਮਲੇ ਦੇ ਜ਼ਿੰਮੇਦਾਰ ਨਾਮਜ਼ਦ ਕੀਤੇ ਗਏ ਸਨ। ਖਾੜਕੂਆਂ ਨੇ ਅਕਾਲ ਤਖ਼ਤ ਦੇ ਮੁਖ ਗ੍ਰੰਥੀ ਪ੍ਰੀਤਮ ਸਿੰਘ ਉੱਤੇ ਵੀ 12 ਫਰਵਰੀ ਨੂੰ ਹਮਲਾ ਕੀਤਾ। ਪਰ ਉਹ ਵੀ ਬਚ ਗਿਆ।

ਪੰਜਾਬ ਵਿਚ ਵਿਦੇਸ਼ੀਆਂ ਦੇ ਦਾਖ਼ਲੇ 'ਤੇ ਪਾਬੰਦੀ

9 ਮਾਰਚ ਨੂੰ ਪੰਜਾਬ ਨੂੰ ਮਨਾਹੀ ਵਾਲਾ ਇਲਾਕਾ ਕਰਾਰ ਦੇ ਦਿੱਤਾ ਗਿਆ। ਇਸ ਨਾਲ ਬਦੇਸ਼ੀਆਂ ਦੀ ਪੰਜਾਬ ਦਾਖਲੇ 'ਤੇ ਪਾਬੰਦੀ ਪੱਕੀ ਕਰ ਦਿੱਤੀ ਗਈ। ਦਰਅਸਲ ਇਸ ਦਾ ਮਕਸਦ

ਇਕ ਤਾਂ ਵਿਦੇਸ਼ੀ ਪ੍ਰੈੱਸ ਨੂੰ ਰੋਕਣਾ ਸੀ ਤੇ ਦੂਜਾ ਵਿਦੇਸ਼ੀ ਸਿੱਖਾਂ ਨੂੰ ਤੰਗ ਕਰਨ ਦਾ ਬਹਾਨਾ ਘੜਨਾ ਸੀ।

ਖਾੜਕੂਆਂ ਦੇ ਐਕਸ਼ਨ

ਅਕਾਲੀਆਂ ਦੀਆਂ ਰਿਹਾਈਆਂ ਦੇ ਬਾਵਜੂਦ ਖਾੜਕੂਆਂ ਨੇ ਆਪਣੇ ਐਕਸ਼ਨ ਜਾਰੀ ਰਖੇ। ਉਨ੍ਹਾਂ ਵਲੋਂ 24 ਮਾਰਚ 1985 ਨੂੰ ਚੰਡੀਗੜ੍ਹ 'ਚ ਜਨਸੰਘੀ ਲੀਡਰ ਮਨਚੰਦਾ ਨੂੰ ਕਤਲ ਕਰ ਦਿੱਤਾ ਗਿਆ। 19 ਅਪ੍ਰੈਲ ਨੂੰ ਅੰਮ੍ਰਿਤਸਰ ਵਿਚ ਰਘੂਨੰਦਨ ਲਾਲ ਭਾਟੀਆ ਉੱਪਰ ਹਮਲਾ ਕੀਤਾ ਗਿਆ। ਪਹਿਲੀ ਮਈ ਨੂੰ ਖੰਨੇ ਵਿਚ ਫਿਰਕੂ ਹਿੰਦੂ ਭੀਸ਼ਮ ਪ੍ਰਕਾਸ਼ ਕਤਲ ਕੀਤਾ ਗਿਆ। 10 ਮਈ ਨੂੰ ਹੁਸ਼ਿਆਰਪੁਰ ਵਿਚ ਇੱਥੋਂ ਦਾ ਸਭ ਤੋਂ ਵੱਧ ਫ਼ਿਰਕੂ ਹਿੰਦੂ ਚੌਧਰੀ ਬਲਬੀਰ ਸਿੰਹ ਕਤਲ ਕਰ ਦਿੱਤਾ ਗਿਆ। ਚੌਧਰੀ ਬਲਬੀਰ ਸਿੱਖਾਂ ਦੇ ਖ਼ਿਲਾਫ਼ ਜ਼ਹਿਰੀਲਾ ਪ੍ਰਾਪੇਗੰਡਾ ਕਰਨ ਅਤੇ ਸਿੱਖਾਂ ਨਾਲ ਧੱਕਾ ਕਰਨ ਵਿਚ ਲਾਲਾ ਜਗਤ ਨਰੈਣ, ਵਰਿੰਦਰ, ਕਾਲੀ ਚਰਨ ਤੇ ਯੱਸ਼ ਵਾਂਗ ਬਦਨਾਮ ਸੀ। ਬਲਬੀਰ ਸਿੰਹ ਦੇ ਕਤਲ ਮਗਰੋਂ ਇਸ ਦੇ ਪੁੱਤਰਾਂ ਦੀ ਅਗਵਾਈ ਹੇਠ ਹਿੰਦੂ ਦਹਿਸ਼ਤਗਰਦਾਂ ਨੇ ਸਿੱਖਾਂ ਉੱਤੇ ਕਈ ਦਿਨ ਹਮਲੇ ਕੀਤੇ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਈਆਂ। ਹੁਸ਼ਿਆਰਪੁਰ ਵਿਚ ਦੋ ਹਫ਼ਤੇ ਤੋਂ ਵਧ ਸਮਾਂ ਕਰਫ਼ਿਊ ਲੱਗਾ ਰਿਹਾ। ਇਸ ਦੌਰਾਨ ਇਕ ਹੋਰ ਅਹਿਮ ਐਕਸ਼ਨ ਮਨਬੀਰ ਸਿੰਘ ਚਹੇੜੂ ਵੱਲੋਂ ਜਲੰਧਰ ਕਚਹਿਰੀਆਂ ਵਿਚ ਹਮਲਾ ਕਰ ਕੇ ਸਾਥੀਆਂ (ਜਨਰਲ ਲਾਭ ਸਿੰਘ, ਗੁਰਿੰਦਰ ਸਿੰਘ ਭੋਲਾ) ਨੂੰ ਪੁਲੀਸ ਹਿਰਾਸਤ ਵਿਚੋਂ ਛੁਡਾਉਣਾ ਸੀ।

ਦਿੱਲੀ 'ਚ ਟਰਾਂਜ਼ਿਸਟਰ ਬੰਬ

ਦਿੱਲੀ ਅਤੇ ਹੋਰ ਇਲਾਕਿਆਂ ਵਿਚ ਸਿੱਖਾਂ ਨੂੰ ਤਸੀਹੇ ਦੇ-ਦੇ ਕੇ ਕਤਲ ਕਰਨ ਦੇ ਜਵਾਬੇ-ਅਮਲ ਵਜੋਂ ਕੁਝ ਖਾੜਕੂ ਸਿੱਖਾਂ ਨੇ ਦਿੱਲੀ ਵਿਚ ਟਰਾਂਜ਼ਿਸਟਰ ਬੰਬਾਂ ਰਾਹੀਂ ਐਕਸ਼ਨ ਕੀਤੇ। ਇਹ ਐਕਸ਼ਨ 10 ਮਈ ਨੂੰ ਦਿੱਲੀ ਅਤੇ ਕਈ ਹੋਰ ਇਲਾਕਿਆਂ ਵਿਚ ਕੀਤੇ ਗਏ। ਇਸ ਨਾਲ 74 ਬੰਦੇ ਮਾਰੇ ਗਏ ਤੇ ਸੈਂਕੜੇ ਜ਼ਖ਼ਮੀ ਹੋਏ। 12 ਮਈ ਨੂੰ ਇਸ ਕੇਸ 'ਚ ਤਿੰਨ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਭਾਈ ਮਨਮੋਹਨ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਕਰਤਾਰ ਸਿੰਘ ਨਾਰੰਗ ਵੀ ਸ਼ਾਮਿਲ ਸਨ। ਭਾਈ ਮਨਮੋਹਨ ਸਿੰਘ (ਉਰਫ਼ ਮਹਿੰਦਰ ਸਿੰਘ) ਨੂੰ ਪੁਲੀਸ ਨੇ ਤਸੀਹੇ ਦੇ-ਦੇ ਕੇ ਹਿਰਾਸਤ ਵਿਚ ਹੀ ਮਾਰ ਦਿੱਤਾ। ਅਣੋਖ ਸਿੰਘ ਬਬਰ ਨੂੰ ਵੀ ਇਸ ਕੇਸ ਵਿਚ ਨਾਮਜ਼ਦ ਕੀਤਾ ਗਿਆ ਸੀ।

* * *

ਰਾਜੀਵ-ਲੌਂਗੋਵਾਲ ਸਮਝੌਤਾ

ਰਾਜੀਵ ਦਾ ਅਕਾਲੀਆਂ ਨਾਲ ਰਾਬਤਾ

ਇਸ ਵੇਲੇ ਸਾਰੇ ਸੀਨੀਅਰ ਅਕਾਲੀ ਆਗੂ ਜੇਲ੍ਹਾਂ ਵਿਚ ਸਨ। ਰਾਜੀਵ ਗਾਂਧੀ ਨੇ ਆਪਣੇ ਖ਼ਾਸ ਸਾਥੀਆਂ ਅਰੁਣ ਸਿੰਹ, ਅਰਣੂ ਨਹਿਰੂ ਵਰਗਿਆਂ ਦੀ ਡਿਊਟੀ ਲਾਈ ਕਿ ਉਹ ਅਜਿਹੇ ਬੰਦੇ ਢੂੰਢਣ ਜੋ ਜੇਲ੍ਹਾਂ ਵਿਚ ਬੈਠੇ ਅਕਾਲੀ ਆਗੂਆਂ ਨੂੰ ਸਰਕਾਰ ਨਾਲ ਗਲਬਾਤ ਕਰਨ ਵਾਸਤੇ ਮਨਾ ਸਕਣ। ਇਸ ਕੋਸ਼ਿਸ਼ ਵਿਚ ਸੁਰਜੀਤ ਬਰਨਾਲਾ, ਬਲਵੰਤ ਸਿੰਘ ਸੁਲਤਾਨਪੁਰੀ, ਮਨਜੀਤ ਖਹਿਰਾ, ਬਲਵੰਤ ਸਿੰਘ ਰਾਮੂਵਾਲੀਆ, ਪ੍ਰੋ: ਅਤਰ ਸਿੰਘ, ਪ੍ਰਿਥੀਪਾਲ ਸਿੰਘ ਕਪੂਰ ਅਤੇ ਬਰਜਿੰਦਰ ਸਿੰਘ ਹਮਦਰਦ ਨੇ ਰਾਜੀਵ ਗਾਂਧੀ ਦੇ ਏਲਚੀਆਂ ਦਾ ਪੂਰਾ-ਪੂਰਾ ਸਾਥ ਦਿੱਤਾ। ਇਹ ਲੋਕ ਦਸੰਬਰ 1984 ਵਿਚ ਅਕਾਲੀ ਆਗੂਆਂ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂਆਂ ਨੂੰ ਮਿਲੇ ਪਰ ਜੇਲ੍ਹੀਂ ਬੈਠੇ ਆਗੂਆਂ ਨੇ ਰਿਹਾਈ ਤੋਂ ਪਹਿਲਾਂ ਕੋਈ ਵੀ ਗੱਲ ਕਰਨ ਤੋਂ ਨਾਂਹ ਕਰ ਦਿੱਤੀ। ਦੂਜੇ ਪਾਸੇ, ਰਾਜੀਵ ਅਜੇ ਅਕਾਲੀ ਆਗੂਆਂ ਨੂੰ ਰਿਹਾ ਕਰਨਾ ਨਹੀਂ ਚਾਹੁੰਦਾ ਸੀ।

3 ਜਨਵਰੀ 1985 ਨੂੰ ਰਾਜੀਵ ਨੇ ਪੰਜਾਬ ਬਾਰੇ ਇਕ ਤਿੰਨ ਮੈਂਬਰੀ ਪੈਨਲ ਬਣਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿਚ ਅਰਜਨ ਸਿੰਹ (ਚੀਫ਼ ਮਨਿਸਟਰ ਮੱਧ ਪ੍ਰਦੇਸ਼) ਵੀ ਸ਼ਾਮਿਲ ਸੀ। ਅਰਜਨ ਸਿੰਹ ਨੇ ਬਹੁਤ ਵਾਰ ਅਕਾਲੀ ਆਗੂਆਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਉਸ ਨੇ ਬਹੁਤ ਸਾਰੇ ਵਿਚੋਲਿਆਂ ਰਾਹੀਂ ਅਕਾਲੀਆਂ ਨੂੰ ਤਰ੍ਹਾਂ ਤਰ੍ਹਾਂ ਦੇ ਲਾਲਚ ਦਿੱਤੇ, ਪਰ ਕੋਈ ਵੀ ਅਕਾਲੀ ਉਸ ਨੂੰ ਮਿਲਣ ਤਕ ਵਾਸਤੇ ਤਿਆਰ ਨਾ ਹੋਇਆ। ਇਕ ਦਿਨ ਉਹ ਭੂਪਾਲ ਵਿਚ ਜਸਟਿਸ ਗੁਰਨਾਮ ਸਿੰਘ ਦੀ ਧੀ (ਜੋ ਉਥੇ ਰਹਿ ਰਹੀ ਸੀ) ਨੂੰ ਮਿਲਿਆ ਤੇ ਆਪਣੀ ਮੁਸ਼ਕਿਲ ਦੱਸੀ। ਉਸ ਨੇ ਅਰਜਨ ਸਿੰਹ ਦਾ ਰਾਬਤਾ ਆਪਣੇ ਭਰਾ ਗੁਰਬੀਰ ਸਿੰਘ (ਉਰਫ਼ ਬਾਕੂ) ਨਾਲ ਕਰਵਾਇਆ। ਬਾਕੂ ਦੇ ਪੰਜਾਬ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਅਤਰ ਸਿੰਘ ਨਾਲ ਚੰਗੇ ਸਬੰਧ ਸਨ ਤੇ ਅਤਰ ਸਿੰਘ ਕਿਸੇ ਵੇਲੇ ਟੌਹੜਾ ਤੇ ਬਾਦਲ ਦੇ ਬਹੁਤ ਨੇੜੇ ਹੁੰਦਾ ਸੀ ਕਿਉਂ ਕਿ ਉਹ ਇਨ੍ਹਾਂ ਵਾਸਤੇ ਲੇਖ ਲਿਖ ਕੇ ਦਿਆ ਕਰਦਾ ਸੀ। ਬਾਕੂ ਨੇ ਅਰਜਨ ਸਿੰਹ ਅਤੇ ਅਤਰ ਸਿੰਘ ਵਿਚਕਾਰ ਮੁਲਾਕਾਤ ਕਰਵਾ ਦਿੱਤੀ।ਅਰਜਨ ਸਿੰਹ ਨੇ ਅਤਰ ਸਿੰਘ ਨੂੰ ਅਕਾਲੀ ਆਗੂਆਂ ਨੂੰ ਮਿਲਣ ਵਾਸਤੇ ਜੋਧਪੁਰ ਜੇਲ੍ਹ ਭੇਜਿਆ; ਪਰ ਉਨ੍ਹਾਂ ਨੇ ਸ਼ਰਤ ਰੱਖੀ ਕਿ ਰਿਹਾਈ ਤੋਂ ਪਹਿਲਾਂ ਉਹ ਕੋਈ ਗੱਲਬਾਤ ਨਹੀਂ ਕਰਨਗੇ। ਇਸ ’ਤੇ 11 ਮਾਰਚ 1985 ਦੇ ਦਿਨ 8 ਸੀਨੀਅਰ ਅਕਾਲੀ ਆਗੂ ਰਿਹਾ ਕਰ ਦਿੱਤੇ ਗਏ। ਤੇ 12 ਮਾਰਚ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਪਾਬੰਦੀ ਵੀ ਹਟਾ ਲਈ ਗਈ।

ਅਕਾਲੀ ਆਗੂ ਬਾਬਾ ਜੋਗਿੰਦਰ ਸਿੰਘ ਕੋਲ

ਰਿਹਾਈ ਮਗਰੋਂ ਅਕਾਲੀ ਆਗੂ ਇਕੱਠੇ ਹੋਏ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਹ ਖਾੜਕੂਆਂ ਤੋਂ ਵੱਖਰੇ ਰਹਿ ਕੇ ਹੁਣ ਥਾਂ ਨਹੀਂ ਬਣਾ ਸਕਣਗੇ। ਇਹ ਸੋਚ ਕੇ ਉਨ੍ਹਾਂ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਿਤਾ ਬਾਬਾ ਜੋਗਿੰਦਰ ਸਿੰਘ ਦਾ ਫ਼ਾਇਦਾ ਉਠਾਉਣ ਦੀ ਤਰਕੀਬ ਬਣਾਈ। ਅਸਲੀਅਤ ਇਹ ਹੈ ਕਿ ਇਨ੍ਹਾਂ ਆਗੂਆਂ ਨੇ ਸਿੱਖ ਕੌਮ ਦੇ ਜਜ਼ਬਾਤ ਪੜ੍ਹ ਲਏ ਸਨ ਅਤੇ ਉਹ ਖ਼ੁਦ ਇਸ ਕਾਬਲ ਨਹੀਂ ਸਨ ਕਿ ਕੌਮ ਦੀ ਉਸ ਹਾਲਤ ਵਿਚ ਅਗਵਾਈ ਕਰ ਸਕਣ। ਸੋ ਉਨ੍ਹਾਂ ਨੇ ਬਾਬਾ ਜੋਗਿੰਦਰ ਸਿੰਘ ਦਾ ਮੋਢਾ ਵਰਤਣ ਦੀ ਤਰਕੀਬ ਘੜੀ। ਇਸ ਦੇ ਇਕ ਪੜਾਅ ਵਜੋਂ ਲੌਂਗੋਵਾਲ, ਟੌਹੜਾ, ਤਲਵੰਡੀ, ਬਾਦਲ ਤੇ ਆਤਮਾ ਸਿੰਘ ਤੇ ਕੁਝ ਹੋਰ ਬਾਬਾ ਜੋਗਿੰਦਰ ਸਿੰਘ ਕੋਲ ਉਸ ਦੇ ਪਿੰਡ ਪੁੱਜੇ ਅਤੇ ਆਪਣੀਆਂ ਸੇਵਾਵਾਂ ਉਸ ਨੂੰ ਪੇਸ਼ ਕਰ ਦਿੱਤੀਆਂ। ਇਸ ਚਾਲ ਦਾ ਮਕਸਦ ਸ਼ਾਇਦ ਬਾਬਾ ਜੋਗਿੰਦਰ ਸਿੰਘ ਨੂੰ ਕਿਸੇ ਤਰੀਕੇ ਬਦਨਾਮ ਕਰ ਕੇ ਬਾਬਾ ਜਰਨੈਲ ਸਿੰਘ ਦੀ ਸ਼ਖ਼ਸੀਅਤ ਨੂੰ ਵਿਗਾੜਨਾ ਵੀ ਸੀ।

ਬਾਬਾ ਜੋਗਿੰਦਰ ਸਿੰਘ 80 ਸਾਲ ਦਾ ਬਜ਼ੁਰਗ ਸੀ ਤੇ ਇਸ ਮੌਕੇ 'ਤੇ ਕੁਝ ਕਰਨ ਦੇ ਕਾਬਿਲ ਹਰਗਿਜ਼ ਨਹੀਂ ਸੀ। ਉਂਞ ਵੀ ਉਹ ਸਿਆਸੀ ਬੰਦਾ ਨਹੀਂ ਸੀ। ਇਸ ਨਾਲ ਬਾਬਾ ਜੋਗਿੰਦਰ ਸਿੰਘ ਦੇ ਆਲੇ-ਦੁਆਲੇ ਸਰਕਾਰੀ ਏਜੰਟਾਂ ਦਾ ਘੇਰਾ ਵੱਧਣਾ ਸ਼ੁਰੂ ਹੋ ਗਿਆ। ਅਕਾਲੀ ਆਗੂ ਇਧਰ ਤਾਂ ਡਰਾਮਾ ਕਰ ਕੇ ਗਏ ਤੇ ਉਧਰ ਸਰਕਾਰ ਨਾਲ ਖ਼ੁਫ਼ੀਆ ਮੇਲ-ਜੋਲ ਵੀ ਸ਼ੁਰੂ ਕਰ ਲਿਆ।

ਬਾਬਾ ਜੋਗਿੰਦਰ ਸਿੰਘ ਨੇ ਵੀ ਹੱਥ ਆਏ ਮੌਕੇ ਦਾ ਫ਼ਾਇਦਾ ਉਠਾਉਣ ਦਾ ਫ਼ੈਸਲਾ ਕਰ ਲਿਆ। ਉਸ ਨੇ ਪਹਿਲੀ ਮਈ ਨੂੰ ਲੌਂਗੋਵਾਲ ਅਤੇ ਤਲਵੰਡੀ ਦੇ ਅਕਾਲੀ ਦਲ ਤੋੜ ਕੇ ਅਕਾਲੀ ਦਲਾਂ ਦੀ ਇਕ 9 ਮੈਂਬਰੀ ਐਗਜ਼ੈਕਟਿਵ ਬਣਾਉਣ ਦਾ ਐਲਾਨ ਕਰ ਦਿੱਤਾ। ਇਸ ਕਮੇਟੀ ਦਾ ਕਨਵੀਨਰ ਸਿਮਰਨਜੀਤ ਸਿੰਘ ਮਾਨ ਨੂੰ ਬਣਾਇਆ ਗਿਆ। ਉਸ ਤੋਂ ਇਲਾਵਾ ਇਸ ਕਮੇਟੀ ਵਿਚ ਬਾਦਲ, ਟੌਹੜਾ, ਤਲਵੰਡੀ ਤੇ ਸੁਖਜਿੰਦਰ ਸਿੰਘ ਵੀ ਸ਼ਾਮਿਲ ਕੀਤੇ ਗਏ। ਸਿਮਰਨਜੀਤ ਸਿੰਘ ਮਾਨ ਕਿਉਂਕਿ ਜੇਲ੍ਹ ਵਿਚ ਸੀ, ਇਸ ਕਰ ਕੇ ਬਾਬਾ ਜੋਗਿੰਦਰ ਸਿੰਘ ਆਪ ਇਸ ਸਾਂਝੇ ਅਕਾਲੀ ਦਲ ਦਾ ਐਕਟਿੰਗ ਕਨਵੀਨਰ ਬਣ ਗਿਆ। ਇਸ ਮਗਰੋਂ ਬਾਬੇ ਨੇ ਇਕ 51 ਮੈਂਬਰੀ ਕਮੇਟੀ ਵੀ ਬਣਾਈ। ਇਸ ਕਮੇਟੀ ਵਿਚ ਅਕਾਲੀ ਚੌਧਰੀ ਐਵੇਂ ਦੋ-ਚਾਰ ਹੀ ਸਨ

ਅਕਾਲੀਆਂ ਵੱਲੋਂ ਆਪਣਾ ਧੜਾ ਮੁੜ ਕਾਇਮ

ਉਧਰ ਅਰਜਨ ਸਿੰਹ, ਜੋ ਪੰਜਾਬ ਦਾ ਨਵਾਂ ਗਵਰਨਰ ਬਣ ਚੁੱਕਾ ਸੀ, ਨੇ ਮਨਜੀਤ ਖਹਿਰਾ, ਪ੍ਰਿਥੀਪਾਲ ਸਿੰਘ ਕਪੂਰ, ਅਤਰ ਸਿੰਘ ਵਗ਼ੈਰਾ ਦੀ ਮਦਦ ਨਾਲ ਅਕਾਲੀਆਂ ਨਾਲ ਰਾਬਤਾ ਬਣਾ ਲਿਆ ਹੋਇਆ ਸੀ। ਅਰਜਨ ਸਿੰਹ ਨੇ ਅਕਾਲੀਆਂ ਨੂੰ ਸਲਾਹਾਂ ਦੇ ਕੇ ਬਾਬੇ ਤੋਂ ਹਟਾਉਣ ਵਾਸਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਇਸ ਦੇ ਪਹਿਲੇ ਪੜਾਅ ਵਜੋਂ ਲੌਂਗੋਵਾਲ ਧੜੇ ਨੇ ਆਪਣਾ 'ਡੈਲੀਗੇਟ ਇਜਲਾਸ' ਬੁਲਾ ਲਿਆ। ਪਹਿਲੋਂ ਇਹ ਇਜਲਾਸ 17 ਮਈ ਨੂੰ ਸੱਦਿਆ ਗਿਆ ਪਰ ਬਾਅਦ ਵਿਚ ਮੁਲਤਵੀ ਕਰ ਦਿੱਤਾ ਗਿਆ। ਇਸ ਡਰਾਮੇ ਦੇ ਹਿੱਸੇ ਵਜੋਂ ਉਨ੍ਹਾਂ 12 ਮਈ ਨੂੰ ਆਪੋ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਦਿੱਤੇ। ਫਿਰ 26 ਮਈ ਨੂੰ ਦਲ ਦੇ ਵਰਕਰਾਂ ਦੇ "ਇਜਲਾਸ ਦੇ ਆਖਣ 'ਤੇ" ਆਪੋ-ਆਪਣੇ ਅਸਤੀਫ਼ੇ ਵਾਪਸ ਲੈ ਲਏ। ਇੰਞ 26 ਮਈ ਨੂੰ ਦੋ ਅਕਾਲੀ ਪਾਰਟੀਆਂ

ਕਾਇਮ ਹੋ ਗਈਆਂ: ਮਾਨ-ਬਾਬਾ ਜੋਗਿੰਦਰ ਸਿੰਘ ਦਾ '**ਸੰਯੁਕਤ ਅਕਾਲੀ ਦਲ**' ਅਤੇ ਲੌਂਗੋਵਾਲ ਦਾ '**ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ ਦਲ ਵੀ)**'। ਮਾਨ ਦੇ ਸੰਯੁਕਤ ਅਕਾਲੀ ਦਲ (ਇਸ ਨੂੰ **ਬਾਬਾ ਦਲ** ਵੀ ਕਹਿੰਦੇ ਸਨ) ਨਾਲ ਲੌਂਗੋਵਾਲ ਧੜੇ ਵਿਚੋਂ ਆਤਮਾ ਸਿੰਘ, ਉਜਾਗਰ ਸਿੰਘ ਸੇਖਵਾਂ, ਪ੍ਰਕਾਸ਼ ਸਿੰਘ ਮਜੀਠਾ ਵਗੈਰਾ ਹੀ ਰਹਿ ਗਏ ਸਨ ਤੇ ਬਾਕੀ ਸਾਰੇ ਅਕਾਲੀ ਲੌਂਗੋਵਾਲ ਦੇ ਨਾਲ ਵਾਪਿਸ ਚਲੇ ਗਏ। *(ਹੌਲੀ-ਹੌਲੀ ਬਾਬੇ ਦਾ ਬਾਕੀ ਦਾ ਦਲ ਵੀ ਕਿਰਨਾ ਸ਼ੁਰੂ ਹੋ ਗਿਆ। ਪਹਿਲਾਂ ਭਿੰਡਰਾਂ-ਮਹਿਤਾ ਜਥਾ, ਫੇਰ ਫ਼ੈਡਰੇਸ਼ਨ ਤੇ ਫਿਰ ਭਿੰਡਰਾਂਵਾਲਿਆਂ ਦੇ ਬਾਕੀ ਸਾਥੀ ਵੀ ਉਸ ਨੂੰ ਛੱਡਣ ਲੱਗ ਪਏ। ਸੋ ਸਮੁੱਚੇ ਤੌਰ ਤੇ ਬਾਬਾ ਜੋਗਿੰਦਰ ਸਿੰਘ ਦੀ ਸਿੱਖ ਜੱਦੋਜਹਿਦ ਵਿੱਚ ਸ਼ਮੂਲੀਅਤ ਫ਼ਾਇਦੇਮੰਦ ਹੋਣ ਦੀ ਥਾਂ ਬੇਹੱਦ ਘਾਟੇਵੰਦੀ ਹੀ ਰਹੀ ਹੈ। ਬਾਬੇ ਤੋਂ ਟੁੱਟਣ ਵਾਲੇ ਭਿੰਡਰਾਂਵਾਲਿਆਂ ਦੇ ਖਾਸ ਸਾਥੀਆਂ ਅਤੇ ਭਿੰਡਰਾਂ-ਮਹਿਤਾ ਜਥਾ ਦਾ ਇਲਜ਼ਾਮ ਸੀ ਕਿ ਬਾਬਾ ਖ਼ੁਦਗਰਜ਼, ਲਾਲਚੀ, ਕੁਨਬਾ-ਪਰਵਰ, ਜ਼ਿੱਦੀ ਤੇ ਹੈਂਕੜਬਾਜ਼ ਹੈ)*।

ਦੋਹਾਂ ਅਕਾਲੀ ਦਲਾਂ ਵਿਚ ਟਕਰਾਅ ਸ਼ੁਰੂ

ਲੌਂਗੋਵਾਲ ਦਲ ਵੱਲੋਂ ਡਰਾਮਾ ਖੇਡੇ ਜਾਣ ਅਤੇ ਬਾਬੇ ਵੱਲੋਂ ਆਪਣਾ ਦਲ ਕਾਇਮ ਰੱਖੇ ਜਾਣ ਮਗਰੋਂ ਦੋਹਾਂ ਧੜਿਆਂ ਵਿਚ ਟਕਰਾਅ ਸ਼ੁਰੂ ਹੋ ਗਿਆ। 10 ਜੂਨ ਨੂੰ ਫ਼ੈਡਰੇਸ਼ਨ ਦੇ ਵਰਕਰਾਂ ਨੇ ਦਰਬਾਰ ਸਾਹਿਬ 'ਚ ਟੌਹੜੇ ਅਤੇ ਲੌਂਗੋਵਾਲ ਦੀਆਂ ਕਾਰਾਂ ਉੱਤੇ ਹਮਲੇ ਕਰ ਕੇ ਆਪਣੇ ਰੋਹ ਦਾ ਇਜ਼ਹਾਰ ਕੀਤਾ। ਦੂਜੇ ਪਾਸੇ ਰਾਜੀਵ ਗਾਂਧੀ ਨੇ ਲੌਂਗੋਵਾਲ ਧੜੇ ਦੇ ਕੁਝ ਹੋਰ ਖਾਸ-ਖਾਸ ਵਰਕਰਾਂ ਨੂੰ ਰਿਹਾਅ ਕਰ ਦਿੱਤਾ। ਇਨ੍ਹਾਂ ਵਿਚ ਕੁਝ ਫ਼ੈਡਰੇਸ਼ਨ ਵਰਕਰ ਵੀ ਸ਼ਾਮਿਲ ਸਨ। ਇਸ ਤੋਂ ਬਾਅਦ ਦੋਵਾਂ ਧੜਿਆਂ ਦੀ ਸਮੁੱਚੀ ਕਾਰਵਾਈ ਇਕ ਦੂਜੇ ਨੂੰ ਨੀਵਾਂ ਦਿਖਾਉਣਾ ਸੀ। 30 ਜੁਲਾਈ 1985 ਨੂੰ ਦਰਬਾਰ ਸਾਹਿਬ ਵਿਚ ਲੌਂਗੋਵਾਲ ਦਲ ਅਤੇ ਬਾਬਾ ਦਲ ਵਿਚ ਬੜੀ ਵੱਡੀ ਝੜਪ ਹੋਈ। ਇਸ ਵਿਚ ਤਕਰੀਬਨ 50 ਬੰਦੇ ਫੱਟੜ ਹੋਏ।

ਰਾਜੀਵ-ਲੌਂਗੋਵਾਲ ਸਮਝੌਤਾ ਕਿਵੇਂ ਹੋਇਆ?

12 ਮਾਰਚ ਦੇ ਦਿਨ ਅਰਜਨ ਸਿੰਘ ਨੂੰ ਪੰਜਾਬ ਦਾ ਗਵਰਨਰ ਵੀ ਬਣਾ ਦਿੱਤਾ ਗਿਆ (ਇਸ ਅਰਜਨ ਸਿੰਹ ਨੇ ਆਪਣੇ ਚੀਫ਼ ਮਨਿਸਟਰ ਅਹਿਦ ਵਿਚ ਮੱਧ ਪ੍ਰਦੇਸ਼ ਵਿਚ ਸਿੱਖਾਂ ਉੱਤੇ ਬੇਪਨਾਹ ਜ਼ੁਲਮ ਢਾਹੇ ਸਨ)।ਦੂਜੇ ਪਾਸੇ ਜੇਲ੍ਹ ਤੋਂ ਬਾਹਰ ਆ ਕੇ ਵੀ ਅਕਾਲੀ ਆਗੂਆਂ ਨੇ ਗਵਰਨਰ ਨਾਲ ਕੋਈ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਸ਼ਰਤ ਰੱਖੀ ਕਿ ਸਾਰੇ ਸਿੱਖਾਂ ਨੂੰ ਰਿਹਾ ਕੀਤਾ ਜਾਵੇ, ਫ਼ੌਜ ਨੂੰ ਪੰਜਾਬ ਵਿਚੋਂ ਕੱਢਿਆ ਜਾਵੇ, ਧਰਮੀ ਫ਼ੌਜੀਆਂ ਨੂੰ ਫ਼ੌਜ ਵਿਚ ਵਾਪਿਸ ਲਿਆ ਜਾਵੇ ਤੇ ਕਾਲੇ ਕਾਨੂੰਨ ਵਾਪਿਸ ਲਏ ਜਾਣ। ਗਵਰਨਰ ਨੇ ਰਾਜੀਵ ਨਾਲ ਗੱਲਬਾਤ ਕੀਤੀ ਪਰ ਉਸ ਨੇ ਇਹ ਮੰਨਣ ਤੋਂ ਨਾਂਹ ਕਰ ਦਿੱਤੀ। ਹੁਣ ਗਵਰਨਰ ਨੇ ਅਤਰ ਸਿੰਘ ਰਾਹੀ ਇਕ ਇਕ ਅਕਾਲੀ ਨੂੰ ਪੰਜਾਬ ਦੀ ਹਕੂਮਤ ਸੌਂਪਣ ਦਾ ਲਾਲਚ ਦਿੱਤਾ; ਪਰ ਇਸ ਦੇ ਬਾਵਜੂਦ ਕੋਈ ਆਗੂ ਤਿਆਰ ਨਾ ਹੋਇਆ। ਇਸ 'ਤੇ ਅਤਰ ਸਿੰਘ ਨੇ ਸੁਝਾਅ ਦਿੱਤਾ ਕਿ ਪ੍ਰਿਥੀਪਾਲ ਸਿੰਘ ਕਪੂਰ ਰਾਹੀਂ ਹਰਚੰਦ ਸਿੰਘ ਲੌਂਗੋਵਾਲ ਨਾਲ ਰਾਬਤਾ ਬਣਾਇਆ ਜਾਏ ਤੇ ਉਹ ਲੌਂਗੋਵਾਲ ਨੂੰ 'ਫਸਾ' ਸਕਦਾ ਹੈ। ਗਵਰਨਰ ਵੱਲੋਂ ਹਾਂ ਹੋਣ ਮਗਰੋਂ ਅਤਰ ਸਿੰਘ ਪ੍ਰਿਥੀਪਾਲ ਸਿੰਘ ਕਪੂਰ ਨੂੰ ਉਸ ਕੋਲ ਲੈ ਗਿਆ। ਪ੍ਰਿਥੀਪਾਲ ਸਿੰਘ ਕਪੂਰ ਨੇ ਸ਼ਰਤ ਰੱਖੀ ਕਿ ਉਸ ਨੂੰ ਕਿਸੇ ਯੂਨੀਵਰਸਿਟੀ ਦਾ

ਰਜਿਸਟਰਾਰ ਬਣਾਉਣ ਦਾ ਵਾਅਦਾ ਕੀਤਾ ਜਾਵੇ ਤਾਂ ਉਹ ਇਹ ਕਾਰਜ ਸਿਰੇ ਚੜ੍ਹਾ ਸਕਦਾ ਹੈ। ਇਹ ਇਕ ਬਹੁਤ ਹੀ ਨਿੱਕੀ ਜਿਹੀ ਸ਼ਰਤ ਸੀ ਜੋ ਗਵਰਨਰ ਨੇ ਇਕ ਦਮ ਮੰਨ ਲਈ ਕਿਉਂ ਕਿ ਉਹ ਤਾਂ ਕਪੂਰ ਨੂੰ ਵਾਈਸ ਚਾਂਸਲਰ ਬਣਾਉਣ ਵਾਸਤੇ ਮਨ ਬਣਾਈ ਬੈਠਾ ਸੀ। ਇਸ ਮਗਰੋਂ ਪ੍ਰਿਥੀਪਾਲ ਸਿੰਘ ਕਪੂਰ ਨੇ ਲੌਂਗੋਵਾਲ ਦੇ ਪਿੱਛੇ ਚੱਕਰ ਲਾਉਣੇ ਸ਼ੁਰੂ ਕਰ ਦਿੱਤੇ ਤੇ ਅਖ਼ੀਰ ਉਸ ਨੂੰ ਆਪਣੇ ਮੱਕੜ-ਜਾਲ ਵਿਚ ਫਸਾ ਹੀ ਲਿਆ। ਇਸ ਮਗਰੋਂ ਅਤਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਕਪੂਰ ਨੇ ਰਾਜੀਵ ਤੇ ਲੌਂਗੋਵਾਲ ਸਮਝੌਤੇ ਦਾ ਡਰਾਫ਼ਟ ਤਿਆਰ ਕੀਤਾ। ਇਹ ਸੀ ਪੰਜਾਬ ਤੇ ਸਿੱਖਾਂ ਨਾਲ ਗ਼ਦਾਰੀ ਦਾ ਮੁੱਢ। (ਰਾਜੀਵ-ਲੌਂਗੋਵਾਲ ਸਮਝੌਤੇ ਮਗਰੋਂ ਛੇਤੀ ਹੀ ਲੌਂਗੋਵਾਲ ਦਾ ਕਤਲ ਹੋ ਗਿਆ। ਉਧਰ ਗਵਰਨਰ ਪ੍ਰਿਥੀਪਾਲ ਸਿੰਘ ਕਪੂਰ ਨੂੰ ਗੁਰੂ ਨਾਨਕ ਯੂਨੀਵਰਸਿਟੀ ਦਾ ਰਜਿਸਟਰਾਰ ਤਾਂ ਨਾ ਬਣਾ ਸਕਿਆ ਪਰ ਪ੍ਰੋ ਵਾਈਸ ਚਾਂਸਲਰ ਜ਼ਰੂਰ ਬਣਾ ਦਿੱਤਾ। ਅਤਰ ਸਿੰਘ, ਜਿਸ ਨੇ ਰੂਸ ਵਿਚ ਭਾਰਤ ਦਾ ਸਫ਼ੀਰ ਬਣਾਏ ਜਾਣ ਦੀ ਸ਼ਰਤ ਰੱਖੀ ਸੀ, ਉਹ ਕੁਝ ਖੱਟਣ ਤੋਂ ਪਹਿਲਾਂ ਹੀ ਇਸ ਦੁਨੀਆਂ ਤੋਂ ਚਲਾ ਗਿਆ)।

ਅਤਰ ਸਿੰਘ ਅਤੇ ਪ੍ਰਿਥੀਪਾਲ ਸਿੰਘ ਕਪੂਰ ਨੇ ਲੌਂਗੋਵਾਲ ਨਾਲ ਵੀ ਰਾਬਤਾ ਕਾਇਮ ਕਰ ਲਿਆ ਸੀ।ਲੌਂਗੋਵਾਲ ਇਕ ਅਨਪੜ੍ਹ ਪਰ ਚਲਾਕ ਸਾਧ ਹੋਣ ਦੇ ਬਾਵਜੂਦ ਸਿਆਸੀ ਬੇਈਮਾਨੀਆਂ ਤੋਂ ਜਾਣੂੰ ਨਹੀਂ ਸੀ ਇਸ ਕਰ ਕੇ ਉਹ ਛੇਤੀ ਹੀ ਅਤਰ ਸਿੰਘ, ਪ੍ਰਿਥੀਪਾਲ ਕਪੂਰ, ਸੁਰਜੀਤ ਬਰਨਾਲਾ, ਬਲਵੰਤ ਸਿੰਘ ਵਰਗੇ ਲੂੰਬੜਾਂ ਦੀ ਚਾਲ ਵਿਚ ਆ ਗਿਆ। ਉਸ ਨੂੰ ਪਤਾ ਹੀ ਨਾ ਲਗ ਸਕਿਆ ਕਿ ਕਪੂਰ, ਅਤਰ ਸਿੰਘ ਤੇ ਬਰਨਾਲਾ ਉਸ ਤੋਂ ਕੀ ਕਰਵਾਈ ਜਾ ਰਹੇ ਹਨ। ਲੌਂਗੋਵਾਲ ਇਨ੍ਹਾਂ ਤਿਨਾਂ-ਚੌਹਾਂ ਦਾ ਗ਼ੁਲਾਮ ਬਣ ਗਿਆ ਸੀ।ਲੌਂਗੋਵਾਲ ਨੇ ਤਾਂ ਹੁਣ ਟੌਹੜਾ ਤੇ ਬਾਦਲ ਨਾਲ ਵੀ ਗੱਲਬਾਤ ਕਰਨੀ ਵੀ ਬੰਦ ਕਰ ਦਿੱਤੀ ਸੀ। ਹੌਲੀ-ਹੌਲੀ ਰਾਜੀਵ ਤੇ ਲੌਂਗੋਵਾਲ ਵਿਚ ਅੰਦਰੋ-ਅੰਦਰੀਂ 'ਰਜ਼ਾਮੰਦੀ' ਵੀ ਹੋ ਗਈ।ਇਸ ਸਾਜ਼ਿਸ਼ ਹੇਠ ਲੌਂਗੋਵਾਲ ਕੋਲੋਂ ਰਾਜੀਵ ਨੂੰ ਖ਼ਤ ਲਿਖਵਾ ਕੇ ਪੰਜਾਬ ਦਾ ਮਸਲਾ ਹੱਲ ਕਰਨ ਵਾਸਤੇ ਕਦਮ ਚੁਕਣ ਵਾਸਤੇ ਕਿਹਾ ਗਿਆ; ਕੁਝ ਦਿਨ ਮਗਰੋਂ ਉਸ ਨੇ ਲੌਂਗੋਵਾਲ ਨੂੰ ਮਿਲਣ ਦਾ ਸੱਦਾ ਭੇਜ ਦਿੱਤਾ ਜੋ ਏਨਾ ਗੁਪਤ ਰੱਖਿਆ ਗਿਆ ਕਿ ਕਿਸੇ ਨੂੰ ਪਤਾ ਨਾ ਲਗ ਸਕਿਆ।

ਇਸ ਸਾਰਾ ਕੁਝ ਨੂੰ ਇਕ ਸਿਆਸੀ ਡਰਾਮਾ ਬਣਾਉਣ ਵਾਸਤੇ ਪ੍ਰਿਥੀਪਾਲ ਸਿੰਘ ਕਪੂਰ ਨੇ ਲੌਂਗੋਵਾਲ ਕੋਲੋਂ ਰਾਜੀਵ ਨੂੰ ਖ਼ਤ ਲਿਖਵਾ ਕੇ ਪੰਜਾਬ ਦਾ ਮਸਲਾ ਹੱਲ ਕਰਨ ਵਾਸਤੇ ਕਦਮ ਚੁਕਣ ਵਾਸਤੇ ਕਿਹਾ ਗਿਆ। ਅਖ਼ੀਰ 23 ਜੁਲਾਈ ਨੂੰ ਰਾਜੀਵ ਤੇ ਲੌਂਗੋਵਾਲ ਵਿਚ ਮੁਲਾਕਾਤਾਂ ਕਰਵਾ ਕੇ 24 ਜੁਲਾਈ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਵੀ ਕਰ ਦਿੱਤਾ ਗਿਆ। ਇਸ ਸਮਝੌਤੇ ਨੂੰ ਭਾਰਤੀ ਪਾਰਲੀਮੈਂਟ ਵਿਚ ਵੀ ਪਾਸ ਕਰ ਦਿੱਤਾ ਗਿਆ।ਇਸ ਧੋਖੇ ਦੀ ਨਾ ਸਾਬਕਾ ਚੀਫ਼ ਮਨਿਸਟਰ ਬਾਦਲ ਤੇ ਨਾ ਸ਼੍ਰੋਮਣੀ ਕਮੇਟੀ ਪ੍ਰਧਾਨ ਟੌਹੜਾ ਨੂੰ ਹੀ ਭਿਣਕ ਪਈ। ਇਨ੍ਹਾਂ ਨੇ ਵੀ ਇਸ 'ਸਮਝੌਤੇ' ਨੂੰ ਅਖ਼ਬਾਰਾਂ ਵਿਚ ਹੀ ਪੜ੍ਹਿਆ। ਇਨ੍ਹਾਂ ਨੇ ਹਲਕਾ ਜਿਹਾ ਰੋਸ ਜ਼ਾਹਿਰ ਤਾਂ ਕੀਤਾ ਪਰ ਫਿਰ ਚੁਪ ਕਰ ਕੇ ਘਰੀਂ ਬੈਠ ਗਏ। ਖਾੜਕੂਆਂ ਨੇ ਇਸ ਨੂੰ 'ਸ਼ਰਮਨਾਕ ਹੇਠੀ' ਤੇ 'ਕੌਮ ਦੀ ਦਸਤਾਰ ਮਿੱਟੀ ਵਿਚ ਰੋਲਣਾ' ਆਖਿਆ। ਸਿੱਖਾਂ ਨੇ ਪੰਜਾਬ ਵਿਚ ਕਈ ਜਗਹ 'ਤੇ ਲੌਂਗੋਵਾਲ ਦਲ ਵੱਲੋਂ ਪੰਥ ਨਾਲ ਕੀਤੀ ਗ਼ੱਦਾਰੀ 'ਤੇ ਸਿਆਪਾ ਕੀਤਾ। ਹਰ ਪਾਸਿਉਂ ਇਸ ਦੀ ਜ਼ਬਰਦਸਤ ਮੁਖ਼ਾਲਫ਼ਤ ਹੋਈ ਪਰ ਲੌਂਗੋਵਾਲੀਏ ਇਸ ਨੂੰ 'ਕਾਮਯਾਬੀ' ਆਖ ਰਹੇ ਸਨ।

ਰਾਜੀਵ-ਲੌਂਗੋਵਾਲ ਸਮਝੌਤਾ ਵਿਚ ਕੀ ਨਹੀਂ ਸੀ?

1. ਖ਼ਾਲਿਸਤਾਨ ਜਾਂ ਸਿੱਖਾਂ ਵਾਸਤੇ ਖ਼ਾਸ ਹੱਕ ਤਾਂ ਕੀ ਇਸ 'ਚ ਤਾਂ ਅਨੰਦਪੁਰ ਸਾਹਿਬ ਦੇ ਮਤੇ ਨੂੰ ਵੀ ਨਹੀਂ ਸੀ ਮੰਨਿਆ ਗਿਆ। 2. ਇਸ ਵਿਚ ਭਾਰਤੀ ਆਈਨ ਦੀ ਦਫ਼ਾ 25 ਹੇਠ ਸਿੱਖਾਂ ਨੂੰ 'ਹਿੰਦੂ' ਆਖਣ ਵਾਲੀ ਮਦ ਖ਼ਤਮ ਕਰਨ ਦਾ ਜ਼ਿਕਰ ਤਕ ਨਹੀਂ ਸੀ। 3. ਇਸ ਵਿਚ ਜੇਲ੍ਹਾਂ ਵਿਚ ਬੈਠੇ ਹਜ਼ਾਰਾਂ ਬੇਗੁਨਾਹ ਸਿੱਖਾਂ ਦੀ ਰਿਹਾਈ ਦਾ ਕੋਈ ਐਲਾਨ ਨਹੀਂ ਸੀ। 4. ਇਸ ਵਿਚ 3000 ਦੇ ਕਰੀਬ ਧਰਮੀ ਫ਼ੌਜੀਆਂ ਵਾਸਤੇ ਕੋਈ ਐਲਾਨ ਨਹੀਂ ਸੀ। 5. ਇਸ 'ਚ ਪਾਣੀਆਂ, ਭਾਖੜਾ-ਨੰਗਲ ਬਿਜਲੀ ਪਲਾਂਟਾਂ, ਨੰਗਲ ਫ਼ੈਕਟਰੀ ਨੂੰ ਪੰਜਾਬ ਨੂੰ ਮੋੜਨ ਦਾ ਜ਼ਿਕਰ ਤਕ ਨਹੀਂ ਸੀ। 6. ਇਸ ਵਿਚ ਆਲ ਇੰਡੀਆ ਗੁਰਦੁਆਰਾ ਐਕਟ ਦੀ ਕੋਈ ਗੱਲ ਨਹੀਂ ਸੀ। 7. ਇਸ ਵਿਚ ਫ਼ੌਜ ਵਿਚ ਸਿੱਖਾਂ ਦੀ ਭਰਤੀ ਦੇ ਕੋਟੇ ਦੀ ਕੋਈ ਗੱਲ ਨਹੀਂ ਸੀ। 8. ਇਸ ਵਿਚ ਹਰਿਆਣਾ, ਹਿਮਾਚਲ ਤੇ ਰਾਜਸਥਾਨ ਵਿਚਲੇ ਪੰਜਾਬੀ ਬੋਲਦੇ ਇਲਾਕਿਆਂ ਦੀ ਕੋਈ ਗੱਲ ਨਹੀਂ ਸੀ। 9. ਇਸ ਵਿਚ ਹਰਿਆਣਾ, ਹਿਮਾਚਲ ਤੇ ਰਾਜਿਸਥਾਨ ਵਿਚ ਪੰਜਾਬੀ ਦੀ ਪੜ੍ਹਾਈ ਤੇ ਹੋਰ ਸਹੂਲਤਾਂ ਦੀ ਕੋਈ ਗੱਲ ਨਹੀਂ ਸੀ। 10. ਇਸ ਵਿਚ ਫ਼ੌਜ ਵੱਲੋਂ ਚੁੱਕ ਕੇ ਲੈ ਜਾਈ ਗਈ 'ਸਿੱਖ ਰੈਫ਼ਰੈਂਸ ਲਾਇਬਰੇਰੀ' ਤੇ ਹੋਰ ਦਸਤਾਵੇਜ਼ਾਂ ਤੇ ਆਰਕਾਈਵਜ਼ ਮੋੜਨ ਦੀ ਕੋਈ ਗੱਲ ਨਹੀਂ ਸੀ। 11. ਇਸ ਵਿਚ 'ਖ਼ੂਨੀ ਨਵੰਬਰ' 1984 ਵਿਚ ਸਿੱਖਾਂ ਦੇ ਕਤਲੇਆਮ ਕਰਨ ਵਾਲਿਆਂ ਨੂੰ ਕੋਈ ਸਜ਼ਾ ਦੇਣ ਦੀ ਗੱਲ ਨਹੀਂ ਸੀ। ਇਨ੍ਹਾਂ ਕਤਲਾਂ, ਰੇਪ, ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਦੇ ਮੁਆਵਜ਼ੇ ਦੀ ਕੋਈ ਗੱਲ ਨਹੀਂ ਸੀ। ਇਸ ਵਿਚ ਇਨ੍ਹਾਂ ਕਤਲੇਆਮ ਵਿਚ ਸ਼ਾਮਿਲ ਕਾਂਗਰਸੀ ਵਜ਼ੀਰਾਂ ਨੂੰ ਹਟਾਉਣ ਜਾਂ ਸਜ਼ਾ ਦੇਣ ਬਾਰੇ ਕੋਈ ਗੱਲ ਨਹੀਂ ਸੀ। ਇਸ ਵਿਚ ਸਿਰਫ਼ ਇਹ ਲਿਖਿਆ ਸੀ ਕਿ "ਇਕ ਕਮਿਸ਼ਨ ਬਣਾਇਆ ਜਾਵੇਗਾ ਜਿਹੜਾ 1984 ਨਵੰਬਰ ਵਿਚ ਦਿੱਲੀ ਵਿਚ ਹੋਏ 'ਦੰਗਿਆਂ' ਦੇ ਕਾਰਨਾਂ ਦਾ ਪਤਾ ਲਾਏਗਾ"। ਹੋਰ ਤਾਂ ਹੋਰ ਰਾਜੀਵ ਨੇ ਇਨ੍ਹਾਂ ਕਤਲੇਆਮਾਂ ਨੂੰ 'ਦੰਗੇ' ਕਹਿ ਕੇ ਸਿੱਖਾਂ ਨੂੰ ਇਨ੍ਹਾਂ ਕਤਲਾਂ ਦੇ ਬਰਾਬਰ ਦੇ 'ਦੋਸ਼ੀ' ਗਰਦਾਨਿਆ ਸੀ (ਦੰਗਿਆਂ ਵਿਚ ਦੋਵੇਂ ਧਿਰਾਂ 'ਦੋਸ਼ੀ' ਹੁੰਦੀਆਂ ਹਨ)। ਦੂਜਾ ਇਸ ਵਿਚ ਸਿਰਫ਼ 'ਕਾਰਨਾਂ' ਦਾ ਪਤਾ ਲਾਉਣਾ ਸੀ ਨਾ ਕਿ ਕਾਤਲਾਂ ਨੂੰ ਸਜ਼ਾ ਦੇਣਾ (ਉਹ ਵੀ ਦਿੱਲੀ ਵਿਚ ਹੋਏ ਕਤਲਾਂ ਦਾ ਨਾ ਕਿ ਹੋਰ 200 ਤੋਂ ਵਧ ਸ਼ਹਿਰਾਂ ਦੇ ਕਤਲਾਂ ਦਾ)। 12. ਇਸ ਚ 'ਖ਼ੂਨੀ ਨਵੰਬਰ' 1984 ਚ ਸਿੱਖਾਂ ਦੇ ਕਤਲੇਆਮ ਕਰਨ ਆਈਆਂ ਕਾਤਲ ਭੀੜਾਂ ਤੋਂ ਆਪਣੇ ਆਪ ਨੂੰ ਬਚਾਉਣ ਵਾਸਤੇ 'ਮੁਕਾਬਲਾ' ਕਰਨ ਵਾਲੇ ਸਿੱਖਾਂ 'ਤੇ ਚਲ ਰਹੇ ਮੁਕੱਦਮਿਆਂ ਰੂਪੀ ਜ਼ੁਲਮ ਨੂੰ ਖ਼ਤਮ ਕਰਨ ਬਾਰੇ ਵੀ ਕੁਝ ਨਹੀਂ ਸੀ । 13. ਸ਼੍ਰੋਮਣੀ ਅਕਾਲੀ ਦਲ ਨੇ 1982 ਦੇ ਧਰਮ ਯੁੱਧ ਮੋਰਚੇ ਵਿਚ 45 ਮੰਗਾਂ ਰੱਖੀਆਂ ਸਨ; ਇਸ ਸਮਝੌਤੇ ਵਿਚ ਉਨ੍ਹਾਂ 45 ਵਿਚੋਂ ਇਕ ਮੰਗ ਵੀ ਨਹੀਂ ਸੀ ਮੰਨੀ ਗਈ।

ਪਰ ਇਸ ਸ਼ਰਮਨਾਕ 'ਸਮਝੌਤੇ' ਵਿਚ ਉਲਟਾ ਸਿੱਖਾਂ ਉੱਤੇ ਨਵਾਂ ਧੱਕਾ ਹੋਇਆ ਸੀ: 1. ਪੰਜਾਬ ਰੀਪੇਰੀਅਨ ਸੂਬਾ ਹੈ ਅਤੇ ਇਸ ਦੇ ਪਾਣੀਆਂ 'ਤੇ ਸਿਰਫ਼ ਇਸ ਦਾ ਹੀ ਹੱਕ ਹੈ। ਪਰ ਇਸ ਸ਼ਰਮਨਾਕ ਸਮਝੌਤੇ ਹੇਠ ਰਾਜਿਸਥਾਨ ਨੂੰ ਪੰਜਾਬ ਦਾ 55 ਤੋਂ 65% ਪਾਣੀ ਮੁਫ਼ਤ ਦਿਤਾ ਜਾਣਾ ਸੀ। (ਰਾਜਿਸਥਾਨ ਨੂੰ ਪਿਛਲੇ ਕੋਟੇ ਚੋਂ ਬਚਦਾ ਪਾਣੀ ਦੇਣ ਵਾਸਤੇ 1985 ਵਿਚ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਨਹਿਰਾਂ ਬੰਦ ਕਰ ਦਿਤੀਆਂ ਗਈਆਂ ਸਨ)। {ਦੂਜੇ ਪਾਸੇ ਰਾਜਿਸਥਾਨ ਦੇ ਕਾਨੂੰਨ ਮੁਤਾਬਿਕ ਸਿੱਖ ਤਾਂ ਕੀ ਪੰਜਾਬੀ ਵੀ ਰਾਜਸਥਾਨ ਵਿਚ ਜ਼ਮੀਨ ਨਹੀਂ ਖ਼ਰੀਦ ਸਕਦਾ।2. ਹਰਿਆਣਾ ਦਾ ਪੰਜਾਬ ਦੇ ਪਾਣੀਆਂ 'ਤੇ ਕੋਈ ਹੱਕ ਨਹੀਂ ਤੇ ਅਕਾਲੀ ਦਲ ਨੇ

ਸਤਲੁਜ-ਯਮਨਾ ਲਿੰਕ ਨਹਿਰ ਦੇ ਖ਼ਿਲਾਫ਼ ਹੀ ਤਾਂ ਮੋਰਚਾ ਸ਼ੁਰੂ ਕੀਤਾ ਸੀ। ਪਰ ਇਸ ਸ਼ਰਮਨਾਕ 'ਸਮਝੌਤੇ' ਵਿਚ 15 ਅਗਸਤ 1986 ਤਕ ਸਤਲੁਜ-ਯਮਨਾ ਲਿੰਕ ਨਹਿਰ "ਹਰ ਹਾਲਤ ਵਿਚ ਬਣਾ ਕੇ ਦੇਣ" ਦੀ ਗਾਰੰਟੀ ਦਿੱਤੀ ਗਈ ਸੀ। 3. ਇਸ ਸ਼ਰਮਨਾਕ 'ਸਮਝੌਤੇ' ਵਿਚ ਇਹ ਵੀ ਗਾਰੰਟੀ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਦੇਣ ਬਦਲੇ ਪੰਜਾਬ ਦੇ ਕਈ (107) ਪਿੰਡਾਂ ਦੀ ਜ਼ਮੀਨ ਹਰਿਆਣਾ ਨੂੰ ਦਿਤੀ ਜਾਵੇਗੀ; ਯਾਨਿ ਹਰਿਆਣਾ ਵਿਚਲੇ ਪੰਜਾਬੀ ਬੋਲਦੇ ਇਲਾਕੇ ਮੋੜਨ ਦੀ ਥਾਂ ਉਲਟਾ ਹੋਰ ਪਿੰਡ ਹਰਿਆਣਾ ਨੂੰ ਦੇਣ ਦੀ ਗਾਰੰਟੀ ਸੀ।4. ਇਸ ਸ਼ਰਮਨਾਕ 'ਸਮਝੌਤੇ' ਮੁਤਾਬਿਕ ਪੰਜਾਬ ਦੀ ਬਿਜਲੀ ਤੇ ਪਾਣੀ ਅਤੇ ਹੋਰ ਕਈ ਸੂਬਾਈ ਤਾਕਤਾਂ ਉਲਟਾ ਸੈਂਟਰ ਨੂੰ ਸੌਂਪ ਦਿਤੀਆਂ ਗਈਆਂ ਸਨ। ਇਸ ਮੁਤਾਬਿਕ ਤਾਂ ਥੀਨ ਡੈਮ ਦੀ ਬਿਜਲੀ 'ਤੇ ਵੀ ਹਰਿਆਣਾ ਤੇ ਰਾਜਿਸਥਾਨ ਦਾ ਹੱਕ ਮੰਨ ਲਿਆ ਗਿਆ ਸੀ। 5. ਇਸ ਸਮਝੌਤੇ ਮੁਤਾਬਿਕ ਪੰਜਾਬ, ਹਰਿਆਣਾ, ਰਾਜਿਸਥਾਨ ਵਿਚਕਾਰ ਪਾਣੀਆਂ ਦੇ ਝਗੜਿਆਂ ਦਾ ਹੱਲ 'ਟ੍ਰਿਬਿਊਨਲ' ਨੂੰ ਦਿੱਤਾ ਗਿਆ ਸੀ। (ਟ੍ਰਿਬਿਊਨਲ ਦੇ ਫ਼ੈਸਲੇ ਦੀ ਤਾਂ ਕਿਸੇ ਵੀ ਅਦਾਲਤ ਵਿਚ ਅਪੀਲ ਨਹੀਂ ਹੋ ਸਕਦੀ)।

ਇਹ ਸਮਝੌਤਾ ਸਿਰਫ਼ ਸ਼ਰਮਨਾਕ ਹੀ ਨਹੀਂ ਬਲਕਿ ਪੰਜਾਬ 'ਤੇ ਇਕ ਹੋਰ ਜ਼ੁਲਮ ਸੀ ਅਤੇ ਇਸ ਨੂੰ ਮਨਜ਼ੂਰ ਕਰਨਾ ਪੰਥ ਤੇ ਪੰਜਾਬ ਨਾਲ ਗ਼ਦਾਰੀ ਸੀ। ਡਾ: ਗੁਰਦਰਸ਼ਨ ਸਿੰਘ ਢਿੱਲੋਂ ਨੇ ਇਸ ਨੂੰ "ਡੀਡ ਆਫ਼ ਸਰੰਡਰ" (ਹਥਿਆਰ ਸੁੱਟਣ ਦਾ ਦਸਤਾਵੇਜ਼) ਕਿਹਾ ਸੀ। ਇਹ ਤਾਂ ਇੰਵ ਸੀ: ਸ਼ਾਹ ਮੁਹੰਮਦ ਦੇ ਲਫ਼ਜ਼ਾਂ ਵਿਚ): ਘਰੋਂ ਗਏ ਫ਼ਰੰਗੀ ਦੇ ਮਾਰਨੇ ਨੂੰ ਸਗੋਂ ਕੁੰਜੀਆਂ ਹੱਥ ਫੜਾ ਆਏ।

ਹਰਚੰਦ ਸਿੰਘ ਲੌਂਗੋਵਾਲ ਦਾ ਕਤਲ

ਜੁਝਾਰੂ ਸਿੱਖ ਲੌਂਗੋਵਾਲ ਨੂੰ ਇਸ 'ਮਹਾਂ ਗ਼ਦਾਰੀ' ਦੀ ਸਜ਼ਾ ਦੇਣੀ ਚਾਹੁੰਦੇ ਸਨ। ਅਖੀਰ ਪਲਾਨ ਬਣਾ ਕੇ 20 ਅਗਸਤ ਨੂੰ ਪਿੰਡ ਸ਼ੇਰਪੁਰ (ਜ਼ਿਲ੍ਹਾ ਸੰਗਰੂਰ) ਵਿਚ ਇਕ ਰੈਲੀ ਦੌਰਾਨ ਦੋ ਖਾੜਕੂਆਂ ਗਿਆਨ ਸਿੰਘ ਲੀਲ੍ਹਾਂ ਅਤੇ ਪਰਵਿੰਦਰ ਸਿੰਘ ਨੇ ਹਰਚੰਦ ਸਿੰਘ ਲੌਂਗੋਵਾਲ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ। ਪਰਵਿੰਦਰ ਸਿੰਘ ਨੂੰ ਪੁਲੀਸ ਨੇ ਮਗਰੋਂ ਗ੍ਰਿਫ਼ਤਾਰ ਕਰ ਕੇ ਮਾਰ ਦਿੱਤਾ।

ਲੌਂਗੋਵਾਲ ਕਤਲ ਕੇਸ ਵਿਚ ਗਿਆਨ ਸਿੰਘ (ਪਿੰਡ ਪੁਹੀੜ, ਨੇੜੇ ਅਹਿਮਦਗੜ੍ਹ) ਅਤੇ ਹਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।ਹਲਵਿੰਦਰ ਸਿੰਘ 'ਤੇ ਪੁਲੀਸ ਨੇ ਬਹੁਤ ਤਸ਼ੱਦਦ ਕੀਤਾ ਜਿਸ ਨਾਲ ਉਸ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਲਿਜਾਣਾ ਪਿਆ। ਉਥੇ ਉਸ ਨੂੰ ਜ਼ਹਿਰ ਦਾ ਟੀਕਾ ਲਾ ਦਿੱਤਾ ਜਿਸ ਨਾਲ ਉਹ 14 ਅਕਤੂਬਰ 1985 ਦੇ ਦਿਨ ਦਮ ਤੋੜ ਗਿਆ। *(ਜ਼ਹਿਰ ਦਾ ਟੀਕਾ ਪੁਲੀਸ ਮੁਖੀ ਡੀ.ਐਸ. ਮਾਂਗਟ ਦੇ ਡਾਕਟਰ ਪੁੱਤਰ ਨੇ ਲਾਇਆ ਸੀ, ਖਾੜਕੂਆਂ ਨੇ ਇਸ ਕਤਲ ਦੀ ਸਜ਼ਾ ਦੇਣ ਵਾਸਤੇ ਉਸ ਡਾਕਟਰ ਨੂੰ 10 .ਫ਼ਰਵਰੀ 1987 ਦੇ ਦਿਨ ਕਤਲ ਕਰ ਦਿੱਤਾ ਸੀ)।*

ਇਨ੍ਹਾਂ ਤੋਂ ਇਲਾਵਾ ਪੰਜ ਹੋਰ ਖਾੜਕੂਆਂ ਦੀ ਗ੍ਰਿਫ਼ਤਾਰੀ ਵਾਸਤੇ ਇਨਾਮ ਐਲਾਨੇ ਗਏ। ਜਰਨੈਲ ਸਿੰਘ ਹਲਵਾਰਾ ਦਾ ਇਨਾਮ ਡੇਢ ਲੱਖ ਰੁਪੈ, ਚਰਨਜੀਤ ਸਿੰਘ ਹਲਵਾਰਾ ਦਾ ਇਕ ਲੱਖ ਰੁਪੈ, ਡਾ: ਗੁਰਮੇਲ ਸਿੰਘ ਹਲਵਾਰਾ ਦਾ ਪੰਜਾਹ ਹਜ਼ਾਰ ਰੁਪੈ, ਵਰਿੰਦਰ ਸਿੰਘ ਦਾਖਾ ਤੇ ਇੰਦਰਜੀਤ ਸਿੰਘ ਸੰਗਰੂਰ ਦਾ ਪੰਜਾਹ-ਪੰਜਾਹ ਹਜ਼ਾਰ ਰੁਪੈ ਇਨਾਮ ਰੱਖਿਆ ਗਿਆ। *ਇਸ ਕਤਲ*

ਕੇਸ ਵਿਚ ਅਦਾਲਤ ਨੇ ਗਿਆਨ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ (ਜੋ ਮਗਰੋਂ ਉਮਰ ਕੈਦ ਵਿਚ ਬਦਲ ਗਈ)।

ਅਕਾਲੀ ਦਲ 'ਤੇ ਸੁਰਜੀਤ ਸਿੰਘ ਬਰਨਾਲਾ ਕਾਬਜ਼

ਲੌਂਗੋਵਾਲ ਦੀ ਲਾਸ਼ ਦਾ ਸਸਕਾਰ 21 ਅਗਸਤ ਨੂੰ ਕੀਤਾ ਤਾਂ ਉੱਥੇ ਉਸ ਧੜੇ ਦੇ ਕੁਝ ਵਰਕਰਾਂ ਨੇ ਅਜੀਤ ਸਿੰਘ ਪਰਵਾਰ ਵਿਛੋੜਾ ਨੂੰ ਪਾਰਟੀ ਦਾ ਐਕਟਿੰਗ ਪ੍ਰਧਾਨ ਚੁਣ ਲਿਆ। ਪਰ ਇਹ ਚੋਣ ਵਕਤੀ ਹੀ ਰਹੀ। ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਸੀਨੀਅਰ ਟਕਸਾਲੀ ਆਗੂਆਂ ਨੇ ਮਨਜ਼ੂਰ ਨਹੀਂ ਕੀਤਾ ਸੀ ਤੇ ਇਹ ਸਾਰੀ ਖੇਡ ਪੁਰਾਣੇ ਅਕਾਲੀਆਂ ਵਿਚੋਂ ਸਿਰਫ਼ ਬਰਨਾਲਾ ਦੀ ਸੀ। ਇਸ ਕਰ ਕੇ ਰਾਜੀਵ ਤੇ ਅਰਜਨ ਸਿੰਹ ਨੇ ਆਪਣਾ ਅਸਰ ਰਸੂਖ ਵਰਤ ਕੇ ਬਰਨਾਲੇ ਨੂੰ 25 ਸਤੰਬਰ ਨੂੰ ਅਕਾਲੀ ਦਲ ਦਾ ਐਕਟਿੰਗ ਪ੍ਰਧਾਨ ਬਣਵਾ ਦਿੱਤਾ। ਇਸ ਦੇ ਨਾਲ ਹੀ ਪੰਜਾਬ 'ਚ ਚੋਣਾਂ ਦਾ ਐਲਾਨ ਵੀ ਹੋ ਗਿਆ।

ਪੰਜਾਬ 'ਚ ਚੋਣਾਂ ਦਾ ਐਲਾਨ

ਰਾਜੀਵ-ਲੌਂਗੋਵਾਲ ਸਮਝੌਤੇ ਵੇਲੇ ਇਹ ਵੀ ਤੈਅ ਹੋਇਆ ਸੀ ਕਿ ਸੁਰਜੀਤ ਸਿੰਘ ਬਰਨਾਲਾ ਨੂੰ ਪੰਜਾਬ ਦਾ ਚੀਫ਼ ਮਨਿਸਟਰ ਬਣਾਇਆ ਜਾਵੇਗਾ। 17 ਅਗਸਤ ਨੂੰ ਇਲੈਕਸ਼ਨ ਕਮਿਸ਼ਨ ਨੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ 25 ਸਤੰਬਰ ਤਾਰੀਖ਼ ਮਿੱਥ ਦਿੱਤੀ ਸੀ। ਲੌਂਗੋਵਾਲ ਧੜੇ ਨੇ ਚੋਣਾਂ ਵਿਚ ਇਕੱਲੇ ਲੜਨ ਦਾ ਐਲਾਨ ਕਰ ਦਿੱਤਾ। ਸਰਕਾਰੀ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ ਤੋਂ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰਵਾ ਦਿੱਤਾ। ਬਾਬਾ ਦਲ ਦਾ ਕਨਵੀਨਰ ਸਿਮਰਨਜੀਤ ਸਿੰਘ ਮਾਨ ਤੇ ਹੋਰ ਬਹੁਤ ਸਾਰੇ ਵਰਕਰ ਚੋਣ ਲੜਣ ਦੇ ਹੱਕ ਵਿਚ ਸਨ ਪਰ ਬਾਬੇ ਦੀ ਜ਼ਿਦ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ। ਬਾਅਦ ਵਿਚ ਇਸ ਬੇਵਕੂਫ਼ੀ ਦਾ ਚੋਖਾ ਘਾਟਾ ਪਿਆ। ਇਨ੍ਹਾਂ ਚੋਣਾਂ 'ਚ ਫ਼ੈਡਰੇਸ਼ਨ ਦੇ ਬਹੁਤ ਸਾਰੇ ਵਰਕਰਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲਾਂ ਵਿਚ ਡੱਕ ਦਿੱਤਾ ਗਿਆ। ਇਨ੍ਹਾਂ ਗ੍ਰਿਫ਼ਤਾਰੀਆਂ ਦੀ ਗਿਣਤੀ ਇਕ ਹਜ਼ਾਰ ਤੋਂ ਵਧ ਸੀ।

(ਪੰਜਾਬ ਵਿਚ ਚੋਣਾਂ ਮਗਰੋਂ ਬਾਬਾ ਜੋਗਿੰਦਰ ਸਿੰਘ ਦਾ ਦਲ ਹੋਰ ਵੀ ਕਿਰਨਾ ਸ਼ੁਰੂ ਹੋ ਗਿਆ। ਅਕਤੂਬਰ 1985 ਵਿਚ ਹੁਸ਼ਿਆਰਪੁਰ, ਫ਼ਿਰੋਜ਼ਪੁਰ, ਪਟਿਆਲਾ ਦੇ ਕਨਵੀਨਰ ਪਾਰਟੀ ਛੱਡ ਗਏ। ਉਨ੍ਹਾਂ ਬਾਬੇ ਤੇ 'ਤਾਨਾਸ਼ਾਹੀ' ਅਤੇ 'ਜ਼ਿੱਦੀਪਣੇ' ਦੇ ਇਲਜ਼ਾਮ ਲਾਏ। ਕਨਵੀਨਰਾਂ ਤੋਂ ਇਲਾਵਾ ਕਈ ਦਰਜਨਾਂ ਹੋਰ ਅਹੁਦੇਦਾਰ ਵੀ ਬਾਬਾ ਦਲ ਤੋਂ ਵਿਦਾ ਹੋ ਗਏ)।

ਪੰਜਾਬ 'ਚ ਸੁਰਜੀਤ ਸਿੰਘ ਬਰਨਾਲਾ ਸਰਕਾਰ

ਮਿੱਥੇ ਮੁਤਾਬਿਕ 25 ਸਤੰਬਰ ਨੂੰ ਪੰਜਾਬ 'ਚ ਵੋਟਾਂ ਪਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੇ ਬੜੇ ਕਮਜ਼ੋਰ ਉਮੀਦਵਾਰ ਖੜ੍ਹੇ ਕੀਤੇ। ਦੂਜੇ ਪਾਸੇ ਸਰਕਾਰ ਦੀਆਂ ਏਜੰਸੀਆਂ ਨੇ ਬਾਬਾ ਜੋਗਿੰਦਰ ਸਿੰਘ (ਸੰਯੁਕਤ ਅਕਾਲੀ ਦਲ) ਕੋਲੋਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ ਹੋਇਆ ਸੀ। ਨਤੀਜੇ ਵਜੋਂ ਬਰਨਾਲੇ ਦੇ 74 ਉਮੀਦਵਾਰ ਜਿੱਤ ਗਏ ਤੇ ਉਹ 29 ਸਤੰਬਰ ਨੂੰ ਚੀਫ਼ ਮਨਿਸਟਰ ਵੀ ਬਣ ਗਿਆ।

ਬਰਨਾਲਾ ਨੇ ਅਸੈਂਬਲੀ ਦੇ ਪਹਿਲੇ ਸੈਸ਼ਨ ਵਿਚ ਹੀ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਭੇਟ

ਕੀਤੀ। ਇਕ ਵੀ ਅਕਾਲੀ ਨੇ ਇੰਦਰਾ ਦੇ ਜ਼ੁਲਮ ਦੇ ਖ਼ਿਲਾਫ਼ ਜ਼ਬਾਨ ਤਕ ਨਾ ਖੋਲ੍ਹੀ। ਬਰਨਾਲੇ ਨੇ ਤਾਂ ਜੂਨ 84 ਅਤੇ ਨਵੰਬਰ 4 ’ਚ ਸਿੱਖਾਂ ਦੇ ਕਤਲੇਆਮ ਦੀ ਨਿੰਦਾ ਦੇ ਮਤੇ ਵੀ ਨਾ ਪੇਸ਼ ਕੀਤੇ। ਉਸ ਨੇ ਸਿੱਖ ਸ਼ਹੀਦਾਂ ਨੂੰ ‘ਸ਼ਰਧਾਂਜਲੀ’ ਵੀ ਨਾ ਭੇਟ ਕੀਤੀ। ਪੰਜਾਬ ਅਸੈਂਬਲੀ ਦੇ ਇਜਲਾਸ ਵਿਚ ਸਿਰਫ਼ ਭਾਜਪਾ ਦੇ ਇਕ ਐਮ.ਐਲ.ਏ. ਨੇ ਇੰਦਰਾ ਦੀ ਭਰਪੂਰ ਨਿੰਦਾ ਕੀਤੀ।

ਰਾਜੀਵ ਗਾਂਧੀ ਨੇ ਬਰਨਾਲੇ ਨੂੰ ਇਸ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਤੇ ਚੀਫ਼ ਮਨਿਸਟਰ ਬਣਾਇਆ ਸੀ ਤਾਂ ਜੋ ਉਸ ਦੇ ਨਾਂ ’ਤੇ ਖਾੜਕੂਆਂ, ਖਾਲਿਸਤਾਨ, ਭਿੰਡਰਾਂਵਾਲਾ ਵਗ਼ੈਰਾ ਦੇ ਖ਼ਿਲਾਫ਼ ਪਰਾਕਸੀ (ਪਰੋਣੇ) ਲੜਾਈ ਲੜੀ ਜਾ ਸਕੇ। ਸ਼ੁਰੂ ਵਿਚ ਬਰਨਾਲੇ ਨੇ ਦਿਖਾਵੇ ਵਲੋਂ ਪੰਥਕ ਮੰਗਾਂ ਬਾਰੇ ਇਕ-ਅੱਧ ਬਿਆਨ ਵੀ ਦਿੱਤਾ। ਪਰ ਇਹ ਸਭ ਕਾਗ਼ਜ਼ੀ ਕਾਰਵਾਈ ਸੀ। ਉਸ ਵਕਤ 2000 ਤੋਂ ਵੱਧ ਬੇਗੁਨਾਹ ਸਿੱਖ ਟਾਡਾ ਕੇਸਾਂ (ਜਿਨ੍ਹਾਂ ਵਿਚ ਕੋਈ ਅਪੀਲ, ਦਲੀਲ ਤੇ ਵਕੀਲ ਨਹੀਂ ਚਲਦਾ) ਹੇਠ ਪੰਜਾਬ ਦੀਆਂ ਜੇਲ੍ਹਾਂ ਵਿਚ ਸਨ; 500 ਦੇ ਕਰੀਬ ਹਰਿਆਣੇ ਵਿਚ, 400 ਦੇ ਕਰੀਬ ਜੈਪੁਰ-ਜੋਧਪੁਰ ’ਚ ਅਤੇ 500 ਦੇ ਕਰੀਬ ਹੋਰ ਜੇਲ੍ਹਾਂ ਵਿਚ ਵੀ ਸਨ। ਪੰਜਾਬ ’ਚ ਕੈਦ ਸਿੱਖਾਂ ਬਾਰੇ ਬਰਨਾਲਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਇਕ ਸਬ-ਕਮੇਟੀ ਬਣਾਈ। ਇਸ ਕਮੇਟੀ ਵਿਚ ਭਾਜਪਾ ਦਾ ਸੀਨੀਅਰ ਆਗੂ ਲਾਲ ਚੰਦ ਸਭਰਵਾਲ ਵੀ ਸ਼ਾਮਿਲ ਸੀ। ਇਸ ਕਮੇਟੀ ਨੇ ਬਰਨਾਲੇ ਨੂੰ ਸਿਫ਼ਾਰਸ਼ ਕੀਤੀ ਕਿ ਸਾਰੇ ਬੇਗੁਨਾਹ ਸਿੱਖ ਰਿਹਾਅ ਕਰ ਦਿੱਤੇ ਜਾਣ। ਪਰ ਬਰਨਾਲੇ ਨੇ ਸਿਰਫ਼ 26 ਸਿੱਖ ਹੀ ਰਿਹਾਅ ਕੀਤੇ। ਹੋਰ ਤਾਂ ਹੋਰ ਉਸ ਵੇਲੇ ਇਨ੍ਹਾਂ 2000 ਵਿਚੋਂ 224 ਬੇਗੁਨਾਹ ਸਿੱਖ ਪੰਜਾਬ ਦੀਆਂ ਜੇਲ੍ਹਾਂ ’ਚ ਕੈਦ ਹੀ ਨਹੀਂ ‘ਨਜ਼ਰਬੰਦ’ ਵੀ ਸਨ।

●

ਸੁਰਜੀਤ ਸਿੰਘ ਬਰਨਾਲਾ ਵੱਲੋਂ ਸਿੱਖਾਂ 'ਤੇ ਜ਼ੁਲਮ

ਸਿੱਖਾਂ ਦੀਆਂ ਬੇਹਿਸਾਬ ਗ੍ਰਿਫ਼ਤਾਰੀਆਂ

ਪੰਜਾਬ ਵਿਚ ਬਰਨਾਲਾ ਸਰਕਾਰ ਕਾਇਮ ਹੋਣ ਦੇ ਨਾਲ ਹੀ ਸਿੱਖਾਂ ਦੀਆਂ ਬੇਹਿਸਾਬ ਗ੍ਰਿਫ਼ਤਾਰੀਆਂ ਸ਼ੁਰੂ ਹੋ ਗਈਆਂ। ਸਿੱਖਾਂ ਨਾਲ ਬੇਹੂਦਗੀ ਵਾਲਾ ਸਲੂਕ, ਗੁਰਦੁਆਰਿਆਂ 'ਚ ਪੁਲੀਸ ਦਾਖ਼ਲਾ ਪਹਿਲਾਂ ਨਾਲੋਂ ਵੀ ਵਧ ਗਿਆ। ਪਹਿਲੀ ਅਕਤੂਬਰ ਨੂੰ ਗਿਆਨੀ ਗੁਰਬਚਨ ਸਿੰਘ ਖਾਲਸਾ ਦਾ ਪੋਤਰਾ ਗਿਆਨੀ ਅਵਤਾਰ ਸਿੰਘ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਵਾਸਤੇ ਪੁਲੀਸ ਨੇ ਕਈ ਘੰਟੇ ਬੋਪਾ ਰਾਇ ਦਾ ਗੁਰਦੁਆਰਾ ਘੇਰੀ ਰਖਿਆ। ਪੰਜ ਅਕਤੂਬਰ ਨੂੰ ਤਿੰਨ ਖਾੜਕੂ ਸੁਖਚੈਨ ਸਿੰਘ ਤੇ ਤਰਲੋਕ ਸਿੰਘ (ਭਾਗੋਵਾਲ), ਸੁਖਵਿੰਦਰ ਸਿੰਘ (ਵੜੈਚ) ਗ੍ਰਿਫ਼ਤਾਰ ਕਰ ਲਏ ਗਏ।

ਪੰਜਾਬ ਵਿਚ ਇਕ ਹੋਰ ਫ਼ੌਜੀ ਛਾਵਣੀ

ਚਾਰ ਅਕਤੂਬਰ ਨੂੰ ਰਾਜੀਵ ਗਾਂਧੀ ਨੇ ਹੁਸ਼ਿਆਰਪੁਰ 'ਚ ਫ਼ੌਜ ਦੀ ਛਾਉਣੀ ਕਾਇਮ ਕਰਨ ਵਾਸਤੇ 15 ਪਿੰਡਾਂ ਦੀ 6870 ਏਕੜ ਜ਼ਮੀਨ ਐਕੁਆਇਅਰ ਕਰ ਲੈਣ ਦਾ ਐਲਾਨ ਕੀਤਾ। ਨਵੀਂ ਛਾਉਣੀ ਦਾ ਮਤਲਬ ਸਿੱਖਾਂ ਵਿਚ ਡਰ ਪੈਦਾ ਕਰਨਾ ਸੀ।

ਬਰਨਾਲਾ ਕਾਂਗਰਸ ਨੇ ਆਪ ਲਿਆਂਦਾ

ਛੇ ਅਕਤੂਬਰ ਨੂੰ ਸੈਂਟਰਲ ਹੋਮ ਮਨਿਸਟਰ ਐਸ.ਬੀ.ਚਵਾਨ ਨੇ ਕਿਹਾ ਕਿ, 'ਪੰਜਾਬ ਵਿਚ ਕਾਂਗਰਸ ਦਾ ਮੁੜ ਤਾਕਤ ਵਿਚ ਆਉਣਾ ਠੀਕ ਨਹੀਂ ਸੀ।' (ਯਾਨੀ ਉਸ ਨੇ ਮੰਨਿਆ ਕਿ ਪੰਜਾਬ ਵਿਚ ਕਾਂਗਰਸ ਨੇ ਚੋਣਾਂ ਜਾਣ ਬੁਝ ਕੇ ਹਾਰੀਆਂ ਸਨ)। ਸਤ ਅਕਤੂਬਰ ਨੂੰ ਸਿੱਖਾਂ ਨੇ ਦਿੱਲੀ 'ਚ ਰਾਜੀਵ ਖ਼ਿਲਾਫ਼ ਮੁਜ਼ਾਹਰਾ ਕਰ ਕੇ ਸਿੱਖਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦੀ ਮੰਗ ਕੀਤੀ। ਇਸ 'ਤੇ ਬਰਨਾਲੇ ਨੇ, ਚੋਣਾਂ ਜਿਤਾਏ ਜਾਣ ਦਾ ਮੁਲ ਤਾਰਦਿਆਂ, ਆਖਿਆ ਕਿ 'ਰਾਜੀਵ ਦੇ ਖ਼ਿਲਾਫ਼ ਮੁਜ਼ਾਹਰਾ ਕਰਨ ਵਾਲੇ ਸਿੱਖ ਗੁੰਮਰਾਹਕੁੰਨ ਅੰਸਰ ਹਨ।' ਇਸੇ ਦਿਨ ਹਰਿਆਣੇ ਦੇ ਕਰਤਾਰ ਸਿੰਘ ਟੱਕਰ ਨੇ ਕਿਹਾ ਕਿ ਹਰਿਆਣੇ 'ਚ 300 ਬੇਕਸੂਰ ਸਿੱਖ ਜੇਲ੍ਹਾਂ ਵਿਚ ਹਨ ਅਤੇ 1000 ਸਿੱਖਾਂ ਦੇ ਅਸਲਾ ਲਾਇਸੈਂਸ ਕੈਂਸਲ ਕੀਤੇ ਹੋਏ ਹਨ। ਜਸਟਿਸ ਅਜੀਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਵਿਚ 2000 ਸਿੱਖ ਬੰਦ ਹਨ।

ਸਿੱਖ ਰਿਹਾ ਨਹੀਂ ਕੀਤੇ ਜਾਣਗੇ

ਰਾਜੀਵ ਤੇ ਸੁਰਜੀਤ ਬਰਨਾਲਾ ਵਿਚ ਇਹ ਵੀ ਸੌਦਾ ਹੋਇਆ ਸੀ ਕਿ ਖਾੜਕੂਆਂ ਨੂੰ ਜੇਲ੍ਹਾਂ ਵਿਚ ਹੀ ਰਹਿਣ ਦਿੱਤਾ ਜਾਵੇ ਤਾਂ ਜੋ ਬਰਨਾਲਾ ਆਰਾਮ ਨਾਲ ਹਕੂਮਤ ਕਰ ਸਕੇ। ਹੁਣ ਜਦ ਸਿੱਖਾਂ

ਦੀ ਰਿਹਾਈ ਦੀ ਗੱਲ ਚੱਲੀ ਤਾਂ ਇਸ ਨੂੰ ਰੋਕਣ ਵਾਸਤੇ ਰਾਜੀਵ ਨੇ 9 ਅਕਤੂਬਰ ਨੂੰ ਬਿਆਨ ਦਿਤਾ ਕਿ ‘ਸਰਕਾਰ ਫ਼ੌਜੀਆਂ ਉੱਤੇ ਗੋਲੀ ਚਲਾਉਣ ਵਾਲਿਆਂ ਨੂੰ ਛੱਡਣ ਦੇ ਖ਼ਿਲਾਫ਼ ਹੈ।’

ਬਰਨਾਲਾ ਤਾਂ ਏਨੇ ਨੀਵੇਂ ਪੱਧਰ ਤਕ ਆ ਗਿਆ ਕਿ ਉਸ ਨੇ ਬੇਗ਼ੁਨਾਹ ਸਿੱਖਾਂ ਨੂੰ ਰਿਹਾਅ ਕਰਨ ਦੀ ਥਾਂ ਸਗੋਂ ਹੋਰ ਗ੍ਰਿਫ਼ਤਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਸ ਦੀ ਚੀਫ਼ ਮਨਿਸਟਰੀ ਦੇ ਪਹਿਲੇ ਇਕ ਮਹੀਨੇ ਵਿਚ 100 ਤੋਂ ਵਧ ਨੌਜਵਾਨ ਗ੍ਰਿਫਤਾਰ ਕੀਤੇ ਗਏ ਸਨ ਤੇ ਇਸ ਤੋਂ ਬਾਅਦ ਵੀ ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। ਏਨਾ ਹੀ ਨਹੀਂ ਸਿੱਖ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਪਹਿਲਾਂ ਵਾਂਙ ਤਸੀਹੇ ਵੀ ਦਿੱਤੇ ਜਾਂਦੇ ਰਹੇ।

ਜੇਲ੍ਹਾਂ ’ਚ ਸਿੱਖਾਂ ਨਾਲ ਜ਼ਿਆਦਤੀਆਂ

15 ਅਕਤੂਬਰ ਨੂੰ ਅੰਮ੍ਰਿਤਸਰ ਜੇਲ੍ਹ ’ਚ ਬੰਦ ਸਿੱਖਾਂ ਵਿਚੋਂ 11 ਜਣਿਆਂ ਨੇ 3 ਦਿਨ ਦੀ ਭੁਖ ਹੜਤਾਲ ਕੀਤੀ। ਪੁਲਿਸ ਜ਼ਿਆਦਤੀਆਂ ਦੇ ਖ਼ਿਲਾਫ਼ ਭੁਖ ਹੜਤਾਲ ਕਰਨ ਵਿਚ ਨਰਿੰਦਰ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਉਪਕਾਰ ਸਿੰਘ, ਬਲਕਾਰ ਸਿੰਘ, ਜਗਜੀਤ ਸਿੰਘ, ਮਨਜੀਤ ਸਿੰਘ, ਦੀਦਾਰ ਸਿੰਘ, ਸਾਹਿਬ ਸਿੰਘ, ਸਰਦਾਰਾ ਸਿੰਘ, ਕਮਲਇੰਦਰ ਸਿੰਘ ਸ਼ਾਮਿਲ ਸਨ। ਇਨ੍ਹਾਂ ਨੂੰ ਅੰਮ੍ਰਿਤਸਰ ਜੇਲ੍ਹ ਤੋਂ ਬਦਲ ਕੇ ਫ਼ਿਰੋਜ਼ਪੁਰ ਜੇਲ੍ਹ ਭੇਜ ਦਿਤਾ ਗਿਆ ਸੀ ਪਰ ਉਨ੍ਹਾਂ ਨੂੰ ਆਪਣੇ ਨਾਲ ਤੌਲੀਏ, ਕਛਹਿਰੇ ਤਕ ਵੀ ਨਾ ਲਿਜਾਣ ਦਿਤੇ ਗਏ।

‘ਧਰਮੀ’ ਫ਼ੌਜੀਆਂ ਨੂੰ ਸਜ਼ਾ

19 ਅਕਤੂਬਰ ਨੂੰ ਜੰਮੂ ਕੋਰਟ ਮਾਰਸ਼ਲ (ਜਨਰਲ) ਵਲੋਂ 1984 ਵਿਚ ਦਰਬਾਰ ਸਾਹਿਬ ’ਤੇ ਭਾਰਤੀ ਫ਼ੌਜ ਵੱਲੋਂ ਹਮਲਾ ਕਰਨ ਮਗਰੋਂ ਬਗ਼ਾਵਤ ਕਰਨ ਵਾਲੇ ‘ਧਰਮੀ’ ਫ਼ੌਜੀਆਂ ਵਿਚੋਂ 8 ਸਿੱਖ ਫ਼ੌਜੀਆਂ ਨੂੰ 1 ਤੋਂ 4 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। ਸੱਤ ਸਿੱਖ ਫ਼ੌਜੀਆਂ ਨੂੰ ਨੌਕਰੀ ਤੋਂ ਬਰਤਰਫ਼ ਕਰ ਦਿੱਤਾ ਗਿਆ।

ਹੋਰ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਤਰਨਤਾਰਨ ਦੇ ਰਾਮ ਲੁਭਾਇਆ ਕਤਲ ਕੇਸ ਵਿਚ ਫਰੀਦਕੋਟ ਦੇ ਸਿਪਾਹੀ ਪ੍ਰਤਾਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦਿੱਲੀ ’ਚ ਗ੍ਰਿਫ਼ਤਾਰ ਸਿੱਖਾਂ, ਪ੍ਰੋ. ਹਰਮੀਤ ਸਿੰਘ, ਮਹਿੰਦਰ ਸਿੰਘ, ਹਰਵਿੰਦਰ ਸਿੰਘ, ਸੂਬਾ ਸਿੰਘ, ਸੁਖਦੇਵ ਸਿੰਘ ਅਤੇ 5 ਹੋਰਾਂ ਨੂੰ ਦਹਿਸ਼ਤਪਸੰਦੀ ਦੇ ਕੇਸ ’ਚ ਚਾਰਜ ਕਰ ਕੇ 30 ਤਾਰੀਖ਼ ਤਕ ਦਾ ਰੀਮਾਂਡ ਦੇ ਦਿਤਾ ਗਿਆ।

ਅਠਾਰਾਂ ਅਕਤੂਬਰ ਨੂੰ ਪੰਜਾਬ ਸਰਕਾਰ ਵਲੋਂ ਅਸੈਂਬਲੀ ਵਿਚ ਤਕਰੀਰ ਕਰਦਿਆਂ ਪੰਜਾਬ ਗਵਰਨਰ ਨੇ ਕਿਹਾ ਕਿ ਸਰਕਾਰ ਵੱਖਵਾਦੀ ਸਰਗਰਮੀਆਂ ਨਹੀਂ ਸਹਾਰੇਗੀ। ਅਸੈਂਬਲੀ ਵਿਚ ਬਰਨਾਲਾ ਸਰਕਾਰ ਨੇ ਇੰਦਰਾ ਕਤਲ ’ਤੇ ਦੁੱਖ ਦਾ ਇਜ਼ਹਾਰ ਕਰਦਿਆਂ ਉਸ ਨੂੰ ‘ਸ਼ਰਧਾਂਜਲੀ’ ਪੇਸ਼ ਕੀਤੀ। ਇਸ ਮੌਕੇ ’ਤੇ ਇਕ ਵੀ ਅਕਾਲੀ ਨੇ ਇੰਦਰਾ ਗਾਂਧੀ ਦੇ ਜ਼ੁਲਮਾਂ ਦਾ ਜ਼ਿਕਰ ਤਕ ਨਾ ਕੀਤਾ।

ਹਿੰਦੂਆਂ ਵੱਲੋਂ ਥਾਣੇ 'ਤੇ ਹਮਲਾ

20 ਅਕਤੂਬਰ ਨੂੰ ਫਤਹਿਗੜ੍ਹ ਚੂੜੀਆਂ 'ਚ ਕਾਂਗਰਸੀ ਰਾਜਪਾਲ ਦੇ ਕਤਲ ਤੋਂ ਬਾਅਦ ਹਿੰਦੂਆਂ ਨੇ ਜਲੂਸ ਕਢ ਕੇ ਥਾਣੇ 'ਤੇ ਹਮਲਾ ਕੀਤਾ। ਇਸ ਹਮਲੇ ਦੌਰਾਨ ਥਾਣੇ 'ਤੇ ਸ਼ਰੇਆਮ ਪਥਰਾਓ ਕੀਤਾ ਗਿਆ ਪਰ ਪੁਲੀਸ ਨੇ ਇਸ ਜੁਰਮ ਵਿਚ ਕਿਸੇ ਵੀ ਹਿੰਦੂ ਨੂੰ ਗ੍ਰਿਫ਼ਤਾਰ ਨਾ ਕੀਤਾ। 23 ਅਕਤੂਬਰ ਨੂੰ ਰਾਜਪਾਲ ਦੇ ਕਤਲ ਕੇਸ 'ਚ ਹਿੰਦੂਆਂ ਦੇ ਆਖੇ ਗ੍ਰਿਫ਼ਤਾਰ ਕੀਤੇ ਅਮਰੀਕ ਸਿੰਘ (ਪ੍ਰਧਾਨ ਲੋਕਲ ਅਕਾਲੀ ਜਥਾ) ਦਲਜੀਤ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ ਰਿਹਾ ਕਰ ਦਿਤੇ ਗਏ ਪਰ ਮੁਖ਼ਤਿਆਰ ਸਿੰਘ ਨੂੰ ਰਿਹਾ ਨਹੀਂ ਕੀਤਾ ਗਿਆ।

ਬੈਂਸ ਕਮੇਟੀ ਵੱਲੋਂ ਸਿੱਖਾਂ ਦੀਆਂ ਰਿਹਾਈਆਂ ਦੀ ਸਿਫ਼ਾਰਸ਼

24 ਅਕਤੂਬਰ ਨੂੰ ਜਸਟਿਸ ਅਜੀਤ ਸਿੰਘ ਬੈਂਸ ਨੇ 2000 ਸਿੱਖਾਂ ਦੀ ਰਿਹਾਈ ਦੀ ਸਿਫ਼ਾਰਸ਼ ਕੀਤੀ। ਸਿਫ਼ਾਰਸ਼ ਉੱਤੇ ਗੁਰਦਰਸ਼ਨ ਸਿੰਘ ਗਰੇਵਾਲ, ਲਾਲ ਚੰਦ ਸਭਰਵਾਲ ਅਤੇ ਪ੍ਰੋਸੀਕਿਊਸ਼ਨ ਐਡੀਸ਼ਨਲ ਡਾਇਰੈਕਟਰ ਮਿੱਢਾ (ਚਾਰ ਚੋਂ 2 ਹਿੰਦੂ) ਦੇ ਵੀ ਦਸਤਖ਼ਤ ਸਨ। ਪਰ ਸੁਰਜੀਤ ਬਰਨਾਲਾ ਸਰਕਾਰ ਨੇ ਸਿਰਫ 26 ਸਿੱਖ ਹੀ ਰਿਹਾ ਕੀਤੇ। ਹੋਰ ਤਾਂ ਹੋਰ 224 ਸਿੱਖ ਤਾਂ ਅਜੇ ਨਜ਼ਰਬੰਦ ਸਨ।25 ਅਕਤੂਬਰ ਨੂੰ ਲੱਧਾ ਕੋਠੀ 'ਚ ਸਿੱਖਾਂ ਉੱਤੇ ਜ਼ੁਲਮ ਦੀ ਜਾਂਚ ਵਾਸਤੇ ਸੀ.ਐਸ. ਟਿਵਾਣਾ ਕਮਿਸ਼ਨ ਨਾਮਜ਼ਦ ਕਰ ਦਿਤਾ ਗਿਆ।29 ਅਕਤੂਬਰ ਨੂੰ ਬਰਨਾਲੇ ਨੇ ਅਸੈਂਬਲੀ 'ਚ ਇਕ ਬੇਹੂਦਾ ਬਿਆਨ ਦਿਤਾ ਕਿ "ਸੀ.ਆਰ.ਪੀ.ਐਫ਼. ਵਲੋਂ ਦਾਇਰ ਕੇਸ ਪੰਜਾਬ ਸਰਕਾਰ ਵਾਪਿਸ ਨਹੀਂ ਲੈ ਸਕਦੀ।" ਇਹ ਕੇਸ ਜੋਧਪੁਰ 'ਚ ਨਜ਼ਰਬੰਦ 369 ਸਿੱਖਾਂ ਉੱਤੇ ਦਾਇਰ ਹੈ। ਜਨਤਾ ਪਾਰਟੀ ਦੇ ਐਮ.ਐਲ.ਏ. ਕਿਰਪਾਲ ਸਿੰਘ ਨੇ ਇਸ ਨੂੰ ਗਲਤ ਆਖਦਿਆਂ ਕਿਹਾ ਕਿ "ਇਹ ਕੇਸ ਅੰਮ੍ਰਿਤਸਰ 'ਚ ਦਰਜ ਹੋਇਆ ਸੀ, ਸੋ ਪੰਜਾਬ ਸਰਕਾਰ ਵਾਪਿਸ ਲੈ ਸਕਦੀ ਹੈ।" ਦਰਅਸਲ ਬਰਨਾਲਾ ਸਿੱਖਾਂ ਨੂੰ ਰਿਹਾ ਨਹੀਂ ਕਰਨਾ ਚਾਹੁੰਦਾ ਸੀ। 31 ਅਕਤੂਬਰ ਨੂੰ ਸੈਂਟਰ ਦੇ ਵਜ਼ੀਰ ਚਵਾਨ ਨੇ ਕਿਹਾ ਕਿ 'ਪੰਜਾਬ 'ਚ ਰਿਹਾਈਆਂ ਦਾ ਮਸਲਾ ਸੂਬਾਈ ਸਰਕਾਰ ਦਾ ਹੈ। ਅਸੀਂ ਦਖ਼ਲ ਨਹੀਂ ਦੇਵਾਂਗੇ।' ਦਰਅਸਲ ਬਰਨਾਲਾ ਤੇ ਰਾਜੀਵ ਵਿਚ ਗੁਪਤ ਸਮਝੌਤਾ ਹੋਇਆ ਸੀ ਕਿ ਸਿੱਖ ਰਿਹਾ ਨਹੀਂ ਕਰਨੇ। ਪੰਜਾਬ ਦੀ ਹਕੂਮਤ ਬਰਨਾਲਾ ਨੇ ਰਾਜੀਵ ਦੇ ਹੁਕਮਾਂ ਹੇਠ ਚਲਾਉਣੀ ਸੀ। ਇਸੇ ਕਰ ਕੇ ਬਰਨਾਲਾ ਬਹਾਨੇ ਲੱਭ ਰਿਹਾ ਸੀ।

ਹੋਰ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਇਨ੍ਹਾਂ ਦਿਨਾਂ ਵਿਚ ਬਰਨਾਲੇ ਨੇ ਅਕਾਲੀ ਵਰਕਰਾਂ ਨੂੰ ਲਾਰਾ ਲਾਇਆ ਹੋਇਆ ਸੀ ਕਿ ਜੇ ਪੁਲੀਸ ਨੇ ਕਿਸੇ ਸਿੱਖ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੋਇਆ ਹੈ ਤਾਂ ਉਸ ਨੂੰ ਪੇਸ਼ ਕਰ ਦਿੱਤਾ ਜਾਵੇ ਤੇ ਉਸ ਨਾਲ ਹਮਦਰਦੀ ਵਾਲਾ ਸਲੂਕ ਕੀਤਾ ਜਾਵੇਗਾ। ਕਈ ਸਿੱਖ ਇਸ ਧੋਖੇ ਵਿਚ ਆ ਗਏ ਤੇ ਬਹੁਤ ਸਾਰੇ ਸਿੱਖਾਂ ਨੂੰ ਜੇਲ੍ਹ ਜਾਣਾ ਪਿਆ। ਇਸ ਚੱਕਰ ਵਿਚ 29 ਅਕਤੂਬਰ ਨੂੰ ਪੱਟੀ 'ਚ 9 ਸਿੱਖ ਪੁਲੀਸ ਕੋਲ ਪੇਸ਼ ਹੋਏ। ਇਨ੍ਹਾਂ ਵਿਚੋਂ 3 ਛੱਡ ਦਿਤੇ ਗਏ ਤੇ 6 ਹਿਰਾਸਤ 'ਚ ਲੈ ਲਏ ਗਏ। ਪੁਲੀਸ ਮੁਤਾਬਕ ਜੁਗਿੰਦਰ ਸਿੰਘ ਦੇ 3 ਪੁੱਤਰ ਜਗੀਰ ਸਿੰਘ, ਦਲਬੀਰ ਸਿੰਘ, ਗੁਰਦੇਵ ਸਿੰਘ ਇਕ ਹਿੰਦੂ ਦੇ ਕਤਲ 'ਚ ਚਾਹੀਦੇ ਸਨ। ਕੈਰੋਂ ਪਿੰਡ ਦੇ ਬਖ਼ਸ਼ੀਸ਼ ਸਿੰਘ ਅਤੇ ਬਲਦੇਵ ਸਿੰਘ ਵੀ ਗ੍ਰਿਫ਼ਤਾਰ ਕਰ ਲਏ ਗਏ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਜਲੰਧਰ ਦੇ ਪ੍ਰਧਾਨ ਰਣਧੀਰ ਸਿੰਘ

ਖਾਲਸਾ ਨੇ ਬਿਆਨ ਵਿਚ ਕਿਹਾ ਕਿ ਜਲੰਧਰ ਜੇਲ੍ਹ ਦੇ ਅੰਦਰ ਸਿੱਖ ਨੌਜਵਾਨਾਂ ਉੱਤੇ ਜ਼ੁਲਮ ਕੀਤਾ ਜਾ ਰਿਹਾ ਹੈ।" 31 ਅਕਤੂਬਰ ਨੂੰ ਮੋਰਿੰਡਾ 'ਚ ਫ਼ੈਡਰੇਸ਼ਨ ਦੇ ਗੁਰਬਚਨ ਸਿੰਘ ਰਾਣਾ ਨੂੰ ਜੱਜ ਨੇ ਜ਼ਾਤੀ ਮੁਚੱਲਕੇ ਤੇ ਰਿਹਾ ਕਰਨ ਦਾ ਹੁਕਮ ਦਿੱਤਾ ਪਰ ਉਸ ਨੇ ਜੇਲ੍ਹ ਦੇ ਬਾਹਰ ਮੁੜ ਗ੍ਰਿਫ਼ਤਾਰ ਕਰਨ ਵਾਸਤੇ ਖੜੀ ਭਾਰੀ ਪੁਲੀਸ ਫੋਰਸ ਵੇਖ ਕੇ ਰਿਹਾ ਤੋਂ ਨਾਂਹ ਕਰ ਦਿਤੀ।

ਦਰਬਾਰ ਸਾਹਿਬ 'ਚ ਫੇਰ ਪੁਲੀਸ ਦਾਖ਼ਿਲ

ਬਰਨਾਲਾ ਦੀ ਹਕੂਮਤ ਆਉਣ ਮਗਰੋਂ ਪੁਲੀਸ ਦਰਬਾਰ ਸਾਹਿਬ ਵਿਚ ਕਈ ਵਾਰ ਦਾਖ਼ਿਲ ਹੋਈ। ਦਰਅਸਲ ਬਰਨਾਲਾ ਨੇ ਰਾਜੀਵ ਨਾਲ ਸਮਝੌਤਾ ਕੀਤਾ ਸੀ ਕਿ ਉਹ ਇੰਦਰਾ ਵੱਲੋਂ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਨੂੰ ਜਾਇਜ਼ ਸਾਬਿਤ ਕਰਨ ਵਾਸਤੇ ਦਰਬਾਰ ਸਾਹਿਬ ਵਿਚ ਪੁਲੀਸ ਭੇਜਿਆ ਕਰੇਗਾ। ਇਸੇ ਸ਼ਰਤ ਹੇਠ 25 ਅਕਤੂਬਰ ਨੂੰ ਦਰਬਾਰ ਸਾਹਿਬ 'ਚ ਪੁਲੀਸ ਅਤੇ ਸੀ. ਆਰ. ਪੀ.ਐਫ਼. ਫੇਰ ਦਾਖ਼ਿਲ ਹੋਈ ਅਤੇ ਹਰ ਕਮਰੇ ਦੀ ਤਲਾਸ਼ੀ ਲਈ।

ਇਸ ਵੇਲੇ ਤਕ ਗੁਰਚਰਨ ਸਿੰਘ ਟੌਹੜਾ ਵੀ ਬਰਨਾਲੇ ਦੇ ਗੁਣ ਗਾਉਂਦਾ ਹੁੰਦਾ ਸੀ। 27 ਅਕਤੂਬਰ ਨੂੰ ਟੌਹੜੇ ਨੇ ਬਿਆਨ ਦਿਤਾ ਕਿ 'ਬਰਨਾਲਾ ਸਰਕਾਰ ਨੂੰ ਕੋਈ ਖਤਰਾ ਨਹੀਂ ਹੈ। ਅਸੀਂ ਉਸ ਦੇ ਨਾਲ ਹਾਂ।'

ਦਰਅਸਲ ਪੰਜਾਬ ਵਿਚ ਅਖੌਤੀ-ਅਕਾਲੀ ਸਰਕਾਰ ਆਉਣ ਨਾਲ ਜ਼ਰਾ ਮਾਸਾ ਵੀ ਫ਼ਰਕ ਨਹੀਂ ਸੀ ਪਿਆ। ਸਿਰਫ਼ ਵਜ਼ੀਰ ਬਦਲੇ ਸਨ। ਫ਼ਰਕ ਏਨਾ ਸੀ ਕਿ ਉਹ ਬਰਨਾਲੇ ਦੀ ਸਾਥੀ ਸਨ, ਸਿੱਧੇ ਕਾਂਗਰਸੀ ਨਹੀਂ (ਨੀਲੀਆਂ ਪੱਗਾਂ ਵਾਲੇ ਕਾਂਗਰਸੀ) ਸਨ। ਹੋਰ ਸਾਰਾ ਕੁਝ ਪਹਿਲਾਂ ਵਾਂਗ ਹੀ ਸੀ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਸੀ ਕਿ ਹਰ ਦੂਜੇ-ਚੌਥੇ ਦਿਨ ਪੁਲੀਸ ਦਰਬਾਰ ਸਾਹਿਬ ਵਿਚ ਦਾਖ਼ਿਲ ਹੋ ਕੇ, ਸਰਾਂ ਦੇ ਕਮਰਿਆਂ ਦੇ ਤਾਲੇ ਤੋੜ ਕੇ, ਤਲਾਸ਼ੀਆਂ ਲੈਂਦੀ ਅਤੇ ਬੇਗੁਨਾਹ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕਰਦੀ ਰਹਿੰਦੀ ਸੀ।

ਅੰਗਰੇਜ਼ਾਂ ਵੇਲੇ, 7 ਜਨਵਰੀ 1924 ਦੇ ਦਿਨ ਜਦੋਂ ਅੰਗਰੇਜ਼ੀ ਹੁਕਮਾਂ ਹੇਠ ਪੁਲੀਸ ਨੇ ਅਕਾਲ ਤਖ਼ਤ ਸਾਹਿਬ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰ ਕੇ ਸਰਕਾਰ ਨੂੰ ਵਾਰਨਿੰਗ ਦਿੱਤੀ ਗਈ ਸੀ। ਇੰਵ ਹੀ 4 ਜੁਲਾਈ 1955 ਦੇ ਦਿਨ ਦਰਬਾਰ ਸਾਹਿਬ 'ਚ ਪੁਲੀਸ ਦਾਖ਼ਲੇ ਦੇ ਖ਼ਿਲਾਫ਼ ਸਿੱਖਾਂ ਨੇ ਜ਼ਬਰਦਸਤ ਤੂਫ਼ਾਨ ਲਿਆਂਦਾ ਸੀ, ਜਿਸ ਨੇ ਨਤੀਜੇ ਵਜੋਂ ਪੰਜਾਬ ਦੇ ਉਦੋਂ ਦੇ ਚੀਫ਼ ਮਨਿਸਟਰ ਭੀਮ ਸੈਨ ਸੱਚਰ ਨੇ 10 ਨਵੰਬਰ 1955 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਆਪ ਹਾਜ਼ਿਰ ਹੋ ਕੇ ਮੁਆਫ਼ੀ ਮੰਗੀ ਸੀ। ਪਰ ਹੁਣ ਤਾਂ ਅਖੌਤੀ-ਅਕਾਲੀ ਸਰਕਾਰ ਆਪ ਵਾਰ-ਵਾਰ ਪੁਲੀਸ ਨੂੰ ਦਰਬਾਰ ਸਾਹਿਬ ਵਿਚ ਭੇਜ ਰਹੀ ਸੀ। ਯਾਨਿ ਪੰਥਕ ਮਰਿਆਦਾ, ਅਕਾਲੀ ਦਲ ਦੀ ਪਾਲਿਸੀ, ਦਰਬਾਰ ਸਾਹਿਬ ਦੀ ਪਵਿੱਤਰਤਾ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਸਨ। ਇਸ ਸਾਰੀ ਕਾਰਵਾਈ ਦਾ ਇੰਚਾਰਜ ਕੈਪਟਨ ਕੰਵਲਜੀਤ ਸਿੰਘ ਵਜ਼ੀਰ ਸੀ।

ਬਰਨਾਲਾ ਇਹ ਸਾਰਾ ਕੁਝ ਰਾਜੀਵ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਕਰ ਰਿਹਾ ਸੀ ਤੇ ਰਾਜੀਵ ਗਾਂਧੀ ਚਾਹੁੰਦਾ ਸੀ ਕਿ ਜੂਨ 1984 ਦੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਮਲੇ ਨੂੰ ਸਹੀ ਤੇ ਜਾਇਜ਼ ਠਹਿਰਾਇਆ ਜਾਵੇ ਅਤੇ ਅਗੋਂ ਵੀ ਦਰਬਾਰ ਸਾਹਿਬ ਵਿਚ ਪੁਲੀਸ

ਭੇਜਣਾ 'ਪੰਥ ਵਲੋਂ ਮਨਜ਼ੂਰ-ਸ਼ੁਦਾ' ਕਾਰਵਾਈ ਮੰਨੀ ਜਾਏ। ਹੈਰਾਨੀ ਦੀ ਗੱਲ ਇਹੋ ਹੈ ਕਿ ਦਰਬਾਰ ਸਾਹਿਬ 'ਚ ਪੁਲੀਸ ਭੇਜਣ ਦੇ ਖ਼ਿਲਾਫ਼ ਕੋਈ ਵੀ ਅਕਾਲੀ ਨਹੀਂ ਸੀ ਬੋਲਦਾ।

ਸਭ ਤੋਂ ਵੱਧ ਦਿਲਚਸਪ ਬਿਆਨ, ਆਪਣੇ ਆਪ ਨੂੰ ਖਾੜਕੂ (ਤੇ ਖਾਲਿਸਤਾਨੀ) ਅਖਵਾ ਕੇ ਖ਼ੁਸ਼ ਹੋਣ ਵਾਲੇ, ਇਕ ਵਜ਼ੀਰ ਸੁਖਜਿੰਦਰ ਸਿੰਘ ਦਾ ਸੀ। ਉਸ ਨੇ 11 ਨਵੰਬਰ ਨੂੰ ਬਿਆਨ ਦਿੱਤਾ ਕਿ ''ਮੈਂ ਕੋਸ਼ਿਸ਼ ਕਰਾਂਗਾ ਕਿ ਅੱਗੋਂ ਪੁਲੀਸ ਚੀਫ਼ ਮਨਿਸਟਰ ਤੋਂ ਇਜਾਜ਼ਤ ਲਏ ਬਿਨਾਂ ਦਰਬਾਰ ਸਾਹਿਬ 'ਚ ਦਾਖ਼ਿਲ ਨਾ ਹੋਵੇ।'' ਸੁਖਜਿੰਦਰ ਸਿੰਘ ਦੇ ਲਫ਼ਜ਼ ਸਨ:'ਕੋਸ਼ਿਸ਼ ਕਰਾਂਗਾ' ਅਤੇ ਦੂਜਾ, 'ਚੀਫ਼ ਮਨਿਸਟਰ ਦੀ ਇਜਾਜ਼ਤ ਨਾਲ ਦਰਬਾਰ ਸਾਹਿਬ 'ਚ ਪੁਲੀਸ ਦਾ ਦਾਖ਼ਿਲ ਹੋਣਾ ਸਹੀ ਹੈ।' ਇਹ ਤਾਂ ਹਾਲਤ ਸੀ ਬਰਨਾਲਾ ਦਲ ਨਾਲ ਸਬੰਧ ਰੱਖਣ ਵਾਲੇ ਅਕਾਲੀਆਂ ਦੀ। ਦੂਜੇ ਲਫ਼ਜ਼ਾਂ ਵਿਚ ਬਰਨਾਲਾ ਤੇ ਉਸ ਦੇ ਸਾਥੀਆਂ ਦਾ ਨਿਸ਼ਾਨਾ ਸਿਰਫ਼ ਵਜ਼ੀਰੀਆਂ ਸੀ ਤੇ ਇਸ ਵਾਸਤੇ ਉਹ ਅਸੂਲ ਅਤੇ ਧਰਮ ਤੇ ਸਭ ਕੁਝ ਛੱਡਣ ਵਾਸਤੇ ਵੀ ਤਿਆਰ ਸਨ।

ਦਰਬਾਰ ਸਾਹਿਬ ਵਿਚ ਬੇਅੰਤ ਸਿੰਘ ਦਾ ਸ਼ਹੀਦੀ ਦਿਨ

31 ਅਕਤੂਬਰ 1985 ਦੇ ਦਿਨ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੰਜੀ ਸਾਹਿਬ ਦੀਵਾਨ ਹਾਲ ਵਿਚ, ਇੰਦਰਾ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦੀ ਯਾਦ 'ਚ ਦੀਵਾਨ ਕੀਤਾ ਗਿਆ। ਇਹ ਦੀਵਾਨ ਸਿੱਖ ਨੌਜਵਾਨਾਂ ਨੇ ਆਪਣੀ ਹਿੱਕ ਦੇ ਜ਼ੋਰ ਨਾਲ ਕੀਤਾ ਸੀ। ਇਸ ਦੀਵਾਨ 'ਚ 16 ਸਿੱਖ ਪਰਿਵਾਰਾਂ ਦਾ ਸਨਮਾਨ ਵੀ ਕੀਤਾ ਗਿਆ। ਇਹ ਸਨ: ਬਿਮਲ ਕੌਰ (ਪਤਨੀ ਬਿਅੰਤ ਸਿੰਘ), ਮਾਤਾ ਭਾਈ ਅਮਰੀਕ ਸਿੰਘ, ਤਰਲੋਕ ਸਿੰਘ (ਪਿਤਾ ਸਤਵੰਤ ਸਿੰਘ, ਇੰਦਰਾ ਕਤਲ ਕਾਂਡ), ਪਿਆਰ ਕੌਰ ਤੇ ਬਲਵਿੰਦਰ ਕੌਰ (ਸੋਢੀ ਸੁਰਿੰਦਰ ਸਿੰਘ ਦੀਆਂ ਭੈਣਾਂ), ਮਹਿੰਦਰ ਕੌਰ (ਮਾਤਾ ਜਸਪਾਲ ਸਿੰਘ), ਸੁਖਜਿੰਦਰ ਕੌਰ (ਮਾਤਾ ਬੀਬੀ ਉਪਕਾਰ ਕੌਰ ਕਰਨਾਲ), ਜਸਬੀਰ ਕੌਰ (ਮਾਤਾ ਕੁਲਵੰਤ ਸਿੰਘ ਨਾਗੋਕੇ), ਮਾਤਾ ਸਤਿੰਦਰਜੀਤ ਸਿੰਘ ਪੀ.ਟੀ., ਪਤਨੀ ਸੁਰਿੰਦਰ ਸਿੰਘ ਨਾਗੋਕੇ, ਪਰਿਵਾਰ ਲੱਖਾ ਸਿੰਘ ਨਾਗੋਕੇ, ਹਰਭਜਨ ਕੌਰ (ਮਾਤਾ ਗੁਰਮੀਤ ਸਿੰਘ ਧੂਲਕੋਟ), ਈਸ਼ਰ ਸਿੰਘ ਤੇ ਇੰਦਰਜੀਤ ਸਿੰਘ (ਪੁੱਤਰ ਜਰਨੈਲ ਸਿੰਘ ਭਿੰਡਰਾਂਵਾਲੇ)। ਇਸੇ ਦਿਨ ਅਕਾਲ ਤਖ਼ਤ ਸਾਹਿਬ ਦੀ ਸਰਕਾਰ ਵੱਲੋਂ ਬਣੀ ਇਮਾਰਤ ਦਾ 55 ਫ਼ੁਟ ਜੰਗਲਾ ਢਾਹ ਕੇ ਐਲਾਨ ਕੀਤਾ ਗਿਆ ਕਿ ਇਸ ਇਮਾਰਤ ਨੂੰ ਢਾਹ ਕੇ ਦੋਬਾਰਾ ਬਣਾਇਆ ਜਾਵੇਗਾ। ਇਸ ਦੇ ਨਾਲ ਹੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ 13 ਨਵੰਬਰ ਨੂੰ ਰੋਸ ਹੜਤਾਲ ਦਾ ਐਲਾਨ ਕੀਤਾ ਗਿਆ। ਪਹਿਲੀ ਨਵੰਬਰ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਅੰਮ੍ਰਿਤਸਰ ਤੋ ਸ: ਬੇਅੰਤ ਸਿੰਘ ਦੇ ਪਿੰਡ ਮਲੋਆ (ਚੰਡੀਗੜ੍ਹ) ਤਕ 'ਸ਼ਹੀਦੀ ਮਾਰਚ' ਕੀਤਾ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਬਾਬਾ ਜੋਗਿੰਦਰ ਸਿੰਘ ਦਲ ਇਸ ਮਾਰਚ ਵਿਚ ਸ਼ਾਮਿਲ ਨਾ ਹੋਇਆ।

ਸੁਰਜੀਤ ਬਰਨਾਲਾ ਸਰਕਾਰ ਵੱਲੋਂ ਗ੍ਰਿਫ਼ਤਾਰੀਆਂ ਦਾ ਹੜ੍ਹ

ਪਹਿਲੀ ਨਵੰਬਰ ਨੂੰ ਪੁਲੀਸ ਨੇ ਤਖ਼ਤੂ ਚਕ (ਤਰਨਤਾਰਨ) ਦੇ ਭੂਪਿੰਦਰ ਸਿੰਘ ਦੀ ਗ੍ਰਿਫ਼ਤਾਰੀ ਲਈ ਇਹ ਕਹਿ ਕੇ ਇਨਾਮ ਦਾ ਐਲਾਨ ਕੀਤਾ ਕਿ ਉਹ ਪੁਲੀਸ ਹਿਰਾਸਤ ਚੋਂ ਦੌੜਿਆ ਹੈ। ਪੁਲੀਸ ਨੇ ਉਸ ਨੂੰ ਨਕਲੀ ਪੁਲੀਸ ਮੁਕਾਬਲੇ 'ਚ ਮਾਰਨ ਵਾਸਤੇ ਇਹ ਸਾਜ਼ਿਸ਼ ਘੜੀ ਸੀ।

3 ਨਵੰਬਰ ਨੂੰ ਇਸ਼ਤਿਹਾਰੀ ਕਰਾਰ ਦਿਤੇ 6 ਸਿੱਖ ਫ਼ੀਰੋਜ਼ਪੁਰ ਐਸ.ਐਸ.ਪੀ. ਕੋਲ ਪੇਸ਼ ਹੋ ਗਏ। ਇਨ੍ਹਾਂ ਜਗਤਾਰ ਸਿੰਘ (ਕਾਨੀਆਂ ਖਾਸ), ਅਜਾਇਬ ਸਿੰਘ (ਗਦਰੀਵਾਲ) ਗੁਰਮੀਤ ਸਿੰਘ (ਅਵਾਨ), ਮੋਹਨ ਸਿੰਘ (ਲੁਚਗੜ੍ਹ), ਕਸ਼ਮੀਰ ਸਿੰਘ (ਬਨਵਾਰ) ਨੂੰ ਪੁਲੀਸ ਨੇ ਹਿਰਾਸਤ ਵਿਚ ਲੈ ਕੇ ਜੇਲ੍ਹ ਭੇਜ ਦਿੱਤਾ। ਛੇ ਨਵੰਬਰ ਨੂੰ ਸੰਗਰੂਰ ਫ਼ੈਡਰੇਸ਼ਨ ਦਾ ਪ੍ਰਧਾਨ ਰਣਜੀਤ ਸਿੰਘ ਪੁਲੀਸ ਅੱਗੇ ਪੇਸ਼ ਹੋ ਗਿਆ ਤੇ ਉਸ ਨੂੰ ਵੀ ਜੇਲ੍ਹ ਭੇਜ ਦਿੱਤਾ ਗਿਆ। ਇਨ੍ਹਾਂ ਦਿਨਾਂ ਵਿਚ ਬਰਨਾਲੇ ਨੇ ਇਹ ਡਰਾਮਾ ਖੇਡਿਆ ਸੀ ਕਿ ਪੁਲੀਸ ਕੋਲ ਪੇਸ਼ ਹੋਣ ਵਾਲੇ ਨੌਜਵਾਨਾਂ ਨੂੰ ਕਾਗ਼ਜ਼ੀ ਕਾਰਵਾਈ ਕਰ ਕੇ ਰਿਹਾ ਕਰ ਦਿਤਾ ਜਾਵੇਗਾ। ਦਰਅਸਲ ਇਸ ਬਹਾਨੇ ਬਹੁਤ ਸਾਰੇ ਨੌਜਵਾਨ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ ਗਏ ਸਨ।

7 ਨਵੰਬਰ ਨੂੰ ਪੁਲੀਸ ਦਰਬਾਰ ਸਾਹਿਬ 'ਚ ਫੇਰ ਦਾਖ਼ਿਲ ਹੋਈ। ਬਰਨਾਲਾ ਸਰਕਾਰ ਬਣਨ ਤੋਂ ਬਾਅਦ ਪੁਲੀਸ ਚੌਥੀ ਵਾਰ ਦਰਬਾਰ ਸਾਹਿਬ 'ਚ ਦਾਖ਼ਿਲ ਹੋਈ ਸੀ। ਏਥੋਂ ਫ਼ੈਡਰੇਸ਼ਨ ਦਾ ਸੈਕਟਰੀ ਸੁਖਵਿੰਦਰ ਸਿੰਘ ਸਿੱਧੂ ਤੇ ਭੂਪਿੰਦਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਪੁਲੀਸ ਨੇ ਸਰਾਂ ਦੇ ਕਮਰਿਆਂ 26, 53, 56 ਤੇ 59 ਦੀ ਤਲਾਸ਼ੀ ਵੀ ਲਈ। ਦਰਬਾਰ ਸਾਹਿਬ ਵਿਚ ਪੁਲੀਸ ਦਾਖ਼ਲੇ ਦੇ ਖ਼ਿਲਾਫ਼ ਖਾਲਸਾ ਕਾਲਜ ਦੇ ਵਿਦਿਆਰਥੀਆਂ ਨੇ ਪ੍ਰੋਟੈਸਟ ਵਜੋਂ ਦੋ ਘੰਟੇ ਟਰੈਫ਼ਿਕ ਜਾਮ ਕੀਤਾ।

ਫਤਹਿਗੜ੍ਹ ਦੇ ਰਛਪਾਲ ਦੇ ਕਤਲ ਕੇਸ 'ਚ ਦਲਬੀਰ ਸਿੰਘ ਤੇ ਸੁਖਬੀਰ ਸਿੰਘ ਸੁਖਾ ਨਾਮਜ਼ਦ ਕੀਤੇ ਗਏ। ਬਟਾਲਾ ਬੈਂਕ ਡਾਕੇ 'ਚ ਸੁਖਦੇਵ ਸਿੰਘ ਤੇ ਅਵਤਾਰ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਉਧਰ ਕਸ਼ਮੀਰ 'ਚ ਵੀ 3 ਸਿੱਖ ਮੁਲਾਜ਼ਮ ਬਰਤਰਫ਼ ਕੀਤੇ ਗਏ। ਪੁੰਛ ਦੇ ਟੀਚਰ ਹਰਚਰਨ ਸਿੰਘ, ਪੰਚਾਇਤ ਮਹਿਕਮੇ ਦੇ ਜਗਜੀਤ ਸਿੰਘ, ਫ਼ਿਜ਼ੀਕਲ ਟੀਚਰ ਰਜਿੰਦਰ ਸਿੰਘ ਖਾਲਿਸਤਾਨੀਏ ਆਖ ਕੇ ਬਰਤਰਫ਼ ਕੀਤੇ ਗਏ।

ਪੰਜਾਬ ਸਰਕਾਰ ਨੇ 157 ਸਿੱਖਾਂ (32 ਔਰਤਾਂ ਸਮੇਤ) ਨੂੰ ਨਾਨਕਾਣਾ ਸਾਹਿਬ ਜਾਣ ਦੀ ਇਜਾਜ਼ਤ ਨਾ ਦਿਤੀ। ਲੁਧਿਆਣਾ ਦੇ 85 ਤੇ ਅੰਮ੍ਰਿਤਸਰ ਦੇ 50 ਸਿੱਖ ਇਨ੍ਹਾਂ 'ਚ ਸ਼ਾਮਿਲ ਹਨ। ਇਨ੍ਹਾਂ ਉੱਤੇ ਪੰਥਕ ਸਰਗਰਮੀਆਂ ਦਾ ਇਲਜ਼ਾਮ ਸੀ (ਇਹ ਸੀ ਅਖੌਤੀ ਪੰਥਕ ਸਰਕਾਰ ਦਾ ਕਿਰਦਾਰ)।

13 ਨਵੰਬਰ ਨੂੰ ਬੀ.ਐਸ.ਐਫ਼. ਨੇ ਬਿਧੀ ਚੰਦ ਛੀਨਾ ਪਿੰਡ ਦੇ ਬਲਕਾਰ ਸਿੰਘ ਤੇ ਚਰਨ ਸਿੰਘ ਨੂੰ ਨਕਲੀ ਮੁਕਾਬਲੇ 'ਚ ਸ਼ਹੀਦ ਕਰ ਦਿੱਤਾ। ਫਰੀਦਕੋਟ ਤੋਂ ਜੇਲ੍ਹ ਬਦਲੀ 'ਚ ਜੁਝਾਰੂ ਬਲਵਿੰਦਰ ਸਿੰਘ ਦੇ ਫ਼ਰਾਰ ਹੋਣ ਦਾ ਐਲਾਨ ਸਰਕਾਰ ਨੇ ਜਾਰੀ ਕੀਤਾ। ਇਹ ਖ਼ਬਰ ਸਾਰਿਆਂ ਦੀ ਜ਼ਬਾਨ 'ਤੇ ਸੀ ਕਿ ਉਸ ਦਾ ਨਕਲੀ ਪੁਲੀਸ ਮੁਕਾਬਲਾ ਬਣਾਇਆ ਜਾ ਰਿਹਾ ਹੈ।

ਇਨ੍ਹੀਂ ਦਿਨੀਂ ਸਕੂਟਰ ਚੋਰੀ ਕਰਨ ਤੇ ਹੋਰ ਦੋਸ਼ਾਂ ਵਿਚ ਡਲੇਵਾਲ (ਗੋਰਾਇਆ) ਦਾ ਲਸ਼ਵਿੰਦਰ ਸਿੰਘ ਪੁੱਤਰ ਅਵਤਾਰ ਸਿੰਘ ਅਤੇ ਹਰਮਿੰਦਰ ਸਿੰਘ ਪੁੱਤਰ ਹਰਦੇਵ ਸਿੰਘ ਗ੍ਰਿਫ਼ਤਾਰ ਕੀਤੇ ਗਏ। ਉਨ੍ਹਾਂ ਉੱਤੇ 2 ਡਾਕੇ, 5 ਸਕੂਟਰ ਖੋਹਣ ਦੇ ਕੇਸ ਸਨ। ਇਨ੍ਹਾਂ ਨੇ ਜੇਲ੍ਹ ਜਾਣ ਤੋਂ ਬਚਣ ਵਾਸਤੇ ਪੁਲੀਸ ਕੈਟ ਬਣਨਾ ਮਨਜ਼ੂਰ ਕੀਤਾ। ਇਨ੍ਹੀਂ ਦਿਨੀਂ ਪੁਲਸ ਨੇ ਸਤਪਾਲ ਸਿੰਘ ਢਿੱਲੋਂ ਨੂੰ ਗੋਰਾਇਆ ਦੇ ਕਾਂਗਰਸੀ ਹਰਦਿਆਲ ਸਿੰਘ ਨੂੰ (21 ਮਈ 1984 ਨੂੰ) ਕਤਲ ਕਰਨ ਦੇ ਦੋਸ਼ ਵਿਚ ਪਹਿਲੋਂ ਹੀ ਗ੍ਰਿਫ਼ਤਾਰ ਕੀਤਾ ਹੋਇਆ ਸੀ। ਪੁਲੀਸ ਦੇ ਡਿਪਟੀ ਚੀਫ਼ ਵਿਰਕ ਨੇ ਲਸ਼ਵਿੰਦਰ ਡਲੇਵਾਲ ਨੂੰ ਵੀ ਹਰਦਿਆਲ ਸਿੰਘ ਦੇ ਕਤਲ ਦੇ ਦੋਸ਼ ਅਤੇ ਦੋ ਸਟੇਸ਼ਨ ਸਾੜਨ ਦੇ ਝੂਠਿਆਂ ਚਾਰਜ

ਕਰ ਕੇ ਲੀਡਰ ਬਣਾ ਦਿਤਾ (ਮਗਰੋਂ ਪੁਲਸ ਕੈਟ ਲਸ਼ਵਿੰਦਰ ਡਲੇਵਾਲ ਨੂੰ ਇੰਗਲੈਂਡ ਭੇਜ ਦਿੱਤਾ)।

19 ਨਵੰਬਰ ਨੂੰ ਹੀ ਪਟਿਆਲਾ ਜੇਲ੍ਹ 'ਚ ਗੁਰਦੁਆਰੇ ਦਾ ਨੀਂਹ ਪੱਥਰ ਰੱਖਿਆ ਗਿਆ। ਪਰ ਇਸ ਸਮਾਗਮ 'ਚ ਫ਼ੈਡਰੇਸ਼ਨ ਦੇ ਵਰਕਰਾਂ ਨੂੰ ਸ਼ਾਮਿਲ ਨਾ ਹੋਣ ਦਿੱਤਾ ਗਿਆ। 20 ਨਵੰਬਰ ਨੂੰ ਗੁਰਦਾਸਪੁਰ ਜ਼ਿਲ੍ਹੇ 'ਚ ਪ੍ਰੇਮ ਸਿੰਘ, ਸੁਖਵਿੰਦਰ ਸਿੰਘ, ਕੇਵਲ ਸਿੰਘ ਪੁਲੀਸ ਕੋਲ ਪੇਸ਼ ਹੋਏ ਤੇ ਇਹ ਤਿੰਨੇ ਗ੍ਰਿਫ਼ਤਾਰ ਕਰ ਲਏ ਗਏ। ਕਾਹਨੂੰਵਾਨ ਕੋਲ ਗੁੰਨੋਪੁਰ ਦਾ ਕੁਲਵਿੰਦਰ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਤੇ ਕਈ ਕਤਲ ਕੇਸ ਪਾ ਦਿਤੇ ਗਏ।

ਸ੍ਰ. ਕੇਹਰ ਸਿੰਘ (ਇੰਦਰਾ ਕੇਸ 'ਚ ਚਾਰਜ) ਦੇ ਸਪੁੱਤਰਾਂ ਰਜਿੰਦਰ ਸਿੰਘ ਅਤੇ ਦਲੀਪ ਸਿੰਘ ਨੂੰ ਨੌਕਰੀ ਤੋਂ ਡਿਸਮਿਸ ਕਰ ਕੇ ਨੈਸ਼ਨਲ ਸਕਿਊਰਿਟੀ ਕੇਸ 'ਚ ਨਜ਼ਰਬੰਦ ਕਰ ਦਿਤਾ ਗਿਆ। ਉਨ੍ਹਾਂ ਦੀ ਡਿਸਮਿਸਲ 6 ਮਈ ਤੋਂ ਮੰਨੀ ਗਈ।

ਇਸ ਸਾਰੇ ਜ਼ੁਲਮ ਦੇ ਖਿਲਾਫ਼ ਸਿਰਫ਼ ਇਕ ਅਕਾਲੀ ਬੋਲਿਆ। ਅਕਾਲੀ ਆਗੂ ਠੇਕੇਦਾਰ ਸੁਰਜਨ ਸਿੰਘ ਨੇ ਕਿਹਾ ਕਿ ਪੰਜਾਬ'ਚ ਪੁਲੀਸ ਅਜੇ ਵੀ ਬੇਗੁਨਾਹ ਸਿੱਖਾਂ ਨੂੰ ਝੂਠੇ ਕੇਸਾਂ 'ਚ ਫਸਾ ਰਹੀ ਹੈ।

22 ਨਵੰਬਰ ਨੂੰ ਭੈਣੀਵਾਲ ਕੋਲ, ਤਰਨਤਾਰਨ ਰੋਡ ਤੇ ਐਸ.ਐਸ. ਵਿਰਕ ਐਸ.ਐਸ.ਪੀ. ਨੇ ਸੁਖਦੇਵ ਸਿੰਘ, ਹਰਦੇਵ ਸਿੰਘ, ਗੁਰਦੀਪ ਸਿੰਘ ਸਕੱਤਰ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਪੁਲੀਸ ਮੁਕਾਬਲੇ ਦੇ ਨਾਂ 'ਤੇ ਕੇਸ ਪਾ ਦਿੱਤਾ। ਬਰਨਾਲੇ ਨੇ ਪੰਜਾਬ 'ਚੋਂ ਬਾਹਰ ਜਾਣ ਵਾਲੀਆਂ ਸਾਰੀਆਂ ਗੱਡੀਆਂ ਦੀ ਤਲਾਸ਼ੀ ਲੈਣ ਦੇ ਹੁਕਮ ਜਾਰੀ ਕਰ ਦਿੱਤੇ।

27 ਨਵੰਬਰ ਨੂੰ ਦਰਬਾਰ ਸਾਹਿਬ ਦੇ ਗ੍ਰੰਥੀ ਸਾਹਿਬ ਸਿੰਘ ਉੱਤੇ ਹਮਲਾ ਹੋਇਆ। ਬਾਅਦ 'ਚ ਉਸ ਨੂੰ ਹਸਪਤਾਲ ਲਿਜਾਇਆ ਗਿਆ। ਉਹ ਸੈਂਟਰ ਦੀਆਂ ਹਦਾਇਤਾਂ 'ਤੇ ਮਿਲੀ ਬੇਹੱਦ ਉੱਚੇ ਦਰਜੇ ਦੀ ਡਾਕਟਰੀ ਇਮਦਾਦ ਨਾਲ ਬਚ ਗਿਆ। ਇਸ ਕੇਸ ਵਿਚ 12 ਸਿੱਖ ਗ੍ਰਿਫ਼ਤਾਰ ਕਰ ਲਏ ਗਏ।

11 ਨਵੰਬਰ ਨੂੰ ਮੁਕਤਸਰ ਜੇਲ 'ਚੋਂ ਚਾਰ ਅਕਾਲੀਆਂ ਦੀ ਰਿਹਾਈ ਦੇ ਹੁਕਮ ਜਾਰੀ ਕੀਤੇ ਜਾਣ ਦੇ ਬਾਵਜੂਦ ਉਹ ਅਜੇ 30 ਨਵੰਬਰ ਤਕ ਸੁਰਜੀਤ ਬਰਨਾਲਾ ਸਰਕਾਰ ਦੀ ਜੇਲ੍ਹ 'ਚ ਹੀ ਸਨ। ਰਾਜਪੁਰੇ ਤੋਂ ਪਟਿਆਲਾ ਫ਼ੈਡਰੇਸ਼ਨ ਦੇ ਪਰਧਾਨ ਗੁਰਸੇਵਕ ਸਿੰਘ (ਪਿੰਡ ਹਰਪਾਲਪੁਰ) ਨੂੰ ਗ੍ਰਿਫ਼ਤਾਰ ਕਰ ਕੇ ਉਸ ਨੂੰ ਝੂਠੇ ਬੰਬ ਕੇਸ 'ਚ ਪਾਉਣ ਦੀ ਕੋਸ਼ਿਸ਼ ਦੇ ਖ਼ਿਲਾਫ਼ ਹੜਤਾਲ ਕੀਤੀ ਗਈ। ਬਰਨਾਲਾ ਦਲ ਦੇ ਲੀਡਰ ਕਰਨੈਲ ਸਿੰਘ ਪੰਜੋਲੀ ਨੇ 30 ਨਵੰਬਰ ਨੂੰ ਇਕ ਬਿਆਨ 'ਚ ਕਿਹਾ ਕਿ 'ਪੁਲੀਸ ਨੇ ਸਿੱਖਾਂ 'ਤੇ ਝੂਠੇ ਕੇਸ ਫੇਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ। ਅਜਿਹੇ ਕੇਸ ਗੁਰਦੀਪ ਸਿੰਘ ਗੋਪੀ (ਚਮਕੌਰ ਸਾਹਿਬ), ਸਰਬਜੀਤ ਸਿੰਘ, ਜੋਗਿੰਦਰ ਸਿੰਘ, ਕੁਲਦੀਪ ਸਿੰਘ (ਤਿੰਨੇ ਰਾਜਪੁਰਾ) ਤੇ ਸੇਵਾ ਸਿੰਘ (ਸਰਹੰਦ) ਉੱਤੇ ਪਾਏ ਗਏ ਹਨ।'

ਰਾਜੀਵ ਵੱਲੋਂ ਬਰਨਾਲਾ ਦੀ ਬੇਇੱਜ਼ਤੀ ਤੇ ਉਸ ਦੀ ਬੇਗ਼ੈਰਤੀ

ਰਾਜੀਵ ਗਾਂਧੀ ਵੱਲੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਅਸਿੱਧੀ ਨਾਂਹ ਹੋ ਚੁਕੀ ਸੀ। ਇਸ ਦੇ ਬਾਵਜੂਦ ਬਰਨਾਲਾ ਨੇ ਬਿਆਨ ਦਿੱਤਾ ਕਿ "ਮੈਂ 15 ਅਗਸਤ 1986 ਤਕ ਨਹਿਰ ਬਣਾ ਕੇ ਹਰਿਆਣੇ ਨੂੰ ਪਾਣੀ ਦੇ ਦਿਆਂਗਾਂ।"

ਇਹ ਹਾਲਤ ਵੇਖ ਕੇ 24 ਨਵੰਬਰ ਨੂੰ ਬਲਬੀਰ ਸਿੰਘ ਬਰਾੜ ਨੇ ਅਕਾਲੀ ਪਾਰਟੀ ਦਾ ਇਜਲਾਸ ਬੁਲਾਉਣ ਵਾਸਤੇ ਦਸਤਖ਼ਤੀ ਮੁਹਿੰਮ ਸ਼ੁਰੂ ਕੀਤੀ। ਬਰਨਾਲੇ ਨੇ ਇਸ ਮੈਮੋਰੰਡਮ 'ਤੇ ਗ਼ੌਰ ਕਰਨੋਂ ਵੀ ਨਾਂਹ ਕਰ ਦਿੱਤੀ। ਮਗਰੋਂ ਬਹਾਨਾ ਬਣਾ ਕੇ ਬਰਾੜ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ।

29 ਨਵੰਬਰ ਨੂੰ ਜਥੇਦਾਰ ਉਜਾਗਰ ਸਿੰਘ ਸੇਖਵਾਂ ਨੇ ਮੰਗ ਕੀਤੀ ਕਿ 'ਅਸੈਂਬਲੀ 'ਚ ਇੰਦਰਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਵਾਲੇ ਅਕਾਲੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤੇ ਜਾਣ।'

ਪਹਿਲੀ ਦਸੰਬਰ 1985 ਨੂੰ ਪੰਜਾਬ ਸਰਕਾਰ ਨੇ ਪਾਕਿਸਤਾਨ ਦੀ ਸਰਹੱਦ ਦੇ ਨਾਲ 500 ਮੀਟਰ ਦੇ ਅੰਦਰ ਸ਼ਾਮ 8 ਵਜੇ ਤੋਂ ਸਵੇਰੇ 5 ਵਜੇ ਤੱਕ ਫਿਰਨ 'ਤੇ ਪਾਬੰਦੀ ਲਾ ਦਿਤੀ।

ਪਹਿਲੀ ਦਸੰਬਰ ਨੂੰ ਪੰਜਾਬ ਪੁਲੀਸ ਨੇ ਫ਼ਿਰੋਜ਼ਪੁਰ ਦਾ ਜਗਤਾਰ ਸਿੰਘ ਨਕਲੀ ਪੁਲੀਸ ਮੁਕਾਬਲੇ 'ਚ ਕਤਲ ਕਰ ਦਿੱਤਾ। ਉਸ ਦਾ ਇਕ ਸਾਥੀ ਬਲਵਿੰਦਰ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ। ਜੰਮੂ ਰੀਜਨ 'ਚ ਵੀ 15 ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ 'ਚ ਦੋ ਕੇਨੈਡੀਅਨ ਸ਼ਹਿਰੀ ਸਿੱਖ ਵੀ ਸਨ। ਝਬਾਲ ਪੁਲੀਸ ਕੋਲ ਪੇਸ਼ ਹੋਏ ਸਰਬਜੀਤ ਸਿੰਘ, ਰਛਪਾਲ ਸਿੰਘ, ਨਿਰਮਲ ਸਿੰਘ, ਜਰਨੈਲ ਸਿੰਘ, ਸੁਲੱਖਣ ਸਿੰਘ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤੇ ਗਏ। ਜਲੰਧਰ ਤੋਂ ਹੀ ਫ਼ੈਡਰੇਸ਼ਨ ਦੇ ਆਗੂ ਰਘਬੀਰ ਸਿੰਘ ਗਦੇਵਾਲੀ ਨੂੰ ਪੁਲੀਸ ਅਗਵਾ ਕਰ ਕੇ ਲੈ ਗਈ।

ਪਾਕਿਸਤਾਨੀ ਜੇਲ੍ਹ ਵਿਚੋਂ ਕੈਦ ਸਿੱਖਾਂ ਵੱਲੋਂ ਦੌੜਨ ਦੀ ਕੋਸ਼ਿਸ਼

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੌਰਾਨ ਜ਼ੁਲਮ ਅਤੇ ਉਸ ਮਗਰੋਂ 'ਅਪਰੇਸ਼ਨ ਵੁੱਡਰੋਜ਼' ਦੇ ਨਾਂ ਹੇਠ ਭਾਰਤੀ ਫ਼ੌਜ ਵੱਲੋਂ ਸਿੱਖ ਨੌਜਵਾਨਾਂ 'ਤੇ ਕੀਤੇ ਜ਼ੁਲਮ ਤੋਂ ਰੋਹ ਵਿਚ ਆ ਕੇ ਕੁਝ ਸਿੱਖ ਨੌਜਵਾਨ ਪਾਕਿਸਤਾਨ ਦੀ ਸਰਹੱਦ ਪਾਰ ਕਰ ਕੇ ਚਲੇ ਗਏ ਤਾਂ ਜੋ ਉਹ ਉਥੋਂ ਟਰੇਨਿੰਗ ਅਤੇ ਹਥਿਆਰ ਲੈ ਕੇ ਆਉਣ ਅਤੇ ਜ਼ਾਲਮ ਫ਼ੌਜਾਂ ਨੂੰ ਸੋਧ ਸਕਣ। ਪਰ ਜਦ ਉਹ ਪਾਕਿਸਤਾਨ ਵਿਚ ਗਏ ਤਾਂ ਉਥੋਂ ਦੇ ਹਾਕਮਾਂ, ਉਥੋਂ ਦੀ ਫ਼ੌਜ ਅਤੇ ਪੁਲਸ ਨੇ ਉਨ੍ਹਾਂ ਨੂੰ ਪੱਲਾ ਨਾ ਫੜਾਇਆ ਅਤੇ ਉਲਟਾ ਜੇਲ੍ਹਾਂ ਵਿਚ ਬੰਦ ਕਰ ਦਿੱਤਾ। ਉਨ੍ਹਾਂ ਵਿਚੋਂ ਜਿਹੜੇ ਤਾਂ ਬੱਬਰਾਂ ਜਾਂ ਭਿੰਡਰਾਂ ਜੱਥਾ ਨਾਲ ਵਾਕਫ਼ੀ ਰਖਦੇ ਸਨ ਉਨ੍ਹਾਂ ਨੂੰ ਜਥੇਬੰਦੀਆਂ ਦੇ ਆਗੂ ਜੇਲ੍ਹਾਂ ਵਿਚੋਂ ਲੈ ਗਏ ਪਰ ਜੋ ਕਿਸੇ ਦੇ ਵਾਕਿਫ਼ ਨਹੀਂ ਸਨ ਉਹ ਫੈਸਲਾਬਾਦ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ ਗਏ। ਸਿੱਖ ਨੌਜਵਾਨਾਂ ਨੇ ਵਾਰ-ਵਾਰ ਜੇਲ੍ਹ ਵਾਰਡਨ ਤੇ ਹੋਰਾਂ ਰਾਹੀਂ ਪਾਕਿਸਤਾਨੀ ਹਾਕਮਾਂ ਨੂੰ ਪਹੁੰਚ ਕੀਤੀ ਕਿ ਜਾਂ ਤਾਂ ਉਨ੍ਹਾਂ ਨੂੰ ਟਰੇਨਿੰਗ ਤੇ ਹਥਿਆਰ ਦਿੱਤੇ ਜਾਣ ਅਤੇ ਜਾਂ ਵਾਪਿਸ ਭੇਜ ਦਿੱਤਾ ਜਾਏ। ਪਰ ਪਾਕਿਸਤਾਨ ਸਰਕਾਰ ਨੇ ਨਾ ਤਾਂ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਤੇ ਨਾ ਹੀ ਉਨ੍ਹਾਂ 'ਤੇ 'ਨਾਜਾਇਜ਼ ਸਰਹੱਦ ਪਾਰ ਕਰਨ' ਦਾ ਮੁਕੱਦਮਾ ਹੀ ਚਲਾਇਆ। ਇਹ ਸਾਰਾ ਕੁਝ ਕਈ ਮਹੀਨੇ ਚਲਦਾ ਰਿਹਾ। ਇਸ ਵਿਚਕਾਰ ਬਲਬੀਰ ਸਿੰਘ ਸੰਧੂ ਅਤੇ ਗਜਿੰਦਰ ਸਿੰਘ ਹਾਈਜੈਕਰ ਨੇ ਕੋਸ਼ਿਸ਼ ਕੀਤੀ ਕਿ ਮਸਲਾ ਹੱਲ ਹੋ ਸਕੇ ਪਰ ਪਾਕਿਸਤਾਨ ਸਰਕਾਰ ਨੇ ਕੋਈ ਫ਼ੈਸਲਾ ਨਾ ਲਿਆ। ਅਖ਼ੀਰ ਤੰਗ ਆਏ ਨੌਜਵਾਨਾਂ ਨੇ ਜੇਲ੍ਹ ਵਿਚੋਂ ਦੌੜ ਜਾਣ ਦਾ ਪਲਾਨ ਬਣਾਇਆ। 21 ਨਵੰਬਰ 1985 ਦੇ ਦਿਨ ਤਕਰੀਬਨ ਇਕ ਦਰਜਨ ਸਿੱਖ ਨੌਜਵਾਨਾਂ ਨੇ ਜੇਲ੍ਹ ਦੀ ਕੰਧ ਟੱਪ ਕੇ ਦੌੜਨ ਦੀ ਕੋਸ਼ਿਸ਼ ਕੀਤੀ।

ਛੇਤੀ ਹੀ ਪੁਲਸ ਨੂੰ ਪਤਾ ਲੱਗ ਗਿਆ ਅਤੇ ਉਨ੍ਹਾਂ ਨੇ ਬੰਦੂਕਾਂ ਲੈ ਕੇ ਜੇਲ੍ਹ ਨੂੰ ਘੇਰ ਲਿਆ। ਏਨੇ ਚਿਰ ਵਿਚ ਕਈ ਨੌਜਵਾਨ ਕੰਧ ਟੱਪ ਚੁਕੇ ਸਨ। ਪਰ ਦੂਜੇ ਪਾਸੇ ਦਲਦਲ ਹੋਣ ਕਰ ਕੇ ਬਹੁਤੇ ਤਾਂ ਇਸ ਵਿਚ ਹੀ ਫਸ ਗਏ। ਇਸ ਦੇ ਨਾਲ ਹੀ ਪੁਲਸ ਨੇ ਉਨ੍ਹਾਂ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ ਜਿਸ ਨਾਲ ਇਕ ਨੌਜਵਾਨ (ਜੋਗਿੰਦਰ ਸਿੰਘ, ਵਾਸੀ ਪਿੰਡ ਸੋਹਲ, ਜ਼ਿਲ੍ਹਾ ਗੁਰਦਾਸਪੁਰ) ਦੀ ਮੌਤ ਹੋ ਗਈ ਅਤੇ ਕਈ ਹੋਰ ਸਖ਼ਤ ਜ਼ਖ਼ਮੀ ਹੋ ਗਏ ਜਿਨ੍ਹਾਂ ਵਿਚੋਂ ਸੁਖਜਿੰਦਰ ਸਿੰਘ (ਵਾਸੀ ਪਿੰਡ ਥਾਣਾ) ਮਗਰੋਂ ਚੜ੍ਹਾਈ ਕਰ ਗਿਆ। ਬਾਕੀ ਸਾਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਚੱਕੀਆਂ ਵਿਚ ਬੰਦ ਕਰ ਕੇ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਉਨ੍ਹਾਂ ਵਿਚੋਂ ਇਕ (ਅਮਰੀਕ ਸਿੰਘ ਲੁਬਾਣਾ) ਪੁਲਸ ਹੱਥੋਂ ਬਚ ਕੇ ਨਿਕਲ ਜਾਣ ਵਿਚ ਕਾਮਯਾਬ ਹੋ ਗਿਆ। ਪਰ ਅਖ਼ੀਰ ਦੋ ਦਿਨ ਮਗਰੋਂ ਉਹ ਵੀ ਸਰਹੱਦ ਦੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਸ ਨੂੰ ਹੋਰ ਵੀ ਵਧ ਸਖ਼ਤ ਸਜ਼ਾ ਦਿੱਤੀ ਗਈ।

2337 'ਧਰਮੀ' ਫ਼ੌਜੀਆਂ ਨੂੰ ਸਜ਼ਾ

27 ਨਵੰਬਰ 1985 ਨੂੰ ਸੈਂਟਰ ਨੇ ਐਲਾਨ ਕੀਤਾ ਕਿ ਜੂਨ 1984 ਵਿਚ 2337 ਭਗੌੜੇ ਸਿੱਖ ਫ਼ੌਜੀ ਗ੍ਰਿਫ਼ਤਾਰ ਕੀਤੇ ਗਏ ਸੀ। ਇਨ੍ਹਾਂ 'ਚੋਂ 2239 ਦਾ ਕੋਰਟ ਮਾਰਸ਼ਲ ਅਤੇ ਸਮਰੀ ਟਰਾਇਲ ਕੀਤਾ ਗਿਆ ਜਦ ਕਿ 98 ਉਤੇ ਰੈਗੂਲਰ ਮੁਕੱਦਮਾ ਚਲਾਇਆ ਗਿਆ ਸੀ।

992 ਵਿਚੋਂ ਸਿਰਫ਼ 26 ਸਿੱਖ ਰਿਹਾ ਹੋਏ

ਜਸਟਿਸ ਅਜੀਤ ਸਿੰਘ ਬੈਂਸ ਵਾਲੀ ਸਰਕਾਰੀ ਕਮੇਟੀ ਨੇ 5 ਦਸੰਬਰ ਨੂੰ ਇਕ ਬਿਆਨ 'ਚ ਕਿਹਾ ਕਿ ਪਿਛਲੇ ਦੋ ਮਹੀਨੇ 'ਚ ਸਿਰਫ 26 ਸਿੱਖ ਹੀ ਰਿਹਾ ਕੀਤੇ ਗਏ ਹਨ। ਹੁਣ ਤਕ ਜਿਨ੍ਹਾਂ 992 ਦੀ ਰਿਹਾਈ ਦੇ ਹੁਕਮ ਜਾਰੀ ਹੋਣ ਬਾਰੇ ਕਿਹਾ ਜਾਂਦਾ ਹੈ ਉਨ੍ਹਾਂ ਚੋਂ 833 ਪਹਿਲੋਂ ਹੀ ਰਿਹਾ ਸਨ। 466 ਕੇਸਾਂ ਦੀ ਵਾਪਸੀ ਅਜੇ ਨਹੀਂ ਹੋਈ। 139 ਨੂੰ ਕੇਸ ਵਾਪਸ ਹੋਣ ਤੋਂ ਪਹਿਲਾਂ ਹੀ ਸਜ਼ਾ ਹੋ ਚੁਕੀ ਹੈ। 81 ਕੇਸ ਅਦਾਲਤਾਂ ਨੇ ਵਾਪਸ ਲੈਣ ਦੀ ਇਜਾਜ਼ਤ ਨਹੀਂ ਦਿਤੀ।

ਸਿੱਖਾਂ ਨੂੰ ਰਿਹਾ ਤਾਂ ਕੀ ਕਰਨਾ ਸੀ, ਪੰਜ ਦਸੰਬਰ ਨੂੰ ਕੁਲਵਿੰਦਰ ਸਿੰਘ ਤੇ ਗੁਰਵਿੰਦਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ ਤੇ ਉਨ੍ਹਾਂ 'ਤੇ ਦੋਸ਼ ਲਾਇਆ ਕਿ ਉਹ ਪਾਕਿਸਤਾਨ ਤੋਂ ਟਰੇਨਿੰਗ ਲੈ ਕੇ ਆਏ ਸਨ।

5 ਦਸੰਬਰ ਨੂੰ ਜਲੰਧਰ 'ਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਬਰਨਾਲਾ ਸਰਕਾਰ ਦੇ ਖ਼ਿਲਾਫ਼ ਜਲੂਸ ਕੱਢਿਆ ਜਿਸ 'ਤੇ ਪੁਲੀਸ ਨੇ ਫ਼ਾਇਰਿੰਗ ਕੀਤੀ। ਡੀ.ਏ.ਵੀ. ਕਾਲਜ ਕੋਲ ਟੀਅਰ ਗੈਸ ਵੀ ਛੱਡੀ ਗਈ। 6 ਦਸੰਬਰ ਨੂੰ ਪੁਲੀਸ ਨੇ ਬਰਨਾਲੇ ਕੋਲ ਬਲਵਿੰਦਰ ਸਿੰਘ ਨੂੰ ਖਾੜਕੂ ਕਹਿ ਕੇ ਗ੍ਰਿਫ਼ਤਾਰ ਕਰ ਲਿਆ। ਪੁਲੀਸ ਮੁਤਾਬਕ ਉਸ ਨੇ ਬਲਵੰਤ ਸਿੰਘ ਸੁਲਤਾਨਪੁਰੀ ਦਾ ਮੁੰਡਾ ਕਤਲ ਕਰਨਾ ਸੀ। ਗੜ੍ਹਦੀਵਾਲਾ 'ਚ ਬੱਸ ਸਾੜਨ ਦੇ ਜੁਰਮ 'ਚ ਪਿੰਡ ਭਾਨਾ ਦਾ ਚਰਨਜੀਤ ਸਿੰਘ ਤੇ ਦੋ ਹੋਰ ਸਿੱਖ ਗ੍ਰਿਫ਼ਤਾਰ ਕਰ ਲਏ।

7 ਦਸੰਬਰ ਨੂੰ ਬਟਾਲੇ 'ਚ ਰਣਜੀਤ ਸਿੰਘ (ਹਰਚੋਵਾਲ), ਉਸ ਦਾ ਭਰਾ ਮਨੋਹਰ ਸਿੰਘ ਅਤੇ ਨਵਦੀਪ ਸਿੰਘ (ਆਲੀਵਾਲ) ਪੁਲੀਸ ਕੋਲ ਪੇਸ਼ ਹੋ ਗਏ ਤੇ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤੇ ਗਏ। ਉਨ੍ਹਾਂ 'ਤੇ 21 ਮਈ 1984 ਦਾ ਬਟਾਲੇ ਦਾ ਬੰਬ ਧਮਾਕਾ ਪਾ ਦਿਤਾ ਗਿਆ। ਇਸ

ਕੇਸ 'ਚ ਮਨੋਹਰ ਸਿੰਘ ਤੇ ਰਣਜੀਤ ਸਿੰਘ ਵੀ ਪੁਲੀਸ ਕੋਲ ਪੇਸ਼ ਹੋਏ ਸਨ, ਉਨ੍ਹਾਂ 'ਤੇ ਕਤਲ ਸਮੇਤ ਇਕ ਦਰਜਨ ਮੁਕਦਮੇ ਦਰਜ ਕੀਤੇ ਹੋਏ ਸਨ। ਉਨ੍ਹਾਂ ਦਾ ਇਕ ਸਾਥੀ ਚਰਨ ਸਿੰਘ ਪਹਿਲੇ ਹੀ ਜੇਲ੍ਹ ਵਿਚ ਸੀ।8 ਦਸੰਬਰ ਨੂੰ ਮੇਜਰ ਸਿੰਘ ਉੱਬੋਕੇ, ਵਜ਼ੀਰ ਨੇ ਦਮਗਜਾ ਮਾਰਿਆ ਕਿ 'ਪੁਲੀਸ ਮੁਕਾਬਲਿਆਂ ਦੀ ਜਾਂਚ ਹੋਵੇਗੀ।' ਇਸੇ ਦਿਨ ਦਸੂਹਾ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਪ੍ਰਧਾਨ ਚਰਨਜੀਤ ਸਿੰਘ ਭਾਨਾ, ਦਲੇਰ ਸਿੰਘ ਹਮਜਾ ਤੇ ਪਰਤਾਪ ਸਿੰਘ ਸ਼ਰੀਪੁਰਾ ਪੁਲੀਸ ਨੇ ਅਗਵਾ ਕਰ ਲਏ।

9 ਦਸੰਬਰ ਨੂੰ ਪੰਜਾਬ ਹਾਈ ਕੋਰਟ ਨੇ ਸਿਮਰਨਜੀਤ ਸਿੰਘ ਮਾਨ ਦੀ ਰਿਹਾਈ ਦੇ ਹੁਕਮ ਜਾਰੀ ਕਰ ਦਿਤੇ। ਸ: ਮਾਨ ਨੂੰ ਰਿਹਾ ਕਰ ਕੇ ਉਸੇ ਵੇਲੇ ਦੋਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ।

ਗੁਰਦਾਸਪੁਰ 'ਚ 19 ਦਸੰਬਰ ਨੂੰ ਪੁਲੀਸ ਅਗੇ ਪੇਸ਼ ਹੋਣ ਵਾਲੇ ਸਿੱਖ ਮੁਖਵਿੰਦਰ ਸਿੰਘ ਤੇ ਪ੍ਰੇਮ ਸਿੰਘ (ਹਰਗੋਬਿੰਦਪੁਰ), ਕੁਲਵਿੰਦਰ ਸਿੰਘ (ਗੌਂਸਪੁਰ), ਨਵਦੀਪ ਸਿੰਘ (ਆਲੀਵਾਲ), ਮਨੋਹਰ ਸਿੰਘ, ਰਣਜੀਤ ਸਿੰਘ, ਅਵਤਾਰ ਸਿੰਘ ਤੇ ਜੋਗਿੰਦਰ ਸਿੰਘ (ਭੁੰਡੀ) ਗ੍ਰਿਫ਼ਤਾਰ ਕਰ ਲਏ ਗਏ।

22 ਦਸੰਬਰ ਨੂੰ ਦਰਬਾਰ ਸਾਹਿਬ 'ਚ ਲੌਂਗੋਵਾਲ ਤੇ ਟੌਹੜੇ ਦੀਆਂ ਤਸਵੀਰਾਂ ਪਾੜੀਆਂ ਗਈਆਂ। ਹਰਵਿੰਦਰ ਸਿੰਘ ਖਾਲਸਾ ਨੇ ਬਿਆਨ 'ਚ ਕਿਹਾ ਕਿ ਪੁਲੀਸ ਸਿੱਖਾਂ ਨੂੰ ਝੂਠੇ ਕੇਸਾਂ 'ਚ ਫਸਾ ਰਹੀ ਹੈ।

24 ਦਸੰਬਰ ਨੂੰ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ 'ਚ ਮਾਈ ਤਲਾਅ ਮੰਦਰ ਦੇ ਬਾਹਰੋਂ ਇਕ ਸਿੱਖ ਦਾ ਖੋਖਾ ਚੁਕ ਕੇ ਤਲਾਅ ਵਿਚ ਸੁਟ ਦਿਤਾ ਗਿਆ। ਖੋਖਾ ਤਲਾਅ 'ਚ ਸੁਟੇ ਜਾਣ ਦੇ ਮਸਲੇ 'ਚ 25 ਦਸੰਬਰ ਨੂੰ ਕੁਝ ਸਿੱਖ ਵੀ ਹਿੰਦੂਆਂ ਨੂੰ ਖ਼ੁਸ਼ ਕਰਨ ਵਾਸਤੇ ਫੜ ਲਏ। ਗੁਰਦਾਸਪੁਰ 'ਚ ਜਸਵੰਤ ਸਿੰਘ ਜੱਸੀ ਤੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਰਕਰ ਹਰੀਰਾਜ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਨਾਲ ਹੀ ਬਰਨਾਲੇ ਨੇ ਇਹ ਵੀ ਕਿਹਾ,'ਪੰਜਾਬ ਦਾ ਅਮਨ ਤਬਾਹ ਕਰਨ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਗੁੰਮਰਾਹਕੁੰਨ ਨੌਜਵਾਨ ਪੰਜਾਬ ਦੀ ਤਰੱਕੀ ਦੇ ਰਾਹ 'ਚ ਰੁਕਾਵਟ ਹਨ।'

ਜਲੰਧਰ 'ਚ ਸ਼ਿਵ ਸੈਨਾ ਵਲੋਂ ਸਿੱਖਾਂ 'ਤੇ ਹਮਲੇ

ਸਤਾਈ ਦਸੰਬਰ ਨੂੰ ਜਲੰਧਰ 'ਚ ਸ਼ਿਵ ਸੈਨਾ ਵਲੋਂ ਸਿੱਖਾਂ ਤੇ ਹਮਲੇ ਹੋਏ। ਪੰਜਪੀਰ ਬਾਜ਼ਾਰ ਕੋਲ ਦਵਿੰਦਰਪਾਲ ਸਿੰਘ ਤੇ ਜਸਪਾਲ ਸਿੰਘ ਚਾਵਲਾ ਨੂੰ ਤ੍ਰਿਸ਼ੂਲ ਨਾਲ ਜ਼ਖ਼ਮੀ ਕੀਤਾ ਗਿਆ। 31 ਦਸੰਬਰ ਨੂੰ ਹਮਲਾਵਰ ਹਿੰਦੂਆਂ ਨੇ ਜ਼ਖ਼ਮੀ ਹੋਏ ਜਸਪਾਲ ਸਿੰਘ ਚਾਵਲਾ ਕੋਲੋਂ 'ਮੁਆਫ਼ੀ' ਮੰਗ ਲਈ। 'ਇਹ ਸਮਝੌਤਾ' ਕਰਵਾਉਣ 'ਚ ਹਿੰਦੂ ਮਿਊਂਸਪਲ ਕਮਿਸ਼ਨਰ ਵੈਦ ਓਮ ਪ੍ਰਕਾਸ਼ ਦੱਤ ਦੇ ਨਾਲ ਸੁਰਜੀਤ ਮਿਨਹਾਸ, ਜਗਦੀਸ਼ ਸਿੰਘ, ਕੁਲਦੀਪ ਭਾਟੀਆ ਵੀ ਸ਼ਾਮਿਲ ਸਨ। ਵੈਦ ਓਮ ਪ੍ਰਕਾਸ਼ ਨੇ ਕਿਹਾ ਕਿ ਉਸ ਨੂੰ 5000 ਰੁਪੈ 'ਇਕੱਠੇ ਕਰ ਕੇ' ਮੁਆਵਜ਼ਾ ਦੇਣਗੇ ਅਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਰੈਡ ਕਰਾਸ ਤੋਂ ਵੀ 'ਦਿਵਾਵਾਂਗੇ'।

ਇੱਥੇ ਇਹ ਦਿਲਚਸਪ ਗੱਲ ਹੈ ਕਿ ਅਜਿਹੇ ਦੇਸ਼ ਵਿਚ ਪੁਲੀਸ 326 (ਜਾਂ 307 ਜਾਂ 302) ਦਾ ਕੇਸ ਵਾਪਿਸ ਨਹੀਂ ਲੈ ਸਕਦੀ ਪਰ ਹਿੰਦੂਆਂ ਦੇ ਖ਼ਿਲਾਫ਼ ਕੇਸ ਹੋਵੇ ਤਾਂ ਹੋਰ ਕਾਨੂੰਨ ਹੈ ਤੇ ਸਿੱਖਾਂ ਦੇ ਖ਼ਿਲਾਫ਼ ਹੋਵੇ ਤਾਂ ਹੋਰ ਕਾਨੂੰਨ ਹੈ। ਸਿੱਖਾਂ ਉਤੇ ਅਜਿਹੇ ਇਕ ਹਜ਼ਾਰ ਤੋਂ ਵਧ ਮੁਕਦਮੇ ਦਰਜ

ਹਨ ਜਿਨ੍ਹਾਂ ਵਿਚ ਸਿਰਫ਼ 107-151, 323 ਅਤੇ ਹੋਰ ਮਾਮੂਲੀ ਦਫ਼ਾ ਲੱਗੀਆਂ ਹਨ। ਉਨ੍ਹਾਂ ਕੇਸਾਂ ਵਿਚ 'ਸਮਝੌਤਾ' ਨਹੀਂ ਹੁੰਦਾ ਕਿਉਂਕਿ ਉੱਥੇ ਸਿੱਖਾਂ ਉੱਤੇ ਮੁਕੱਦਮਾ ਹੈ।

ਸਤਾਈ ਦਸੰਬਰ ਨੂੰ ਫਤਹਿਗੜ ਸਾਹਿਬ 'ਚ ਸੰਤਾ ਸਿੰਘ ਨਿਹੰਗ ਦੇ ਗੁੰਡਿਆਂ ਨੇ ਹਮਲਾ ਕਰ ਕੇ 4 ਸਿੱਖ ਕਤਲ ਕਰ ਦਿਤੇ। ਇਨ੍ਹਾਂ ਸਿੱਖਾਂ ਦੇ ਕਤਲ ਕੇਸ 'ਚ 29 ਦਸੰਬਰ ਨੂੰ ਸੰਤਾ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ। ਸੰਜੈ ਮੰਚ ਦੇ ਸ਼ਿਵਕੰਵਰ ਸਿੰਘ ਨੇ ਜਲੰਧਰੋਂ ਜਾਰੀ ਕੀਤੇ ਇਕ ਬਿਆਨ 'ਚ ਕਿਹਾ ਕਿ ਸੰਤਾ ਸਿੰਘ ਦੀ ਗ੍ਰਿਫ਼ਤਾਰੀ ਮਹਿਜ਼ ਡਰਾਮਾ ਹੈ। ਉਸ 'ਤੇ ਸਿਰਫ਼ 120 ਬੀ ਦਫ਼ਾ ਲਾਈ ਗਈ ਹੈ।

ਅਕਾਲ ਤਖ਼ਤ ਦੀ ਇਮਾਰਤ ਦੀ ਕਾਰ ਸੇਵਾ ਸਬੰਧੀ ਟਕਰਾਅ

ਸਤਾਈ ਦਸੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਐਲਾਨ ਕੀਤਾ ਕਿ 27 ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਸ਼ੁਰੂ ਕਰਵਾਈ ਜਾਵੇਗੀ। ਭਿੰਡਰਾਂ-ਮਹਿਤਾ ਜੱਥਾ ਵੱਲੋਂ 28-29 ਦਸੰਬਰ ਨੂੰ ਚੌਂਕ ਮਹਿਤਾ 'ਚ ਭਾਰੀ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿਚ 26 ਜਨਵਰੀ ਤੋਂ (ਟੌਹੜਾ ਦੇ ਐਲਾਨ ਤੋਂ ਇਕ ਦਿਨ ਪਹਿਲਾਂ) ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਕਾਰ-ਸੇਵਾ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ। ਬਾਬਾ ਠਾਕਰ ਸਿੰਘ ਭਿੰਡਰਾਂ-ਮਹਿਤਾ ਜੱਥਾ ਦੇ ਐਕਟਿੰਗ ਕਾਰ-ਮੁਖ਼ਤਾਰ ਚੁਣੇ ਗਏ। ਬਾਬੇ ਨੇ ਭਿੰਡਰਾਂ-ਮਹਿਤਾ ਜੱਥਾ ਵਲੋਂ ਐਲਾਨੀ ਕਾਰ-ਸੇਵਾ ਦੀ ਹਿਮਾਇਤ ਦਾ ਐਲਾਨ ਕੀਤਾ।

29 ਦਸੰਬਰ ਨੂੰ ਸੀ.ਪੀ.ਐਮ. ਨੇ ਇਲਜ਼ਾਮ ਲਾਇਆ ਕਿ ਸੈਂਟਰ ਪੰਜਾਬ ਸਮਝੋਤੇ ਤੋਂ ਫਿਰ ਗਿਆ ਹੈ ਤੇ ਚੰਡੀਗੜ੍ਹ ਪੰਜਾਬ ਨੂੰ ਨਹੀਂ ਦੇਣਾ ਚਾਹੁੰਦਾ।

(ਪ੍ਰੋ.) ਦਰਸ਼ਨ ਸਿੰਘ ਰਾਗੀ ਅਗਵਾ ਅਤੇ ਗ੍ਰਿਫ਼ਤਾਰ

ਪਹਿਲੀ ਜਨਵਰੀ 1986 ਦੇ ਦਿਨ, ਬਰਨਾਲੇ ਅਤੇ ਭਜਨ ਲਾਲ ਦੀ ਮਿਲੀ ਭੁਗਤ ਨਾਲ, ਮਸ਼ਹੂਰ ਸਿੱਖ ਕੀਰਤਨੀਏ ਪ੍ਰੋ: ਦਰਸ਼ਨ ਸਿੰਘ ਨੂੰ ਪੰਜਾਬ ਦੀ ਹਦੂਦ ਵਿਚੋਂ ਜ਼ੀਰਕਪੁਰ ਤੋਂ ਹਰਿਆਣਾ ਪੁਲੀਸ ਅਗਵਾ ਕਰ ਕੇ ਲੈ ਗਈ। ਉਸ ਨੂੰ ਦਸ ਜੂਨ 1985 ਦੀ ਦਰਜ ਐਫ਼.ਆਈ.ਆਰ. ਦੀ ਬਿਨਾ ਉੱਤੇ ਗ੍ਰਿਫ਼ਤਾਰ ਕੀਤਾ ਗਿਆ। ਐਫ਼.ਆਈ.ਆਰ. ਮੁਤਾਬਿਕ ਉਸ ਨੇ ਦਰਬਾਰ ਸਾਹਿਬ ਉਤੇ ਹਮਲੇ ਬਾਰੇ ਵੈਰਾਗਮਈ ਕੀਰਤਨ ਕੀਤਾ ਸੀ ਜਿਸ ਵਿਚ ਇੰਦਰਾ ਗਾਂਧੀ ਦੇ ਜ਼ੁਲਮਾਂ ਅਤੇ ਜ਼ੈਲ ਸਿੰਘ ਦੀ ਬੇਗ਼ੈਰਤੀ ਦੀ ਨਿੰਦਾ ਕੀਤੀ ਸੀ। ਇਸ ਸਬੰਧ ਵਿਚ ਇਕ ਕੇਸ ਹਰਿਆਣੇ ਦੇ ਜ਼ਾਲਮ ਚੀਫ਼ ਮਨਿਸਟਰ ਨੇ ਪ੍ਰੋ ਦਰਸ਼ਨ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕੇ ਉਸ ਨੂੰ 'ਮਜ਼ਾ ਚਖਾਉਣ' ਦੀ ਸਾਜ਼ਿਸ਼ ਘੜੀ।

ਪੰਜਾਬ ਦੇ ਕੁਝ ਅਫ਼ਸਰਾਂ ਨੇ ਇਹ ਮੰਨਿਆ ਵੀ ਕਿ ਹਰਿਆਣਾ ਪੁਲੀਸ ਨੇ ਰਾਗੀ ਨੂੰ ਅਗਵਾ ਕੀਤਾ ਹੈ। ਇਹ ਚਰਚਾ ਕੁਝ ਚਿਰ ਚੱਲਿਆ ਕਿ ਪੰਜਾਬ ਸਰਕਾਰ ਵੱਲੋਂ ਹਰਿਆਣਾ ਪੁਲੀਸ ਦੇ ਕੁਝ ਸਿਪਾਹੀਆਂ ਉੱਤੇ ਅਗਵਾ ਦਾ ਮੁਕੱਦਮਾ ਕੀਤਾ ਗਿਆ ਹੈ। ਕੁਝ ਅਕਾਲੀਆਂ ਦੇ ਪ੍ਰੋ: ਦਰਸ਼ਨ ਸਿੰਘ ਦੇ ਹੱਕ ਵਿਚ ਬਿਆਨ ਵੀ ਆਏ। ਪਰ ਇਹ ਸਾਰੇ ਬਿਆਨ ਸਿੱਖਾਂ ਦੀਆਂ ਅੱਖਾਂ

ਵਿਚ ਘੱਟਾ ਪਾਉਣ ਵਾਸਤੇ ਹੀ ਸਨ। ਪ੍ਰੋ: ਦਾ 13 ਜਨਵਰੀ ਤਕ ਦਾ ਰੀਮਾਂਡ ਲੈ ਲਿਆ ਗਿਆ।

ਪਾਇਲ ਵਿਚ ਚਾਰ ਸਿੱਖਾਂ ਦਾ ਕਤਲ

2 ਜਨਵਰੀ 1986 ਦੇ ਦਿਨ ਲੁਧਿਆਣੇ ਦੇ ਪੁਲੀਸ ਅਫ਼ਸਰ ਡੀ.ਆਰ.ਭੱਟੀ, ਰਾਜ ਕਿਸ਼ਨ ਬੇਦੀ, ਹਰਨੇਕ ਸਿੰਘ ਇੰਸਪੈਕਟਰ (ਪਿਛਲੇ ਦੋਵੇਂ ਮਫ਼ਰੂਰ) ਨੂੰ ਪਾਇਲ ਕਤਲ ਕੇਸ ਦੇ ਜ਼ਿੰਮੇਦਾਰ ਠਹਿਰਾ ਕੇ, ਤਿੰਨਾਂ 'ਤੇ ਮੁਕਦਮੇ ਦਰਜ ਕੀਤੇ ਗਏ। ਚਾਰ ਜਨਵਰੀ ਨੂੰ ਉਨ੍ਹਾਂ ਦੇ ਵਾਰੰਟ ਜਾਰੀ ਕਰ ਦਿਤੇ ਗਏ। ਪਰ ਉਨ੍ਹਾਂ ਉੱਤੇ ਕਦੇ ਵੀ ਮੁਕੱਦਮਾ ਨਾ ਚਲਾਇਆ ਜਾ ਸਕਿਆ ਕਿਉਂਕਿ ਬਰਨਾਲਾ ਸਰਕਾਰ ਉਨ੍ਹਾਂ ਨਾਲ ਮਿਲੀ ਹੋਈ ਸੀ। ਪਾਇਲ 'ਚ ਕੀਤੇ ਚਾਰ ਸਿੱਖਾਂ ਦੇ ਕਤਲ ਦਾ ਇਹ ਮੁਕੱਦਮਾ ਸਿਰਫ਼ ਡਰਾਮਾਬਾਜ਼ੀ ਹੀ ਰਿਹਾ।

(ਪਾਇਲ ਵਿਚ ਕਤਲ ਕੀਤੇ ਚਾਰ ਸਿੱਖ ਇਹ ਸਨ: ਰਾਜ ਅਨਮੋਲ ਸਿੰਘ, ਦਲੀਪ ਸਿੰਘ ਦੀਪਾ, ਨਿਰਮਲ ਸਿੰਘ ਅਤੇ ਗੁਰਜੀਤ ਸਿੰਘ। ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਪੁਲਸੀਆਂ ਜਗਜੀਤ ਸਿੰਘ ਬੇਦੀ, ਹਰਨੇਕ ਸਿੰਘ, ਮਹਿੰਗਾ ਸਿੰਘ, ਕਰਮ ਸਿੰਘ, ਕਿਰਪਾਲ ਸਿੰਘ, ਗੁਰਦੇਵ ਸਿੰਘ ਤੇ ਜਸਬੀਰ ਸਿੰਘ ਨੇ ਥਾਣੇ ਵਿਚ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਮਗਰੋਂ ਇਨ੍ਹਾਂ ਨੂੰ 14 ਅਗਸਤ 1983 ਦੇ ਦਿਨ ਪਾਇਲ ਦੇ ਨੇੜੇ ਇਕ ਨਕਲੀ ਮੁਕਾਬਲੇ ਵਿਚ ਮਾਰੇ ਗਏ ਦਿਖਾ ਦਿੱਤਾ ਗਿਆ ਸੀ। ਕਤਲ ਦੀ ਕਾਰਵਾਈ ਐਸ.ਪੀ. ਡੀ.ਆਰ.ਭੱਟੀ, ਡੀ.ਐਸ.ਪੀ. ਰਾਜ. ਕਿਸ਼ਨ ਬੇਦੀ ਤੇ ਇੰਸਪੈਕਟਰ ਸੁਰਜੀਤ ਸਿੰਘ ਦੀ ਦੇਖ ਰੇਖ ਵਿਚ ਹੋਈ ਸੀ। ਪੁਲਸ ਅਫ਼ਸਰਾਂ ਨੇ ਇਸ ਨਕਲੀ ਮੁਕਾਬਲੇ ਵਿਚ ਇਕ ਸਿਪਾਹੀ ਨੂੰ ਵੀ ਮਾਰ ਕੇ ਦਿਖਾਉਣ ਦੀ ਸਾਜ਼ਿਸ਼ ਘੜੀ ਸੀ; ਪਰ, ਉਸ ਨੂੰ ਪਤਾ ਲਗ ਗਿਆ ਸੀ ਤੇ ਉਹ ਰੂਪੋਸ਼ ਹੋ ਗਿਆ ਸੀ। ਉਸ ਨੇ ਆਪਣੀ ਜਾਨ ਬਚਾਉਣ ਵਾਸਤੇ ਆਪਣੀ ਨੌਕਰੀ ਛੱਡ ਕੇ ਭੱਜਣਾ ਪਿਆ ਸੀ।))।

ਤਿੰਨ ਜਨਵਰੀ ਨੂੰ ਬਰਨਾਲੇ ਦੇ ਹੀਰਾ ਲਾਲ ਦੇ ਕਤਲ ਕੇਸ 'ਚ 7 ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਉੱਤੇ ਇਹ ਜੁਰਮ ਲਾਇਆ ਗਿਆ ਕਿ ਉਨ੍ਹਾਂ ਨੇ ਕਤਲ ਕਰਨ ਵਾਲਿਆਂ ਨੂੰ ਘਰ 'ਚ ਰੱਖਿਆ ਸੀ। ਗ੍ਰਿਫ਼ਤਾਰ ਕੀਤਿਆਂ 'ਚ ਭਿੰਦਰ ਸਿੰਘ (ਠੀਕਰੀਵਾਲ ਤੋਂ) ਤੇ ਚੰਦ ਸਿੰਘ (ਰਾੜੇਮਾਜਰਾ ਤੋਂ) ਵੀ ਸ਼ਾਮਿਲ ਸਨ।

ਸਿੱਖਾਂ ਦੇ ਖ਼ਿਲਾਫ਼ ਯੂ.ਪੀ. ਵਗ਼ੈਰਾ ਵਿਚ ਪੋਸਟਰ

ਦਸੰਬਰ ਵਿਚ ਬਜਰੰਗ ਬਲੀ ਬ੍ਰਿਗੇਡ ਨਾਂ ਦੀ, ਦਹਿਸ਼ਤਗਰਦ ਹਿੰਦੂਆਂ ਦੀ, ਜਮਾਤ ਨੇ ਪੋਸਟਰ ਛਾਪ ਕੇ ਦੀਵਾਰਾਂ 'ਤੇ ਲਾਏ ਜਿਨ੍ਹਾਂ ਵਿਚ ਲਿਖਿਆ ਸੀ: 'ਸਿੱਖੋ ਪੰਜਾਬ ਨੂੰ ਭੱਜ ਜਾਓ।' ਪਹਿਲੀ ਜਨਵਰੀ ਨੂੰ ਸੈਂਟਰ ਹੋਮ ਮਨਿਸਟਰ ਚਵਾਨ ਨੇ ਕਿਹਾ ਕਿ 'ਯੂ.ਪੀ. ਅਤੇ ਹੋਰ ਸੂਬਿਆਂ ਵਿਚ, ਜਿੱਥੇ ਬਜਰੰਗ ਬਲੀ ਬ੍ਰਿਗੇਡ ਵਲੋਂ ਇਤਰਾਜ਼ ਯੋਗ ਪਰਚੇ ਛਾਪੇ ਗਏ ਹਨ, ਅਸੀਂ ਸਰਕਾਰਾਂ ਨੂੰ ਅਰਜ਼ ਕੀਤੀ ਹੈ ਕਿ ਇਨ੍ਹਾਂ ਤੇ ਫ਼ੌਰੀ ਐਕਸ਼ਨ ਲੈਣ।' ਇਹ ਫ਼ਰਕ ਹੈ ਹਿੰਦੂ ਤੇ ਸਿੱਖ ਵਾਸਤੇ ਕਾਨੂੰਨ ਦਾ। ਸਿੱਖ ਦਰਬਾਰ ਸਾਹਿਬ ਉੱਤੇ ਹਮਲੇ ਬਾਰੇ ਕੀਰਤਨ ਕਰੇ ਤਾਂ ਉਹ ਦੂਜੇ ਸੂਬੇ ਚੋਂ ਅਗਵਾ ਕਰ ਕੇ ਜੇਲ੍ਹ 'ਚ ਸੁੱਟਿਆ ਜਾਂਦਾ ਹੈ ਪਰ ਹਿੰਦੂਆਂ ਵਲੋਂ ਦਹਿਸ਼ਤਗਰਦੀ ਵਾਲੇ, ਭੜਕਾਊ, ਕਾਤਲਾਨਾ ਲੱਫ਼ਾਜ਼ੀ ਦੇ ਪੋਸਟਰਾਂ ਬਾਰੇ ਅਜੇ ਅਰਜ਼ ਕੀਤੀ ਜਾ ਰਹੀ ਹੈ। ਉਂਞ ਕਦੇ ਵੀ ਕਿਸੇ ਹਿੰਦੂ ਉਤੇ ਅਜਿਹਾ ਕੇਸ ਦਰਜ ਨਹੀਂ ਕੀਤਾ ਗਿਆ, ਮੁਕੱਦਮਾ ਚਲਣਾ ਤਾਂ ਅਗਲੀ ਗੱਲ ਸੀ।

ਸਿੱਖ ਵਾਸਤੇ ਕਾਨੂੰਨ ਹੋਰ ਹਨ ਹਿੰਦੂ ਵਾਸਤੇ ਹੋਰ।

ਕੇਸਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਫ਼ਿਰਕੂ ਕਹਿ ਕੇ ਛੱਡ ਗਏ

2 ਨਵੰਬਰ ਨੂੰ ਭਾਰਤੀ ਜਨਤਾ ਪਾਰਟੀ (ਪੁਰਾਣੀ ਜਨਸੰਘ) ਦੇ ਚਾਰ ਕੇਸਾਧਾਰੀ ਅਹੁਦੇਦਾਰਾਂ ਨੇ ਪਾਰਟੀ ਛੱਡ ਦਿੱਤੀ। ਮੀਤ ਪ੍ਰਧਾਨ ਬਰਜਿੰਦਰ ਸਿੰਘ, ਸਕੱਤਰ ਇੰਦਰਜੀਤ ਸਿੰਘ, ਮੀਤ ਸਕੱਤਰ ਹਰਸਿਮਰਜੀਤ ਕੌਰ ਤੇ ਸਕੱਤਰ ਗਿਰਧਾਰਾ ਸਿੰਘ ਨੇ ਆਖਿਆ ਕਿ ਚੋਣਾਂ ਵਿਚ ਉਨ੍ਹਾਂ ਨੂੰ ਜਨਸੰਘੀਆਂ ਨੇ, ਖ਼ੁਦ, ਸਿਰਫ਼ ਇਸੇ ਕਰ ਕੇ ਹਰਾਇਆ ਕਿ ਉਹ ਕੇਸਾਧਾਰੀ (ਸਿੱਖ) ਸਨ।

6 ਨਵੰਬਰ ਨੂੰ ਖਾੜਕੂਆਂ ਨੇ ਜ਼ਾਲਮ ਹਵਾਲਦਾਰ ਮਦਨ ਲਾਲ ਕਤਲ ਕਰ ਦਿੱਤਾ। ਇਸ ਮਦਨ ਲਾਲ ਨੇ ਹੋਰਨਾਂ ਤੋਂ ਇਲਾਵਾ ਬਾਬਾ ਠਾਰ੍ਹਾ ਸਿੰਘ ਅਤੇ ਭਾਈ ਅਮਰੀਕ ਸਿੰਘ ਉੱਤੇ ਬੇਪਨਾਹ ਤਸ਼ੱਦਦ ਕੀਤਾ ਸੀ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੱਲੋਂ 'ਰਸਤਾ ਰੋਕੋ' ਦਾ ਐਲਾਨ

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਬਰਨਾਲਾ ਸਰਕਾਰ ਦੇ ਜ਼ੁਲਮਾਂ ਦੇ ਖ਼ਿਲਾਫ਼ ਰੋਸ ਜ਼ਾਹਿਰ ਕਰਨ ਵਾਸਤੇ 10 ਜਨਵਰੀ ਨੂੰ 'ਰਸਤਾ ਰੋਕੋ' ਦਾ ਐਲਾਨ ਕੀਤਾ। ਇਸ ਬਾਰੇ ਬਰਨਾਲੇ ਨੇ ਧਮਕੀ ਦਿੱਤੀ ਕਿ ਇਹ ਰਸਤਾ ਰੋਕੋ ਸਖ਼ਤੀ ਨਾਲ ਨਿਪਟਿਆ ਜਾਏਗਾ। ਐਮ.ਐਲ.ਏਜ਼ ਤੇ ਜਥੇਦਾਰਾਂ ਨੇ ਸਰਬਸੰਮਤੀ ਨਾਲ ਮੈਨੂੰ ਨਿਪਟਣ ਦੇ ਹੱਕ ਦਿਤੇ ਹਨ। ਬਰਨਾਲੇ ਨੇ ਇਹ ਵੀ ਦਾਅਵਾ ਕੀਤਾ ਕਿ ਅਕਾਲ ਤਖ਼ਤ ਦੀ ਕਾਰ ਸੇਵਾ ਜਬਰੀ ਨਹੀਂ ਕਰਨ ਦਿੱਤੀ ਜਾਏਗੀ। ਅਠ ਜਨਵਰੀ ਨੂੰ ਬਰਨਾਲੇ ਨੇ ਕਿਹਾ ਕਿ 'ਮੈਂ ਪੁਲੀਸ ਤੋਂ ਖ਼ੁਸ਼ ਨਹੀਂ। ਉਨ੍ਹਾਂ ਨੂੰ ਹੋਰ ਸਖ਼ਤੀ ਨਾਲ ਕੰਮ ਕਰਨਾ ਚਾਹੀਦਾ ਹੈ।'

ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ

'ਰਸਤਾ ਰੋਕੋ' ਨੂੰ ਫ਼ੇਲ੍ਹ ਕਰਨ ਵਾਸਤੇ ਅਠ ਜਨਵਰੀ ਤੋਂ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਦਾ ਦੌਰ ਸ਼ੁਰੂ ਹੋ ਗਿਆ। ਜਲੰਧਰ, ਹੁਸ਼ਿਆਰਪੁਰ, ਅੰਮ੍ਰਿਤਸਰ, ਫਗਵਾੜਾ, ਫ਼ਿਰੋਜ਼ਪੁਰ ਚੋਂ ਸੈਂਕੜੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਇਸੇ ਦਿਨ ਪ੍ਰੋ: ਦਰਸ਼ਨ ਸਿੰਘ ਤੇ ਇਕ ਹੋਰ ਮੁਕੱਦਮਾ ਪਾ ਦਿਤਾ ਗਿਆ। ਬਰਨਾਲੇ ਨੇ ਪੰਜਾਬ ਤੇ ਪਾਕਿਸਤਾਨ ਸਰਹੱਦ ਨੂੰ ਸੀਲ ਕਰਨ ਦੀ ਮੰਗ ਕੀਤੀ।

ਸਿੱਖ ਕੁੜੀਆਂ ਉੱਤੇ ਜ਼ੁਲਮ

ਕਪੂਰਥਲੇ ਵਿਚ ਸਿੱਖ ਨੌਜਵਾਨਾਂ ਜਸਵਿੰਦਰ ਸਿੰਘ, ਜਗਵਿੰਦਰ ਸਿੰਘ, ਹਰਜਿੰਦਰ ਸਿੰਘ, ਸਤਵਿੰਦਰ ਸਿੰਘ ਤੇ ਬਿੱਕਰ ਸਿੰਘ ਨੂੰ ਇਸ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ ਤਾਂ ਜੋ 10 ਜਨਵਰੀ ਦਾ ਰਸਤਾ ਰੋਕੋ ਫ਼ੇਲ੍ਹ ਕੀਤਾ ਜਾ ਸਕੇ। ਜਸਵਿੰਦਰ ਸਿੰਘ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਨਾਅਰੇ ਲਾਉਣ 'ਤੇ ਪੁਲੀਸ ਨੇ ਤਿੰਨ ਸਿੱਖ ਕੁੜੀਆਂ ਪਰਮਜੀਤ ਕੌਰ, ਨਰਿੰਦਰਜੀਤ ਕੌਰ (ਗੌਰਮਿੰਟ ਕਾਲਜ) ਅਤੇ ਰਵਿੰਦਰ ਕੌਰ (ਹਿੰਦੂ ਕਾਲਜ) ਤੇ ਜ਼ਾਲਮਾਨਾ ਤਸ਼ੱਦਦ ਕੀਤਾ। ਉਨ੍ਹਾਂ ਨੂੰ ਕੇਸਾਂ ਤੋਂ ਧੂਹਿਆ ਅਤੇ ਠੁਡੇ, ਲਾਠੀਆਂ ਅਤੇ ਡੰਡੇ ਮਾਰ ਕੇ ਜ਼ਖ਼ਮੀ ਕਰ ਦਿਤਾ ਗਿਆ। ਇਸ

'ਤੇ 35 ਵਕੀਲਾਂ ਨੇ ਧਰਨਾ ਮਾਰਿਆ ਤਾਂ ਹੈਡਕਾਂਸਟੇਬਲ ਅਮਰਜੀਤ ਤੇ ਪਰਮਜੀਤ ਨੂੰ ਲਾਈਨ ਹਾਜ਼ਿਰ ਕਰ ਦਿਤਾ ਗਿਆ।

ਬਰਨਾਲਾ ਸਰਕਾਰ ਵੱਲੋਂ ਰਸਤਾ ਰੋਕੇ 'ਤੇ ਫ਼ਾਇਰਿੰਗ

10 ਜਨਵਰੀ ਨੂੰ ਫ਼ੈਡਰੇਸ਼ਨ ਨੇ ਪੰਜਾਬ 'ਚ ਸਾਰੇ ਪਾਸੇ ਸੜਕਾਂ ਬੰਦ ਕੀਤੀਆਂ। ਇਸ ਮੌਕੇ 'ਤੇ ਪੁਲੀਸ ਨੇ ਸੈਂਕੜੇ ਵਰਕਰ ਗ੍ਰਿਫ਼ਤਾਰ ਕੀਤੇ। ਜਲੰਧਰ ਚੋਂ 250 ਤੇ ਹੁਸ਼ਿਆਰਪੁਰ ਤੋਂ 30 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ। ਬਰਨਾਲਾ ਸਰਕਾਰ ਨੇ ਬਠਿੰਡੇ 'ਚ ਫ਼ਾਇਰਿੰਗ ਅਤੇ ਲਾਠੀਚਾਰਜ ਕੀਤਾ। ਜਲੰਧਰ 'ਚ ਵੀ ਟੀਅਰ ਗੈਸ ਛੱਡੀ ਗਈ ਅਤੇ ਲਾਠੀਚਾਰਜ ਕੀਤਾ ਗਿਆ। ਤਿੰਨ ਦਿਨ ਵਾਸਤੇ ਕਾਲਜ ਬੰਦ ਕਰ ਦਿੱਤੇ ਗਏ। ਰਸਤਾ ਰੋਕੋ ਦੌਰਾਨ ਸਿੱਖਾਂ ਉੱਤੇ ਜ਼ੁਲਮ ਕਰਨ ਵਾਸਤੇ ਬੀ.ਐਸ.ਐਫ਼. ਦੀਆਂ 16 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚੋਂ ਤਿੰਨ ਅੰਮ੍ਰਿਤਸਰ, 2 ਜਲੰਧਰ, 2 ਲੁਧਿਆਣਾ, 2 ਪਟਿਆਲਾ, 2 ਫਰੀਦਕੋਟ ਅਤੇ ਇਕ-ਇਕ ਕਪੂਰਥਲਾ, ਬਠਿੰਡਾ, ਫ਼ੀਰੋਜ਼ਪੁਰ ਤੇ ਹੁਸ਼ਿਆਰਪੁਰ 'ਚ ਤਾਇਨਾਤ ਕੀਤੀ ਗਈ ਸੀ।13 ਜਨਵਰੀ ਨੂੰ ਹੁਸ਼ਿਆਰਪੁਰ ਦੇ ਕੁਲਵੰਤ ਸਿੰਘ ਗੰਨੂਪੁਰ ਨੂੰ ਦਹਿਸ਼ਤ ਦੇ ਨਾਂ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ।

15 ਜਨਵਰੀ ਨੂੰ ਸਮਰਾਲਾ ਵਿਚ ਡਾ: ਹਰਮਹਿੰਦਰ ਸਿੰਘ, ਹਰਦਿਆਲ ਸਿੰਘ (ਸਹਿਜੋ ਮਾਜਰਾ), ਨਾਜ਼ਰ ਸਿੰਘ (ਰਾਈਆਂ), ਦਲਜੀਤ ਸਿੰਘ (ਹੋਡੇਂ), ਰਜਿੰਦਰ ਸਿੰਘ (ਮਾਣੇਵਾਲ) ਵ.ਗੈਰਾ ਨੂੰ 'ਰਸਤਾ ਰੋਕੋ' ਵਾਲੇ ਦਿਨ ਬੱਸਾਂ ਦੇ ਪਹੀਆਂ ਚੋਂ ਹਵਾ ਕੱਢਣ ਦੇ ਜੁਰਮ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਇਸ 'ਰਸਤਾ ਰੋਕੋ' ਨੂੰ ਫੇਲ੍ਹ ਕਰਨ ਵਾਸਤੇ ਸੁਰਜੀਤ ਬਰਨਾਲਾ ਤੇ ਬਾਦਲ ਅਕਾਲੀ ਦਲ ਦੇ ਵਰਕਰਾਂ ਨੇ ਪੁਲੀਸ ਦਾ ਪੂਰਾ ਸਾਥ ਦਿੱਤਾ ਸੀ।

ਸਿੱਖਾਂ 'ਤੇ ਮੁਕੱਦਮੇ ਦਰਜ

ਬਠਿੰਡਾ ਵਿਚ ਕੋਟ ਸ਼ਮੀਰ ਵਿਚ ਫ਼ਾਇਰਿੰਗ ਤਾਂ ਪੁਲੀਸ ਨੇ ਕੀਤੀ ਪਰ ਉਲਟੇ ਕੇਸ ਸਿੱਖਾਂ ਉੱਤੇ ਕੇਸ ਦਰਜ ਕੀਤੇ ਗਏ। ਪੰਜ ਸਿੱਖ ਨਾਮਜ਼ਦ ਵੀ ਕੀਤੇ ਗਏ। ਉਨ੍ਹਾਂ 'ਤੇ ਦਫ਼ਾਵਾਂ 307, 359, 511, 148, 149 ਹੇਠ ਕੇਸ ਦਰਜ ਕੀਤੇ ਗਏ। ਰਸਤਾ ਰੋਕੋ ਕੇਸ 'ਚ ਭਗਤਾ ਕਾ ਤੋਂ 57, ਸੰਗਤ ਤੋਂ 6 ਸਿੱਖ ਗ੍ਰਿਫ਼ਤਾਰ ਕੀਤੇ ਗਏ। ਸਰਕਾਰ ਮੁਤਾਬਿਕ ਜ਼ਿਲ੍ਹੇ ਬਠਿੰਡੇ ਚੋਂ 94 ਗ੍ਰਿਫ਼ਤਾਰੀਆਂ ਕੀਤੀਆਂ ਗਈਆਂ।

ਪਾਕਿਸਤਾਨ ਵਿਚ ਸਿੱਖ ਹਾਈਜੈਕਰਾਂ ਨੂੰ ਫ਼ਾਂਸੀ ਦੀ ਸਜ਼ਾ

ਪਾਕਿਸਤਾਨ ਵਿਚ ਕੈਦ ਸਤੰਬਰ 1981 ਅਤੇ ਜੁਲਾਈ 1984 ਦੇ 14 ਸਿੱਖ ਹਾਈਜੈਕਰਾਂ ਦੇ ਮੁਕੱਦਮੇ ਦਾ ਫੈਸਲਾ ਲਾਹੌਰ ਅਦਾਲਤ ਨੇ 20 ਜਨਵਰੀ 1986 ਨੂੰ ਸੁਣਾਇਆ ਤੇ 3 ਸਿੱਖਾਂ ਨੂੰ ਫਾਂਸੀ ਦਾ ਹੁਕਮ ਦਿਤਾ। ਬਾਕੀ 11 ਵਿਚੋਂ 7 ਨੂੰ ਉਮਰ ਕੈਦ ਤੇ ਚਾਰ ਨੂੰ ਬਰੀ ਕੀਤਾ ਗਿਆ। ਫ਼ਾਂਸੀ ਦੀ ਸਜ਼ਾ ਪਰਮਿੰਦਰ ਸਿੰਘ ਹਰਫ਼ਨਮੌਲਾ, ਦਲੀਪ ਸਿੰਘ ਤੇ ਹਰਮਿੰਦਰ ਸਿੰਘ ਨੂੰ ਸੁਣਾਈ ਗਈ। ਉਮਰ ਕੈਦ ਵਾਲੇ ਸਨ: ਪਹਿਲੇ ਜਹਾਜ਼ ਦੇ ਪੰਜੇ (ਗਜਿੰਦਰ ਸਿੰਘ, ਸਤਨਾਮ ਸਿੰਘ, ਕਰਨ ਸਿੰਘ, ਜਸਬੀਰ ਸਿੰਘ, ਤੇਜਿੰਦਰਪਾਲ ਸਿੰਘ), ਦੂਜੇ ਜਹਾਜ਼ ਚੋਂ ਦੋ (ਗੁਰਦੀਪ ਸਿੰਘ ਪਰਦੇਸੀ, ਰਵਿੰਦਰ ਸਿੰਘ); 4 ਬਰੀ ਕੀਤੇ ਗਏ ਸਨ, ਚਾਰੇ ਦੂਜੇ ਜਹਾਜ਼ ਦੇ: (ਮਨਜੀਤ ਸਿੰਘ, ਗੁਰਵਿੰਦਰ ਸਿੰਘ, ਮਲ੍ਹਾਗਰ ਸਿੰਘ, ਹਰਭਜਨ ਸਿੰਘ)। ਇਸ ਫ਼ੈਸਲੇ ਤੇ ਜ: ਤਲਵਿੰਦਰ ਸਿੰਘ (ਕੈਨੇਡਾ) ਨੇ

ਕਿਹਾ ਕਿ ਫ਼ਾਂਸੀ ਦੀ ਸਜ਼ਾ ਦਿੱਲੀ ਨੂੰ ਖੁਸ਼ ਕਰਨ ਵਾਸਤੇ ਦਿੱਤੀ ਗਈ ਹੈ। ਮੁਕੱਦਮੇ ਚੋਂ ਬਰੀ ਕੀਤਿਆਂ ਚਾਰਾਂ ਸਿੱਖਾਂ ਨੂੰ ਗ਼ੈਰ ਕਾਨੂੰਨੀ ਦਾਖਲੇ ਦੇ ਕੇਸ 'ਚ ਗ੍ਰਿਫ਼ਤਾਰ ਕਰ ਕੇ ਜੇਲ੍ਹ 'ਚ ਹੀ ਰੱਖ ਲਿਆ।

ਹਰਜਿੰਦਰ ਸਿੰਘ ਜਿੰਦਾ ਗ੍ਰਿਫਤਾਰ

21 ਜਨਵਰੀ ਨੂੰ ਖਾੜਕੂ ਹਰਜਿੰਦਰ ਸਿੰਘ ਜਿੰਦਾ ਨੂੰ ਦਿਲੀ 'ਚ ਗ੍ਰਿਫ਼ਤਾਰ ਕਰ ਲਿਆ। ਉਸ ਦੇ ਸਿਰ 'ਤੇ 25000 ਰੁਪੈ ਦਾ ਇਨਾਮ ਸੀ। ਪੁਲੀਸ ਨੇ ਕਿਹਾ ਕਿ ਉਹ 26 ਜਨਵਰੀ ਨੂੰ 'ਬੰਬ ਚਲਾਉਣ' ਆਇਆ ਸੀ। ਤਰਾਵੜੀ (ਹਰਿਆਣਾ) 'ਚ ਹਿੰਦੂ ਦਹਿਸ਼ਤਪਸੰਦਾਂ ਵਲੋਂ ਸਿੱਖਾਂ ਦੇ ਘਰਾਂ 'ਤੇ ਹਮਲੇ ਅਤੇ ਅੱਗ ਲਾਉਣ ਦੀਆਂ ਕਈ ਵਾਰਦਾਤਾ ਕੀਤੀਆਂ ਗਈਆਂ। ਪੁਲੀਸ ਨੇ ਰਿਪੋਰਟਾਂ ਲਿਖਣ ਤੋਂ ਵੀ ਨਾਂਹ ਕਰ ਦਿਤੀ। ਇਨ੍ਹੀਂ ਦਿਨੀਂ ਹੀ ਨਵੰਬਰ 1984 ਵਿਚ ਇੰਡੋ-ਨੈਪਾਲ ਬਾਰਡਰ ਤੇ ਫੜੇ ਸ: ਸਿਮਰਨਜੀਤ ਸਿੰਘ ਮਾਨ ਉੱਤੇ ਜੇਲ੍ਹ ਵਿਚ ਜ਼ੁਲਮ ਕਰਨ ਦੀਆਂ ਖਬਰਾਂ ਮਿਲੀਆਂ। ਉਸ ਨੂੰ ਹਾਈ ਕੋਰਟ ਵਲੋਂ ਰਿਹਾ ਕਰਨ ਤੋਂ ਬਾਅਦ ਫਰਜ਼ੀ ਮੁਕੱਦਮਿਆਂ ਵਿਚ ਫੇਰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਦਲਜੀਤ ਸਿੰਘ ਨੂੰ ਪੁਲੀਸ ਹਿਰਾਸਤ ਵਿਚ ਮਾਰਿਆ:

ਦਿੱਲੀ ਪੁਲੀਸ ਨੇ 24 ਜਨਵਰੀ ਨੂੰ ਇਕ ਸਿੱਖ ਦਲਜੀਤ ਸਿੰਘ ਨੂੰ ਤਸੀਹੇ ਦੇ-ਦੇ ਕੇ ਹਿਰਾਸਤ ਵਿਚ ਮਾਰ ਦਿਤਾ। ਉਸ ਨੂੰ 21 ਜਨਵਰੀ ਨੂੰ ਅਨੰਦ ਪਰਬਤ ਇਲਾਕੇ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਸਿੱਖਾਂ 'ਤੇ ਜ਼ੁਲਮ ਕਰਨ ਵਾਲਿਆਂ ਨੂੰ ਦਿੱਲੀ ਵਿਚ ਮੈਡਲ

26 ਜਨਵਰੀ ਨੂੰ ਦਿੱਲੀ 'ਚ ਰੀਪਬਲਿਕ ਡੇਅ 'ਤੇ ਸਿਖਾਂ 'ਤੇ ਜ਼ੁਲਮ ਕਰਨ ਵਾਲਿਆਂ ਨੂੰ ਪੁਲੀਸ ਮੈਡਲ ਦਿਤੇ ਗਏ। ਇਨ੍ਹਾਂ ਵਿਚ 24 ਜਨਵਰੀ ਨੂੰ ਦਲਜੀਤ ਸਿੰਘ ਨੂੰ ਤਸੀਹੇ ਦੇ ਕੇ ਮਾਰਨ ਵਾਲਾ ਪੁਲਸੀਆ ਅਮੰਦ ਕਾਂਤ ਵੀ ਸੀ। ਦਿੱਲੀ ਪੁਲੀਸ ਨੇ ਮਈ 1985 ਤੋਂ ਜਨਵਰੀ 1986 ਤਕ ਚਾਰ ਸਿੱਖ ਤਸੀਹੇ ਦੇ ਦੇ ਕੇ ਪੁਲੀਸ ਹਿਰਾਸਤ 'ਚ ਮਾਰੇ ਸਨ। ਸਭ ਤੋਂ ਪਹਿਲਾ ਮਨਮੋਹਨ ਸਿੰਘ 'ਭਾਪਾ' ਸੀ ਜਿਸ ਨੂੰ ਟਰਾਂਜ਼ਿਸਟਰ ਬੰਬ ਕੇਸ 'ਚ ਫੜਿਆ ਗਿਆ ਸੀ।

ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਵਿਚ ਫੁੱਟ

12 ਨਵੰਬਰ ਨੂੰ ਬਾਬਾ ਜੋਗਿੰਦਰ ਸਿੰਘ ਦਲ ਚੋਂ ਰਣਧੀਰ ਸਿੰਘ ਚੀਮਾ, ਸਤਵੰਤ ਕੌਰ ਸੰਧੂ ਤੇ ਬਲਦੇਵ ਸਿੰਘ (ਮੈਂਬਰ ਸ਼ਰੋਮਣੀ ਕਮੇਟੀ) ਪਾਰਟੀ ਛੱਡ ਗਏ। ਉਨ੍ਹਾਂ ਆਖਿਆ ਕਿ 'ਅਸੀਂ ਚੋਣਾਂ ਦਾ ਬਾਈਕਾਟ ਕਰਨ ਦੇ ਖ਼ਿਲਾਫ਼ ਸੀ ਪਰ ਬਾਬਾ ਬੇਹੱਦ ਜ਼ਿੱਦੀ ਹੈ।' ਇਸ ਮਗਰੋਂ ਪਟਿਆਲੇ ਦੇ 6 ਸਰਕਲ ਜਥੇਦਾਰ ਵੀ ਬਾਬਾ ਦਲ ਛੱਡ ਗਏ।ਇਕ ਹਫ਼ਤੇ ਮਗਰੋਂ ਬਾਬਾ ਦਲ ਦੇ ਪ੍ਰਕਾਸ਼ ਸਿੰਘ ਮਜੀਠਾ, ਦਲਬੀਰ ਸਿੰਘ ਰਾਣੀਕੇ ਸਾਬਕ ਐਮ.ਐਲ.ਏ., ਦਲੀਪ ਸਿੰਘ ਮੱਲ੍ਹੂਨੰਗਲ, ਹਰਦਲਬੀਰ ਸਿੰਘ ਸ਼ਾਹ, ਗੁਰਮੇਲ ਸਿੰਘ (ਚਾਰੇ ਮੈਂਬਰ ਸ਼੍ਰੋਮਣੀ ਕਮੇਟੀ) ਅਤੇ 9 ਹੋਰ ਸੀਨੀਅਰ ਮੈਂਬਰ ਪਾਰਟੀ ਛੱਡ ਗਏ। ਉਨ੍ਹਾਂ ਦਾ ਇਲਜ਼ਾਮ ਸੀ ਕਿ ਬਾਬਾ ਆਪ-ਹੁਦਰਾ ਅਤੇ ਤਾਨਾਸ਼ਾਹ

ਹੈ। 26 ਨਵੰਬਰ ਨੂੰ ਬਾਬਾ ਦਲ (ਪੱਟੀ) ਦੇ ਜਨਰਲ ਸੈਕਟਰੀ ਜਗੀਰ ਸਿੰਘ, ਖ਼ਜ਼ਾਨਚੀ ਸੇਵਾ ਸਿੰਘ 7 ਸਰਪੰਚ, 5 ਸਾਬਕਾ ਸਰਪੰਚ, ਪੰਚ ਤੇ ਨੰਬਰਦਾਰ ਮੁਸਤਫ਼ੀ ਹੋ ਗਏ। 13 ਦਸੰਬਰ ਨੂੰ ਹਰਭਜਨ ਸਿੰਘ ਪ੍ਰਧਾਨ ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਅੰਮ੍ਰਿਤਸਰ ਨੇ ਬਾਬਾ ਜੋਗਿੰਦਰ ਸਿੰਘ ਦੇ ਲੜਕੇ ਜਗਜੀਤ ਸਿੰਘ ਰੋਡੇ 'ਤੇ ਦਲ ਦੇ ਫੰਡਾਂ 'ਚ ਹੇਰਾ ਫੇਰੀ ਕਰਨ ਦਾ ਇਲਜ਼ਾਮ ਲਾਇਆ। 17 ਦਸੰਬਰ 1985 ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਬਾਬਾ ਦਲ ਨਾਲੋਂ ਸਾਂਝ ਤੋੜਨ ਦਾ ਐਲਾਨ ਕੀਤਾ ਤੇ ਭਿੰਡਰਾਂ-ਮਹਿਤਾ ਜੱਥੇ ਦੀ ਅਗਵਾਈ ਮੰਨ ਲਈ। ਇਸ ਤੋਂ ਕੁਝ ਦਿਨ ਮਗਰੋਂ ਲੁਧਿਆਣੇ ਦੇ ਦਰਜਨਾਂ ਵਰਕਰ ਬਾਬਾ ਦਲ ਛੱਡ ਗਏ। *(18 ਮਾਰਚ 1986 ਨੂੰ ਬਾਬਾ ਜੋਗਿੰਦਰ ਸਿੰਘ ਦੇ ਲੜਕੇ ਜਗਜੀਤ ਸਿੰਘ ਰੋਡੇ ਦੀ ਗੱਡੀ ਹੇਠ ਆ ਕੇ ਮੌਤ ਹੋ ਗਈ। ਬਾਬਾ ਦਲ ਨੇ ਇਸ ਨੂੰ ਕਤਲ ਆਖ ਕੇ ਅਦਾਲਤੀ ਜਾਂਚ ਦੀ ਮੰਗ ਕੀਤੀ)।*

ਅਪਰੈਲ 1986 ਦੇ ਅੱਧ ਵਿਚ ਬਾਬਾ ਦਲ ਵਿਚ ਰਹਿੰਦੇ ਬਾਕੀ ਸੀਨੀਅਰ ਸਿੱਖ ਆਗੂ ਵੀ ਬਾਬੇ ਨੂੰ ਛੱਡ ਗਏ। ਇਨ੍ਹਾਂ ਵਿਚ ਭਿੰਡਰਾਂਵਾਲਿਆਂ ਦੇ ਖਾਸ ਸਾਥੀ ਜਗਦੇਵ ਸਿੰਘ ਖੁੱਡੀਆਂ, ਡਾਕਟਰ ਹਰਿੰਦਰ ਸਿੰਘ ਗਿੱਲ, ਸ਼ਿਵਚਰਨ ਸਿੰਘ ਸੇਮੇਵਾਲੀ, ਤੇਗਾ ਸਿੰਘ ਬਠਿੰਡਾ, ਬਲਜੀਤ ਸਿੰਘ ਬਠਿੰਡਾ, ਅਮਰਜੀਤ ਸਿੰਘ ਕੰਡਾ, ਦਿਲਬਾਰਾ ਸਿੰਘ, ਚਰਨ ਸਿੰਘ ਅੰਮ੍ਰਿਤਸਰ ਤੇ ਸੈਂਕੜੇ ਹੋਰ ਵਰਕਰ ਵੀ ਸਨ। ਉਨ੍ਹਾਂ ਨੇ ਇਲਜ਼ਾਮ ਲਾਇਆ ਕਿ 'ਬਾਬੇ ਨੇ ਉਹ ਬੰਦੇ ਅੱਗੇ ਲਿਆਂਦੇ ਹਨ ਜੋ ਭਿੰਡਰਾਂਵਾਲਿਆ ਦੇ ਪੱਕੇ ਦੁਸ਼ਮਣ ਸਨ; ਬਾਬਾ ਡਿਕਟੇਟਰ ਹੈ; ਬਾਬਾ ਕੋਈ ਪ੍ਰੋਗਰਾਮ ਨਹੀਂ ਦੇ ਸਕਿਆ; ਬਾਬਾ ਸਰਬੱਤ ਖਾਲਸਾ-ਪੰਜ ਮੈਂਬਰੀ ਪੰਥਕ ਕਮੇਟੀ-ਫ਼ੈਡਰੇਸ਼ਨ ਨੂੰ ਨਹੀਂ ਮੰਨਦਾ; ਬਾਬਾ ਭਾਈ ਮੋਹਕਮ ਸਿੰਘ ਦੀ ਗ੍ਰਿਫ਼ਤਾਰੀ ਦੇ ਖ਼ਿਲਾਫ਼ ਨਹੀਂ ਬੋਲਿਆ; ਬਾਬੇ ਨੇ ਫ਼ੈਡਰੇਸ਼ਨ 'ਚ ਫੁੱਟ ਪੁਆਈ ਅਤੇ ਕੁਨਬਾ-ਪਰਵਰੀ ਕਰਦਾ ਹੈ। ਅਜਿਹੇ ਇਲਜ਼ਾਮ ਬਾਬੇ 'ਤੇ ਅੱਗੇ ਵੀ ਲਾਏ ਗਏ ਸਨ ਤੇ ਹੁਣ ਤਕ ਤਕਰੀਬਨ ਸਾਰੇ ਪੁਰਾਣੇ ਅਕਾਲੀ ਵਰਕਰ ਬਾਬੇ ਨੂੰ ਛੱਡ ਚੁਕੇ ਸੀ।

ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਵਾਸਤੇ ਮੈਥਿਊ ਕਮਿਸ਼ਨ ਬਣਾਇਆ

ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਸਿਰਫ਼ ਇਕ ਮਦ ਹੀ ਸਿੱਖਾਂ, ਦਰਅਸਲ ਪੰਜਾਬ, ਦੇ ਹੱਕ ਵਿਚ ਸੀ ਕਿ ਚੰਡੀਗੜ੍ਹ 26 ਜਨਵਰੀ 1986 ਤੋਂ ਪਹਿਲਾਂ ਪੰਜਾਬ ਨੂੰ ਦੇ ਦਿੱਤਾ ਜਾਵੇਗਾ ਅਤੇ ਹਰਿਆਣੇ ਨੂੰ ਹਿੰਦੀ ਤੇ ਪੰਜਾਬ ਨੂੰ ਪੰਜਾਬੀ ਬੋਲਦੇ ਇਲਾਕੇ ਦੇਣ ਵਾਸਤੇ ਉਨ੍ਹਾਂ ਦੀ ਸ਼ਨਾਖ਼ਤ ਕਰਨ ਵਾਸਤੇ ਇਕ ਕਮਿਸ਼ਨ ਬਣੇਗਾ। ਸੈਂਟਰ ਨੇ ਚੰਡੀਗੜ੍ਹ ਨੂੰ ਪੰਜਾਬ ਨੂੰ ਦੇਣ ਦੀ ਜਗ੍ਹਾ ਇਸ ਨੂੰ ਹਿੰਦੀ ਬੋਲਦੇ ਇਲਾਕੇ ਨਾਲ ਜੋੜ ਦਿੱਤਾ ਅਤੇ ਪੰਜਾਬ ਵਿਚ ਹਿੰਦੀ ਬੋਲਦੇ ਇਲਾਕਿਆਂ ਵਾਸਤੇ ਕਮਿਸ਼ਨ ਬਣਾਉਣ ਦਾ ਐਲਾਨ ਕਰ ਦਿੱਤਾ।

ਰਾਜੀਵ ਸਰਕਾਰ ਵੱਲੋਂ ਮੈਥਿਊ ਕਮਿਸ਼ਨ ਨੂੰ ਇਹ ਕਿਹਾ ਗਿਆ ਕਿ ਉਹ ਪੰਜਾਬ ਨੂੰ ਚੰਡੀਗੜ੍ਹ ਅਤੇ ਇਸ ਦੇ ਬਦਲੇ 'ਚ ਪੰਜਾਬ ਵਿਚੋਂ ਇਲਾਕੇ ਹਰਿਆਣੇ ਨੂੰ ਦੇਣ ਬਾਰੇ ਫੈਸਲਾ ਕਰੇ। ਮਤਲਬ ਸਾਫ਼ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਨਾ ਦੇਣਾ। ਇਸ ਸਾਜ਼ਿਸ਼ ਦੇ ਬਾਵਜੂਦ ਬਿਆਨ ਦੇਣ ਨੂੰ ਕਾਹਲੇ ਅਤੇ ਰਾਜੀਵ ਦੀ ਚਾਪਲੂਸੀ ਕਰਨ ਵਾਲੇ ਅਕਾਲੀ ਬੇਥ੍ਵੀਆਂ ਮਾਰਨ ਲਗ ਪਏ ਸਨ। 12 ਅਕਤੂਬਰ ਨੂੰ ਪੰਜਾਬ ਦੇ ਵਜ਼ੀਰ ਸੁਖਜਿੰਦਰ ਸਿੰਘ ਨੇ ਬਿਆਨ ਦਿਤਾ ਕਿ 'ਪੰਜਾਬ ਵੱਲ ਰਾਜੀਵ ਦਾ ਰਵੱਈਆ ਹਾਂ-ਪੱਖੀ ਹੈ।'

ਅਬੋਹਰ ਫ਼ਾਜ਼ਿਲਕਾ ’ਚ ਰਾਏ ਸ਼ੁਮਾਰੀ

ਮੈਥਿਊ ਕਮਿਸ਼ਨ ਨੇ 13 ਜਨਵਰੀ 1986 ਨੂੰ ਅਬੋਹਰ ਅਤੇ ਫ਼ਾਜ਼ਿਲਕਾ ਦੀ ਬੋਲੀ ਪਤਾ ਕਰਨ ਵਾਸਤੇ 54 ਪਿੰਡਾਂ ਵਿਚ ਰਾਏ ਸ਼ੁਮਾਰੀ ਕਰਵਾਉਣ ਦਾ ਐਲਾਨ ਕੀਤਾ। ਇਸ ਦਾ ਮਤਲਬ ਸਾਫ਼ ਸੀ ਕਿ ਚੰਡੀਗੜ੍ਹ ਦੇਣ ਦਾ ਮਸਲਾ ਇਕ ਤਰੀਕੇ ਨਾਲ ਖ਼ਤਮ ਹੀ ਕਰ ਦਿੱਤਾ ਜਾਵੇ।ਅਬੋਹਰ ਫ਼ਾਜ਼ਿਲਕਾ ’ਚ ਕੀਤੇ ਜਾ ਰਹੇ ਸਰਵੇ ਸਬੰਧੀ ਚਰਨਜੀਤ ਸਿੰਘ ਕੋਕਾ ਕੋਲਾ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਸਰਵੇ ਮੁਲਕ ਦੀ ਏਕਤਾ ਦੇ ਉਲਟ ਹੈ। ਇੰਦਰ ਕੁਮਾਰ ਗੁਜਰਾਲ (ਸਾਬਕ ਵਜ਼ੀਰ), ਕੁਲਦੀਪ ਨਈਅਰ ਅਤੇ ਪ੍ਰਾਣ ਚੋਪੜਾ ਨੇ ਕਿਹਾ ਕਿ ਇਹ ਸਰਵੇ ਰਾਜੀਵ-ਲੌਂਗੋਵਾਲ ਸਮਝੌਤੇ ਦੇ ਉਲਟ ਹੈ।ਇਸ ਦੇ ਬਾਵਜੂਦ ਰਾਜੀਵ ਨਾ ਟਲਿਆ। ਮੈਥਿਊ ਕਮਿਸ਼ਨ ਨੇ 24 ਜਨਵਰੀ ਨੂੰ ਮਰਦਮ ਸ਼ੁਮਾਰੀ ਦੀ ਰਿਪੋਰਟ ਜਾਰੀ ਕਰ ਦਿੱਤੀ। ਉਸ ਮੁਤਾਬਿਕ ਪਿੰਡ ਕੰਦੂ ਖੇੜਾ ਦੇ ਲੋਕਾਂ ਨੇ ਆਪਣੀ ਜ਼ਬਾਨ ਪੰਜਾਬੀ ਲਿਖਵਾਈ ਸੀ ਇਸ ਕਰ ਕੇ ਆਪਣੀ ਬੋਲੀ ਹਿੰਦੀ ਲਿਖਵਾਉਣ ਵਾਲੇ ਬਾਕੀ ਪਿੰਡ ਵੀ ਹਰਿਆਣੇ ਨੂੰ ਨਹੀਂ ਦਿੱਤੇ ਜਾ ਸਕਦੇ ਕਿਉਂਕਿ ਉਨ੍ਹਾਂ ਦੇ ਰਸਤੇ ਵਿਚ ਕੰਦੂ ਖੇੜਾ ਆਉਂਦਾ ਹੈ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਕੈਪਟਨ ਅਮਰਿੰਦਰ ਸਿੰਘ ਤੇ ਕੁਝ ਹੋਰ ਪੰਥਕ ਸੋਚ ਵਾਲੇ ਵਰਕਰ ਕੰਦੂ ਖੇੜਾ ਵਿਚ ਕਈ ਦਿਨ ਬੈਠੇ ਰਹੇ ਸਨ ਤਾਂ ਜੋ ਉਥੇ ਬੋਲੀ ਦੇ ਸਵਾਲ ’ਤੇ ਹੇਰਾ ਫੇਰੀ ਨਾ ਹੋ ਸਕੇ ਤੇ ਹਰਿਆਣੇ ਦੇ ਲੋਕ ਆ ਕੇ ਜਾਅਲੀ ਵੋਟਾਂ ਨਾ ਪਾ ਸਕਣ। **ਬਰਨਾਲੇ ਨੇ ਤਾਂ ਚੰਡੀਗੜ੍ਹ ਪੰਜਾਬ ਨੂੰ ਮਿਲਣ ਦੀਆਂ ਵਧਾਈਆਂ ਦੇ ਲੱਖਾਂ ਇਸ਼ਤਿਹਾਰ ਵੀ ਛਪਵਾ ਕੇ ਰੱਖ ਲਏ ਸਨ ਪਰ ਉਹ ਰਾਜੀਵ ਵੱਲੋਂ ਧੋਖਾ ਦਿੱਤੇ ਜਾਣ ’ਤੇ ਰੋਸ ਤੱਕ ਵੀ ਨਾ ਜਿਤਾ ਸਕਿਆ। 1994 ਵਿਚ ਜ਼ੈਲ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਜੇ ਬਰਨਾਲਾ ਚੰਡੀਗੜ੍ਹ ਪੰਜਾਬ ਨੂੰ ਨਾ ਦਿੱਤੇ ਜਾਣ ’ਤੇ ਅਸਤੀਫ਼ਾ ਦੇ ਦੇਂਦਾ ਤਾਂ ਪੰਜਾਬ ਦਾ ਨਕਸ਼ਾ ਕੁਝ ਹੋਰ ਹੁੰਦਾ (ਉਂਵ ਇਸ ਜ਼ੈਲ ਸਿੰਘ ਨੇ ਖ਼ੁਦ ਜੂਨ/ਨਵੰਬਰ 1984 ਵਿਚ ਕਿਹੜਾ ਅਸਤੀਫ਼ਾ ਦਿੱਤਾ ਸੀ?)। ਖ਼ੈਰ ਬਰਨਾਲਾ ਬੇਗ਼ੈਰਤ ਬਣ ਕੇ ਚੀਫ਼ ਮਨਿਸਟਰੀ ਨਾਲ ਜੁੜਿਆ ਰਿਹਾ ਤੇ ਰਾਜੀਵ ਗਾਂਧੀ ਦਾ ਮੁਹਰਾ ਬਣ ਕੇ ਪੰਜਾਬ ਅਤੇ ਸਿੱਖਾਂ ’ਤੇ ਜ਼ੁਲਮ ਕਰਦਾ ਰਿਹਾ।**

ਅਕਾਲ ਤਖ਼ਤ ਦੀ ਇਮਾਰਤ ਢਾਹੁਣ ਦਾ ਐਲਾਨ

ਖਾੜਕੂਆਂ ਨੇ ਸਰਕਾਰ ਵਲੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਮੁਰੰਮਤ ਦੀ ਕਾਰਵਾਈ ਕਰਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਸੀ ਅਤੇ ਪਹਿਲਾਂ ਹੀ ਖ਼ਬਰਦਾਰ ਕੀਤਾ ਸੀ ਕਿ ਸਿੱਖ ਪੰਥ ਇਸ ਸਰਕਾਰੀ ਢਾਂਚੇ ਨੂੰ ਕਬੂਲ ਨਹੀ ਕਰੇਗਾ। ਇਸ ਮਾਹੌਲ ਵਿਚ 31 ਅਕਤੂਬਰ 1985 ਦੇ ਦਿਨ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਬੇਅੰਤ ਸਿੰਘ ਦਾ ‘ਸ਼ਹੀਦੀ ਦਿਨ’ ਮੰਜੀ ਸਾਹਿਬ (ਦਰਬਾਰ ਸਾਹਿਬ) ਵਿਚ ਮਨਾਇਆ ਗਿਆ ਸੀ। ਇਸ ਦੀਵਾਨ ਵਿਚ ਖਾੜਕੂਆਂ ਨੇ ਐਲਾਨ ਕੀਤਾ ਸੀ ਕਿ “ਨਾਪਾਕ ਹੱਥਾਂ ਨਾਲ ਤਿਆਰ ਹੋਏ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਨਵਾਂ ਹਿੱਸਾ ਢਾਹ ਕੇ ਮੁੜ ਉਸਾਰਿਆ ਜਾਵੇਗਾ।” ਮਗਰੋਂ ਇਹ ਫ਼ੈਸਲਾ ਹੋਇਆ ਕਿ ਸਾਰੀ ਹੀ ਇਮਾਰਤ ਢਾਹ ਕੇ ਦੋਬਾਰਾ ਬਣਾਈ ਜਾਵੇ। ਇਸ ਸ਼ਹੀਦੀ ਦੀਵਾਨ ਮਗਰੋਂ ਖਾੜਕੂਆਂ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦਾ ਨਵਾਂ ਬਣਿਆ 55 ਫ਼ੁਟ ਦਾ ਜੰਗਲਾ ਢਾਹ ਦਿੱਤਾ ਸੀ। ਇਹ ਇਸ ਇਮਾਰਤ ਦੇ ਢਾਹੁਣ ਅਤੇ ਇਸ ਦੀ ਨਵੀਂ ਉਸਾਰੀ ਕਰਨ ਦੀ ਸ਼ੁਰੂਆਤ ਸੀ।

ਹੁਣ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਅਤੇ ਭਿੰਡਰਾ-ਮਹਿਤਾ ਜੱਥੇ ਦੇ ਕੁਝ ਸਰਗਰਮ ਸੇਵਾਦਾਰਾਂ

ਨੇ ਐਲਾਨ ਕੀਤਾ ਕਿ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਾਹੁਣ ’ਤੇ ਇਸ ਦੀ ਥਾਂ ਨਵੀਂ ਇਮਾਰਤ ਖੜੀ ਕਰਨ ਵਾਸਤੇ 26 ਜਨਵਰੀ 1986 ਨੂੰ ‘ਕਾਰ-ਸੇਵਾ’ ਸ਼ੁਰੂ ਕੀਤੀ ਜਾਵੇਗੀ। ਭਿੰਡਰਾਂ-ਮਹਿਤਾ ਜੱਥੇ ਨੇ 16 ਜਨਵਰੀ ਨੂੰ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਅਖੰਡ ਪਾਠ ਵੀ ਸ਼ੁਰੂ ਕਰ ਦਿੱਤਾ।

ਸੁਰਜੀਤ ਬਰਨਾਲਾ ਧੜੇ ਵੱਲੋਂ ਫ਼ੈਡਰੇਸ਼ਨ ਨਾਲ ਟੱਕਰ

19 ਜਨਵਰੀ ਨੂੰ ਸੁਰਜੀਤ ਬਰਨਾਲਾ ਦੇ ਇਕ ਵਜ਼ੀਰ ਪ੍ਰੇਮ ਸਿੰਘ ਚੰਦੂਮਾਜਰਾ ਦੇ ਸਾਥੀਆਂ ਨੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਘੇਰਾ ਪਾ ਲਿਆ ਅਤੇ ਹਵਾਈ ਫ਼ਾਇਰਿੰਗ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਤਕਰੀਬਨ 200 ਰਾਊਂਡ ਚਲਾਏ, ਜਿਸ ਨਾਲ ਦੋ ਫ਼ੈਡਰੇਸ਼ਨ ਵਰਕਰ ਅਤੇ ਇਕ ਮੁਸਾਫ਼ਿਰ ਜ਼ਖ਼ਮੀ ਹੋ ਗਏ। ਚੰਦੂਮਾਜਰਾ ਦੇ ਹਿਮਾਇਤੀਆਂ ਨੇ ਅਖੰਡ ਪਾਠ ਵਿਚ ਵੀ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਪਰ ਕੁਝ ਲੋਕਾਂ ਨੇ ਉਨ੍ਹਾਂ ਨੂੰ ਇਸ ਹਰਕਤ ਤੋਂ ਰੋਕ ਲਿਆ। ਜਦੋਂ ਇਹ ਗੁਰਪ ਅਕਾਲ ਤਖ਼ਤ ਸਾਹਿਬ ਦੇ ਨੇੜੇ ਤੇ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਐਕਸ਼ਨ ਕਰ ਰਿਹਾ ਸੀ, ਉਸ ਵੇਲੇ ਬਰਨਾਲੇ ਦਾ ਪੁੱਤਰ ਗਗਨਦੀਪ (ਮਗਰੋਂ ਐਮ.ਐਲ.ਏ.) ਅੰਮ੍ਰਿਤਸਰ ਦੇ ਸਰਕਟ ਹਾਊਸ ਤੋਂ ਇਸ ਦੀ ਨਿਗਰਾਨੀ ਕਰ ਰਿਹਾ ਸੀ। ਭਿੰਡਰਾਂ-ਮਹਿਤਾ ਜੱਥੇ ਦੇ ਇਕ ਬੁਲਾਰੇ ਨੇ ਇਨ੍ਹਾਂ ਹਮਲਾਵਰਾਂ ’ਤੇ ਦੋਸ਼ ਲਾਇਆ ਕਿ ਉਹ ਜੱਥੇ ਦੇ ਦਫ਼ਤਰ ’ਚੋਂ ਸਾਢੇ ਚਾਰ ਲੱਖ ਰੁਪਏ ਲੁੱਟ ਕੇ ਲੈ ਗਏ ਸਨ।

ਇਸ ਦਿਨ ਭਿੰਡਰਾਂ-ਮਹਿਤਾ ਜਥੇ ਦੇ ਦਫ਼ਤਰ ’ਤੇ ਇਸ ਟੋਲੇ ਦਾ ਹੀ ਕਬਜ਼ਾ ਰਿਹਾ। ਪਰ ਅਗਲੇ ਦਿਨ ਹੀ ਫ਼ੈਡਰੇਸ਼ਨ ਵਰਕਰਾਂ ਨੇ ਆਪਣਾ ਦਫ਼ਤਰ ਮੁੜ ਵਾਪਿਸ ਲੈ ਲਿਆ। ਇਸ ਦਿਨ ਪੁਲੀਸ ਦਰਬਾਰ ਸਾਹਿਬ ’ਚ ਫਿਰ ਦਾਖ਼ਿਲ ਹੋਈ ਤੇ ਕੁਝ ਨੌਜਵਾਨ ਗ੍ਰਿਫ਼ਤਾਰ ਕਰ ਲਏ। 21 ਜਨਵਰੀ ਨੂੰ ਚੰਦੂਮਾਜਰਾ ਅਤੇ ਗਗਨਦੀਪ ਦੇ ਸਾਥੀ ਫਿਰ ਬੰਦੂਕਾਂ ਲੈ ਕੇ ਉੱਥੇ ਪੁੱਜੇ ਪਰ ਫ਼ੈਡਰੇਸ਼ਨ ਦੇ ਵਰਕਰਾਂ ਨੇਂ ਉਨ੍ਹਾਂ ਦੀਆਂ 14 ਦੋਨਾਲੀਆਂ ਬੰਦੂਕਾਂ ਖੋਹ ਲਈਆਂ। ਇਸ ’ਤੇ ਪੁਲੀਸ ਬੁਲਾ ਲਈ ਗਈ। ਪੁਲੀਸ ਨੇ 500 ਨੌਜਵਾਨ ਗ੍ਰਿਫ਼ਤਾਰ ਕਰ ਲਏ। ਮਗਰੋਂ ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ ਗੁਰੂ ਰਾਮਦਾਸ ਸਰਾਂ ਵਿਚ ਫ਼ਲੈਗ ਮਾਰਚ ਕੀਤਾ। ਸ਼ਾਮ ਤਕ ਸੀ.ਆਰ.ਪੀ.ਐਫ਼. ਅਤੇ ਬੀ.ਐਸ.ਐਫ਼. ਦੀਆਂ ਦਰਜਨਾਂ ਕੰਪਨੀਆਂ ਉੱਥੇ ਪੁੱਜ ਗਈਆਂ।

22 ਜਨਵਰੀ ਨੂੰ ਬਰਨਾਲੇ ਦਾ ਪੁੱਤਰ ਗਗਨਦੀਪ ਦਰਜਨਾਂ ਸਾਥੀਆਂ ਨੂੰ ਟਰੱਕਾਂ ਵਿਚ ਲੱਦ ਕੇ ਫ਼ੈਡਰੇਸ਼ਨ ਅਤੇ ਭਿੰਡਰਾਂ-ਮਹਿਤਾ ਜਥੇ ਨਾਲ ਦੋ-ਹੱਥ ਕਰਨ ਵਾਸਤੇ ਅੰਮ੍ਰਿਤਸਰ ਆ ਰਿਹਾ ਸੀ ਕਿ ਰਸਤੇ ਵਿਚ ਹੀ ਉਸ ਦਾ ਐਕਸੀਡੈਂਟ ਹੋ ਗਿਆ, ਜਿਸ ਨਾਲ ਉਸ ਦੀ ਲੱਤ ਟੁੱਟ ਗਈ। ਇਸ ਨਾਲ ਲੋਕਾਂ ਵਿਚ ਇਹ ਵਿਚਾਰ ਫੈਲ ਗਿਆ ਕਿ ਉਸ ਨੂੰ ਇਹ ਸਜ਼ਾ ਅਕਾਲ ਤਖ਼ਤ ਸਾਹਿਬ ’ਤੇ ਗੁੰਡਿਆਂ ਦਾ ਹਮਲਾ ਕਰਵਾਉਣ ਦੀ ਹਰਕਤ ਕਰਨ ਕਰ ਕੇ ਮਿਲੀ ਸੀ।

ਟੌਹੜਾ ਨੇ ਹਥਿਆਰ ਸੁੱਟ ਦਿੱਤੇ

ਜਦ ਬਰਨਾਲੇ ਦਾ ਪੁੱਤਰ ਵਕਤੀ ਤੌਰ ’ਤੇ ਅਪਾਹਜ ਹੋ ਗਿਆ ਤਾਂ ਸਿੱਖਾਂ ਵਿਚ ਇਹ ਚਰਚਾ ਸ਼ੁਰੂ ਹੋ ਗਿਆ ਕਿ ਅਕਾਲ ਪੁਰਖ ਨੇ ਉਸ ਨੂੰ ਦਰਬਾਰ ਸਾਹਿਬ ’ਤੇ ਹਮਲਾ ਕਰਨ ਦੀ ਸਾਜ਼ਿਸ਼ ਦੀ ਸਜ਼ਾ ਦਿੱਤੀ ਸੀ। ਇਸ ਖ਼ਿਆਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ

ਨੂੰ ਵੀ ਡਰਾ ਦਿੱਤਾ। ਇਸ ਕਰ ਕੇ ਉਸ ਨੇ 22 ਜਨਵਰੀ ਨੂੰ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਭਿੰਡਰਾਂ-ਮਹਿਤਾ ਜਥਾ ਨੂੰ ਸੌਂਪਣ ਦਾ ਐਲਾਨ ਕਰ ਦਿਤਾ। ਉਂਞ ਮੂੰਹ ਰੱਖਣ ਵਾਸਤੇ ਉਸ ਨੇ ਕਿਹਾ ਗਿਆ ਕਿ ਕਾਰ ਸੇਵਾ ਪੰਜ 'ਬਾਬਿਆਂ' ਦੀ ਦੇਖ-ਰੇਖ 'ਚ ਹੋਵੇਗੀ। ਇਹ ਪੰਜ ਬਾਬੇ ਸਨ: ਠਾਕਰ ਸਿੰਘ, ਜਗਤਾਰ ਸਿੰਘ ਖਡੂਰ ਸਾਹਿਬ, ਹਰਬੰਸ ਸਿੰਘ ਦਿਲੀ, ਉਤਮ ਸਿੰਘ ਖਡੂਰ ਸਾਹਿਬ ਅਤੇ ਦੀਵਾਨ ਸਿੰਘ ਛਾਬੜੀ।

ਭਿੰਡਰਾਂ-ਮਹਿਤਾ ਜੱਥੇ ਦਾ 'ਸਰਬਤ ਖਾਲਸਾ' ਇਕੱਠ

26 ਜਨਵਰੀ ਤੋਂ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਸ਼ੁਰੂ ਕਰਨ ਦੇ ਐਲਾਨ ਦੇ ਨਾਲ ਹੀ ਭਿੰਡਰਾਂ-ਮਹਿਤਾ ਜੱਥਾ ਨੇ ਐਲਾਨ ਕਰ ਦਿੱਤਾ ਕਿ ਉਹ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੂਹਰੇ 'ਸਰਬੱਤ ਖਾਲਸਾ' ਸਮਾਗਮ ਕਰਨਗੇ। ਜਦੋਂ ਭਿੰਡਰਾਂ-ਮਹਿਤਾ ਜੱਥੇ ਨੇ ਇਸ 'ਸਰਬੱਤ ਖਾਲਸਾ' ਦਾ ਐਲਾਨ ਕੀਤਾ ਤਾਂ ਕਿਸੇ ਨੇ ਵੀ ਇਸ ਨੂੰ ਬਹੁਤੀ ਸੰਜੀਦਗੀ ਨਾਲ ਨਾ ਲਿਆ, ਕਿਉਂਕਿ ਉਹ ਸਮਝਦੇ ਸਨ ਕਿ ਕੁਝ ਖਾੜਕੂ ਧੜੇ 31 ਅਕਤੂਬਰ 1985 ਦੇ ਮੰਜੀ ਸਾਹਿਬ ਦੇ ਦੀਵਾਨ ਵਾਂਗ ਇਕ ਜਲਸਾ ਕਰ ਲੈਣਗੇ।

26 ਜਨਵਰੀ 1986 ਦੇ ਦਿਨ ਭਿੰਡਰਾ-ਮਹਿਤਾ ਜੱਥੇ ਦਾ ਇਕੱਠ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਹੋਇਆ। ਉਨ੍ਹੀਂ ਦਿਨੀਂ ਲੋਕ ਭਾਰਤੀ ਫ਼ੌਜ ਦੀ ਦਹਿਸ਼ਤ 'ਤੇ ਗ਼ੁਸੇ ਵਿਚ ਸਨ ਅਤੇ ਕਿਉਂਕਿ ਬਰਨਾਲੇ ਨੇ ਹਕੂਮਤ ਵਿਚ ਆ ਕੇ ਉਨ੍ਹਾਂ ਜ਼ੁਲਮਾਂ ਨੂੰ ਜਾਰੀ ਰੱਖਿਆ ਸੀ, ਇਸ ਕਰ ਕੇ ਰੋਸ ਵਜੋਂ ਲੋਕ ਇਕ ਪਲੇਟਫ਼ਾਰਮ 'ਤੇ ਜੁੜਨਾ ਚਾਹੁੰਦੇ ਸਨ। ਇਸ ਵਜਹ ਕਰ ਕੇ 26 ਜਨਵਰੀ ਦੇ ਇਕੱਠ ਇਸ ਵਿਚ ਹਜ਼ਾਰਾਂ ਲੋਕ ਸ਼ਾਮਿਲ ਹੋਏ। ਉਂਞ ਇਸ ਨੂੰ ਸਰਬੱਤ ਖਾਲਸਾ ਇਕੱਠ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਹ ਨਾ ਤਾਂ ਜਥੇਬੰਦੀਆਂ ਦੇ ਨੁੰਮਾਇੰਦਿਆਂ ਦਾ ਇਕੱਠ ਸੀ ਤੇ ਨਾ ਹੀ ਇਸ ਵਿਚ ਸਾਰੀਆਂ ਪੰਥਕ ਜਥੇਬੰਦੀਆਂ ਨੇ ਹਿੱਸਾ ਲਿਆ ਸੀ। ਸਹੀ ਮਾਅਨਿਆਂ ਵਿਚ ਇਹ ਭਿੰਡਰਾਂ-ਮਹਿਤਾ ਜੱਥੇ ਦਾ ਇਕ ਵੱਡਾ ਦੀਵਾਨ (ਜਲਸਾ) ਸੀ, ਜਿਸ ਵਿਚ ਹਜ਼ਾਰਾਂ ਸਿੱਖ ਸ਼ਾਮਿਲ ਹੋਏ ਸਨ।

26 ਜਨਵਰੀ ਦੇ ਇਸ ਦੀਵਾਨ ਵਿਚ ਜ਼ੈਲ ਸਿੰਘ, ਬੂਟਾ ਸਿੰਘ, ਸੰਤਾ ਸਿੰਘ, ਕਿਰਪਾਲ ਸਿੰਘ, ਸਾਹਿਬ ਸਿੰਘ ਨੂੰ ਪੰਥ 'ਚੋਂ ਖਾਰਿਜ ਕਰਨ ਦਾ ਮਤਾ ਇਕ ਵਾਰ ਫੇਰ ਪਾਸ ਕੀਤਾ ਗਿਆ। ਇਸ ਇਕੱਠ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ 'ਤੋੜਨ' ਦਾ 'ਮਤਾ' ਵੀ ਪਾਸ ਕੀਤਾ ਗਿਆ। ਇਸ ਦੀ ਥਾਂ ਇਕ ਪੰਜ ਮੈਂਬਰੀ 'ਪੰਥਕ ਕਮੇਟੀ' ਕਾਇਮ ਕੀਤੀ ਗਈ। ਇਸ ਕਮੇਟੀ ਵਿਚ ਗੁਰਬਚਨ ਸਿੰਘ ਮਾਨੋਚਾਹਲ, ਵੱਸਣ ਸਿੰਘ, ਧੰਨਾ ਸਿੰਘ, ਅਰੂੜ ਸਿੰਘ ਤੇ ਗੁਰਦੇਵ ਸਿੰਘ ਉਸਮਾਨਵਾਲਾ ਸ਼ਾਮਿਲ ਸਨ। ਇਸ ਇਕੱਠ ਨੇ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦਾ 'ਮੁੱਖ ਸੇਵਾਦਾਰ' (ਅਖੌਤੀ ਜਥੇਦਾਰ) ਬਣਾਉਣ ਦਾ ਐਲਾਨ ਵੀ ਕਰ ਦਿੱਤਾ। ਕਿਉਂਕਿ ਉਹ ਉਸ ਵੇਲੇ ਜੇਲ੍ਹ ਵਿਚ ਸੀ, ਇਸ ਕਰ ਕੇ ਉਸ ਦੀ ਥਾਂ ਗੁਰਦੇਵ ਸਿੰਘ ਕਾਉਂਕੇ ਨੂੰ ਐਕਟਿੰਗ ਮੁਖ ਸੇਵਾਦਾਰ ਬਣਾ ਦਿੱਤਾ ਗਿਆ। ਇਸੇ ਤਰ੍ਹਾਂ ਦਰਬਾਰ ਸਾਹਿਬ ਦੇ ਹੈਡ-ਗ੍ਰੰਥੀ ਸਾਹਿਬ ਸਿੰਘ ਨੂੰ 'ਹਟਾ ਕੇ' ਉਸ ਦੀ ਥਾਂ ਭਿੰਡਰਾਂ-ਮਹਿਤਾ ਜਥੇ ਦੇ ਬਖ਼ਸ਼ੀਸ਼ ਸਿੰਘ ਨੂੰ ਲਾ ਦਿੱਤਾ ਗਿਆ। ਇਸ ਦੀਵਾਨ ਵਿਚ ਬਾਬਾ ਜਰਨੈਲ ਸਿੰਘ ਦੀ ਸਿੰਘਣੀ ਬੀਬੀ ਪ੍ਰੀਤਮ ਕੌਰ, ਭਾਈ ਅਮਰੀਕ ਸਿੰਘ ਦੀ ਸਿੰਘਣੀ ਬੀਬੀ ਹਰਮੀਤ ਕੌਰ ਤੇ ਜਰਨਲ ਸੁਬੇਗ ਸਿੰਘ ਦੀ ਮਾਤਾ ਨੂੰ ਸੋਨੇ ਦੇ ਮੈਡਲ ਦਿਤੇ ਗਏ। ਇਸ ਦੇ ਮਗਰੋਂ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੀ ਕਾਰ ਸੇਵਾ 'ਪੰਜ ਬਾਬਿਆਂ' ਨੇ ਟੱਕ

ਲਾ ਕੇ ਸ਼ੁਰੂ ਕੀਤੀ।

ਸਰਬੱਤ ਖਾਲਸਾ ਦੇ ਨਾਂ 'ਤੇ ਕੀਤੇ ਇਸ ਦੀਵਾਨ ਬਾਰੇ ਪਹਿਲਾਂ ਤਾਂ ਕੋਈ ਸੰਜੀਦਾ ਨਹੀਂ ਸੀ, ਪਰ ਜਦੋਂ ਇਸ ਦੀਵਾਨ ਵਿਚ ਸ਼੍ਰੋਮਣੀ ਕਮੇਟੀ ਤੋੜਨ ਅਤੇ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਤੇ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਬਦਲਣ ਦਾ ਐਲਾਨ ਕੀਤਾ ਗਿਆ ਤਾਂ ਇਸ ਬਾਰੇ ਸਿੱਖਾਂ ਵਿਚ ਦੋ ਤਰ੍ਹਾਂ ਦੇ ਖ਼ਿਆਲ ਉਭਰਨੇ ਸ਼ੁਰੂ ਹੋ ਗਏ। ਖਾੜਕੂਆਂ ਨੇ ਇਸ 'ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ, ਪਰ ਵਿਦਵਾਨਾਂ ਨੇ ਇਸ 'ਤੇ ਗੁੱਸਾ ਮਨਾਇਆ। ਉਂਵ ਤਾਂ ਸ਼੍ਰੋਮਣੀ ਕਮੇਟੀ ਤੋੜਨ ਦੇ 'ਮਤੇ' ਦੀ ਕੋਈ ਅਹਿਮੀਅਤ ਨਹੀਂ ਸੀ, ਕਿਉਂਕਿ ਉਹ ਇਕ ਕਾਨੂੰਨ ਹੇਠ ਬਣੀ ਸੀ। ਸ਼੍ਰੋਮਣੀ ਕਮੇਟੀ ਸੈਂਕੜੇ ਸ਼ਹੀਦੀਆਂ, ਹਜ਼ਾਰਾਂ ਗ੍ਰਿਫ਼ਤਾਰੀਆਂ, ਤਸੀਹਿਆਂ ਅਤੇ ਮਾਲੀ ਨੁਕਸਾਨ ਮਗਰੋਂ ਹਾਸਿਲ ਹੋਈ ਸੀ। ਇਸ ਕਰ ਕੇ ਵੀ ਬਹੁਤੇ ਲੋਕਾਂ ਨੇ ਇਸ 'ਮਤੇ' ਨੂੰ ਪਸੰਦ ਨਾ ਕੀਤਾ। ਉਂਵ ਵੀ ਇਸ 'ਮਤੇ' ਨੂੰ ਅਮਲ ਵਿਚ ਹਰਗਿਜ਼ ਨਹੀਂ ਸੀ ਲਿਆਂਦਾ ਜਾ ਸਕਦਾ, ਕਿਉਂਕਿ ਸ਼੍ਰੋਮਣੀ ਕਮੇਟੀ ਸੈਂਕੜੇ ਗੁਰਦੁਆਰਿਆਂ ਦਾ ਇੰਤਜ਼ਾਮ ਚਲਾਉਂਦੀ ਸੀ ਤੇ ਇਹ ਖਾੜਕੂ ਸਿਰਫ਼ ਦਰਬਾਰ ਸਾਹਿਬ 'ਤੇ ਹੀ ਕਾਬਜ਼ ਸਨ। ਦੂਜਾ, ਸਰਕਾਰ ਤਾਂ ਖ਼ੁਦ ਸ਼੍ਰੋਮਣੀ ਕਮੇਟੀ ਨੂੰ ਤੋੜ ਕੇ ਗੁਰਦੁਆਰਿਆਂ 'ਤੇ ਕਬਜ਼ਾ ਕਰਨ ਦੀ ਚਾਹਵਾਨ ਸੀ। ਇਹ ਤਾਂ ਇਕ ਤਰ੍ਹਾਂ ਨਾਲ ਸਰਕਾਰ ਨੂੰ ਰਾਹ ਦੇਣ ਵੱਲ ਇਸ਼ਾਰਾ ਸੀ।

ਜਿਉਂ-ਜਿਉਂ ਖਾੜਕੂ ਲੋਕਾਂ ਵਿਚ ਆਪਣੀ ਥਾਂ ਬਣਾਉਂਦੇ ਜਾ ਰਹੇ ਸਨ, ਤਿਉਂ-ਤਿਉਂ ਹੀ ਬਰਨਾਲਾ ਸਿੱਖ ਨੌਜਵਾਨਾਂ 'ਤੇ ਵੱਧ ਜ਼ੁਲਮ ਕਰਦਾ ਜਾ ਰਿਹਾ ਸੀ। ਹਾਲਾਂਕਿ ਰਾਜੀਵ ਗਾਂਧੀ ਨੇ ਬਰਨਾਲੇ ਨੂੰ ਠਿੱਠ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਹੋਰ ਤਾਂ ਹੋਰ ਰਾਜੀਵ ਨੇ 26 ਜਨਵਰੀ 1986 ਦੇ ਦਿਨ ਪੰਜਾਬ ਨੂੰ ਚੰਡੀਗੜ੍ਹ ਦੇਣ ਦੀ 'ਰਾਜੀਵ-ਲੌਂਗੋਵਾਲ ਸਮਝੌਤਾ' ਦੀ ਨਿਗੂਨੀ-ਜਿਹੀ ਮਦ ਵੀ ਪੂਰੀ ਨਹੀਂ ਸੀ ਕੀਤੀ। ਇਸ ਬੇਇਜ਼ਤੀ ਅਤੇ ਜ਼ਲਾਲਤ ਦੇ ਬਾਵਜੂਦ ਬਰਨਾਲਾ ਰਾਜੀਵ ਨੂੰ ਖ਼ੁਸ਼ ਕਰਨ ਦੀ ਖ਼ਾਹਿਸ਼ ਨਾਲ ਸਿੱਖ ਨੌਜਵਾਨਾਂ ਦੀਆਂ ਗ੍ਰਿਫ਼ਤਾਰੀਆਂ ਕਰੀ ਜਾ ਰਿਹਾ ਸੀ। ਪੁਲੀਸ ਵਲੋਂ ਦਰਜਨਾਂ ਨੌਜਵਾਨ ਕਤਲ ਕੀਤੇ ਜਾ ਚੁੱਕੇ ਸਨ ਤੇ ਕੀਤੇ ਜਾ ਰਹੇ ਸਨ।

ਜਦ 26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜੱਥਾ ਨੇ 'ਸਰਬਤ ਖਾਲਸਾ' ਦੇ ਨਾਂ ਤੇ ਅਕਾਲ ਤਖ਼ਤ ਸਾਹਿਬ 'ਤੇ ਇਕ ਦੀਵਾਨ ਕੀਤਾ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਐਲਾਨ ਕੀਤਾ ਕਿ ਉਹ 16 ਫ਼ਰਵਰੀ ਅਕਾਲ ਤਖ਼ਤ 'ਤੇ ਸਰਬੱਤ ਖਾਲਸਾ ਇਕੱਠ ਕਰਨਗੇ (ਮਗਰੋਂ ਗੜਬੜ ਨੂੰ ਮੁੱਖ ਰੱਖਦਿਆਂ ਇਹ ਇਕੱਠ ਅਨੰਦਪੁਰ ਵਿਚ ਕੀਤਾ ਗਿਆ। ਇਸ ਇਕੱਠ ਵਿਚ ਜਦ ਸੁਰਜੀਤ ਬਰਨਾਲਾ ਨੇ ਖਾੜਕੂਆਂ ਤੋਂ ਖਾਲੀ ਕਰਵਾਉਣ ਵਾਸਤੇ ਫ਼ੋਰਸ ਭੇਜਣ ਵੱਲ ਇਸ਼ਾਰਾ ਕੀਤਾ ਤਾਂ ਬਾਦਲ ਤੇ ਟੌਹੜਾ ਨੇ ਇਹ ਹਰਕਤ ਕਰਨ ਤੋਂ ਵਰਜਿਆ ਅਤੇ ਕਿਹਾ ਕਿ ਇਸ ਦੇ ਖ਼ਤਰਨਾਕ ਸਿੱਟੇ ਨਿਕਲਣਗੇ।

ਸੁਰਜੀਤ ਸਿੰਘ ਬਰਨਾਲਾ ਸਰਕਾਰ ਵੱਲੋਂ ਨਵੀਆਂ ਗ੍ਰਿਫ਼ਤਾਰੀਆਂ

ਉਧਰ 30 ਜਨਵਰੀ ਨੂੰ ਦਿੱਲੀ ਵਿਚ ਕਸ਼ਮੀਰ ਦਾ ਮਹਿੰਦਰ ਸਿੰਘ ਪਾਪੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਉਧਰ ਇੱਕਤੀ ਜਨਵਰੀ ਨੂੰ ਦਿਲੀ 'ਚ ਬਲਵਿੰਦਰ ਸਿੰਘ ਅਤੇ ਗੁਰਸ਼ਰਨਜੀਤ ਸਿੰਘ (ਦੋਵੇਂ ਗੁਰਦਾਸਪੁਰ) ਗ੍ਰਿਫ਼ਤਾਰ ਕੀਤੇ ਗਏ ਸਨ।

30 ਜਨਵਰੀ ਨੂੰ ਅੰਮ੍ਰਿਤਸਰ ’ਚ ਭਿੰਡਰਾਂ-ਮਹਿਤਾ ਜੱਥਾ ਦੇ ਭਾਈ ਮੋਹਕਮ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ। ਇਹ ਕੇਸ 24 ਅਤੇ 26 ਜਨਵਰੀ ਦੀਆਂ ਤਕਰੀਰਾਂ ਦੀ ਬਿਨਾਅ ’ਤੇ ਦਫ਼ਾ 124 ਅਤੇ ਨਵੇਂ ਦਹਿਸ਼ਤਗਰਦੀ ਕਾਨੂੰਨ ਦੀ ਦਫ਼ਾ 13 ਹੇਠ ਦਰਜ ਕੀਤਾ ਗਿਆ। ਪਹਿਲੀ ਫਰਵਰੀ ਨੂੰ ਪੰਜਾਬ ਚ ਭਿੰਡਰਾਂ-ਮਹਿਤਾ ਜਥਾ ਅਤੇ ਫ਼ੈਡਰੇਸ਼ਨ ਦੇ ਕਈ ਵਰਕਰ ਗ੍ਰਿਫ਼ਤਾਰ ਕਰ ਲਏ ਗਏ। ਹੋਸ਼ਿਆਰਪੁਰ ਵਿਚ ਕੋਟਲੀ ਬਰਜਿੰਦਰ ਸਿੰਘ ਦਾ ਕਰਨੈਲ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ।

ਖਾੜਕੂ ਜੇਲ੍ਹ ਵਿਚੋਂ ਫ਼ਰਾਰ

27 ਜਨਵਰੀ ਨੂੰ ਗੁਰਦਾਸਪੁਰ ਜੇਲ੍ਹ ਵਿਚੋਂ ਰਣਜੀਤ ਸਿੰਘ ਬੇਦੀ, ਜਸਵਿੰਦਰ ਸਿੰਘ, ਹਰਜਿੰਦਰ ਸਿੰਘ, ਦਲਬੀਰ ਸਿੰਘ ਤੇ ਰੋਸ਼ਨ ਸਿੰਘ ਬੈਰਾਗੀ ਫ਼ਰਾਰ ਹੋ ਗਏ। ਇਸ ਕਾਰਵਾਈ ਵਿਚ ਸਟੈੱਨ ਗੰਨਾਂ ਅਤੇ 445 ਦੇ ਪਿਸਤੌਲ ਵੀ ਵਰਤੇ ਗਏ।

ਸੁਰਜੀਤ ਬਰਨਾਲਾ ਸਰਕਾਰ ਨੇ ਨਕੋਦਰ ’ਚ 4 ਸਿੱਖ ਮਾਰੇ

2 ਫਰਵਰੀ ਨੂੰ ਨਕੋਦਰ ’ਚ ਦਹਿਸ਼ਤਗਰਦ ਹਿੰਦੂਆਂ ਨੇ ਗੁਰੂ ਨਾਨਕ ਮੁਹੱਲਾ ਗੁਰਦੁਆਰੇ ਵਿਚ ਅੱਗ ਲਾ ਦਿੱਤੀ ਜਿਸ ਨਾਲ 5 ਬੀੜਾਂ, ਰੁਮਾਲੇ ਅਤੇ ਦਰੀਆਂ ਸੜ ਗਏ। ਇਸ ’ਤੇ ਅਗਲੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸੱਦੇ ’ਤੇ ਸਿੱਖਾਂ ਨੇ ਹੜਤਾਲ ਕੀਤੀ ਤੇ ਜਲੂਸ ਕੱਢਿਆ। ਜਦੋਂ ਕਾਲਜ ਦੇ ਸਟੂਡੈਂਟ ਜਲੂਸ ਕੱਢ ਕੇ ਆ ਰਹੇ ਸੀ ਤਾਂ ਬਰਨਾਲੇ ਦੀ ਪੁਲੀਸ ਨੇ ਗੋਲੀਆਂ ਚਲਾ ਕੇ 4 ਸਿੱਖ ਮਾਰ ਦਿੱਤੇ ਤੇ 9 ਬੁਰੀ ਤਰ੍ਹਾਂ ਜ਼ਖ਼ਮੀ ਕੀਤੇ। ਮਰਨ ਵਾਲੇ ਖਾਲਸਾ ਕਾਲਜ ਜਲੰਧਰ ਦਾ ਹਰਮਿੰਦਰ ਸਿੰਘ, ਰਾਮਗੜ੍ਹ (ਸੁਖਜਿੰਦਰ ਸਿੰਘ ਦੇ ਪਿੰਡ) ਦਾ ਬਲਬੀਰ ਸਿੰਘ, ਲਿੱਤਰਾਂ ਦਾ ਹਰਬਿੰਦਰ ਸਿੰਘ ਤੇ ਗੋਰਖੀਆਂ ਦਾ ਝਲਮਣ ਸਿੰਘ ਸਨ। ਏਨਾ ਹੀ ਨਹੀਂ ਬਲਕਿ ਇਨ੍ਹਾਂ ਦੀਆਂ ਲਾਸ਼ਾਂ ਵੀ ਵਾਰਸਾਂ ਨੂੰ ਦੇਣ ਦੀ ਬਜਾਏ ਇੰਸਪੈਕਟਰ ਹਰਦੇਵ ਸਿੰਘ ਨੇ ਆਪ ਸਸਕਾਰ ਕਰ ਦਿਤਾ। ਹਾਲਾਂ ਕਿ ਬਰਨਾਲੇ ਨੇ ਸਸਕਾਰ ਨਾ ਕਰਨ ਵਾਸਤੇ ਫ਼ੋਨ ਵੀ ਕੀਤਾ ਸੀ। ਪੁਲੀਸ ਨੇ ਨਕੋਦਰ ’ਚ ਬਹੁਤ ਸਾਰੇ ਸਿੱਖ ਗ੍ਰਿਫ਼ਤਾਰ ਵੀ ਕੀਤੇ। ਇਨ੍ਹਾਂ ਵਿਚੋਂ 23 ਫ਼ੈਡਰੇਸ਼ਨ ਵਰਕਰ ਸਨ। ਜ਼ੁਲਮ ਵੀ ਸਿੱਖਾਂ ਉਤੇ, ਗ੍ਰਿਫ਼ਤਾਰ ਵੀ ਸਿੱਖ ਹੀ। ਸਿੱਖਾਂ ਨੂੰ ਚੁੱਪ ਕਰਵਾਉਣ ਵਾਸਤੇ ਬਰਨਾਲੇ ਨੇ ‘ਮੈਜਿਸਟਰੇਟੀ ਜਾਂਚ’ ਦਾ ਹੁਕਮ ਦਿੱਤਾ।

ਫ਼ੈਡਰੇਸ਼ਨ ਦੇ ਇਕ ਬੁਲਾਰੇ ਨੇ ਇਕ ਬਿਆਨ ’ਚ ਕਿਹਾ ਕਿ ਨਕੋਦਰ ’ਚ ਸਿਰਫ਼ ਚਾਰ ਹੀ ਨਹੀਂ ਕਈ ਹੋਰ ਸਿੰਘ ਵੀ ਸ਼ਹੀਦ ਹੋਏ ਸਨ। ਉਨ੍ਹਾਂ ਕਿਹਾ ਕਿ ਸ਼ੇਰਗੜ, ਰਾਮਗੜ੍ਹ ਤੇ ਗਿੱਦੜਪਿੰਡੀ ’ਚ ਪੁਲੀਸ ਨੇ ਉਲਟੀ ਦਹਿਸ਼ਤ ਫੈਲਾਈ ਹੋਈ ਸੀ। ਉਨ੍ਹਾਂ ਮੰਗ ਕੀਤੀ ਕਿ ਸਿੱਖਾਂ ਦੇ ਕਤਲਾਂ ਬਾਰੇ ਐਸ.ਐਸ.ਪੀ. ਗੁਰਇਕਬਾਲ ਸਿੰਘ ਭੁੱਲਰ ਅਤੇ ਉਸ ਦੇ ਸਾਥੀਆਂ ’ਤੇ ਕਤਲ ਦੇ ਮੁਕਦਮੇ ਚਲਾਏ ਜਾਣ। ਉਨ੍ਹਾਂ ਮੈਜਿਸਟਰੇਟੀ ਜਾਂਚ ਨੂੰ ਸ਼ੋਸ਼ੇਬਾਜ਼ੀ ਆਖਿਆ। ਬਰਨਾਲਾ ਅਕਾਲੀ ਦਲ ਦੇ ਲੋਕਲ ਐਮ.ਐਲ.ਏ. ਕੁਲਦੀਪ ਸਿੰਘ ਵਡਾਲਾ ਨੇ ਕਿਹਾ ਕਿ ਸੀ.ਆਰ.ਪੀ.ਐਫ਼. ਅਤੇ ਬੀ.ਐਸ.ਐਫ਼. ਸਿੱਖਾਂ ’ਤੇ ਜ਼ੁਲਮ ਕਰਦੀ ਹੈ ਤੇ ਹਿੰਦੂ ਦਹਿਸ਼ਤਗਰਦਾਂ ਦੀ ਮਦਦ ਕਰਦੀ ਹੈ। ਪਰਮਜੀਤ ਸਿੰਘ ਮੋਹਲੀ ਨੇ ਕਿਹਾ ਕਿ ਨਕੋਦਰ ’ਚ ਪੁਲੀਸ ਨੇ ਸਰਦਾਰ ਹਰਮਿੰਦਰ ਸਿੰਘ ਨੂੰ ਫੜ ਕੇ ਮੂੰਹ ਵਿਚ ਗੋਲੀ ਮਾਰੀ ਸੀ। (ਇਸ ਗੱਲ ਦੀ ਮਗਰੋਂ ਤਸਦੀਕ ਵੀ ਹੋ ਗਈ ਸੀ)।

8 ਫਰਵਰੀ ਨੂੰ ਬਰਨਾਲਾ ਦਲ ਦੀ ਕਮੇਟੀ (ਟੌਹੜਾ, ਕੁਲਦੀਪ ਸਿੰਘ ਵਡਾਲਾ, ਕਾਬਲ ਸਿੰਘ) ਨੇ ਰਿਪੋਰਟ 'ਚ ਕਿਹਾ ਕਿ ਨਕੋਦਰ ਕਾਂਡ ਸੋਚੀ ਸਮਝੀ ਸਕੀਮ ਨਾਲ ਕੀਤਾ ਗਿਆ। 10 ਫਰਵਰੀ ਨੂੰ ਕਰਫ਼ਿਊ ਖੁੱਲ੍ਹਦਿਆਂ ਹਿੰਦੂਆਂ ਨੇ ਨਕੋਦਰ 'ਚ ਫੇਰ ਹੁੱਲੜਬਾਜ਼ੀ ਕੀਤੀ ਪਰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਇਕ ਵੀ ਹਿੰਦੂ ਗ੍ਰਿਫ਼ਤਾਰ ਨਾ ਕੀਤਾ।

ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਇਸ ਸਾਰੇ ਜ਼ੁਲਮ ਦੌਰਾਨ ਇਕ ਵੀ ਅਕਾਲੀ ਆਗੂ ਨਾ ਤਾਂ ਨਕੋਦਰ ਗਿਆ ਤੇ ਨਾ ਹੀ ਇਸ ਜ਼ੁਲਮ ਦੀ ਨਿੰਦਾ ਕੀਤੀ। ਇਸ ਕਤਲੇਆਮ ਅਤੇ ਸਿੱਖਾਂ 'ਤੇ ਪੁਲੀਸ ਜ਼ੁਲਮ ਦਾ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਖ਼ਿਲਾਫ਼ ਰੋਸ ਕਰਨਾ ਸੀ; ਸ਼ਾਇਦ ਅਕਾਲੀਆਂ ਨੂੰ ਗੁਰੂ ਦੀ ਬੇਅਦਬੀ ਮਾਮੂਲੀ ਗੱਲ ਜਾਪਦੀ ਸੀ?

ਬਾਰ੍ਹਾਂ ਫਰਵਰੀ ਨੂੰ ਨਕੋਦਰ ਥਾਣੇ ਦਾ ਇੰਚਾਰਜ ਜਸਕੀਰਤ ਸਿੰਘ ਕਿਸੇ ਦੂਜੇ ਥਾਣੇ ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਸੀ 'ਸਜ਼ਾ' ਚਾਰ ਸਿੱਖਾਂ ਦੇ ਕਤਲ ਦੀ ਤੇ ਉਹ ਵੀ ਕਤਲ ਕਰਨ ਤੋਂ ਸੱਤ ਦਿਨ ਬਾਅਦ। ਇਹ ਸੀ ਬਰਨਾਲਾ ਸਰਕਾਰ ਦਾ ਸਿੱਖਾਂ ਨਾਲ ਇਨਸਾਫ਼। ਸਿੱਖਾਂ ਵੱਲੋਂ ਰੋਸ ਵੇਖ ਕੇ ਬਰਨਾਲੇ ਨੇ 13 ਫਰਵਰੀ ਨੂੰ ਨਕੋਦਰ ਗੋਲੀ ਕਾਂਡ ਦੀ ਜਾਂਚ ਲਈ ਗੁਰਨਾਮ ਸਿੰਘ ਜੱਜ ਨਾਮਜ਼ਦ ਕਰ ਦਿਤਾ। ਜਾਂਚ ਦੀਆਂ ਸ਼ਰਤਾਂ ਬੇਮਾਅਨਾ ਰੱਖ ਕੇ ਪਹਿਲੋਂ ਹੀ ਮੁਜ਼ਰਿਮ ਬਚਾਉਣ ਦੀ ਇਹ ਇਕ ਸਾਜ਼ਿਸ਼ ਸੀ। ਸਿੱਖਾਂ ਨੇ ਇਸ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿਤਾ।

ਬਿਮਲ ਕੌਰ, ਮੇਜਰ ਜਨਰਲ ਨਰਿੰਦਰ ਸਿੰਘ, ਰਜਿੰਦਰ ਸਿੰਘ ਖੁਰਾਣਾ ਤੇ ਹੋਰ ਸਿੱਖ ਗ੍ਰਿਫ਼ਤਾਰ

ਚਾਰ ਫਰਵਰੀ ਨੂੰ ਧਾਰੀਵਾਲ ਕੋਲ ਗੁਲਜ਼ਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜ ਫਰਵਰੀ ਨੂੰ ਜੰਮੂ ਵਿਚ ਮਹਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ 19 ਸੈਕਟਰ ਚੰਡੀਗੜ੍ਹ ਦੇ ਗੁਰਦੁਆਰੇ 'ਚ ਲੈਕਚਰ ਕਰਨ ਦੇ ਜੁਰਮ ਹੇਠ ਬੀਬੀ ਬਿਮਲ ਕੌਰ, ਜਰਨਲ ਨਰਿੰਦਰ ਸਿੰਘ ਤੇ ਰਜਿੰਦਰ ਸਿੰਘ ਖੁਰਾਣਾ (ਮਗਰੋਂ ਕਨਵੀਨਰ 'ਸ਼੍ਰੋਮਣੀ ਖਾਲਸਾ ਪੰਚਾਇਤ') ਉੱਤੇ 124 ਏ ਤੇ 153 ਬੀ ਹੇਠ ਮੁਕਦਮਾ ਦਰਜ ਕਰ ਲਿਆ ਗਿਆ। 6 ਫਰਵਰੀ ਨੂੰ ਕਪੂਰਥਲਾ ਫ਼ੈਡਰੇਸ਼ਨ ਦਾ ਗੁਰਮੀਤ ਸਿੰਘ ਪਟਵਾਰੀ ਗ੍ਰਿਫ਼ਤਾਰ ਕੀਤਾ ਗਿਆ। ਸੱਤ ਫਰਵਰੀ ਨੂੰ ਡੇਰਾ ਬਾਬਾ ਨਾਨਕ ਕੋਲੋਂ ਤੇਜਿੰਦਰ ਸਿੰਘ ਗ੍ਰਿਫ਼ਤਾਰ ਕੀਤਾ ਗਿਆ।

11 ਫਰਵਰੀ ਨੂੰ ਮੁਕਤਸਰ 'ਚ ਪਾਲ ਸਿੰਘ ਖੁੱਡੀਆਂ, ਬਲਵੰਤ ਸਿੰਘ ਝਬੇਲ, ਗੁਰਤੇਜ ਸਿੰਘ ਰਹੂੜਿਆਂ ਗ੍ਰਿਫਤਾਰ ਕੀਤੇ ਗਏ। 12 ਫਰਵਰੀ ਨੂੰ ਕਾਲਾ ਸੰਘਾ ਰੋਡ ਤੇ ਜਗਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ। ਇਸੇ ਦਿਨ ਲੁਧਿਆਣੇ 'ਚ ਹਿੰਦੂਆਂ ਨੇ ਸਿੱਖਾਂ ਉਤੇ ਪਥਰਾਓ ਕੀਤਾ ਪਰ ਪੁਲੀਸ ਨੇ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ।

ਬਟਾਲਾ ਵਿਚ ਦਹਿਸ਼ਤਗਰਦ ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

18 ਫਰਵਰੀ ਨੂੰ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ 'ਚ ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਅਤੇ ਲੁੱਟੀਆਂ। ਕਰਫ਼ਿਊ ਦੇ ਬਾਵਜੂਦ ਹਿੰਦੂ ਅਗਜ਼ਨੀ ਕਰਦੇ ਰਹੇ। 19 ਫਰਵਰੀ ਨੂੰ

ਦਹਿਸ਼ਤਗਰਦ ਹਿੰਦੂਆਂ ਨੇ ਮੋਗੇ ’ਚ ਟਾਂਕ ਕਸ਼ਤਰੀ ਗੁਰਦੁਆਰੇ ਨੂੰ ਵੀ ਸਾੜਨ ਦੀ ਕੋਸ਼ਿਸ਼ ਕੀਤੀ ਗਈ। 20 ਫਰਵਰੀ ਨੂੰ ਗੁਰਦਾਸਪੁਰ ’ਚ ਵੀ ਹਿੰਦੂਆਂ ਨੇ ਸਿਖਾਂ ’ਤੇ ਹਮਲੇ ਕੀਤੇ।

23 ਫਰਵਰੀ ਨੂੰ ਅੰਮ੍ਰਿਤਸਰ ’ਚ ਮੋਹਨ ਸਿੰਘ ਮਟੀਆ (ਅਜਨਾਲਾ) ਤੇ ਹਰੀ ਸਿੰਘ ਬੱਗਾ ਗ੍ਰਿਫ਼ਤਾਰ ਕੀਤੇ ਗਏ। ਪੁਲੀਸ ਨੇ ਦਰਬਾਰ ਸਾਹਿਬ ਵਿਚ ਦਾਖਲ ਹੋਣ ਵਾਲੇ ਹਰ ਇਕ ਸਿੱਖ ਦੀ ਤਲਾਸ਼ੀ ਲੈਣੀ ਸ਼ੁਰੂ ਕੀਤੀ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਐਲਾਨ ਕੀਤਾ ਕਿ ਜੇ ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ ਸਿੱਖਾਂ ਦੀ ਤਲਾਸ਼ੀ ਲੈਣੀ ਬੰਦ ਨਾ ਕੀਤੀ ਤਾਂ ਬਰਨਾਲਾ ਦਲ ਦੇ ਬੰਦਿਆਂ ਦੀ ਦਰਬਾਰ ਸਾਹਿਬ ’ਚ ਤਲਾਸ਼ੀ ਲਈ ਜਾਇਆ ਕਰੇਗੀ।

ਸੁਰਜੀਤ ਸਿੰਘ ਬਰਨਾਲਾ ਵੱਲੋਂ ਹਿੰਦੂ ਦਹਿਸ਼ਤਗਰਦਾਂ ਨਾਲ ਮੀਟਿੰਗਾਂ ਪਰ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

24 ਫਰਵਰੀ ਨੂੰ ਸੁਰਜੀਤ ਬਰਨਾਲੇ ਨੇ ਹਿੰਦੂ ਦਹਿਸ਼ਤਗਰਦਾਂ ਨਾਲ ਪੌਣਾ ਘੰਟਾ ਮੁਲਾਕਾਤ ਕੀਤੀ। ਮੀਟਿੰਗ ’ਚ ਪਵਨ ਕੁਮਾਰ, ਸੁਰਿੰਦਰ ਡੋਗਰਾ, ਵਿਨੋਦ ਜਲੋਟਾ, ਵਿਜੈ ਖੰਨਾ, ਸੁਭਾਸ਼ ਕੁਮਾਰ, ਰਮਾ ਕਾਂਤ ਜਲੋਟਾ ਵਗ਼ੈਰਾ ਹਿੰਦੂ ਦਹਿਸ਼ਤਗਰਦ ਸ਼ਾਮਿਲ ਸਨ।

27 ਫਰਵਰੀ ਨੂੰ ਪੁਲੀਸ ਨੇ ਬਿਆਸ ਅਤੇ ਹਰੀਕੇ ਦੇ ਪੁਲ ਸੀਲ ਕਰ ਦਿੱਤੇ। ਇਸ ਦੇ ਨਾਲ ਹੀ ਪੰਜਾਬ ਦੇ ਪੰਜ ਜ਼ਿਲ੍ਹੇ ਸੀ.ਆਰ.ਪੀ.ਐਫ਼. ਦੇ ਹਵਾਲੇ ਕਰਨ ਬਾਰੇ ਸਕੀਮ ਤਿਆਰ ਹੋਈ।

ਤਿੰਨ ਮਾਰਚ 1986 ਨੂੰ ਮੋਗੇ ਕੋਲ ਬੁਧਸਿੰਘਵਾਲਾ ਪਿੰਡ ਵਿਚ ਗੁਰਜੰਟ ਸਿੰਘ ਗ੍ਰਿਫਤਾਰ ਕਰ ਲਿਆ ਗਿਆ। ਫਰੀਦਕੋਟ ਤੋਂ ਜਸਪਾਲ ਸਿੰਘ ਵੀ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਦੇ ਸਾਥੀਆਂ ਜਸਬੀਰ ਸਿੰਘ ਅਤੇ ਗੁਰਦੇਵ ਸਿੰਘ ਨੂੰ ਵੀ ਫੜਿਆ ਗਿਆ। ਇਸ ਤਰ੍ਹਾਂ ਸਰਹੱਦ ਟੱਪ ਕੇ ਆਉਣ ਦੇ ਨਾਂ ’ਤੇ ਵੀ ਕੁਝ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ।

ਸਰਕਾਰ ਵਲੋਂ ਰਾਜ ਸਭਾ ’ਚ ਦਿੱਤੇ ਇਕ ਬਿਆਨ ਮੁਤਾਬਿਕ 1985 ਵਿਚ 75 ਖਾੜਕੂਆਂ ਨੂੰ ਸਰਹੱਦ ਤੋਂ ਦਾਖਿਲ ਹੋਣ ਦੀ ਕੋਸ਼ਿਸ਼ ਕਰਨ ’ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਪੰਜ ਮਾਰਚ ਨੂੰ ਅਕਾਲੀ ਆਗੂ ਮੇਜਰ ਸਿੰਘ ਉੱਬੋਕੇ ਨੇ ਆਖਿਆ ਕਿ ਪਿਛਲੇ 7 ਸਾਲ ’ਚ ਪੰਜਾਬ ਵਿਚ 178 ਬੰਦੇ ਪੁਲੀਸ ਹਿਰਾਸਤ ਜਾਂ ਨਕਲੀ ਪੁਲੀਸ ਮੁਕਾਬਲੇ ’ਚ ਮਾਰੇ ਗਏ ਸਨ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿਚ ਫ਼ੁੱਟ

23 ਫਰਵਰੀ ਨੂੰ ਫ਼ੈਡਰੇਸ਼ਨ ਦੇ ਚਾਰ ਆਗੂਆਂ ਚਮਕੌਰ ਸਿੰਘ ਰੋਡੇ, ਸਤਿੰਦਰ ਸਿੰਘ ਭੋਲਾ, ਕੁਲਦੀਪ ਸਿੰਘ ਖਡੂਰ ਸਹਿਬ ਅਤੇ ਹਰਚਰਨ ਸਿੰਘ ਬਾਜਵਾ ਨੇ ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਦੀ ਹਿਮਾਇਤ ਦਾ ਫੈਸਲਾ ਕੀਤਾ। ਇਸ ਨਾਲ ਫ਼ੈਡਰੇਸ਼ਨ ਤਕਰੀਬਨ ਦੋ-ਫਾੜ ਹੋ ਗਈ। ਪੰਜ ਮਾਰਚ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੇ ਸਮਾਗਮ ’ਚ ਫ਼ੈਡਰੇਸ਼ਨ ਦਾ ਸਿਰਫ਼ ਭਾਈ ਮਨਜੀਤ ਸਿੰਘ - ਹਰਮਿੰਦਰ ਸਿੰਘ ਸੰਧੂ ਧੜਾ ਹੀ ਸ਼ਾਮਿਲ ਹੋਇਆ। ਭਾਈ ਮੋਹਕਮ ਸਿੰਘ, ਬੀਬੀ ਬਿਮਲ ਕੌਰ ਤੇ ਹਰਿੰਦਰ ਸਿੰਘ ਕਾਹਲੋਂ ਸ਼ਹਿਰ ਵਿਚ ਹੋਣ ਦੇ ਬਾਵਜੂਦ ਉੱਥੇ ਨਾ ਗਏ।

ਕਪੂਰਥਲਾ ਵਿਚ ਸਿੱਖਾਂ 'ਤੇ ਫ਼ਾਇਰਿੰਗ

6 ਮਾਰਚ ਨੂੰ ਕਪੂਰਥਲੇ 'ਚ ਡੀ.ਐਸ.ਪੀ. ਜਰਨੈਲ ਸਿੰਘ ਬਰਾੜ, ਜਿਸ ਨੇ ਸਿੱਖਾਂ ਤੇ ਬੇਪਨਾਹ ਤਸ਼ੱਦਦ ਕੀਤੀ ਸੀ, ਉੱਤੇ ਖਾੜਕੂਆਂ ਨੇ ਹਮਲਾ ਕੀਤਾ। ਪਿੱਛੇ ਆਉਂਦਾ ਸ਼ਰੋਮਣੀ ਕਮੇਟੀ ਦਾ ਐਕਟਿੰਗ ਪ੍ਰਧਾਨ ਕਾਬਲ ਸਿੰਘ ਵੀ ਇਸ ਹਮਲੇ ਜ਼ਖ਼ਮੀ ਹੋ ਗਿਆ। ਇਸ ਹਮਲੇ ਵਿਚ ਡੀ.ਐਸ.ਪੀ. ਜਰਨੈਲ ਸਿੰਘ ਤਾਂ ਬਚ ਗਿਆ ਪਰ 7 ਬੰਦੇ ਮਰੇ ਤੇ 14 ਜ਼ਖ਼ਮੀ ਹੋਏ। ਅੱਠ ਮਾਰਚ ਨੂੰ ਕਪੂਰਥਲੇ 'ਚ ਹਿੰਦੂਆਂ ਨੇ ਜਲੂਸ ਕਢ ਕੇ ਹੁੱਲੜਬਾਜ਼ੀ ਕੀਤੀ। ਇਸ ਦੀ ਅਗਵਾਈ ਅਮਰ ਨਾਥ ਬਾਹਰੀ ਕਰ ਰਿਹਾ ਸੀ। ਜ਼ਬਰਦਸਤੀ ਦੁਕਾਨਾਂ ਬੰਦ ਕਰਵਾਉਣ ਵਾਲੇ ਇਸ ਹਿੰਦੂ ਹਜੂਮ ਨੂੰ ਪੁਲੀਸ ਨੇ ਘੇਰੀ ਰੱਖਿਆ ਅਤੇ ਅਖੀਰ ਧੱਕ ਕੇ ਸਨਾਤਨ ਧਰਮ ਮੰਦਰ ਵਲ ਲੈ ਗਏ। ਪੁਲੀਸ ਨੇ ਲਾਠੀ ਚਾਰਜ ਜਾਂ ਫ਼ਾਇਰਿੰਗ ਜਾਂ ਟੀਅਰ ਗੈਸ ਨਾ ਛੱਡੀ। ਕਿਸੇ ਹਿੰਦੂ ਦੀ ਗ੍ਰਿਫ਼ਤਾਰੀ ਨਹੀਂ ਕੀਤੀ। ਪਰ ਜੇ ਸਿੱਖਾਂ ਵਲੋਂ ਰਸਤਾ ਰੋਕਿਆ ਹੋਏ ਤਾਂ ਫ਼ਾਇਰਿੰਗ ਕਰਨ ਨੂੰ ਇਕ ਮਾਮੂਲੀ ਐਕਸ਼ਨ ਮੰਨਿਆ ਜਾਂਦਾ ਹੈ। ਨਕੋਦਰ 'ਚ ਸਿੱਖ ਨੂੰ ਫੜ ਕੇ ਗੋਲੀ ਵੀ ਮਾਰੀ ਜਾ ਸਕਦੀ ਹੈ। ਇਹ ਫ਼ਰਕ ਸੀ ਸੁਰਜੀਤ ਬਰਨਾਲਾ ਦੀ ਹਕੂਮਤ ਵਿਚ ਸਿੱਖਾਂ ਤੇ ਹਿੰਦੂਆਂ ਨਾਲ ਸਲੂਕ ਵਿਚ।

ਤਰਨਤਾਰਨ ਵਿਚ ਦਰਬਾਰ ਸਾਹਿਬ ਨੂੰ ਘੇਰਾ

ਅੱਠ ਮਾਰਚ ਨੂੰ ਤਰਨਤਾਰਨ 'ਚ ਰਜਿੰਦਰ ਸਿੰਘ ਤੇ ਇਕ ਹਿੰਦੂ ਦਰਸ਼ਨ ਲਾਲ ਦਾ ਆਪਸੀ ਝਗੜਾ ਹੋਇਆ। ਇਹ ਝਗੜਾ ਨਾ ਧਾਰਮਿਕ ਸੀ ਤੇ ਨਾ ਸਿਆਸੀ ਸੀ। ਸੀ.ਆਰ.ਪੀ.ਐਫ਼. ਨੇ ਇਸ ਬਹਾਨੇ ਦਰਬਾਰ ਸਾਹਿਬ ਤਰਨਤਾਰਨ ਗੁਰਦੁਆਰੇ ਦੀ ਨਾਕਾਬੰਦੀ ਕਰ ਦਿਤੀ। ਡੇਢ ਦੋ ਘੰਟੇ ਗੁਰਦੁਆਰੇ ਨੂੰ ਘੇਰੀ ਰੱਖਿਆ।

ਕਪੂਰਥਲਾ ਵਿਚ ਸ਼ਿਵ ਸੈਨਾ ਵੱਲੋਂ ਹਮਲਾ

9 ਮਾਰਚ ਨੂੰ ਕਪੂਰਥਲਾ ਵਿਚ ਸ਼ਿਵ ਸੈਨਾ ਨੇ ਕੋਤਵਾਲੀ 'ਤੇ ਹਮਲਾ ਕੀਤਾ ਅਤੇ ਪੈਟਰੋਲ ਬੰਬ ਸੁੱਟੇ। ਉਨ੍ਹਾਂ ਨੇ ਗ੍ਰਿਫ਼ਤਾਰ ਕੀਤੇ ਦੋ ਦਹਿਸ਼ਤਗਰਦ ਹਿੰਦੂਆਂ ਦੀ ਰਿਹਾਈ ਦੀ ਮੰਗ ਕੀਤੀ। ਅਗਲੇ ਦਿਨ ਹੀ ਉਹ ਦਹਿਸ਼ਤਗਰਦ ਹਿੰਦੂ ਰਿਹਾ ਕਰ ਦਿਤੇ ਗਏ। ਇਹ ਫ਼ਰਕ ਸੀ ਬਰਨਾਲਾ ਦੀ ਹਕੂਮਤ ਵਿਚ ਸਿੱਖਾਂ ਤੇ ਹਿੰਦੂਆਂ ਨਾਲ ਸਲੂਕ ਵਿਚ।

ਖਾੜਕੂਆਂ ਦੇ ਟੱਬਰਾਂ 'ਤੇ ਜ਼ੁਲਮ

ਸੁਰਜੀਤ ਸਿੰਘ ਬਰਨਾਲਾ ਦੀ ਅਕਾਲੀ ਸਰਕਾਰ ਨੇ ਖਾੜਕੂ ਸਿੱਖਾਂ ਦੇ ਟੱਬਰਾਂ ਨੂੰ ਮੀਰ ਮੰਨੂ ਦੇ ਵੇਲੇ ਵਰਗੇ ਤਸੀਹੇ ਦੇਣੇ ਸ਼ੁਰੂ ਕਰ ਦਿਤੇ। ਕਾਂਗਰਸੀ ਚੀਫ਼ ਮਨਿਸਟਰ ਦਰਬਾਰਾ ਸਿੰਘ ਵੇਲੇ (1981 ਵਿਚ) ਸਿਰਫ਼ ਕੁਝ ਸਿੱਖਾਂ ਦੇ ਟੱਬਰਾਂ 'ਤੇ ਜ਼ੁਲਮ ਕੀਤਾ ਗਿਆ ਸੀ। ਹੁਣ ਤਾਂ ਬਹੁਤ ਸਾਰੇ ਸਿੱਖਾਂ ਦੇ ਟੱਬਰਾਂ ਨੂੰ ਨਾਜਾਇਜ਼ ਹਿਰਾਸਤ ਵਿਚ ਲੈ ਕੇ ਉਨ੍ਹਾਂ 'ਤੇ ਕੈਦ ਵਿਚ ਅਜਿਹਾ ਜ਼ੁਲਮ ਫੇਰ ਸ਼ੁਰੂ ਹੋ ਗਿਆ। 10 ਮਾਰਚ ਨੂੰ ਪਟਿਆਲੇ 'ਚ ਸੁਰਿੰਦਰ ਸਿੰਘ ਛਿੰਦੀ ਦਾ ਟੱਬਰ ਵੀ ਪੁਲੀਸ ਨੇ ਨਾਜਾਇਜ਼ ਹਿਰਾਸਤ ਵਿਚ ਲੈ ਲਿਆ। 13 ਮਾਰਚ ਨੂੰ ਬਟਾਲੇ ਕੋਲ ਕਿਲ੍ਹਾ ਨਾਹਰ ਸਿੰਘ ਨੇੜੇ ਸੁਖਚੈਣ ਸਿੰਘ (ਭਾਗੋਵਾਲ), ਬਲਦੇਵ ਸਿੰਘ (ਘੁਮੰਡ ਖੁਰਦ), ਲਖਵਿੰਦਰ ਸਿੰਘ (ਭਾਗਗੜ੍ਹ) ਗ੍ਰਿਫ਼ਤਾਰ ਕਰ ਗਏ। ਉਨ੍ਹਾਂ ਉੱਤੇ ਕਤਲਾਂ ਦੇ ਕੇਸ ਪਾ ਦਿਤੇ ਗਏ। ਪਰ ਬਠਿੰਡੇ ਦੇ ਅਖ਼ਬਾਰ

ਨਵੀਸ ਦਲਬੀਰ ਸਿੰਘ (ਪਤਰਕਾਰ) ਤੋਂ ਸਾਰੇ ਕੇਸ ਵਾਪਿਸ ਲੈ ਲਏ ਗਏ। ਉਸ ਉੱਤੇ 302 ਦੇ ਦੋ, 307 ਦਾ ਇਕ ਤੇ ਅਸਲਾ ਐਕਟ ਹੇਠ ਕਈ ਝੂਠੇ ਮੁਕੱਦਮੇ ਦਰਜ ਸਨ।

ਦਹਿਸ਼ਤਗਰਦ ਹਿੰਦੂਆਂ ਵੱਲੋਂ ਬਜਰੰਗ ਸਿੰਹ ਉੱਤੇ ਗੋਲੀ

ਦਿੱਲੀ ’ਚ ਨਵੰਬਰ 1984 ਵਿਚ ਕਾਂਗ੍ਰਸੀਆਂ ਵਲੋਂ ਸਿੱਖਾਂ ਦੇ ਕਤਲੇਆਮ ਕਰਨ ਅਤੇ ਉਨ੍ਹਾਂ ਉੱਤੇ ਨਾਜ਼ੀਆਂ ਤੋਂ ਵੀ ਵੱਧ ਦਰਿੰਦਗੀ ਵਾਲੇ ਜ਼ੁਲਮ ਕਰਨ ਬਾਰੇ ਬਣੇ, ਹੰਝੂ ਪੂੰਝਣ ਵਾਲੇ, ਦਿਖਾਵੇ ਦੇ, ‘ਮਿਸ਼ਰਾ ਕਮਿਸ਼ਨ’ ਕੋਲ, ਸਿੱਖਾਂ ਦੇ ਕਾਤਲਾਂ ਬਾਰੇ ਬਿਆਨ ਦੇਣ ਵਾਸਤੇ ਜਾ ਰਹੇ ਗਵਾਹ ਬਜਰੰਗ ਸਿੰਹ/ਬਲੀ ਐਡਵੋਕੇਟ ਉੱਤੇ ਹਿੰਦੂ ਦਹਿਸ਼ਤਗਰਦਾਂ ਨੇ ਗੋਲੀ ਚਲਾਈ ਤਾਂ ਜੋ ਉਹ ਸਿੱਖਾਂ ਦੇ ਕਾਤਲਾਂ ਦੇ ਖ਼ਿਲਾਫ਼ ਬਿਆਨ ਨਾ ਦੇ ਸਕੇ।

ਜਲੰਧਰ ’ਚ ਹਿੰਦੂ ਦਹਿਸ਼ਤਪਸੰਦਾਂ ਦੀ ਹੁੱਲੜਬਾਜ਼ੀ ਤੇ ਗੁੰਡਾਗਰਦੀ

12 ਮਾਰਚ ਨੂੰ ਜਲੰਧਰ ਦੇ ਇਕ ਫ਼ਿਰਕਾਪ੍ਰਸਤ ਵਕੀਲ ਤਰਸੇਮ ਪ੍ਰਕਾਸ਼ ਨੂੰ ਖਾੜਕੂਆਂ ਨੇ ਕਤਲ ਕਰ ਦਿੱਤਾ। 13 ਮਾਰਚ ਨੂੰ ਉਸ ਦੀ ਲਾਸ਼ ਮਗਰ ਜਾਂਦੀ ਹਿੰਦੂ ਭੀੜ ਨੇ ਸਿੱਖਾਂ ਉੱਤੇ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕੀਤੇ। ਇਸ ਭੀੜ ਦੇ ਅੱਗੇ-ਪਿੱਛੇ ਅਤੇ ਆਲੇ-ਦੁਆਲੇ ਸੀ.ਆਰ.ਪੀ.ਐਫ਼. ਚਲ ਰਹੀ ਸੀ। ਉਸ ਦੇ ਸਾਹਮਣੇ ਹੀ ਰੌਣਕ ਬਾਜ਼ਾਰ ’ਚ ਗੁਰਮੁਖ ਸਿੰਘ ਦੀ ‘ਮਨਜੀਤ ਸ਼ੂ ਸਟੋਰ’ ਲੁੱਟ ਲਈ ਗਈ; ਅਮਾਮ ਨਾਸਰ ਮਸਜਿਦ ਨੇੜੇ ਐਚ.ਐਸ. ਕੁਲਫ਼ੀ ਹਾਊਸ ’ਤੇ ਪਥਰਾਅ ਕੀਤਾ ਗਿਆ; ਹਰਨਾਮਦਾਸ ਪੁਰਾ ਗੁਰਦੁਆਰੇ ਉੱਤੇ ਹਮਲਾ ਕੀਤਾ ਗਿਆ ਪਰ ਪੁਲੀਸ ਨੇ ਇਨ੍ਹਾਂ ਦਸ਼ਿਤਗਰਦ ਹਿੰਦੂਆਂ ਨੂੰ ਕੁਝ ਨਾ ਕਿਹਾ। 15 ਮਾਰਚ ਨੂੰ ਅਸਥੀਆਂ ਲੈਣ ਜਾਂਦੇ ਦਹਿਸ਼ਤਗਰਦ ਹਿੰਦੂਆਂ ਨੇ ਰੈਣਕ ਬਾਜ਼ਾਰ ’ਚ ਪ੍ਰੀਤਮ ਸਿੰਘ ਡੇਅਰੀ ਵਾਲੇ ’ਤੇ ਹਮਲਾ ਕੀਤਾ ਤੇ ਕਈ ਹੋਰ ਸਿੱਖ ਦੁਕਾਨਦਾਰਾਂ ਨੂੰ ਗਾਲ੍ਹਾਂ ਕੱਢੀਆਂ ਅਤੇ ਦੁਕਾਨਾਂ ਸਾੜਨ ਦੀਆਂ ਧਮਕੀਆਂ ਦਿਤੀਆਂ।

17 ਮਾਰਚ ਨੂੰ ਜਲੰਧਰ ਵਿਚ ਸਿੱਖਾਂ ਉੱਤੇ ਫਿਰ ਹਮਲੇ ਕੀਤੇ ਗਏ। ਮਾਈ ਹੀਰਾਂ ਗੇਟ, ਐਸ.ਐਸ.ਪੀ. ਦੇ ਦਫ਼ਤਰ ਦੇ ਬਾਹਰ ਅਤੇ ਸ਼ਿਵ ਬਾੜੀ ਮੁਹੱਲੇ ’ਚ ਸਿੱਖਾਂ ਉੱਤੇ ਹਮਲੇ ਹੋਏ। ਫਗਵਾੜਾ ਗੇਟ ’ਚ ‘ਕਾਲਜੀਏਟ ਚੇਨ ਰਿਪੇਅਰ’ ਵਾਲਾ ਗੁਰਦੇਵ ਸਿੰਘ ਕੁੱਟ ਕੇ ਜ਼ਖ਼ਮੀ ਕਰ ਦਿਤਾ ਗਿਆ। (ਇਹ ਦਿਲਚਸਪ ਗੱਲ ਹੈ ਕਿ ਇਹ ਗੁਰਦੇਵ ਸਿੰਘ ਸੁਰਜੀਤ ਬਰਨਾਲੇ ਦਾ ਵੱਡਾ ਚਾਪਲੂਸ ਸੀ)। 18 ਮਾਰਚ ਨੂੰ ਹਿੰਦੂਆਂ ਵੱਲੋਂ ਜਲੰਧਰ ’ਚ ਸਿੱਖਾਂ ਦੀਆਂ ਕੁਝ ਦੁਕਾਨਾਂ ਨੂੰ ਅੱਗ ਲਾਈ ਗਈ। ਜੱਗੂ ਚੌਕ ’ਚ ਹਰਮਿੰਦਰ ਸਿਲਕ ਸਟੋਰ ਸਾੜ ਦਿਤਾ ਗਿਆ। 24 ਮਾਰਚ ਨੂੰ ਦੇਵੀ ਤਲਾਅ ਜਲੰਧਰ ਕੋਲ ਹਿੰਦੂ ਦਹਿਸ਼ਤਗਰਦਾਂ ਨੇ ਪੁਲੀਸ ’ਤੇ ਪਥਰਾਓ ਕੀਤਾ। ਇਸ ਦੇ ਬਾਵਜੂਦ ਜਲੰਧਰ ’ਚ ਕਿਸੇ ਵੀ ਹਿੰਦੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਕਿਸੇ ’ਤੇ ਕੋਈ ਮੁਕੱਦਮਾ ਦਰਜ ਨਹੀਂ ਕੀਤਾ ਗਿਆ! ਸੀ.ਆਰ.ਪੀ.ਐਫ਼. ਹਰ ਇਕ ਮੌਕੇ ’ਤੇ ਹਿੰਦੂ ਦਹਿਸ਼ਤਗਰਦਾਂ ਦੀ ਸ਼ਰੇਆਮ ਮਦਦਗਾਰ ਹੁੰਦੀ ਰਹੀ।

ਬਟਾਲੇ ’ਚ ਸਿੱਖਾਂ ’ਤੇ ਜ਼ੁਲਮ

15 ਮਾਰਚ ਨੂੰ ਦਹਿਸ਼ਤਗਰਦ ਹਿੰਦੂਆਂ ਨੇ ਬਟਾਲੇ ਦੇ ਗੁਰਦੁਆਰਾ ਸਤਿਕਰਤਾਰੀਆ ਉੱਤੇ ਬੰਬ ਸੁਟੇ। ਇਸ ਗੁਰਦੁਆਰੇ ਦੇ ਦੁਆਲੇ ਚੌਵੀ ਘੰਟੇ ਸੀ.ਆਰ.ਪੀ.ਐਫ਼. ਹਾਜ਼ਿਰ ਰਹਿੰਦੀ ਸੀ।

ਸਿੱਖਾਂ ਨੇ ਬੰਬ ਸੁੱਟਣ ਵਾਲੇ ਹਿੰਦੂਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਉਲਟਾ ਪੁਲੀਸ ਨੇ ਕਾਲਾ ਅਫ਼ਗਾਨਾ ਕਾਲਜ ਦੇ ਸਿੱਖ ਮੁੰਡੇ ਕੁਲਦੀਪ ਸਿੰਘ, ਬਲਵਿੰਦਰ ਸਿੰਘ, ਕੁਲਵੰਤ ਸਿੰਘ ਤੇ ਹੋਰਾਂ ਨੂੰ ਫੜ ਕੇ ਕੁੱਟਿਆ ਵੀ ਅਤੇ ਬਾਅਦ ’ਚ ਗ੍ਰਿਫ਼ਤਾਰੀ ਵੀ ਪਾ ਦਿਤੀ। ਹਿੰਦੂਆਂ ਨੇ ਫ਼ਿਰਕਾਪ੍ਰਸਤ ਸੀ.ਆਰ.ਪੀ.ਐਫ਼. ਦੀ ਮਦਦ ਨਾਲ ਗੁਰਦੁਆਰੇ ਉੱਤੇ ਫ਼ਾਇਰਿੰਗ ਵੀ ਕੀਤੀ। ਸਿੱਖਾਂ ਵਲੋਂ ਪ੍ਰੋਟੈਸਟ ਕਰਨ ’ਤੇ ਇਕ ਹਿੰਦੂ ਡੀ.ਐਸ.ਪੀ. ਪਰਮਾ ਨੰਦ ਨੇ ਇਹ ਮੰਨਿਆ ਕਿ ਸੀ.ਆਰ.ਪੀ.ਐਫ਼. ਦਾ ਕਮਾਂਡਰ ਸ਼ਰਮਾ ਜ਼ਿਆਦਤੀਆਂ ਕਰ ਤੇ ਕਰਵਾ ਰਿਹਾ ਹੈ। ਪਰ ਉਸ ’ਤੇ ਕਦੇ ਵੀ ਕੋਈ ਵੀ ਐਕਸ਼ਨ ਕੋਈ ਨਾ ਲਿਆ ਗਿਆ।

17 ਮਾਰਚ ਨੂੰ ਹਿੰਦੂਆਂ ਨੇ ਸਿੱਖਾਂ ਉਤੇ ਫੇਰ ਫ਼ਾਇਰਿੰਗ ਕੀਤੀ। ਇਸ ਨਾਲ ਈਸ਼ਵਰਜਨ ਪਾਲ ਸਿੰਘ ਅਤੇ ਛਿੰਦੇ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਹਰਮਿੰਦਰ ਸਿੰਘ, ਗੁਰਦੀਪ ਸਿੰਘ, ਅਮਰੀਕ ਸਿੰਘ, ਕਿਰਪਾਲ ਸਿੰਘ, ਲਖਵਿੰਦਰ ਸਿੰਘ, ਹਰਭਜਨ ਸਿੰਘ, ਬਲਦੇਵ ਸਿੰਘ, ਗੁਰਦੀਪ ਸਿੰਘ ਵਗ਼ੈਰਾ ਜ਼ਖ਼ਮੀ ਹੋਏ। ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ ਸਿੱਖਾਂ ਦੀ ਸੁਣਵਾਈ ਤਕ ਕਰਨ ਤੋਂ ਨਾਂਹ ਕਰ ਦਿਤੀ। ਜਦ ਅਖੌਤੀ ‘ਅਕਾਲੀ’ ਸਰਕਾਰ ਨੇ ਦਹਿਸ਼ਤਗਰਦ ਹਿੰਦੂਆਂ ਤੋਂ ਸਿੱਖਾਂ ’ਤੇ ਜ਼ੁਲਮ ਕਰਵਾਉਣੇ ਤੇ ਆਪ ਕਰਨੇ ਬੰਦ ਨਾ ਕੀਤੇ ਤਾਂ ਸਟੂਡੈਂਟਸ ਫ਼ੈਡਰੇਸ਼ਨ ਦੇ ਸੱਦੇ ’ਤੇ 19 ਮਾਰਚ ਨੂੰ ਬਟਾਲੇ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚੋਂ ਸਿੱਖਾਂ ਨੇ ਆ ਕੇ ਕਸਬੇ ਨੂੰ ਘੇਰ ਲਿਆ। ਕਸਬੇ ਵਿਚ ਪੱਠੇ, ਦੁਧ, ਸਬਜ਼ੀਆਂ, ਅਨਾਜ ਆਉਣ ਤੋਂ ਰੋਕ ਦਿਤਾ ਗਿਆ। ਇਹ ਘੇਰਾ ਕਈ ਦਿਨ ਜਾਰੀ ਰਿਹਾ।

ਚੰਡੀਗੜ੍ਹ ਵਿਚ ਅਸੈਂਬਲੀ ਕੋਲ 9 ਸਿੱਖ ਮਾਰੇ

ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਨੇ ਕੀਤੇ ਇਕ ਐਲਾਨ ਮੁਤਾਬਿਕ 21 ਮਾਰਚ ਨੂੰ ਪੰਜਾਬ ਅਸੈਂਬਲੀ ਦਾ ਘੇਰਾਓ ਕੀਤਾ। ਉਨ੍ਹਾਂ ਦੀ ਮੰਗ ਸੀ ਕਿ ਗ੍ਰਿਫ਼ਤਾਰ ਕੀਤੇ ਹੋਏ ਸਿੱਖਾਂ ਨੂੰ ਰਿਹਾ ਕੀਤਾ ਜਾਵੇ ਤੇ ‘ਧਰਮੀ’ ਫ਼ੌਜੀਆਂ ਦੀ ਬਹਾਲੀ ਕੀਤੀ ਜਾਵੇ। ਬਾਕੀ ਸਿੱਖ ਪਾਰਟੀਆਂ ਨੇ ਵੀ ਬਾਬਾ ਦਲ ਨਾਲ ਮਿਲਵਰਤਣ ਕੀਤਾ। ਐਮ.ਐਲ.ਏ. ਫ਼ਲੈਟਸ ਕੋਲ ਬੀ.ਐਸ.ਐਫ਼. ਦੇ ਹਿੰਦੂ ਅਫ਼ਸਰਾਂ ਨੇ ਬੇਵਜਹ ਗੋਲੀਆਂ ਚਲਾ ਕੇ 9 ਸਿੱਖ ਮਾਰ ਦਿਤੇ ਤੇ 60 ਫੱਟੜ ਕਰ ਦਿਤੇ। ਇਨ੍ਹਾਂ ਵਿਚ ਸੁਖਦੇਵ ਸਿੰਘ (ਅਗੇਜੋ), ਬਲਕਾਰ ਸਿੰਘ, ਹਿੰਮਤ ਸਿੰਘ (ਨਿੱਕੋਸਰਾਏ), ਲਖਾ ਸਿੰਘ (ਜਮਾਲਪੁਰ), ਜੀਵਨ ਸਿੰਘ (ਮੋਗਾ), ਜੀਤ ਸਿੰਘ (ਰੋਡੇ), ਗੁਰਬਚਨ ਸਿੰਘ, ਗੁਰਦੇਵ ਸਿੰਘ ਤੇ ਸਤਨਾਮ ਸਿੰਘ ਨਿਪਾਲ (ਤਿੰਨੇ ਅੰਮ੍ਰਿਤਸਰ), ਗੁਰਦੇਵ ਸਿੰਘ (ਮਸ਼ੇਹਰੀ ਸਿਧਵਾਂ), ਆਤਮਾ ਸਿੰਘ (ਨੌਸ਼ਹਿਰਾ ਪੰਨਵਾਂ), ਜਰਨੈਲ ਸਿੰਘ ਤੇ ਮਲੂਕ ਸਿੰਘ (ਦੋਵੇਂ ਲੁਧਿਆਣਾ), ਗੁਰਬਚਨ ਸਿੰਘ (ਡਰੋਲੀ ਭਾਈ), ਜਸਵੰਤ ਸਿੰਘ (ਲੁਧਿਆਣਾ) ਸਰਬਜੀਤ ਸਿੰਘ (ਕੋਕਰੀ ਕਲਾਂ) ਸਵਰਨ ਸਿੰਘ ਮਹਿਲ (ਹਰੀਕੇ), ਰੁਪਿੰਦਰ ਸਿੰਘ ਚੰਦਰਾ (ਲੁਧਿਆਣਾ) ਤੇ ਚਰਨ ਸਿੰਘ ਬ੍ਰਹਮਪੁਰਾ (ਅੰਮ੍ਰਿਤਸਰ) ਸ਼ਾਮਿਲ ਸਨ।

ਅੰਬਾਲੇ ਵਿਚ 8 ਸਿੱਖਾਂ ਦੀਆਂ ਦੁਕਾਨਾਂ ਸਾੜੀਆਂ

21 ਮਾਰਚ ਨੂੰ ਅੰਬਾਲੇ ’ਚ ਹਿੰਦੂ ਦਹਿਸ਼ਤਗਰਦਾਂ ਨੇ 8 ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਾਈ। ਇਸ ਸਿਲਸਿਲੇ ਵਿਚ ਕਿਸੇ ਹਿੰਦੂ ਦੀ ਗ੍ਰਿਫ਼ਤਾਰੀ ਵੀ ਨਹੀਂ ਕੀਤੀ ਗਈ।

ਹਰਭਜਨ ਸਿੰਘ ਮੰਡ ਸੀ.ਆਰ.ਪੀ. ਨਾਲ ਮੁਕਾਬਲੇ 'ਚ ਸ਼ਹੀਦ

24 ਮਾਰਚ 1986 ਦੇ ਦਿਨ ਸ. ਹਰਭਜਨ ਸਿੰਘ ਮੰਡ, ਜੋ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੋਢੀਆਂ ਵਿਚੋਂ ਇਕ ਸਨ, ਸੀ.ਆਰ.ਪੀ.ਐਫ਼. ਨਾਲ ਕੱਥੂ ਨੰਗਲ ਨੇੜੇ ਹੋਏ ਇਕ ਮੁਕਾਬਲੇ ਵਿਚ ਸ਼ਹੀਦ ਹੋ ਗਏ। (ਮਗਰੋਂ, 1989 ਵਿਚ, ਉਨ੍ਹਾਂ ਦਾ ਭਰਾ ਧਿਆਨ ਸਿੰਘ ਮੰਡ, ਫ਼ਿਰੋਜ਼ਪੁਰ ਤੋਂ ਐਮ.ਪੀ. ਬਣਿਆ ਸੀ)।

ਅਨੰਦਪੁਰ 'ਚ ਬਰਨਾਲੇ ਨੇ 12 ਸਿੱਖ ਮਾਰੇ

25 ਮਾਰਚ ਨੂੰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਭਿੰਡਰਾਂ-ਮਹਿਤਾ ਜੱਥਾ ਦੇ ਭਾਈ ਮੋਹਕਮ ਸਿੰਘ ਨੂੰ ਭੁਪਿੰਦਰ ਸਿੰਘ ਕੰਢੀ ਤੇ ਦੋ ਹੋਰ ਸਾਥੀਆਂ ਸਮੇਤ ਬਿਆਸ ਕੋਲ ਗ੍ਰਿਫ਼ਤਾਰ ਕਰ ਲਿਆ। ਫ਼ੈਡਰੇਸ਼ਨ ਨੇ ਸਰਕਾਰ ਨੂੰ ਵਾਰਨਿੰਗ ਦਿਤੀ ਕਿ ਜੇ ਭਾਈ ਮੋਹਕਮ ਸਿੰਘ ਨੂੰ ਰਿਹਾ ਨਾ ਕੀਤਾ ਗਿਆ ਤਾਂ ਅਸੀਂ ਹੋਲੇ ਮੁਹੱਲੇ 'ਤੇ, 26 ਮਾਰਚ ਨੂੰ, ਅਨੰਦਪੁਰ ਸਾਹਿਬ 'ਚ ਸੁਰਜੀਤ ਬਰਨਾਲੇ ਨੂੰ ਤਕਰੀਰ ਨਹੀਂ ਕਰਨ ਦਿਆਂਗੇ। ਬਰਨਾਲੇ ਨੇ ਇਸ ਦੀ ਪਰਵਾਹ ਨਾ ਕਰਦਿਆਂ ਆਪਣੀ ਧੌਂਸ ਕਾਇਮ ਰੱਖੀ। ਉਂਞ ਸੀ.ਆਈ.ਡੀ. ਨੇ ਬਰਨਾਲੇ ਦੇ ਵਜ਼ੀਰਾਂ ਨੂੰ ਖ਼ਬਰਦਾਰ ਕਰ ਦਿਤਾ ਸੀ ਕਿ ਕੋਈ ਵਜ਼ੀਰ ਜਾਂ ਅਕਾਲੀ ਆਗੂ ਉੱਥੇ ਨਾ ਜਾਵੇ। ਇਸ ਮੌਕੇ 'ਤੇ ਸੜਕ ਤੋਂ ਕੇਸਗੜ੍ਹ ਤਕ ਸਾਰੇ ਪਾਸੇ ਸੀ.ਆਰ.ਪੀ.ਐਫ਼. ਦਾ ਘੇਰਾ ਸੀ। ਦੂਜੇ ਪਾਸੇ ਖਾੜਕੂਆਂ ਨੇ ਵੀ ਆਪਣਾ ਐਲਾਨ ਪੂਰਾ ਕਰਨ ਦਾ ਫੈਸਲਾ ਕਰ ਲਿਆ ਸੀ। 26 ਮਾਰਚ ਨੂੰ ਅਨੰਦਪੁਰ ਸਾਹਿਬ ਵਿਚ ਜਦੋਂ ਬਰਨਾਲਾ ਸਟੇਜ ਵਲ ਵਧਿਆ ਤਾਂ ਸਿੱਖਾਂ ਨੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ। ਫ਼ੈਡਰੇਸ਼ਨ ਦੇ ਪੰਡਾਲ ਵਿਚੋਂ ਵੀ ਕਈ ਸਿੱਖ ਨੌਜਵਾਨ ਬਰਨਾਲੇ ਦੇ ਪੰਡਾਲ ਵਲ ਤੁਰ ਪਏ। ਇਸ 'ਤੇ ਪੁਲੀਸ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। 13 ਅਪ੍ਰੈਲ 1919 ਦੇ ਦਿਨ ਜਲ੍ਹਿਆਂ ਵਾਲਾ ਬਾਗ਼ ਵਿਚ ਹੋਏ ਗੋਲੀਕਾਂਡ ਵਰਗੀ ਗੋਲਾਬਾਰੀ ਵਿਚ 12 ਸਿੱਖ ਮਾਰੇ ਗਏ ਅਤੇ 50 ਜ਼ਖ਼ਮੀ ਹੋਏ। ਇਨ੍ਹਾਂ ਵਿਚੋਂ ਕੁਝ ਨਾਂ ਹੇਠ ਲਿਖੇ ਸਨ: ਮੇਜਰ ਸਿੰਘ (ਸਾਲਚਕ), ਮਹਿੰਗਾ ਸਿੰਘ, (ਪਟਿਆਲ), ਰਜਿੰਦਰ ਸਿੰਘ (ਮਿਲਵਾਲਾ), ਗੁਰਮੀਤ ਸਿੰਘ (ਹਰਤਾ), ਗੁਰਨਾਮ ਸਿੰਘ (ਮਾਨਸਾ), ਅਵਤਾਰ ਸਿੰਘ (ਪਠਾਣ ਮਾਜਰਾ), ਹਰਨੇਕ ਸਿੰਘ (ਭੁੱਲਰਬੇਟ), ਕੁਲਵਿੰਦਰ ਸਿੰਘ ਲੱਕੀ (ਪਲੇਰੀ ਜਲੰਧਰ ਛਾਵਣੀ), ਲਖਾ ਸਿੰਘ (ਮਨੀਪੁਰ ਕਾਲਾ), ਪੂਰਨ ਸਿੰਘ (ਅਲੂਵਾਲ ਧਾਰੀਵਾਲ), ਸੁਖਵਿੰਦਰ ਸਿੰਘ (ਖਾਬਲਾ), ਬਲਵਿੰਦਰ ਕੌਰ ਪੂਨਮ (ਗੜ੍ਹਸ਼ੰਕਰ), ਸਤਨਾਮ ਸਿੰਘ (ਖਿੰਡਾ), ਲਾਲ ਸਿੰਘ (ਜਗਰਾਓ), ਕੁਲਦੀਪ ਸਿੰਘ (ਲੋਧੀ ਮਾਜਰਾ), ਕੁਲਦੀਪ ਸਿੰਘ (ਇਕ ਹੋਰ), ਗੁਰਮੀਤ ਸਿੰਘ ਵਗੈਰਾ। ਸਿੱਖਾਂ ਦੇ ਕਤਲੇਆਮ ਤੋਂ ਬਾਅਦ ਬਰਨਾਲੇ ਨੇ ਉਲਟਾ ਬਿਆਨ ਦਿਤਾ ਕਿ 'ਗੜਬੜ ਕਰਨ ਵਾਲੇ ਕੁਚਲ ਦਿਆਂਗਾਂ।' ਇਸ ਮਗਰੋਂ ਅਨੰਦਪੁਰ ਸਾਹਿਬ 'ਚ ਕਰਫ਼ਿਊ ਲਾ ਦਿਤਾ ਗਿਆ ਜਿਹੜਾ 31 ਮਾਰਚ ਤਕ (ਪੰਜ ਦਿਨ) ਜਾਰੀ ਰਿਹਾ।

ਜ਼ਾਲਮ ਪੁਲੀਸ ਅਫ਼ਸਰ ਪੰਜਾਬ ਪੁਲੀਸ ਦਾ ਚੀਫ਼ ਬਣਾਇਆ

ਸੁਰਜੀਤ ਬਰਨਾਲਾ ਨੇ ਏਥੇ ਹੀ ਬਸ ਨਹੀਂ ਕੀਤੀ। ਉਸ ਨੇ, ਰਾਜੀਵ ਗਾਂਧੀ ਦੇ ਹੁਕਮ ਹੇਠ, ਇਕ 'ਬੁੱਚੜ' ਜਾਣੇ ਜਾਂਦੇ ਪੁਲੀਸ ਅਫ਼ਸਰ, ਜੂਲੀਓ ਰਬੈਰੋ ਨੂੰ 28 ਮਾਰਚ 1986 ਨੂੰ ਪੰਜਾਬ ਦਾ ਆਈ.ਜੀ. ਪੁਲੀਸ ਬਣਾ ਕੇ ਲੈ ਆਂਦਾ। ਰਬੈਰੋ ਨੇ, ਸਿੱਖਾਂ ਵਿਚ ਦਹਿਸ਼ਤ ਫੈਲਾਉਣ ਵਾਸਤੇ,

ਪਹਿਲੇ ਦਿਨ ਹੀ 15 ਨੌਜਵਾਨ ਘਰਾਂ ਵਿਚੋਂ ਫੜ ਕੇ ਮਾਰ ਦਿੱਤੇ। ਹੁਣ ਇਹ ਸਿਲਸਿਲਾ ਬਾਕਾਇਦਾ ਸ਼ੁਰੂ ਹੋ ਗਿਆ। ਰਬੈਰੋ ਨੇ 10 ਅਪ੍ਰੈਲ ਨੂੰ ਇਕ ਬਿਆਨ ਵਿਚ ਐਲਾਨ ਕੀਤਾ ਕਿ ਮੈਂ ਖਾੜਕੂਆਂ ਨੂੰ ਗ੍ਰਿਫ਼ਤਾਰ ਨਹੀਂ ਕਰਾਂਗਾ ਅਤੇ "ਗੋਲੀ ਦਾ ਜਵਾਬ ਗੋਲੀ 'ਚ ਦਿੱਤਾ ਜਾਵੇਗਾ।" ਮਨਜੀਤ ਸਿੰਘ ਕਲਕੱਤਾ ਅਤੇ ਹੋਰ ਅਕਾਲੀ ਆਗੂਆਂ ਨੇ ਇਸ ਬਿਆਨ ਦੀ ਜ਼ਬਰਦਸਤ ਨਿੰਦਾ ਕੀਤੀ (ਪਰ ਫਿਰ ਵੀ ਉਹ ਇਸ ਦਲ ਦੇ ਨਾਲ ਰਹੇ ਤੇ ਸਰਕਾਰ ਦੇ ਪੂਰੇ ਹਿਮਾਇਤੀ ਰਹੇ)। ਪਰ, ਇਸ ਦੇ ਬਾਵਜੂਦ ਬਰਨਾਲਾ ਅਤੇ ਕੈਪਟਨ ਕੰਵਲਜੀਤ ਨੇ ਰਬੈਰੋ ਵਲੋਂ ਕੀਤੇ ਜਾ ਰਹੇ ਕਤਲਾਂ ਦੀ ਪੂਰੀ ਹਿਮਾਇਤ ਜਾਰੀ ਰਖੀ।

ਖਾੜਕੂਆਂ ਵੱਲੋਂ ਲੁਧਿਆਣੇ ਵਿਚ ਹਿੰਦੂ ਦਹਿਸ਼ਤਗਰਦ ਕਤਲ

ਪੰਜਾਬ ਵਿਚ ਹਰ ਪਾਸੇ ਹਿੰਦੂਆਂ ਦੇ ਸਿੱਖਾਂ 'ਤੇ ਹਮਲੇ ਜਾਰੀ ਸਨ। ਹਰਿਆਣੇ 'ਚ ਸਿੱਖਾਂ 'ਤੇ ਜਿਸਮਾਨੀ ਹਮਲੇ ਅਤੇ ਉਨ੍ਹਾਂ ਦੇ ਅਦਾਰਿਆਂ ਨੂੰ ਅੱਗਾਂ ਲਾਉਣਾ ਮਾਮੂਲੀ ਗੱਲ ਸੀ। ਬਟਾਲਾ, ਜਲੰਧਰ, ਨਕੋਦਰ, ਅੰਬਾਲਾ, ਜਮਨਾਨਗਰ 'ਚ ਦਰਜਨ ਤੋਂ ਵਧ ਸਿੱਖ ਮਾਰੇ ਜਾ ਚੁਕੇ ਸੀ ਅਤੇ ਉਨ੍ਹਾਂ ਦੀਆਂ 25 ਤੋਂ ਵਧ ਦੁਕਾਨਾਂ ਸਾੜੀਆਂ ਜਾ ਚੁਕੀਆਂ ਸਨ। ਇਸ ਦਾ ਜਵਾਬ ਦੇਣ ਵਾਸਤੇ ਖਾੜਕੂਆਂ ਨੇ 28 ਮਾਰਚ ਨੂੰ ਲੁਧਿਆਣੇ ਦੇ ਦਰੇਸੀ ਇਲਾਕੇ ਵਿਚ, ਸ਼ਿਵਸੈਨਾ ਦੇ ਹਿੰਦੂ ਦਹਿਸ਼ਤਗਰਦਾਂ ਦੇ ਇਕ ਟਰੇਨਿੰਗ ਕੈਂਪ 'ਤੇ ਹਮਲਾ ਕਰ ਕੇ, 10 ਹਿੰਦੂ ਮਾਰ ਦਿਤੇ। ਇਹ ਕਾਰਵਾਈ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਨੇ ਕੀਤੀ ਸੀ।

ਅਗਲੇ ਦਿਨ 29 ਮਾਰਚ ਨੂੰ ਹਿੰਦੂਆਂ ਨੇ ਪੰਜਾਬ ਬੰਦ ਦੇ ਨਾਂ 'ਤੇ ਅੱਗਜ਼ਨੀ ਅਤੇ ਪਥਰਾਓ ਕੀਤਾ। ਅੰਮ੍ਰਿਤਸਰ, ਪਠਾਨਕੋਟ, ਹੁਸ਼ਿਆਰਪੁਰ, ਜਲੰਧਰ 'ਚ ਹਿੰਦੂਆਂ ਨੇ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ 'ਤੇ ਹਮਲੇ ਕਰ ਕੇ ਲੁੱਟ-ਮਾਰ ਕੀਤੀ। ਲੁਧਿਆਣੇ 'ਚ ਡੀ.ਸੀ. ਦਾ ਦਫ਼ਤਰ ਸਾੜ ਦਿੱਤਾ। ਅੰਬਾਲੇ 'ਚ 6 ਸਿੱਖ ਦੁਕਾਨਾਂ ਸਾੜ ਦਿੱਤੀਆਂ, ਜਮਨਾਨਗਰ 'ਚ ਹਮਲੇ ਕਰ ਕੇ 25 ਸਿੱਖ ਜ਼ਖ਼ਮੀ ਕੀਤੇ। ਜਮਨਾਨਗਰ 'ਚ 20 ਸਿੱਖਾਂ ਦੀਆਂ ਦੁਕਾਨਾਂ ਵੀ ਸਾੜ ਦਿਤੀਆਂ ਗਈਆਂ। ਇਸ ਸਾਰੀ ਕਾਰਵਾਈ ਵੇਲੇ ਪੁਲੀਸ ਤੇ ਸੀ.ਆਰ.ਪੀ.ਐਫ਼. ਹਾਜ਼ਿਰ ਸਨ। ਉਨ੍ਹਾਂ ਨੇ ਹਿੰਦੂਆਂ ਉੱਤੇ ਕੋਈ ਫ਼ਾਇਰਿੰਗ, ਲਾਠੀਚਾਰਜ, ਅੱਥਰੂ ਗੈਸ ਜਾਂ ਗ੍ਰਿਫ਼ਤਾਰੀ ਦਾ ਐਕਸ਼ਨ ਨਹੀਂ ਕੀਤਾ।

ਨਕਲੀ ਮੁਕਾਬਲੇ 'ਚ ਸਿੱਖਾਂ ਦਾ ਕਤਲ

29 ਮਾਰਚ ਨੂੰ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਤਰਨਤਾਰਨ ਕੋਲ ਪਿੰਡ ਕੈਰੋਂਵਾਲ 'ਚ ਨਵਦੀਪ ਸਿੰਘ ਪੁਤਰ ਅਣੋਖ ਸਿੰਘ ਨੂੰ ਉਸ ਦੇ ਘਰ ਵਿਚ ਹੀ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ। ਇਹ 18 ਸਾਲਾ ਨੌਜਵਾਨ ਫ਼ੈਡਰੇਸ਼ਨ ਦਾ ਵਰਕਰ ਸੀ। 30 ਮਾਰਚ ਨੂੰ ਸੀ.ਆਰ.ਪੀ.ਐਫ਼. ਨੇ ਪਾਂਛਟੇ ਕੋਲ ਓਂਕਾਰ ਸਿੰਘ ਅਤੇ ਇਕ ਹੋਰ ਸਿੱਖ ਗੋਲੀਆਂ ਮਾਰ ਕੇ ਮਾਰ ਦਿੱਤੇ। ਦਿਲੀ 'ਚ ਹਰਵਿੰਦਰ ਸਿੰਘ ਖਾਲਸਾ ਗ੍ਰਿਫ਼ਤਾਰ ਕਰ ਲਿਆ ਗਿਆ। ਖਲਚੀਆਂ ਪੁਲੀਸ ਨੇ ਸੁਰਜੀਤ ਸਿੰਘ ਦੇ ਹਿਰਾਸਤ ਚ ਫਰਾਰ ਹੋਣ ਦਾ ਡਰਾਮਾ ਖੇਡਿਆ ਤੇ ਨਕਲੀ ਪੁਲੀਸ ਮੁਕਾਬਲੇ ਤੋਂ ਪਹਿਲਾਂ ਵਰਗੀ ਕਹਾਣੀ ਦੋਹਰਾਈ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵੰਡੀ ਗਈ

ਦਰਬਾਰ ਸਾਹਿਬ ਦੇ ਹਮਲੇ ਤੋਂ ਮਗਰੋਂ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਬਹੁਤੇ ਆਗੂ ਜੇਲਾਂ ਵਿਚ ਸਨ। ਉਸ ਵਕਤ ਹਰਵਿੰਦਰ ਸਿੰਘ ਖਾਲਸਾ ਬਠਿੰਡਾ ਬਾਹਰ ਸੀ ਤੇ ਮੀਤ ਪ੍ਰਧਾਨ ਹੋਣ ਦੇ ਨਾਤੇ ਉਹ ਐਕਟਿੰਗ ਪ੍ਰਧਾਨ ਵਜੋਂ ਕਾਰਵਾਈ ਕਰਦਾ ਰਿਹਾ ਸੀ। ਇਸ ਮਗਰੋਂ, ਜਦ ਭਿੰਡਰਾਂ ਮਹਿਤਾ ਜਥਾ ਅਤੇ ਫ਼ੈਡਰੇਸ਼ਨ ਦੇ ਕਾਰਕੁੰਨਾਂ ਦਾ 26 ਜਨਵਰੀ 1986 ਦਾ ਦਰਬਾਰ ਸਾਹਿਬ ਦਾ ਇਕੱਠ ਹੋਇਆ ਤਾਂ ਫ਼ੈਡਰੇਸ਼ਨ ਨੂੰ ਮੁੜ ਜਥੇਬੰਦ ਕਰਨ ਦਾ ਫ਼ੈਸਲਾ ਹੋਇਆ। ਇਸ ਵੇਲੇ ਅਤਿੰਦਰਪਾਲ ਸਿੰਘ ਭੂਪਾਲ ਫ਼ੈਡਰੇਸ਼ਨ ਦਾ ਸੀਨੀਅਰ ਮੀਤ ਪ੍ਰਧਾਨ ਸੀ ਪਰ ਉਹ ਇੰਦਰਾ ਕਤਲ ਕੇਸ ਵਿਚ ਵਾਂਟਿਡ ਸੀ ਅਤੇ ਜੂਨੀਅਰ ਮੀਤ ਪ੍ਰਧਾਨ ਹਰਵਿੰਦਰ ਸਿੰਘ ਖਾਲਸਾ ਬਠਿੰਡਾ ਨੇ ਇਕ ਦਿਨ ਹਰਚੰਦ ਸਿੰਘ ਲੌਂਗੋਵਾਲ ਦੇ ਹਕ ਵਿਚ ਬਿਆਨ ਦੇ ਦਿੱਤਾ। ਇਸ ਕਰ ਕੇ ਫ਼ੈਡਰੇਸ਼ਨ ਵਾਲਿਆਂ ਨੇ ਹਰਿੰਦਰ ਸਿੰਘ ਕਾਹਲੋਂ ਨੂੰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਕਨਵੀਨਰ ਬਣਾ ਦਿੱਤਾ ਸੀ। 30 ਮਾਰਚ 1986 ਦੇ ਦਿਨ ਮਨਜੀਤ ਸਿੰਘ ਤੇ ਹਰਮਿੰਦਰ ਸਿੰਘ ਸੰਧੂ ਨੇ ਫ਼ੈਡਰੇਸ਼ਨ ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਨੂੰ ਹਟਾ ਕੇ ਇਕ 'ਪ੍ਰੀਜ਼ੀਡੀਅਮ' ਬਣਾ ਦਿੱਤੀ। ਇਸ ਵਿਚ ਗੁਰਜੀਤ ਸਿੰਘ, ਕੁਲਵੰਤ ਸਿੰਘ ਕੰਵਲ, ਸੁਖਦੇਵ ਸਿੰਘ ਅੱਕਾਂਵਾਲੀ, ਧਰਮਬੀਰ ਸਿੰਘ, ਸੁਖਬੀਰ ਸਿੰਘ ਦਿੱਲੀ ਸ਼ਾਮਿਲ ਸਨ।ਫ਼ੈਡਰੇਸ਼ਨ ਦੀ ਇਕ ਸੱਤ ਮੈਂਬਰੀ ਸਲਾਹਕਾਰ ਕਮੇਟੀ ਵੀ ਬਣਾਈ ਗਈ। ਇਸ ਵਿਚ ਸ਼ਾਮਿਲ ਸਨ: ਦਲਬੀਰ ਸਿੰਘ, (ਪ੍ਰੋ:) ਮਹਿੰਦਰ ਸਿੰਘ ਧਾਲੀਵਾਲ ਅਤਿੰਦਰਪਾਲ ਸਿੰਘ (ਭੋਪਾਲ) ਵਗ਼ੈਰਾ। ਹਰਿੰਦਰ ਸਿੰਘ ਕਾਹਲੋਂ, ਭਗਵਾਨ ਸਿੰਘ ਮੋਕਲ, ਹਰਦੀਪ ਸਿੰਘ ਸਹੋਤਾ, ਹਰਮਿੰਦਰ ਸਿੰਘ ਅਤੇ ਚਰਨਜੀਤ ਸਿੰਘ ਚੰਨੀ (ਜ: ਤਲਵੰਡੀ ਦਾ ਭਤੀਜਾ) ਨੇ ਇਸ ਪ੍ਰੀਜ਼ੀਡੀਅਮ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਤੇ ਆਖਿਆ ਕਿ ਨਵੀਂ ਪ੍ਰੀਜ਼ੀਡੀਅਮ ਦੇ ਬਹੁਤਿਆਂ ਮੈਂਬਰਾਂ ਦਾ ਕਿਰਦਾਰ ਸ਼ੱਕੀ ਹੈ। ਮਗਰੋਂ ਗੁਰਜੀਤ ਸਿੰਘ ਹਰੀਹਰ ਝੋਕ (ਭਤੀਜ ਜੁਆਈ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ) ਨੇ ਵੀ ਇਸ ਨੂੰ ਰੱਦ ਕਰ ਦਿੱਤਾ। ਇਸ ਨਾਲ ਫ਼ੈਡਰੇਸ਼ਨ ਦੋ ਟੁਕੜਿਆਂ ਵਿਚ ਵੰਡੀ ਗਈ। ਉਧਰ 5 ਅਪ੍ਰੈਲ 1986 ਦੇ ਦਿਨ ਮਨਬੀਰ ਸਿੰਘ ਚਹੇੜੂ ਵੱਲੋਂ ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਅਤੇ ਗੁਰਿੰਦਰ ਸਿੰਘ ਭੋਲਾ ਨੂੰ ਪੁਲੀਸ ਹਿਰਾਸਤ ਵਿਚੋਂ ਛੁਡਾਇਆ ਜਾ ਚੁੱਕਾ ਸੀ।

ਉਧਰ 5 ਜੁਲਾਈ ਦੇ ਦਿਨ ਬਰਨਾਲਾ ਸਰਕਾਰ ਨੇ ਹਰਿੰਦਰ ਸਿੰਘ ਕਾਹਲੋਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ 'ਤੇ ਫ਼ੈਡਰੇਸ਼ਨ ਵਰਕਰਾਂ ਨੇ ਮਨਬੀਰ ਸਿੰਘ ਚਹੇੜੂ ਨਾਲ ਸਲਾਹ ਕਰ ਕੇ ਸਰਬਜੀਤ ਸਿੰਘ ਰੋਪੜ ਨੂੰ ਫ਼ੈਡਰੇਸ਼ਨ ਦਾ ਕਨਵੀਨਰ ਐਲਾਨ ਕਰ ਦਿੱਤਾ।ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਚਾਹੁੰਦਾ ਸੀ ਕਿ ਸਰਬਜੀਤ ਸਿੰਘ ਰੋਪੜ ਹਰਮਿੰਦਰ ਸਿੰਘ ਸੰਧੂ, ਰਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਵਿਰਸਾ ਸਿੰਘ ਵਲਟੋਹਾ ਨੂੰ ਫ਼ੈਡਰੇਸ਼ਨ ਵਿਚੋਂ ਕੱਢ ਦੇਵੇ। ਪਰ, ਜਦ ਸਰਬਜੀਤ ਸਿੰਘ ਰੋਪੜ ਨੇ ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਦੀਆਂ ਹਦਾਇਤਾਂ ਹੇਠ ਚੱਲਣ ਤੋਂ ਨਾਂਹ ਕਰ ਦਿੱਤੀ ਤਾਂ ਉਸ ਨੇ ਉਸ ਨੂੰ ਰਸਤੇ ਵਿਚੋਂ ਹਟਾਉਣ ਦੀ ਸਕੀਮ ਬਣਾਈ। ਇਸ ਸਾਜ਼ਸ਼ ਹੇਠ ਉਸ ਦੇ ਖ਼ਿਲਾਫ਼ ਇਹ ਖ਼ਬਰਾਂ ਫੈਲਾਈਆਂ ਗਈਆਂ ਕਿ ਉਹ ਸਰਕਾਰ ਨਾਲ ਮਿਲਿਆ ਹੋਇਆ ਹੈ। ਉਦੋਂ ਮਨਬੀਰ ਸਿੰਘ ਚਹੇੜੂ ਅਜੇ ਗ੍ਰਿਫ਼ਤਾਰ ਨਹੀਂ ਹੋਇਆ ਸੀ। ਉਸ ਨੇ ਸਰਬਜੀਤ ਸਿੰਘ ਰੋਪੜ ਦੇ ਖ਼ਿਲਾਫ਼ ਫ਼ੈਲਾਈਆਂ ਜਾ ਰਹੀਆਂ ਅਫ਼ਵਾਹਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਉਸ ਦਾ ਪੂਰਾ ਪੂਰਾ ਸਾਥ ਦਿੱਤਾ।

ਨਕੋਦਰ ਕਾਂਡ : ਨਕੋਦਰ ਵਿਚ ਸਿੱਖਾਂ ਦੇ ਕਤਲ ਅਤੇ ਸਿੱਖਾਂ 'ਤੇ ਹਿੰਦੂਆਂ ਵਲੋਂ ਕੀਤੇ

ਹਮਲਿਆਂ ਦਾ ਜਵਾਬ ਦੇਣ ਵਾਸਤੇ ਕੁਝ ਖਾੜਕੂਆਂ ਨੇ ਤਿੰਨ ਪਿੰਡਾਂ 'ਚ 8 ਹਿੰਦੂਆਂ ਨੂੰ ਗੋਲੀਆਂ ਮਾਰੀਆਂ। ਇਹ ਐਕਸ਼ਨ ਮੱਲ੍ਹੀਆਂ ਖੁਰਦ, ਮੱਲ੍ਹੀਆਂ ਕਲਾਂ ਅਤੇ ਗਿੱਲ ਪਿੰਡਾਂ ਵਿਚ ਕੀਤਾ ਗਿਆ। ਪੁਲੀਸ ਨੇ ਇਸ ਕੇਸ 'ਚ ਚਾਰ ਸਿੱਖ ਨਾਮਜ਼ਦ ਕੀਤੇ। ਪੁਲੀਸ ਵੱਲੋਂ ਤਿੰਨਾਂ ਦੀ ਗ੍ਰਿਫ਼ਤਾਰੀ ਦਾ ਦਾਅਵਾ ਕੀਤਾ ਗਿਆ ਤੇ ਚੌਥੇ ਸਰਦਾਰ ਮਨਬੀਰ ਸਿੰਘ ਨੂੰ ਫਰਾਰ ਕਰਾਰ ਦੇ ਦਿੱਤਾ।

ਚੰਡੀਗੜ੍ਹ ਗੋਲੀ ਕਾਂਡ ਦੇ ਜ਼ਖ਼ਮੀ ਸਿੱਖ ਗ੍ਰਿਫ਼ਤਾਰ: 30 ਮਾਰਚ ਨੂੰ ਚੰਡੀਗੜ੍ਹ ਦੇ ਹਸਪਤਾਲ ਵਿਚੋਂ 6 ਜ਼ਖ਼ਮੀ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ 'ਤੇ ਗੜਬੜ ਕਰਨ ਦੇ ਮੁਕੱਦਮੇ ਪਾ ਦਿਤੇ ਗਏ। ਜਸਟਿਸ ਅਜੀਤ ਸਿੰਘ ਬੈਂਸ ਨੇ ਆਖਿਆ ਕਿ 'ਪਹਿਲਾਂ ਬੇਵਜਹ ਗੋਲੀ ਚਲਾ ਕੇ ਸਿੱਖਾਂ ਤੇ ਜ਼ੁਲਮ ਕੀਤਾ ਗਿਆ ਸੀ ਅਤੇ ਹੁਣ ਉਲਟਾ ਸਿੱਖ ਹੀ ਗ੍ਰਿਫ਼ਤਾਰ ਕੀਤੇ ਗਏ ਹਨ।' ਇਹ ਗ੍ਰਿਫ਼ਤਾਰੀਆਂ 21 ਮਾਰਚ ਦੇ ਜਲੂਸ ਬਾਰੇ ਕੀਤੀਆਂ ਗਈਆਂ ਸਨ।

ਦਿੱਲੀ ਵਿਚ ਸਰਕਾਰ ਦੇ ਚਾਪਲੂਸ ਸਿੱਖਾਂ ਦਾ ਹਿੰਦੂਆਂ ਦੇ ਕਤਲਾਂ 'ਤੇ ਜਲੂਸ

30 ਮਾਰਚ 1986 ਦੇ ਦਿਨ ਦਿੱਲੀ 'ਚ ਸਰਕਾਰ ਦੇ ਹਿਮਾਇਤੀ ਸਿੱਖਾਂ ਨੇ ਪੰਜਾਬ 'ਚ ਹਿੰਦੂਆਂ ਦੇ ਕਤਲਾਂ ਦੇ ਖ਼ਿਲਾਫ਼ ਜਲੂਸ ਕੱਢਿਆ। ਇਨ੍ਹਾਂ ਨੇ ਪੰਜਾਬ, ਹਰਿਆਣਾ ਤੇ ਹੋਰ ਸੂਬਿਆਂ ਵਿਚ ਮਾਰੇ ਗਏ ਸੈਂਕੜੇ ਸਿੱਖਾਂ ਉੱਤੇ ਬੇਵਜਹ ਹਮਲਿਆਂ ਦੇ ਖ਼ਿਲਾਫ਼ ਕਦੇ ਆਵਾਜ਼ ਨਹੀਂ ਉਠਾਈ ਸੀ। ਇਨ੍ਹਾਂ ਨੇ ਤਾਂ ਖ਼ੂਨੀ ਨਵੰਬਰ 1984 ਵਿਚ ਦਿੱਲੀ 'ਚ ਸਿੱਖਾਂ ਦੇ ਕਤਲੇਆਮ, ਹਰਿਆਣਾ, ਯੂ.ਪੀ., ਬਿਹਾਰ ਵਗ਼ੈਰਾ 'ਚ ਸਿੱਖਾਂ ਉੱਤੇ ਹਮਲਿਆਂ, ਉਨ੍ਹਾਂ ਦੇ ਕਤਲ, ਜਾਇਦਾਦਾਂ ਸਾੜਨ, ਨਾਜਾਇਜ਼ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਕਦੇ ਜਲੂਸ ਨਹੀਂ ਕੱਢਿਆ ਸੀ। ਇਸ ਜਲੂਸ ਵਿਚ ਹੋਰਨਾਂ ਤੋਂ ਇਲਾਵਾ ਡਾ: ਜਸਪਾਲ ਸਿੰਘ (ਮਗਰੋਂ ਵੀ. ਸੀ. ਪੰਜਾਬੀ ਯੂਨੀਵਰਸਿਟੀ ਪਟਿਆਲਾ), ਜਨਰਲ ਜਗਜੀਤ ਸਿੰਘ ਅਰੋੜਾ, ਬਲਵੰਤ ਰਾਮੂੰਵਾਲੀਆ ਤੇ ਆਈ. ਕੇ. ਗੁਜਰਾਲ (ਮਗਰੋਂ ਪ੍ਰਾਈਮ ਮਨਿਸਟਰ) ਵੀ ਸ਼ਾਮਿਲ ਸਨ।

ਜਲੰਧਰ ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ: ਪਹਿਲੀ ਅਪਰੈਲ 1986 ਦੇ ਦਿਨ ਜਲੰਧਰ 'ਚ ਦੋ ਖਾੜਕੂ ਸਿੱਖ ਗ੍ਰਿਫ਼ਤਾਰ ਕੀਤੇ ਗਏ ਸਨ। ਇਹ ਸਨ: ਰਘਬੀਰ ਸਿੰਘ (ਸਾਹਲੋਂ, ਨਵਾਂ ਸ਼ਹਿਰ) ਅਤੇ ਗੁਰਮੁਖ ਸਿੰਘ (ਭਾਰਸਿੰਘਪੁਰਾ)। ਨਕੋਦਰ ਕਾਂਡ 'ਚ ਗਿ: ਰੋਸ਼ਨ ਸਿੰਘ ਦਾ ਲੜਕਾ ਗੁਰਮੁਖ ਸਿੰਘ ਵੀ ਗ੍ਰਿਫ਼ਤਾਰ ਕਰ ਕੇ ਪੰਜ ਹੋਰਾਂ ਦੇ ਵੀ ਵਾਰੰਟ ਜਾਰੀ ਕਰ ਦਿੱਤੇ ਗਏ।

ਬਟਾਲੇ ਸਿੱਖ ਦੇ ਕੇਸ ਕਤਲ: ਪਹਿਲੀ ਅਪਰੈਲ ਨੂੰ ਦਹਿਸ਼ਤਗਰਦ ਹਿੰਦੂਆਂ ਨੇ ਇੱਕ ਸਿੱਖ ਸੰਦੀਪ ਸਿੰਘ ਨੂੰ ਬੇਵਜਹ ਫੜ ਕੇ ਕੁੱਟਿਆ ਅਤੇ ਉਸ ਦੇ ਕੇਸ ਕਤਲ ਕਰ ਦਿੱਤੇ। ਪੁਲੀਸ ਨੇ 324 ਅਤੇ 295 ਏ ਦਫ਼ਾ ਹੇਠ ਦਰਜ ਕੀਤਾ। ਰਕੇਸ਼ ਸ਼ਰਮਾ ਅਤੇ 12 ਸਾਥੀਆਂ 'ਤੇ ਕੇਸ ਦਰਜ ਹੋਏ। ਇਨ੍ਹਾਂ ਤੇਰ੍ਹਾਂ ਵਿਚੋਂ 10 ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਗ੍ਰਿਫ਼ਤਾਰੀਆਂ ਦੇ ਖ਼ਿਲਾਫ਼ ਹਿੰਦੂ ਔਰਤਾਂ ਨੇ ਜਲੂਸ ਕੱਢ ਕੇ ਥਾਣੇ ਨੂੰ ਘੇਰਾ ਪਾ ਲਿਆ। ਦੋ ਅਪਰੈਲ ਨੂੰ ਹਿੰਦੂਆਂ ਨੇ ਜਬਰੀ ਹੜਤਾਲ ਕਾਰਵਾਉਣ ਦੀ ਕੋਸ਼ਿਸ਼ ਕੀਤੀ।

3 ਅਪਰੈਲ ਨੂੰ ਹੁਸ਼ਿਆਰਪੁਰ 'ਚ ਇਕ ਸਿੱਖ ਦੀ ਦੁਕਾਨ ਗੁਲਾਟੀ ਪੈਲੇਸ ਨੂੰ ਹਿੰਦੂਆਂ ਨੇ ਸਾੜ ਦਿਤਾ। 4 ਅਪਰੈਲ ਨੂੰ, ਖੰਨੇ ਵਿਚ ਇਕ ਹਿੰਦੂ ਦੇ ਕਤਲ ਕੇਸ ਵਿਚ, ਰਜਿੰਦਰ ਸਿੰਘ ਤੇ ਸੁਰਿੰਦਰਜੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਖੰਨੇ ਦੇ ਹਿੰਦੂਆਂ ਨੇ ਸਿੱਖਾਂ ਦੀਆਂ ਕਈ

ਦੁਕਾਨਾਂ ਫੂਕ ਦਿੱਤੀਆਂ।

ਜਲੰਧਰ ਕਚਹਿਰੀ 'ਚ ਖਾੜਕੂਆਂ ਨੇ ਸਾਥੀ ਰਿਹਾ ਕਰਵਾਏ

ਪੰਜ ਅਪਰੈਲ ਨੂੰ ਖਾੜਕੂਆਂ ਨੇ ਹਮਲਾ ਕਰ ਕੇ, ਜੋਧਪੁਰ ਜੇਲ੍ਹ ਤੋਂ ਜਲੰਧਰ ਕਚਹਿਰੀ ਵਿਚ ਪੇਸ਼ੀ 'ਤੇ ਲਿਆਂਦੇ, ਆਪਣੇ ਚਾਰ ਸਾਥੀਆਂ ਵਿਚੋਂ ਤਿੰਨਾਂ ਨੂੰ ਛੁਡਾ ਲਿਆ। ਤਰਨਤਾਰਨ ਦਾ ਗੁਰਿੰਦਰ ਸਿੰਘ ਭੋਲਾ, ਪੰਜਵੜ-ਝਬਾਲ ਦਾ ਸੁਖਦੇਵ ਸਿੰਘ ਸੁੱਖਾ (ਉਰਫ਼ ਲਾਭ ਸਿੰਘ) ਤੇ ਅਲਾਦੀਨਪੁਰ (ਤਰਨਤਾਰਨ) ਦਾ ਸਵਰਨਜੀਤ ਸਿੰਘ ਛੁਡਾਏ ਗਏ ਪਰ ਚੌਥਾ ਦਲਜੀਤ ਸਿੰਘ ਦੌੜ ਨਾ ਸਕਿਆ। ਉਨ੍ਹਾਂ ਨੂੰ 12 ਮਈ 1984 ਨੂੰ ਕਤਲ ਕੀਤੇ 'ਪੰਜਾਬ ਕੇਸਰੀ' ਅਖਬਾਰ ਦੇ ਮਾਲਿਕ ਰਮੇਸ਼ ਦੇ ਕਤਲ 'ਚ ਪੇਸ਼ੀ ਵਾਸਤੇ ਲਿਆਂਦਾ ਹੋਇਆ ਸੀ। ਇਹ ਐਕਸ਼ਨ ਮਨਬੀਰ ਸਿੰਘ ਚਹੇੜੂ ਨੇ ਆਪਣੇ ਸਾਥੀਆਂ ਨਾਲ ਰਲ ਕੇ ਕੀਤਾ ਸੀ।

ਗੜ੍ਹਸ਼ੰਕਰ ਥਾਣੇ 'ਤੇ ਹਿੰਦੂਆਂ ਵੱਲੋਂ ਹਮਲਾ

6 ਅਪਰੈਲ ਨੂੰ ਹਿੰਦੂਆਂ ਨੇ ਗੜ੍ਹਸ਼ੰਕਰ ਥਾਣੇ ਉੱਤੇ ਹਮਲਾ ਕੀਤਾ। ਉਨ੍ਹਾਂ ਨੇ ਥਾਣੇ ਉੱਤੇ ਬੰਬ ਵੀ ਸੁਟੇ, ਜਿਸ ਨਾਲ ਸਿਪਾਹੀ ਸੰਤੋਖ ਸਿੰਘ, ਹੈੱਡਕਾਂਸਟੇਬਲ ਗੁਰਮੇਲ ਸਿੰਘ ਤੇ ਡੀ.ਐਸ.ਪੀ. ਗੁਰਦਿਆਲ ਸਿੰਘ ਜ਼ਖ਼ਮੀ ਹੋ ਗਏ। ਪੁਲਿਸ ਨੇ ਲਾਠੀਚਾਰਜ, ਟੀਅਰ ਗੈਸ ਜਾਂ ਫ਼ਾਇਰਿੰਗ ਨਹੀਂ ਕੀਤੀ।

ਸੁਰਜੀਤ ਬਰਨਾਲੇ ਵੱਲੋਂ ਅਪ੍ਰੈਲ ਵਿਚ ਹੋਰ ਸੈਂਕੜੇ ਸਿੱਖ ਗ੍ਰਿਫ਼ਤਾਰ

6 ਅਪ੍ਰੈਲ ਨੂੰ ਬਟਾਲੇ ਦੇ ਪਿੰਡਾਂ ਵਿਚੋਂ ਸਕਰੀਨਿੰਗ ਦੇ ਨਾਂ 'ਤੇ 26 ਸਿੱਖ ਗ੍ਰਿਫ਼ਤਾਰ ਕੀਤੇ ਗਏ। 7 ਅਪਰੈਲ 'ਚ ਮੁਕਤਸਰ 'ਚ ਹਿੰਦੂਆਂ ਨੇ ਸਿੱਖਾਂ ਉੱਤੇ ਹਮਲੇ ਕੀਤੇ। 8 ਅਪਰੈ.ਲ ਨੂੰ ਹਿੰਦੂਆਂ ਨੇ ਦਸੂਹੇ 'ਚ ਨਿਹੰਗ ਇੰਦਰਜੀਤ ਸਿੰਘ ਉੱਤੇ ਗੋਲੀਆਂ ਚਲਾ ਕੇ ਉਸ ਨੂੰ ਫੱਟੜ ਕੀਤਾ। ਇਸੇ ਦਿਨ ਲੁਧਿਆਣੇ 'ਚ ਹਿੰਦੂਆਂ ਨੇ ਗੋਲੀਆਂ ਚਲਾ ਕੇ ਸਿਪਾਹੀ ਬਲਕਾਰ ਸਿੰਘ ਨੂੰ ਜ਼ਖ਼ਮੀ ਕੀਤਾ ਅਤੇ ਪਥਰਾਓ ਕਰ ਕੇ ਡੀ.ਐਸ.ਪੀ. ਧਰਮ ਸਿੰਘ ਤੇ ਮਜਿਸਟਰੇਟ ਅਮਰਜੀਤ ਸਿੰਘ ਨੂੰ ਫੱਟੜ ਕੀਤਾ। 7 ਅਪਰੈਲ ਨੂੰ ਪਟਿਆਲੇ 'ਚ ਹਿੰਦੂਆਂ ਨੇ ਪੀ.ਡਬਲਯੂ.ਡੀ. ਦੇ ਮੁਲਾਜ਼ਮ ਗੁਰਬਚਨ ਸਿੰਘ ਨੂੰ ਛੁਰਾ ਮਾਰ ਕੇ ਕਤਲ ਕਰ ਦਿੱਤਾ। ਕਿਲ੍ਹਾ ਦਰਸ਼ਨ ਸਿੰਘ ਵਿਚ ਹਿੰਦੂਆਂ ਨੇ ਤਰਲੋਚਨ ਸਿੰਘ ਅਤੇ ਜਸਵਿੰਦਰ ਸਿੰਘ ਕਤਲ ਕੀਤਾ।

ਸੁਬੇਗ ਸਿੰਘ ਪਿੰਡ ਲਾਹੌਰੀ ਮੱਲ (ਘਰਿੰਡਾ, ਅੰਮ੍ਰਿਤਸਰ ਦਾ) ਜੋ ਲਾਡੋਵਾਲੀ ਰੋਡ ਜਲੰਧਰ 'ਚ ਖਰਾਦ ਦੀ ਦੁਕਾਨ ਚਲਾਉਂਦਾ ਸੀ, ਨੂੰ ਪੁਲੀਸ ਨੇ ਜਲੰਧਰ ਕਚਹਿਰੀ ਗੋਲੀ ਕਾਂਡ 'ਚ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਜਰਨੈਲ ਸਿੰਘ (ਹਲਵਾਰਾ), ਗੁਰਸੇਵਕ ਸਿੰਘ ਬਬਲਾ (ਰਾਏਕੋਟ) ਤੇ ਰਣਜੀਤ ਸਿੰਘ ਰਾਣਾ (ਠਰੂ) ਨੂੰ ਵੀ ਇਸ ਕੇਸ ਵਿਚ ਮੁਲਜ਼ਮ ਕਰਾਰ ਦਿੱਤਾ।

9 ਅਪਰੈਲ ਨੂੰ ਪੁਲੀਸ ਨੇ ਨੂਰਪੁਰ (ਧਰਮਕੋਟ) ਦਾ ਅਵਤਾਰ ਸਿੰਘ ਤਿੰਨ ਨਿਰੰਕਾਰੀਆਂ ਦੇ ਕਤਲ ਕੇਸ 'ਚ ਗ੍ਰਿਫ਼ਤਾਰ ਕਰ ਲਿਆ। ਇਸੇ ਦਿਨ ਹੁਸ਼ਿਆਰਪੁਰ ਵਿਚੋਂ 20, ਬਠਿੰਡਾ ਵਿਚੋਂ 44 ਤੇ ਗੁਰਦਾਸਪੁਰ ਵਿਚੋਂ 70 ਸਿੱਖ ਗ੍ਰਿਫ਼ਤਾਰ ਕੀਤੇ ਗਏ। 10 ਅਪਰੈਲ ਨੂੰ ਮੰਡੀ ਡਬਵਾਲੀ (ਹਰਿਆਣਾ) ਤੋਂ ਪੰਜ ਸਿੱਖ (ਸੁਖਦੇਵ ਸਿੰਘ, ਗੁਰਦੇਵ ਸਿੰਘ, ਦਰਸ਼ਨ ਸਿੰਘ, ਜਸਬੀਰ ਸਿੰਘ ਤੇ ਇਕ

ਹੋਰ) ਗ੍ਰਿਫ਼ਤਾਰ ਕੀਤੇ ਗਏ। 13 ਅਪਰੈਲ ਨੂੰ ਗੁਰਦਾਸਪੁਰ ਵਿਚ ਦੋ ਸਿੱਖ (ਉਰਮਿੰਦਰ ਸਿੰਘ ਸੈਂਡੀ ਗੁਰਦਾਸਪੁਰ ਸ਼ਹਿਰ ਦਾ ਅਤੇ ਮਨਿੰਦਰ ਸਿੰਘ ਮੋਨੂ ਸੈਕਟਰ 7 ਚੰਡੀਗੜ੍ਹ ਦਾ) ਗ੍ਰਿਫ਼ਤਾਰ ਕੀਤੇ ਗਏ। 14 ਅਪਰੈਲ ਨੂੰ ਤਾਹਰਪੁਰ (ਸੁਲਤਾਨਪੁਰ) ਦਾ ਹਰਿੰਦਰ ਸਿੰਘ ਦਫ਼ਾਵਾਂ 302, 307, 120 ਬੀ ’ਚ ਗ੍ਰਿਫ਼ਤਾਰ ਕੀਤਾ ਗਿਆ। 14 ਤੇ 15 ਅਪਰੈਲ ਨੂੰ ਗੁਰਦਾਸਪੁਰ ਵਿਚ ਕਰਨੈਲ ਸਿੰਘ, ਬੂਟਾ ਸਿੰਘ, ਗਿਆਨ ਸਿੰਘ ਪਰਮਜੀਤ ਸਿੰਘ ਤੇ ਅਨੂਪ ਸਿੰਘ ਗ੍ਰਿਫ਼ਤਾਰ ਕੀਤੇ ਗਏ। ਆਖਰੀ ਚਾਰ ਡੇਰਾ ਬਾਬਾ ਨਾਨਕ ਦੇ ਦੁਆਲਿਓਂ ਪਿੰਡਾਂ ’ਚੋਂ ਫੜੇ ਸਨ। 16 ਅਪਰੈਲ ਨੂੰ ਨਕੋਦਰ ਕਾਂਡ ’ਚ ਨਾਮਜ਼ਦ ਗੁਰਮੀਤ ਸਿੰਘ (ਖੱਬੇ ਰਾਜਪੂਤਾਂ, ਅੰਮ੍ਰਿਤਸਰ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਲੁਹਾਰ (ਅੰਮ੍ਰਿਤਸਰ) ਦੇ ਮੇਜਰ ਸਿੰਘ ਤੇ ਪਰਗਟ ਸਿੰਘ ਵੀ ਗ੍ਰਿਫ਼ਤਾਰ ਕੀਤੇ ਗਏ। ਕਪੂਰਥਲੇ ਤੋਂ ਹਰਜਿੰਦਰ ਸਿੰਘ ਨੂੰ ਡੀ.ਐਸ.ਪੀ. ਉੱਤੇ ਹਮਲੇ ਦੇ ਕੇਸ ’ਚ ਗ੍ਰਿਫ਼ਤਾਰ ਕੀਤਾ ਗਿਆ। ਮੱਲ੍ਹੀਆਂ ਵਾਲਾ (ਜਲੰਧਰ) ਤੋਂ ਗੁਰਮੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

ਦਰਬਾਰ ਸਾਹਿਬ ਉੱਤੇ ਨਵੇਂ ਹਮਲੇ ਦੀ ਤਿਆਰੀ ਦਾ ਪਲਾਨ

7 ਅਪਰੈਲ ਨੂੰ ਪੰਜਾਬ ਦੇ ਨਵੇਂ ਪੁਲੀਸ ਆਈ.ਜੀ. ਜੂਲੀਅਸ ਰਬੈਰੋ ਨੇ ਐਲਾਨ ਕੀਤਾ ਕਿ ‘ਲੋੜ ਪੈਣ ਤੇ ਪੁਲੀਸ ਦਰਬਾਰ ਸਾਹਿਬ ’ਚ ਦਾਖ਼ਿਲ ਹੋਵੇਗੀ। ਮੋਹਕਮ ਸਿੰਘ ਨੂੰ ਰਿਹਾ ਨਹੀਂ ਕੀਤਾ ਜਾਵੇਗਾ।’ ਰਬੈਰੋ ਨੇ 10 ਅਪਰੈਲ ਨੂੰ ਇਕ ਬਿਆਨ ’ਚ ਕਿਹਾ ਕਿ ਸਿੱਖਾਂ ਦੀ **‘ਗੋਲੀ ਦਾ ਜਵਾਬ ਗੋਲੀ ’ਚ ਦਿੱਤਾ ਜਾਏਗਾ। ਅਸੀਂ ਸਿੱਖ ਗੁਰੀਲਿਆਂ ਦੀ ਹਿੱਟ ਲਿਸਟ ਤਿਆਰ ਕਰ ਲਈ ਹੈ।’** 12 ਅਪਰੈਲ ਨੂੰ ਬਰਨਾਲਾ ਸਰਕਾਰ ਨੇ ਵੀ ਅਜਿਹਾ ਹੀ ਬਿਆਨ ਜਾਰੀ ਕੀਤਾ ਕਿ ‘ਅਸੀਂ ਦਹਿਸ਼ਤ ਪਸੰਦਾਂ ਦੀਆਂ ਹਿੱਟ ਲਿਸਟਾਂ ਪੂਰੀਆਂ ਕਰ ਲਈਆਂ ਹਨ।’ 14 ਅਪਰੈਲ ਨੂੰ ਬਰਨਾਲਾ ਦਲ ਦੇ ਜਨਰਲ ਸਕਤਰ ਮਨਜੀਤ ਸਿੰਘ ਕਲਕੱਤਾ ਅਤੇ ਕਈ ਹੋਰ ਪਾਰਟੀ ਆਗੂਆਂ ਅਤੇ ਵਰਕਰਾਂ ਨੇ ਇਸ ਬਿਆਨ ’ਤੇ ਰੋਸ ਕੀਤਾ (ਪਰ ਫਿਰ ਵੀ ਰਹੇ ਸਰਕਾਰ ਦੇ ਨਾਲ ਹੀ, ਯਾਨਿ ਇਹ ਦੋਗਲਾ ਰੋਲ ਸੀ)। ਇਸ ਵੇਲੇ ਤਕ ਸੁਖਜਿੰਦਰ ਸਿੰਘ, ਅਮਰਿੰਦਰ ਸਿੰਘ, ਬਸੰਤ ਸਿੰਘ ਖਾਲਸਾ, ਮੇਜਰ ਸਿੰਘ ਉੱਬੋਕੇ, ਹਰਭਜਨ ਸਿੰਘ ਸੰਧੂ ਵਜ਼ੀਰ ਸਨ ਅਤੇ ਬਾਦਲ ਤੇ ਟੌਹੜਾ ਸਰਕਾਰ ਦੇ ਪੱਕੇ ਹਿਮਾਇਤੀ ਸਨ। ਉਨ੍ਹਾਂ ਨੇ ਇਨ੍ਹਾਂ ਕਤਲਾਂ ਦੇ ਖ਼ਿਲਾਫ਼ ਹਾਅ ਦਾ ਨਾਅਰਾ ਤਕ ਵੀ ਨਾ ਮਾਰਿਆ।

ਅਨੰਦਪੁਰ ਸਾਹਿਬ ਫ਼ਾਇਰਿੰਗ ਨਾਜਾਇਜ਼ ਕਰਾਰ

ਅਨੰਦਪੁਰ ਸਾਹਿਬ ’ਚ ਹੋਲੇ ਮੁਹੱਲੇ ’ਤੇ ਪੁਲੀਸ ਫ਼ਾਇਰਿੰਗ ਬਾਰੇ ‘ਸ਼ੌਕਤ ਅਲੀ ਕਮੇਟੀ’ ਨੇ ਰਿਪੋਰਟ ਜਾਰੀ ਕਰ ਦਿਤੀ। ਰਿਪੋਰਟ ’ਚ ਕਿਹਾ ਗਿਆ ਕਿ ਬਰਨਾਲੇ ’ਤੇ ਕੋਈ ਹਮਲਾ ਨਹੀਂ ਸੀ ਹੋਇਆ। ਪੁਲੀਸ ਨੇ ਬੇਵਜਹ ਗੋਲੀ ਚਲਾ ਕੇ 15 ਸਿੱਖ ਮਾਰੇ ਤੇ 152 ਫੱਟੜ ਕਰ ਦਿਤੇ। ਉਨ੍ਹਾਂ ਇਹ ਵੀ ਕਿਹਾ ਕਿ ਜੇ ਰਬੈਰੋ ਨੇ ਹਿੱਟ ਲਿਸਟ ਜਾਰੀ ਕੀਤੀ ਹੈ ਤਾਂ ਇਹ ਗ਼ੈਰ-ਜਮਹੂਰੀ ਹੈ। ਜਸਟਿਸ ਅਜੀਤ ਸਿੰਘ ਬੈਂਸ ਨੇ ਵੀ ਫ਼ਾਇਰਿੰਗ ਨੂੰ ਗਲਤ ਕਿਹਾ।

ਭਿੰਡਰਾਂ-ਮਹਿਤਾ ਜੱਥਾ ਵੱਲੋਂ ਨਵੇਂ ‘ਸਰਬੱਤ ਖਾਲਸਾ’ ਦਾ ਐਲਾਨ

ਇਸ ਮਾਹੌਲ ਵਿਚ ਭਿੰਡਰਾਂ-ਮਹਿਤਾ ਜੱਥਾ ਨੇ 13 ਅਪ੍ਰੈਲ 1986 ਦੇ ਦਿਨ ਸਰਬੱਤ ਖਾਲਸਾ

ਦੇ ਨਾਂ 'ਤੇ ਇਕ ਹੋਰ ਕਾਨਫ਼ਰਸ (ਦੀਵਾਨ) ਕਰਨ ਦਾ ਐਲਾਨ ਕਰ ਦਿੱਤਾ। ਇਸ 'ਤੇ ਸੁਰਜੀਤ ਬਰਨਾਲੇ ਤੇ ਬਲਵੰਤ ਸਿੰਘ ਨੇ 11 ਅਪ੍ਰੈਲ ਨੂੰ ਇਕ ਬਿਆਨ 'ਚ ਕਿਹਾ ਕਿ 'ਪੁਲੀਸ ਹਾਲਾਤ ਮੁਤਾਬਿਕ ਦਰਬਾਰ ਸਾਹਿਬ 'ਚ ਦਾਖ਼ਲ ਹੋ ਸਕਦੀ ਹੈ' ਰਬੈਰੋ ਨੇ ਕਿਹਾ ਕਿ 'ਦਰਬਾਰ ਸਾਹਿਬ 'ਚ ਸੁਖਦੇਵ ਸਿੰਘ ਸਖੀਰਾ, ਸੁਖਦੇਵ ਸਿੰਘ ਸੁੱਖਾ, ਗੁਰਬਚਨ ਸਿੰਘ ਮਾਨੋਚਾਹਲ, ਜਰਨੈਲ ਸਿੰਘ, ਮਨਜੀਤ ਸਿੰਘ, ਵੱਸਣ ਸਿੰਘ, ਧੰਨਾ ਸਿੰਘ ਬੈਠੇ ਹਨ ਤੇ ਇਹ ਸਾਰੇ ਸਾਡੀ ਹਿੱਟ ਲਿਸਟ ਹੈ।

ਭਿੰਡਰਾਂ-ਮਹਿਤਾ ਜੱਥਾ ਨੇ ਐਲਾਨ ਕੀਤਾ ਹੋਇਆ ਸੀ ਕਿ ਉਹ 13 ਅਪ੍ਰੈਲ ਨੂੰ ਦੂਜਾ 'ਸਰਬੱਤ ਖਾਲਸਾ' ਇਕੱਠ ਕਰਨਗੇ। ਇਸ ਨੂੰ ਰੋਕਣ ਵਾਸਤੇ 12 ਅਪਰੈਲ ਤੋਂ ਬਾਅਦ ਦਰਬਾਰ ਸਾਹਿਬ ਦੇ ਦੁਆਲੇ ਪੁਲੀਸ ਅਤੇ ਸੀ.ਆਰ.ਪੀ.ਐਫ਼. ਨੇ ਘੇਰਾ ਪਾ ਲਿਆ ਅਤੇ ਸਾਰੇ ਰਸਤਿਆਂ 'ਤੇ ਰੋਕਾਂ ਖੜੀਆਂ ਕਰ ਦਿਤੀਆਂ। ਇਸ ਦੇ ਬਾਵਜੂਦ ਹਜ਼ਾਰਾਂ ਸਿੱਖ ਦਰਬਾਰ ਸਾਹਿਬ ਪੁੱਜ ਗਏ। ਸੁਰਜੀਤ ਬਰਨਾਲਾ ਦੀ ਪੁਲਸ ਨੇ ਪੰਜਾਬ ਵਿਚ ਸੈਂਕੜੇ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ। ਭਾਵੇਂ ਇਹ ਇਕੱਠ ਭਿੰਡਰਾਂ-ਮਹਿਤਾ ਜੱਥਾ ਨੇ ਬੁਲਾਇਆ ਸੀ, ਤੇ ਸਟੇਜ 'ਤੇ ਸਿਰਫ਼ ਉਨ੍ਹਾਂ ਦਾ ਹੀ ਕੰਟਰੋਲ ਸੀ ਪਰ ਇਸ ਇਕੱਠ ਵਿਚ ਹਰ ਪੱਖ ਦੇ ਸਿੱਖ, ਖ਼ਾਸ ਕਰ ਕੇ ਨੌਜਵਾਨ, ਪੁੱਜੇ ਹੋਏ ਸਨ।

13 ਅਪਰੈਲ ਨੂੰ ਸਰਬੱਤ ਖਾਲਸਾ ਦੇ ਨਾਂ ਤੇ ਸੱਦਿਆ ਇਕੱਠ ਦਰਬਾਰ ਸਾਹਿਬ 'ਚ ਹੋਇਆ। ਇਸ ਵਿਚ ਯੂ.ਐਨ.ਓ. ਤੋਂ ਮੰਗ ਕੀਤੀ ਗਈ ਕਿ 'ਜੂਨ 1984 ਅਤੇ ਨਵੰਬਰ 1984 'ਚ ਹਜ਼ਾਰਾਂ ਸਿੱਖਾਂ ਦੇ ਕਤਲਾਂ ਬਾਰੇ ਇੰਦਰਾ, ਜ਼ੈਲ ਸਿੰਘ, ਰਾਜੀਵ, ਨਰਸਿੰਮ੍ਹਾ ਰਾਓ, ਜਨਰਲ ਵੈਦਯ, ਜਨਰਲ ਸੁੰਦਰਜੀ ਵਗੈਰਾ ਉੱਤੇ ਕੌਮਾਂਤਰੀ ਅਦਾਲਤ 'ਚ ਮੁਕੱਦਮਾ ਚਲਾਇਆ ਜਾਵੇ।' ਇੱਕ ਮਤੇ ਰਾਹੀਂ 'ਖਾਲਸੇ ਦੀ ਆਜ਼ਾਦ ਹਸਤੀ' ਵਾਸਤੇ ਜੂਝਣ ਦਾ ਸੱਦਾ ਦਿਤਾ ਗਿਆ।

ਅੰਮ੍ਰਿਤਸਰ ਨੂੰ ਪਵਿੱਤਰ ਕਰਾਰ ਦਿਓ: ਜੈਨ ਮੁਨੀ

ਜਿਹੜੀ ਪਾਰਟੀ ਅੰਮ੍ਰਿਤਸਰ ਨੂੰ ਪਵਿੱਤਰ ਕਰਾਰ ਦੇਣ ਦਾ ਮੋਰਚਾ ਲਾਈ ਬੈਠੀ ਸੀ ਉਸੇ ਪਾਰਟੀ ਦੀ ਸਰਕਾਰ ਤੋਂ ਹਿੰਦੂ ਲੀਡਰ ਜੈਨ ਸੁਸ਼ੀਲ ਮੁਨੀ ਨੇ 25 ਅਪਰੈਲ ਨੂੰ ਮੰਗ ਕੀਤੀ ਕਿ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦਿੱਤਾ ਜਾਵੇ (ਪਰ ਬਰਨਾਲੇ ਦੇ ਅਕਾਲੀ ਦਲ ਵਾਸਤੇ ਹੁਣ ਅੰਮ੍ਰਿਤਸਰ, ਸ਼ਾਇਦ, ਪਵਿੱਤਰ ਨਹੀਂ ਸੀ ਰਿਹਾ)। ਉਸ ਨੇ ਹਥਿਆਰ ਸੁੱਟਣ ਵਾਲੇ ਸਿੱਖਾਂ ਵਾਸਤੇ 'ਆਮ ਮੁਆਫ਼ੀ' ਦੀ ਮੰਗ ਵੀ ਕੀਤੀ।

25 ਅਪਰੈਲ ਨੂੰ ਫ਼ਾਰੂਖ਼ ਅਬਦੁੱਲਾ ਨੇ ਕਿਹਾ ਕਿ 'ਸੈਂਟਰ ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀਆਂ ਵਾਂਗ ਸਲੂਕ ਕਰ ਰਿਹਾ ਹੈ। ਕਸ਼ਮੀਰ ਸੂਬੇ 'ਚ ਸਿੱਖਾਂ ਦੀਆਂ ਬੇਵਜਹ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਹਨ।' (ਪਰ ਮਗਰੋਂ, ਰਾਜੀਵ ਨਾਲ ਸੌਦੇਬਾਜ਼ੀ 'ਚ, ਦੋਬਾਰਾ ਤਾਕਤ ਲੈਣ ਮਗਰੋਂ, ਫ਼ਾਰੂਖ਼ ਨੇ ਖ਼ੁਦ ਵੀ, ਕੋਈ ਵੀ ਸਿੱਖ ਰਿਹਾ ਨਹੀਂ ਸੀ ਕੀਤਾ)।

ਹਰ ਸਿੱਖ ਸੋਚਦਾ ਸੀ ਕਿ ਬਰਨਾਲਾ, ਦਰਬਾਰੇ ਤੋਂ ਵੀ ਅੱਗੇ ਜਾ ਕੇ, ਸਿੱਖਾਂ ਉੱਤੇ ਜ਼ੁਲਮ ਕਰ ਰਿਹਾ ਹੈ। ਇਹ ਅਠਾਰਵੀਂ ਸਦੀ ਦੇ ਜ਼ਕਰੀਏ (ਮੌਤ 1745) ਦੇ ਜ਼ੁਲਮਾਂ ਤੋਂ ਬਾਅਦ ਮੀਰ ਮੰਨੂ (ਮੌਤ 1753) ਵਾਲੀ ਤਵਾਰੀਖ਼ ਨੂੰ ਦੁਹਰਾਉਣ ਵਾਲੀ ਗੱਲ ਸੀ। ਨਕਲੀ ਪੁਲੀਸ ਮੁਕਾਬਲਿਆਂ ਵਿਚ ਸਿੱਖਾਂ ਦੇ ਕਤਲ ਵੀ ਦਰਬਾਰੇ ਦੀ ਹਕੂਮਤ ਦੇ ਵੇਲੇ ਤੋਂ ਕਈ ਗੁਣਾ ਜ਼ਿਆਦਾ ਹੋ ਚੁਕੇ ਸਨ ਅਤੇ ਅਜੇ ਵੀ ਜਾਰੀ ਸਨ। ਹਿੰਦੂਆਂ ਵਲੋਂ ਸਿੱਖਾਂ ਉੱਤੇ ਹਮਲੇ ਲਗਾਤਾਰ ਹੋ ਰਹੇ

ਸਨ ਤੇ ਕਿਸੇ ਹਿੰਦੂ ਨੂੰ ਸਜ਼ਾ ਦੇਣੀ ਤਾਂ ਇਕ ਪਾਸੇ ਉਨ੍ਹਾਂ ਨੂੰ ਤਾਂ ਮੌਕੇ 'ਤੇ ਕਾਬੂ ਹੋਣ ਜਾਂ ਸ਼ਨਾਖ਼ਤ ਕੀਤੇ ਜਾਣ ਦੇ ਬਾਵਜੂਦ ਗ੍ਰਿਫ਼ਤਾਰ ਵੀ ਨਹੀਂ ਸੀ ਕੀਤਾ ਜਾਂਦਾ। ਸਿੱਖਾਂ ਦੇ ਖ਼ਿਲਾਫ਼ ਹੱਦ-ਦਰਜੇ ਦਾ ਘਟੀਆ ਪ੍ਰਾਪੇਗੰਡਾ ਹੋ ਰਿਹਾ ਸੀ ਪਰ ਉਲਟਾ 124 ਦਫ਼ਾ ਹੇਠ ਸਿੱਖਾਂ ਉੱਤੇ ਸੈਂਕੜਿਆਂ ਦੀ ਗਿਣਤੀ ਵਿਚ ਬਗ਼ਾਵਤ ਦੇ ਮੁਕੱਦਮੇ ਦਰਜ ਹੋ ਚੁਕੇ ਸਨ ਤੇ ਹੋ ਰਹੇ ਸਨ। ਝੂਠੇ ਕੇਸਾਂ 'ਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਕਰ ਕੇ, ਕਾਗਜ਼ੀ ਕਾਰਵਾਈ ਪਾ ਕੇ, ਦਹਿਸ਼ਤਗਰਦ ਹਿੰਦੂਆਂ ਨੂੰ ਖ਼ੁਸ਼ ਕੀਤਾ ਜਾ ਰਿਹਾ ਸੀ।

28 ਅਪਰੈਲ ਨੂੰ ਅੰਮ੍ਰਿਤਸਰ 'ਚ ਕ੍ਰਿਪਾਲ ਸਿੰਘ ਐਮ.ਐਲ.ਏ. ਦੇ ਭਤੀਜਿਆਂ ਹਿਰਦੇਪਾਲ ਸਿੰਘ ਅਤੇ ਹਰਿੰਦਪਾਲ ਸਿੰਘ ਉੱਤੇ ਹਿੰਦੂਆਂ ਨੇ ਹਮਲਾ ਕਰ ਕੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ਪਰ ਇਸ ਕੇਸ ਵਿਚ ਕਿਸੇ ਹਿੰਦੂ ਨੂੰ ਗ੍ਰਿਫ਼ਤਾਰ ਨਾ ਕੀਤਾ ਗਿਆ। ਬਟਾਲੇ 'ਚ ਇਕ ਹਿੰਦੂ ਸੋਮਨਾਥ ਨੇ ਫ਼ਾਇਰਿੰਗ ਕਰ ਕੇ ਦੋ ਸਿੱਖ ਕਤਲ ਕਰ ਦਿਤੇ ਪਰ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਵੀ ਨਾ ਕੀਤਾ। ਪਰ ਭਿੰਡਰਾਂਵਾਲਿਆਂ ਦਾ ਭਤੀਜਾ ਤ੍ਰਿਲੋਚਨ ਸਿੰਘ ਮੋਗੇ ਦੇ ਨਿਰੰਕਾਰੀਆਂ ਦੇ ਕਤਲ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਸੁਰਜੀਤ ਬਰਨਾਲਾ ਸਰਕਾਰ ਵਲੋਂ ਇਹੋ ਜਿਹੀਆਂ ਕਾਰਵਾਈਆਂ ਇਕ ਆਮ ਜਿਹੀ ਗੱਲ ਬਣੀ ਹੋਈ ਸੀ।

ਖਾੜਕੂਆਂ ਦੇ ਆਪਣੀ ਦੁਸ਼ਮਣੀਆਂ ਦੇ ਕਤਲ

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਆਗੂ ਸਰਬਜੀਤ ਸਿੰਘ ਰੋਪੜ ਦਾ ਕਤਲ

5 ਅਪ੍ਰੈਲ 1986 ਦੇ ਦਿਨ ਮਨਬੀਰ ਸਿੰਘ ਚਹੇੜੂ ਵੱਲੋਂ ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਅਤੇ ਗੁਰਿੰਦਰ ਸਿੰਘ ਭੋਲਾ ਨੂੰ ਪੁਲੀਸ ਹਿਰਾਸਤ ਵਿਚੋਂ ਛੁਡਾਇਆ ਜਾ ਚੁੱਕਾ ਸੀ।8-9 ਅਗਸਤ 1986 ਦੀ ਰਾਤ ਨੂੰ ਮਨਬੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਬਾਰੇ ਇਹ ਚਰਚਾ ਵੀ ਚੱਲਿਆ ਕਿ ਇਸ ਗ੍ਰਿਫ਼ਤਾਰੀ ਪਿੱਛੇ ਗੁਰਜੀਤ ਸਿੰਘ ਦਾ ਹੱਥ ਸੀ (ਕਿਉਂਕਿ ਮਨਬੀਰ ਸਿੰਘ ਦੀ ਗ੍ਰਿਫ਼ਤਾਰੀ ਅਤੇ ਸਰਬਜੀਤ ਸਿੰਘ ਰੋਪੜ ਦੇ ਕਤਲ ਦਾ ਉਸ ਨੂੰ ਸਿੱਧਾ ਫ਼ਾਇਦਾ ਮਿਲਿਆ ਅਤੇ ਉਹ ਫ਼ੈਡਰੇਸ਼ਨ ਦਾ ਐਕਟਿੰਗ ਪ੍ਰਧਾਨ ਬਣ ਗਿਆ)। ਸਰਬਜੀਤ ਸਿੰਘ ਦੇ ਸਾਥੀਆਂ ਮੁਤਾਬਿਕ ਜਨਰਲ ਲਾਭ ਸਿੰਘ ਨੇ ਇਸ ਦਾ ਫ਼ਾਇਦਾ ਉਠਾਉਂਦਿਆਂ ਮਨਬੀਰ ਸਿੰਘ ਦੀ ਗ੍ਰਿਫ਼ਤਾਰੀ ਪਿੱਛੇ ਸਰਬਜੀਤ ਸਿੰਘ ਰੋਪੜ ਦਾ ਨਾਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਖ਼ਤਮ ਕਰਨ ਦੀ ਸਕੀਮ ਘੜੀ।

ਉਸ ਨੇ 27 ਅਗਸਤ 1986 ਦੇ ਦਿਨ ਸਰਬਜੀਤ ਸਿੰਘ ਰੋਪੜ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਬੁਲਾ ਲਿਆ ਅਤੇ ਉਸ ਨੂੰ ਉਸ ਦੇ ਇਕ ਸਾਥੀ ਹਰਦੀਪ ਸਿੰਘ ਸਹੋਤਾ ਸਣੇ ਖ਼ਤਮ ਕਰ ਦਿੱਤਾ ਅਤੇ ਮਗਰੋਂ ਉਲਟਾ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਉਹ ਪੁਲਸ ਕੈਟ ਬਣ ਗਿਆ ਹੈ। ਇਸ ਮਗਰੋਂ 17 ਸਤੰਬਰ 1986 ਦੇ ਦਿਨ ਗੁਰਿੰਦਰ ਸਿੰਘ ਭੋਲਾ ਨੂੰ ਵੀ ਖ਼ਤਮ ਕਰ ਦਿੱਤਾ ਗਿਆ। ਇੰਞ ਆਪਣੀ ਦੁਸ਼ਮਣੀ ਵਿਚ ਸਰਬਜੀਤ ਸਿੰਘ ਰੋਪੜ ਤੇ ਗੁਰਿੰਦਰ ਸਿੰਘ ਭੋਲਾ ਨੂੰ ਕਤਲ ਕਰ ਦਿੱਤਾ ਗਿਆ। ਇਸ ਤੋਂ ਇਕ ਦਮ ਬਾਅਦ ਜਨਰਲ ਲਾਭ ਸਿੰਘ ਨੇ ਭਾਈ ਮਨਜੀਤ ਸਿੰਘ ਨੂੰ ਪ੍ਰਧਾਨ ਮੰਨ ਕੇ ਗੁਰਜੀਤ ਸਿੰਘ ਹਰੀਹਰ ਝੋਕ ਨੂੰ ਫ਼ੈਡਰੇਸ਼ਨ ਦਾ ਕਨਵੀਨਰ ਬਣਾ ਦਿੱਤਾ ਅਤੇ ਨਾਲ ਹੀ ਹਰਮਿੰਦਰ ਸਿੰਘ ਸੰਧੂ, ਅਮਰਜੀਤ ਸਿੰਘ ਚਾਵਲਾ, ਰਜਿੰਦਰ ਸਿੰਘ ਮਹਿਤਾ ਤੇ ਵਿਰਸਾ ਸਿੰਘ

ਵਲਟੋਹਾ ਨੂੰ ਫ਼ੈਡਰੇਸ਼ਨ ਵਿਚੋਂ ਕੱਢਣ ਦਾ ਐਲਾਨ ਕਰ ਦਿੱਤਾ। ਭਾਈ ਮਨਜੀਤ ਸਿੰਘ ਪਹਿਲਾਂ ਤਾਂ ਜਨਰਲ ਲਾਭ ਸਿੰਘ ਦੇ ਨਾਲ ਸੀ ਪਰ ਜਦ ਉਸ ਨੇ ਹਰਮਿੰਦਰ ਸਿੰਘ ਸੰਧੂ ਵਗੈਰਾ ਨੂੰ ਫ਼ੈਡਰੇਸ਼ਨ ਵਿਚੋਂ ਕੱਢਿਆ ਤਾਂ ਉਸ ਨੇ ਇਸ ਫ਼ੈਸਲੇ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ।

ਭਿੰਡਰਾਂਵਾਲਿਆਂ ਨੂੰ ਸ਼ਹੀਦ ਕਹਿਣ ਦਾ ਬਹਾਨਾ ਬਣਾ ਕੇ ਗੁਰਿੰਦਰ ਸਿੰਘ ਭੋਲਾ ਨੂੰ ਸ਼ਹੀਦ ਕਰ ਦਿੱਤਾ ਗਿਆ

ਗੁਰਿੰਦਰ ਸਿੰਘ ਭੋਲਾ (ਪੁੱਤਰ ਗੋਪਾਲ ਸਿੰਘ ਤੇ ਬੀਬੀ ਸੁਰਿੰਦਰ ਕੌਰ), ਵਾਸੀ ਤਾਰਨਤਾਰਨ ਧਰਮਯੁੱਧ ਮੋਰਚੇ ਦਾ ਇਕ ਸਰਗਰਮ ਕਾਰਕੁੰਨ ਸੀ। ਉਹ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਬਹੁਤ ਨਜ਼ਦੀਕ ਸੀ। ਇਸ ਲਹਿਰ ਦੌਰਾਨ ਉਸ ਨੂੰ ਜੰਡਿਆਲਾ ਤੋਂ ਗ੍ਰਿਫ਼ਤਾਰ ਕਰ ਕੇ ਉਸ ਨੂੰ ਜੋਧਪੁਰ ਜੇਲ੍ਹ ਵਿਚ ਰੱਖਿਆ ਗਿਆ ਸੀ। ਉਥੋਂ 5 ਅਪਰੈਲ 1986 ਦੇ ਦਿਨ ਉਸ ਨੂੰ ਤਿੰਨ ਹੋਰ ਸਾਥੀਆਂ ਸਣੇ ਰਮੇਸ਼ ਕਤਲ ਕਾਂਡ ਵਿਚ ਪੇਸ਼ ਕਰਨ ਵਾਸਤੇ ਜਲੰਧਰ ਲਿਆਂਦਾ ਗਿਆ ਤਾਂ ਉਸ ਦੇ ਸਾਥੀਆਂ ਨੇ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਮਨਬੀਰ ਸਿੰਘ ਚਹੇੜੂ ਦੀ ਅਗਵਾਈ ਵਿਚ ਐਕਸ਼ਨ ਕਰ ਕੇ ਉਸ ਨੂੰ ਦੋ ਹੋਰਾਂ ਸਾਥੀਆਂ (ਸੁਖਦੇਵ ਸਿੰਘ ਉਰਫ਼ ਜਨਰਲ ਲਾਭ ਸਿੰਘ ਅਤੇ ਸਵਰਨਜੀਤ ਸਿੰਘ ਅਲਾਦੀਨਪੁਰ) ਸਮੇਤ ਛੁਡਾ ਲਿਆ ਸੀ; ਇਸ ਐਕਸ਼ਨ ਦੌਰਾਨ 6 ਸਿਪਾਹੀ ਵੀ ਮਾਰੇ ਗਏ ਸਨ। ਇਸ ਮਗਰੋਂ ਗੁਰਿੰਦਰ ਸਿੰਘ ਭੋਲਾ ਨੇ ਬਹੁਤ ਸਾਰੀਆਂ ਕਾਰਵਾਈਆਂ ਵਿਚ ਹਿੱਸਾ ਲਿਆ। ਭੋਲਾ ਹਰਮਿੰਦਰ ਸਿੰਘ ਸੰਧੂ ਦੇ ਨੇੜੇ ਸੀ ਅਤੇ ਪੁਲਸ ਤੋਂ ਛੁਡਾਏ ਜਾਣ ਮਗਰੋਂ ਵੀ ਉਹ ਫ਼ੈਡਰੇਸ਼ਨ ਵਾਸਤੇ ਸੰਜੀਦਾ ਰੋਲ ਅਦਾ ਕਰ ਰਿਹਾ ਸੀ। ਭੋਲਾ ਦੇ ਸਾਥੀਆਂ ਮੁਤਾਬਿਕ, ਸੁਖਦੇਵ ਸਿੰਘ (ਉਰਫ਼ ਜਨਰਲ ਲਾਭ ਸਿੰਘ) ਹਰਮਿੰਦਰ ਸਿੰਘ ਸੰਧੂ ਦੇ ਸਾਥੀਆਂ ਨੂੰ ਰਸਤੇ ਵਿਚੋਂ ਹਟਾ ਕੇ ਸਾਰੀ ਲਹਿਰ ਦਾ ਡਿਕਟੇਟਰ ਬਣਨਾ ਚਾਹੁੰਦਾ ਸੀ। ਗੁਰਿੰਦਰ ਸਿੰਘ ਭੋਲਾ, ਸਰਬਜੀਤ ਸਿੰਘ ਰੋਪੜ ਤੇ ਮਨਬੀਰ ਸਿੰਘ ਨੂੰ ਉਹ ਆਪਣੇ ਰਾਹ ਦੇ ਰੋੜੇ ਸਮਝਦਾ ਸੀ। ਇਸ ਹਾਲਤ ਵਿਚ ਉਸ ਨੇ ਇਕ ਦਿਨ ਗੁਰਿੰਦਰ ਸਿੰਘ ਭੋਲਾ ਨੂੰ ਚੌਕ ਮਹਿਤਾ ਵਿਚ ਬੁਲਾ ਲਿਆ।

ਉਨ੍ਹਾਂ ਦਿਨਾਂ ਵਿਚ ਜੱਥਾ ਭਿੰਡਰਾਂ ਮਹਿਤਾ ਦੇ ਕੁਝ ਆਗੂ ਇਹ ਪ੍ਰਚਾਰ ਕਰ ਰਹੇ ਸਨ ਕਿ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਸ਼ਹੀਦ ਨਹੀਂ ਹੋਏ ਅਤੇ ਉਹ ਗੁਪਤ ਰਹਿ ਕੇ ਜੱਦੋਜਹਿਦ ਦੀ ਅਗਵਾਈ ਕਰ ਰਹੇ ਹਨ ਪਰ ਗੁਰਿੰਦਰ ਸਿੰਘ ਭੋਲਾ ਇਸ ਹਰਕਤ ਦੇ ਖ਼ਿਲਾਫ਼ ਸੀ। ਅਖ਼ੀਰ ਜਨਰਲ ਲਾਭ ਸਿੰਘ ਗਰੁੱਪ ਨੇ ਉਸ ਨੂੰ ਧੱਕੇ ਨਾਲ ਰੋਕਣ ਦਾ ਫ਼ੈਸਲਾ ਕਰ ਲਿਆ ਅਤੇ ਇਕ ਦਿਨ ਧੋਖੇ ਨਾਲ ਉਸ ਨੂੰ (ਸ਼ਾਇਦ ਚੌਕ ਮਹਿਤਾ ਡੇਰੇ 'ਤੇ) ਬੁਲਾ ਲਿਆ। ਇਸ ਮੌਕੇ 'ਤੇ ਉਸ ਨੂੰ ਕਿਹਾ ਗਿਆ ਕਿ ਉਹ ਭਿੰਡਰਾਂਵਾਲਾ ਨੂੰ ਸ਼ਹੀਦ ਨਾ ਕਿਹਾ ਕਰੇ। ਪਰ ਉਸ ਨੇ ਇਸ ਝੂਠ ਬੋਲਣ ਦੇ ਹੁਕਮ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਇਸ 'ਤੇ ਉਸ ਨੂੰ ਫ਼ਤਵਾ ਦਿੱਤਾ ਗਿਆ ਕਿ "ਜਿਹੜਾ ਕਹੇਗਾ ਕਿ ਭਿੰਡਰਾਂਵਾਲਾ ਸ਼ਹੀਦ ਹੋ ਗਏ ਹਨ ਉਸ ਦੇ ਮੂੰਹ ਵਿਚ ਕੀੜੇ ਪੈਣਗੇ।" ਇਸ ਦੇ ਬਾਵਜੂਦ ਭੋਲਾ ਆਪਣੇ ਸਟੈਂਡ 'ਤੇ ਅੜਿਆ ਰਿਹਾ ਅਤੇ ਕਹਿਣ ਲੱਗਾ ਕਿ "ਮੈਂ ਸੱਚ ਬੋਲਾਂਗਾ ਮੈਨੂੰ ਕੀੜੇ ਪੈਣ ਦੀ ਪਰਵਾਹ ਨਹੀਂ।" ਜਨਰਲ ਲਾਭ ਸਿੰਘ ਕਿਸੇ ਨਾ ਕਿਸੇ ਬਹਾਨੇ ਉਸ ਨੂੰ ਰਾਹ ਵਿਚੋਂ ਹਟਾਉਣਾ ਚਾਹੁੰਦਾ ਸੀ। ਇਸ ਬੋਲ ਬੁਲਾਰੇ ਦਾ ਬਹਾਨਾ ਲਾ ਕੇ ਜਨਰਲ ਲਾਭ ਸਿੰਘ ਦੇ ਹੁਕਮ ਹੇਠ ਗੁਰਨਾਮ ਸਿੰਘ ਬੁੰਡਾਲਾ (ਜਿਸ ਨੂੰ ਜੱਲਾਦ ਕਿਹਾ ਜਾਂਦਾ ਸੀ) ਨੇ ਭੋਲਾ ਨੂੰ ਗੋਲੀ ਮਾਰ ਦਿੱਤੀ। ਇੰਵ ਉਹ ਸੱਚ ਬੋਲਣ ਬਦਲੇ ਸ਼ਹੀਦ ਹੋ ਗਿਆ।

ਸੁਖਦੇਵ ਸਿੰਘ ਸਖੀਰਾ ਦਾ ਕਤਲ

ਆਪਸੀ ਦੁਸ਼ਮਣੀ ਦੀ ਸਾਜ਼ਿਸ਼ ਹੇਠ ਹੀ ਮਸ਼ਹੂਰ ਖਾੜਕੂ ਸੁਖਦੇਵ ਸਿੰਘ ਸਖੀਰਾ ਨੂੰ 5 ਮਈ 1986 ਦੇ ਦਿਨ ਸ਼ਹੀਦ ਕਰ ਦਿੱਤਾ ਗਿਆ। ਮਗਰੋਂ ਉਸ ਦੇ ਸਾਥੀ ਵੱਸਣ ਸਿੰਘ ਸਖੀਰਾ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ। ਇਕ ਸੋਮੇ ਮੁਤਾਬਿਕ ਸਖੀਰਾ ਦੇ ਕਤਲ ਦਾ ਹੁਕਮ ਡੇਰਾ ਚੌਕ ਮਹਿਤਾ ਵਿਚੋਂ ਦਿੱਤਾ ਗਿਆ ਸੀ। ਇਕ ਹੋਰ ਸੋਮੇ ਮੁਤਾਬਿਕ ਉਸ ਨੂੰ ਗੁਰਨਾਮ ਸਿੰਘ ਬੁੰਡਾਲਾ (ਉਰਫ਼ ਜੱਲਾਦ) ਨੇ ਜਨਰਲ ਲਾਭ ਸਿੰਘ ਦੇ ਕਹਿਣ 'ਤੇ ਗੋਲੀ ਮਾਰੀ ਸੀ।

ਗੁਰਦਿਆਲ ਸਿੰਘ ਸਿੰਧੀ ਨੂੰ ਖਾੜਕੂਆਂ ਨੇ ਕੁੱਟ ਕੁੱਟ ਕੇ ਮਾਰ ਦਿੱਤਾ

1987 ਵਿਚ ਦਰਬਾਰ ਸਾਹਿਬ ਵਿਚ ਬੈਨੇ ਭਿੰਡਰਾਂ-ਮਹਿਤਾ ਜਥਾ ਦੇ ਖਾੜਕੂਆਂ ਜਗੀਰ ਸਿੰਘ ਤੇ ਨਿਰਵੈਰ ਸਿੰਘ ਨੇ ਬਜ਼ੁਰਗ ਪੰਥਕ ਸੇਵਾਦਾਰ ਗੁਰਦਿਆਲ ਸਿੰਘ ਸਿੰਧੀ ਨੂੰ ਹੂੜਪੁਣੇ ਵਿਚ ਕੁੱਟ ਕੁੱਟ ਕੇ ਮਾਰ ਦਿੱਤਾ। ਉਨ੍ਹਾਂ ਉਸ ਨੂੰ ਸ਼ੱਕ ਦੀ ਬਿਨ੍ਹਾ 'ਤੇ ਕੁੱਟਣਾ ਸ਼ੁਰੂ ਕਰ ਦਿੱਤਾ ਸੀ ਹਾਲਾਂ ਕਿ ਉਸ ਨੇ ਖਾੜਕੂ ਲਹਿਰ ਵਿਚ ਸੰਜੀਦਾ ਰੋਲ ਅਦਾ ਕੀਤਾ ਸੀ। ਖਾੜਕੂਆਂ ਦੀ ਹੂੜ ਮੱਤ ਅਤੇ ਆਪਸੀ ਦੁਸ਼ਮਣੀ ਦੀਆਂ ਅਜਿਹੀਆਂ ਕਰਤੂਤਾਂ ਬਹੁਤ ਸਾਰੀਆਂ ਹੋਰ ਵੀ ਹਨ। ਇਸ ਘਟਨਾ ਦੀ ਤਾਰੀਖ਼ ਤਾਂ ਨਹੀਂ ਮਿਲਦੀ; ਸ਼ਾਇਦ ਇਹ ਦਸੰਬਰ 1987 ਦੀ ਵਾਰਦਾਤ ਹੈ।

●

ਖਾਲਿਸਤਾਨ ਦੀ ਜਲਾਵਤਨ ਸਰਕਾਰ ਦਾ ਐਲਾਨ ਤੇ ਦਰਬਾਰ ਸਾਹਿਬ ’ਤੇ ਸੁਰਜੀਤ ਬਰਨਾਲਾ ਦਾ ਹਮਲਾ

29 ਅਪ੍ਰੈਲ 1986 ਦੇ ਦਿਨ, ਭਿੰਡਰਾਂ-ਮਹਿਤਾ ਜੱਥਾ ਦੇ ਹਿਮਾਇਤੀ ਖਾੜਕੂਆਂ ਵਲੋਂ ਬਣਾਈ ਗਈ, ਪੰਜ ਮੈਂਬਰੀ ‘ਪੰਥਕ ਕਮੇਟੀ’ ਨੇ ਦਰਬਾਰ ਸਾਹਿਬ ਕੰਪਲੈਕਸ ਵਿਚੋਂ ‘ਖਾਲਿਸਤਾਨ ਦੀ ਆਜ਼ਾਦੀ’ ਦਾ ਐਲਾਨ ਕੀਤਾ ਗਿਆ। ਇਸ ਦੇ ਨਾਲ ਹੀ ਉਨ੍ਹਾਂ ਵਲੋਂ ਇਕ ਪੰਜ-ਮੈਂਬਰੀ ਵਜ਼ਾਰਤ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਪਰ ਇਨ੍ਹਾਂ ਦੇ ਨਾਂ ਨਹੀਂ ਸਨ ਦੱਸੇ ਗਏ। ਖਾਲਿਸਤਾਨ ਦਾ ਐਲਾਨ ਕਰਦਿਆਂ ਕਿਹਾ ਗਿਆ ਕਿ ਇਸ ਮੁਲਕ ਦੀ ਰਾਜਧਾਨੀ ਦਿੱਲੀ ਹੋਵੇਗੀ। ਐਲਾਨ ਵਿਚ ਇਹ ਵੀ ਕਿਹਾ ਗਿਆ ਕਿ “ਪੰਜਾਬ ਵਿਚ ਸਿੱਖਾਂ ਉੱਤੇ ਤਸ਼ੱਦਦ ਦਾ ਬੇਮੁਹਾਰਾ ਦੌਰ ਸ਼ੁਰੂ ਹੋ ਗਿਆ ਹੈ। ਅਣਗਿਣਤ ਸਿੱਖ ਘਰਾਂ ’ਚੋਂ ਫੜ ਕੇ ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਜਾ ਚੁੱਕੇ ਹਨ।” ਉਨ੍ਹਾਂ ਆਖਿਆ ਕਿ ਪੁਲੀਸ ਵਲੋਂ ਮਾਰਿਆ ਗਿਆ ਹਰ ਇਕ ਸਿੱਖ ਖਾਲਿਸਤਾਨ ਦਾ ਸ਼ਹੀਦ ਹੋਵੇਗਾ। ਉਨ੍ਹਾਂ ਕਿਹਾ ਕਿ ‘ਖਾਲਿਸਤਾਨ ਕਮਾਂਡੋ ਫ਼ੋਰਸ’ ਖਾਲਿਸਤਾਨ ਦੀ ਫ਼ੌਜ ਦੇ ਧੁਰੇ ਵਜੋਂ ਕੰਮ ਕਰੇਗੀ। ਨਵੀਂ ਸਰਕਾਰ ਨੇ ਐਲਾਨ ਕੀਤਾ ਕਿ ਖਾਲਿਸਤਾਨ ਦੀ ਨੀਂਹ ਤਾਂ 4 ਜੂਨ 1984 ਦੇ ਦਿਨ ਸਵੇਰੇ 4 ਵਜ ਕੇ 40 ਮਿੰਟ ’ਤੇ ਰੱਖੀ ਗਈ ਸੀ।

ਦਸ ਸਫ਼ਿਆਂ ਦਾ ਇਹ ਐਲਾਨ ਗੁਰੂ ਨਾਨਕ ਨਿਵਾਸ ਤੋਂ ਜਾਰੀ ਕੀਤਾ ਗਿਆ ਸੀ। ਖਾਲਿਸਤਾਨ ਸਰਕਾਰ ਦਾ ਐਲਾਨ ਕਰਨ ਮਗਰੋਂ ਪੰਥਕ ਕਮੇਟੀ ਦੇ ਮੈਂਬਰ ਅਤੇ ਉਨ੍ਹਾਂ ਦੇ ਸਾਥੀ ਦਰਬਾਰ ਸਾਹਿਬ ਵਿਚੋਂ ਚਲੇ ਗਏ ਤੇ ਛੇਤੀ ਹੀ ਦੂਰ-ਦੁਰਾਡੇ ਇਲਾਕਿਆਂ ਵਿਦ ਪਹੁੰਚ ਗਏ। ਜਦੋਂ ਪੰਜਾਬ ਦੇ ਚੀਫ਼ ਮਨਿਸਟਰ ਬਰਨਾਲੇ ਨੂੰ ਖਾਲਿਸਤਾਨ ਦੇ ਐਲਾਨ ਦੀ ਖ਼ਬਰ ਮਿਲੀ ਤਾਂ ਉਸ ਨੇ ਵਜ਼ਾਰਤ ਦੀ ਮੀਟਿੰਗ ਬੁਲਾਈ। ਇਸ ਮੀਟਿੰਗ ਵਿਚ ਉਸ ਨੇ ਦਰਬਾਰ ਸਾਹਿਬ ’ਚ ਪੁਲੀਸ ਭੇਜਣ ਦੀ ਤਜਵੀਜ਼ ਰੱਖੀ। ਬਰਨਾਲੇ ਨੂੰ ਕੁਝ ਵਜ਼ੀਰਾਂ ਨੇ ਦਸਿਆ ਕਿ ਖਾਲਿਸਤਾਨ ਦਾ ਐਲਾਨ ਕਰਨ ਵਾਲੇ ਦਰਬਾਰ ਸਾਹਿਬ ’ਚੋਂ ਜਾ ਚੁੱਕੇ ਹਨ, ਇਸ ਕਰ ਇਹ ਹਰਕਤ ਨਹੀਂ ਕਰਨੀ ਚਾਹੀਦੀ। *ਪੰਜਾਬ ਪੁਲੀਸ ਦੇ ਆਈ.ਜੀ. ਰਬੈਰੋ ਨੇ ਵੀ ਬਰਨਾਲੇ ਨੂੰ ਇਹੀ ਦੱਸਿਆ ਸੀ।*

(ਵੇਖੋ: ਰਬੈਰੋ ਦੀ ਕਿਤਾਬ *ਬੁਲਿਟ ਫ਼ਾਰ ਬੁਲਿਟ*)।

ਇਸੇ ਸ਼ਾਮ ਨੂੰ ਰਾਜੀਵ ਦੇ ਸੱਦਣ ’ਤੇ ਸੁਰਜੀਤ ਬਰਨਾਲਾ ਦਿੱਲੀ ਗਿਆ ਅਤੇ ਰਾਜੀਵ ਗਾਂਧੀ ਦੇ ਦਰਬਾਰ ਵਿਚ ਹਾਜ਼ਿਰ ਹੋ ਗਿਆ। ਰਾਜੀਵ ਨੇ ਉਸ ਨੂੰ ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਸਤੇ ਹਦਾਇਤ ਦਿੱਤੀ। ਉਂਵ ਤਾਂ ਬਰਨਾਲਾ ਪਹਿਲਾਂ ਵੀ ਰਾਜੀਵ ਨੂੰ ਖੁਸ਼ ਕਰਨ ਵਾਸਤੇ ਕਈ ਵਾਰ ਦਰਬਾਰ ਸਾਹਿਬ ਵਿਚ ਪੁਲੀਸ ਭੇਜ ਚੁੱਕਾ ਸੀ। ਉਹ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਤਲ ਵੀ ਕਰਵਾ ਚੁੱਕਾ ਸੀ ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ ’ਚ ਡੱਕੀ ਬੈਠਾ ਸੀ।

ਪਰ ਦੂਜੇ ਪਾਸੇ 26 ਜਨਵਰੀ ਨੂੰ ਰਾਜੀਵ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਨਾਂਹ ਕਰ ਕੇ ਬਰਨਾਲੇ ਨੂੰ ਬੁਰੀ ਤਰ੍ਹਾਂ ਜ਼ਲੀਲ ਕਰ ਚੁੱਕਾ ਸੀ। ਇਸ ਦੇ ਬਾਵਜੂਦ ਬਰਨਾਲਾ ਬੇਗ਼ੈਰਤ ਬੰਦੇ ਵਾਂਗ ਰਾਜੀਵ ਗਾਂਧੀ ਦਾ ਝਾੜੂ-ਬਰਦਾਰ ਬਣਿਆ ਹੋਇਆ ਸੀ। 29 ਤਾਰੀਖ਼ ਦੀ ਰਾਤ ਨੂੰ ਜਦ ਉਸ ਨੂੰ ਰਾਜੀਵ ਨੇ ਹੁਕਮ ਦਿੱਤਾ ਕਿ ਦਰਬਾਰ ਸਾਹਿਬ ’ਤੇ ਹਮਲਾ ਕੀਤਾ ਜਾਵੇ ਤਾਂ ਉਹ ਇਕ-ਦਮ ਤਿਆਰ ਹੋ ਗਿਆ। ਦਰਅਸਲ ਰਾਜੀਵ, ਇੰਦਰਾ ਗਾਂਧੀ ਦਾ ਦਰਬਾਰ ਸਾਹਿਬ ’ਤੇ 4 ਜੂਨ 1984 ਦਾ ਫ਼ੌਜੀ ਹਮਲਾ ਜਾਇਜ਼ ਸਾਬਿਤ ਕਰਨ ਵਾਸਤੇ ਇਕ ਸਿੱਖ (ਅਕਾਲੀ ਅਖਵਾਉਣ ਵਾਲੇ) ਸੁਰਜੀਤ ਬਰਨਾਲੇ ਹੱਥੋਂ ਦਰਬਾਰ ਸਾਹਿਬ ’ਤੇ ਹਮਲਾ ਕਰਵਾਉਣਾ ਚਾਹੁੰਦਾ ਸੀ।

29-30 ਅਪ੍ਰੈਲ ਦੀ ਅੱਧੀ ਰਾਤ ਵੇਲੇ ਬਰਨਾਲੇ ਨੂੰ ਅੰਮ੍ਰਿਤਸਰ ਭੇਜਿਆ ਗਿਆ। ਉਸ ਨੂੰ ਇਕੱਲਾ ਨਹੀਂ ਭੇਜਿਆ ਗਿਆ ਤਾਂ ਜੋ ਕਿਤੇ ਕੋਈ ਸ਼ਖ਼ਸ ਉਸ ਦਾ ਇਰਾਦਾ ਹੀ ਨਾ ਬਦਲਾ ਦੇਵੇ। ਉਸ ਦੇ ਨਾਲ ਅਰੁਣ ਸਿੰਘ ਅਤੇ ਅਰਜਨ ਸਿੰਘ ਵੀ ਉਸੇ ਸਪੈਸ਼ਲ ਜਹਾਜ਼ ਵਿਚ ਭੇਜੇ ਗਏ। ਉਨ੍ਹਾਂ ਨੇ ਚਲਣ ਤੋਂ ਪਹਿਲਾਂ ਪੁਲੀਸ ਚੀਫ਼ ਰਬੈਰੋ ਨੂੰ ਵੀ ਫ਼ੋਨ ਕਰ ਕੇ ਅਗਲੀ ਸਵੇਰ, 30 ਅਪ੍ਰੈਲ ਨੂੰ, ਤੜਕੇ 2 ਵਜੇ ਅੰਮ੍ਰਿਤਸਰ ਹਵਾਈ ਅੱਡੇ ’ਤੇ ਪਹੁੰਚਣ ਦਾ ਹੁਕਮ ਕੀਤਾ। ਏਅਰਪੋਰਟ ’ਤੇ ਬਰਨਾਲੇ ਨੇ ਰਬੈਰੋ ਨੂੰ ਦਸਿਆ ਕਿ ਮੈਂ ਦਰਬਾਰ ਸਾਹਿਬ ’ਚੋਂ ਖਾੜਕੂਆਂ ਨੂੰ ਕੱਢ ਦੇਣਾ ਹੈ। ਰਬੈਰੋ ਨੇ ਬਰਨਾਲੇ ਨੂੰ ਕਿਹਾ ਕਿ ਖਾੜਕੂ ਤਾਂ ਖਾਲਿਸਤਾਨ ਦਾ ਐਲਾਨ ਕਰਨ ਮਗਰੋਂ ਨਿਕਲ ਚੁੱਕੇ ਹਨ ਤੇ ਜੇ ਕੋਈ ਇਕ ਅੱਧ ਬਚਿਆ ਵੀ ਹੈ ਤਾਂ ਉਹ ਫ਼ੌਜ ਤੇ ਪੁਲੀਸ ਦੇ ਆਉਣ ਦੀ ਖ਼ਬਰ ਮਿਲਦਿਆਂ ਹੀ ਖਿਸਕ ਜਾਵੇਗਾ। ਬਰਨਾਲੇ ਨੇ ਰਬੈਰੋ ਦੀ ਗੱਲ ਦੀ ਤਾਈਦ ਕੀਤੀ ਪਰ ਨਾਲ ਹੀ ਕਿਹਾ ਕਿ ਹਮਲਾ ਕਰਨਾ ਜ਼ਰੂਰੀ ਹੈ। ਦਿੱਲੀ ਤੋਂ ਸਪੈਸ਼ਲ ਕਮਾਂਡੋ ਥੋੜ੍ਹੀ ਹੀ ਦੇਰ ਤਕ ਅੰਮ੍ਰਿਤਸਰ ਪਹੁੰਚ ਜਾਣਗੇ।

30 ਅਪ੍ਰੈਲ 1986 ਦੇ ਦਿਨ ਸ਼ਾਮ ਦੇ 4 ਵਜ ਕੇ 50 ਮਿੰਟ ’ਤੇ ਬੀ.ਐਸ.ਐਫ਼. ਅਤੇ ਸੀ.ਆਰ.ਪੀ.ਐਫ਼. ਦੀਆਂ 25 ਕੰਪਨੀਆਂ ਅਤੇ ਪੰਜਾਬ ਪੁਲੀਸ ਦੇ ਹਜ਼ਾਰਾਂ ਸਿਪਾਹੀਆਂ ਨੇ ਫ਼ੌਜ ਦੇ ਸਪੈਸ਼ਲ ਟਰੇਨ ਕੀਤੇ ਕਮਾਂਡੋਜ਼ ਦੀ ਮਦਦ ਨਾਲ ਦਰਬਾਰ ਸਾਹਿਬ ’ਤੇ ਹਮਲਾ ਕਰ ਦਿੱਤਾ। ਫ਼ੌਜ ਦੀਆਂ 7 ਕੰਪਨੀਆਂ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਦਾਖ਼ਿਲ ਹੋਈਆਂ। ਇਸ ਦੇ ਨਾਲ ਹੀ 6 ਕੰਪਨੀਆਂ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਦਾਖ਼ਿਲ ਹੋ ਗਈਆਂ। 12 ਹੋਰ ਕੰਪਨੀਆਂ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਘੇਰ ਲਿਆ।

ਕਿਉਂਕਿ ਦਰਬਾਰ ਸਾਹਿਬ ਵਿਚ ਇਕ ਵੀ ਖਾੜਕੂ ਨਹੀਂ ਸੀ, ਇਸ ਕਰ ਕੇ ਮੁਕਾਬਲਾ ਤਾਂ ਹੋਣਾ ਹੀ ਨਹੀਂ ਸੀ। ਦਾਖ਼ਿਲ ਹੁੰਦਿਆਂ ਹੀ ਫੋਰਸਿਜ਼ ਨੇ ਪਰਕਰਮਾ, ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਆਲੇ-ਦੁਆਲੇ 200 ਸਟੱਨ ਗਰਨੇਡ ਸੁੱਟੇ, ਜਿਸ ਨਾਲ ਪਰਕਰਮਾ ਵਿਚ ਜਗਹ-ਜਗਹ ’ਤੇ ਨੁਕਸਾਨ ਹੋਇਆ। ਕਈ ਜਗਹ ਅੱਗ ਲੱਗ ਗਈ। ਦਰਬਾਰ ਸਾਹਿਬ ਵਿਚ ਕੀਰਤਨ ਬੰਦ ਹੋ ਗਿਆ। ਫ਼ੋਰਸਿਜ਼ ਨੇ ਉਥੇ ਹਾਜ਼ਿਰ ਸਾਰੇ 377 ਲੋਕ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਵਿਚ 30 ਔਰਤਾਂ, 25 ਬੰਗਲਾ ਦੇਸ਼ੀ ਮੁਸਾਫ਼ਿਰ ਅਤੇ 321 ਸਿੱਖ ਸ਼ਰਧਾਲੂ ਸਨ। ਗ੍ਰਿਫ਼ਤਾਰ ਕੀਤੇ ਲੋਕਾਂ ਵਿਚੋਂ ਸਿਰਫ਼ ਦੋ-ਚਾਰ ਸ਼ਖ਼ਸ ਹੀ ਖਾੜਕੂਆਂ ਦੇ ‘ਸਾਥੀ’ ਸਨ: ਉਹ ਸਨ: ਗੁਰਦੇਵ ਸਿੰਘ ਕਾਉਂਕੇ, ਜੋ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਸੀ, ਮਾਸਟਰ ਸੂਰਤ ਸਿੰਘ ਤੇ ਇਕ-ਦੋ ਹੋਰ। ਇਨ੍ਹਾਂ ਨੂੰ ਗਿ: ਪੂਰਨ ਸਿੰਘ *(ਜਿਸ ਨੂੰ ਮਗਰੋਂ*

10 ਫ਼ਰਵਰੀ 1999 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਬਣਾਇਆ ਗਿਆ ਸੀ ਅਤੇ 28 ਮਾਰਚ 2000 ਦੇ ਦਿਨ ਬਰਤਰਫ਼ ਕੀਤਾ ਗਿਆ ਸੀ) ਦੀ ਮਦਦ ਨਾਲ ਅਗਲੇ ਦਿਨ ਤੜਕੇ ਪੰਜ ਵਜੇ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰ ਕੀਤੇ ਸਿੱਖਾਂ ਨੂੰ ਹੱਦ ਦਰਜੇ ਦੇ ਤਸੀਹੇ ਦਿੱਤੇ ਗਏ।

ਬਰਨਾਲੇ ਨੇ ਸਿਰਫ਼ ਦਰਬਾਰ ਸਾਹਿਬ ਹੀ ਨਹੀਂ, ਬਲਕਿ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ (ਅੰਮ੍ਰਿਤਸਰ), ਦਰਬਾਰ ਸਾਹਿਬ (ਤਰਨ ਤਾਰਨ), ਸਤਿਕਰਤਾਰੀਆ ਗੁਰਦੁਆਰਾ (ਬਟਾਲਾ), ਬਾਠ ਸਾਹਿਬ, ਨੌਸ਼ਹਿਰਾ ਮੱਝਾਸਿੰਘ, ਦਮਦਮਾ ਸਾਹਿਬ, ਬੁਰਜ ਸਾਹਿਬ, ਕੰਧ ਸਾਹਿਬ (ਬਟਾਲਾ), ਰਾਮ ਥੰਮਣ, ਖੁਜਾਲਾ, ਭੁੱਬਲੀ, ਹਰਿਗੋਬਿੰਦਪੁਰ ਤੇ ਕਈ ਹੋਰ ਗੁਰਦੁਆਰਿਆਂ ’ਤੇ ਵੀ ਹਮਲਾ ਕੀਤਾ।

ਬਰਨਾਲਾ ਅਕਾਲੀ ਦਲ ਦੇ ਦੋ ਟੁਕੜੇ

ਵਜ਼ਾਰਤ ਦੀ ਮੀਟਿੰਗ ਵਿਚ ਅਕਾਲੀ ਪਾਰਟੀ ਦੇ ਹੀ ਕੁਝ ਵਜ਼ੀਰਾਂ ਵਲੋਂ ਇਸ ਐਕਸ਼ਨ ਦੀ ਮੁਖ਼ਾਲਫ਼ਤ ਦੇ ਬਾਵਜੂਦ ਬਰਨਾਲੇ ਨੇ ਰਾਜੀਵ ਗਾਂਧੀ ਨੂੰ ਖ਼ੁਸ਼ ਕਰਨ ਵਾਸਤੇ ਦਰਬਾਰ ਸਾਹਿਬ ’ਤੇ ਹਮਲਾ ਕਰਨ ਦੀ ਹਰਕਤ ਦੇ ਖ਼ਿਲਾਫ਼ ਹਰ ਪਾਸਿਓਂ ਜ਼ਬਰਦਸਤ ਰੋਹ ਦੀਆਂ ਆਵਾਜ਼ਾਂ ਆਈਆਂ। ਹੋਰ ਤਾਂ ਹੋਰ ਬਰਨਾਲੇ ਦੇ 27 (ਸਪੀਕਰ ਰਵੀਇੰਦਰ ਸਿੰਘ ਸਣੇ 28) ਐਮ.ਐਲ.ਏ. ਵੀ ਉਸ ਨੂੰ ਛੱਡ ਗਏ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ’ਤੇ ਹਮਲੇ ਦੇ ਖ਼ਿਲਾਫ਼ ਰੋਸ ਦਾ ਇਜ਼ਹਾਰ ਕਰਨ ਵਾਲੇ ਵਜ਼ੀਰ ਅਤੇ ਐਮ.ਐਲ.ਏ. ਇਹ ਸਨ: ਕੈਪਟਨ ਅਮਰਿੰਦਰ ਸਿੰਘ, ਪ੍ਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ, ਪ੍ਰੇਮ ਸਿੰਘ ਲਾਲਪੁਰਾ, ਸੁੱਚਾ ਸਿੰਘ ਛੋਟੇਪੁਰ, ਤਾਰਾ ਸਿੰਘ, ਬਚਿਤਰ ਸਿੰਘ, ਕਿਰਪਾਲ ਸਿੰਘ, ਹਰਦਿਆਲ ਸਿੰਘ, ਰਾਜਾ ਨਰਿੰਦਰ ਸਿੰਘ, ਜਸਦੇਵ ਸਿੰਘ ਨਥਾਣਾ, ਸੁਜਾਨ ਸਿੰਘ, ਗੁਰਦੇਵ ਸਿੰਘ ਬਾਦਲ, ਮਹਿੰਦਰ ਸਿੰਘ ਬਰਾੜ, ਗਿਆਨੀ ਅਰਜਨ ਸਿੰਘ, ਦਵਿੰਦਰ ਸਿੰਘ ਗਰਚਾ, ਸੁਖਦੇਵ ਸਿੰਘ ਲਿਬੜਾ, ਤਾਲਬ ਸਿੰਘ ਸੰਧੂ, ਕੁਲਦੀਪ ਸਿੰਘ ਵਡਾਲਾ, ਡਾ: ਰਤਨ ਸਿੰਘ, ਜਗਦੀਸ਼ ਕੌਰ। ਬਾਕੀ ਦੇ 45 ਐਮ.ਐਲ.ਏ. ਬਰਨਾਲੇ ਦੇ ਨਾਲ ਰਹੇ।

ਬਰਨਾਲੇ ਦੇ ਸਭ ਤੋਂ ਵੱਡੇ ਹਿਮਾਇਤੀ ਸਨ: ਕੈਪਟਨ ਕੰਵਲਜੀਤ (ਜੋ ਪੁਲੀਸ ਆਈ.ਜੀ. ਰਬੈਰੋ ਦਾ ਸਭ ਤੋਂ ਵਧੀਆ ਦੋਸਤ ਸੀ ਤੇ ਜਿਸ ਨੂੰ ਰਬੈਰੋ ਚੀਫ਼ ਮਨਿਸਟਰ ਬਣਿਆ ਵੇਖਣਾ ਚਾਹੁੰਦਾ ਸੀ), ਬਲਵੰਤ ਸਿੰਘ ਸੁਲਤਾਨਪੁਰੀ, ਤਾਰਾ ਸਿੰਘ ਲਾਇਲਪੁਰੀ, ਪ੍ਰਕਾਸ਼ ਸਿੰਘ ਗੜ੍ਹਦੀਵਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਹਰੀ ਸਿੰਘ ਜ਼ੀਰਾ, ਪ੍ਰੇਮ ਸਿੰਘ ਚੰਦੂਮਾਜਰਾ। ਪਰ ਬਰਨਾਲੇ ਨੂੰ ਕਮਿਊਨਿਸਟਾਂ, ਕਾਂਗਰਸ ਤੇ ਭਾਜਪਾ ਨੇ ਬਿਨਾਂ ਸ਼ਰਤ ਹਿਮਾਇਤ ਦੇ ਦਿੱਤੀ, ਜਿਸ ਨਾਲ ਉਸ ਦੀ ਸਰਕਾਰ ਬਚੀ ਰਹੀ। ਉਂਵ ਬਰਨਾਲੇ ਨੂੰ ਆਪਣੇ ਨਾਲ ਰਹਿਣ ਵਾਲੇ ਐਮ.ਐਲ.ਏਜ਼ ’ਤੇ ਵੀ ਤਸੱਲੀ ਨਹੀਂ ਸੀ। ਉਸ ਨੇ 45 ਐਮ.ਐਲ.ਏਜ਼ ਵਿਚੋਂ 29 ਵਜ਼ੀਰ, 2 ਪਾਰਲੀਮੈਂਟਰੀ ਸੈਕਟਰੀ, 6 ਕਾਰਪੋਰੇਸ਼ਨਾਂ ਦੇ ਚੇਅਰਮੈਨ ਬਣਾ ਲਏ। ਸਿਰਫ਼ 8 ਐਮ.ਐਲ.ਏ. ਬਿਨਾਂ ਵਜ਼ੀਰੀ ਜਾਂ ਹੋਰ ਅਹੁਦੇ ਤੋਂ ਸਨ।

ਬਰਨਾਲੇ ਵਲੋਂ ਦਰਬਾਰ ਸਾਹਿਬ ’ਤੇ ਕੀਤੇ ਹਮਲੇ ਦੀ ਨਿੰਦਾ ਕਰਨ ਵਾਲਿਆਂ ਵਿਚ ਦਿੱਲੀ ਗੁਰਦੁਆਰਾ ਕਮੇਟੀ ਤੇ ਦਿੱਲੀ ਅਕਾਲੀ ਦਲ ਵੀ ਸਨ। ਨਕੋਦਰ ਬਾਰ ਐਸੋਸੀਏਸ਼ਨ ਨੇ ਵੀ ਇਸ

ਦੀ ਨਿੰਦਾ ਕੀਤੀ। ਭਾਵੇਂ ਗ਼ੈਰ-ਸਿੱਖਾਂ ਅਤੇ ਪੰਥ ਦੇ ਮੁਖ਼ਾਲਿਫ਼ਾਂ ਨੇ ਬਰਨਾਲਾ ਸਰਕਾਰ ਟੁੱਟਣ ਤੋਂ ਬਚਾਉਣ ਲਈ ਤਾਂ ਉਸ ਦੀ ਪੂਰੀ ਮਦਦ ਕੀਤੀ ਪਰ ਸਿੱਖਾਂ ਵਿਚ ਸੁਰਜੀਤ ਬਰਨਾਲਾ ਦਾ ਨਾਂ ਨਫ਼ਰਤ ਨਾਲ ਲਿਆ ਜਾਣ ਲੱਗ ਪਿਆ।

ਬਰਨਾਲੇ ਨੂੰ ਛੱਡ ਕੇ ਨਵਾਂ ਅਕਾਲੀ ਗਰੁਪ ਬਣਾਉਣ ਵਾਲੇ 27 ਐਮ.ਐਲ.ਏਜ਼ ਨੂੰ ਸਪੀਕਰ ਰਵੀਇੰਦਰ ਸਿੰਘ ਨੇ ਵੱਖਰੇ ਗਰੁਪ ਵਜੋਂ ਮਾਨਤਾ ਦੇ ਦਿੱਤੀ। ਇਸ ’ਤੇ ਬਰਨਾਲੇ ਨੇ ਸਪੀਕਰ ਰਵੀਇੰਦਰ ਸਿੰਘ ਨੂੰ ਹਟਾਉਣ ਦਾ ਫੈਸਲਾ ਕਰ ਲਿਆ ਤੇ ਬੇਵਿਸਾਹੀ ਦੇ ਮਤੇ ਦਾ ਨੋਟਿਸ ਵੀ ਦੇ ਦਿਤਾ ਗਿਆ। ਬ੍ਹਾਰਾਂ ਮਈ ਤਕ ਚਾਰ ਐਮ.ਐਲ.ਏ. (ਸਮੇਤ ਜਗਦੀਸ਼ ਕੌਰ ਦੇ) ਬਾਦਲ ਨੂੰ ਛੱਡ ਕੇ ਵਾਪਿਸ ਬਰਨਾਲੇ ਨਾਲ ਜਾ ਮਿਲੇ। ਇਸ ਦਿਨ ਦਰਬਾਰ ਸਾਹਿਬ ’ਚ ਅਕਾਲੀਆਂ ਅਤੇ ਬਰਨਾਲਾ ਧੜੇ ’ਚ ਝੜਪ ਹੋਈ। ਬੀਬੀਆਂ ਨੇ ਰੋਸ ਜ਼ਾਹਿਰ ਕਰਨ ਵਾਸਤੇ ਬਰਨਾਲਾ ਧੜੇ ਉੱਤੇ ਅੰਡੇ ਸੁੱਟੇ। ਬਰਨਾਲਾ ਧੜੇ ਦੇ ਹਰੀ ਸਿੰਘ ਆਰੇਵਾਲਾ ਅਤੇ ਇੰਦਰਜੀਤ ਸਿੰਘ ਬਾਸਰਕੇ ਨੇ ਕਾਲੇ ਝੰਡੇ ਲਿਆ ਕੇ ਬਾਦਲ ਧੜੇ ਦੇ ਖ਼ਿਲਾਫ਼ ਮੁਜ਼ਾਹਰਾ ਕੀਤਾ।

ਦੂਜੇ ਪਾਸੇ ਸੀ.ਪੀ.ਆਈ., ਸੀ.ਪੀ.ਐਮ., ਕਾਂਗਰਸ, ਭਾਰਤੀ ਜਨਤਾ ਪਾਰਟੀ, ਯਾਨੀ ਸਾਰੀਆਂ ਐਂਟੀ-ਸਿੱਖ ਪਾਰਟੀਆਂ ਨੇ ਬਰਨਾਲੇ ਦੀ ਹਿਮਾਇਤ ਦਾ ਐਲਾਨ ਕਰ ਦਿਤਾ।

ਸੁਰਜੀਤ ਬਰਨਾਲਾ ਵੱਲੋਂ ਦਰਬਾਰ ਸਾਹਿਬ ’ਤੇ ਹਮਲੇ ਮਗਰੋਂ ਹਰ ਇਕ ਸਿੱਖ ਰੋਹ ਵਿਚ ਆਇਆ ਪਰ ਹਰਚਰਨ ਸਿੰਘ ਮਹਾਲੋਂ *(ਜਿਸ ਦਾ ਭਣੇਵਾਂ ਬਰਨਾਲਾ ਸਰਕਾਰ ਨੇ ਨਕੋਦਰ ਵਿਚ ਮਾਰਿਆ ਸੀ)*, ਜਗਜੀਤ ਸਿੰਘ ਅਰੋੜਾ, ਅਜੀਤ ਸਿੰਘ ‘ਪੂਹਲਾ’ (ਇਕ ਮੁਜਰਿਮ ਜੋ ਸਰਕਾਰੀ ਤਾਕਤ ਨਾਲ ਨਕਲੀ ਨਿਹੰਗਾਂ ਦਾ ਨਕਲੀ ਮੁਖੀ ਬਣਿਆ ਫਿਰਦਾ ਸੀ), ਕਿਰਪਾਲ ਸਿੰਘ ਜਨਤਾ ਪਾਰਟੀ ਜਿਸ ਦੇ ਦੋ ਭਤੀਜੇ ਅਜੇ ਕੁਝ ਹਫ਼ਤੇ ਪਹਿਲਾਂ ਹੀ ਦਹਿਸ਼ਤਗਰਦ ਹਿੰਦੂਆਂ ਨੇ ਬੁਰੀ ਤਰ੍ਹਾਂ ਕੁੱਟੇ ਸਨ) ਵਗ਼ੈਰਾ ਨੇ ਬਰਨਾਲੇ ਦੀ ਹਿਮਾਇਤ ਕੀਤੀ।

ਬਰਨਾਲਾ ਦਾ ਅਕਾਲ ਤਖ਼ਤ ਸਾਹਿਬ ’ਤੇ ਡਰਾਮਾ

ਸੁਰਜੀਤ ਬਰਨਾਲਾ ਤੇ ਪੰਜ ਗ੍ਰੰਥੀਆਂ ਵਿਚ ਘਾਲਾ-ਮਾਲਾ: ਇਨ੍ਹਾਂ ਦਿਨਾਂ ਵਿਚ ਸੁਰਜੀਤ ਬਰਨਾਲਾ ਨੇ ਪੰਜਾਂ ਗ੍ਰੰਥੀਆਂ ਤਕ ਪਹੁੰਚ ਕੀਤੀ ਅਤੇ ਦਰਬਾਰ ਸਾਹਿਬ ’ਤੇ ਕੀਤੇ ਹਮਲੇ ਕਾਰਨ ਹੋਈ ਆਪਣੀ ਬਦਨਾਮੀ ਤੋਂ ਛੁਟਕਾਰਾ ਪਾਉਣ ਦਾ ਰਸਤਾ ਲੱਭਣ ਵਿਚ ਮਦਦ ਮੰਗੀ। ਇਸ ’ਤੇ ਕ੍ਰਿਪਾਲ ਸਿੰਘ ਨੇ ਬਰਨਾਲਾ ਨੂੰ ਦਰਬਾਰ ਸਾਹਿਬ ’ਤੇ ਇਸ ਹਮਲੇ ਨੂੰ ਹਮਲਾ ਨਾ ਕਹਿ ਕੇ ਅਣਸੁਖਾਵੀਂ ਘਟਨਾ ਕਰਾਰ ਦੇ ਕੇ ‘ਸਪੱਸ਼ਟੀਕਰਨ’ ਮੰਗਿਆ। ਸੁਰਜੀਤ ਬਰਨਾਲਾ ਨੂੰ ਗਿਆਨੀ ਕਿਰਪਾਲ ਸਿੰਘ ਵੱਲੋਂ 15 ਮਈ 1986 ਨੂੰ ਲਿਖੀ ਚਿੱਠੀ ਇੰਵ ਸੀ:

“ਪੰਜ ਸਿੰਘ ਸਾਹਿਬਾਨ ਦੀ ਇਕ ਜ਼ਰੂਰੀ ਮੀਟਿੰਗ 15-5-86 ਨੂੰ ਬੁਲਾਈ ਗਈ। ਉਸ ਵਿਚ ਸ਼ਿਕਾਇਤਾਂ ਤੇ ਸੁਝਾਵਾਂ ਉਪਰ ਦੀਰਘ ਵੀਚਾਰ ਕੀਤੀ ਗਈ। ਉਸੇ ਦਿਨ ਸੁਰਜੀਤ ਸਿੰਘ ਬਰਨਾਲਾ ਨੂੰ ਹੇਠ ਲਿਖਿਆ ਪੱਤਰ ਲਿਖਿਆ:

ਸਪੱਸ਼ਟੀਕਰਨ ਲਈ ਆਦੇਸ਼

ਸੁਰਜੀਤ ਸਿੰਘ ਜੀ ਬਰਨਾਲਾ,

ਪਿਛਲੇ ਕੁਝ ਸਮੇਂ ਵਿਚ ਹਰਿਮੰਦਰ ਸਾਹਿਬ ਵਿਚ ਕੁਝ ਅਣਸੁਖਾਵੀਆਂ ਘਟਨਾਵਾਂ

ਵਾਪਰੀਆਂ ਹਨ, ਜਿਨ੍ਹਾਂ ਬਾਰੇ ਪੰਥ ਵਿਚ ਕਾਫ਼ੀ ਵਾਦ-ਵਿਵਾਦ ਚੱਲ ਰਿਹਾ ਹੈ। ਇਨ੍ਹਾਂ ਘਟਨਾਵਾਂ ਦਾ ਆਪ ਨਾਲ ਸਿੱਧਾ ਸਬੰਧ ਹੈ, ਇਸ ਲਈ ਉਨ੍ਹਾਂ ਘਟਨਾਵਾਂ ਸਬੰਧੀ ਸਪੱਸ਼ਟੀਕਰਨ ਦੇਣ ਵਾਸਤੇ ਤੁਸਾਂ 17-5-86 ਨੂੰ ਸੁਬ੍ਹਾ 7 ਵਜੇ ਅਕਾਲ ਤਖ਼ਤ ਸਾਹਿਬ ਨਜ਼ਦੀਕ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਵੋ।

-ਕਿਰਪਾਲ ਸਿੰਘ"

(ਇਸ ਚਿੱਠੀ ਵਿਚ ਸੁਰਜੀਤ ਬਰਨਾਲਾ ਨੂੰ 'ਜੀ' ਲਿਖਿਆ ਸੀ ਤੇ ਸਾਫ਼ ਨਜ਼ਰ ਆਉਂਦਾ ਹੈ ਕਿ ਇਹ ਚਿੱਠੀ ਸ਼ਰਧਾ ਨਾਲ ਲਿਖੀ ਗਈ ਸੀ)। ਮਗਰੋਂ 17 ਮਈ 1986 ਦੇ ਦਿਨ ਬਰਨਾਲਾ ਨੇ ਅਕਾਲ ਤਖ਼ਤ ਸਾਹਿਬ 'ਤੇ ਕਿਰਪਾਲ ਸਿੰਘ ਸਾਹਵੇਂ ਪੇਸ਼ ਹੋਣ ਦਾ 'ਡਰਾਮਾ' ਕੀਤਾ। ਇਸ ਡਰਾਮੇ ਨੂੰ ਟੀ.ਵੀ. ਅਤੇ ਹੋਰ ਮੀਡੀਆ ਨੇ ਬਹੁਤ ਪਬਲਿਸਟੀ ਦਿੱਤੀ। ਸੁਰਜੀਤ ਬਰਨਾਲਾ ਦੇ ਦਰਬਾਰ ਸਾਹਿਬ 'ਤੇ ਹਮਲੇ (ਜਿਸ 'ਤੇ 27 ਅਕਾਲੀ ਐਮ.ਐਲ.ਏਜ਼ ਨੇ ਰੋਸ ਵਜੋਂ ਅਸਤੀਫ਼ੇ ਦੇ ਦਿੱਤੇ ਸਨ) ਨੂੰ ਕਿਰਪਾਲ ਸਿੰਘ ਅਤੇ ਚਾਰ ਹੋਰ ਗ੍ਰੰਥੀਆਂ ਨੇ ਸਿਰਫ਼ 'ਦੁਖਦਾਈ ਤੇ ਅਫ਼ਸੋਸਨਾਕ' ਕਰਾਰ ਦਿੱਤਾ ਅਤੇ ਮਾਮੂਲੀ ਜਿਹੀ 'ਤਨਖ਼ਾਹ' ਲਾ ਕੇ ਉਸ ਨੂੰ ਬਰੀ ਕਰ ਦਿੱਤਾ। ਪੰਜਾਂ ਗ੍ਰੰਥੀਆਂ ਦਾ ਬਰਨਾਲੇ ਨਾਲ ਕੀ ਸੌਦਾ ਹੋਇਆ ਸੀ, ਅੱਜ ਤਕ ਪਤਾ ਨਹੀਂ ਲੱਗ ਸਕਿਆ, ਪਰ ਯਕੀਨਨ ਦਾਲ ਵਿਚ ਕੁਝ ਕਾਲਾ-ਕਾਲਾ ਜ਼ਰੂਰ ਸੀ (ਸ਼ਾਇਦ ਸਾਰੀ ਦਾਲ ਹੀ ਕਾਲੀ ਸੀ) ਬਰਨਾਲੇ ਨੂੰ ਲਾਈ 'ਸਜ਼ਾ' ਦਾ ਹੁਕਮ ਹੇਠ ਲਿਖਿਆ ਸੀ:

ਹੁਕਮਨਾਮਾ

ਅੱਜ ਮਿਤੀ 17-5-86 ਨੂੰ ਸਾਡੇ ਵੱਲੋਂ ਭੇਜੇ ਆਦੇਸ਼ ਅਨੁਸਾਰ ਦਰਬਾਰ ਸਾਹਿਬ ਕੰਪਲੈਕਸ ਵਿਖੇ ਪੁਲੀਸ ਕਾਰਵਾਈ ਸਬੰਧੀ ਸਪੱਸ਼ਟੀਕਰਨ ਦੇਣ ਹਿੱਤ ਸੁਰਜੀਤ ਸਿੰਘ ਬਰਨਾਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੁੱਖ ਮੰਤਰੀ ਪੰਜਾਬ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਸਿੰਘ ਸਾਹਿਬਾਨ ਦੇ ਸਾਹਮਣੇ ਪੇਸ਼ ਹੋਏ। ਉਨ੍ਹਾਂ ਨੇ ਆਪਣਾ ਲਿਖਿਆ ਸਪੱਸ਼ਟੀਕਰਨ ਪੜ੍ਹ ਕੇ ਸੁਣਾਇਆ ਤੇ ਸਾਨੂੰ ਦੇ ਦਿੱਤਾ। ਪੰਜ ਸਿੰਘ ਸਾਹਿਬਾਨ ਨੇ ਉਸ ਨੂੰ ਸਾਰੇ ਪੱਖਾਂ ਤੋਂ ਗਹੁ ਨਾਲ ਵਿਚਾਰਨ ਉਪਰੰਤ ਹੇਠ ਲਿਖਿਆ ਫ਼ੈਸਲਾ ਸੁਣਾਇਆ।

ਭਾਵੇਂ ਸੁਰਜੀਤ ਸਿੰਘ ਬਰਨਾਲਾ ਦੇ ਸਪੱਸ਼ਟੀਕਰਨ ਵਿਚ ਦੱਸਿਆ ਹੈ ਕਿ ਇਹ ਕਾਰਵਾਈ 16 ਫ਼ਰਵਰੀ, 1986 ਦੇ ਸਰਬੱਤ ਖ਼ਾਲਸਾ ਸਮਾਗਮ ਦੇ ਆਦੇਸ਼ ਅਨੁਸਾਰ ਖ਼ਾਸ ਮਜਬੂਰੀਆਂ ਕਰ ਕੇ ਕੀਤੀ, ਪਰ ਫਿਰ ਵੀ ਸਾਡੇ ਖ਼ਿਆਲ ਅਨੁਸਾਰ ਪੁਲੀਸ ਕਾਰਵਾਈ ਦੁਖਦਾਈ ਅਤੇ ਅਫ਼ਸੋਸਨਾਕ ਸੀ ਅਤੇ ਕੁਝ ਅਣਸੁਖਾਵੀਆਂ ਘਟਨਾਵਾਂ ਵੀ ਹੋਈਆਂ ਹਨ। ਇਸ ਕਰ ਕੇ ਸਾਡੇ ਵੱਲੋਂ ਸੁਰਜੀਤ ਸਿੰਘ ਬਰਨਾਲਾ ਨੂੰ ਪਸ਼ਚਾਤਾਪ ਕਰਨ ਹਿੱਤ ਹੇਠ ਲਿਖੀਆਂ ਸੇਵਾਵਾਂ ਲਾਈਆਂ ਜਾਂਦੀਆਂ ਹਨ :

1. ਅਕਾਲ ਤਖ਼ਤ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਇਕ ਅਖੰਡ ਪਾਠ ਕਰਵਾਇਆ ਜਾਵੇ।
2. ਨਿਤਨੇਮ ਤੋਂ ਇਲਾਵਾ 24 ਪਾਠ ਜਪੁਜੀ ਸਾਹਿਬ ਦੇ ਕੀਤੇ ਜਾਣ।
3. ਪੰਜ ਸੌ ਇੱਕ ਰੁਪਏ ਅਕਾਲ ਤਖ਼ਤ ਸਾਹਿਬ ਦੀ ਗੋਲਕ 'ਚ ਪਾਏ ਜਾਣ।
4. ਕਿਸੇ ਵੀ ਸਥਾਨਕ ਗੁਰਦੁਆਰੇ ਵਿਚ ਇਕ ਹਫ਼ਤੇ ਲਈ ਜੋੜੇ ਝਾੜਨ ਦੀ ਸੇਵਾ ਕੀਤੀ

ਜਾਵੇ।

5. ਉਪਰੰਤ ਅਕਾਲ ਤਖ਼ਤ ਸਾਹਿਬ ਜੀ ਵਿਖੇ 101/- ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ਼ ਲਿਆ ਕੇ ਅਰਦਾਸ ਕਰਵਾਈ ਜਾਵੇ।"

(ਬਰਨਾਲੇ ਨੇ ਆਪਣੇ ਸਪਸ਼ਟੀਕਰਨ ਵਿਚ ਕਿਤੇ ਨਹੀਂ ਸੀ ਲਿਖਿਆ ਕਿ ਉਸ ਨੇ ਇਹ ਕਾਰਵਾਈ 16 ਫ਼ਰਵਰੀ 1986 ਦੇ ਅਕਾਲੀਆਂ ਦੇ ਅਖੌਤੀ 'ਸਰਬੱਤ ਖਾਲਸਾ' ਦੇ ਆਦੇਸ਼ ਮੁਤਾਬਿਕ ਕੀਤੀ ਸੀ। ਇਹ ਤਾਂ ਏਥੇ ਕਿਰਪਾਲ ਸਿੰਘ ਨੇ ਆਪ ਲਿਖ ਦਿੱਤਾ ਸੀ ਕਿਉਂ ਕਿ ਹੈ ਤਾਂ ਇਹ ਸਭ ਕੁਝ ਘਾਲਾ-ਮਾਲਾ ਹੀ ਸੀ)।

30 ਅਪ੍ਰੈਲ ਦੇ ਹਮਲੇ ਮਗਰੋਂ ਬਰਨਾਲੇ ਨੇ ਦਰਬਾਰ ਸਾਹਿਬ ਵਿਚ ਸੈਂਕੜੇ ਬਾ-ਵਰਦੀ ਪੁਲੀਸ ਸਿਪਾਹੀ ਤਾਈਨਾਤ ਕੀਤੇ ਹੋਏ ਸਨ। ਪਰਕਰਮਾ ਵਿਚ ਹਰ 10 ਫ਼ੁਟ 'ਤੇ ਇਕ ਪੁਲੀਸ ਮੁਲਾਜ਼ਮ ਖੜ੍ਹਾ ਹੋਇਆ ਸੀ। ਸਿੱਖਾਂ ਵਿਚ ਬਰਨਾਲੇ ਵਾਸਤੇ ਨਫ਼ਰਤ ਦਿਨ-ਬ-ਦਿਨ ਵੱਧ ਰਹੀ ਸੀ। ਅਖ਼ੀਰ ਬਰਨਾਲੇ ਨੇ ਇਕ ਮਹੀਨੇ ਬਾਅਦ, 31 ਮਈ ਨੂੰ, ਪੁਲੀਸ ਨੂੰ ਪਰਕਰਮਾ ਵਿਚੋਂ ਹਟਾ ਲਿਆ ਪਰ ਸਰਾਂਵਾਂ, ਸ਼੍ਰੋਮਣੀ ਕਮੇਟੀ ਦੇ ਦਫ਼ਤਰ ਤੇ ਹੋਰ ਸਾਰੇ ਪਾਸੇ ਅਜੇ ਵੀ ਸੈਂਕੜੇ ਸਿਪਾਹੀਆਂ ਦਾ ਘੇਰਾ ਕਾਇਮ ਸੀ। ਭਾਵੇਂ ਬਰਨਾਲੇ ਨੇ ਪਰਕਰਮਾ ਵਿਚੋਂ ਪੁਲੀਸ ਹਟਾਈ ਸੀ, ਪਰ ਉਸ ਦੀ ਥਾਂ 'ਤੇ ਸ਼੍ਰੋਮਣੀ ਕਮੇਟੀ ਵਲੋਂ ਭਰਤੀ ਕੀਤੀ ਹੋਈ 'ਟਾਸਕ ਫ਼ੋਰਸ' ਤਾਈਨਾਤ ਕਰ ਦਿੱਤੀ ਗਈ ਸੀ। ਇਹ 'ਟਾਸਕ ਫ਼ੋਰਸ' ਬਰਨਾਲੇ ਵਲੋਂ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਾਬਲ ਸਿੰਘ ਨੇ ਬਰਨਾਲੇ ਦੇ ਕਹਿਣ 'ਤੇ ਬਣਾਈ ਸੀ। 4 ਜੂਨ ਨੂੰ ਇਸ ਟਾਸਕ ਫ਼ੋਰਸ ਦਾ ਇਕ ਮੁਲਾਜ਼ਮ ਅਵਤਾਰ ਸਿੰਘ ਕੁਝ ਸਿੱਖਾਂ ਨਾਲ ਹੱਥੋ-ਪਾਈ 'ਚ ਮਾਰਿਆ ਗਿਆ। ਅਵਤਾਰ ਸਿੰਘ ਦੇ ਕਤਲ ਦੇ ਨਾਂ 'ਤੇ ਬਰਨਾਲਾ ਪੁਲੀਸ ਨੇ ਇੰਦਰਾ ਗਾਂਧੀ ਨੂੰ ਮਾਰਨ ਵਾਲੇ ਬੇਅੰਤ ਸਿੰਘ ਦੀ ਪਤਨੀ ਬੀਬੀ ਬਿਮਲ ਕੌਰ, ਤਾਲਬ ਸਿੰਘ ਸੰਧੂ ਐਮ.ਐਲ.ਏ., ਮੇਜਰ ਜਗਜੀਤ ਸਿੰਘ ਅਤੇ ਕਈ ਹੋਰਾਂ ਉੱਤੇ ਝੂਠਾ ਕੇਸ ਦਰਜ ਕਰ ਲਿਆ ਗਿਆ। (ਇਸ ਦੇ ਨਾਲ ਹੀ ਪੁਲੀਸ ਫੇਰ ਪਰਕਰਮਾ ਵਿਚ ਆ ਗਈ ਅਤੇ 15 ਜੂਨ ਤਕ ਉੱਥੇ ਕਾਬਜ਼ ਰਹੀ। ਇਹ ਓਨਾ ਹੀ ਸਮਾਂ ਸੀ ਜਿੰਨਾਂ ਚਿਰ ਇੰਦਰਾ ਗਾਂਧੀ ਵੇਲੇ ਕਬਜ਼ਾ ਰੱਖਿਆ ਗਿਆ ਸੀ)।

ਇਸ ਤੋਂ ਬਾਅਦ ਬਰਨਾਲੇ ਦੇ ਹੁਕਮ 'ਤੇ ਪੰਜਾਬ ਪੁਲੀਸ ਨੇ ਫਿਰ ਦਰਜਨਾਂ ਬੇਗੁਨਾਹ ਸਿੱਖ ਨੌਜਵਾਨ ਮਾਰ ਦਿੱਤੇ ਤੇ ਸੈਂਕੜੇ ਫੜ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ।

ਸਤਾਰਾਂ ਮਈ ਨੂੰ ਦਿੱਲੀ ਤੋਂ ਬਾਬਾ ਹਰਬੰਸ ਸਿੰਘ ਨੇ ਦਰਬਾਰ ਸਾਹਿਬ 'ਚ ਪੁਲੀਸ ਦਾਖਲੇ ਦੀ ਨਿੰਦਾ ਕੀਤੀ ਪਰ ਰਾਜੀਵ ਨੇ ਕਿਹਾ ਕਿ "ਪੰਜਾਬ 'ਚ ਸੁਖਾਵਾਂ ਮੋੜ ਆਇਆ ਹੈ। ਬਰਨਾਲਾ ਦਹਿਸ਼ਤ ਪਸੰਦਾਂ ਨਾਲ ਸੁਹਣਾ ਨਿਪਟ ਰਿਹਾ ਹੈ।"

ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਦਾ ਹੜ੍ਹ

29 ਮਾਰਚ ਨੂੰ ਬਰਨਾਲੇ ਵਲੋਂ ਰਬੈਰੋ ਨੂੰ ਆਈ.ਜੀ. ਬਣਾਏ ਜਾਣ ਮਗਰੋਂ ਸਿੱਖਾਂ ਦੇ ਨਕਲੀ ਪੁਲੀਸ ਮੁਕਾਬਲਿਆਂ ਵਿਚ ਮਾਰੇ ਜਾਣ ਅਤੇ ਗ੍ਰਿਫ਼ਤਾਰੀਆਂ ਦਾ ਹੜ੍ਹ ਆ ਗਿਆ ਸੀ। ਪਰ ਦਰਬਾਰ ਸਾਹਿਬ ਉੱਤੇ ਬਰਨਾਲੇ ਦੇ ਹਮਲੇ ਤੋਂ ਬਾਅਦ ਤਾਂ ਇਸ ਦੀ ਹੱਦ ਹੀ ਮੁੱਕ ਗਈ। ਹੁਣ ਬਰਨਾਲੇ ਦਾ ਸਾਥ ਦੇਣ ਤੋਂ ਨਾਂਹ ਕਰਨ ਵਾਲੇ ਅਕਾਲੀ ਵਰਕਰ ਤੇ ਆਮ ਸਿੱਖ ਵੀ ਦਹਿਸ਼ਤਗਰਦ

ਕਹਿ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ ਜਾਣ ਲਗ ਪਏ।ਪਹਿਲੀ ਮਈ ਨੂੰ ਬਟਾਲੇ ਦੇ ਬਲਵਿੰਦਰ ਸਿੰਘ ਨੂੰ ਢਿਲਵਾਂ ਕੋਲ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਦਿਨ ਨੌਸ਼ਹਿਰਾ ਮੱਝਾ ਦਾ ਜੋਗਿੰਦਰ ਸਿੰਘ ਵੀ ਗ੍ਰਿਫ਼ਤਾਰ ਕੀਤਾ ਗਿਆ। ਦੋ ਮਈ ਨੂੰ ਫ਼ੈਡਰੇਸ਼ਨ ਦੀ ਗੁਰਦਾਸਪੁਰ ਯੂਨਿਟ ਦਾ ਮੀਤ ਪ੍ਰਧਾਨ ਨਵਦੀਪ ਸਿੰਘ ਫੜ ਲਿਆ ਗਿਆ। ਤਿੰਨ ਮਈ ਨੂੰ ਜਲੰਧਰ ਵਿਚ ਜੀਵਨ ਸਿੰਘ (ਗੋਪਾਲ ਨਗਰ), ਸਵਰਨਜੀਤ ਸਿੰਘ ਉਰਫ਼ ਸੰਧੂ (ਗੋਪਾਲ ਨਗਰ), ਮਹਿੰਦਰ ਸਿੰਘ ਟੀਟੂ (ਮਖ਼ਦੂਮਪੁਰ) ਨੂੰ ਸਕੂਟਰ ਨੰਬਰ ਪੀ.ਏ.ਐਲ. 6840 ’ਤੇ ਸਵਾਰੀ ਕਰਦਿਆਂ ਦਹਿਸ਼ਤ ਪਸੰਦ ਆਖ ਕੇ ਗ੍ਰਿਫ਼ਤਾਰ ਕਰ ਲਿਆ ਤੇ ਉਸ ਦਾ ਸਕੂਟਰ ਵੀ ਜ਼ਬਤ ਕਰ ਲਿਆ ਗਿਆ। ਸੱਤ ਮਈ ਨੂੰ ਲੁਧਿਆਣੇ ਵਿਚ ਭਰਪੂਰ ਸਿੰਘ (ਸਿਆੜ), ਰਜਿੰਦਰ ਸਿੰਘ (ਭਿੱਖੀ), ਬਲਬੀਰ ਸਿੰਘ (ਕੈਲਾ) ਤੇ ਸ਼ੈਬਰ ਸਿੰਘ (ਰੁੜਕਾ) ਗ੍ਰਿਫ਼ਤਾਰ ਕਰ ਕੇ ਝੂਠੇ ਕੇਸਾਂ ’ਚ ਧਰ ਲਏ ਗਏ। ਅੱਠ ਮਈ ਨੂੰ ਝੂਠੇ ਪੁਲੀਸ ਮੁਕਾਬਲੇ ਦੇ ਨਾਂ ’ਤੇ ਤਰਨਤਾਰਨ ਕੋਲ ਮੁਗਦਪੁਰ ਪਿੰਡ ਦੇ ਲਖਬੀਰ ਸਿੰਘ ਅਤੇ ਪਰਤਾਪ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਕੱਥੂ ਨੰਗਲ ’ਚ ਰਣਜੀਤ ਸਿੰਘ, ਹਰਦੇਵ ਸਿੰਘ ਤੇ ਜਸਵੰਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਨੌਂ ਮਈ ਨੂੰ ਮੋਗੇ ਵਿਚ ਫ਼ਿਰੋਜ਼ਪੁਰ ਦਾ ਜਗਰੂਪ ਸਿੰਘ ਅਤੇ ਫਰੀਦਕੋਟ ਦਾ ਬੇਅੰਤ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਨੌਂ ਮਈ ਨੂੰ ਬਿਆਸ ਦੇ ਕਾਂਗਰਸੀ ਐਮ.ਐਲ.ਏ. ਸੰਤ ਸਿੰਘ ਲਿੱਦੜ ਦੇ ਕਤਲ ਕੇਸ ’ਚ ਸੁਲੱਖਣ ਸਿੰਘ, ਸੰਤੋਖ ਸਿੰਘ, ਸੁਰਿੰਦਰ ਸਿੰਘ, ਗੁਰਮੁਖ ਸਿੰਘ, ਗੱਜਣ ਸਿੰਘ, ਸੇਵਾ ਸਿੰਘ ਤੇ ਪੱਪੂ ਗ੍ਰਿਫ਼ਤਾਰ ਕਰ ਲਏ ਗਏ। ਦਸ ਮਈ ਨੂੰ ਮੋਰਿੰਡੇ ਵਿਚ ਭਿੰਡਰਾਂ-ਮਹਿਤਾ ਜਥਾ ਦੇ ਪ੍ਰਚਾਰਕ ਗੁਰਪ੍ਰੀਤ ਸਿੰਘ ਗੋਪੀ, ਹਰਪ੍ਰੀਤ ਸਿੰਘ ਰੰਧਾਵਾ, ਕੁਲਵਿੰਦਰ ਸਿੰਘ ਲਾਂਬਾ ਗ੍ਰਿਫ਼ਤਾਰ ਕੀਤੇ ਗਏ। ਯਾਰਾਂ ਮਈ ਨੂੰ ਪਟਿਆਲੇ ਵਿਚ ਗੁਰਸੇਵਕ ਸਿੰਘ ਬਬਲਾ ਨੂੰ ਦਰੇਸੀ ਕਾਂਡ ਦੇ ਨਾਂ ’ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਰੋਪੜ ਤੋਂ ਮਨਜੀਤ ਸਿੰਘ ਤੇ ਸੋਹਨ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲੇ ਜਨਰਲ ਰਣਜੀਤ ਦਿਆਲ ਦੇ ਭਰਾ ਦੇ ਕਤਲ ਦੀ ਸਾਜ਼ਿਸ਼ ਦੇ ਨਾਂ ਹੇਠ ਸਤਿੰਦਰ ਸਿੰਘ ਉਰਫ਼ ਸੱਤਾ (ਭੂਟਾਨ, ਕਰਨਾਲ) ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਛੇ ਹੋਰਾਂ ਨੂੰ ਨਾਮਜ਼ਦ ਕੀਤਾ ਗਿਆ। ਇਨ੍ਹਾਂ ਵਿਚ ਬਲਵਿੰਦਰ ਸਿੰਘ ਬਿਲਾ, ਲਖਬੀਰ ਸਿੰਘ ਲੱਖਾ ਤੇ ਦਲਬੀਰ ਸਿੰਘ ਵੀ ਸ਼ਾਮਿਲ ਸਨ।

ਤੇਰ੍ਹਾਂ ਮਈ ਨੂੰ ਸੰਗਰੂਰ ਵਿਚ ਸੰਤਾ ਸਿੰਘ ਮੀਰ (ਕਟਨਾ ਗਿੱਲ), ਅਮਰੀਕ ਸਿੰਘ (ਹਰਿਆਣਾ) ਤੇ ਭੂਰਾ ਸਿੰਘ (ਗਦੜਿਆਣੀ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਦਰਾਂ ਮਈ ਨੂੰ ਮੁਕਤਸਰ ਦੇ ਗੁਰਦੁਆਰੇ ਵਿਚੋਂ ਕਈ ਸਿੱਖ ਹਿਰਾਸਤ ’ਚ ਲਏ ਗਏ। ਸਤਾਰਾਂ ਮਈ ਨੂੰ ਮਨਮੋਹਨ ਸਿੰਘ (ਬਟਾਲਾ), ਸੁਖਵਿੰਦਰਪਾਲ ਸਿੰਘ (ਬਟਾਲਾ) ਤੇ ਸਰਦਾਰ ਸਿੰਘ (ਦੀਵਾਨੀਵਾਲ, ਬਟਾਲਾ) ਗ੍ਰਿਫ਼ਤਾਰ ਕਰ ਗਏ। ਇਸ ਦਿਨ ਮਨਜੀਤ ਸਿੰਘ (ਸ਼ਾਹਪੁਰ ਜੱਜਾਂ), ਕੰਵਲਜੀਤ ਸਿੰਘ (ਮਹਾਂਸਿੰਘ ਗੇਟ, ਅੰਮ੍ਰਿਤਸਰ) ਤੇ ਗੁਰਿੰਦਰ ਸਿੰਘ (ਫੈਸਲਾਬਾਦ, ਬਟਾਲਾ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਦਾ ਸਕੂਟਰ ਨੰਬਰ ਸੀ.ਬੀ.ਜੇ. 9103 ਵੀ ਖੋਹ ਲਿਆ ਗਿਆ। ਇਸੇ ਦਿਨ ਫਰੀਦਕੋਟ ਵਿਚ ਸੁਖਦੇਵ ਸਿੰਘ ਸੁੱਖਾ (ਫੜੇਵਾਲਾ, ਫ਼ਿਰੋਜ਼ਪੁਰ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਮੁੱਲਾਸ਼ਾਹੀਆ (ਬਟਾਲਾ) ਦਾ ਬਖ਼ਸ਼ੀਸ਼ ਸਿੰਘ ਵੀ ਹਿਰਾਸਤ ’ਚ ਲੈ ਲਿਆ ਗਿਆ। ਅਠਾਰਾਂ ਮਈ ਨੂੰ ਪਟਿਆਲਾ ਵਿਚ ਸਰਬਜੀਤ ਸਿੰਘ, ਦਰਸ਼ਨ ਸਿੰਘ ਤੇ ਸਾਬਕਾ ਸਿਪਾਹੀ ਰਣਬੀਰ ਸਿੰਘ ਨੂੰ ਵੀ ਝੂਠੇ ਕੇਸਾਂ

’ਚ ਗ੍ਰਿਫ਼ਤਾਰ ਕਰ ਲਿਆ। ਇਸੇ ਦਿਨ ਭੂਰਾ ਸਿੰਘ ਤੇ ਫਤਹ ਸਿੰਘ ਦੀ ਗ੍ਰਿਫ਼ਤਾਰੀ ਵੀ ਪਾਈ ਗਈ। ਇੱਕੀ ਮਈ ਨੂੰ ਧਾਰੀਵਾਲ ਵਿਚ ਜਸਵੰਤ ਸਿੰਘ, ਹਰੀ ਸਿੰਘ, ਬਲਵਿੰਦਰ ਸਿੰਘ ਤੇ ਅਨੂਪ ਸਿੰਘ ਨੂੰ ਅਸਲਾ ਫੈਕਟਰੀ ਚਲਾਉਣ ਦੇ ਨਾਂ ’ਤੇ ਗ੍ਰਿਫ਼ਤਾਰ ਕਰ ਲਿਆ ਗਿਆ।

ਬਾਈ ਮਈ ਨੂੰ ਗੁਰਦਾਸਪੁਰ ਵਿਚ ਤਰਸੇਮ ਸਿੰਘ, ਜਸਬੀਰ ਸਿੰਘ, ਦਲਬੀਰ ਸਿੰਘ, ਹਰਭਜਨ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਫ਼ਿਰੋਜ਼ਪੁਰ ’ਚ ਵੀ, ਫੇਮੇ ਕੀ ਨਹਿਰ ਤੋਂ, ਨਰਿੰਦਰ ਸਿੰਘ, ਹਰਦਿਆਲ ਸਿੰਘ, ਜਰਨੈਲ ਸਿੰਘ, ਰਣਧੀਰ ਸਿੰਘ, ਅਮਰ ਸਿੰਘ, ਜੱਸਾ ਸਿੰਘ ਨੂੰ ਫੜ ਕੇ ਕਤਲਾਂ ਦੇ ਕੇਸਾਂ ’ਚ ਚਾਰਜ ਕਰ ਦਿੱਤਾ ਗਿਆ। ਤੇਈ ਮਈ ਨੂੰ ਗੁਰਦੁਆਰਾ ਸ਼ਹੀਦਾਂ (ਅੰਮ੍ਰਿਤਸਰ) ਵਿਚ ਪੁਲਿਸ ਦਾਖ਼ਿਲ ਹੋਈ ਤੇ 12 ਸਿੱਖ ਗ੍ਰਿਫ਼ਤਾਰ ਕਰ ਲਏ ਗਏ। ਪੰਜ਼ੀ ਮਈ ਨੂੰ ਬਟਾਲੇ ਵਿਚ ਮਨਮੋਹਨ ਸਿੰਘ, ਸਤਿੰਦਰਪਾਲ ਸਿੰਘ, ਸਰਦਾਰ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਇਸੇ ਦਿਨ ਫ਼ੈਡਰੇਸ਼ਨ ਦੀ ਬਟਾਲਾ ਯੂਨਿਟ ਦੇ ਵਰਕਰ ਜਤਿੰਦਰ ਸਿੰਘ, ਗੁਰਦੀਪ ਸਿੰਘ ਤੇ ਸੁਖਵਿੰਦਰ ਸਿੰਘ ਨੂੰ ਵੀ ਹਿਰਾਸਤ ’ਚ ਲੈ ਲਿਆ ਗਿਆ। 27 ਮਈ ਨੂੰ ਸੁਰਿੰਦਰ ਸਿੰਘ ਕੁਕੂ ਤੇ ਹਰਦੇਵ ਸਿੰਘ ਗ੍ਰਿਫ਼ਤਾਰ ਕੀਤੇ ਗਏ। ਅਠਾਈ ਮਈ ਨੂੰ ਨਕਲੀ ਪੁਲੀਸ ਮੁਕਾਬਲੇ ਦੇ ਨਾਂ ਤੇ ਢੁੱਡੀਕੇ ਕੋਲ ਕੁਲਜੀਤ ਸਿੰਘ, ਜਸਪਾਲ ਸਿੰਘ, ਬਲਵੰਤ ਸਿੰਘ ਤੇ ਰਣਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੀ ਕਾਰ ਵੀ ਖੋਹ ਲਈ ਗਈ। ਇਸੇ ਦਿਨ ਦਰਬਾਰ ਸਾਹਿਬ ਵਿਚ ਸੀ.ਆਰ.ਪੀ. ਨੇ ਬੀਬੀ ਪਿੰਦੀ ਤੇ ਬੀਬੀ ਬਲਜੀਤ ਕੌਰ (ਦੋਵੇਂ ਕਾਦੀਆਂ) ਨੂੰ ਨਾਅਰੇ ਲਾਉਣ ’ਤੇ ਗ੍ਰਿਫ਼ਤਾਰ ਕੀਤਾ। ਤੀਹ ਮਈ ਨੂੰ ਕਪੂਰਥਲਾ (ਬੱਸ ਸਾੜਨ ਦੇ ਕੇਸ ’ਚ) ਵਿਚ ਸਰਬਜੀਤ ਸਿੰਘ (ਮਲਕਾਨ ਮੁਹੱਲਾ), ਅਮਰੀਕ ਸਿੰਘ (ਖੀਰਾਂਵਾਲੀ), ਰਵਿੰਦਰ ਸਿੰਘ (ਕਾਇਮਪੁਰਾ), ਪਰਦੀਪ ਸਿੰਘ (ਧਾਲੀਵਾਲ ਦੋਨਾ) ਤੇ ਬਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਹਿਲਾਂ ਇਸੇ ਕੇਸ ਵਿਚ ਮਨਜੀਤ ਸਿੰਘ, ਹਰਜੀਤ ਸਿੰਘ ਨੂੰ ਦਿਲਬਾਗ ਸਿੰਘ (ਮੰਡ ਕਿਸ਼ਨਸਿੰਘ ਵਾਲਾ), ਫ਼ਤਹਿ ਸਿੰਘ (ਬੂਟਾ) ਵੀ ਗ੍ਰਿਫ਼ਤਾਰ ਕਰ ਲਏ ਹੋਏ ਸਨ। ਅੰਮ੍ਰਿਤਸਰ ਦੇ ਪੁਲੀਸ ਕਪਤਾਨ ਕਾਹਲੋਂ ਨੇ ਮੰਨਿਆ ਕਿ ਅੰਮ੍ਰਿਤਸਰ ਪੁਲੀਸ ਨੇ ਮਈ ਵਿਚ ਸਿਰਫ਼ ਇਸ ਜ਼ਿਲ੍ਹੇ ਵਿਚ 27 ਸਿੱਖ ਗ੍ਰਿਫ਼ਤਾਰ ਕੀਤੇ ਸਨ। ਇਨ੍ਹਾਂ ਵਿਚ ਗੁਰਿੰਦਰ ਸਿੰਘ ਤੇ ਵਰਿਆਮ ਸਿੰਘ ਵੀ ਹਨ।

ਪੁਲੀਸ ਨੇ ਦਰਜਨ ਦੇ ਕਰੀਬ ਸਿੱਖ ਮਾਰੇ

ਪੰਜ ਮਈ ਨੂੰ ਸੁਖਦੇਵ ਸਿੰਘ ਵੇਰਕਾ ਤੇ ਪੰਝੀ ਮਈ ਨੂੰ ਕੁਲਵੰਤ ਸਿੰਘ (ਕਪੂਰਥਲਾ) ਤੇ ਦਲਜੀਤ ਸਿੰਘ (ਵੇਰਕਾ) ਨੂੰ ਨਕਲੀ ਪੁਲੀਸ ਮੁਕਾਬਲੇ ਵਿਚ ਅੰਮ੍ਰਿਤਸਰ ਵਿਚ ਮਾਰ ਦਿੱਤਾ ਗਿਆ। ਇਸ ਮਹੀਨੇ ਵਿਚ ਦਰਜਨ ਤੋਂ ਵੀ ਜ਼ਿਆਦਾ ਸਿੱਖ ਨਕਲੀ ਪੁਲੀਸ ਮਕਾਬਲਾ ਬਣਾ ਕੇ ਮਾਰੇ ਗਏ ਸਨ।

7 ਮਈ ਨੂੰ ਦਿੱਲੀ ਵਿਚ ਟੀ.ਵੀ. ਅਤੇ ਦੂਜੇ ਮੀਡੀਆ ਰਾਹੀਂ ਪ੍ਰਾਪੇਗੰਡਾ ਕਰ ਕੇ 8 ਸਿੱਖਾਂ ਦੇ ਦਿੱਲੀ ਵਿਚ ਦਾਖਿਲ ਹੋਣ ਦਾ ਹਊਆ ਦਿਖਾ ਕੇ ਸਿੱਖਾਂ ਨੂੰ ਤੰਗ ਕੀਤਾ ਗਿਆ। ਜਿਨ੍ਹਾਂ ਖਾੜਕੂਆਂ ਦੇ ਨਾਂ ਪ੍ਰਚਾਰੇ ਗਏ ਸਨ, ਉਹ ਸਨ: ਹਰਜਿੰਦਰ ਸਿੰਘ ਜਿੰਦਾ, ਬਖ਼ਸ਼ੀਸ਼ ਸਿੰਘ, ਗੁਰਿੰਦਰ ਸਿੰਘ, ਸੁਖਦੇਵ ਸਿਘ ਸੁੱਖਾ, ਜਰਨੈਲ ਸਿੰਘ, ਹਰਜੀਤ/ਹਰਵਿੰਦਰ ਸਿੰਘ ਉਰਫ਼ ਮਥਰਾ ਸਿੰਘ, ਸੁਖਦੇਵ ਸਿੰਘ ਬਬਰ ਉਰਫ਼ ਸ਼ੇਰ ਸਿੰਘ। ਅਜਿਹੇ ਪ੍ਰਾਪੇਗੰਡੇ ਦਾ ਮਤਲਬ ਸਿਰਫ਼ ਇਹੀ ਸੀ ਕਿ ਦਿੱਲੀ ’ਚ ਸਿੱਖਾਂ ਨੂੰ ਤੰਗ ਕੀਤਾ ਜਾ ਸਕੇ ਤੇ ਉਨ੍ਹਾਂ ਦਾ ਹਊਆ ਪੇਸ਼ ਕਰ ਕੇ ਦਹਿਸ਼ਤ ਫੈਲਾਈ

ਜਾ ਸਕੇ।

ਸੁਰਜੀਤ ਬਰਨਾਲਾ ਨੇ ਪੰਜਾਬ ਵਿਚ ਹੋਰ ਫ਼ੌਜ ਲਿਆਂਦੀ

ਹਾਲਾਂਕਿ ਪੰਜਾਬ ਵਿਚ ਪਹਿਲਾਂ ਹੀ ਬਹੁਤ ਸਾਰੀ ਫ਼ੌਜ, ਬੀ.ਐਸ.ਐਫ਼., ਸੀ.ਆਰ.ਪੀ.ਐਫ਼. ਅਤੇ ਪੁਲੀਸ ਮੌਜੂਦ ਸੀ ਪਰ ਸੁਰਜੀਤ ਬਰਨਾਲਾ ਨੇ ਸਿੱਖਾਂ ਵਿਚ ਦਹਿਸ਼ਤ ਫ਼ੈਲਾਉਣ ਵਾਸਤੇ ਹੋਰ ਫ਼ੌਜ ਮੰਗਵਾ ਲਈ। ਪੰਦਰਾਂ ਮਈ ਤਕ ਪੰਜਾਬ 'ਚ ਫੌਜ ਦੀਆਂ 90 ਬਟਾਲੀਅਨਾਂ ਪੁੱਜ ਚੁੱਕੀਆਂ ਸਨ ਤੇ ਉਨ੍ਹਾਂ ਕੋਲ 114 ਲਾਈਟ ਮੋਟਰਾਂ ਵੀ ਸਨ।

ਅੰਮ੍ਰਿਤਸਰ ਵਿਚ ਕੁਝ ਹਿੰਦੂਆਂ ਦਾ ਕਤਲ ਅਤੇ ਸਿੱਖਾਂ 'ਤੇ ਹਮਲੇ

21 ਮਈ ਨੂੰ ਖਾੜਕੂਆਂ ਨੇ ਅੰਮ੍ਰਿਤਸਰ ਦੇ ਮੁਹੱਲਾ ਕ੍ਰਿਸ਼ਨ ਨਗਰ ਵਿਚ 13 ਹਿੰਦੂ ਕਤਲ ਕਰ ਦਿੱਤੇ। 23 ਮਈ ਨੂੰ ਹਿੰਦੂਆਂ ਨੇ 'ਬੰਦ' ਦੇ ਨਾਂ 'ਤੇ ਜਲੰਧਰ, ਅੰਮ੍ਰਿਤਸਰ ਤੇ ਤਰਨਤਾਰਨ ਵਿਚ ਸਿੱਖਾਂ ਉੱਤੇ ਹਮਲੇ ਕੀਤੇ। ਸੀ.ਆਰ.ਪੀ.ਐਫ਼. ਦੀ ਮੌਜੂਦਗੀ ਵਿਚ ਸਿੱਖ ਅਦਾਰਿਆਂ ਦੀ ਸਾੜ-ਫੂਕ, ਛੁਰੇ-ਬਾਜ਼ੀ ਅਤੇ ਪਥਰਾਓ ਦੀਆਂ ਹਰਕਤਾਂ ਕੀਤੀਆਂ ਗਈਆਂ। ਅੰਮ੍ਰਿਤਸਰ ਦੀ ਗੜਬੜ ਦੀ ਅਗਵਾਈ ਸੁਰਿੰਦਰ ਕੁਮਾਰ ਡੋਗਰਾ ਨੇ ਕੀਤੀ। ਇਨ੍ਹਾਂ ਦਿਨਾਂ ਵਿਚ ਹੀ ਜਲੰਧਰ ਅਟਾਰੀ ਬਜ਼ਾਰ 'ਚ ਦੋ ਸਿੱਖ ਦੁਕਾਨਾਂ ਸਾੜੀਆਂ ਗਈਆਂ। ਇਕ ਦੁਕਾਨ ਭਾਈ ਰਣਜੀਤ ਸਿੰਘ ਦੀ ਸੀ।

ਪੁਲੀਸ 'ਚੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਨੌਕਰੀ ਤੋਂ ਕੱਢਿਆ

ਸੁਰਜੀਤ ਬਰਨਾਲਾ ਵੱਲੋਂ ਪੁਲੀਸ ਵਿਚੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਨੌਕਰੀ ਤੋਂ ਕੱਢਣਾ ਸ਼ੁਰੂ ਹੋ ਗਿਆ। ਗੁਰਦਾਸਪੁਰ ਤੋਂ ਤਿੰਨ ਸਿੱਖ ਸਿਪਾਹੀ ਮੁਅੱਤਲ ਕਰਨ ਪਿੱਛੇ ਇਹ ਬਹਾਨਾ ਲਾਇਆ ਕਿ ਉਹ ਜੁਝਾਰੂ ਸਿੰਘਾਂ ਨਾਲ ਹਮਦਰਦੀ ਕਰਦੇ ਹਨ ਜਦ ਕਿ ਅਸਲੀਅਤ ਇਹ ਸੀ ਕਿ ਉਨ੍ਹਾਂ ਨੇ ਬੇਗੁਨਾਹ ਸਿੱਖਾਂ ਦੇ ਨਕਲੀ ਪੁਲੀਸ ਮੁਕਾਬਲੇ ਬਨਾਉਣ ਤੋਂ ਨਾਂਹ ਕਰ ਦਿਤੀ ਸੀ।

ਨਕਲੀ ਪੁਲੀਸ ਮੁਕਾਬਲਿਆਂ ਵਿਚ ਹੋਰ ਸਿੱਖਾਂ ਦਾ ਕਤਲ

ਜੂਨ 1986 ਵਿਚ ਵੀ ਬਰਨਾਲਾ ਸਰਕਾਰ ਨੇ ਅਣਗਿਣਤ ਸਿੱਖਾਂ ਨੂੰ ਘਰਾਂ ਵਿਚੋਂ ਫੜ ਕੇ ਨਕਲੀ ਪੁਲੀਸ ਮੁਕਾਬਲੇ ਬਣਾ ਕੇ ਕਤਲ ਕੀਤਾ। ਇਸ ਤਰ੍ਹਾਂ ਸੀ.ਆਰ.ਪੀ.ਐਫ਼. ਨੇ ਵੀ ਬਹੁਤ ਸਾਰੇ ਸਿੱਖਾਂ ਨੂੰ ਬੇਵਜਹ ਗੋਲੀਆਂ ਮਾਰ ਕੇ ਮਾਰ ਦਿੱਤਾ। ਮਹੀਨਾ ਚੜ੍ਹਣ ਤੋਂ ਪਹਿਲਾਂ ਹੀ ਸੀ.ਆਰ.ਪੀ.ਐਫ਼. ਨੇ ਅੰਮ੍ਰਿਤਸਰ ਵਿਚ ਸਰਹਾਲੀ ਦੇ ਨੇੜੇ ਚਮਿਆਰੀ ਤੇ ਜਾਮਾਰਾਇ ਵਿਚਕਾਰ ਬਲਬੀਰ ਸਿੰਘ ਨੂੰ ਕਤਲ ਕਰ ਦਿੱਤਾ। 15 ਜੂਨ ਨੂੰ ਫ਼ਿਰੋਜ਼ਪੁਰ 'ਚ ਚੱਕ ਭੂਰੇ ਕੋਲ ਸਵਰਨ ਸਿੰਘ ਨੂੰ ਕਤਲ ਕਰ ਦਿੱਤਾ। ਇਸੇ ਦਿਨ ਬਟਾਲੇ ਵਿਚ ਸੀ.ਆਰ.ਪੀ.ਐਫ਼. ਅਤੇ ਹਿੰਦੂ ਦਹਿਸ਼ਤਗਰਦ ਸ਼ਿਵ ਸੈਨਾ ਨੇ ਮਿਲ ਕੇ ਤਿੰਨ ਸਿੱਖਾਂ ਉੱਤੇ ਹਮਲਾ ਕੀਤਾ। ਇਨ੍ਹਾਂ ਵਿਚੋਂ ਦਲਬੀਰ ਸਿੰਘ ਗ੍ਰੰਥੀ ਮੌਕੇ 'ਤੇ ਹੀ ਮਰ ਗਿਆ ਅਤੇ ਪਰਮਜੀਤ ਸਿੰਘ ਤੇ ਸੁਦਾਗਰ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। 22 ਜੂਨ ਨੂੰ ਰੂਪੇਵਾਲੀ (ਸ਼ਾਹਕੋਟ, ਜਲੰਧਰ) ਵਿਚ ਸੀ.ਆਰ.ਪੀ.ਐਫ਼. ਨੇ ਘਰ ਵਿਚ ਜਾ ਕੇ ਜੋਗਿੰਦਰ ਸਿੰਘ ਤੇ ਬਲਵੰਤ ਸਿੰਘ ਨੂੰ ਕਤਲ ਕੀਤਾ। ਇਸੇ ਦਿਨ ਅੰਮ੍ਰਿਤਸਰ ਵਿਚ ਸੀ.ਆਰ.ਪੀ.ਐਫ਼. ਨੇ ਹਰਮਿੰਦਰ ਸਿੰਘ ਸ਼ੰਮੀ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

24 ਜੂਨ ਨੂੰ ਬਟਾਲੇ ਕੋਲ ਸੀ.ਆਰ.ਪੀ.ਐਫ਼. ਅਤੇ ਪੁਲੀਸ ਨੇ ਤਿੰਨ ਸਿੱਖ ਨੌਜਵਾਨ ਕਤਲ ਕਰ ਦਿੱਤੇ। ਇਹ ਤਿੰਨ ਸਨ: ਗੁਰਮੇਜ ਸਿੰਘ ਗੇਜਾ, ਰਣਜੀਤ ਸਿੰਘ ਬਾਬਾ ਤੇ ਮੱਖਣ ਸਿੰਘ ਚਿੱਟੀ। ਸਤਾਈ ਜੂਨ ਨੂੰ ਸੁਲਤਾਨਵਿੰਡ ਰੋਡ ਅੰਮ੍ਰਿਤਸਰ ਵਿਚ ਹਿੰਦੂਆਂ ਨੇ ਸੀ.ਆਰ.ਪੀ. ਦੀ ਮਦਦ ਨਾਲ ਇਕ ਫਰਨੀਚਰ ਦੀ ਦੁਕਾਨ ਵਾਲਾ ਸਿੱਖ ਬੂਟਾ ਸਿੰਘ ਕਤਲ ਕਰ ਦਿੱਤਾ।

ਅਠਾਈ ਜੂਨ ਨੂੰ ਬਟਾਲੇ ਕੋਲ ਬੀ.ਐਸ.ਐਫ਼. ਨੇ ਸੁਖਜਿੰਦਰ ਸਿੰਘ ਕੰਡਿਆਲਾ ਨੂੰ ਕਤਲ ਕਰ ਦਿੱਤਾ। ਇਸ ਦਿਨ ਸਰਹਾਲੀ ਨੇੜੇ, ਜੌੜਾ ਪਿੰਡ ਵਿਚ, ਦਰਬਾਰ ਸਾਹਿਬ ਤਰਨਤਾਰਨ ਦੇ ਹੈਡ ਗ੍ਰੰਥੀ ਹਰਭਜਨ ਸਿੰਘ ਨੂੰ, ਉਸ ਦੇ ਘਰ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿਤਾ। 30 ਜੂਨ ਨੂੰ ਜੋਗਿੰਦਰ ਸਿੰਘ ਨੂੰ ਜਾਜੂਪੁਰਾ (ਅੰਮ੍ਰਿਤਸਰ) ਕੋਲ ਬਸ ਚੋਂ ਉਤਾਰ ਕੇ ਸੀ.ਆਰ.ਪੀ.ਐਫ਼. ਨੇ ਗੋਲੀ ਮਾਰ ਦਿੱਤੀ। ਇਸ ਤੋਂ ਇਲਾਵਾ ਇਸ ਮਹੀਨੇ ਵਿਚ ਸੀ.ਆਰ.ਪੀ.ਐਫ਼., ਬੀ.ਐਸ.ਐਫ਼. ਅਤੇ ਬਰਨਾਲੇ ਦੀ ਪੁਲੀਸ ਨੇ ਇਕ ਦਰਜਨ ਹੋਰ ਸਿੱਖਾਂ ਨੂੰ ਵੀ ਕਤਲ ਕੀਤਾ।

ਬੇਗੁਨਾਹ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਜੂਨ 1986 ਵਿਚ ਸੁਰਜੀਤ ਬਰਨਾਲਾ ਸਰਕਾਰ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਤੋਂ ਇਲਾਵਾ ਬਾਦਲ-ਟੌਹੜਾ ਗਰੁੱਪ ਅਕਾਲੀ ਦਲ ਦੇ ਸੈਂਕੜੇ ਵਰਕਰ ਗ੍ਰਿਫ਼ਤਾਰ ਕੀਤੇ। ਉਨ੍ਹਾਂ ਵਿਚੋਂ ਬਹੁਤਿਆਂ ਉੱਤੇ ਬਗ਼ਾਵਤ ਦੇ ਮੁਕੱਦਮੇ ਦਰਜ ਕਰ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸੁੱਟ ਦਿੱਤਾ ਗਿਆ। ਪਰ ਇਸ ਤੋਂ ਕਿਤੇ ਵੱਧ ਜ਼ਿਆਦਾ ਜ਼ਿਆਦਤੀ ਕੁਝ ਬੇਗੁਨਾਹ ਸਿੱਖਾਂ ਨਾਲ ਹੋਈ। ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਕਤਲਾਂ ਵਿਚ ਫਸਾ ਦਿੱਤਾ ਗਿਆ। ਮਹੀਨਾ ਚੜ੍ਹਦਿਆਂ ਹੀ ਬਠਿੰਡੇ ਵਿਚ ਸੁਖਦੇਵ ਸਿੰਘ ਨੂੰ ਤਿੰਨ ਕਤਲਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ। ਚਾਰ ਜੂਨ ਨੂੰ ਸਮਰਾਲੇ ਤੋਂ ਕੁੰਦਨ ਸਿੰਘ ਤੇ ਮਾਛੀਵਾੜਾ ਤੋਂ ਕੁੰਡਾ ਸਿੰਘ ਨਿਹੰਗ ਨੂੰ ਗ੍ਰਿਫ਼ਤਾਰ ਕੀਤਾ ਗਿਆ। ਛੇ ਜੂਨ ਨੂੰ ਟਾਹਲੀ ਸਾਹਿਬ (ਹੁਸ਼ਿਆਰਪੁਰ) ਗੁਰਦੁਆਰੇ ਵਿਚ ਪੁਲੀਸ ਨੇ ਦਾਖ਼ਿਲ ਹੋ ਕੇ ਸੁਰਿੰਦਰ ਸਿੰਘ ਛਿੰਦਾ ਨੂੰ ਗ੍ਰਿਫ਼ਤਾਰ ਕੀਤਾ। ਗਿਆਰਾਂ ਜੂਨ ਨੂੰ ਪੁਲੀਸ ਨੇ ਫਗਵਾੜੇ ਕੋਲ ਕੁਲਦੀਪ ਸਿੰਘ, ਤਾਰਾ ਸਿੰਘ; ਤਾਰਾ ਸਿੰਘ ਦੀਸ਼ਾ ਤੇ ਬਿੱਲਾ ਗ੍ਰਿਫ਼ਤਾਰ ਕੀਤੇ ਗਏ। ਤੇਰਾਂ ਜੂਨ ਨੂੰ ਮੋਗਾ ਵਿਚ ਮੁਕਦਰ ਸਿੰਘ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਹੀ ਸੁਖਦੇਵ ਸਿੰਘ ਤੇ ਹਰਪਾਲ ਸਿੰਘ (ਠਰੇ ਪਿੰਡ) ਨੂੰ ਕੋਟਕਪੂਰਾ ਪੁਲੀਸ ਨੇ ਗ੍ਰਿਫ਼ਤਾਰ ਕੀਤਾ।

ਪੰਦਰਾਂ ਜੂਨ ਨੂੰ ਫ਼ਿਰੋਜ਼ਪੁਰ ਕੋਲ ਚੱਕ ਭੂਰੇ ਵਿਚ ਜਗੀਰ ਸਿੰਘ (ਅੰਮ੍ਰਿਤਸਰ) ਅਤੇ ਮੁਖਤਿਆਰ ਸਿੰਘ (ਧਰਮਕੋਟ) ਫੜੇ ਗਏ। ਤਰਨਤਾਰਨ ਵਿਚ ਸੀ.ਆਰ.ਪੀ.ਐਫ਼. ਨੇ 9 ਜੂਨ ਨੂੰ ਗ੍ਰਿਫ਼ਤਾਰ ਕੀਤੇ ਹਰਦੀਪ ਸਿੰਘ ਨੂੰ ਬਿਨਾਂ ਕੇਸ ਹਿਰਾਸਤ ਵਿਚ ਰੱਖੀ ਰੱਖਿਆ ਅਤੇ ਇਕ ਹਫ਼ਤੇ ਮਗਰੋਂ ਉਸ ’ਤੇ ਕੇਸ ਪਾ ਦਿੱਤਾ।

ਸਤਾਰਾਂ ਜੂਨ ਨੂੰ ਕਪੂਰਥਲਾ ਵਿਚ ਚਾਰ ਸਿੱਖ ਨਰਿੰਦਰ ਸਿੰਘ ਉਰਫ ਨਿੰਦਰ (ਬੂਹ, ਕਪੂਰਥਲਾ), ਸਲਵਿੰਦਰ ਸਿੰਘ ਉਰਫ ਡੋਡੇ (ਬੰਡਾਲਾ, ਅੰਮ੍ਰਿਤਸਰ), ਗੁਰਦਿਆਲ ਸਿੰਘ (ਸੁਲਤਾਨਪੁਰ) ਤੇ ਮਨਜੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਪਾਤੜਾਂ (ਪਟਿਆਲਾ) ਵਿਚ ਰਜਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਅਠਾਰਾਂ ਜੂਨ ਨੂੰ ਡਰੋਲੀ ਭਾਈ (ਮੋਗਾ) ਕੋਲ ਗੁਰਦੇਵ ਸਿੰਘ (ਲੰਗਿਆਣਾ), ਗੁਰਚਰਨ ਸਿੰਘ (ਦਦਾਹੂਰ) ਤੇ ਸ਼ਿੰਗਾਰਾ ਸਿੰਘ (ਕੋਰੇਵਾਲਾ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਸਿਧਵਾਂ ਤੇ ਖੁੰਡਾ (ਗੁਰਦਾਸਪੁਰ) ਵਿਚ ਧਿਆਨ ਸਿੰਘ,

ਜਸਵੰਤ ਸਿੰਘ, ਕਰਮ ਸਿੰਘ ਗ੍ਰੰਥੀ ਛੀਨਾ ਰਤਵਾਲ ਗੁਰਦੁਆਰਾ ਅਤੇ ਤਰਸੇਮ ਸਿੰਘ (ਉੜੀਸਾ ਚੋਂ ਆਇਆ ਰਫ਼ਿਊਜੀ) ਗ੍ਰਿਫ਼ਤਾਰ ਕੀਤੇ ਗਏ।

20 ਜੂਨ ਨੂੰ ਲੁਧਿਆਣੇ ਵਿਚ ਸੁਖਦੇਵ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇੱਕੀ ਜੂਨ ਨੂੰ ਬੰਬਈ ਵਿਚ ਇੰਦਰਪਾਲ ਸਿੰਘ ਉਰਫ਼ ਰਾਜਬੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਚੌਵੀ ਜੂਨ ਨੂੰ ਚੜਿੱਕ ਬੀਰ (ਫਰੀਦਕੋਟ) ਵਿਚ ਦਰਸ਼ਨ ਸਿੰਘ (ਗੁਰੂ ਹਰਸਹਾਇ), ਤਾਰਾ ਸਿੰਘ (ਲੰਗਿਆਣਾ), ਜੈ ਸਿੰਘ (ਰੋਡੇ) ਨੂੰ ਗ੍ਰਿਫ਼ਤਾਰ ਕੀਤਾ ਗਿਆ ਇਸੇ ਦਿਨ ਸਾਦਿਕ (ਮੋਗਾ ਨੇੜੇ) ਕੋਲ ਗੁਰਬਚਨ ਸਿੰਘ ਮਾਨੋਚਾਹਲ ਦਾ ਭਰਾ ਨਿਰਵੈਰ ਸਿੰਘ, ਭਗਵਾਨ ਸਿੰਘ (ਨੌਸ਼ਹਿਰਾ ਪੰਨੂਆਂ) ਤੇ ਹਰਦਿਆਲ ਸਿੰਘ (ਜੱਲੇਵਾਲੀ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਗੁਰਸੇਵਕ ਸਿੰਘ ਬਬਲਾ, ਬਲਵਿੰਦਰ ਸਿੰਘ ਤੇ ਅਵਤਾਰ ਸਿੰਘ (ਬਬਰ ਖਾਲਸਾ) ਨੂੰ ਲੁਧਿਆਣਾ, ਜਲੰਧਰ ਤੇ ਅੰਮ੍ਰਿਤਸਰ ਪੁਲੀਸ ਨੇ ਗ੍ਰਿਫ਼ਤਾਰ ਕੀਤਾ। ਹੁਸ਼ਿਆਰਪੁਰ ਵਿਚ ਦਿਲਬਰ ਸਿੰਘ (ਮਾਜਰਾਂ ਡੀਂਗਰੀਆਂ), ਮਹਿੰਦਰ ਸਿੰਘ (ਫਤੂਪੁਰ), ਸੋਨੀਆ ਤੇ ਕਾਲਾ (ਦੋਵੇਂ ਨਵਾਂ ਪਿੰਡ ਦੋਰਾਹਾ ਦੇ) ਗ੍ਰਿਫ਼ਤਾਰ ਕੀਤੇ ਗਏ। ਸਤਾਈ ਜੂਨ ਨੂੰ ਹਮੀਰਾ ਕੋਲ ਰੇਸ਼ਮ ਸਿੰਘ ਉਰਫ਼ ਰੇਸ਼ੂ (ਤੀਖਾ ਨੰਗਲ, ਕਰਤਾਰਪੁਰ), ਤਰਸੇਮ ਸਿੰਘ ਉਰਫ਼ ਖੇਮਾ (ਤੀਖਾ ਨੰਗਲ), ਗੁਰਚਰਨ ਸਿੰਘ ਤੇ ਪ੍ਰੀਤਮ ਸਿੰਘ (ਬਾਮੂਵਾਲ, ਸੁਭਾਨਪੁਰ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਸਤਾਈ ਜੂਨ ਨੂੰ ਤਰਨਤਾਰਨ ਵਿਚ ਦਰਬਾਰ ਸਾਹਿਬ ਉੱਤੇ ਹਮਲਾ ਕਰ ਕੇ ਸੀ.ਆਰ.ਪੀ.ਐਫ਼. ਨੇ 17 ਸਿੱਖ ਗ੍ਰਿਫ਼ਤਾਰ ਕੀਤੇ। ਇਨ੍ਹਾਂ ਵਿਚ 80 ਸਾਲਾ ਇੰਦਰ ਸਿੰਘ ਸੇਵਾਦਾਰ ਵੀ ਸੀ। ਸੁਖਦੇਵ ਸਿੰਘ ਸਖੀਰਾ ਦਾ ਵਾਰਿਸ ਕੋਲਾ ਵੀ ਪੁਲੀਸ ਨੇ 3 ਜੂਨ ਨੂੰ ਗ੍ਰਿਫ਼ਤਾਰ ਕੀਤਾ ਪਰ ਉਸ ਦੀ ਗ੍ਰਿਫ਼ਤਾਰੀ ਦੀ ਖਬਰ ਨਹੀਂ ਨਿਕਲਣ ਦਿਤੀ ਗਈ। ਇਹੋ ਜਿਹੇ ਬਹੁਤ ਸਾਰੇ ਹੋਰ ਨਾਂ ਵੀ ਸਨ ਜਿਨ੍ਹਾਂ ਨੂੰ ਗ੍ਰਿਫ਼ਤਾਰੀ ਮਗਰੋਂ ਨਕਲੀ ਪੁਲੀਸ ਮੁਕਾਬਲੇ ਵਿਚ ਮਾਰ ਦਿੱਤਾ ਸੀ।

ਭਾਰਤੀ ਪਾਰਲੀਮੈਂਟ ਉਡਾਉਣ ਦੀ ਸਾਜ਼ਿਸ਼ ਦੇ ਨਾਂ ਹੇਠ ਅਵਤਾਰ ਸਿੰਘ, ਬਲਬੀਰ ਸਿੰਘ, ਮਹਿੰਦਰ ਸਿੰਘ ਤੇ ਉਸ ਦਾ ਪੁੱਤਰ ਗੁਰਮੀਤ ਸਿੰਘ, ਉਜਾਗਰ ਸਿੰਘ ਤੇ ਉਸ ਦਾ ਪੁੱਤਰ ਸੰਤੋਖ ਸਿੰਘ ਸਾਰੇ 14 ਤੋਂ 17 ਜੂਨ 1986 ਵਿਚ ਫੜੇ ਗਏ ਸਨ।

ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਵਾਸਤੇ ਵੈਂਕਟਰਮੱਈਆ ਕਮਿਸ਼ਨ

26 ਜਨਵਰੀ 1986 ਦੇ ਦਿਨ ਬਰਨਾਲਾ ਚੰਡੀਗੜ੍ਹ ਪੰਜਾਬ ਨੂੰ ਦਿਵਾ ਕੇ ਜਸ਼ਨ ਮਨਾਉਣ ਵਿਚ ਨਾਕਾਮ ਰਿਹਾ ਸੀ। ਹੁਣ ਇਹ 'ਡਰਾਮਾ' 21 ਜੂਨ ਨੂੰ ਕਰਨ ਦਾ ਐਲਾਨ ਕੀਤਾ ਗਿਆ। ਪਹਿਲੀ ਜੂਨ ਨੂੰ ਬਰਨਾਲੇ ਨੇ ਪੰਜਾਬੀਆਂ ਨੂੰ 'ਸੱਦਾ ਦਿਤਾ' ਕਿ 21 ਜੂਨ ਨੂੰ ਚੰਡੀਗੜ੍ਹ ਪੰਜਾਬ ਨੂੰ ਮਿਲਣ ਦੇ ਮੌਕੇ 'ਤੇ ਚੰਡੀਗੜ੍ਹ ਵਿਚ ਹੋਣ ਵਾਲੇ ਜਸ਼ਨਾਂ ਵਿਚ ਸ਼ਾਮਿਲ ਹੋਣ। ਪਰ ਕਿਉਂਕਿ ਇਹ ਰਾਜੀਵ ਗਾਂਧੀ ਦਾ ਇਕ ਡਰਾਮਾ ਹੀ ਸੀ ਇਸ ਕਰ ਕੇ ਵੈਂਕਟਰਮਈਆ ਕਮਿਸ਼ਨ ਨੇ ਬਾਰ੍ਹਾਂ ਜੂਨ ਨੂੰ ਪੰਜਾਬ ਨੂੰ 70000 ਏਕੜ ਜ਼ਮੀਨ ਹਰਿਆਣੇ ਨੂੰ ਦੇਣ ਵਾਸਤੇ ਕਿਹਾ ਤਾਂ ਜੋ ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਦਾ ਬਹਾਨਾ ਬਣਾਇਆ ਜਾ ਸਕੇ।

ਇੰਵ 21 ਜੂਨ 1986 ਨੂੰ ਵੀ ਪੰਜਾਬ ਨੂੰ ਚੰਡੀਗੜ੍ਹ ਮਿਲਣਾ, 26 ਜਨਵਰੀ 1986 ਵਾਂਗ, ਇਕ ਛਲਾਵਾ ਹੀ ਰਿਹਾ ਤੇ ਸੁਰਜੀਤ ਬਰਨਾਲਾ ਬੇਇੱਜ਼ਤ ਹੋ ਕੇ ਫਿਰ ਵੀ ਬੇਗ਼ੈਰਤਾਂ ਵਾਂਗ ਰਾਜੀਵ ਗਾਂਧੀ ਦੇ ਹੁਕਮ ਵਜਾਉਂਦਾ ਰਿਹਾ।

ਪੰਜਾਬੀ ਤੇ ਸਿੱਖ-ਵਿਰੋਧੀ ਲਾੱਬੀ ਦੀ ਚਾਪਲੂਸੀ ਦੀ ਹੱਦ

19 ਜੂਨ 1986 ਨੂੰ 'ਪੰਜਾਬੀ ਟ੍ਰਿਬਿਊਨ' ਵਿਚ ਪੂਰੇ ਸਫ਼ੇ ਦਾ ਇਸ਼ਤਿਹਾਰ ਦੇ ਕੇ ਪੰਜਾਬੀ ਅਤੇ ਸਿੱਖ-ਵਿਰੋਧੀ ਲਾੱਬੀ ਦੇ ਚਾਪਲੂਸਾਂ ਨੇ ਇਕ ਬਿਆਨ ਦਿਤਾ ਜਿਸ ਵਿਚ ਕਿਹਾ ਗਿਆ ਸੀ ਕਿ ਵੈਂਕਟਰਮੱਈਆ ਕਮਿਸ਼ਨ ਦੀ ਗੱਲ ਮੰਨ ਕੇ ਪੰਜਾਬ ਹਰਿਆਣੇ ਨੂੰ ਚੰਡੀਗੜ੍ਹ ਦੇ ਬਦਲੇ 70000 ਏਕੜ ਜ਼ਮੀਨ ਦੇ ਦੇਵੇ। ਇਸ ਬਿਆਨ ਉੱਤੇ ਹੇਠ ਲਿਖਿਆਂ ਦੇ ਦਸਤਖ਼ਤ ਸਨ: ਮਾਨ ਸਿਘ (ਗ੍ਰੰਥੀ ਪਟਨਾ ਸਾਹਿਬ), ਰੀਟਾਇਰਡ ਜਸਟਿਸ ਰਣਜੀਤ ਸਿੰਘ ਨਰੂਲਾ, ਸੁਰਿੰਦਰਜੀਤ ਆਹਲੂਵਾਲੀਆ (ਦਿੱਲੀ), ਰੇਸ਼ਮ ਸਿੰਘ (ਦਾਦਰ, ਬੰਬਈ), ਕੁਲਵੰਤ ਸਿੰਘ ਕੋਹਲੀ (ਮਹਾਰਾਸ਼ਟਰਾ ਫ਼ੋਰਮ), ਐਚ.ਐਸ. ਧੂਪੀਆ (ਬਿਹਾਰ), ਰਤਨ ਸਿੰਘ (ਪਾਉਂਟਾ ਸਾਹਿਬ), ਦਾਰਾ ਸਿੰਘ (ਅੰਮ੍ਰਿਤਸਰ), ਗੁਰਚਰਨ ਸਿੰਘ (ਨਾਨਕਮੱਤਾ, ਨੈਨੀਤਾਲ), ਜੋਗਾ ਸਿੰਘ (ਕਰਨਾਟਕ), ਸੰਤੋਖ ਸਿੰਘ (ਉੜੀਸਾ), ਸੁਰਜੀਤ ਅਰੋੜਾ (ਅਹਿਮਾਦਾਬਾਦ), ਬਲਾਕ ਸਿੰਘ (ਸੈਂਟਰਲ ਖਾਲਸਾ ਦੀਵਾਨ ਅੰਮ੍ਰਿਤਸਰ), ਤੇ ਸੁਰਜੀਤ ਅਟਵਾਲ (ਜੱਟ ਐਸੋਸੀਏਸ਼ਨ ਦਿੱਲੀ)। ਇਨ੍ਹਾਂ ਦਾ ਇਹ ਇਸ਼ਤਿਹਾਰ ਪੰਜਾਬੀ ਤੇ ਸਿੱਖ-ਵਿਰੋਧੀ ਲਾੱਬੀ ਦੀ ਨੀਂਵੇਂ ਦਰਜੇ ਦੀ ਚਾਪਲੂਸੀ ਸੀ। ਹਾਲਾਂਕਿ ਰਾਜੀਵ-ਲੌਂਗੋਵਾਲ ਸਮਝੌਤਾ (ਜਿਸ ਨੂੰ ਸਿੱਖ ਪੰਥ ਨੇ ਸ਼ਰਮਨਾਕ ਹੇਠੀ ਮੰਨਿਆ ਸੀ) ਵਿਚ ਚੰਡੀਗੜ੍ਹ 26 ਜਨਵਰੀ 1986 ਨੂੰ ਪੰਜਾਬ ਵਿਚ ਦੇਣ ਵਾਸਤੇ ਸਾਫ਼ ਲਿਖਿਆ ਹੋਇਆ ਸੀ। ਪਰ ਮਗਰੋਂ ਇਸ ਵਿਚ ਹਰਿਆਣੇ ਨੂੰ 'ਹਿੰਦੀ ਬੋਲਦੇ' ਇਲਾਕੇ ਦੇਣ ਨਾਲ ਜੋੜਨ ਵਾਸਤੇ 'ਮੈਥਿਊ ਕਮਿਸ਼ਨ' ਦਾ ਡਰਾਮਾ ਕੀਤਾ ਗਿਆ। ਪਰ ਜਦ ਇਹ ਗੱਲ ਕਾਮਯਾਬ ਨਾ ਹੋਈ ਤਾਂ ਵੈਂਕਟਰਮੱਈਆ ਕਮਿਸ਼ਨ ਬਣਾ ਕੇ ਹਰਿਆਣਾ ਨੂੰ ਉਂਞ ਜ਼ਮੀਨ ਦੇਣ ਦਾ ਢਕਵੰਜ ਰਚਿਆ ਗਿਆ।

ਇਸ ਇਸ਼ਤਿਹਾਰ ਵਾਲੇ, ਰਾਜੀਵ ਗਾਂਧੀ ਦੇ ਇਨ੍ਹਾਂ ਸਿੱਖਾਂ ਕੋਲੋਂ ਇਹ ਨਾ ਹੋਇਆ ਕਿ ਉਹ ਇਹ ਕਹਿਣ ਕਿ ਰਾਜੀਵ-ਲੌਂਗੋਵਾਲ ਸਮਝੌਤੇ ਹੇਠ ਪਹਿਲਾਂ ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ ਤੇ ਫਿਰ ਦੋਹਾਂ ਸੂਬਿਆਂ ਦੇ ਵੱਖ-ਵੱਖ ਇਲਾਕਿਆਂ ਦੀ ਬੋਲੀ ਦੇ ਅਧਾਰ 'ਤੇ ਤਬਦੀਲੀ ਕੀਤੀ ਜਾਵੇ। ਉਂਞ ਇਸ ਸਸਤੀ ਚਾਪਲੂਸੀ ਨਾਲ ਰਾਜੀਵ ਅਤੇ ਐਂਟੀ-ਸਿੱਖ ਤੇ ਐਂਟੀ-ਪੰਜਾਬ ਲਾੱਬੀ ਖ਼ੁਸ਼ ਤਾਂ ਭਾਵੇਂ ਹੋ ਗਈ ਹੋਵੇ ਪਰ ਇਸ ਦੀ ਕਿਸੇ ਪੰਜਾਬੀ ਨੇ ਹਿਮਾਇਤ ਨਾ ਕੀਤੀ ਸਗੋਂ ਇਨ੍ਹਾਂ ਦੇ ਇਸ ਇਸ਼ਤਿਹਾਰ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਿਆ।

ਜੂਨ 1986 ਵਿਚ ਪੰਜਾਬ ਦੀ ਸਿਆਸਤ ਬਾਰੇ ਆਗੂਆਂ ਦਾ ਰੋਲ

ਪਹਿਲੀ ਜੂਨ ਨੂੰ ਬਲਦੇਵ ਪ੍ਰਕਾਸ਼ ਨੇ ਪੰਜਾਬ ਨੂੰ ਫ਼ੌਜ ਦੇ ਹਵਾਲੇ ਕਰਨ ਦੀ ਮੰਗ ਕੀਤੀ। ਦੋ ਜੂਨ ਨੂੰ ਪੰਜਾਬ ਅਸੈਂਬਲੀ ਦੇ ਅੰਦਰ "ਦਰਬਾਰ ਸਾਹਿਬ ਤੋਂ ਆਈ ਆਵਾਜ਼, ਬਰਨਾਲਾ ਬਲਵੰਤਾ ਮੁਰਦਾਬਾਦ" ਦੇ ਨਾਅਰੇ ਲਾਏ ਗਏ।

ਦੋ ਜੂਨ ਨੂੰ ਸਮਾਣਾ ਵਿਚ ਰਣਧੀਰ ਸਿੰਘ ਚੀਮਾ ਨੇ ਕਿਹਾ ਕਿ 'ਅਕਾਲੀ ਦਲ ਵਿਚ ਫੁਟ ਪਾਉਣ ਵਾਲਾ ਟੌਹੜਾ ਹੈ, ਬਰਨਾਲਾ ਤੇ ਬਲਵੰਤ ਬਿਲਕੁਲ ਠੀਕ ਹਨ।' ਮੁਕਤਸਰ ਵਿਚ ਟੌਹੜੇ ਨੇ ਕਿਹਾ "ਬਰਨਾਲਾ ਸਰਕਾਰ ਗੁਰੂ ਦੇ ਗ਼ੱਦਾਰਾਂ ਦੀ ਸਰਕਾਰ ਹੈ।" (ਉਂਞ ਟੌਹੜਾ ਆਪ ਇਸ ਸਰਕਾਰ ਦਾ ਕਈ ਮਹੀਨੇ ਹਿਮਾਇਤੀ ਰਿਹਾ ਸੀ)।

13 ਜੂਨ ਨੂੰ ਰਬੈਰੋ ਨੇ ਕਿਹਾ "ਜੁਝਾਰੂਆਂ ਤੋਂ ਡਰਨ ਵਾਲੇ ਸਿਪਾਹੀ ਅਸਤੀਫ਼ੇ ਦੇ ਦੇਣ।" ਉਸ ਨੇ ਇਹ ਵੀ ਦੱਸਿਆ ਕਿ ਪੰਜਾਬ ਵਿਚ ਸੀ.ਆਰ. ਪੀ.ਐਫ਼. ਦੀਆਂ 220 ਕੰਪਨੀਆਂ ਹਨ।

ਪੰਦਰਾਂ ਜੂਨ ਨੂੰ ਵਜ਼ੀਰ ਮੇਜਰ ਸਿੰਘ ਉੱਬੋਕੇ ਨੇ ਕਿਹਾ ਕਿ ਪੰਜਾਬ 'ਚ ਰਬੈਰੋ ਦੀਆਂ ਕਾਰਵਾਈਆਂ ਗ਼ਲਤ ਹਨ ਤੇ ਸੀ.ਆਰ.ਪੀ.ਐਫ. ਸਿੱਖਾਂ ਤੇ ਜ਼ੁਲਮ ਕਰ ਰਹੀ ਹੈ।

ਬਰਨਾਲਾ ਦਲ ਦੇ ਬਟਾਲੇ ਦੇ ਆਗੂਆਂ ਨੇ ਵੀ ਕਿਹਾ ਕਿ ਸੀ.ਆਰ.ਪੀ. ਸਿੱਖਾਂ 'ਤੇ ਜ਼ੁਲਮ ਕਰ ਰਹੀ ਹੈ। ਇਸ ਦੇ ਉਲਟ 22 ਜੂਨ ਨੂੰ ਚੀਫ਼ ਖਾਲਸਾ ਦੀਵਾਨ ਦੇ ਕ੍ਰਿਪਾਲ ਸਿੰਘ ਨੇ ਕਿਹਾ, 'ਸ਼ੱਕੀ ਵਜ਼ੀਰਾਂ (ਜੋ ਖਾੜਕੂਆਂ ਨਾਲ ਹਨ) ਦੀ ਛਾਂਟੀ ਕੀਤੀ ਜਾਵੇ।'

ਚਾਰ ਜੂਨ ਨੂੰ ਕਰਤਾਰਪੁਰ ਕੋਲ ਬਰਨਾਲੇ ਦੇ ਵਜ਼ੀਰ ਤਾਰਾ ਸਿੰਘ ਲਾਇਲਪੁਰੀ ਦੀ ਕਾਰ ਰੋਕ ਕੇ ਲੋਕਾਂ ਨੇ ਆਪਣਾ ਰੋਸ ਜ਼ਾਹਿਰ ਕਰਨ ਵਾਸਤੇ ਉਸ 'ਤੇ ਚੱਪਲਾਂ ਤੇ ਜੁੱਤੀਆਂ ਸੁੱਟੀਆਂ।

ਸੁਰਜੀਤ ਮਿਨਹਾਸ ਦੀ ਪੱਗ ਲਾਹੀ

ਬਰਨਾਲੇ ਨੇ ਜਲੰਧਰ ਦੇ ਸੁਰਜੀਤ ਮਿਨਹਾਸ ਨੂੰ ਸਪੀਕਰ ਬਣਾ ਦਿੱਤਾ। ਮਿਨਹਾਸ ਨੇ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਜ਼ਾਹਿਰ ਕਰਨ ਵਾਲੇ ਅਕਾਲੀ ਐਮ.ਐਲ.ਏਜ਼ 'ਚੋਂ ਕਈਆਂ ਨੂੰ ਐਂਟੀ-ਡਿਫ਼ੈਕਸ਼ਨ ਐਕਟ ਦੇ ਬਹਾਨੇ ਨਾਲ ਮੈਂਬਰੀ ਤੋਂ ਅਲਹਿਦਾ ਕਰ ਦਿੱਤਾ। ਇਸ 'ਤੇ ਗ਼ੁੱਸੇ ਵਜੋਂ 19 ਜੂਨ ਦੇ ਦਿਨ ਕੁਝ ਐਮ.ਐਲ.ਏਜ਼ ਨੇ ਸੁਰਜੀਤ ਮਿਨਹਾਸ ਦੀ ਕੁੱਟਮਾਰ ਕੀਤੀ ਤੇ ਪੱਗ ਵੀ ਲਾਹ ਲਈ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਰੋਸ ਕਰਨ ਵਾਲਿਆਂ ਦੀ ਅਸੈਂਬਲੀ ਮੈਂਬਰਸ਼ਿਪ ਖੋਹਣ ਵਾਲਾ ਬੰਦਾ ਸਿੱਖ ਅਖਵਾਉਣ ਅਤੇ ਪੱਗ ਰੱਖਣ ਦੇ ਕਾਬਿਲ ਨਹੀਂ।

ਬਰਨਾਲੇ ਨੇ ਸਿਮਰਨਜੀਤ ਸਿੰਘ ਮਾਨ ਨੂੰ ਹਰਵਾਇਆ

27 ਜੂਨ ਨੂੰ ਪੰਜਾਬ ਵਿਚੋਂ ਰਾਜ ਸਭਾ ਦੀਆਂ ਚੋਣਾਂ ਹੋਣੀਆਂ ਸਨ। ਅਕਾਲੀ ਦਲ ਬਾਦਲ-ਟੌਹੜਾ ਧੜਾ ਚਾਹੁੰਦਾ ਸੀ ਕਿ ਸਿਮਰਨਜੀਤ ਸਿੰਘ ਮਾਨ ਨੂੰ ਜਿਤਾ ਕੇ ਐਮ.ਪੀ. ਬਣਾਇਆ ਜਾਵੇ ਤਾਂ ਜੋ ਉਸ ਦੀ ਰਿਹਾਈ ਸੌਖੀ ਹੋ ਸਕੇ। ਪਰ ਬਰਨਾਲਾ ਦਲ ਨੇ ਇਕ ਸਿੱਖ ਦੀ ਥਾਂ 'ਤੇ ਇਕ ਗ਼ੈਰ-ਸਿੱਖ ਨਾਮਧਾਰੀ ਹਰਵਿੰਦਰ ਹੰਸਪਾਲ (ਕਾਂਗਰਸੀ) ਤੇ ਜਗਜੀਤ ਅਰੋੜਾ ਨੂੰ ਜਿਤਾ ਦਿੱਤਾ ਤੇ ਸਿਮਰਨਜੀਤ ਸਿੰਘ ਮਾਨ ਨੂੰ ਹਰਵਾ ਦਿਤਾ। ਹੰਸਪਾਲ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਾ ਮੰਨਣ ਅਤੇ ਜਗਜੀਤ ਅਰੋੜਾ ਨੂੰ ਪੰਥ ਦੇ ਖ਼ਿਲਾਫ਼ ਬੋਲਣ ਦਾ ਇਨਾਮ ਦਿੱਤਾ ਗਿਆ ਸੀ।

ਪੰਜਾਬ ਭਰ ਵਿਚ ਸਿੱਖਾਂ ਉੱਤੇ ਹਿੰਦੂਆਂ ਦੇ ਹਮਲੇ

ਦੋ ਜੂਨ ਨੂੰ ਫਤਹਿਗੜ੍ਹ ਚੂੜੀਆਂ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਉੱਤੇ ਹਮਲੇ ਕੀਤੇ ਤੇ ਲੁੱਟ-ਮਾਰ ਕੀਤੀ। ਇਨ੍ਹਾਂ ਹਮਲਿਆਂ ਵਿਚ ਹੋਰਨਾਂ ਤੋਂ ਇਲਾਵਾ ਡਾ: ਜਸਵੰਤ ਸਿੰਘ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਕਈ ਹੋਰ ਸਿੱਖ ਦੁਕਾਨਾਂ ਵੀ ਲੁੱਟੀਆਂ ਗਈਆਂ। ਪੁਲੀਸ ਨੇ ਸਿੱਖਾਂ ਦੀ ਮਦਦ ਕਰਨ ਤੋਂ ਨਾਂਹ ਕਰ ਦਿੱਤੀ।

ਤਿੰਨ ਜੂਨ ਨੂੰ ਕਪੂਰਥਲਾ ਵਿਚ ਸ਼ਿਵ ਸੈਨਾ ਨੇ ਅਸ਼ੋਕ ਕੁਮਾਰ ਪੱਪੂ ਦੀ ਅਗਵਾਈ ਹੇਠ ਸਿੱਖਾਂ ਉੱਤੇ ਹਮਲੇ ਕੀਤੇ। ਉਨ੍ਹਾਂ ਨੇ ਬੋਹੜ ਸਿੰਘ ਨਾਂ ਦੇ ਇਕ ਸਿੱਖ ਦੀ ਦੁਕਾਨ ਸਾੜ ਦਿੱਤੀ। ਪੁਲੀਸ ਵਲੋਂ ਰੋਕੇ ਜਾਣ 'ਤੇ ਹਿੰਦੂਆਂ ਨੇ ਪੁਲੀਸ ਉੱਤੇ ਵੀ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਦੋ ਇੰਸਪੈਕਟਰ, ਦੋ ਹੈੱਡ ਕਾਂਸਟੇਬਲ, 7 ਕਾਂਸਟੇਬਲ ਤੇ ਇਕ ਐਸ.ਪੀ. ਜ਼ਖ਼ਮੀ ਹੋਇਆ। ਸ਼ਿਵ

ਸੈਨਾ ਦਾ ਐਸ.ਕੇ. ਸਰਵਾਲ ਤੇ ਮਿਊਂਸਪਲ ਕਮੇਟੀ ਦਾ ਪ੍ਰਧਾਨ ਮਹਿੰਦਰ ਕੁਮਾਰ ਇਸ ਹਮਲਾਵਰ ਟੋਲੇ ਦੀ ਅਗਵਾਈ ਕਰ ਰਹੇ ਸਨ।

ਪੁਲੀਸ ਨੇ ਗੁੰਡਾਗਰਦੀ ਕਰਨ ਵਾਲੇ ਕੁਝ ਹਿੰਦੂ ਹਮਲਾਵਰ ਗ੍ਰਿਫ਼ਤਾਰ ਕੀਤੇ। ਪਰ ਬਾਅਦ ਵਿਚ ਹਿੰਦੂਆਂ ਵੱਲੋਂ ਹੜਤਾਲ ਕੀਤੇ ਜਾਣ ਮਗਰੋਂ ਫੜੇ ਸਾਰੇ ਹਿੰਦੂ ਹਮਲਾਵਰ ਰਿਹਾ ਕਰ ਦਿੱਤੇ ਗਏ ਤੇ ਸਾਰੇ ਕੇਸ ਵਾਪਿਸ ਲੈ ਲਏ ਗਏ। ਇਨ੍ਹਾਂ ਵਿਚੋਂ ਕਈਆਂ ਉਤੇ ਦਫ਼ਾ 307 ਤੇ 326 ਵਰਗੇ ਮੁਕੱਦਮੇ ਵੀ ਦਰਜ ਕੀਤੇ ਹੋਏ ਸਨ। ਸੁਰਜੀਤ ਬਰਨਾਲਾ ਦੀ ਸ਼ਹਿ ਹੇਠ ਪੰਜਾਬ ਵਿਚ ਦਹਿਸ਼ਤਗਰਦ ਹਿੰਦੂਆਂ ਦੀ ਗੁੰਡਾਗਰਦੀ ਦਾ ਦਬਕਾ ਇਹੋ ਜਿਹਾ ਸੀ ਕਿ ਪੁਲੀਸ 'ਤੇ ਹਮਲੇ ਕਰਨ ਵਾਲੇ ਦਹਿਸ਼ਤਗਰਦ ਹਿੰਦੂ ਵੀ ਗ੍ਰਿਫ਼ਤਾਰ ਨਹੀਂ ਸਨ ਕੀਤੇ ਜਾ ਸਕਦੇ।

ਤੇਰ੍ਹਾਂ ਜੂਨ ਨੂੰ ਬਟਾਲੇ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਇਕ ਸਿੱਖ ਦੀ ਦੁਕਾਨ ਸਾੜ ਦਿੱਤੀ। ਚੌਦਾਂ ਜੂਨ ਨੂੰ ਹਿੰਦੂਆਂ ਨੇ ਸੁਜਾਨਪੁਰ ਪੁਲੀਸ ਥਾਣੇ ਉੱਤੇ ਹਮਲਾ ਕੀਤਾ। ਪਰ ਪੁਲੀਸ ਵਲੋਂ ਕੋਈ ਗ੍ਰਿਫ਼ਤਾਰੀ ਨਾ ਕੀਤੀ ਗਈ। ਇਸੇ ਦਿਨ ਅੰਮ੍ਰਿਤਸਰ ਵਿਚ ਗਵਾਲ ਮੰਡੀ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਜਸਬੀਰ ਸਿੰਘ ਨੂੰ ਛੁਰਾ ਮਾਰ ਕੇ ਜ਼ਖ਼ਮੀ ਕਰ ਦਿੱਤਾ। ਪੰਦਰਾਂ ਜੂਨ ਨੂੰ ਬਟਾਲੇ ਵਿਚ ਸ਼ਿਵ ਸੈਨਾ ਨੇ ਇਕ ਸਿੱਖ ਦਲਬੀਰ ਸਿੰਘ ਨੂੰ ਕਤਲ ਕਰ ਦਿੱਤਾ ਤੇ ਦੋ ਸਿੱਖਾਂ ਪਰਮਜੀਤ ਸਿੰਘ ਤੇ ਸੁਦਾਗਰ ਸਿੰਘ ਨੂੰ ਸਖ਼ਤ ਜ਼ਖ਼ਮੀ ਕਰ ਦਿੱਤਾ। ਵੀਹ ਜੂਨ ਨੂੰ ਨਕੋਦਰ ਵਿਚ ਹਿੰਦੂਆਂ ਨੇ ਫਿਰ ਹੁੱਲੜਬਾਜ਼ੀ ਕੀਤੀ ਤੇ ਸਿੱਖਾਂ 'ਤੇ ਹਮਲੇ ਕੀਤੇ। ਇਸ ਵਿਚ ਇਕ ਸਿੱਖ ਹਰਬੰਸ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਇੱਕੀ ਜੂਨ ਨੂੰ ਅੰਮ੍ਰਿਤਸਰ ਵਿਚ ਹਿੰਦੂਆਂ ਨੇ ਗੁੰਡਾਗਰਦੀ ਕੀਤੀ। ਟੁੰਡਾ ਤਲਾਬ ਕੋਲ ਸੁਦਰਸ਼ਨ ਸਿੰਘ, ਜੱਸਾ ਸਿੰਘ, ਸੰਤੋਖ ਸਿੰਘ, ਹਰਦਿਆਲ ਸਿੰਘ ਜ਼ਖ਼ਮੀ ਹੋਏ। ਹਿੰਦੂਆਂ ਦੀ ਜ਼ੁਰਅਤ ਏਨੀ ਸੀ ਕਿ ਉਨ੍ਹਾਂ ਨੇ ਨੇ ਇਕ ਏ.ਐਸ.ਆਈ. ਪੁਲੀਸ ਸੁਖਬੀਰ ਸਿੰਘ ਦਾ ਰਿਵਾਲਵਰ ਵੀ ਖੋਹ ਲਿਆ। ਇਸ ਦੇ ਬਾਵਜੂਦ ਪੁਲੀਸ ਨੇ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ। ਇਸ ਮਗਰੋਂ ਹਿੰਦੂਆਂ ਨੇ ਫੇਰ ਸਾੜ-ਫੂਕ ਕੀਤੀ ਪਰ ਉਲਟਾ ਸੀ.ਆਰ.ਪੀ.ਐਫ਼. ਨੇ ਇਕ ਸਿੱਖ ਹਰਮਿੰਦਰ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿੱਤਾ। 23 ਜੂਨ ਨੂੰ ਅੰਬਾਲੇ ਵਿਚ ਹਿੰਦੂਆਂ ਨੇ ਸਿੱਖਾਂ ਦੀ ਮਾਰ-ਕੁੱਟ ਕੀਤੀ ਅਤੇ 5 ਸਿੱਖਾਂ ਦੀਆਂ ਦੁਕਾਨਾਂ ਵੀ ਸਾੜ ਦਿੱਤੀਆਂ। ਇੰਵ ਹੀ ਜਗਾਧਰੀ ਵਿਚ ਵੀ ਇਕ ਸਿੱਖ ਸੁਰਜੀਤ ਸਿੰਘ ਨੂੰ ਕੁੱਟ-ਮਾਰ ਕੇ ਬੁਰੀ ਤਰ੍ਹਾਂ ਜ਼ਖ਼ਮੀ ਕੀਤਾ ਗਿਆ।

ਪੰਜਾਬ ਵਿਚ ਸੀ.ਆਰ.ਪੀ.ਐਫ਼. ਦੀ ਹਕੂਮਤ

ਸੱਤ ਜੂਨ ਨੂੰ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲੇ ਸੀ.ਆਰ.ਪੀ.ਐਫ਼.. ਅਤੇ ਬੀ. ਐਸ.ਐਫ਼. ਦੇ ਹਵਾਲੇ ਕਰ ਦਿੱਤੇ ਗਏ। ਗੁਰਦਾਸਪੁਰ ਦੇ 56 ਪਿੰਡਾਂ ਵਿਚ ਸੀ.ਆਰ.ਪੀ.ਐਫ਼. ਦੀਆਂ ਪੱਕੀਆਂ ਚੌਕੀਆਂ ਕਾਇਮ ਕਰ ਦਿੱਤੀਆਂ ਗਈਆਂ।

ਕੈਨੇਡਾ 'ਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਭਾਰਤੀ ਪਾਰਲੀਮੈਂਟ ਨੂੰ ਉਡਾਉਣ ਦੀ ਪਲਾਨਿੰਗ ਦੇ ਨਾਂ 'ਤੇ ਕੈਨੇਡਾ, ਹਾਲੈਂਡ ਤੇ ਪੰਜਾਬ ਵਿਚੋਂ ਇਕ ਦਰਜਨ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚ ਕੈਨੇਡਾ ਤੋਂ ਜਥੇਦਾਰ ਤਲਵਿੰਦਰ ਸਿੰਘ (42), ਰਾਮਪਾਲ ਸਿੰਘ ਢਿਲੋਂ (27), ਸਰਮੁਖ ਸਿੰਘ (32), ਸਾਧੂ ਸਿੰਘ ਥਿਆੜਾ (44), ਤੇਜਿੰਦਰ ਸਿੰਘ (35), ਦਲਜੀਤ ਸਿੰਘ ਦਿਓਲ (27), ਅਜਾਇਬ ਸਿੰਘ ਬਾਗੜੀ (27) ਤੇ ਹਾਲੈਂਡ

ਤੋਂ ਭੂਪਿੰਦਰ ਸਿੰਘ ਸਨ। ਬੱਬਰਾਂ ਦੇ 9 ਸਾਥੀ ਪਹਿਲੋਂ ਹੀ ਹੋਰ ਮੁਕੱਦਮਿਆਂ ਵਿਚ ਜੇਲ੍ਹਾਂ ਵਿਚ ਸਨ ਜਾਂ ਜ਼ਮਾਨਤਾਂ 'ਤੇ ਰਿਹਾਅ ਸਨ।

ਸੁਰਜੀਤ ਬਰਨਾਲਾ ਸਰਕਾਰ ਵੱਲੋਂ ਜੁਲਾਈ 1986 ਵਿਚ ਸਿੱਖਾਂ ਦਾ ਕਤਲੇਆਮ

ਜੁਲਾਈ 1986 ਵਿਚ ਸੀ.ਆਰ.ਪੀ.ਐਫ., ਬੀ.ਐਸ.ਐਫ. ਅਤੇ ਪੰਜਾਬ ਦੀ ਪੁਲੀਸ ਨੇ ਦਰਜਨਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਜਾਂ ਉਂਞ ਕਤਲ ਕਰ ਦਿੱਤਾ। ਪਹਿਲੀ ਜੁਲਾਈ ਨੂੰ ਬਿਆਸ ਕੋਲ ਸੁਖਦੇਵ ਸਿੰਘ ਉਰਫ਼ ਹੀਰਾ ਨੂੰ ਕਤਲ ਕੀਤਾ ਗਿਆ। ਦੋ ਜੁਲਾਈ ਨੂੰ ਗੁਰਦਾਸਪੁਰ ਪੁਲੀਸ ਨੇ ਕੁਲਦੀਪ ਸਿੰਘ, ਸੁਖਦੇਵ ਸਿੰਘ ਤੇ ਸ਼ੀਰਾ ਨੂੰ ਨਕਲੀ ਪੁਲਸ ਮੁਕਾਬਲੇ ਵਿਚ ਮਾਰ ਦਿੱਤਾ। ਚਾਰ ਜੁਲਾਈ ਨੂੰ ਹਰਸਾ ਛੀਨਾ (ਅੰਮ੍ਰਿਤਸਰ) ਦਾ ਗੱਜਣ ਸਿੰਘ ਕਤਲ ਕੀਤਾ ਗਿਆ। ਗਿਆਰਾਂ ਜੁਲਾਈ ਨੂੰ ਮੱਲਾਂਵਾਲਾ (ਫ਼ਿਰੋਜ਼ਪੁਰ) 'ਚ ਦੋ ਸਿੱਖ ਕਤਲ ਕੀਤੇ ਗਏ ਅਤੇ ਉਨ੍ਹਾਂ ਦੇ ਨਾਂ ਵੀ ਨਹੀਂ ਦੱਸੇ ਗਏ। ਚੌਦਾਂ ਜੁਲਾਈ ਨੂੰ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਦੇ ਨਾਂ 'ਤੇ ਅਮਰ ਸਿੰਘ ਤੇ ਮਨਜੀਤ ਸਿੰਘ ਕਤਲ ਕੀਤੇ ਗਏ। ਇਸੇ ਦਿਨ ਸੰਤੋਖ ਸਿੰਘ, ਸੁਖਦੇਵ ਸਿੰਘ, ਗੁਰਦੀਪ ਸਿੰਘ, ਕੁਲਵੰਤ ਸਿੰਘ ਵੀ ਨਕਲੀ ਮੁਕਾਬਲਾ ਬਣਾ ਕੇ ਮਾਰ ਦਿੱਤੇ ਗਏ। ਇਨ੍ਹੀਂ ਦਿਨੀਂ ਸਰਹੱਦ ਦੇ ਆਲੇ-ਦੁਆਲੇ ਤਕਰੀਬਨ 20 ਤੋਂ 30 ਤਕ ਸਿੱਖ ਬਾਰਡਰ ਪਾਰ ਕਰਨ ਜਾਂ ਨਕਲੀ ਮੁਕਾਬਲੇ ਦੇ ਨਾਂ 'ਤੇ ਕਤਲ ਕੀਤੇ ਗਏ।

ਇਨ੍ਹੀਂ ਦਿਨੀਂ ਹੀ ਪੁਲੀਸ ਨੇ ਬਲਬੀਰ ਸਿੰਘ (ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਹੁਸ਼ਿਆਰਪੁਰ) ਅਤੇ ਅਜੀਤਪਾਲ ਸਿੰਘ ਪਿੰਡ ਰਾਇਪੁਰ (ਨੇੜੇ ਸ਼ਾਮ ਚੁਰਾਸੀ) ਹੁਸ਼ਿਆਰਪੁਰ ਨੂੰ ਵੀ ਕਤਲ ਕਰ ਦਿੱਤਾ।

ਦਲਬੀਰ ਸਿੰਘ ਬਿੱਲਾ ਅਸਲ ਮੁਕਾਬਲੇ ਵਿਚ ਸ਼ਹੀਦ

3 ਜੁਲਾਈ 1986 ਦੇ ਦਲਬੀਰ ਸਿੰਘ ਬਿੱਲਾ (ਪੁੱਤਰ ਸਰਦੂਲ ਸਿੰਘ, ਵਾਸੀ ਵਰਪਾਲ) ਇਕ ਅਸਲ ਮੁਕਾਬਲੇ ਵਿਚ ਸ਼ਹੀਦ ਹੋ ਗਿਆ। ਦਲਬੀਰ ਸਿੰਘ ਨੂੰ ਪਹਿਲਾਂ ਪੁਲਸ ਨੇ 1985 ਦੇ ਸ਼ੁਰੂ ਵਿਚ ਗ੍ਰਿਫ਼ਤਾਰ ਕੀਤਾ ਸੀ ਤੇ ਉਹ ਨਵੰਬਰ 1985 ਵਿਚ, ਆਪਣੇ ਸਾਥੀਆਂ ਜੋਗਾ ਸਿੰਘ ਬਿਸ਼ਨੰਦੀ, ਰੌਸ਼ਨ ਲਾਲ (ਸਿੰਘ) ਬੈਰਾਗੀ, ਜਸਵਿੰਦਰ ਸਿੰਘ ਤੇ ਰਣਜੀਤ ਸਿੰਘ ਦਿਆਲਗੜ੍ਹ ਨਾਲ, ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ।24 ਜੂਨ 1986 ਦੇ ਦਿਨ ਇਨ੍ਹਾਂ ਦੇ ਸਾਥੀ ਰਣਜੀਤ ਸਿੰਘ ਦਿਆਲਗੜ੍ਹ, ਗੁਰਮੇਜ ਸਿੰਘ ਢਿਲਵਾਂ ਅਤੇ ਮੱਖਣ ਸਿੰਘ ਇਕ ਅਸਲ ਮੁਕਾਬਲੇ ਵਿਚ ਪਿੰਡ ਕਾਲੀ ਬਾਹਮਣੀ ਵਿਚ ਸ਼ਹੀਦ ਹੋ ਗਏ। 3 ਜੁਲਾਈ ਦੇ ਦਿਨ ਦਲਬੀਰ ਸਿੰਘ ਆਪਣੇ ਸਾਥੀਆਂ (ਹਰੀ ਸਿੰਘ ਕਮਾਲਪੁਰਾ, ਸੁਖਬੰਸ ਸਿੰਘ ਤੇ ਬਲਦੇਵ ਸਿੰਘ ਵੱਲਾ) ਸਣੇ ਮਾਲੂਵਾਲ ਪਿੰਡ ਦੇ ਇਕ ਸਾਧ ਦੀ ਬਹਿਕ 'ਤੇ ਸੌਂ ਰਹੇ ਸਨ। ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਸਾਧ ਪੁਲਸ ਨਾਲ ਮਿਲ ਚੁੱਕਾ ਹੈ। ਉਸ ਦਿਨ ਭਾਰੀ ਸੀ.ਆਰ.ਪੀ. ਫ਼ੋਰਸ ਨੇ ਘੇਰਾ ਪਾ ਲਿਆ। ਜਦ ਉਨ੍ਹਾਂ ਵੇਖਿਆ ਕਿ ਘੇਰਾ ਤੰਗ ਹੋ ਰਿਹਾ ਹੈ ਤਾਂ ਉਨ੍ਹਾਂ ਨੇ ਮੁਕਾਬਲਾ ਸ਼ੁਰੂ ਕਰ ਦਿੱਤਾ। ਉਨ੍ਹਾਂ ਵਿਚੋਂ ਕੁਝ ਨੇ ਇਕ ਕਾਰ ਵਿਚ ਭੱਜਣ ਦੀ ਕੋਸ਼ਿਸ਼ ਕੀਤੀ ਪਰ ਛੁਪ ਕੇ ਬੈਠੀ ਸੀ.ਆਰ.ਪੀ. ਨੇ ਕਾਰ 'ਤੇ ਗੋਲੀਆਂ ਚਲਾ ਕੇ ਇਸ ਦੇ ਟਾਇਰ ਪੰਚਰ ਕਰ ਦਿੱਤੇ। ਇਸ 'ਤੇ ਉਨ੍ਹਾਂ ਕਾਰ ਵਿਚੋਂ ਨਿਕਲ ਕੇ ਮੁਕਾਬਲਾ ਸ਼ੁਰੂ ਕਰ ਦਿੱਤਾ। ਅਖ਼ੀਰ ਉਹ ਸਾਰੇ ਸ਼ਹੀਦੀਆਂ ਪਾ ਗਏ। ਦਲਬੀਰ ਸਿੰਘ ਉੱਤੇ 100 ਕਤਲ ਕੇਸ ਪਾਏ

ਹੋਏ ਸਨ। ਇਸੇ ਦਿਨ ਰੇਸ਼ਮ ਸਿੰਘ (ਗਲਮੋਰੀ) ਨੂੰ ਸ਼ਹੀਦ ਕੀਤਾ ਗਿਆ।

ਸੈਂਕੜੇ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਸੁਰਜੀਤ ਬਰਨਾਲਾ ਸਰਕਾਰ ਨੇ ਜੁਲਾਈ 1986 ਵਿਚ ਬਹੁਤ ਸਾਰੇ ਸਿੱਖ ਗ੍ਰਿਫ਼ਤਾਰ ਕੀਤੇ। ਡੇਰਾ ਬਾਬਾ ਨਾਨਕ ਤੋਂ ਹੀਰਾ ਸਿੰਘ, ਸੁਰਜੀਤ ਸਿੰਘ ਤੇ ਜਰਨੈਲ ਸਿੰਘ ਖ਼ੁਦ ਪੁਲੀਸ ਕੋਲ ਪੇਸ਼ ਹੋ ਗਏ। ਲੁਧਿਆਣੇ ਤੋਂ ਗਰਨੇਡ ਬਣਾਉਣ ਦੇ ਜੁਰਮ ਵਿਚ ਅਮਰੀਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਫ਼ਿਰੋਜ਼ਪੁਰ ਵਿਚ ਜਲੰਧਰ ਪੁਲੀਸ ਦੇ ਹੌਲਦਾਰ ਸੁਰਿੰਦਰਪਾਲ ਸਿੰਘ ਤੇ ਸਿਪਾਹੀ ਮੱਘਰ ਸਿੰਘ ਨੂੰ ਅਸਲਾ ਐਕਟ ਹੇਠ ਫੜ ਲਿਆ ਗਿਆ। ਫ਼ਾਜ਼ਿਲਕਾ 'ਚ ਮਾਲਖਾਨੇ ਦਾ ਇੰਚਾਰਜ ਸੱਜਣ ਸਿੰਘ ਤਿੰਨ ਰਾਈਫ਼ਲਾਂ ਦੀ ਚੋਰੀ 'ਚ ਫੜ ਲਿਆ ਗਿਆ। ਬਟਾਲੇ ਦੇ ਅਜੀਤ ਨਗਰ ਦੇ ਸੁਖਦੇਵ ਸਿੰਘ ਸੁੱਖਾ ਨੂੰ ਖਾੜਕੂਆਂ ਨੂੰ ਪਨਾਹ ਦੇਣ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ। ਦੋ ਜੁਲਾਈ ਨੂੰ ਫ਼ਿਰੋਜ਼ਪੁਰ 'ਚ ਜਗਦੀਸ਼ ਸਿੰਘ ਉਰਫ਼ ਭੋਲਾ (ਅਹਿਮਦਪੁਰ, ਅੰਮ੍ਰਿਤਸਰ) ਗ੍ਰਿਫ਼ਤਾਰ ਕੀਤਾ ਗਿਆ। ਗੁਰਦਾਸਪੁਰ ਵਿਚ 6 ਸਿੱਖ ਪਿੰਡ ਧਰਮਕੋਟ ਦੇ ਗ੍ਰਿਫ਼ਤਾਰ ਕੀਤੇ ਗਏ। ਇਹ ਸਨ: ਗੁਰਨਾਮ ਸਿੰਘ, ਪੂਰਨ ਸਿੰਘ, ਸੁੱਖਾ ਸਿੰਘ, ਸੰਤੋਖ ਸਿੰਘ, ਸਰਬਜੀਤ ਸਿੰਘ (ਦੂਜਾ) ਤੇ ਗੁਰਨਾਮ ਸਿੰਘ। ਤਿੰਨ ਜੁਲਾਈ ਨੂੰ ਬਲਬੀਰ ਸਿੰਘ ਬਿੱਲਾ, ਹਰਿੰਦਰ ਸਿੰਘ, ਗੁਰਦੀਪ ਸਿੰਘ ਉਰਫ਼ ਦੀਪਾ ਨੂੰ ਗੁਰਦਾਸਪੁਰ ਪੁਲੀਸ ਨੇ ਗ੍ਰਿਫ਼ਤਾਰ ਕੀਤਾ। ਚਾਰ ਜੁਲਾਈ ਨੂੰ ਜੰਡਿਆਲੇ ਵਿਚ ਅਮੋਲਕ ਸਿੰਘ (ਦੁਰਗਾਬਾਦ, ਡੇਰਾ ਬਾਬਾ ਨਾਨਕ), ਹਰਿੰਦਰਪਾਲ ਸਿੰਘ ਤੇ ਗੁਰਦੀਪ ਸਿੰਘ (ਕਲਾਨੌਰ ਵਿਚ) ਗ੍ਰਿਫ਼ਤਾਰ ਕੀਤੇ ਗਏ। ਪੰਜ ਜੁਲਾਈ ਨੂੰ ਹਰਿੰਦਰ ਸਿੰਘ ਕਾਹਲੋਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਜ ਜੁਲਾਈ ਨੂੰ ਮਖੂ ਕੋਲ ਗੁਰਚਰਨ ਸਿੰਘ (ਗਹਿਲੇਵਾਲ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਸ ਦਾ ਸਾਥੀ ਮੇਜਰ ਸਿੰਘ ਪਹਿਲੋਂ ਹੀ ਗ੍ਰਿਫ਼ਤਾਰ ਸੀ। ਇਸੇ ਦਿਨ ਪੁਲੀਸ ਨੇ ਜਲੰਧਰ ਦੇ ਖੁੱਲਰ ਕਾਂਡ ਵਿਚ ਫਰਾਰ ਕਰਾਰ ਦਿਤੇ ਖਾੜਕੂ ਦੇ ਪਿਤਾ ਸੋਹਨ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਦਿਆਲਗੜ੍ਹ ਵਿਚ ਬਾਬਾ ਰਣਜੀਤ ਸਿੰਘ ਦੇ ਭੋਗ ਤੇ ਸਹੁੰ ਖਾਣ ਵਾਲੇ 9 ਸਿੱਖ ਨੌਜਵਾਨ ਗ੍ਰਿਫ਼ਤਾਰ ਕਰ ਲਏ ਗਏ। ਇਹ ਸਾਰੇ ਬਲਵਿੰਦਰ ਸਿੰਘ ਬਿਲਾ, ਕਸ਼ਮੀਰ ਸਿੰਘ, ਹਰਚਰਨ ਸਿੰਘ, ਮੁਖ਼ਤਿਆਰ ਸਿੰਘ, ਗੁਰਚਰਨ ਸਿੰਘ, ਸਰਬਜੀਤ ਸਿੰਘ, ਇੰਦਰ ਸਿੰਘ ਬਟਾਲੇ ਦੇ ਸਨ।

ਸੱਤ ਜੁਲਾਈ ਨੂੰ ਹੁਸ਼ਿਆਰਪੁਰ ਤੋਂ ਸੁਰਜੀਤ ਸਿੰਘ ਤੇ ਸੁਰਿੰਦਰ ਸਿੰਘ, ਫਰੀਦਕੋਟ ਤੋਂ ਧਿਆਨ ਸਿੰਘ ਮੰਡ (ਫ਼ੀਰੋਜ਼ਪੁਰ) ਤੇ ਅਮਰਜੀਤ ਸਿੰਘ (ਸਰਹਾਲੀ), ਪਟਿਆਲਾ ਤੋਂ ਗੁਰਮੋਹਨ ਸਿੰਘ ਉਰਫ਼ ਮੋਹਨੀ, ਰਵਿੰਦਰ ਸਿੰਘ ਉਰਫ਼ ਬਿਟੂ (ਤਰਨਤਾਰਨ), ਲਖਵਿੰਦਰ ਸਿੰਘ (ਲੋਹਾ ਕੇ ਅੰਮ੍ਰਿਤਸਰ) ਬੰਗਾ, ਜਲੰਧਰ ਤੋਂ ਬਲਵਿੰਦਰ ਸਿੰਘ ਉਰਫ ਬਿੱਲਾ (ਲਿੱਦੜ ਕਲਾਂ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਅੱਠ ਜੁਲਾਈ ਨੂੰ ਜਲੰਧਰ ਮਾਡਲ ਟਾਊਨ ਤੋਂ ਖੁੱਲਰ 'ਤੇ ਹਮਲੇ ਦੇ ਦੋਸ਼ ਵਿਚ ਤਰਲੋਚਨ ਸਿੰਘ, ਸਤਨਾਮ ਸਿੰਘ, ਗੁਰਿੰਦਰਪਾਲ ਸਿੰਘ, ਰਣਜੀਤ ਸਿੰਘ ਉਰਫ਼ ਗੁਰਨਾਮ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਉੱਤੇ ਪੁਲੀਸ ਵੱਲੋਂ ਮਾਰੇ ਗਏ ਖਾੜਕੂ ਸਿੱਖ ਬਲਬੀਰ ਸਿੰਘ ਨੂੰ ਪਨਾਹ ਦੇਣ ਦਾ ਜੁਰਮ ਲਾਇਆ ਗਿਆ। ਫ਼ਿਰੋਜ਼ਪੁਰ ਤੋਂ ਸੁਰਜੀਤ ਸਿੰਘ ਤੇ ਬਘੇਲ ਸਿੰਘ, ਬਟਾਲੇ ਤੋਂ ਸੁਖਦੇਵ ਸਿੰਘ, ਗੁਰਦਾਸਪੁਰ ਤੋਂ ਬਲਬੀਰ ਸਿੰਘ ਉਰਫ਼ ਬਿਲਾ, ਸੁਰਜੀਤ ਸਿੰਘ ਉਰਫ਼ ਜੀਤਾ, ਜਾਗੀਰ ਸਿੰਘ, ਗੋਪਾਲ ਸਿੰਘ ਤੇ ਭੀਰਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। 9 ਜੁਲਾਈ ਨੂੰ ਜਲੰਧਰ ਤੋਂ ਅਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗੁਰਦਾਸਪੁਰ ਤੋਂ ਜਸਵੰਤ ਸਿੰਘ ਖੁਡੀਆਂ

ਨੂੰ ਹਿਰਾਸਤ ਵਿਚ ਲਿਆ ਗਿਆ। 11 ਜੁਲਾਈ ਨੂੰ ਬਟਾਲਾ ਦੇ ਗੁਰਦੁਆਰਾ ਸਤਕਰਤਾਰੀਆਂ ਉੱਤੇ ਪੁਲੀਸ ਨੇ ਹਮਲਾ ਕੀਤਾ ਅਤੇ ਸਾਰੇ ਸੇਵਾਦਾਰ ਗ੍ਰਿਫ਼ਤਾਰ ਕਰ ਲਏ। ਬਾਰ੍ਹਾਂ ਜੁਲਾਈ ਨੂੰ ਹੁਸ਼ਿਆਰਪੁਰ ਤੋਂ ਜਰਨੈਲ ਸਿੰਘ, ਬਟਾਲਾ ਤੋਂ ਸੁਖਦੇਵ ਸਿੰਘ (ਸ਼ਕਰਪੁਰਾ), ਅਜਨਾਲਾ ਤੋਂ ਜੱਸਾ ਸਿੰਘ (ਭਿੱਟੀ ਵਿੰਡ) ਅਤੇ ਬੰਬਈ ਏਅਰਪੋਰਟ ਤੋਂ ਭੁਪਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਤੇਰਾਂ ਜੁਲਾਈ ਨੂੰ ਅੰਮ੍ਰਿਤਸਰ ਤੋਂ ਸੁਖਦੇਵ ਸਿੰਘ ਸਖੀਰਾ ਦੇ ਦੋ ਸਾਥੀ, ਚੰਨਣ ਸਿੰਘ ਉਰਫ਼ ਮਹਿੰਦਰ ਸਿੰਘ ਉਰਫ਼ ਚੰਨ ਤੇਲੀ (ਕਾਲੇਵਾਲ) ਅਤੇ ਵਰਿਆਮ ਸਿੰਘ (ਅਹਿਮਦਪੁਰ) ਗ੍ਰਿਫ਼ਤਾਰ ਕੀਤੇ। ਏਥੋਂ ਹੀ ਹਰਬੰਸ ਸਿੰਘ, ਰਤਨ ਸਿੰਘ ਤੇ ਨੱਥਾ ਸਿੰਘ ਵੀ ਫੜੇ ਗਏ। ਫਤਹਿਗੜ੍ਹ ਚੂੜੀਆਂ ਤੋਂ ਫੌਜਾ ਸਿੰਘ (ਕੋਟ ਮੌਲਵੀ), ਬਲਵਿੰਦਰ ਸਿੰਘ (ਹਵੇਲੀਆਂ), ਮੇਹਰ ਸਿੰਘ (ਪੱਬੇਵਾਲਾ), ਜੋਗਿੰਦਰ ਸਿੰਘ (ਘਣੀਏਕੇ ਬਾਂਗਰ), ਅਜੀਤ ਸਿੰਘ (ਫਤਹਿਗੜ੍ਹ ਚੂੜੀਆਂ) ਗ੍ਰਿਫ਼ਤਾਰ ਕੀਤੇ ਗਏ। ਫਰੀਦਕੋਟ ਵਿਚ ਬਲਬੀਰ ਸਿੰਘ (ਝੁੰਡ ਸਿਰਕੀਆਂ), ਅੰਗਰੇਜ਼ ਸਿੰਘ ਤੇ ਦਰਸ਼ਨ ਸਿੰਘ (ਦੀਪ ਸਿੰਘ ਵਾਲਾ) ਨੂੰ 6 ਕਤਲਾਂ 'ਚ ਗ੍ਰਿਫ਼ਤਾਰ ਕੀਤਾ ਗਿਆ। ਪੰਥਕ ਕਮੇਟੀ ਦੇ ਵੱਸਣ ਸਿੰਘ ਦੇ ਰਿਸ਼ਤੇਦਾਰ ਅਵਤਾਰ ਸਿੰਘ ਨੂੰ ਵੀ ਫੜ ਲਿਆ ਗਿਆ। ਪੰਦਰਾਂ ਜੁਲਾਈ ਨੂੰ ਧੂਰੀ (ਸੰਗਰੂਰ) ਤੋਂ ਬਚਿੱਤਰ ਸਿੰਘ ਅਤੇ ਡਿਸਮਿਸ ਕੀਤਾ ਹੋਇਆ ਸਿਪਾਹੀ ਗੁਰਮੀਤ ਸਿੰਘ (ਅਮਰਗੜ੍ਹ ਥਾਣੇ ਦਾ) ਗ੍ਰਿਫ਼ਤਾਰ ਕੀਤੇ ਗਏ। ਤਰਨਤਾਰਨ ਤੋਂ ਕਸ਼ਮੀਰ ਸਿੰਘ (ਬਾਗੜੀਆਂ), ਸੁਰਿੰਦਰ ਸਿੰਘ (ਪੱਖੋਕੇ), ਨਰਿੰਦਰ ਸਿੰਘ (ਬਾਗੜੀਆ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਸਤਾਰਾਂ ਜੁਲਾਈ ਨੂੰ ਸਮਾਣਾ ਤੋਂ ਕੁਲਦੀਪ ਸਿੰਘ ਤੇ ਹਰਨੇਕ ਸਿੰਘ ਜੱਸਲ ਨੂੰ ਹਿਰਾਸਤ ਵਿਚ ਲਿਆ ਗਿਆ। ਉੱਨੀ ਜੁਲਾਈ ਨੂੰ ਜੰਮੂ ਤੋਂ ਸੁਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਵੀਹ ਜੁਲਾਈ ਨੂੰ ਸੰਗਰੂਰ ਵਿਚ ਬਲਜਿੰਦਰ ਸਿੰਘ, ਮਿੱਕਰ ਸਿੰਘ, ਗੁਰਿੰਦਰਪਾਲ ਸਿੰਘ, ਹਰਪ੍ਰੀਤ ਸਿੰਘ, ਬਲਦੇਵ ਸਿੰਘ, ਮੁਖਤਿਆਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਤਰਨਤਾਰਨ ਕੋਲ ਬਸ 'ਚ ਕੀਤੇ ਗਏ ਕਤਲਾਂ ਦੇ ਦੋਸ਼ ਵਿਚ ਮਾਨੋਚਾਹਲ ਦਾ ਸਾਥੀ ਅਵਤਾਰ ਸਿੰਘ ਗ੍ਰਿਫ਼ਤਾਰ ਕੀਤਾ ਗਿਆ। ਭੋਗਪੁਰ ਡਾਕਾ ਕੇਸ 'ਚ ਮਨਜੀਤ ਸਿੰਘ ਤੇ ਲਖਬੀਰ ਸਿੰਘ ਫੜੇ ਗਏ। ਇੱਕੀ ਜੁਲਾਈ ਨੂੰ ਕਪੂਰਥਲਾ ਜੇਲ੍ਹ ਵਿਚੋਂ ਭੱਜਿਆਂ ਨੂੰ ਪਨਾਹ ਦੇਣ ਦੇ ਜੁਰਮ ਵਿਚ ਬਲਬੀਰ ਸਿੰਘ, ਨਿਰਵੈਰ ਸਿੰਘ, ਜਸਪਾਲ ਗ੍ਰਿਫ਼ਤਾਰ ਕੀਤੇ ਗਏ।

ਬਾਈ ਜੁਲਾਈ ਨੂੰ ਡਿਗੀਆਣਾ (ਜੰਮੂ) ਤੋਂ ਜੱਥੇਦਾਰ ਅਵਤਾਰ ਸਿੰਘ ਨੂੰ ਹਿਰਾਸਤ 'ਚ ਲਿਆ ਗਿਆ। ਉਸ ਦੇ 15 ਸਾਥੀ, ਸਮੇਤ ਸੁਰਜੀਤ ਸਿੰਘ ਦੇ, ਪਹਿਲੋਂ ਹੀ ਗ੍ਰਿਫ਼ਤਾਰ ਸਨ। ਜੰਡਿਆਲੇ ਕੋਲ ਬਾਣੀਆ ਪਿੰਡ ਵਿਚ ਬਲਦੇਵ ਸਿੰਘ (ਬਾਲੀਆਂ), ਸਵਰਨ ਸਿੰਘ ਤੇ ਰਾਣਾ ਪਰਤਾਪ ਸਿੰਘ (ਤਰਸਿਕਾ) ਗ੍ਰਿਫ਼ਤਾਰ ਕੀਤੇ ਗਏ। ਸ਼ਾਹਬਾਜ਼ਪੁਰੋਂ ਬਲਕਾਰ ਸਿੰਘ, ਬੀਰਾ ਤੋਂ ਮਾਂਗਾ ਸਿੰਘ, ਬਠਿੰਡਾ ਤੋਂ ਕਮਲਜੀਤ ਸਿੰਘ, ਸਰਹਾਲੀ ਤੋਂ ਗੁਰਮੇਜ ਸਿੰਘ ਗੇਜਾ, ਸੁਖਵਿੰਦਰ ਸਿੰਘ, ਮੇਜਰ ਸਿੰਘ ਤੇ ਚਰਨ ਸਿੰਘ ਚੰਨਾ, ਬਟਾਲਾ ਤੋਂ ਬਲਵਿੰਦਰ ਸਿੰਘ, ਬਿੰਦਾ ਤੇ ਮੱਸਾ ਸਿੰਘ ਹਿਰਾਸਤ 'ਚ ਲਏ ਗਏ। ਛੱਬੀ ਜੁਲਾਈ ਨੂੰ ਤਰਨਤਾਰਨ ਵਿਚ ਬਲਕਾਰ ਸਿੰਘ (ਸ਼ਾਬਾਸਪੁਰ) ਤੇ ਲਖਬੀਰ ਸਿੰਘ (ਮਾਂਗੇ ਸਰਾਈਂ) ਨੂੰ ਗ੍ਰਿਫ਼ਤਾਰ ਕੀਤਾ ਗਿਆ।

ਸਤਾਈ ਜੁਲਾਈ ਨੂੰ ਬਟਾਲੇ ਵਿਚ ਬਲਵਿੰਦਰ ਸਿੰਘ, ਕੰਵਲਜੀਤ ਸਿੰਘ (ਵਸਣ ਸਿੰਘ ਦਾ ਸਾਥੀ) ਤੇ ਬਲਬੀਰ ਸਿੰਘ ਉਰਫ਼ ਰਣਜੀਤ ਸਿੰਘ ਹਿਰਾਸਤ 'ਚ ਲਏ ਗਏ। ਉਨ੍ਹਾਂ ਦੇ ਸਾਥੀ ਹਰਜਿੰਦਰ ਸਿੰਘ ਤੇ ਬਲਵਿੰਦਰ ਸਿੰਘ ਪਹਿਲੋਂ ਹੀ ਜੇਲ੍ਹ ਵਿਚ ਸਨ। ਅਠਾਈ ਜੁਲਾਈ ਨੂੰ

ਗੁਰਦਾਸਪੁਰ ਤੋਂ ਅਜੀਤ ਸਿੰਘ (ਫਤਹਿਗੜ ਚੂੜੀਆਂ), ਸੁਖਜੀਤ ਸਿੰਘ ਤੇ ਕਸ਼ਮੀਰ ਸਿੰਘ (ਕਾਲਾ ਅਫ਼ਗਾਨਾ) ਗ੍ਰਿਫ਼ਤਾਰ ਕੀਤੇ ਗਏ। ਉਨੱਤੀ ਜੁਲਾਈ ਨੂੰ ਮੋਰਿਡਾ ਤੋਂ; ਗੁਰਸ਼ਰਨ ਸਿੰਘ ਤੇ ਦਇਆ ਸਿੰਘ ਨੂੰ ਮਹਿਮਾ ਸਿੰਘ ਨਿਰੰਕਾਰੀ ਕਤਲ ਕੇਸ 'ਚ ਗ੍ਰਿਫ਼ਤਾਰ ਕੀਤਾ ਗਿਆ। ਬਟਾਲਾ'ਚ ਹੈਂਡ ਕਾਂਸਟੇਬਲ ਨਰਿੰਦਰ ਸਿੰਘ ਨੂੰ ਜੁਝਾਰੂਆਂ ਨੂੰ ਅਸਲਾ ਸਪਲਾਈ ਕਰਨ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ। ਦਸੂਹਾ ਤੋਂ ਪ੍ਰਤਾਪ ਸਿੰਘ (ਸ਼ਰੀਂਹਪੁਰ) ਤੇ ਜਲੋਟਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

30 ਜੂਨ ਨੂੰ ਦਹਿਸ਼ਤਗਰਦ ਹਿੰਦੂਆਂ ਨੇ ਜਲੰਧਰ ਦੇ ਚੌਂਕ ਭਗਤ ਸਿੰਘ ਵਿਚ ਹਰਵਿੰਦਰ ਸਿੰਘ (ਕਰਤਾਰਪੁਰ) ਦੀ ਦਸਤਾਰ ਲਾਹ ਕੇ ਸਾੜ ਦਿਤੀ। ਚਾਰ ਜੁਲਾਈ ਨੂੰ ਜੰਡਿਆਲੇ ਵਿਚ ਹਿੰਦੂਆਂ ਨੇ ਸਿੱਖਾਂ ਉੱਤੇ ਹਮਲੇ ਕੀਤੇ। ਪੰਜ ਜੁਲਾਈ ਨੂੰ ਕਪੂਰਥਲਾ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਦੋ ਭਰਾਵਾਂ ਸੁਰਿੰਦਰ ਸਿੰਘ ਤੇ ਹਰਦੀਪ ਸਿੰਘ ਉੱਤੇ ਹਮਲਾ ਕੀਤਾ ਤੇ ਸਖ਼ਤ ਜ਼ਖ਼ਮੀ ਕਰ ਦਿਤਾ। ਨੌਂ ਜੁਲਾਈ ਨੂੰ ਰੋਹਤਕ ਵਿਚ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ। ਦਸ ਜੁਲਾਈ ਨੂੰ ਤ੍ਰਿਪੜੀ (ਪਟਿਆਲਾ) 'ਚ ਇਕ ਸਿੱਖ ਦੇ ਕੇਸ ਕਤਲ ਕੀਤੇ ਗਏ।

ਦਿੱਲੀ ਵਿਚ ਸਿੱਖਾਂ ਉੱਤੇ ਹਮਲੇ: 6 ਸਿੱਖ ਮਰੇ 45 ਜ਼ਖ਼ਮੀ

ਛੱਬੀ ਜੁਲਾਈ ਨੂੰ ਦਿੱਲੀ ਵਿਚ ਦਹਿਸ਼ਤਗਰਦ ਹਿੰਦੂਆਂ ਨੇ ਫੇਰ ਸਿੱਖਾਂ ਉਤੇ ਵੱਡੀ ਸਕੇਲ 'ਤੇ ਹਮਲੇ ਕੀਤੇ। ਪੁਲੀਸ ਨੇ ਹਿੰਦੂ ਦਹਿਸ਼ਤਗਰਦਾਂ ਦੀ, 1984 ਨਵੰਬਰ ਵਾਂਗ, ਡਟ ਕੇ ਮਦਦ ਕੀਤੀ। ਪੁਲੀਸ ਅਤੇ ਹਿੰਦੂਆਂ ਨੇ ਰਲ ਕੇ 6 ਸਿੱਖ ਕਤਲ ਕੀਤੇ ਤੇ 45 ਫੱਟੜ ਕੀਤੇ। ਸਿੱਖਾਂ ਉਤੇ ਇਹ ਹਮਲੇ ਤਿੰਨ ਦਿਨ ਜਾਰੀ ਰਹੇ ਤੇ 1984 ਦੀਆਂ ਕਾਰਵਾਈਆਂ ਦੋਹਰਾਈਆਂ ਗਈਆਂ। ਫ਼ੌਜ ਨੇ ਅੰਮ੍ਰਿਤਸਰ, ਗੁਰਦਾਸਪੁਰ ਅਤੇ ਫ਼ੀਰੋਜ਼ਪੁਰ 'ਚ ਫ਼ਲੈਗ ਮਾਰਚ ਕੀਤਾ ਤਾਂ ਜੋ ਦਿੱਲੀ ਦੇ ਕਤਲੇਆਮ ਦਾ ਜਵਾਬੇ-ਅਮਲ ਰੋਕਿਆ ਜਾ ਸਕੇ, ਪਰ ਦੂਜੇ ਪਾਸੇ ਦਿੱਲੀ ਵਿਚ ਪੁਲੀਸ ਨੇ ਹਿੰਦੂਆਂ ਨੂੰ ਨਾ ਸਿਰਫ਼ ਖੁੱਲ੍ਹ ਦਿਤੀ ਬਲਕਿ ਪੂਰੀ ਮਦਦ ਵੀ ਕੀਤੀ।

ਸੀ.ਆਰ.ਪੀ.ਐਫ਼. ਵੱਲੋਂ ਦਰਬਾਰ ਸਾਹਿਬ ਦੇ ਮੂਹਰੇ ਤੰਬਾਕੂਨੋਸ਼ੀ

ਛੱਬੀ ਜੁਲਾਈ ਨੂੰ ਦਰਬਾਰ ਸਾਹਿਬ ਦੇ ਬੂਹੇ ਉੱਤੇ ਸੀ.ਆਰ.ਪੀ.ਐਫ਼. ਦੇ ਸਿਪਾਹੀਆਂ (ਬਿਹਾਰੀ ਲਾਲ ਅਤੇ ਸ਼ਿਵ ਸਿੰਹ) ਨੇ, ਸੁਰਜੀਤ ਬਰਨਾਲੇ ਦੇ ਦਫ਼ਤਰ ਸਕਤਰ ਗੁਰਦੇਵ ਸਿੰਘ ਨੂੰ, ਉੱਥੇ ਤੰਬਾਕੂਨੋਸ਼ੀ ਕਰਨ ਤੋਂ ਰੋਕਣ ਦੇ ਜੁਰਮ ਵਿਚ, ਬੁਰੀ ਤਰ੍ਹਾਂ ਕੁੱਟਿਆ ਅਤੇ ਫਿਰ ਥਾਣੇ ਲੈ ਗਏ। ਇਹ ਸੀ ਸੁਰਜੀਤ ਬਰਨਾਲੇ ਦੇ ਆਪਣੇ ਬੰਦਿਆਂ ਦਾ ਹਾਲ ਅਤੇ ਹਿੰਦੂਆਂ ਵਾਸਤੇ ਦਰਬਾਰ ਸਾਹਿਬ ਦੀ ਪਾਕੀਜ਼ਗੀ।

ਜਲੰਧਰ ਵਿਚ ਖਾੜਕੂਆਂ ਵੱਲੋਂ ਖੁੱਲਰ 'ਤੇ ਫੇਰ ਹਮਲਾ

ਜਲੰਧਰ ਮਾਡਲ ਟਾਊਨ 'ਚ ਫਿਰਕੂ ਹਿੰਦੂ ਬੀ.ਕੇ. ਖੁੱਲਰ ਉੱਤੇ ਖਾੜਕੂਆਂ ਨੇ ਇਕ ਵਾਰ ਫੇਰ ਹਮਲਾ ਕੀਤਾ। ਇਸ ਖਾੜਕੂ ਹਮਲੇ ਦੌਰਾਨ ਹੋਏ ਅਸਲੀ ਪੁਲੀਸ ਮੁਕਾਬਲੇ ਵਿਚ ਅਜੀਤ ਪਾਲ ਸਿੰਘ ਅਤੇ ਬਲਬੀਰ ਸਿੰਘ (ਚਲੇਪੁਰ ਦਾਜੋ) ਖਾੜਕੂ ਮਾਰੇ ਗਏ ਤੇ ਸੁਖਵਿੰਦਰ ਸਿੰਘ ਬਚ

ਕੇ ਨਿਕਲ ਗਿਆ।

ਸਿੱਖੋ ਯੂ.ਪੀ., ਐਮ.ਪੀ., ਬਿਹਾਰ, ਹਰਿਆਣਾ, ਰਾਜਸਥਾਨ ’ਚੋਂ ਭੱਜ ਜਾਓ

ਅਕਤੂਬਰ ਵਿਚ ‘ਬਜਰੰਗ ਬਰਗੇਡ’ ਦੇ ਨਾਂ ਹੇਠ ਦਹਿਸ਼ਤਗਰਦ ਹਿੰਦੂਆਂ ਨੇ ਯੂ.ਪੀ., ਐਮ.ਪੀ., ਬਿਹਾਰ, ਹਰਿਆਣਾ, ਰਾਜਸਥਾਨ ਵਗੈਰਾ ਵਿਚ ਇਸ਼ਤਿਹਾਰ ਲਾਏ ਤੇ ਸਿੱਖਾਂ ਨੂੰ ਵਾਰਨਿੰਗ ਦਿੱਤੀ ਕਿ ‘31 ਅਕਤੂਬਰ ਤਕ ਇੱਥੋਂ ਪੰਜਾਬ ਨੂੰ ਭਜ ਜਾਓ ਵਰਨਾ ਕਤਲ ਕਰ ਦਿੱਤੇ ਜਾਓਗੇ’ ਇਸ ਕੇਸ ਵਿਚ ਕਦੇ ਕੋਈ ਗ੍ਰਿਫ਼ਤਾਰੀ, ਵਾਰੰਟ ਜਾਰੀ ਜਾਂ ਇਨਾਮ ਦਾ ਐਲਾਨ ਨਹੀਂ ਕੀਤਾ ਗਿਆ।

ਮੰਡ ’ਚ ਖਾੜਕੂਆਂ ਦੇ ਖ਼ਿਲਾਫ਼ ਰਬੈਰੋ ਦਾ ‘ਅਪਰੇਸ਼ਨ ਫ਼ਰਾਡ’

18 ਜੁਲਾਈ ਨੂੰ ਸੁਰਜੀਤ ਬਰਨਾਲਾ ਦੀ ਪੁਲੀਸ, ਬੀ.ਐਸ.ਐਫ਼. ਅਤੇ ਸੀ.ਆਰ.ਪੀ. ਦੇ 2000 ਸਿਪਾਹੀਆਂ ਦੀਆਂ 20 ਕੰਪਨੀਆਂ ਨੇ ਮੰਡ ਏਰੀਏ ਵਿਚ ਹਮਲਾ ਕੀਤਾ ਅਤੇ ‘ਅਪਰੇਸ਼ਨ ਮੰਡ’ ਦੇ ਨਾਂ ਹੇਠ ਖਾੜਕੂਆਂ ਦੀਆਂ ਗ੍ਰਿਫ਼ਤਾਰੀਆਂ ਵਾਸਤੇ ਐਕਸ਼ਨ ਕੀਤਾ। ਇਸ ਐਕਸ਼ਨ ਦੌਰਾਨ ਹੈਲੀਕਾਪਟਰਾਂ, ਬੁਲਡੋਜ਼ਰਾਂ, ਟਰੈਕਟਰਾਂ, ਮੋਟਰ-ਬੋਟਾਂ, ਬੇੜੀਆਂ, ਜੀਪਾਂ ਦੀ ਖ਼ੂਬ ਵਰਤੋਂ ਕੀਤੀ ਗਈ। ਇਸ ਮੌਕੇ ’ਤੇ ਖਾੜਕੂਆਂ ਨੇ ਪੁਲੀਸ ਦਾ ਇਕ ਹੈਲੀਕਾਪਟਰ ਵੀ ਡੇਗ ਲਿਆ। ਇਸ ਐਕਸ਼ਨ ਵਿਚ ਕਪੂਰਥਲਾ ਦਾ ਡੀ.ਐਸ.ਪੀ. ਪੀ.ਐਮ.ਦਾਸ ਜ਼ਖ਼ਮੀ ਹੋਇਆ ਸੀ। ਉਸ ਦੇ ਚਿੱਤੜਾਂ ਵਿਚ ਗੋਲੀ ਲੱਗੀ ਸੀ। ਇਹ ਕਾਰਵਾਈ ਅਵਤਾਰ ਸਿੰਘ ਬ੍ਰਹਮਾ ਗਰੁੱਪ ਦੀ ਸੀ।

ਪਰ ਇਸ ਕਾਰਵਾਈ ਵਿਚੋਂ ਕੁਝ ਵੀ ਹੱਥ ਨਾ ਲੱਗਿਆ। ਸਤਲੁਜ ਤੇ ਬਿਆਸ ਵਿਚਕਾਰ 70 ਕਿਲੋਮੀਟਰ ਦੀ ਪੱਟੀ ਵਿਚ ਪੁਲੀਸ ਨੇ ਆਮ ਲੋਕਾਂ ਨਾਲ ਬੇਹੱਦ ਜ਼ਿਆਦਤੀ ਕੀਤੀ। ਇਸ ਹਮਲੇ ਦੀ ਨਿਗਰਾਨੀ ਰਬੈਰੋ, ਕੈਪਟਨ ਕੰਵਲਜੀਤ, ਪੀ.ਸੀ. ਡੋਗਰਾ, ਐਸ.ਐਸ. ਵਿਰਕ ਨੇ ਕੀਤੀ ਸੀ। ਪੁਲੀਸ ਨੇ ਦਾਅਵਾ ਕੀਤਾ ਕਿ ਇਸ ਹਮਲੇ ਵਿਚ ਪਵਿੱਤਰ ਸਿੰਘ (ਸੰਤੋਖਪੁਰਾ), ਜਸਵਿੰਦਰ ਸਿੰਘ (ਢਿੱਲਵਾਂ), ਸਤਨਾਮ ਸਿੰਘ (ਵੜਿੰਗ), ਹਰਜਿੰਦਰ ਸਿੰਘ (ਛਾਂਟੀ), ਗੁਰਚਰਨ ਸਿੰਘ, ਕੁਲਦੀਪ ਸਿੰਘ, ਤਰਸੇਮ ਸਿੰਘ (ਤਿੰਨੇ ਕਾਕੀ ਪਿੰਡ) ਨੂੰ ਗ੍ਰਿਫ਼ਤਾਰ ਕੀਤਾ ਹੈ। ਅਸਲ ਵਿਚ ਇਹ ਸਾਰੇ ਪਹਿਲੋਂ ਹੀ ਪੁਲੀਸ ਦੀ ਹਿਰਾਸਤ ਵਿਚ ਸਨ। ਬਰਨਾਲਾ ਸਰਕਾਰ ਦੇ ਵਜ਼ੀਰ ਮੇਜਰ ਸਿੰਘ ਉਬੋਕੇ ਨੇ ਇਸ ਕਾਰਵਾਈ ਨੂੰ **‘ਅਪਰੇਸ਼ਨ ਫ਼ਰਾਡ’** ਆਖਿਆ। ਅਜਿਹਾ ਹੀ ਬਿਆਨ ਹਰਭਜਨ ਸਿੰਘ ਸੰਧੂ ਵਜ਼ੀਰ ਨੇ ਵੀ ਦਿਤਾ। ਪਰ ਫਿਰ ਵੀ ਉਹ ਸਰਕਾਰ ਵਿਚ ਰਹੇ ਤੇ ਰਬੈਰੋ ਨੂੰ ਪਲੀਸ ਚੀਫ਼ ਬਣਾਈ ਰੱਖਿਆ।

30 ਜੁਲਾਈ ਨੂੰ ਗੁਰਦੁਆਰਾ ਮਸਤੂਆਣਾ ’ਤੇ ਪੁਲੀਸ ਨੇ ਹਮਲਾ ਕੀਤਾ। ਲਲਿਤ ਮਾਕਨ ਕਤਲ ਕੇਸ ਵਿਚ ਹਰਜਿੰਦਰ ਸਿੰਘ ਜਿੰਦਾ, ਬਖਸ਼ੀਸ਼ ਸਿੰਘ ਤੇ ਮਥਰਾ ਸਿੰਘ ਨੂੰ ਨਾਮਜ਼ਦ ਕਰ ਕੇ ਉਨ੍ਹਾਂ ਦੇ ਸਿਰ ’ਤੇ ਇਕ-ਇਕ ਲੱਖ ਰੁਪੈ ਦਾ ਇਨਾਮ ਐਲਾਨ ਕਰ ਦਿਤਾ।

ਇਸੇ ਦਿਨ ਪੰਜਾਬ ਸਿੱਖ ਲੌਇਅਰਜ਼ ਨੇ ਸਿੱਖਾਂ ਦੇ ਕਤਲਾਂ ਅਤੇ ਨਕਲੀ ਪੁਲੀਸ ਮੁਕਾਬਲਿਆਂ ਦੀ ਜ਼ਬਰਦਸਤ ਨਿੰਦਾ ਕੀਤੀ। ਇਸੇ ਦਿਨ ਦਸੂਹੇ ਵਿਚ ਬੱਸ ਇਂਸਪੈਕਟਰ ਦਰਸ਼ਨਜੀਤ ਸਿੰਘ ਨੂੰ ਖਾੜਕੂਆਂ ਨਾਲ ਹਮਦਰਦੀ ਰੱਖਣ ਕਰ ਕੇ ਡਿਸਮਿਸ ਕਰ ਦਿਤਾ ਗਿਆ।

ਅਗਸਤ 1986 ਵਿਚ ਖਾੜਕੂਆਂ ਦੀਆਂ ਗ੍ਰਿਫ਼ਤਾਰੀਆਂ

ਅਗਸਤ 1986 ਵਿਚ ਸੁਰਜੀਤ ਬਰਨਾਲਾ ਸਰਕਾਰ ਵੱਲੋਂ ਫਿਰ ਬਹੁਤ ਵੱਡੀ ਗਿਣਤੀ ਵਿਚ ਸਿੱਖ ਗ੍ਰਿਫ਼ਤਾਰ ਕੀਤੇ ਗਏ। ਮਹੀਨਾ ਚੜ੍ਹਦਿਆਂ ਹੀ ਕਾਦੀਆਂ (ਗੁਰਦਾਸਪੁਰ) ਦੇ ਪਿੰਡਾਂ ਵਿਚੋਂ ਪੰਜ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚੋਂ ਬੀ.ਐਸ.ਐਫ਼. ਦਾ ਇਕ ਸਾਬਕ ਕਮਾਂਡੋ ਇੰਸਪੈਕਟਰ ਨਿਸ਼ਾਨ ਸਿੰਘ ਤੇ ਬਾਕੀ ਚਾਰ ਸਨ: ਹਰਜਿੰਦਰ ਸਿੰਘ ਜਿੰਦਾ, ਤਰਸੇਮ ਸਿੰਘ, ਸ਼ਮਸ਼ੇਰ ਸਿੰਘ, ਤਰਲੋਚਨ ਸਿੰਘ ਉਰਫ਼ ਤੋਚੀ।

ਪਹਿਲੀ ਅਗਸਤ ਨੂੰ ਮੋਹਨੀਵਾਲ (ਹੁਸ਼ਿਆਰਪੁਰ) ਵਿਚ ਪੁਲਸ ਮੁਕਾਬਲੇ ਦੇ ਨਾਂ 'ਤੇ ਮਨਜੀਤ ਸਿੰਘ ਤੇ ਗੁਰਦੇਵ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੋ ਅਗਸਤ ਨੂੰ ਅੰਮ੍ਰਿਤਸਰ ਵਿਚ ਤਰਸੇਮ ਸਿੰਘ, ਬਲਜਿੰਦਰ ਸਿੰਘ, ਗੁਰਮੇਲ ਸਿੰਘ, ਮਨਿੰਦਰਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਜੰਡਿਆਲੇ ਕੋਲ ਜਬੋਵਾਲ ਪਿੰਡ ਵਿਚ ਹਰਜਿੰਦਰ ਸਿੰਘ ਤੇ ਪ੍ਰੀਤਮ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਜ ਅਗਸਤ ਨੂੰ ਹਰਚਰਨ ਸਿੰਘ ਹੀਰੋ ਦਾ ਪੁੱਤਰ ਹਰਮੀਤ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਸਾਥੀ ਗੁਰਨਾਮ ਸਿੰਘ ਦੇ ਫਾਰਮ 'ਤੇ ਵੀ ਛਾਪਾ ਮਾਰਿਆ ਗਿਆ। ਛੇ ਅਗਸਤ ਨੂੰ ਗੁਰਦਾਸਪੁਰੋਂ ਅਜੀਤ ਸਿੰਘ ਤੇ ਆਦਮਪੁਰ (ਜਲੰਧਰ) ਤੋਂ ਬੂਟਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।

9 ਅਗਸਤ ਨੂੰ ਬੂਟਾ ਪਿੰਡ (ਜਲੰਧਰ) ਵਿਚ ਬਲਦੇਵ ਸਿੰਘ ਘੁੰਮਣ (ਮੇਜਰ) ਦੇ ਘਰੋਂ ਮਨਬੀਰ ਸਿੰਘ ਚਹੇੜੂ ਉਰਫ਼ ਹਰੀ ਸਿੰਘ (ਮੁਖੀ ਖਾਲਿਸਤਾਨ ਕਮਾਂਡੋ ਫ਼ੋਰਸ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਨਾਲ ਹੀ ਬਲਦੇਵ ਸਿੰਘ ਘੁੰਮਣ, ਸਰਦਾਰ ਸਿੰਘ (ਕਿਸ਼ਨਪੁਰਾ ਜਲੰਧਰ) ਤੇ ਚਰਨਜੀਤ ਸਿੰਘ (ਰਿਹਾਣਾ ਜੱਟਾਂ, ਹੁਸ਼ਿਆਰਪੁਰ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਸੁਰਜੀਤ ਬਰਨਾਲਾ ਨੇ ਮਨਬੀਰ ਸਿੰਘ ਦੀ ਗ੍ਰਿਫ਼ਤਾਰੀ ਨੂੰ ਸਰਕਾਰ ਦੀ ਇਕ ਵੱਡੀ 'ਪ੍ਰਾਪਤੀ' ਆਖਿਆ।

ਦਸ ਅਗਸਤ ਨੂੰ ਅੰਮ੍ਰਿਤਸਰ 'ਚ ਗੁਰਨਾਮ ਸਿੰਘ ਨੂੰ ਛੇ ਕਤਲਾਂ ਦੇ ਜੁਰਮ ਵਿਚ ਹਿਰਾਸਤ 'ਚ ਲਿਆ ਗਿਆ। ਇਸ ਤੋਂ ਇਲਾਵਾ ਰਣਜੀਤ ਸਿੰਘ ਰਾਣਾ (ਖੇਮਕਰਣ), ਜਗਮੋਹਨ ਸਿੰਘ (ਕਾਟੋਵਾਲ, ਗੁਰਦਾਸਪੁਰ) ਇੰਦਰਪਾਲ ਸਿੰਘ (ਝਬਾਲ), ਸੁਰਜੀਤ ਸਿੰਘ (ਨਾਗਲੀ, ਅੰਮ੍ਰਿਤਸਰ), ਜੋਗਿੰਦਰ ਸਿੰਘ, ਰੇਸ਼ਮ ਸਿੰਘ (ਜੋੜੇ) ਵੀ ਗ੍ਰਿਫ਼ਤਾਰ ਕੀਤੇ ਗਏ। ਮਨਬੀਰ ਸਿੰਘ ਦਾ ਇਕ ਹੋਰ ਸਾਥੀ ਕਰਨਲ ਹਰਬੰਤ ਸਿੰਘ ਕਾਹਲੋਂ, ਵੀਰ ਚਕਰ ਜੇਤੂ, (ਕਿਸ਼ਨਗੜ੍ਹ ਕੰਪਲੈਕਸ, ਪਖੋਵਾਲ ਰੋਡ, ਲੁਧਿਆਣਾ) ਮਫ਼ਰੂਰ ਕਰਾਰ ਦਿੱਤੇ ਜਾਣ ਮਗਰੋਂ 12 ਅਗਸਤ ਨੂੰ ਅਦਾਲਤ ਵਿਚ ਪੇਸ਼ ਹੋ ਗਿਆ। ਬਾਰ੍ਹਾਂ ਅਗਸਤ ਨੂੰ ਸਤਵਿੰਦਰ ਸਿੰਘ (ਜਮਾਲਪੁਰ ਜੱਟਾਂ, ਜਲੰਧਰ), ਜੋਗਿੰਦਰ ਸਿੰਘ ਤੇ ਗੁਰਮੁਖ ਸਿੰਘ (ਪਲਾਲ) ਵੀ ਗ੍ਰਿਫ਼ਤਾਰ ਕੀਤੇ ਗਏ।

12 ਅਗਸਤ ਨੂੰ ਤਰਸੇਮ ਸਿੰਘ ਕੋਹਾੜ (ਮੁਖੀ ਕੇ.ਐਸ.ਐਫ਼.) ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਸਾਥੀ ਸੁਖਦੇਵ ਸਿੰਘ (ਕੋਟ ਮੰਡੀ, ਫਤਹਿਗੜ੍ਹ ਚੂੜੀਆਂ), ਬਲਜਿੰਦਰ ਸਿੰਘ (ਰਣਜੀਤਸਿੰਘ ਵਾਲਾ), ਰਾਮ ਸਿੰਘ, ਬਲਜੀਤ ਸਿੰਘ ਪੱਪੂ, ਹਰਜਿੰਦਰ ਸਿੰਘ ਜਿੰਦਾ ਵੀ ਗ੍ਰਿਫ਼ਤਾਰ ਕੀਤੇ ਗਏ। ਚੌਦਾਂ ਅਗਸਤ ਨੂੰ ਬੀ.ਐਸ.ਐਫ਼. ਨੇ ਕਪੂਰਥਲੇ ਦਾ ਜੋਗਿੰਦਰ ਸਿੰਘ ਗ੍ਰਿਫ਼ਤਾਰ ਕੀਤਾ। ਅੰਮ੍ਰਿਤਸਰ ਦੇ ਡੀ.ਐਸ.ਪੀ. ਹਰਪਾਲ ਸਿੰਘ ਤੇ ਐਸ.ਐਚ.ਓ. ਜੰਡਿਆਲਾ ਹਰਚਰਨ ਸੂਚੀ ਨੇ ਇਕ ਪ੍ਰੈਸ ਕਾਨਫਰੰਸ 'ਚ ਇਕ ਦਰਜਨ ਖਾੜਕੂਆਂ ਦੀ ਗ੍ਰਿਫ਼ਤਾਰੀ ਦਾ ਐਲਾਨ ਕੀਤਾ। ਗ੍ਰਿਫ਼ਤਾਰ ਹੋਣ

ਵਾਲੇ ਸਨ: ਬਲਕਾਰ ਸਿੰਘ (ਹੁਸ਼ਿਆਰਪੁਰ), ਸਵ੍ਰਨ ਸਿੰਘ ਤੇ ਰਾਣਾ ਪ੍ਰਤਾਪ ਸਿੰਘ (ਤਰਸਿੱਕਾ), ਬਿਜਲਾ ਸਿੰਘ (ਜੋਪੇਵਾਲ), ਹਰਜਿੰਦਰ ਸਿੰਘ (ਤਰਸੇਵਾਲ), ਦਨਿੰਦਰ ਸਿੰਘ ਤੇ ਤੇਜਿੰਦਰ ਸਿੰਘ (ਜੰਡਿਆਲਾ), ਜਗੀਰ ਸਿੰਘ (ਖਡੂਰ ਸਾਹਿਬ), ਸਿਰਤਾਜ ਸਿੰਘ, ਨਿਰਮਲ ਸਿੰਘ, ਬੀਰਾ (ਮਾਂਗਾ ਪਿੰਡ), ਸੁੱਖਾ (ਮਾਹਲ ਚੱਕ), ਬਿੱਲਾ (ਬਾਠ), ਖ਼ਜ਼ਾਨ ਸਿੰਘ, ਪਰਮਜੀਤ ਸਿੰਘ (ਪੰਜੋ ਮੁਛੱਡ ਤੋਂ)। ਇਸੇ ਦਿਨ ਫਰੀਦਕੋਟ ਦੇ ਗੁਰਮੀਤ ਸਿੰਘ (ਨਥਾਂਵਾਂ) ਨੂੰ ਪਨਾਹ ਦੇਣ ਤੇ ਮਧੀਰ ਪਿੰਡ ਵਿਚੋਂ ਵੀ ਇਕ ਸਿੱਖ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਸਤਾਰਾਂ ਅਗਸਤ ਨੂੰ ਅਜਨਾਲੇ ਕੋਲ ਕੰਵਲਜੀਤ ਸਿੰਘ, ਤਰਨਜੀਤ ਸਿੰਘ, ਬਲਜੀਤ ਸਿੰਘ, ਪ੍ਰਿਥੀਪਾਲ ਸਿੰਘ ਗ੍ਰਿਫ਼ਤਾਰ ਕੀਤੇ ਗਏ। ਅਠਾਰਾਂ ਅਗਸਤ ਨੂੰ ਮੋਗਾ ਨੇੜੇ ਸੁਖਵਿੰਦਰ ਸਿੰਘ (ਰੋਡੇ), ਸੁਖਦੇਵ ਸਿੰਘ, ਜਰਨੈਲ ਸਿੰਘ, ਗੁਰਦਾਸਪੁਰੋਂ ਹਰਜੀਤ ਸਿੰਘ, (ਵਜ਼ੀਰ ਚਕ) ਤੇ ਗਿੱਦੜਬਾਹਾ ਤੋਂ ਗੁਰਮੀਤ ਸਿੰਘ (ਲਹਿਰਾ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇੱਕੀ ਅਗਸਤ ਨੂੰ ਭਾਰਤ ਨਗਰ ਅੰਮ੍ਰਿਤਸਰ ਤੋਂ ਬਲਵਿੰਦਰ ਸਿੰਘ ਤੋਂ ਇਲਾਵਾ ਮਨਬੀਰ ਸਿੰਘ ਚਹੇੜੂ ਦੇ ਛੇ ਹੋਰ ਸਾਥੀ ਗ੍ਰਿਫ਼ਤਾਰ ਕੀਤੇ ਗਏ। ਗ੍ਰਿਫ਼ਤਾਰ ਕੀਤੇ ਜਾਣ ਵਾਲੇ ਕਸ਼ਮੀਰ ਸਿੰਘ (ਝਬਾਲ), ਅਮਰਜੀਤ ਸਿੰਘ (ਧਨਾਲ ਖੁਰਦ, ਜਲੰਧਰ), ਪਰਮਜੀਤ ਸਿੰਘ (ਪ੍ਰੀਤ ਨਗਰ, ਜਲੰਧਰ), ਪ੍ਰਿਥੀਪਾਲ ਸਿੰਘ, ਚਰਨਜੀਤ ਸਿੰਘ, ਬਲਵਿੰਦਰ ਸਿੰਘ ਸਨ। ਪੁਲੀਸ ਮੁਤਾਬਿਕ ਉਸ ਦੇ 44 ਸਾਥੀ ਗ੍ਰਿਫ਼ਤਾਰ ਹੋ ਚੁਕੇ ਸਨ ਤੇ ਬਾਕੀ 9 ਫਰਾਰ ਸਨ। ਬਾਈ ਅਗਸਤ ਨੂੰ ਜਲੰਧਰ ਵਿਚ ਹਰਜਾਪ ਸਿੰਘ ਭੋਲਾ (ਧਾਰੀਵਾਲ), ਕੁਲਵੰਤ ਸਿੰਘ (ਆਦਮਪੁਰ, ਜਗਰਾਓ), ਬਲਬੀਰ ਸਿੰਘ ਬਿੱਲਾ (ਮਾਣਕ ਗਏ ਭਰਾਪੁਰ), ਦਲਬੀਰ ਸਿੰਘ ਬੀਰਾ (ਮਓ ਸਾਹਿਬ) ਗ੍ਰਿਫ਼ਤਾਰ ਕੀਤੇ ਗਏ। ਚੌਵੀ ਅਗਸਤ ਨੂੰ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਕੇਸ 'ਚ ਸ਼ਾਮਿਲ ਗੁਰਮੇਲ ਸਿੰਘ (ਹਲਵਾਰਾ) ਨੂੰ ਬਰੇਟੇ ਕੋਲ ਕਾਹਨਗੜ੍ਹ ਪਿੰਡ ਤੋਂ ਗ੍ਰਿਫ਼ਤਾਰ ਕੀਤਾ ਗਿਆ। ਸਤਾਈ ਅਗਸਤ ਨੂੰ ਕਾਦੀਆਂ ਕੋਲ ਵੱਲ੍ਹਾ ਪਿੰਡ ਦਾ ਪਰਮਜੀਤ ਸਿੰਘ ਤੇ ਤਿੱਬੜ ਪਿੰਡ ਦਾ ਮੱਖਣ ਸਿੰਘ, ਗੁਰਮੀਤ ਸਿੰਘ (ਮਾਨਸਾ), ਜੋਗਾ ਸਿੰਘ (ਸੈਦੇਵਾਲਾ) ਵੀ ਹਿਰਾਸਤ 'ਚ ਲਏ ਗਏ। ਅਠਾਈ ਅਗਸਤ ਨੂੰ ਤਰਸੇਮ ਸਿੰਘ ਕੋਹਾੜ ਦੇ ਸਾਥੀ ਹਰਜੀਤ ਸਿੰਘ ਨੂੰ ਬਟਾਲੇ ਨੇੜੇ ਗ੍ਰਿਫ਼ਤਾਰ ਕੀਤਾ ਗਿਆ। ਪੁਲੀਸ ਮੁਤਾਬਿਕ ਪਹਿਲੋਂ ਫੜੇ ਤਰਲੋਚਨ ਸਿੰਘ, ਪਰਮਜੀਤ ਸਿੰਘ ਤੇ ਜਸਵਿੰਦਰ ਸਿੰਘ ਜੱਸਾ ਸਮੇਤ ਕੁਝ 29 ਸਾਥੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਸਨ। ਉਨੱਤੀ ਅਗਸਤ ਨੂੰ ਰਮਨ ਸਿੰਘ, (ਥਾਪਾ, ਕੋਟ ਕਪੂਰਾ) ਨੂੰ ਫਰੀਦਕੋਟ ਬੱਸ ਕਾਂਡ 'ਚ ਗ੍ਰਿਫ਼ਤਾਰ ਕੀਤਾ ਗਿਆ। ਤੀਹ ਅਗਸਤ ਨੂੰ ਬਠਿੰਡਾ ਵਿਚ ਜਾਗਰ ਸਿੰਘ (ਮਾਈਸਰ ਪਾਨਾ) ਨੂੰ ਗ੍ਰਿਫ਼ਤਾਰ ਕੀਤਾ ਗਿਆ।

ਦਿੱਲੀ, ਹਰਿਆਣਾ, ਯੂ.ਪੀ. ਵਿਚ 40 ਸਿੱਖ ਕਤਲ

ਜੁਲਾਈ 1986 ਵਿਚ ਦਿੱਲੀ ਵਿਚ (26 ਜੁਲਾਈ ਨੂੰ) 15 ਸਿੱਖ, ਹਰਿਆਣੇ ਵਿਚ 13 ਸਿੱਖ, ਯੂ.ਪੀ. ਦੇ ਸ਼ਹਿਰ ਰੁੜਕੀ ਵਿਚ 12 ਸਿੱਖ ਕਤਲ ਕੀਤੇ ਗਏ ਸਨ। ਯੂ.ਪੀ. ਵਿਚ ਸਿੱਖਾਂ ਦੇ 350 ਟਰੱਕ, 70 ਟੈਕਸੀਆਂ, 42 ਥਰੀਵ੍ਹੀਲਰ ਤੇ 12 ਗੁਰਦੁਆਰਿਆਂ ਨੂੰ ਸਾੜਿਆ ਗਿਆ ਸੀ। ਸਿੱਖਾਂ 'ਤੇ ਇਹੋ ਜਿਹਾ ਜ਼ੁਲਮ ਬਿਹਾਰ, ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਵੀ ਕੀਤਾ ਗਿਆ।

ਦਿੱਲੀ 'ਚ ਬਾਦਲ ਤੇ ਟੌਹੜਾ ਗ੍ਰਿਫ਼ਤਾਰ

ਦਿੱਲੀ ਵਿਚ 26 ਜੁਲਾਈ ਨੂੰ ਸਿੱਖਾਂ ਦੇ ਕਤਲਾਂ ਤੇ ਲੁੱਟਮਾਰ ਦੇ ਸਿਲਸਿਲੇ ਵਿਚ ਬਾਦਲ

ਅਤੇ ਟੌਹੜਾ ਦਿੱਲੀ ਦੇ ਸਿੱਖਾਂ ਨੂੰ ਮਿਲਣ ਆਏ ਤਾਂ ਉਨ੍ਹਾਂ ਨੂੰ ਸ਼ਹਿਰ ਚੋਂ ਨਿਕਲ ਜਾਣ ਦਾ ਹੁਕਮ ਜਾਰੀ ਕਰ ਦਿਤਾ ਗਿਆ। ਪਰ ਜਦੋਂ ਉਨ੍ਹਾਂ ਨੇ ਜਾਣ ਤੋਂ ਨਾਂਹ ਕਰ ਦਿਤੀ ਤਾਂ 9 ਅਗਸਤ ਦੀ ਸ਼ਾਮ ਨੂੰ ਹੀ ਉਨ੍ਹਾਂ ਨੂੰ 'ਪੰਜਾਬ ਸਕਿਉਰਿਟੀ ਐਕਟ 1978' ਦੀ ਦਫ਼ਾ 1 (ਸੀ) ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੋਹਾਂ ਨੂੰ ਇਕ ਮਹੀਨਾ ਕੈਦ ਵਿਚ ਰੱਖੇ ਜਾਣ ਮਗਰੋਂ 10 ਸਤੰਬਰ ਨੂੰ ਰਿਹਾ ਕੀਤਾ ਗਿਆ। ਅਗਲੇ ਦਿਨ ਉਹ ਸਿੱਖਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਪੰਜ-ਪੰਜ ਹਜ਼ਾਰ ਰੁਪਏ ਦੇ ਕੇ ਮੁੜ ਆਏ।

ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਵੈਦਯ ਦਾ ਕਤਲ

ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੀ ਸਾਰੀ ਪਲਾਨ ਉਸ ਵੇਲੇ ਦੇ ਭਾਰਤੀ ਫ਼ੌਜ ਦੇ ਮੁਖੀ ਜਰਨੈਲ ਵੈਦਯ ਨੇ ਤਿਆਰ ਕੀਤੀ ਸੀ। ਫ਼ੌਜ ਵੱਲੋਂ ਸਿੱਖਾਂ 'ਤੇ ਕੀਤੇ ਜ਼ੁਲਮਾਂ ਦੀ ਨਿਗਰਾਨੀ ਵੀ ਉਸੇ ਨੇ ਕੀਤੀ ਸੀ। ਸਿੱਖ ਉਸ ਨੂੰ ਸਜ਼ਾ ਦੇਣੀ ਚਾਹੁੰਦੇ ਸਨ। ਅਖ਼ੀਰ ਦਸ ਅਗਸਤ 1986 ਦੇ ਦਿਨ ਉਸ ਨੂੰ ਪੂਨਾ ਵਿਚ ਕਤਲ ਕਰ ਦਿਤਾ ਗਿਆ। ਇਸ ਕੇਸ ਵਿਚ ਪੰਜ ਸਿੱਖ ਨਾਮਜ਼ਦ ਕੀਤੇ ਗਏ: ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ (ਰਾਜਸਥਾਨੀ), ਦਲਜੀਤ ਸਿੰਘ ਬਿੱਟੂ (ਲੁਧਿਆਣਾ), ਸੁਖਵਿੰਦਰ ਸਿੰਘ (ਸੁੱਖੀ) ਤੇ ਇਕ ਹੋਰ। ਵੈਦਯ ਦੇ ਮਰਨ ਮਗਰੋਂ ਮਹਾਰਾਸ਼ਟਰ ਵਿਚ ਦਹਿਸ਼ਤਗਰਦ ਹਿੰਦੂਆਂ ਨੇ 30-32 ਸਿੱਖਾਂ ਨੂੰ ਛੁਰੇ ਮਾਰੇ ਜਿਨ੍ਹਾਂ ਵਿਚੋਂ ਇਕ ਸਿੱਖ ਦੀ ਮੌਤ ਹੋ ਗਈ। ਇਸ ਤੋਂ ਬਿਨਾਂ ਸਿੱਖ ਅਦਾਰਿਆਂ ਅਤੇ ਜਾਇਦਾਦਾਂ ਨੂੰ ਅੱਗ ਲਾਉਣ ਤੇ ਲੁੱਟਣ ਦੀਆਂ ਵੀ ਕਈ ਵਾਰਦਾਤਾਂ ਹੋਈਆਂ। ਇਨ੍ਹਾਂ ਕੇਸਾਂ ਵਿਚ ਇਕ ਵੀ ਹਿੰਦੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਸੀ। ਮਗਰੋਂ ਜਿੰਦਾ ਤੇ ਸੁੱਖਾ ਗ੍ਰਿਫ਼ਤਾਰ ਕਰ ਲਏ ਗਏ ਤੇ ਉਨ੍ਹਾਂ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ।9 ਅਕਤੂਬਰ 1992 ਦੇ ਦਿਨ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਪੂਨਾ ਵਿਚ ਫ਼ਾਂਸੀ ਦਿੱਤੀ ਗਈ। ਪਰ ਉਨ੍ਹਾਂ ਦੀ 'ਆਖ਼ਰੀ' ਖ਼ਾਹਿਸ਼ ਕਿ ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦਿਵਾਈ ਜਾਵੇ ਪੂਰੀ ਨਾ ਕੀਤੀ ਗਈ। ਫ਼ਾਂਸੀ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੇ ਮਠਿਆਈ ਵੰਡੀ ਤੇ ਹੱਸ-ਹੱਸ ਕੇ ਫ਼ਾਂਸੀ ਦਾ ਰੱਸਾ ਗਲ ਵਿਚ ਪਾਇਆ। ਉਨ੍ਹਾਂ ਦੀਆਂ ਲਾਸ਼ਾਂ ਵੀ ਪਰਵਾਰ ਨੂੰ ਨਾ ਦਿੱਤੀਆਂ ਗਈਆਂ। ਇਸ ਦੇ ਜਵਾਬ ਵਿਚ ਦਸ ਤੇ ਗਿਆਰਾਂ ਅਕਤੂਬਰ ਨੂੰ ਮੁਕੰਮਲ ਪੰਜਾਬ ਬੰਦ ਰਿਹਾ।

ਅਗਸਤ 1986 ਦੇ ਕੁਝ ਨਕਲੀ ਪੁਲੀਸ ਮੁਕਾਬਲੇ

ਗਿਆਰਾਂ ਅਗਸਤ ਨੂੰ ਭਿਖੀਵਿੰਡ ਕੋਲ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਸਤਨਾਮ ਸਿੰਘ ਨੂੰ ਕਤਲ ਕਰ ਦਿਤਾ ਗਿਆ। ਪੁਲੀਸ ਹੱਥੋਂ ਅਗਸਤ ਵਿਚ ਕਤਲ ਹੋਣ ਵਾਲਾ ਇਹ ਵੀਹਵਾਂ ਸਿੱਖ ਸੀ। ਇੱਕੀ ਅਗਸਤ ਨੂੰ ਮੀਆਂਵਾਲੀ ਪਿੰਡ (ਨੇੜੇ ਖੇਮ ਕਰਨ) 'ਚ ਦੋ ਸਿੱਖ ਕਤਲ ਕੀਤੇ ਗਏ। ਇਸੇ ਦਿਨ ਛੇਹਰਟਾ 'ਚ ਮੁਖਤਿਆਰ ਸਿੰਘ ਨੂੰ ਨਕਲੀ ਮੁਕਾਬਲਾ ਬਣਾ ਕੇ ਕਤਲ ਕੀਤਾ ਗਿਆ।

ਕਸ਼ਮੀਰ 'ਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਪਿਛਲੇ ਕੁਝ ਹੀ ਹਫ਼ਤਿਆਂ ਵਿਚ ਜੰਮੂ-ਕਸ਼ਮੀਰ ਵਿਚ 250 ਸਿੱਖ ਗ੍ਰਿਫ਼ਤਾਰ ਕੀਤੇ ਗਏ ਸਨ, ਜਿਨ੍ਹਾਂ ਵਿਚੋਂ 50 ਜੰਮੂ ਦੇ ਸਨ। ਗ੍ਰਿਫ਼ਤਾਰਾਂ ਵਿਚ ਅਵਤਾਰ ਸਿੰਘ (ਪੁੰਛ), ਸਰਬਜੀਤ ਸਿੰਘ,

ਮਿਠਬੈਣ ਸਿੰਘ ਤੇ ਅਵਤਾਰ ਸਿੰਘ (ਜੰਮੂ), ਹਰਚਰਨ ਸਿੰਘ (ਪੁੰਛ), ਪ੍ਰਿਥੀਪਾਲ ਸਿੰਘ, ਗੁਰਦੇਵ ਸਿੰਘ ਤੇ ਹੋਰ ਬਹੁਤ ਸਾਰੇ ਬੇਕਸੂਰ ਨੌਜੁਵਾਨ ਸਿੱਖ ਸ਼ਾਮਿਲ ਹਨ।

ਸਿਰਦਾਰ ਕਪੂਰ ਸਿੰਘ ਟੁਰ ਗਏ: ਸਿੱਖ ਕੌਮ ਦੇ ਨਾਮਵਰ ਵਿਦਵਾਨ ਸਿਰਦਾਰ ਕਪੂਰ ਸਿੰਘ, ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ, 13 ਅਗਸਤ 1986 ਨੂੰ ਆਪਣੇ ਘਰ ਜਗਰਾਓਂ ਵਿਚ ਚਲਾਣਾ ਕਰ ਗਏ।

ਰਬੈਰੋ ਵੱਲੋਂ ਸੈਂਕੜੇ ਸਿੱਖ ਮਾਰਨ ਦਾ ਦਾਅਵਾ

24 ਅਗਸਤ ਨੂੰ ਰਬੈਰੋ ਨੇ ਇਕ ਬਿਆਨ 'ਚ ਦਾਅਵਾ ਕੀਤਾ ਕਿ ਖਾੜਕੂ ਸਿੱਖਾਂ ਦੇ 3 ਬਟਾਲੀਅਨ ਖ਼ਤਮ ਹੋ ਚੁੱਕੇ ਹਨ। ਉਸ ਮੁਤਾਬਿਕ ਸੁਖਦੇਵ ਸਿੰਘ ਸਖੀਰਾ ਨੂੰ ਇਕ ਹੋਰ ਧੜੇ ਨੇ ਖ਼ਤਮ ਕਰ ਦਿਤਾ ਸੀ (ਇਹ ਕਤਲ ਸਰਕਾਰੀ ਨਿਹੰਗ ਕਾਹਨ ਸਿੰਘ ਧੜੇ ਨੇ ਪੁਲੀਸ ਦੇ ਥਾਪੜੇ ਨਾਲ ਕੀਤਾ ਸੀ। ਮਗਰੋਂ ਇਸ ਨਕਲੀ ਨਿਹੰਗ ਕਾਹਨ ਸਿੰਘ ਨੂੰ ਵੀ ਖਾੜਕੂਆਂ ਨੇ ਸਜ਼ਾ-ਇ-ਮੌਤ ਦੇ ਦਿੱਤੀ ਸੀ)। ਮਨਜੀਤ ਸਿੰਘ ਦੇ 53 ਵਿਚੋਂ 44 ਸਾਥੀ ਗ੍ਰਿਫ਼ਤਾਰ ਕਰ ਲਏ ਗਏ ਸਨ। ਤਰਸੇਮ ਸਿੰਘ ਕੋਹਾੜ ਦੇ 29 ਸਾਥੀ ਫੜੇ ਜਾ ਚੁਕੇ ਸਨ। ਇਨ੍ਹਾਂ ਵਿਚੋਂ ਸਿਰ ਕੱਢ ਸਨ: ਹੀਰਾ ਸਿੰਘ, ਰਣਜੀਤ ਸਿੰਘ, ਪਰਮਜੀਤ ਸਿੰਘ ਪੰਮਾ, ਸ਼ਮਸੇਰ ਸਿੰਘ, ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ। ਉਸ ਦਾ ਕਹਿਣਾ ਸੀ ਕਿ ਸਿਰਫ਼ ਗੁਰਜੀਤ ਸਿੰਘ ਤੇ ਜਰਨੈਲ ਸਿੰਘ ਹਲਵਾਰਾ ਦੀਆਂ ਯੂਨਿਟਾਂ ਅਜੇ ਬਾਕੀ ਸਨ। ਪਰ ਰਬੈਰੋ ਨੂੰ ਪਤਾ ਨਹੀਂ ਸੀ ਕਿ ਜੁਝਾਰੂਆਂ ਦੀ ਕਤਾਰ ਬਹੁਤ ਲੰਮੀ ਤੇ ਅਮੁੱਕ ਸੀ।

ਬੀ.ਐਸ.ਐਫ਼. ਨੇ ਦਸ ਸਿੱਖ ਹੱਥ ਬੰਨ੍ਹ ਕੇ ਮਾਰੇ

30 ਅਗਸਤ ਨੂੰ ਬੀ.ਐਸ.ਐਫ਼. ਨੇ ਰੋਡੇ (ਡੇਰਾ ਬਾਬਾ ਨਾਨਕ) ਕੋਲ 10 ਸਿੱਖਾਂ ਨੂੰ ਹੱਥ ਬੰਨ੍ਹ ਕੇ ਗੋਲੀਆਂ ਮਾਰ ਕੇ ਕਤਲ ਕਰ ਦਿਤਾ। ਇਨ੍ਹਾਂ ਵਿਚ ਗੁਰਵਿੰਦਰ ਸਿੰਘ (ਭਾਗੋਵਾਲ, ਬਟਾਲਾ) ਤੇ ਸੂਰਤਾ ਸਿੰਘ (ਹਰਚੋਵਾਲ, ਹਰਗੋਬਿੰਦਪੁਰ) ਵੀ ਸ਼ਾਮਿਲ ਸਨ। ਇਸ ਸਬੰਧੀ ਬਣਾਈ ਗਈ ਬਰਨਾਲਾ ਸਰਕਾਰ ਦੇ ਵਜ਼ੀਰਾਂ (ਨਿਰਮਲ ਸਿੰਘ ਕਾਹਲੋਂ, ਨੱਥਾ ਸਿੰਘ ਦਾਲਮ) ਦੀ ਸਬ ਕਮੇਟੀ ਨੇ ਡੇਰਾ ਬਾਬਾ ਨਾਨਕ 'ਚ ਇਨ੍ਹਾਂ 10 ਸਿੱਖਾਂ ਦੇ ਮੁਕਾਬਲੇ 'ਚ ਮਾਰੇ ਜਾਣ ਨੂੰ ਬੇਦਰਦੀ ਨਾਲ ਕੀਤਾ ਗਿਆ 'ਕਤਲੇਆਮ' ਆਖਿਆ। ਉਨ੍ਹਾਂ ਨੇ ਰਿਪੋਰਟ 'ਚ ਕਿਹਾ ਕਿ ਇਨ੍ਹਾਂ ਸਿੱਖਾਂ ਨੇ ਆਪਣੇ-ਆਪ ਨੂੰ ਬੀ.ਐਸ.ਐਫ਼. ਕੋਲ ਪੇਸ਼ ਕੀਤਾ ਸੀ ਤੇ ਉਨ੍ਹਾਂ ਨੂੰ ਫੜਨ ਤੋਂ ਬਾਅਦ ਗੋਲੀਆਂ ਮਾਰ ਦਿਤੀਆਂ ਗਈਆਂ।ਪਰ ਇਸ ਦੇ ਬਾਵਜੂਦ ਅਕਾਲੀਆਂ ਨੇ ਇਸ ਦੇ ਖ਼ਿਲਾਫ਼ ਕੋਈ ਪ੍ਰੋਟੈਸਟ ਨਾ ਕੀਤਾ।

ਖੇਤਾਂ 'ਚ ਕੰਮ ਕਰਦੇ ਸਿੱਖ ਕਤਲ

ਸੀ.ਆਰ.ਪੀ.ਐਫ਼. ਨੇ ਦਿਆਲਗੜ੍ਹ ਪਿੰਡ ਦੇ ਖੇਤਾਂ 'ਚ ਕੰਮ ਕਰਦੇ ਤਿੰਨ ਸਿੱਖ ਰਣਜੀਤ ਸਿੰਘ, ਮੱਖਣ ਸਿੰਘ ਤੇ ਗੁਰਦੇਵ ਸਿੰਘ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਬਾਰੇ ਹਿੰਦੂ ਐਮ.ਪੀ. ਸੁਬਰਾਮਨੀਅਮ ਸਵਾਮੀ ਨੇ ਵੀ 31 ਅਗਸਤ ਨੂੰ ਬਿਆਨ ਦਿਤਾ। ਉਸ ਨੇ ਕਿਹਾ ਕਿ ਸੀ.ਆਰ.ਪੀ.ਐਫ਼. ਸਿੱਖਾਂ 'ਤੇ ਜ਼ੁਲਮ ਕਰਦੀ ਹੈ। ਪਰ ਸੁਰਜੀਤ ਬਰਨਾਲਾ ਦੀ 'ਅਕਾਲੀ"

ਸਰਕਾਰ ਅਜੇ ਵੀ ਫ਼ਿਰਕਾਪ੍ਰਸਤ ਫ਼ੋਰਸ ਸੀ.ਆਰ.ਪੀ.ਐਫ਼. ਦੀਆਂ ਨਵੀਆਂ ਯੂਨਿਟਾਂ ਮੰਗਵਾ ਕੇ ਸਿੱਖ ਮਰਵਾਉਣ ’ਚ ‘ਨਾਮਣਾ’ ਖਟ ਰਹੀ ਸੀ।

ਖਾੜਕੂਆਂ ਦੇ ਐਕਸ਼ਨ

ਖਾੜਕੂਆਂ ਨੇ 31 ਅਗਸਤ ਨੂੰ ਚੀਮਾ ਬਾਰ (ਅੰਮ੍ਰਿਤਸਰ) ’ਚ ਕਾਮਰੇਡ ਸੁਰਿੰਦਰ ਨੂੰ ਮੁਖ਼ਬਰੀ ਕਰਨ ’ਤੇ ਕਤਲ ਕਰ ਦਿਤਾ। ਉਸ ਨੇ ਖਾੜਕੂ ਹੀਰਾ ਸਿੰਘ (ਜਿਸ ਨੂੰ ਬਾਅਦ ’ਚ ਨਕਲੀ ਪੁਲੀਸ ਮਕਾਬਲੇ ’ਚ ਮਾਰ ਦਿੱਤਾ ਗਿਆ ਸੀ) ਨੂੰ ਗ੍ਰਿਫ਼ਤਾਰ ਕਰਵਾਇਆ ਸੀ। ਪੁਲੀਸ ਨੇ ਹੀਰਾ ਸਿੰਘ ਦੇ ਸਾਥੀ ਸੁਖਦੇਵ ਸਿੰਘ (ਫੱਤੂਢੀਂਗਾ) ਤੇ ਅਵਤਾਰ ਸਿੰਘ (ਪਾਹੜਾ) ਨੂੰ ਕਾਤਲ ਨਾਮਜ਼ਦ ਕਰ ਦਿਤਾ। ਇਕ ਸਤੰਬਰ ਨੂੰ ਫ਼ਿਰਕੂ ਮੈਜਿਸਟਰੇਟ ਆਰ.ਪੀ. ਗੇਂਦ ਨੂੰ ਮਾਰ ਦਿੱਤਾ ਗਿਆ। 25 ਸਤੰਬਰ ਨੂੰ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਤੇ 27 ਸਤੰਬਰ ਨੂੰ ਕਾਮਰੇਡ ਬਲਦੇਵ ਮਾਨ ਨੂੰ ਕਤਲ ਕੀਤਾ ਗਿਆ।

ਸਤੰਬਰ 1986 ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਸਤੰਬਰ 1986 ਵਿਚ ਵੀ ਬਹੁਤ ਸਾਰੇ ਖਾੜਕੂ ਗ੍ਰਿਫ਼ਤਾਰ ਕੀਤੇ ਗਏ। ਨੌਜਵਾਨਾਂ ਨੂੰ ਘਰਾਂ ਵਿਚੋਂ ਗ੍ਰਿਫ਼ਤਾਰ ਕਰ ਕੇ ਝੂਠੇ ਕੇਸਾਂ ’ਚ ਫਸਾ ਦਿਤਾ ਗਿਆ। ਪਹਿਲੀ ਸਤੰਬਰ ਨੂੰ ਬਟਾਲੇ ਵਿਚ ਸੁਖਦੇਵ ਸਿੰਘ, ਗੁਰਮੇਲ ਸਿੰਘ, ਮੰਗਲ ਸਿੰਘ (ਤਿੰਨੇ ਰਾਮਪੁਰ, ਕਾਦੀਆਂ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਫ਼ਿਰੋਜ਼ਪੁਰ ਛਾਵਣੀ ਤੋਂ ਹਰਵਿੰਦਰ ਸਿੰਘ, ਬਟਾਲੇ ਤੋਂ ਸਤਨਾਮ ਸਿੰਘ ਸੱਤਾ (ਤਲਵਾੜਾ) ਤੇ ਜਮਸ਼ੇਰ ਤੋਂ ਅਜਮੇਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੋ ਸਤੰਬਰ ਨੂੰ ਤਰਸੇਮ ਸਿੰਘ ਕੋਹਾੜ ਦਾ ਸਾਥੀ ਹਰਭਜਨ ਸਿੰਘ ਗ੍ਰਿਫ਼ਤਾਰ ਕੀਤਾ ਗਿਆ। ਚੀਮਾ ਖੁੱਡੀ ਦੇ ਸੁਹੇਲ ਦੇ ਕਤਲ ਵਿਚ ਪ੍ਰੀਤਮ ਸਿੰਘ ਨੂੰ ਬਟਾਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ। ਚਾਰ ਸਤੰਬਰ ਨੂੰ ਹਰਜਿੰਦਰ ਸਿੰਘ ਦੇ ਦੋ ਸਾਥੀ, ਗਵਾਲੀਅਰ ਨੇੜੇ ਗ੍ਰਿਫ਼ਤਾਰ ਕੀਤੇ ਗਏ। ਛੇ ਸਤੰਬਰ ਨੂੰ ਵੈਰਵਾਲ (ਖਡੂਰ ਸਾਹਿਬ) ਦੇ ਪਰਮਜੀਤ ਸਿੰਘ ਦੀ ਗ੍ਰਿਫ਼ਤਾਰੀ ਵਾਸਤੇ ਛਾਪਾ ਮਾਰਿਆ ਗਿਆ। ਜੱਜ ਜੀ.ਸੀ. ਮਿੱਤਲ ਦੀ ਕੋਠੀ ’ਚ ਦਾਖਿਲ ਹੋਣ ਦੀ ਕੋਸ਼ਿਸ਼ ਦੇ ਨਾਂ ’ਤੇ ਤਿੰਨ ਸਿੱਖ, ਬਲਵਿੰਦਰ ਸਿੰਘ (ਮੁਕਤਸਰ) ਤੇ ਕਾਬਲ ਸਿੰਘ (ਗੁਰਦਾਸਪੁਰ) ਤੇ ਇਕ ਹੋਰ ਗ੍ਰਿਫ਼ਤਾਰ ਕੀਤੇ ਗਏ। ਬਟਾਲੇ ’ਚ ਨੌਸ਼ਹਿਰਾ ਮੱਝਾ ਸਿੰਘ ਦੇ ਬਲਵਿੰਦਰ ਸਿੰਘ ਅਤੇ ਜਲੰਧਰ ’ਚ ਮੇਹਰ ਸਿੰਘ ਸੁਰਮੇਵਾਲਾ (ਬਜ਼ਾਰ ਸ਼ੇਖਾਂ) ਅਤੇ ਮਨਜੀਤ ਸਿੰਘ ਲਾਲੀ (ਪੀ.ਐਂਡ.ਟੀ. ਕਲੋਨੀ) ਨੂੰ ਗ੍ਰਿਫ਼ਤਾਰ ਕੀਤਾ ਗਿਆ।

9 ਸਤੰਬਰ ਨੂੰ ‘ਅਕਾਲੀ’ ਚੀਫ਼ ਮਨਿਸਟਰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਗੁਰਦੁਆਰਾ ਦੁੱਖ-ਨਿਵਾਰਨ ਪਟਿਆਲਾ ਵਿਚ ਦਾਖ਼ਲ ਹੋ ਕੇ ਪਾਠੀ ਸੁਖਦੇਵ ਸਿੰਘ, ਹਰਜਿੰਦਰ ਸਿੰਘ ਤੇ ਰਣਧੀਰ ਸਿੰਘ ਨੂੰ ਪਾਠ ਕਰਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਅਖੰਡ ਪਾਠ ਰੋਕ ਦਿਤਾ। ਦਸ ਸਤੰਬਰ ਨੂੰ ਅਵਤਾਰ ਸਿੰਘ ਬ੍ਰਹਮਾ ਗਰੁਪ ਦੇ ਦੁਰਗਾ ਸਿੰਘ, ਪਿੱਪਲ ਸਿੰਘ, ਬੋਹੜ ਸਿੰਘ, ਸੁਰਜੀਤ ਸਿੰਘ, ਅਮਰੀਕ ਸਿੰਘ, ਸੁਖਵਿੰਦਰ ਸਿੰਘ ਨੂੰ ਮਫ਼ਰੂਰ ਕਰਾਰ ਦੇ ਦਿਤਾ ਗਿਆ। ਚੰਡੀਗੜ੍ਹ ’ਚ 12 ਸਤੰਬਰ ਨੂੰ ਜਗਜੀਤ ਸਿੰਘ ਗਿੱਲ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਸ ਦੇ ਨਾਲ ਫਗਵਾੜੇ ਦੀ ਇੰਦਰਜੀਤ ਕੌਰ ਤੇ ਪਟਿਆਲਾ ਯੂਨੀਵਰਸਿਟੀ ਦੀ ਦਲਜੀਤ ਕੌਰ (ਮਗਰੋਂ ਮੈਂਬਰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੂੰ ਵੀ (ਪਨਾਹ ਦੇਣ ਦੇ ‘ਜੁਰਮ’ ਵਿਚ) ਗ੍ਰਿਫ਼ਤਾਰ ਕਰ

ਲਿਆ ਗਿਆ। ਇਸੇ ਦਿਨ ਬੂਟਾ ਸਿੰਘ (ਲੈਂਨ ਪਿੰਡ), ਵਰਿੰਦਰ ਸਿੰਘ (ਨੱਥੇਵਾਲ), ਸੋਹਨ ਸਿੰਘ (ਜਗਰਾਓਂ), ਗੁਰਪ੍ਰੀਤ ਸਿੰਘ ਸੀਬੀਆਵਾਲਾ (ਜੈਤੋ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੰਦਰਾਂ ਸਤੰਬਰ ਨੂੰ ਤਰਸੇਮ ਸਿੰਘ ਕੋਹਾੜ ਦੇ ਪੰਜ ਸਾਥੀਆਂ, ਪਰਮਜੀਤ ਸਿੰਘ ਉਰਫ਼ ਪੰਮੀ (ਫੱਤਣ ਵਾਲ), ਨਪਿੰਦਰ ਸਿੰਘ ਉਰਫ਼ ਸੁੱਖੀ (ਝੀਂਡਵਾਲਾ), ਗੁਰਮੀਤ ਸਿੰਘ ਉਰਫ਼ ਬੂਟਾ ਸਿੰਘ (ਸ਼ੇਰਵਾਂ, ਪਾਇਲ), ਸਵਰਨ ਸਿੰਘ (ਮਾਂਹਪੁਰ ਪਾਇਲ), ਰਵਿੰਦਰ ਸਿੰਘ ਉਰਫ ਛਿਪੀ (ਚੰਦ ਰਾਜ) ਨੂੰ ਝੀਂਡਵਾਲਾ ਨਹਿਰ ਕੋਲ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਗਿਆ।

17 ਸਤੰਬਰ ਨੂੰ ਪੁਲੀਸ ਨੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਨਾਮੀ ਜਰਨੈਲ ਪਿੱਪਲ ਸਿੰਘ ਨੂੰ ਪਨਾਹ ਦੇਣ ਦੇ ਨਾਂ 'ਤੇ ਮਨਜੀਤ ਸਿੰਘ (ਦਵੰਦਪੁਰ), ਜਸਵੰਤ ਸਿੰਘ (ਪਿੰਡ ਲੱਖ ਵਰਿਆ), ਗੁਰਮੀਤ ਸਿੰਘ ਤੇ ਦਰਸ਼ਨ ਸਿੰਘ (ਬਾਬੂਪੁਰ) ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਗ੍ਰਿਫ਼ਤਾਰੀਆਂ ਪਿੰਡ ਬਾਬੂਪੁਰ ਛੰਨਾ ਵਿਚ ਕੀਤੀਆਂ ਗਈਆਂ। ਇਸੇ ਦਿਨ ਨਾਭਾ ਜੇਲ੍ਹ ਵਿਚੋਂ ਰਿਹਾ ਹੁੰਦਿਆਂ ਹੀ ਮਹਿੰਦਰ ਸਿੰਘ ਜੁਹਾਲ (ਸਮਾਣਾ) ਤੇ ਗੁਰਦੇਵ ਸਿੰਘ ਹਰਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਠਾਰਾਂ ਸਤੰਬਰ ਨੂੰ ਰਣਜੀਤ ਸਿੰਘ (ਕੋਟਲਾ ਚਾਹਲ) ਨੂੰ 7 ਕਤਲਾਂ 'ਚ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਦਿੱਲੀ ਵਿਚ ਹਰਜਿੰਦਰ ਸਿੰਘ ਜਿੰਦੇ ਦਾ ਸਾਥੀ ਜਗਦੇਵ ਸਿੰਘ ਜੱਗਾ ਗ੍ਰਿਫ਼ਤਾਰ ਕੀਤਾ ਗਿਆ। ਬਠਿੰਡਾ ਵਿਚ ਮੱਖਣ ਸਿੰਘ (ਮੀਰਪੁਰ ਖੁਰਦੇ), ਸੁਰਜੀਤ ਸਿੰਘ (ਮਾਨਸਾ), ਜੋਗਾ ਸਿੰਘ (ਉਦਾਤ ਸੈਂਦੀ ਵਾਲਾ), ਕੁਲਵੰਤ ਸਿੰਘ (ਗੁਮਟੀ ਕਲਾਂ) ਤੇ ਬਲਵਿੰਦਰ ਸਿੰਘ ਉਰਫ਼ ਭੋਲਾ (ਗਿਲਪਤੀ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਵੀਹ ਸਤੰਬਰ ਨੂੰ ਸਹਾਰੀ ਪਿੰਡ (ਗੁਰਦਾਸਪੁਰ) ਤੋਂ ਕੁਲਦੀਪ ਸਿੰਘ ਕਾਹਲੋਂ, ਕੋਟ ਬਾਬਾ ਦੀਪ ਸਿੰਘ ਤੋਂ ਗੁਰਦੀਪ ਸਿੰਘ ਤੇ ਫਤਹਿਗੜ੍ਹ ਚੂੜੀਆਂ ਤੋਂ ਅਜੀਤ ਸਿੰਘ ਨੂੰ ਬਗ਼ਾਵਤ ਦੇ ਜੁਰਮ 'ਚ ਗ੍ਰਿਫ਼ਤਾਰ ਕੀਤਾ ਗਿਆ।

ਇੱਕੀ ਸਤੰਬਰ ਨੂੰ ਫ਼ਿਰੋਜ਼ਪੁਰ ਦੇ ਮਲ੍ਹੀਆਂ ਵਾਲਾ ਪਿੰਡ ਤੋਂ ਬਲਵਿੰਦਰ ਸਿੰਘ ਤੇ ਹਰਦੇਵ ਸਿੰਘ (ਦੋਵੇਂ ਜ਼ਿਲ੍ਹਾ ਲੁਧਿਆਣਾ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਹ ਵੀ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਦੇ ਸਾਥੀ ਹਰਨੇਕ ਸਿੰਘ ਤੇ ਸੁਖਵਿੰਦਰ ਸੁੱਖ (ਖੇਰਾ), ਝਿਲਮਿਲ ਸਿੰਘ (ਸਰਹਾਲੀ), ਗੁਰਨਾਮ ਸਿੰਘ (ਪੱਖੋ), ਕੁਲਵੰਤ ਸਿੰਘ ਉਰਫ਼ ਕੰਤਾ ਤੇ ਕੁਲਦੀਪ ਸਿੰਘ (ਕੱਥੂ ਚੱਕ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। 23 ਸਤੰਬਰ ਨੂੰ ਹਰਦੀਪ ਸਿੰਘ ਉਰਫ਼ ਦੀਪ (ਢੀਂਡਸਾ), ਜੁਗਿੰਦਰ ਸਿੰਘ (ਲਹਿਰਾਂਵਾਲੀ) ਫਤਹਿਗੜ੍ਹ ਪੁਲੀਸ ਨੇ, ਸੁਰਿੰਦਰ ਸਿੰਘ ਛਿੰਦਾ ਨਵਾਂਸ਼ਹਿਰ ਵਿਚ; ਤੇ ਸੁਰਜਨ ਸਿੰਘ (ਕਾਹਨੂੰਵਾਨ) ਗ੍ਰਿਫ਼ਤਾਰ ਕੀਤੇ ਗਏ। 24 ਸਤੰਬਰ ਨੂੰ ਗੁਰਪਾਲ ਸਿੰਘ ਨਿਹੰਗ (ਸਰਹਾਲੀ), 26 ਸਤੰਬਰ ਨੂੰ ਦਲਜੀਤ ਸਿੰਘ (ਬਾਲਕ, ਹੁਸ਼ਿਆਰਪੁਰ), ਗੁਰਦੇਵ ਸਿੰਘ (ਮਲੋਵਾਲ) ਤੇ ਅਰਜਿੰਦਰ ਸਿੰਘ ਉਰਫ਼ ਭੋਲਾ ਗ੍ਰਿਫ਼ਤਾਰ ਕੀਤੇ ਗਏ। ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਦੇ ਕਤਲ 'ਚ ਮੋਹਨ ਸਿੰਘ ਤੇ ਪ੍ਰੀਤਮ ਸਿੰਘ ਨੂੰ ਮਹਿਮੂਦਵਾਲ (ਕਪੂਰਥਲਾ) ਕੋਲ ਗ੍ਰਿਫ਼ਤਾਰ ਕੀਤਾ ਗਿਆ। 28 ਨੂੰ ਫਰੀਦਕੋਟ ਵਿਚ ਸੁਖਵਿੰਦਰ ਸਿੰਘ, ਇੰਦਰ ਸਿੰਘ, ਬਲਜੀਤ ਸਿੰਘ ਤੇ ਨੱਥਾ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਬੰਬਈ (ਕੋਲੀਵਾੜਾ) ਦੇ ਹਰਭਜਨ ਸਿੰਘ ਤੇ ਉਸ ਦੀ ਪਤਨੀ ਬੀਬੀ ਗੁਰਨਾਮ ਕੌਰ, ਸੰਤੋਖ ਸਿੰਘ, ਹਰਮਨ ਸਿੰਘ ਤੇ ਉਸ ਦੀ ਪਤਨੀ ਬੀਬੀ ਸੁਰਜੀਤ ਕੌਰ ਤੇ ਜ਼ੈਲ ਸਿੰਘ ਨੂੰ ਖਾੜਕੂਆਂ ਨੂੰ ਡਾਕਟਰੀ ਮਦਦ ਦੇਣ ਦੇ ਜੁਰਮ ਵਿਚ ਗ੍ਰਿਫ਼ਤਾਰ ਕੀਤਾ ਗਿਆ। 12 ਸਤੰਬਰ

ਨੂੰ ਸੋਹੇਵਾਲਾ (ਫ਼ਿਰੋਜ਼ਪੁਰ) ਕੋਲ ਇਕ ਸਿੱਖ ਨੂੰ ਕਤਲ ਕਰ ਕੇ ਸੀ.ਆਰ.ਪੀ.ਐਫ਼. ਨੇ 'ਲਾਵਾਰਿਸ' ਆਖ ਕੇ ਸਸਕਾਰ ਕਰ ਦਿਤਾ। ਇਸੇ ਤਰ੍ਹਾਂ ਬਟਾਲੇ ਪੁਲੀਸ ਦੀ ਹਿਰਾਸਤ 'ਚ ਕੁਲਵੰਤ ਸਿੰਘ ਦਮ ਤੋੜ ਗਿਆ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿਚ ਫੇਰ ਜ਼ਬਰਦਸਤ ਫ਼ੁੱਟ

24 ਸਤੰਬਰ ਨੂੰ ਭਾਈ ਗੁਰਜੀਤ ਸਿੰਘ ਹਰੀਹਰ ਝੋਕ (ਭਤੀਜ ਜੁਆਈ ਭਿੰਡਰਾਂਵਾਲਾ) ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ 'ਏਕੇ' ਦਾ ਐਲਾਨ ਕੀਤਾ। ਇਸ ਐਲਾਨ ਮੁਤਾਬਿਕ ਭਾਈ ਮਨਜੀਤ ਸਿੰਘ ਪ੍ਰਧਾਨ, ਭਾਈ ਗੁਰਜੀਤ ਸਿੰਘ ਐਕਟਿੰਗ ਪ੍ਰਧਾਨ ਬਣੇ ਅਤੇ ਵਰਕਿੰਗ ਕਮੇਟੀ ਵਿਚ ਸਵਰਨ ਸਿੰਘ ਖਾਲਸਾ, ਜਗਜੀਤ ਸਿੰਘ ਮੱਲ੍ਹੀ, ਸਰਬਜੀਤ ਸਿੰਘ ਬਾਠ, ਬਲਦੇਵ ਸਿੰਘ ਅੰਮ੍ਰਿਤਸਰ, ਮੱਖਣ ਸਿੰਘ ਬਠਿੰਡਾ ਲਏ ਅਤੇ ਸਲਾਹਕਾਰਾਂ ਵਿਚ ਮੋਹਕਮ ਸਿੰਘ, ਅਜਾਇਬ ਸਿੰਘ, ਸੁਰਜੀਤ ਸਿੰਘ ਤੇ ਮਲਕੀਅਤ ਸਿੰਘ ਲਏ। ਗੁਰਜੀਤ ਸਿੰਘ ਨੇ ਹਰਮਿੰਦਰ ਸਿੰਘ ਸੰਧੂ, ਰਜਿੰਦਰ ਸਿੰਘ ਮਹਿਤਾ, ਸਰਬਜੀਤ ਸਿੰਘ ਰੋਪੜ, ਅਮਰਜੀਤ ਸਿੰਘ ਚਾਵਲਾ, ਹਰਿੰਦਰ ਸਿੰਘ ਕਾਹਲੋਂ, ਵਿਰਸਾ ਸਿੰਘ ਵਲਟੋਹਾ ਨੂੰ 'ਗ਼ੱਦਾਰ' ਆਖ ਕੇ ਫ਼ੈਡਰਸ਼ਨ ਵਿਚੋਂ ਖਾਰਜ ਕਰ ਦਿਤਾ। ਪਰ ਕੁਝ ਹੀ ਦਿਨਾਂ ਮਗਰੋਂ ਮਨਜੀਤ ਸਿੰਘ ਇਸ ਤੋਂ ਮੁਕਰ ਗਿਆ ਤੇ ਆਪਨੀ ਵੱਖਰੀ ਕਮੇਟੀ ਕਾਇਮ ਰਖੀ।

ਖਾੜਕੂਆਂ ਨੇ ਪੁਲੀਸ ਦੇ ਟਰਾਂਸਮੀਟਰ ਜਾਮ ਕੀਤੇ

ਖਾੜਕੂਆਂ ਨੇ 30 ਸਤੰਬਰ 1986 ਨੂੰ ਹਾਈ-ਟੈਕ ਤਾਕਤ ਨਾਲ ਪੁਲੀਸ ਦੇ ਟਰਾਂਸਮੀਟਰ ਜਾਮ ਕਰ ਦਿਤੇ। ਤਕਰੀਬਨ 50 ਮਿੰਟ ਤਕ ਪੁਲੀਸ ਦੇ ਡੂਪਲੈਕਸ ਟਰਾਂਸਮੀਟਰ ਜਾਮ ਰਹੇ। ਟਰਾਂਸਮੀਟਰਾਂ ਤੋਂ ਸਿਰਫ਼ 'ਜਿਸ ਕਾ ਸਾਹਿਬ ਡਾਹਢਾ ਹੋਏ' ਹੀ ਸੁਣਾਈ ਦੇਂਦਾ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਖਾੜਕੂ ਹਾਈ-ਟੈੱਕ ਦੀ ਮੁਹਾਰਤ ਵੀ ਹਾਸਿਲ ਕਰ ਚੁਕੇ ਸਨ।

ਸੁਰਜੀਤ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦਾ ਇਕ ਹੋਰ ਕਤਲੇਆਮ

ਅਕਤੂਬਰ 1986 ਵਿਚ ਬਰਨਾਲਾ ਸਰਕਾਰ ਨੇ ਇਕ ਦਰਜਨ ਤੋਂ ਵਧ ਸਿੱਖਾਂ ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਕਤਲ ਕੀਤਾ। ਇਨ੍ਹਾਂ ਵਿਚੋਂ ਕੁਲਦੀਪ ਸਿੰਘ ਪੱਪੂ (ਬੱਬਰ ਖਾਲਸਾ) ਨੂੰ ਪਿੰਡ ਸਤੀਵਾਲਾ (ਫ਼ਿਰੋਜ਼ਪੁਰ) ਨੇੜਿਓਂ ਗ੍ਰਿਫ਼ਤਾਰ ਕੀਤਾ ਸੀ। ਉਸ ਨੂੰ 18 ਅਕਤੂਬਰ ਨੂੰ ਫਿਰੋਜ਼ਪੁਰ 'ਚ ਵੇਲੂਰ ਪਿੰਡ ਨੇੜੇ ਫਰਾਰ ਹੋਇਆ ਆਖ ਕੇ ਅਗਲੇ ਦਿਨ ਨਕਲੀ ਪੁਲੀਸ ਮੁਕਾਬਲੇ ਵਿਚ ਕਤਲ ਕਰ ਦਿਤਾ ਗਿਆ। ਇਸੇ ਤਰ੍ਹਾਂ 11 ਅਕਤੂਬਰ ਨੂੰ ਬਲਵਿੰਦਰ ਸਿੰਘ (ਠੇਠਰਕੇ) ਅਤੇ 13 ਅਕਤੂਬਰ ਨੂੰ ਹਰਪਾਲ ਸਿੰਘ ਪੱਪੂ ਨੂੰ ਹਰੀਕੇ ਕੋਲ ਮਾਰ ਦਿਤਾ ਗਿਆ। ਪੰਝੀ ਅਕਤੂਬਰ ਨੂੰ ਤਰਲੋਚਨ ਸਿੰਘ ਤੁੜ ਐਮ.ਪੀ. ਨੇ ਆਖਿਆ ਕਿ ਪੁਲੀਸ ਨੇ ਹਰਪ੍ਰੀਤ ਸਿੰਘ ਟੀਸੂ, ਜਗਤਾਰ ਸਿੰਘ ਤੇ ਬੀਬੀ ਕਿਰਨ ਕੌਰ ਨੂੰ ਨਕਲੀ ਮੁਕਾਬਲੇ ਵਿਚ ਮਾਰਿਆ ਹੈ। ਇਨ੍ਹਾਂ ਤਿਨਾਂ ਨੂੰ 3 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। 31 ਨਵੰਬਰ ਨੂੰ ਇਕ ਅਹਿਮ ਜਰਨੈਲ ਵਰਿਆਮ ਸਿੰਘ ਖਾਪਿਆਂ ਵਾਲੀ (ਨਾਮੀ ਜਰਨੈਲ ਗੁਰਜੰਟ ਸਿੰਘ ਬੁਧਸਿੰਘਵਾਲਾ ਇਸ ਦਾ ਸ਼ਾਗਿਰਦ ਸੀ) ਨੂੰ ਕੋਹ-ਕੋਹ ਕੇ ਮਾਰਿਆ ਤੇ ਮਗਰੋਂ ਕੋਟਕਪੂਰੇ ਕੋਲ ਏਹੋਪਾਹੀ ਪਿੰਡ ਦੇ ਬਾਹਰ ਨਕਲੀ ਮੁਕਾਬਲੇ ਵਿਚ ਮਾਰਿਆ ਗਿਆ ਐਲਾਨ ਦਿੱਤਾ।

ਇਕ ਸੌ ਦੇ ਕਰੀਬ ਸਿੱਖ ਗ੍ਰਿਫ਼ਤਾਰ ਕੀਤੇ ਗਏ

ਅਕਤੂਬਰ ਵਿਚ ਵੀ ਸੁਰਜੀਤ ਬਰਨਾਲਾ ਸਰਕਾਰ ਨੇ ਬਹੁਤ ਸਾਰੇ ਸਿੱਖਾਂ ਨੂੰ ਝੂਠੇ ਮੁਕੱਦਮਿਆਂ ਵਿਚ ਗ੍ਰਿਫ਼ਤਾਰ ਕੀਤਾ। ਪਹਿਲੀ ਅਕਤੂਬਰ ਨੂੰ ਬਾਬਾ ਦਰਸ਼ਨ ਸਿੰਘ (ਮਲ੍ਹੇਵਾਲ) ਨੂੰ ਭਾਦਸੋਂ ਥਾਣੇ ਇਲਾਕੇ 'ਚ ਗ੍ਰਿਫ਼ਤਾਰ ਕੀਤਾ ਗਿਆ। ਇਸੇ ਗਰੁੱਪ ਦੇ ਮਨਮੋਹਨ ਸਿੰਘ, ਸੁਰਜਨ ਸਿੰਘ (ਸਾਬਕ ਕਾਂਸਟੇਬਲ), ਤੇਜਿੰਦਰ ਸਿੰਘ (ਥਾਪਰ ਕਾਲਜ ਪਟਿਆਲਾ) ਤੇ ਇੰਦਰਜੀਤ ਸਿੰਘ ਗੁਲਾਟੀ (ਅਰਜਨ ਨਗਰ) ਪਹਿਲੋਂ ਹੀ ਗ੍ਰਿਫ਼ਤਾਰ ਕੀਤੇ ਹੋਏ ਸਨ। ਪੰਜ ਅਕਤੂਬਰ ਨੂੰ ਚੌਕ ਮਹਿਤਾ ਵਿਚ ਲੱਖਾ ਸਿੰਘ (ਹਰਗੋਬਿੰਦਪੁਰ) ਤੇ ਬੂਟਾ ਸਿੰਘ (ਬਟਾਲਾ) ਨੂੰ ਹਿਰਾਸਤ 'ਚ ਲੈ ਲਿਆ ਗਿਆ। ਛੇ ਅਕਤੂਬਰ ਨੂੰ ਪਟਿਆਲੇ ਵਿਚ ਅਸਲਾ ਫੈਕਟਰੀ ਦੇ ਨਾਂ 'ਤੇ ਸੁਰਜੀਤ ਸਿੰਘ, ਗੁਰਜਿੰਦਰ ਸਿੰਘ ਤੇ ਇੰਦਰਜੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਦਸ ਅਕਤੂਬਰ ਨੂੰ ਅੰਮ੍ਰਿਤਸਰ ਤੋਂ ਬਲਬੀਰ ਸਿੰਘ (ਕਪੂਰਥਲਾ) ਤੇ ਸਤਪਾਲ ਸਿੰਘ (ਜਲੰਧਰ) ਮੁਕਾਬਲੇ ਦੇ ਨਾਂ 'ਤੇ ਫੜ ਲਏ ਗਏ। ਯਾਰ੍ਹਾਂ ਅਕਤੂਬਰ ਨੂੰ ਫਗਵਾੜੇ ਵਿਚ ਖਾਨਪੁਰ ਦੇ ਸਤਨਾਮ ਸਿੰਘ, ਸੁਤੰਤਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਲੁਧਿਆਣੇ 'ਚ ਕੰਤਪਾਲ ਸਿੰਘ (ਰੁੜਕੇ), ਜਗਰੂਪ ਸਿੰਘ ਜੂਪਾ ਤੇ ਮਾਸਟਰ ਭੂਪਿੰਦਰ ਸਿੰਘ ਨੂੰ ਕਤਲ ਕੇਸ 'ਚ ਮੜ੍ਹ ਲਿਆ ਗਿਆ।

ਡੇਰਾ ਬਾਬਾ ਨਾਨਕ 'ਚ ਬਲਵਿੰਦਰ ਸਿੰਘ ਫੜਿਆ ਗਿਆ ਪਰ ਉਸ ਦੇ ਸਾਥੀ ਕੰਵਲਜੀਤ ਕੰਵਰ (ਹਰੂਵਾਲ) ਤੇ ਰਣਜੀਤ ਸਿੰਘ ਰਾਣਾ (ਠੇਠਰਕੇ) ਬਚ ਕੇ ਨਿਕਲ ਗਏ। ਇਸੇ ਦਿਨ ਜਗਤਾਰ ਸਿੰਘ (ਮਲ੍ਹਾਵਾਲ, ਵਲਟੋਹਾ) ਤੇ ਗੁਰਦਿਆਲ ਸਿੰਘ (ਮਾਛੀਆਂ) ਗ੍ਰਿਫ਼ਤਾਰ ਕੀਤੇ ਗਏ। ਮੋਗੇ ਕੋਲ ਜੁਗਰਾਜ ਸਿੰਘ (ਸਮਾਲਪੁਰ, ਫਰੀਦਕੋਟ) ਤੇ ਬਲਬੀਰ ਸਿੰਘ (ਲੁਪਰਾਂ, ਲੁਧਿਆਣਾ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਤੇਰ੍ਹਾਂ ਅਕਤੂਬਰ ਨੂੰ ਬਖਸ਼ੀਸ਼ ਸਿੰਘ (ਹਰਗੋਬਿੰਦਪੁਰ), ਜਗਰੂਪ ਸਿੰਘ ਛੋਟੂ (ਕਾਲਖ, ਡੇਹਲੋਂ) ਤੇ ਬਲਬੀਰ ਸਿੰਘ (ਲਾਪਰੀ, ਪਾਇਲ) ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਚਮਕੌਰ ਸਾਹਿਬ ਗੁਰਦੁਆਰੇ ਵਿਚ ਦਾਖ਼ਲ ਹੋ ਕੇ ਪਲਵਿੰਦਰ ਸਿੰਘ ਤੇ ਮੋਹਨ ਸਿੰਘ (ਨਸਲਪੁਰ) ਗ੍ਰਿਫ਼ਤਾਰ ਕਰ ਲਏ। ਚੌਦਾਂ ਅਕਤੂਬਰ ਨੂੰ ਲੁਧਿਆਣੇ ਚੋਂ ਬਲਬੀਰ ਸਿੰਘ ਲਖੜਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਬਰਨਾਲੇ ਨੇੜੇ ਟੱਲੇਵਾਲ 'ਚ ਰਣਜੀਤ ਸਿੰਘ (ਜੈ ਸਿੰਘ ਵਾਲਾ, ਬਾਘਾ ਪੁਰਾਣਾ), ਕੌਰ ਸਿੰਘ (ਘੱਲ ਕਲਾਂ), ਬੂਟਾ ਸਿੰਘ (ਧਨੌਲਾ) ਵੀ ਗ੍ਰਿਫ਼ਤਾਰ ਕੀਤੇ ਗਏ। ਪੰਦਰਾਂ ਅਕਤੂਬਰ ਨੂੰ ਚਰਨ ਸਿੰਘ (ਹਰੂਵਾਲਾ, ਡੇਰਾ ਬਾਬਾ ਨਾਨਕ) ਨੂੰ ਗ੍ਰਿਫ਼ਤਾਰ ਕੀਤਾ ਗਿਆ।

ਸਤਾਰਾਂ ਅਕਤੂਬਰ ਨੂੰ ਗੁਰਦੀਪ ਸਿੰਘ ਨੂੰ ਹਿਰਾਸਤ 'ਚ ਲਿਆ ਗਿਆ ਤੇ ਪੁਲੀਸ ਨੇ ਦਾਅਵਾ ਕੀਤਾ ਕਿ ਉਸ ਦੇ ਤਿੰਨ ਸਾਥੀ ਚੰਨਣ ਸਿੰਘ, ਸਤਨਾਮ ਸਿੰਘ ਤੇ ਰਜਿੰਦਰ ਸਿੰਘ ਉਰਫ਼ ਪਾਲਾ ਤੇ ਅਵਤਾਰ ਸਿੰਘ ਉਰਫ਼ ਭਗਤ ਸਿੰਘ ਫਰਾਰ ਹੋ ਗਏ ਸਨ। ਉੱਨੀ ਅਕਤੂਬਰ ਨੂੰ ਜਲਾਲਾਬਾਦ-ਖੇਮਕਰਨ ਸੈਕਟਰ ਦੇ ਪਿੰਡ ਖਾਧੀ ਵਿਚੋਂ ਜੱਸਾ ਸਿੰਘ ਤੇ ਨਿਸ਼ਾਨ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਬਾਈ ਅਕਤੂਬਰ ਨੂੰ ਜੋਗਾ ਸਿੰਘ ਤੇ ਭੁੱਟੋ ਨੂੰ ਚਾਚੋਕੀ (ਫਗਵਾੜਾ) ਤੋਂ ਅਤੇ ਪ੍ਰਕਾਸ਼ ਸਿੰਘ ਨੂੰ ਭੋੜੀਆਂ (ਝਬਾਲ) ਤੋਂ ਫੜਿਆ ਗਿਆ। ਪੰਝੀ ਅਕਤੂਬਰ ਨੂੰ ਬੀਬੀ ਨਰਿੰਦਰਜੀਤ ਕੌਰ ਨੂੰ ਇਕ ਖਾੜਕੂ ਦੇ ਭੋਗ 'ਤੇ ਨਾਅਰੇ ਲਾਉਣ ਦੇ ਜੁਰਮ 'ਚ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਕੁਲਵੰਤ ਸਿੰਘ ਕੰਤਾ ਨੂੰ ਹਰਗੋਬਿੰਦਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸਤਾਈ ਅਕਤੂਬਰ

ਨੂੰ ਸੁਖਜਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨੱਤੀ ਅਕਤੂਬਰ ਨੂੰ ਖੁੱਭਣ ਕਾਂਡ 'ਚ ਮਾਹਲ ਸਿੰਘ ਨੂੰ ਹਿਰਾਸਤ 'ਚ ਲਿਆ ਗਿਆ। ਤੀਹ ਅਕਤੂਬਰ ਨੂੰ ਖਾਲਿਸਤਾਨ ਦੇ ਨਾਅਰੇ ਲਿਖਣ ਦੇ ਜੁਰਮ 'ਚ ਫਗਵਾੜੇ ਦੇ ਦਲਜੀਤ ਸਿੰਘ, ਸਵਿੰਦਰ ਸਿੰਘ, ਜਸਬੀਰ ਸਿੰਘ ਤੇ ਦਲਬੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਕੱਤੀ ਅਕਤੂਬਰ ਨੂੰ ਹਰਮਿੰਦਰ ਸਿੰਘ ਢਿੱਲੋਂ, ਹਰਭਜਨ ਸਿੰਘ, ਹਰਬੰਸ ਸਿੰਘ ਤੇ ਜਤਿੰਦਰ ਸਿੰਘ ਨੂੰ ਹਿਰਾਸਤ 'ਚ ਲਿਆ ਗਿਆ। ਰੋਡੇ ਤੋਂ ਗੁਰਜੀਤ ਸਿੰਘ ਤੇ ਕੁੰਦਨ ਸਿੰਘ ਗ੍ਰੰਥੀ ਗ੍ਰਿਫਤਾਰ ਕੀਤੇ ਗਏ।

ਉਧਰ ਰਾਮਪੁਰ (ਯੂ.ਪੀ.) 'ਚ ਵੀ ਚੌਦਾਂ ਅਕਤੂਬਰ 1986 ਵਿਚ ਨੂੰ ਸੁਰਿੰਦਰ ਸਿੰਘ, ਜੈਪਾਲ ਸਿੰਘ, ਗੁਰਬਚਨ ਸਿੰਘ, ਗੁਰਨਾਮ ਸਿੰਘ, ਜਗਤਾਰ ਸਿੰਘ ਤੇ ਗੁਰਦੀਪ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਰਾਜੀਵ ਗਾਂਧੀ 'ਤੇ ਹਮਲਾ

2 ਅਕਤੂਬਰ 1986 ਦੇ ਦਿਨ ਜਦ ਰਾਜੀਵ ਗਾਂਧੀ ਮੋਹਨ ਦਾਸ ਕਰਮ ਚੰਦ (ਅਖੌਤੀ ਮਹਾਤਮਾ) ਗਾਂਧੀ ਦੀ ਸਮਾਧ 'ਤੇ 'ਮੱਥਾ ਟੇਕਣ' ਗਿਆ ਤਾਂ ਉਹ ਇਕ ਸਿੱਖ ਦੀ ਗੋਲੀ ਨਾਲ ਮਰਦਾ ਮਸਾਂ ਬਚਿਆ, ਪਰ ਰਾਜੀਵ ਦੇ ਕਈ ਸਾਥੀਆਂ ਨੂੰ ਗੋਲੀਆਂ ਦੇ ਛੱਰਰੇ ਲੱਗੇ। ਕਰਮਜੀਤ ਸਿੰਘ ਦਾ ਹਥਿਆਰ ਮਾੜਾ ਸੀ ਪਰ ਜੇ ਕਿਤੇ ਉਸ ਕੋਲ ਚੰਗਾ ਹਥਿਆਰ ਹੁੰਦਾ ਤਾਂ ਉਸ ਦਿਨ ਰਾਜੀਵ ਗਾਂਧੀ ਨੇ ਯਕੀਨਨ ਮਾਰਿਆ ਜਾਣਾ ਸੀ। ਉਸ 'ਤੇ ਕਰਮਜੀਤ ਸਿੰਘ ਪੁੱਤਰ ਅਮਰ ਸਿੰਘ (ਸ਼ਹੀਦ ਉਧਮ ਸਿੰਘ ਰੋਡ, ਸੰਗਰੂਰ) ਨੇ ਗੋਲੀ ਚਲਾਈ ਸੀ। ਕਰਮਜੀਤ ਸਿੰਘ ਦਾ ਸਬੰਧ ਕਿਸੇ ਜਥੇਬੰਦੀ ਨਾਲ ਨਹੀਂ ਸੀ ਤੇ ਉਹ ਇਕੱਲਾ ਹੀ ਜਜ਼ਬਾਤ ਨਾਲ ਭਰਿਆ ਇਸ ਐਕਸ਼ਨ ਵਾਸਤੇ ਆਇਆ ਸੀ। ਉਹ 3-4 ਦਿਨ ਇਸੇ ਜਗ੍ਹਾ ਲੁਕਿਆ ਰਿਹਾ ਤੇ ਇਹ ਸਾਰਾ ਸਮਾਂ ਉਸ ਨੇ ਛੋਲਿਆਂ ਦੀਆਂ ਤਿੰਨ ਚਾਰ ਮੁੱਠਾਂ ਨਾਲ ਬਿਤਾਇਆ ਸੀ।

ਪੰਜ ਅਕਤੂਬਰ ਨੂੰ ਕਰਮਜੀਤ ਸਿੰਘ ਦਾ ਪਿਤਾ ਅਮਰ ਸਿੰਘ, ਭਰਾ ਜਸਵਿੰਦਰ ਸਿੰਘ, ਉਸ ਦੇ ਦੋਸਤ ਬਲਦੇਵ ਸਿੰਘ ਮਸਤਾਨਾ (ਗਲਵੱਟੀ), ਗੁਰਦੁਆਰੇ ਦਾ ਗ੍ਰੰਥੀ, ਅਮਰਜੀਤ ਸਿੰਘ (ਇੰਦਰਾ ਬਸਤੀ ਸੁਨਾਮ), ਬਚਨ ਸਿੰਘ, ਪਰੇਮ ਸਿੰਘ (ਕੋਹਲੀਆਂ ਮੁਹੱਲਾ) ਤੇ ਅਮਰਜੀਤ ਸਿੰਘ ਵੀ ਗ੍ਰਿਫ਼ਤਾਰ ਕਰ ਲਏ ਗਏ। ਇਨ੍ਹਾਂ ਵਿਚੋਂ ਬਲਦੇਵ ਸਿੰਘ, ਅਮਰਜੀਤ ਸਿੰਘ, ਪਰਮਜੀਤ ਸਿੰਘ ਅਤੇ ਦੋ ਹੋਰਾਂ ਬਿਕਰਮ ਸਿੰਘ ਤੇ ਸ਼ੇਰ ਸਿੰਘ ਉਰਫ਼ ਕਾਲਾ (ਅੰਮ੍ਰਿਤਸਰ) ਨੂੰ 8 ਅਕਤੂਬਰ ਨੂੰ ਬਾਕਾਇਦਾ ਚਾਰਜ ਕਰ ਲਿਆ ਗਿਆ। ਇਸੇ ਕੇਸ ਵਿਚ 7 ਨਵੰਬਰ ਨੂੰ ਪਰਮਜੀਤ ਸਿੰਘ ਬੀ.ਡੀ.ਓ. ਦੀ ਪਤਨੀ ਵੀ ਗ੍ਰਿਫ਼ਤਾਰ ਕੀਤੀ ਗਈ।

ਰਬੈਰੋ ਵੀ ਖਾੜਕੂਆਂ ਹੱਥੋਂ ਮਰਨੋਂ ਬਚ ਗਿਆ

ਪੰਜਾਬ ਪੁਲਸ ਦਾ ਚੀਫ਼ ਬਣਨ ਮਗਰੋਂ ਜੂਲੀਓ ਰਬੈਰੋ ਸੁਰਜੀਤ ਬਰਨਾਲਾ ਦੇ ਹੁਕਮਾਂ ਹੇਠ ਸਿੱਖਾਂ ਦਾ ਸ਼ਿਕਾਰ ਕਰਦਾ ਰਿਹਾ ਸੀ; ਉਸ ਦੇ ਜ਼ੁਲਮਾਂ ਦਾ ਜਵਾਬ ਦੇਣ ਵਾਸਤੇ 3 ਅਕਤੂਬਰ 1986 ਦੇ ਦਿਨ ਜਲੰਧਰ ਪੀ.ਏ.ਪੀ. ਹੈੱਡਕੁਆਰਟਰਜ਼ ਵਿਚ ਉਸ 'ਤੇ ਹਮਲਾ ਕੀਤਾ ਗਿਆ। ਇਕ ਚਰਚੇ ਮੁਤਾਬਿਕ ਖਾੜਕੂ ਰਬੈਰੋ ਨੂੰ ਜਿਊਂਦਾ ਫੜਨ ਆਏ ਸੀ ਤੇ ਉਸ ਨੂੰ ਮਾਰਨ ਦਾ ਹੁਕਮ ਨਹੀਂ ਸੀ ਵਰਨਾ; ਉਸ ਨੇ ਉਦੋਂ ਹੀ ਮਰਿਆ ਜਾਣਾ ਸੀ। ਖਾੜਕੂਆਂ ਦਾ ਨਿਸ਼ਾਨਾ ਉਸ ਨੂੰ ਅਗਵਾ ਕਰ ਕੇ ਲਿਜਾ ਕੇ ਉਸ ਨੂੰ ਰਿਹਾ ਕਰਨ ਦੇ ਬਦਲੇ ਜਰਨੈਲ ਮਨਬੀਰ ਸਿੰਘ ਚਹੇੜੂ ਨੂੰ ਆਜ਼ਾਦ ਕਰਵਾਉਣਾ ਸੀ। ਉਂਵ ਜਦ

ਰਬੈਰੋ ਕਾਬੂ ਨਾ ਆ ਸਕਿਆ ਤਾਂ ਖਾੜਕੂਆਂ ਨੂੰ ਬਚ ਕੇ ਨਿਕਲਣ ਵਾਸਤੇ ਗੋਲੀ ਚਲਾਉਣੀ ਪਈ। ਉਹ ਜ਼ਖ਼ਮੀ ਹੋ ਕੇ ਰੀਂਗ-ਰੀਂਗ ਕੇ ਅੱਗੇ ਵਧਦਾ ਗਿਆ। ਇਸ ਹਮਲੇ 'ਚ ਦੋ ਸਿਪਾਹੀ ਮਰੇ ਤੇ ਰਬੈਰੋ ਦੀ ਬੀਵੀ ਤੇ ਕੁਝ ਸਿਪਾਹੀ ਵੀ ਜ਼ਖ਼ਮੀ ਹੋਏ। ਇਸ ਦਲੇਰਾਨਾ ਐਕਸ਼ਨ ਮਗਰੋਂ ਸਾਰੇ ਸਿੱਖ ਬਚ ਕੇ ਨਿਕਲਣ 'ਚ ਕਾਮਯਾਬ ਹੋ ਗਏ। ਬਾਅਦ ਵਿਚ ਇਨ੍ਹਾਂ ਵਿਚੋਂ ਸਬ ਇਸਪੈਕਟਰ ਗੁਰਬਚਨ ਸਿੰਘ (20 ਅਕਤੂਬਰ ਨੂੰ), ਹਰਦੇਵ ਸਿੰਘ ਰਾਣਾ (28 ਅਕਤੂਬਰ ਨੂੰ) ਅਨੰਦਪੁਰ ਸਾਹਿਬ ਦੇ ਇਕ ਗ੍ਰੰਥੀ ਪਟਵਾਰੀ ਦੀ ਪਤਨੀ ਬੀਬੀ ਹਰਦੇਵ ਕੋਰ ਦੇ ਘਰੋਂ, ਸਰਦੂਲ ਸਿੰਘ, ਸਰਦਾਰ ਮਲਕੀਤ ਸਿੰਘ ਤੇ ਬਲਵਿੰਦਰ ਸਿੰਘ (27 ਅਕਤੂਬਰ ਨੂੰ) ਗ੍ਰਿਫ਼ਤਾਰ ਕੀਤੇ ਗਏ। ਉਨ੍ਹਾਂ ਤੋਂ ਇਲਾਵਾ ਟਰੱਕ ਮਾਲਕ ਕਾਰਜ ਸਿੰਘ, ਉਸ ਦਾ ਭਣੇਵਾਂ ਗੁਰਮੇਲ ਸਿੰਘ ਤੇ ਮੋਕਲ ਨਗਰ (ਹੁਸ਼ਿਆਰਪੁਰ) ਤੋਂ ਇਕ ਬਿਰਧ ਔਰਤ ਨੂੰ ਵੀ ਹਿਰਾਸਤ 'ਚ ਲਿਆ ਗਿਆ। ਛੇ ਨਵੰਬਰ ਨੂੰ ਬੰਗਾਲ ਚੋਂ ਭੂਪਿੰਦਰ ਸਿੰਘ, ਵਿੱਕੀ ਸਿੰਘ ਤੇ ਰਾਜੂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ ਕੇਵਲ ਸਿੰਘ (27 ਬਟਾਲੀਅਨ) ਤੇ ਮਨਜੀਤ ਸਿੰਘ (80 ਬਟਾਲੀਅਨ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ। ਇਸ ਹਮਲੇ ਤੋਂ ਬਾਅਦ ਰਬੈਰੋ ਕੁਝ ਡਰ ਗਿਆ, ਜਿਸ ਨਾਲ ਕੁਝ ਚਿਰ ਸਿੱਖ ਨੌਜਵਾਨਾਂ ਦੇ ਨਕਲੀ ਪੁਲਿਸ ਮੁਕਾਬਲੇ ਰੁਕ ਗਏ। ਪਰ ਕੁਝ ਦਿਨ ਮਗਰੋਂ ਹੀ ਰਬੈਰੋ ਫੇਰ ਆਪਣੀਆਂ ਹਰਕਤਾਂ 'ਤੇ ਉਤਰ ਆਇਆ।

ਸੱਤ ਅਕਤੂਬਰ ਨੂੰ ਫ਼ਿਰਕੂ ਹਿੰਦੂ ਫ਼ੋਰਸ ਸੀ.ਆਰ.ਪੀ.ਐਫ਼. ਨੇ ਇਕ ਕੰਡਕਟਰ ਦਰਸ਼ਨ ਸਿੰਘ ਨੂੰ ਬੇਵਜਹ ਕੁੱਟਿਆ ਤਾਂ ਡਰਾਈਵਰਾਂ ਨੇ ਟਰੈਫ਼ਿਕ ਜਾਮ ਕਰ ਦਿਤਾ। ਅਖ਼ੀਰ ਬਟਾਲੀਅਨ ਕਮਾਂਡੈਂਟ ਰਾਮਚੰਦਰਨ ਨੇ ਮੁਆਫ਼ੀ ਮੰਗੀ। ਇਹੋ ਜਿਹੀਆਂ ਜ਼ਿਆਦਤੀਆਂ ਤਾਂ ਸੀ.ਆਰ.ਪੀ.ਐਫ਼. ਦਾ ਇਕ ਸ਼ੁਗਲ ਸੀ। ਤੇਰ੍ਹਾਂ ਅਕਤੂਬਰ ਨੂੰ ਇਕ ਪੁਲੀਸ ਮੁਖ਼ਬਰ ਜੋਗਿੰਦਰ ਸਿੰਘ (ਬੋਤਾ ਖੇੜਾ, ਫ਼ਿਰੋਜ਼ਪੁਰ) ਜਿਸ ਨੇ ਲਖਵਿੰਦਰ ਸਿੰਘ ਤੇ ਸਤਨਾਮ ਸਿੰਘ ਦੋ ਸਿੱਖ ਗ੍ਰਿਫ਼ਤਾਰ ਕਰਵਾਏ ਸਨ, ਮਾਰਿਆ ਗਿਆ। (ਪੁਲੀਸ ਨੇ ਇਹ ਦੋਵੇਂ ਫੜ ਕੇ ਨਕਲੀ ਮਕਾਬਲੇ 'ਚ ਮਾਰ ਦਿਤੇ ਸੀ)।

ਪੰਝੀ ਅਕਤੂਬਰ ਨੂੰ ਖੁੱਭਣ ਪਿੰਡ (ਅਬੋਹਰ-ਬਠਿੰਡਾ ਰੋਡ) 'ਚ 7 ਹਿੰਦੂ ਮਾਰ ਦਿਤੇ ਗਏ। ਅਗਲੇ ਦਿਨ ਅਬੋਹਰ, ਦਿੱਲੀ ਤੇ ਹੁਸ਼ਿਆਰਪੁਰ 'ਚ ਹਿੰਦੂਆਂ ਨੇ ਗੁੰਡਾਗਰਦੀ ਕੀਤੀ। ਸਤਾਈ ਅਕਤੂਬਰ ਨੂੰ ਹਿੰਦੂਆਂ ਨੇ 'ਪੰਜਾਬ ਬੰਦ' ਕੀਤਾ। ਅਠਾਈ ਅਕਤੂਬਰ ਨੂੰ ਖਾੜਕੂਆਂ ਨੇ ਕਾਂਗਰਸੀ ਸੇਵਾ ਸਿੰਘ ਭਿੰਡਰ ਮਾਰ ਦਿੱਤਾ। ਧਰਮਕੋਟ (ਬਟਾਲਾ) ਕੇਸ 'ਚ ਪੁਲਿਸ ਨੇ ਸੁਖਦੇਵ ਸਿੰਘ, ਸਰਦਾਰ ਕਮਲਜੀਤ ਸਿੰਘ ਉਰਫ਼ ਲਾਂਬਾ ਤੇ ਰਣਜੀਤ ਸਿੰਘ ਰਾਣਾ ਨੂੰ ਭਗੌੜੇ ਐਲਾਨ ਕੀਤਾ। ਉਨੱਤੀ ਅਕਤੂਬਰ ਨੂੰ ਫ਼ੌਜ ਨੇ ਪੰਜਾਬ 'ਚ ਫ਼ਲੈਗ ਮਾਰਚ ਕੀਤਾ। ਖੁੱਭਣ ਕਾਂਡ 'ਚ ਪੁਲੀਸ ਨੇ ਲਖਵਿੰਦਰ ਸਿੰਘ ਲੱਖਾ (ਖੇਮਾ-ਖੇੜਾ) ਨੂੰ ਨਾਮਜ਼ਦ ਕੀਤਾ ਗਿਆ। ਇਕੱਤੀ ਅਕਤੂਬਰ ਨੂੰ ਕਪੂਰਥਲਾ ਦੇ ਐਸ.ਐਸ.ਪੀ. ਦੀ ਕਾਰ 'ਤੇ ਹਮਲਾ ਹੋਇਆ, ਪਰ ਉਹ ਬਚ ਗਿਆ।

ਵਰਿਆਮ ਸਿੰਘ ਖਾਪਿਆਂਵਾਲੀ ਨਕਲੀ ਮੁਕਾਬਲੇ ਵਿਚ ਸ਼ਹੀਦ

ਪੰਜਾਬ ਪੁਲਸ ਨੇ 31 ਅਕਤੂਬਰ 1986 ਦੇ ਦਿਨ ਖਾੜਕੂਆਂ ਦੇ ਇਕ ਅਹਿਮ ਜਰਨੈਲ ਵਰਿਆਮ ਸਿੰਘ ਖਾਪਿਆਂ ਵਾਲੀ (ਪੁੱਤਰ ਜਥੇਦਾਰ ਹਰਨਾਮ ਸਿੰਘ, ਵਾਸੀ ਖਾਪਿਆਂਵਾਲੀ, ਫ਼ਿਰੋਜ਼ਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਹੋਇਆ ਐਲਾਨ ਕੀਤਾ। ਦਰਅਸਲ ਉਸ ਨੂੰ ਕਈ ਦਿਨ ਪਹਿਲਾਂ ਦਾ ਗ੍ਰਿਫ਼ਤਾਰ ਕੀਤਾ ਹੋਇਆ ਸੀ ਅਤੇ ਉਸ ਨੂੰ ਕੋਹ-ਕੋਹ ਕੇ ਮਾਰਿਆ ਸੀ ਤੇ ਮਗਰੋਂ ਕੋਟਕਪੂਰੇ ਕੋਲ ਏਹੋਪਾਹੀ ਪਿੰਡ ਦੇ ਬਾਹਰ ਨਕਲੀ ਮੁਕਾਬਲੇ ਵਿਚ ਮਾਰਿਆ ਗਿਆ

ਐਲਾਨ ਦਿੱਤਾ ਸੀ। ਨਾਮੀ ਜਰਨੈਲ ਗੁਰਜੰਟ ਸਿੰਘ ਬੁੱਧਸਿੰਘਵਾਲਾ ਇਸੇ ਦਾ ਸ਼ਾਗਿਰਦ ਸੀ।

ਗੁਰਜੀਤ ਸਿੰਘ ਦਰਬਾਰ ਸਾਹਿਬ 'ਚ ਪੁੱਜਾ

31 ਅਕਤੂਬਰ ਨੂੰ ਗੁਰਜੀਤ ਸਿੰਘ (ਪਿੰਡ ਹਰੀਹਰ ਝੋਕ) ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਮੰਜੀ ਸਾਹਿਬ ਅੰਮ੍ਰਿਤਸਰ ਦੇ ਦੀਵਾਨ 'ਚ ਆ ਹਾਜ਼ਿਰ ਹੋਇਆ ਅਤੇ ਤਕਰੀਰ ਕਰਨ ਮਗਰੋਂ ਫਿਰ ਗ਼ਾਇਬ ਹੋ ਗਿਆ। ਇਸ ਵੱਡੇ ਦੀਵਾਨ ਵਿਚ ਬਿਮਲ ਕੌਰ ਖਾਲਸਾ, ਸੁਬੇਗ ਸਿੰਘ ਦੀ ਮਾਤਾ ਬੀਬੀ ਚੰਨਣ ਕੌਰ, ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਪਤਨੀ ਪ੍ਰੀਤਮ ਕੌਰ ਤੇ ਪੁੱਤਰਾਂ ਈਸ਼ਰ ਸਿੰਘ ਤੇ ਇੰਦਰਜੀਤ ਸਿੰਘ ਦਾ ਸਨਮਾਨ ਕੀਤਾ ਗਿਆ। ਇਹ ਸਮਾਗਮ ਇੰਦਰਾ ਗਾਂਧੀ ਨੂੰ ਕਤਲ ਕਰਨ ਵਾਲੇ ਸ਼ਹੀਦ ਬੇਅੰਤ ਸਿੰਘ ਦੀ ਯਾਦ ਵਿਚ ਕੀਤਾ ਗਿਆ ਸੀ।

ਨਵੰਬਰ ਵਿਚ ਸੁਰਜੀਤ ਬਰਨਾਲਾ ਸਰਕਾਰ ਵੱਲੋਂ ਗ੍ਰਿਫ਼ਤਾਰੀਆਂ

ਪਹਿਲੀ ਨਵੰਬਰ ਨੂੰ ਮਲੋਟ ਤੋਂ ਫ਼ਿਰੋਜ਼ਪੁਰ ਵਲ ਆਉਂਦੇ ਛੇ ਸਿੱਖ (ਹਰਵਿੰਦਰ ਸਿੰਘ ਭੋਲਾ, ਹਰਜਿੰਦਰ ਸਿੰਘ, ਮਨਬੀਰ ਸਿੰਘ, ਲਖਵਿੰਦਰ ਸਿੰਘ, ਹਰਜਿੰਦਰ ਸਿੰਘ, ਪਪੂ, ਵੀਰ ਸਿੰਘ ਖੇਮਾ ਖੇੜਾ) ਗ੍ਰਿਫ਼ਤਾਰ ਕੀਤੇ ਗਏ। ਕੁਲਦੀਪ ਸਿੰਘ ਮੁੱਛਲ ਗਰੁਪ ਦੇ ਇਹ ਸਾਥੀ ਇਕ ਜੀਪ ਵਿਚ ਸਵਾਰ ਸਨ। ਇਨ੍ਹਾਂ ਨੂੰ ਜੀਪ ਨਾ ਰੋਕਣ ਕਾਰਨ ਪੁਲੀਸ ਮੁਕਾਬਲੇ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ। ਚਾਰ ਨਵੰਬਰ ਨੂੰ ਅਮਰੀਕ ਸਿੰਘ (ਖਲੀਲਪੁਰ, ਡੇਰਾ ਬਾਬਾ ਨਾਨਕ) ਨੂੰ ਹਥਿਆਰ ਸਪਲਾਈ ਦੇ ਨਾਂ ਹੇਠ ਫੜਿਆ ਗਿਆ। ਇਸ ਤੋਂ ਇਲਾਵਾ ਜਸਵੰਤ ਸਿੰਘ ਜੱਸਾ (ਅਹੀਰ) ਵੀ ਫੜ ਲਿਆ ਗਿਆ।

ਮੋਗਾ ਵਿਚ 6 ਨਵੰਬਰ ਨੂੰ ਗੁਰਦੀਪ ਸਿੰਘ, ਸੁਖਮਿੰਦਰ ਸਿੰਘ, ਰੂਪਿੰਦਰ ਸਿੰਘ, ਬੂਟਾ ਸਿੰਘ, ਜਸਦੀਪ ਸਿੰਘ ਹਿਰਾਸਤ 'ਚ ਲਏ ਗਏ। ਸੱਤ ਨਵੰਬਰ ਨੂੰ ਗੁਰਦਾਸਪੁਰ 'ਚ ਸਤਨਾਮ ਸਿੰਘ ਸੱਤਾ (ਠੇਠਰ) ਤੇ ਸਰੂਪ ਸਿੰਘ ਗੁੰਥੀ (ਸੇਖੇਵਾਲ) ਮਕਾਬਲੇ ਦੇ ਨਾਂ 'ਤੇ ਫੜੇ ਗਏ। ਬਟਾਲੇ 'ਚ ਪਨਾਹ ਦੇ ਨਾਂ 'ਤੇ ਵਸਣ ਸਿੰਘ, ਮੱਖਣ ਸਿੰਘ, ਹਰਦਿਆਲ ਸਿੰਘ, ਕੁਲਵੰਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਰਈਏ ਤੋਂ ਸੁਖਦੇਵ ਸਿੰਘ ਸੁੱਖਾ, ਦਰਸ਼ਨ ਸਿੰਘ ਤੇ ਸਵਰਨ ਸਿੰਘ ਫੜੇ ਗਏ। ਬੂਸੇਵਾਲ (ਕਪੂਰਥਲਾ) ਦਾ ਹਰਦਿਆਲ ਸਿੰਘ ਗ੍ਰਿਫ਼ਤਾਰ ਕੀਤਾ ਗਿਆ। ਅੱਠ ਨਵੰਬਰ ਨੂੰ ਸੁਰਿੰਦਰ ਸਿੰਘ ਤੇ ਮਹਿੰਦਰ ਸਿੰਘ, ਲਖਵਿੰਦਰ ਸਿੰਘ, ਸਰੂਪ ਸਿੰਘ ਤੇ ਪ੍ਰਿਥੀਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਬਾਰਾਂ ਨਵੰਬਰ ਨੂੰ ਬਲਦੇਵ ਸਿੰਘ, ਹਰਮਿੰਦਰ ਸਿੰਘ ਤੇ ਦੀਦਾਰ ਸਿੰਘ ਖਾਲਿਸਤਾਨ ਦੇ ਨਾਅਰੇ ਲਾਉਣ ਦੇ ਜੁਰਮ 'ਚ ਬਟਾਲੇ 'ਚ ਫੜੇ ਗਏ। ਤੇਰ੍ਹਾਂ ਨਵੰਬਰ ਨੂੰ ਬਠਿੰਡਾ ਕਤਲ ਕੇਸ 'ਚ ਪ੍ਰਦੀਪ ਸਿੰਘ ਪਾਰੀ ਤੇ ਨੈਬ ਸਿੰਘ (ਦੋਵੇਂ ਅਕਾਲ ਜਲਾਲੀਆਂ ਦੇ) ਗ੍ਰਿਫ਼ਤਾਰ ਕੀਤੇ ਗਏ। ਸੋਲ੍ਹਾਂ ਨਵੰਬਰ ਨੂੰ ਕੁਲਵੰਤ ਸਿੰਘ ਤੇ ਪ੍ਰਤਾਪ ਸਿੰਘ (ਵੈਰੋਵਾਲ), ਜਗਤਾਰ ਸਿੰਘ, ਗੁਰਜੀਤ ਸਿੰਘ ਤੇ ਝੰਡਾ ਸਿੰਘ (ਬਠਿੰਡਾ) ਗ੍ਰਿਫ਼ਤਾਰ ਕੀਤੇ ਗਏ। ਇਸ ਤੋਂ ਇਲਾਵਾ ਫ਼ੈਡਰੇਸ਼ਨ, ਭਿੰਡਰਾਂ-ਮਹਿਤਾ ਜੱਥਾ ਤੇ ਬਾਦਲ-ਟੌਹੜਾ ਦਲ ਦੇ ਕਈ ਕਾਰਕੁੰਨ ਗ੍ਰਿਫ਼ਤਾਰ ਕੀਤੇ ਗਏ। ਜਲੰਧਰ 'ਚ 13 ਨਵੰਬਰ ਨੂੰ ਦਹਿਸ਼ਤਗਰਦ ਹਿੰਦੂ ਜਮਾਤ ਸ਼ਿਵ ਸ਼ੈਨਾ ਨੇ ਹਰਜਿੰਦਰ ਸਿੰਘ ਸੈਂਟੀ ਨੂੰ ਪ੍ਰਭਾਤ ਫੇਰੀ ਦੇ ਦੌਰਾਨ ਗੋਲੀ ਮਾਰ ਦਿਤੀ।

ਸਰਕਾਰ ਨੇ 400 ਸਿੱਖਾਂ ਦੇ ਕਤਲ ਤੇ 1625 ਗ੍ਰਿਫ਼ਤਾਰੀਆਂ ਮੰਨੀਆਂ

ਰਾਜ ਸਭਾ 'ਚ ਸਰਕਾਰ ਨੇ ਦਸਿਆ ਕਿ ਇਕ ਨਵੰਬਰ 1985 ਤੋਂ 30 ਅਕਤੂਬਰ 1986 ਤਕ (ਇਕ ਸਾਲ ਵਿਚ) ਪੰਜਾਬ 'ਚ 69 ਖਾੜਕੂ, 39 ਪੁਲਸੀਏ ਤੇ 300 ਦੂਜੇ ਬੰਦੇ ਮਾਰੇ ਗਏ ਸਨ। ਇਸੇ ਸਮੇਂ ਦੌਰਾਨ 1322 ਸਿੱਖ ਗ੍ਰਿਫ਼ਤਾਰ ਕੀਤੇ ਗਏ। ਸਿੱਖਾਂ ਕੋਲੋਂ 28 ਸਟੇਨਾਂ, ਬਰੇਡ ਤੇ ਐਲ.ਐਮ.ਜੀ. 150 ਗੰਨਾਂ, 53 ਰਾਈਫ਼ਲਾਂ, 211 ਰਿਵਾਲਵਰ, 1204 ਪਿਸਤੌਲ ਤੇ 61 ਹੈਂਡ ਗਰਨੇਡ ਫੜੇ ਗਏ। ਬੀ.ਐਸ.ਐਫ਼. ਨੇ ਵੀ 20 ਸਿੱਖ ਮਾਰੇ ਤੇ 60 ਫੜੇ। ਕਸ਼ਮੀਰ 'ਚ 270 ਸਿੱਖ ਗ੍ਰਿਫ਼ਤਾਰ ਕੀਤੇ ਗਏ।

ਖਾੜਕੂਆਂ ਹੱਥੋਂ ਪੁਲਸੀਆਂ ਤੇ ਮੁਖ਼ਬਰਾਂ ਦੇ ਕਤਲ

ਖਾੜਕੂਆਂ ਨੇ ਚਾਰ ਨਵੰਬਰ ਨੂੰ ਜ਼ਾਲਮ ਪੁਲਸੀਏ ਅਨੋਖ ਸਿੰਘ ਨੂੰ ਮਾਰ ਦਿੱਤਾ। ਉਸ ਨੇ ਜਸਮੇਰ ਸਿੰਘ (ਗੁਰਦਾਸਪੁਰ) ਤੇ ਹਰਿੰਦਰ ਸਿੰਘ (ਲੁਧਿਆਣਾ) ਨੂੰ ਨਕਲੀ ਮਕਾਬਲੇ 'ਚ ਮਾਰਿਆ ਸੀ ਅਤੇ ਕਈ ਸਿੱਖ ਨਾਜਾਇਜ਼ ਗ੍ਰਿਫ਼ਤਾਰ ਕੀਤੇ ਸਨ। 15 ਨਵੰਬਰ ਨੂੰ ਤਲਵੰਡੀ ਭਾਈ ਕਾਂਗਰਸ ਦਾ ਪ੍ਰਧਾਨ ਸੰਪੂਰਨ ਸਿੰਘ ਮਾਰ ਦਿੱਤਾ ਗਿਆ। 20 ਨਵੰਬਰ ਨੂੰ ਕਾਂਗਰਸੀ ਬੀਰਪਾਲ ਸਿੰਘ (ਜਿਸ ਨੂੰ ਖਾੜਕੂਆਂ ਦੇ ਧਮਕੀ ਖ਼ਤ ਮਿਲ ਰਹੇ ਸਨ) ਨੇ ਆਪਣੇ-ਆਪ ਨੂੰ ਗੋਲੀ ਮਾਰ ਕੇ ਖ਼ੁਦਕਸ਼ੀ ਕਰ ਲਈ। ਚੌਵੀ ਨਵੰਬਰ ਨੂੰ ਅੰਮ੍ਰਿਤਸਰ ਦੇ ਪੁਲਸ ਕਪਤਾਨ ਐਚ.ਐਸ. ਕਾਹਲੋਂ ਦਾ ਪੁੱਤਰ ਰਵਨੀਤ ਮਾਰ ਦਿੱਤਾ ਗਿਆ (ਇਸ ਐਸ.ਐਚ. ਕਾਹਲੋਂ ਨੇ ਬਹੁਤ ਸਾਰੇ ਬੇਗੁਨਾਹ ਸਿੱਖ ਨੌਜਵਾਨ ਨਕਲੀ ਪੁਲੀਸ ਮੁਕਾਬਲਿਆਂ ਵਿਚ ਮਾਰੇ/ਮਰਵਾਏ ਸਨ)। ਪੰਝੀ ਨਵੰਬਰ ਨੂੰ ਪਿੰਡ ਵੱਟਾਂਵਾਲੀ (ਕਪੂਰਥਲਾ) ਦੇ ਪੁਲਸੀਏ ਬਖ਼ਸ਼ੀਸ਼ ਸਿੰਘ ਦੇ ਟੱਬਰ ਦੇ 6 ਜੀਅ ਮਾਰ ਦਿੱਤੇ ਗਏ। ਛੱਬੀ ਨਵੰਬਰ ਨੂੰ ਨਕੋਦਰ ਰੋਡ ਜਲੰਧਰ ਦਾ ਹੈਡ ਕਾਂਸਟੇਬਲ ਕਾਲਾ ਰਾਮ ਮਾਰ ਦਿੱਤਾ ਗਿਆ। ਇਸ ਨੇ ਚੂਹੜ ਸਿੰਘ ਤੇ ਬਲਬੀਰ ਸਿੰਘ ਨੂੰ ਨਕਲੀ ਮੁਕਾਬਲੇ 'ਚ ਮਾਰਿਆ ਸੀ ਅਤੇ ਹੋਰਨਾਂ ਤੇ ਵੀ ਗੋਲੀਆਂ ਚਲਾਈਆਂ ਸਨ। ਤੀਹ ਨਵੰਬਰ ਨੂੰ ਗਿੱਲਾਂਵਾਲੀ (ਬਟਾਲਾ) 'ਚ ਮੁਖ਼ਬਰ ਸੁਲੱਖਣ ਕਤਲ ਕਰ ਦਿਤਾ ਗਿਆ।

ਹਿੰਦੂਆਂ ਵੱਲੋਂ ਸਿੱਖਾਂ 'ਤੇ ਹਮਲੇ

ਨਵੰਬਰ 1986 ਵਿਚ ਵੀ ਹਿੰਦੂਆਂ ਨੇ ਪੰਜਾਬ, ਦਿੱਲੀ, ਹਰਿਆਣਾ, ਯੂ.ਪੀ. ਅਤੇ ਹੋਰ ਸੂਬਿਆਂ ਵਿਚ ਸਿੱਖਾਂ ਉੱਤੇ ਹਮਲੇ ਕੀਤੇ ਤੇ ਉਨ੍ਹਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਈਆਂ। ਇਨ੍ਹਾਂ ਵਿਚ ਸਭ ਤੋਂ ਵਧ ਗੁੰਡਾਗਰਦੀ ਹੁਸ਼ਿਆਰਪੁਰ ਵਿਚ ਹੋਈ। ਹਿੰਦੂਆਂ ਨੇ ਏਥੇ 11 ਨਵੰਬਰ ਨੂੰ ਸਿੱਖਾਂ ਉੱਤੇ ਪਥਰਾਓ ਕੀਤਾ। ਚੌਦਾਂ ਨਵੰਬਰ ਨੂੰ ਫਿਰ ਇਹੀ ਕੁਝ ਦੁਹਰਾਇਆ ਗਿਆ। ਅਗਲੇ ਦਿਨ 15 ਨਵੰਬਰ ਨੂੰ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਦੇ ਜਲੂਸ ਵੇਲੇ ਸਿੱਖਾਂ ਉੱਤੇ ਪਥਰਾਓ ਕੀਤਾ ਗਿਆ ਪਰ ਜਲੂਸ ਦੇ ਨਾਲ ਚਲਦੀ ਪੁਲੀਸ ਨੇ ਕੋਈ ਕਾਰਵਾਈ ਨਾ ਕੀਤੀ ਸਗੋਂ ਹਿੰਦੂ ਦਹਿਸ਼ਤਗਰਦਾਂ ਦਾ ਸਾਥ ਦਿਤਾ। ਇਸ ਤੋਂ ਪਹਿਲਾਂ ਵੀ 27 ਅਕਤੂਬਰ ਨੂੰ ਸ਼ਿਵ ਸੈਨਾ ਨੇ ਮਨਜੀਤ ਸਿੰਘ ਤੇ ਲਖਵਿੰਦਰ ਸਿੰਘ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਕੁੱਟਿਆ, ਪੱਗਾਂ ਲਾਹੀਆਂ ਅਤੇ ਕੇਸ ਸਾੜੇ ਸਨ। ਦਹਿਸ਼ਤਗਰਦ ਹਿੰਦੂ ਗੁੰਡਿਆਂ ਦੀ ਸ਼ਨਾਖ਼ਤ ਹੋਣ ਦੇ ਬਾਵਜੂਦ ਕਿਸੇ ਹਿੰਦੂ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਗਈ।

ਸੋਲਾਂ ਨਵੰਬਰ ਨੂੰ ਹਿੰਦੂਆਂ ਨੇ ਫਿਰ ਇਹੀ ਗੁੰਡਾਗਰਦੀ ਦੋਹਰਾਈ। ਇਸ ਵਾਰੀ ਹੈਡ ਕਾਂਸਟੇਬਲ ਹਰਬੰਸ ਸਿੰਘ 'ਤੇ ਹਮਲਾ ਕੀਤਾ ਗਿਆ। ਉਸ ਦੀ ਵਰਦੀ ਪਾੜ ਕੇ ਉਸ ਦੀ ਪੱਗ ਲਾਹ ਕੇ ਸਾੜ ਦਿਤੀ। ਇਹ ਸਾਰਾ ਕੁਝ ਕਰਫ਼ਿਊ ਦੇ ਹੁੰਦਿਆਂ ਕੀਤਾ ਗਿਆ। ਪਰ ਪੁਲੀਸ ਨਾਲ ਵੀ ਇਹੋ ਜਿਹੀ ਗੁੰਡਾਗਰਦੀ ਹੋਣ ਦੇ ਬਾਵਜੂਦ, ਹਿੰਦੂਆਂ ਦਾ ਇਕ ਵੀ ਬੰਦਾ ਗ੍ਰਿਫ਼ਤਾਰ ਤਕ ਨਾ ਕੀਤਾ ਗਿਆ। ਇਸੇ ਦਿਨ 12 ਸਿੱਖਾਂ ਦੀਆਂ ਪੱਗਾਂ ਲਾਹ ਕੇ ਸਾੜੀਆਂ ਗਈਆਂ। ਪੁਲਸੀਆਂ ਤੋਂ ਇਲਾਵਾ ਸਤਵੰਤ ਸਿੰਘ, ਸ਼ਿਵ ਸਿੰਘ, ਅਜਾਇਬ ਸਿੰਘ, ਬਲਵਿੰਦਰ ਸਿੰਘ ਤੇ ਚੰਨਣ ਸਿੰਘ ਨੂੰ ਵੀ ਜ਼ਖ਼ਮੀ ਕੀਤਾ ਗਿਆ। ਇਹ ਸਾਰੇ ਸਿੱਖ ਇਕ ਬਾਰਾਤ ਵਿਚ ਸ਼ਾਮਿਲ ਸਨ। ਬਰਾਤ ਉੱਤੇ ਹਿੰਦੂਆਂ ਨੇ ਪੱਥਰ ਵੀ ਸੁਟੇ।

ਸਤਾਰਾਂ ਨਵੰਬਰ ਨੂੰ ਹੁਸ਼ਿਆਰਪੁਰ 'ਚ ਫੇਰ ਗੁੰਡਾਗਰਦੀ ਕਰ ਕੇ ਦਹਿਸ਼ਤਗਰਦ ਹਿੰਦੂਆਂ ਦੇ ਇਕ ਵੱਡੇ ਹਜੂਮ ਨੇ ਮੁਕਾਮੀ ਸਿੱਖਾਂ ਦਾ ਜੀਣਾ ਮੁਹਾਲ ਕਰ ਦਿਤਾ। ਸਿੱਖਾਂ ਦੀਆਂ ਕਾਰਾਂ, ਟਰੈਕਟਰਾਂ ਉੱਤੇ ਹਮਲੇ ਕੀਤੇ ਗਏ। ਉੱਨੀ ਨਵੰਬਰ ਨੂੰ ਹੁਸ਼ਿਆਰਪੁਰ ਦੇ ਪਿੰਡਾਂ ਸਹੋੜ, ਆਦੇਵਾਲ, ਬੈਂਸ, ਮਰਾਦਪੁਰ, ਭਾਗੰਵਾਲ, ਹਰਗੜ, ਡਿਗਣਾ, ਪਿੱਪਲਾਂ ਵਾਲਾ, ਪੁਰਹੀਰਾਂ ਵਗੈਰਾ ਵਿੱਚੋ ਸਿੱਖਾਂ ਦਾ ਇਕ ਜਲੂਸ ਹੁਸ਼ਿਆਰਪੁਰ ਆਇਆ। ਜਲੂਸ ਨੂੰ ਸ਼ਹਿਰੋਂ ਬਾਹਰ ਹੀ ਰੋਕ ਦਿਤਾ ਗਿਆ ਤੇ ਡੀ.ਸੀ. ਉੱਥੋਂ ਮੈਮੋਰੰਡਮ ਲੈ ਆਇਆ। ਸ਼ਹਿਰ ਵਿਚ ਹਿੰਦੂਆਂ ਨੂੰ ਕਰਫ਼ਿਊ ਦੌਰਾਨ ਵੀ ਸਿੱਖਾਂ ਉੱਤੇ ਹਮਲੇ ਕਰਨ ਦੀ ਖੁੱਲ੍ਹ ਸੀ ਪਰ ਸਿੱਖ ਪੁਰਅਮਨ ਜਲੂਸ ਵੀ ਨਹੀਂ ਸਨ ਕੱਢ ਸਕਦੇ। ਸੁਰਜੀਤ ਬਰਨਾਲਾ ਦੀ ਸਰਕਾਰ ਵੇਲੇ ਪੰਜਾਬ 'ਚ ਹਿੰਦੂ ਤੇ ਸਿੱਖ ਦੇ ਹੱਕਾਂ ਦਾ ਇਹ ਫ਼ਰਕ ਸੀ।

ਫ਼ਿਰਕੂ ਹਿੰਦੂ ਕਾਲੀ ਚਰਨ ਮਾਰਿਆ ਗਿਆ

ਗੁਰੂ ਸਾਹਿਬਾਨ ਦੇ ਖ਼ਿਲਾਫ਼ 1957-58 ਵਿਚ ਸਭ ਤੋਂ ਜ਼ਿਆਦਾ ਬੋਲਣ ਵਾਲਾ ਜ਼ਹਿਰੀਲਾ ਫ਼ਿਰਕੂ ਹਿੰਦੂ, ਜਿਹੜਾ ਬਾਅਦ ਵਿਚ ਵੀ ਕੁਫ਼ਰ ਤੋਲਦਾ ਰਿਹਾ, ਉਹ ਕਾਲੀ ਚਰਨ (ਲੁਧਿਆਣਾ) ਸਤ ਨਵੰਬਰ ਨੂੰ ਕਤਲ ਕਰ ਦਿਤਾ ਗਿਆ। ਉਸ ਦੇ ਘਰ ਸੁਨੇਹਾ ਦੇਣ ਗਿਆਂ ਨੇ ਉਸ ਦੇ ਘਰ ਵਾਲਿਆਂ ਨੂੰ ਦੱਸਿਆ ਕਿ 'ਤੁਹਾਡਾ ਸ਼ੇਰ ਮਰਿਆ ਪਿਆ ਜੇ।' ਸਸਕਾਰ ਤੋਂ ਦੋ ਦਿਨ ਮਗਰੋਂ ਜਦ ਉਸ ਦੇ ਘਰ ਵਾਲੇ ਉਸ ਦੀਆਂ ਅਸਥੀਆਂ ਇਕੱਠੀਆਂ ਕਰਨ ਗਏ ਤਾਂ ਉੱਥੇ ਕੁਝ ਵੀ ਨਹੀਂ ਸੀ। ਖਾੜਕੂਆਂ ਨੇ ਉਹ ਸਭ ਚੁਕ ਕੇ ਗੰਦੇ ਨਾਲੇ ਵਿਚ ਸੁੱਟ ਦਿੱਤਾ ਸੀ।

ਨਵਾਂ ਸਰਬੱਤ ਖਾਲਸਾ

1 ਨਵੰਬਰ 1986 ਨੂੰ ਭਿੰਡਰਾਂ-ਮਹਿਤਾ ਜੱਥਾ ਨੇ ਅਕਾਲ ਤਖ਼ਤ ਸਾਹਿਬ ਦੇ ਮੂਹਰੇ 'ਸਰਬੱਤ ਖਾਲਸਾ' ਦੇ ਨਾਂ 'ਤੇ ਇਕ ਹੋਰ ਦੀਵਾਨ ਕੀਤਾ। ਇਸ ਵਿਚ ਬਰਨਾਲਾ ਤੇ ਬਲਵੰਤ ਸਿੰਘ ਸੁਲਤਾਨਪੁਰੀ ਨੂੰ ਪੰਥ 'ਚੋਂ ਖਾਰਿਜ ਕਰਨ ਦਾ ਐਲਾਨ ਕੀਤਾ ਗਿਆ ਤੇ ਲੌਂਗੋਵਾਲ ਨੂੰ 'ਪੰਥ ਦਾ ਗ਼ੱਦਾਰ' ਗਰਦਾਨਿਆ ਗਿਆ।

ਬਰਨਾਲੇ ਤੋਂ ਸ਼੍ਰੋਮਣੀ ਕਮੇਟੀ ਖੁੱਸੀ

ਇਸ ਵੇਲੇ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਕਾਬਲ ਸਿੰਘ ਸੀ ਤੇ ਉਸ ਦੀ ਵਾਗ-ਡੋਰ ਸੁਰਜੀਤ ਬਰਨਾਲੇ ਦੇ ਹੱਥਾਂ ਵਿਚ ਸੀ। 30 ਨਵੰਬਰ 1986 ਦੇ ਦਿਨ ਸ਼੍ਰੋਮਣੀ ਕਮੇਟੀ

ਦੀ ਸਾਲਾਨਾ ਚੋਣ ਵਿਚ ਗੁਰਚਰਨ ਸਿੰਘ ਟੌਹੜਾ ਨੇ 74 ਵੋਟਾਂ ਲੈ ਕੇ ਕਾਬਲ ਸਿੰਘ ਨੂੰ 16 ਵੋਟਾਂ 'ਤੇ ਹਰਾਇਆ। ਕਾਬਲ ਸਿੰਘ ਦਾ ਨਾਂ ਅਮਰ ਸਿੰਘ ਨਲਨੀ ਨੇ ਪੇਸ਼ ਕੀਤਾ ਸੀ ਤੇ ਹਰਚਰਨ ਸਿੰਘ ਹੁਡਿਆਰੇ ਨੇ ਤਾਈਦ ਕੀਤੀ ਸੀ। ਚੋਣ ਮਗਰੋਂ ਟੌਹੜਾ ਨੇ (ਬਰਨਾਲੇ ਦੀ ਬਣਾਈ) 'ਟਾਸਕ ਫ਼ੋਰਸ' ਨੂੰ ਖ਼ਤਮ ਕਰਨ ਅਤੇ ਦਰਬਾਰ ਸਾਹਿਬ ਵਿਚ ਬਰਨਾਲੇ ਵਲੋਂ ਪੁਲੀਸ ਹਮਲੇ ਦੀ ਨਿੰਦਾ ਦੇ ਮਤੇ ਪਾਸ ਕਰਵਾਏ। ਟਾਸਕ ਫ਼ੋਰਸ ਤੋੜਨ ਮਗਰੋਂ ਜਦੋਂ ਉਨ੍ਹਾਂ ਨੂੰ ਗੁਰੂ ਨਾਨਕ ਨਿਵਾਸ ਵਿਚ ਕਬਜ਼ਾ ਕੀਤੇ ਕਮਰੇ ਖ਼ਾਲੀ ਕਰਨ ਵਾਸਤੇ ਕਿਹਾ ਤਾਂ ਉਨ੍ਹਾਂ ਨੇ ਨਾਂਹ ਕਰ ਦਿੱਤੀ ਤੇ ਕਿਹਾ ਕਿ ਜੇ ਬਰਨਾਲਾ ਕਹੇਗਾ ਤਾਂ ਅਸੀਂ ਨਿਕਲਾਂਗੇ। ਜਦੋਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ 53 ਬੰਦਿਆਂ ਦੇ ਕਮਰਿਆਂ ਦੇ ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕੱਟ ਦਿੱਤੇ ਤਾਂ ਉਹ ਕਮਰਿਆਂ ਨੂੰ ਖਾਲੀ ਕਰ ਕੇ ਭੱਜ ਗਏ।

ਹਾਰੇ ਹੋਏ ਬਰਨਾਲੇ ਨੇ ਅਕਾਲੀ ਜੇਲ੍ਹਾਂ ਵਿਚ ਸੁੱਟੇ

ਓਧਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ 'ਚ ਆਪਣੀ ਹਾਰ ਤੋਂ ਖਿਝ ਕੇ ਬਰਨਾਲੇ ਨੇ ਟੌਹੜਾ, ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁੱਚਾ ਸਿੰਘ ਛੋਟੇਪੁਰ, ਸੁਖਜਿੰਦਰ ਸਿੰਘ ਵਗ਼ੈਰਾ ਨੂੰ ਨੈਸ਼ਨਲ ਸਕਿਊਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ, ਤਕਲੀਫ਼ਾਂ ਲਈ ਮਸ਼ਹੂਰ ਜੇਲ੍ਹਾਂ ਵਿਚ ਭੇਜ ਦਿੱਤਾ।

ਹੁਸ਼ਿਆਰਪੁਰ ਵਿਚ ਸਿੱਖਾਂ 'ਤੇ ਜ਼ੁਲਮ ਦਾ ਜਵਾਬੇ-ਅਮਲ

ਹੁਸ਼ਿਆਰਪੁਰ 'ਚ ਕਈ ਦਿਨ ਆਮ ਸਿੱਖਾਂ ਅਤੇ ਸਿੱਖ ਪੁਲਸੀਆਂ ਉੱਤੇ ਵੀ ਜ਼ੁਲਮ ਢਾਹੁਣ ਦੇ ਬਾਵਜੂਦ ਜਦੋਂ ਪੁਲੀਸ ਨੇ ਕਿਸੇ ਹਿੰਦੂ ਦੇ ਖ਼ਿਲਾਫ਼ ਕੋਈ ਐਕਸ਼ਨ ਨਾ ਲਿਆ ਅਤੇ ਹਿੰਦੂ ਦਹਿਸ਼ਤਗਰਦਾਂ ਦਾ ਜ਼ੁਲਮ ਬਦਸਤੂਰ ਜਾਰੀ ਰਿਹਾ ਤਾਂ ਤੀਹ ਨਵੰਬਰ ਦੇ ਦਿਨ ਕੁਝ ਖਾੜਕੂਆਂ ਨੇ ਟਾਂਡੇ ਨੇੜੇ ਖੁੱਡਾ ਪਿੰਡ ਵਿਚ ਬੱਸ ਰੋਕ ਕੇ 24 ਹਿੰਦੂ ਕਤਲ ਕਰ ਦਿੱਤੇ।

ਖਾੜਕੂਆਂ ਨੇ ਮੁਖ਼ਬਰ ਮਾਰੇ

ਖਾੜਕੂਆਂ ਦੀਆਂ ਗ੍ਰਿਫ਼ਤਾਰੀਆਂ ਕਰਵਾਉਣ ਵਾਲੇ ਅਤੇ ਸਿੱਖਾਂ ਉਤੇ ਜ਼ੁਲਮ ਕਰਨ ਵਾਲੇ ਪੁਲਸੀਆਂ ਨੂੰ ਨੱਥ ਪਾਉਣ ਵਾਸਤੇ ਖਾੜਕੂਆਂ ਨੇ ਪਹਿਲੀ ਦਸੰਬਰ ਨੂੰ ਰੋਡੇ ਪਿੰਡ ਦਾ ਸਰਪੰਚ ਜੁਗਿੰਦਰ, ਜਿਸ ਨੇ ਵਰਿਆਮ ਸਿੰਘ ਖਾਪਿਆਂਵਾਲੀ ਦੇ ਖ਼ਿਲਾਫ਼ ਗਵਾਹੀ ਦਿੱਤੀ ਸੀ, ਕਤਲ ਕਰ ਦਿਤਾ। ਤੇਰ੍ਹਾਂ ਦਸੰਬਰ ਨੂੰ ਖਾਨੇਵਾਲ, ਅਜਨਾਲਾ, ਦਾ ਮੁਖ਼ਬਰ ਮੁਖ਼ਤਿਆਰ ਮਾਰ ਦਿਤਾ ਗਿਆ। ਸੋਲਾਂ ਦਸੰਬਰ ਨੂੰ ਬਲਬੱਗਾ (ਅੰਮ੍ਰਿਤਸਰ) ਦੇ ਮੁਖ਼ਬਰ ਅਜੀਤ ਦੇ ਘਰ 'ਚ ਛੇਆਂ ਜਣਿਆਂ ਨੂੰ ਮਾਰਿਆ ਗਿਆ। ਉੱਨੀ ਦਸੰਬਰ ਨੂੰ ਜ਼ਾਲਮ ਇੰਸਪੈਕਟਰ ਬ੍ਰਹਮ ਦੇਵ ਦਾ ਪੁੱਤਰ ਅਰੁਣ ਕੁਮਾਰ ਕਤਲ ਹੋਇਆ। ਚੌਵੀ ਦਸੰਬਰ ਨੂੰ ਜਲੰਧਰ ਵਿਚ ਹਰਭਜਨ ਕੌਰ ਕਤਲ ਕੀਤੀ ਗਈ। ਇਸੇ ਦਿਨ ਵਾਟਾਂਵਾਲੀ ਦੇ ਸਿਪਾਹੀ ਬਖ਼ਸ਼ੀਸ਼ ਦਾ ਟੱਬਰ ਮਾਰਿਆ ਗਿਆ। ਸਤਾਈ ਦਸੰਬਰ ਨੂੰ ਜੱਥਾ ਸੁਧਾਰ ਦੇ ਪੰਚ ਜਗਤ ਸਿੰਘ ਦਾ ਟੱਬਰ ਕਤਲ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਵੀ ਕਈ ਮੁਖ਼ਬਰ, ਜ਼ਾਲਮ ਪੁਲਸੀਏ ਤੇ ਟਾਊਟ ਮਾਰੇ ਗਏ। ਸਿੱਖਾਂ ਖ਼ਿਲਾਫ਼ ਲਿਖਣ ਵਾਲੇ ਅਖ਼ਬਾਰ ਨਵੀਸ ਜਗਜੀਤ ਸਿੰਘ ਨੂੰ 3 ਦਸੰਬਰ ਨੂੰ ਗੋਲੀ ਮਾਰੀ ਗਈ। ਅਗਲੇ ਦਿਨ ਉਹ ਮਰ ਗਿਆ।

ਖਾੜਕੂਆਂ ਅਤੇ ਆਮ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਦਸੰਬਰ 1986 ਵਿਚ ਵੀ ਸੁਰਜੀਤ ਬਰਨਾਲਾ ਸਰਕਾਰ ਵੱਲੋਂ ਬਹੁਤ ਸਾਰੇ ਸਿੱਖ ਗ੍ਰਿਫ਼ਤਾਰ ਕੀਤੇ ਗਏ। ਇਨ੍ਹਾਂ ਵਿਚੋਂ ਬਹੁਤੇ ਤਾਂ ਫ਼ੈਡਰੇਸ਼ਨ ਦੇ ਹੀ ਸਨ ਪਰ ਕੁਝ ਇਨਾਮੀ ਖਾੜਕੂ ਵੀ ਸਨ। ਦਸੰਬਰ ਨੂੰ ਬਟਾਲੇ ਵਿਚ ਮੁਕਾਬਲੇ ਦੇ ਨਾਂ 'ਤੇ ਬਲਦੇਵ ਸਿੰਘ (ਰਾਇਸਰ, ਧਾਰੀਵਾਲ) ਤੇ ਸੁਰਿੰਦਰ ਸਿੰਘ (ਖੋਖਰ, ਬਟਾਲਾ) ਗ੍ਰਿਫ਼ਤਾਰ ਕੀਤੇ ਗਏ। ਹਰਗੋਬਿੰਦਪੁਰ ਨੇੜੇ ਖੁੱਡੀ ਵਿਚ ਸਵਿੰਦਰ ਸਿੰਘ ਨੂੰ ਹਿਰਾਸਤ 'ਚ ਲਿਆ ਗਿਆ। ਮਖੂ ਵਿਚ ਦੀਦਾਰ ਸਿੰਘ (ਤਲਵੰਡੀ ਨਿਪਾਲੀਆਂ, ਫ਼ਿਰੋਜਪੁਰ), ਸਮੁੰਦ ਸਿੰਘ (ਡੱਲਾ, ਅੰਮ੍ਰਿਤਸਰ), ਜਰਨੈਲ ਸਿੰਘ (ਗੁੱਡੂਵਾਲਾ, ਭਿਖੀ ਵਿੰਡ) ਨੂੰ ਮੁਕਾਬਲੇ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ। ਮੇਜਰ ਸਿੰਘ (ਖਜਾਲਾ), ਗੁਰਮੇਜ ਸਿੰਘ ਅਤੇ ਕੋਹਾਲਾ ਗੁਰਦੁਆਰੇ ਦਾ ਗ੍ਰੰਥੀ ਵੀ ਗ੍ਰਿਫ਼ਤਾਰ ਕੀਤੇ ਗਏ। ਚਾਰ ਦਸੰਬਰ ਨੂੰ ਮੋਗਾ ਵਿਚ 8 ਖਾੜਕੂ ਗ੍ਰਿਫ਼ਤਾਰ ਕੀਤੇ ਗਏ। ਪੰਜ ਦਸੰਬਰ ਨੂੰ ਫਿਲੌਰ 'ਚ ਸਤਨਾਮ ਸਿੰਘ (ਮਊ ਸਾਹਿਬ) ਹਿਰਾਸਤ 'ਚ ਲਿਆ ਗਿਆ। ਛੇ ਦਸੰਬਰ ਨੂੰ ਪਾਕਿਸਤਾਨੋਂ ਦਾਖਲ ਹੋ ਰਹੇ ਆਖ ਕੇ ਅਵਤਾਰ ਸਿੰਘ, (ਢਾਡੀਆਲਾ), ਗੁਰਮੁਖ ਸਿੰਘ, ਅਜੀਤ ਸਿੰਘ, ਸਤਨਾਮ ਸਿੰਘ, ਕੁਲਵੰਤ ਸਿੰਘ, ਅਬਨਾਸ਼ ਸਿੰਘ, ਹਰਦਿਆਲ ਸਿੰਘ ਗ੍ਰਿਫ਼ਤਾਰ ਕੀਤੇ ਗਏ। ਅਠ ਦਸੰਬਰ ਨੂੰ ਅਬਹੋਰ ਵਿਚ ਗੁਰਜੀਤ ਸਿੰਘ (ਗੁਰੂਹਰਸਹਾਇ) ਤੇ ਰਜਿੰਦਰ ਕੁਮਾਰ (ਪੱਟੀ ਸਦੀਕ) ਨੂੰ ਦਹਿਸ਼ਤਪਸੰਦ ਆਖ ਕੇ ਫੜਿਆ ਗਿਆ।

ਦਸ-ਗਿਆਰ੍ਹਾਂ ਦਸੰਬਰ ਦੀ ਰਾਤ ਨੂੰ ਦਿੱਲੀ ਵਿਚ ਨਾਮੀ ਖਾੜਕੂ ਰੌਸ਼ਨ ਸਿੰਘ ਬੈਰਾਗੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਚੌਦਾਂ ਦਸੰਬਰ ਨੂੰ ਅਮਰੀਕ ਸਿੰਘ (ਸ਼ਾਹਪੁਰ ਗਰਾਈਆਂ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਮਲੋਟ ਤੋਂ ਬਲਵਿੰਦਰ ਸਿੰਘ ਤੇ ਜਸਬੀਰ ਸਿੰਘ (ਕਿੰਗਰਾਂ ਪਿੰਡ) ਗ੍ਰਿਫ਼ਤਾਰ ਕੀਤੇ ਗਏ। ਜੋਗਿਦਰ ਸਿੰਘ ਤੇ ਸੁਖਵਿੰਦਰ ਸਿੰਘ (ਮਹਿਦੀਪੁਰ) ਨੂੰ ਮੁਕੇਰੀਆਂ ਕੋਲ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਧੰਨਾ ਸਿੰਘ ਮੈਂਬਰ 'ਪੰਥਕ ਕਮੇਟੀ' ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਸੋਲਾਂ ਦਸੰਬਰ ਨੂੰ ਸੈਸ਼ਨ ਜੱਜ ਦੇ ਕਤਲ ਦੇ ਕੇਸ 'ਚ ਦੋ ਖਾੜਕੂ ਲੁਧਿਆਣਾ ਯੂਨੀਵਰਸਿਟੀ ਤੋਂ ਗ੍ਰਿਫ਼ਤਾਰ ਕੀਤੇ ਗਏ। ਸਤਾਰਾਂ ਦਸੰਬਰ ਨੂੰ ਫਰੀਦਕੋਟ ਵਿਚ ਬਸੰਤ ਸਿੰਘ ਤੇ ਬਿਅੰਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਅਠਾਰਾਂ ਦਸੰਬਰ ਨੂੰ ਨੰਦਾਚੌਰ ਤੋਂ ਅਮਰਜੀਤ ਸਿੰਘ, ਇੰਦਰਜੀਤ ਸਿੰਘ ਤੇ ਅਵਤਾਰ ਸਿੰਘ (ਤਿੰਨੇ ਭੋਗਪੁਰ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ, ਬਾਰਡਰ ਪਾਰ ਕਰਨ ਦੇ ਨਾਂ 'ਤੇ ਖ਼ਜ਼ਾਨ ਸਿੰਘ (ਖੁਸਰਵਾਲੀ, ਫਤਹਿਗੜ ਚੂੜੀਆਂ) ਅਤੇ ਅਮਰੀਕ ਸਿੰਘ (ਦਿੱਲੀ) ਨੂੰ ਹਿਰਾਸਤ 'ਚ ਲਿਆ ਗਿਆ। ਅਠਾਰਾਂ ਦਸੰਬਰ ਨੂੰ ਕੰਵਲਜੀਤ ਸਿੰਘ (ਦਾਦੂ ਜੋਧ) ਨੂੰ 6 ਕਤਲਾਂ 'ਚ ਫੜਿਆ ਗਿਆ।

23 ਦਸੰਬਰ ਨੂੰ ਇੰਦਰਜੀਤ ਸਿੰਘ ਤੇ ਗੁਰਸੇਵਕ ਸਿੰਘ (ਤਰਨਤਾਰਨ) ਨੂੰ ਗ੍ਰਿਫ਼ਤਾਰ ਕੀਤਾ ਗਿਆ। 24 ਦਸੰਬਰ ਨੂੰ ਮੋਗਾ ਨੇੜੇ ਪ੍ਰੀਤਮ ਸਿੰਘ ਉਰਫ਼ ਫ਼ੌਜੀ ਨੂੰ ਗ੍ਰਿਫ਼ਤਾਰ ਕੀਤਾ ਗਿਆ। ਹੁਸ਼ਿਆਰਪੁਰ ਦੇ ਪੱਜੋਦਿਤਾ ਪਿੰਡ ਚੋਂ ਕੁਲਦੀਪ ਸਿੰਘ ਨੂੰ ਹਿਰਾਸਤ 'ਚ ਲਿਆ ਗਿਆ। 29 ਦਸੰਬਰ ਨੂੰ ਮਨਜੀਤ ਸਿੰਘ ਖਜਾਲਾ ਦੇ ਸਾਥੀ ਜਸਵੰਤ ਸਿੰਘ ਅਤੇ (ਇੰਦਰਾ ਨੂੰ ਕਤਲ ਕਰਨ ਵਾਲੇ) ਸਤਵੰਤ ਸਿੰਘ ਦੇ ਚਾਚੇ ਅਮਰੀਕ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਤੋਂ ਇਲਾਵਾ ਅਵਤਾਰ ਸਿੰਘ ਤੇ ਦਲਜੀਤ ਸਿੰਘ (ਸੁਲਤਾਨਵਿੰਡ), ਗੁਰਦਾਸਪੁਰ ਦਾ ਪਿੰਦਾ, ਉਗਾੜ ਔਲਖ ਦਾ ਸੁਬੇਗ ਸਿੰਘ, ਗੁਰੂ ਦੀ ਵਡਾਲੀ ਦੇ ਗੁਰਦੀਪ ਸਿੰਘ ਤੇ ਸੰਤ ਸਿੰਘ ਵੀ ਗ੍ਰਿਫ਼ਤਾਰ ਕੀਤੇ ਗਏ।

20 ਤੋਂ 24 ਦਸੰਬਰ ਤਕ ਸੀ.ਆਰ.ਪੀ.ਐਫ਼. ਨੇ ਅੰਮ੍ਰਿਤਸਰ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਨਾਕਾਬੰਦੀ ਕਰ ਕੇ, ਸਿੱਖਾਂ ਦੇ ਘਰਾਂ ਦੀਆਂ ਤਲਾਸ਼ੀਆਂ ਲਈਆਂ ਤੇ ਸੈਂਕੜੇ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ। ਸਭ ਤੋਂ ਜ਼ਿਆਦਾ ਤਲਾਸ਼ੀਆਂ ਈਸਟ ਮੋਹਨ ਨਗਰ, ਸੁਲਤਾਨਵਿੰਡ, ਉੱਤਮ ਨਗਰ, ਅਜੀਤ ਨਗਰ, ਚੰਨਣ ਨਗਰ, ਗੋਪਾਲ ਨਗਰ, ਖਾਲਸਾ ਕਾਲਜ, ਪੁਤਲੀ ਘਰ ਵਿਚ ਕੀਤੀਆਂ ਗਈਆਂ। ਇਨ੍ਹਾਂ ਸਾਰੇ ਘਰਾਂ ਵਿਚੋਂ ਸਿੱਖਾਂ ਦੇ ਨੌਜਵਾਨ ਮੁੰਡਿਆਂ ਨੂੰ ਥਾਣੇ ਲਿਆਂਦਾ ਗਿਆ ਤੇ ਕਈਆਂ ਨੂੰ ਝੂਠੇ ਕੇਸਾਂ ਵਿਚ ਫਸਾ ਦਿੱਤਾ ਗਿਆ।

ਨਕਲੀ ਮੁਕਾਬਲਿਆਂ ਵਿਚ ਸਿੱਖ ਕਤਲ

ਦਸੰਬਰ 1986 ਵਿਚ ਬਹੁਤ ਸਿੱਖ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਸ਼ੁਰੂ ਦਸੰਬਰ ਵਿਚ 2 ਸਿੱਖ ਖਾਲੜੇ ਕੋਲ ਅਤੇ ਸਤਾਰਾਂ ਦਸੰਬਰ ਨੂੰ ਕੰਵਲਜੀਤ ਸਿੰਘ (ਚੌਧਰੀਵਾਲ, ਗੁਰਦਾਸਪੁਰ) ਨੂੰ ਨਕਲੀ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ। ਇੰਞ ਹੀ ਗੱਜਣ ਸਿੰਘ ਤੇ ਸੁਖਦੇਵ ਸਿੰਘ ਨੂੰ ਵੀ ਨਕਲੀ ਮੁਕਾਬਲੇ 'ਚ ਕਤਲ ਕੀਤਾ ਗਿਆ। 22 ਦਸੰਬਰ ਨੂੰ ਇਕ, 25 ਦਸੰਬਰ ਨੂੰ ਡੇਰਾ ਬਾਬਾ ਨਾਨਕ ਕੋਲ ਇਕ, 26 ਦਸੰਬਰ ਨੂੰ ਇਕ ਹੋਰ ਸਿੱਖ (ਕਿਸੇ ਸਰਹੱਦੀ ਪਿੰਡ ਵਿਚ) ਸ਼ਾਮਿਲ ਸਨ। ਕਈ ਕਤਲਾਂ ਅਤੇ ਨਕਲੀ ਪੁਲੀਸ ਮੁਕਾਬਲਿਆਂ ਦੀ ਸੂਹ ਤਕ ਨਹੀ ਨਿਕਲਣ ਦਿਤੀ।

ਹਿੰਦੂ ਦਹਿਸ਼ਤਗਰਦਾਂ ਵਲੋਂ ਫੇਰ ਸਿੱਖਾਂ 'ਤੇ ਜ਼ੁਲਮ

ਪਹਿਲੀ ਦਸੰਬਰ ਨੂੰ ਪੰਜਾਬ ਬੰਦ ਦੇ ਨਾਂ 'ਤੇ ਹਿੰਦੂਆਂ ਨੇ ਦਸੂਹਾ, ਜਲੰਧਰ ਤੇ ਹੋਰ ਇਲਾਕਿਆਂ 'ਚ ਗੁੰਡਾਗਰਦੀ ਕੀਤੀ। ਇਕ ਦਸੰਬਰ ਨੂੰ ਵੀ ਬੀ.ਐਸ.ਐਫ਼. ਦੇ ਸਿਪਾਹੀ ਜਤਿੰਦਰ ਸਿੰਘ ਨੂੰ ਬਟਾਲਾ ਵਿਚ ਅਸ਼ਵਨੀ ਸੇਖੜੀ ਕਾਂਗਰਸੀ ਐਮ.ਐਲ.ਏ. ਦੀ ਕੋਠੀ ਨੇੜੇ ਗੋਲੀ ਮਾਰ ਕੇ ਮਾਰਿਆ ਗਿਆ। ਚਾਰ ਦਸੰਬਰ ਨੂੰ ਬਟਾਲੇ ਵਿਚ ਹਿੰਦੂਆਂ ਨੇ ਵੱਡੇ ਬਜ਼ਾਰ ਕੋਲ 4 ਸਿੱਖਾਂ ਉੱਤੇ ਹਮਲਾ ਕਰ ਦਿਤਾ। ਉਨ੍ਹਾਂ ਵਿਚੋਂ ਪ੍ਰੇਮ ਸਿੰਘ (ਅਬਦਾਲ, ਮਜੀਠਾ ਦਾ) ਨੂੰ ਹਿੰਦੂਆਂ ਨੇ ਕੁੱਟ-ਕੁੱਟ ਕੇ ਅੱਧਮੋਇਆ ਕਰ ਦਿਤਾ। ਉਹ ਅਗਲੇ ਦਿਨ ਹਸਪਤਾਲ 'ਚ ਮਰ ਗਿਆ। ਇਸ ਕਤਲ ਕਾਂਡ 'ਚ ਕਿਸੇ ਵੀ ਹਿੰਦੂ ਨੂੰ ਕੋਈ ਸਜ਼ਾ ਨਹੀਂ ਦਿੱਤੀ ਗਈ। ਅਜਿਹੀਆਂ ਹਰਕਤਾਂ ਬਟਾਲੇ ਤੇ ਹੁਸ਼ਿਆਰਪੁਰ ਵਿਚ ਆਮ ਸਨ।

ਅਠ ਦਸੰਬਰ ਨੂੰ ਕਪੂਰਥਲਾ ਵਿਚ ਹਿੰਦੂਆਂ ਨੇ ਸਿੱਖਾਂ ਦੇ ਨਿੱਕੇ-ਨਿੱਕੇ ਬੱਚਿਆਂ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਜ਼ਖ਼ਮੀ ਕੀਤਾ। ਪੁਲੀਸ ਤਮਾਸ਼ਾ ਵੇਖਦੀ ਰਹੀ। ਦਸ ਦਸੰਬਰ ਨੂੰ ਕਰਨਾਲ ਵਿਚ 2 ਗੁਰਦੁਆਰੇ ਤੇ ਸਿੱਖਾਂ ਦੇ 8 ਘਰ ਅਤੇ ਦੁਕਾਨਾਂ ਨੂੰ ਹਿੰਦੂਆਂ ਨੇ ਸਾੜ ਦਿੱਤਾ। ਵੀਹ ਦਸੰਬਰ ਨੂੰ ਅੰਮ੍ਰਿਤਸਰ ਵਿਚ ਹਿੰਦੂਆਂ ਨੇ ਸਿੱਖਾਂ 'ਤੇ ਹਮਲੇ ਕੀਤੇ ਤੇ ਕਈਆਂ ਨੂੰ ਜ਼ਖ਼ਮੀ ਕੀਤਾ। ਤੀਹ ਦਸੰਬਰ ਨੂੰ ਪਟਿਆਲੇ ਵਿਚ ਹਿੰਦੂਆਂ ਨੇ ਮਲਕੀਅਤ ਸਿੰਘ ਨੂੰ ਛੁਰਾ ਮਾਰ ਕੇ ਕਤਲ ਕਰ ਦਿਤਾ। ਇਨ੍ਹਾਂ ਕੇਸਾਂ ਵਿਚ ਕਿਸੇ ਵੀ ਹਿੰਦੂ ਨੂੰ ਗ੍ਰਿਫ਼ਤਾਰ ਨਹੀਂ ਸੀ ਕੀਤਾ ਗਿਆ।

ਦਿੱਲੀ 'ਚ ਸਿੱਖਾਂ 'ਤੇ ਫੇਰ ਜ਼ੁਲਮ ਅਤੇ ਕਤਲੇਆਮ

ਦੋ ਦਸੰਬਰ ਨੂੰ ਦਿੱਲੀ ਦੇ ਦਹਿਸ਼ਤਗਰਦ ਹਿੰਦੂਆਂ ਨੇ ਸਿੱਖਾਂ ਉੱਤੇ ਹਮਲੇ ਕੀਤੇ ਤੇ ਛੇ

ਗੱਡੀਆਂ ਸਾੜੀਆਂ। ਤਿੰਨ ਦਸੰਬਰ ਨੂੰ ਦਿੱਲੀ ਦੇ ਗੁਰਦੁਆਰਾ ਸੀਸ ਗੰਜ ਉੱਤੇ ਹਿੰਦੂਆਂ ਨੇ ਹਮਲਾ ਕੀਤਾ ਤੇ ਪੁਲੀਸ ਚੁਪਚਾਪ ਵੇਖਦੀ ਰਹੀ। ਪੰਜ ਦਸੰਬਰ ਨੂੰ ਪੁਲੀਸ ਵਲੋਂ ਗੁਰੂ ਤੇਗ ਬਹਾਦਰ ਪੁਰਬ ਦੇ ਜਲੂਸ 'ਤੇ ਪਾਬੰਦੀ ਲਾ ਦਿੱਤੀ ਗਈ। ਇਹ ਤਵਾਰੀਖ਼ ਵਿਚ ਪਹਿਲੀ ਵਾਰ ਹੋਇਆ ਸੀ। ਹਿੰਦੂ ਹਾਕਮਾਂ ਨੇ ਸਾਬਿਤ ਕੀਤਾ ਕਿ ਉਹ ਗੁਰੂ ਤੇਗ਼ ਬਹਦਰ ਸਾਹਿਬ ਦੀ ਕੁਰਬਾਨੀ ਵਾਸਤੇ ਵੀ ਅਕ੍ਰਿਤਘਣ ਹਨ।

ਇਸੇ ਦਿਨ ਸੀ.ਆਰ.ਪੀ.ਐਫ਼. ਦਾ ਘੇਰਾ ਤੋੜਨ ਵਾਸਤੇ ਚਲਾਏ ਟਰੱਕ ਹੇਠ ਤਿੰਨ ਪੁਲਸੀਏ ਰਗੜੇ ਗਏ। ਸੀ.ਆਰ.ਪੀ.ਐਫ਼. ਨੇ ਟਰੱਕ ਵਿਚੋਂ ਕਢ ਕੇ ਪਰਮਜੀਤ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। ਬੰਗਲਾ ਸਾਹਿਬ ਗੁਰਦੁਆਰੇ ਉੱਤੇ ਹਿੰਦੂਆਂ ਨੇ ਬੇਵਜਹ ਅੰਨ੍ਹੀ ਫ਼ਾਇਰਿੰਗ ਕਰ ਕੇ ਤਿੰਨ ਸਿੱਖ ਮਾਰ ਦਿੱਤੇ। ਇਹ ਸਨ: ਜਸਪਾਲ ਸਿੰਘ, ਇਕਬਾਲ ਸਿੰਘ ਸਪੁੱਤਰ ਗਿਆਨ ਸਿੰਘ (ਕਰੋਲ ਬਾਗ), ਪਰਮਜੀਤ ਸਿੰਘ ਉਰਫ਼ ਬੰਬੀ। ਬੰਬੀ, 13 ਸਾਲ ਦਾ ਬੱਚਾ, ਨਿਸ਼ਾਨ ਸਾਹਿਬ ਕੋਲ ਖੜ੍ਹਾ ਸੀ। ਇਨ੍ਹਾਂ ਸਾਰਿਆਂ ਨੂੰ ਗੁਰਦੁਆਰੇ ਦੇ ਅੰਦਰ ਵਲ ਗੋਲੀਆਂ ਚਲਾ ਕੇ ਮਾਰਿਆ ਗਿਆ। ਇਸ ਸਾਰੇ ਤੋਂ ਬਾਅਦ ਗੁਰਦੁਆਰੇ ਵਿਚੋਂ ਆਉਂਦੇ ਦਰਜਨਾਂ ਸਿੱਖਾਂ ਉੱਤੇ ਝੂਠੇ ਕੇਸ ਪਾ ਕੇ ਜੇਲ੍ਹ ਵਿਚ ਸੁੱਟ ਦਿਤਾ ਗਿਆ। ਇਸ ਦਿਨ 140 ਸਿੱਖ ਗ੍ਰਿਫ਼ਤਾਰ ਕੀਤੇ ਗਏ।

ਓਧਰ 3 ਜਨਵਰੀ ਨੂੰ ਅਮਰੀਕਾ ਵਿਚ ਤਿੰਨ ਖਾੜਕੂ ਸਿੱਖਾਂ (ਸੁੱਖੀ ਤੇ ਕੁੱਕੀ ਅਤੇ ਇਕ ਹੋਰ) ਨੂੰ ਵੈਦਯ ਦੇ ਕਤਲ ਕੇਸ 'ਚ ਗ੍ਰਿਫ਼ਤਾਰ ਕਰ ਲਿਆ ਗਿਆ।

ਪੰਜਾਬ ਦੇ ਸੋਲਾਂ ਸਬ-ਡਵੀਜ਼ਨ ਫ਼ੌਜ ਦੇ ਹਵਾਲੇ

ਤਿੰਨ ਦਸੰਬਰ ਨੂੰ ਪੰਜਾਬ ਦੇ ਸੱਤ ਜ਼ਿਲ੍ਹਿਆਂ ਦੀਆਂ 16 ਸਬ ਡਵੀਜ਼ਨਾਂ (ਤਹਿਸੀਲਾਂ) ਨੂੰ ਆਰਮਡ ਫੋਰਸਿਜ਼ (ਪੰਜਾਬ ਐਂਡ ਚੰਡੀਗੜ੍ਹ) ਸਪੈਸ਼ਲ ਪਾਵਰਜ਼ ਐਕਟ 1983 ਦੀ ਦਫ਼ਾ ਹੇਠ ਗੜਬੜ ਵਾਲੇ ਇਲਾਕੇ ਕਰਾਰ ਦੇ ਦਿੱਤਾ ਗਿਆ। ਇਨ੍ਹਾਂ ਵਿਚ ਸਾਰਾ ਅੰਮ੍ਰਿਤਸਰ, ਗੁਰਦਾਸਪੁਰ, ਬਟਾਲਾ, ਕਪੂਰਥਲਾ, ਸੁਲਤਾਨਪੁਰ, ਜਲੰਧਰ, ਨਕੋਦਰ, ਹੁਸ਼ਿਆਰਪੁਰ, ਦਸੂਹਾ, ਫ਼ਿਰੋਜ਼ਪੁਰ, ਜ਼ੀਰਾ, ਫ਼ਰੀਦਕੋਟ, ਮੁਕਤਸਰ, ਮੋਗਾ, ਲੁਧਿਆਣਾ, ਖੰਨਾ, ਜਗਰਾਓ ਸਬ ਡਿਵੀਜ਼ਨਾਂ ਸਨ।

ਬ੍ਰਹਮਪੁਰਾ 'ਚ ਸੀ.ਆਰ.ਪੀ.ਐਫ਼. ਦਾ ਜ਼ੁਲਮ

28 ਦਸੰਬਰ ਨੂੰ ਅੰਮ੍ਰਿਤਸਰ ਦੇ ਪਿੰਡ ਬ੍ਰਹਮਪੁਰਾ 'ਚ ਸੀ.ਆਰ.ਪੀ.ਐਫ਼. ਨੇ ਹਮਲਾ ਕਰ ਕੇ ਸਾਰੇ ਪਿੰਡ ਉੱਤੇ ਬਹੁਤ ਜ਼ੁਲਮ ਕੀਤੇ। ਤਕਰੀਬਨ ਹਰ ਇਕ ਸਿੱਖ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ। ਔਰਤਾਂ ਦੀ ਬੇਇਜ਼ਤੀ ਕੀਤੀ ਗਈ। ਪੰਦਰਾਂ ਸਿੱਖ ਗ੍ਰਿਫ਼ਤਾਰ ਕੀਤੇ ਗਏ। ਗੁਰੂ ਗ੍ਰੰਥ ਸਾਹਿਬ ਦੇ ਦੋ ਸਰੂਪਾਂ ਨੂੰ ਗੋਲੀ ਮਾਰ ਕੇ ਅੱਗ ਲਾ ਦਿਤੀ ਗਈ। ਘਟਨਾ ਤੋਂ ਪਹਿਲਾਂ ਖਾੜਕੂ ਅਵਤਾਰ ਸਿੰਘ ਬ੍ਰਹਮਪੁਰਾ ਨੇ ਸੀ.ਆਰ.ਪੀ.ਐਫ਼. ਨੂੰ ਸਪੀਕਰ ਤੇ ਚੈਲੰਜ ਕੀਤਾ ਸੀ ਪਰ ਕੋਈ ਵੀ ਉਸ ਦੇ ਨੇੜੇ ਨਾ ਆਇਆ। ਜਦੋਂ ਉਹ ਪਿੰਡ ਵਿਚੋਂ ਚਲਾ ਗਿਆ ਤਾਂ ਸੀ.ਆਰ.ਪੀ.ਐਫ਼. ਨੇ ਆਮ ਲੋਕਾਂ 'ਤੇ ਬੇਤਹਾਸ਼ਾ ਜ਼ੁਲਮ ਕੀਤਾ। ਆਈ.ਜੀ. ਰਬੈਰੋ, ਪੰਜਾਬ ਦੇ ਵਜ਼ੀਰਾਂ ਤੇ ਹੋਰ ਕਈ ਸਿਆਸੀ ਚੌਧਰੀਆਂ ਨੇ, ਸਮੇਤ ਗਵਰਨਰ, ਇਸ ਧੱਕੇਸ਼ਾਹੀ ਤੇ ਜ਼ੁਲਮ ਦੀ ਮੁਆਫ਼ੀ ਮੰਗੀ। ਪਰ ਬਾਵਜੂਦ ਇਸ ਦੇ ਸੀ.ਆਰ.ਪੀ. ਦੇ ਦਹਿਸ਼ਤਗਰਦ ਸਿਪਾਹੀਆਂ ਨੂੰ ਕੋਈ ਸਜ਼ਾ ਨਹੀਂ ਦਿਤੀ ਗਈ।

3 ਜਨਵਰੀ ਨੂੰ ਰਬੈਰੋ ਨੇ ਬ੍ਰਹਮਪੁਰਾ ਵਿਚ ਸੀ.ਆਰ.ਪੀ.ਐਫ਼. ਦੀ ਜ਼ਿਆਦਤੀ ਦੀ ਮੁਆਫ਼ੀ

ਮੰਗੀ ਪਰ ਕਿਹਾ ਕਿ ਸੀ.ਆਰ.ਪੀ. ਨੇ ਗੁਰੂ ਗ੍ਰੰਥ ਸਹਿਬ ਦੇ ਸਰੂਪ ਨੂੰ ਗੋਲੀ ਨਹੀਂ ਮਾਰੀ। 6 ਜਨਵਰੀ ਨੂੰ ਕਿਰਪਾਲ ਸਿੰਘ ਐਮ.ਐਲ.ਏ. ਨੇ ਕਿਹਾ ਕਿ ਰਬੈਰੋ ਝੂਠ ਬੋਲਦਾ ਹੈ; ਗੁਰੂ ਗ੍ਰੰਥ ਸਾਹਿਬ ਨੂੰ ਗੋਲੀ ਵੀ ਮਾਰੀ ਗਈ ਤੇ ਅੱਗ ਵੀ ਲਾਈ ਗਈ ਸੀ। ਉਸ ਨੇ ਲੋਕਾਂ ਨੂੰ ਸੀ.ਆਰ.ਪੀ.ਐਫ਼. ਦੇ ਬਾਈਕਾਟ ਵਾਸਤੇ ਵੀ ਆਖਿਆ। 9 ਜਨਵਰੀ ਨੂੰ ਬ੍ਰਹਮਪੁਰਾ ਵਿੱਚ ਹਜ਼ਾਰਾਂ ਸਿੱਖਾਂ ਦਾ ਇਕੱਠ ਹੋਇਆ ਅਤੇ ਸੀ.ਆਰ.ਪੀ.ਐਫ਼. ਦੇ ਬਾਈਕਾਟ ਵਾਸਤੇ ਵੀ ਮਤਾ ਪਾਸ ਕੀਤਾ ਗਿਆ। 26 ਜਨਵਰੀ ਨੂੰ 'ਰੋਸ ਦਿਨ' ਮਨਾਉਣ ਦਾ ਵੀ ਐਲਾਨ ਕੀਤਾ ਗਿਆ।

ਪ੍ਰੋ: ਦਰਸ਼ਨ ਸਿੰਘ ਅਕਾਲ ਤਖ਼ਤ ਸਾਹਿਬ 'ਤੇ

ਟੌਹੜਾ ਦੇ ਜੇਲ੍ਹ ਵਿਚ ਹੁੰਦਿਆਂ ਸ਼੍ਰੋਮਣੀ ਕਮੇਟੀ ਨੇ ਸੁਰਜੀਤ ਬਰਨਾਲਾ ਦੇ ਆਖ਼ਰੀ ਸਾਥੀ ਵੀ ਦਰਬਾਰ ਸਾਹਿਬ ਵਿਚੋਂ ਹਟਾਉਣ ਦਾ ਫ਼ੈਸਲਾ ਕਰ ਲਿਆ। 24 ਦਸੰਬਰ ਨੂੰ ਸ਼੍ਰੋਮਣੀ ਕਮੇਟੀ ਨੇ ਅਕਾਲ ਤਖਤ ਸਾਹਿਬ ਦੇ ਮੁਖ ਸੇਵਾਦਾਰ ਕਿਰਪਾਲ ਸਿੰਘ ਤੇ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਸਾਹਿਬ ਸਿੰਘ ਨੂੰ ਉਨ੍ਹਾਂ ਦੇ ਅਹੁਦੇ ਤੋਂ ਬਰਤਰਫ਼ ਕਰ ਦਿੱਤਾ। ਮਗਰੋਂ, 23 ਜਨਵਰੀ 1987 ਨੂੰ ਸ਼੍ਰੋਮਣੀ ਕਮੇਟੀ ਨੇ ਲੱਖਾ ਸਿੰਘ, ਹਰਚਰਨ ਸਿੰਘ ਮਹਾਲੋਂ ਅਤੇ ਪ੍ਰੀਤਮ ਸਿੰਘ ਨੂੰ ਵੀ ਉਨ੍ਹਾਂ ਦੀਆਂ ਨੌਕਰੀਆਂ ਤੋਂ ਫ਼ਾਰਿਗ ਕਰ ਦਿੱਤਾ।

ਬਰਨਾਲੇ ਨੂੰ ਠਿੱਠ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਨੇ 26 ਜਨਵਰੀ 1986 ਦੇ ਦਿਨ ਭਿੰਡਰਾਂ-ਮਹਿਤਾ ਜੱਥਾ ਵਲੋਂ ਮੰਜੀ ਸਾਹਿਬ 'ਤੇ 'ਸਰਬੱਤ ਖਾਲਸਾ' ਨਾਂ ਹੇਠ ਹੋਏ ਸਮਾਗਮ ਵਿਚ ਲਾਏ ਹੋਏ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਮੰਨ ਲਿਆ ਤੇ ਉਸ ਦੀ ਗ਼ੈਰ-ਹਾਜ਼ਰੀ ਵਿਚ ਰਾਗੀ (ਪ੍ਰੋ:) ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ 'ਐਕਟਿੰਗ ਮੁਖ ਸੇਵਾਦਾਰ' ਬਣਾ ਦਿੱਤਾ। ਸ਼੍ਰੋਮਣੀ ਕਮੇਟੀ ਨੇ ਖਾੜਕੂਆਂ ਵਲੋਂ ਲਾਏ ਕੇਸਗੜ੍ਹ ਸਾਹਿਬ ਦੇ ਮੁਖ ਸੇਵਾਦਾਰ ਸਵਿੰਦਰ ਸਿੰਘ, ਅਕਾਲ ਤਖ਼ਤ ਸਾਹਿਬ ਦੇ ਹੈੱਡ-ਗ੍ਰੰਥੀ ਕਸ਼ਮੀਰ ਸਿੰਘ, ਦਮਦਮਾ ਸਾਹਿਬ ਦੇ ਮੁਖ ਸੇਵਾਦਾਰ ਜਸਵੰਤ ਸਿੰਘ ਤੇ ਦਰਬਾਰ ਸਾਹਿਬ ਦੇ ਹੈੱਡ-ਗ੍ਰੰਥੀ ਪੂਰਨ ਸਿੰਘ ਨੂੰ ਵੀ 'ਮਾਨਤਾ' ਦੇ ਦਿੱਤੀ। ਇਸ ਮੌਕੇ 'ਤੇ 'ਪੰਥਕ ਕਮੇਟੀ' ਨੂੰ ਮੁੜ ਜਥੇਬੰਦ ਕੀਤਾ ਗਿਆ। ਇਸ ਵਿਚ ਵਸਣ ਸਿੰਘ, ਗੁਰਦੇਵ ਸਿੰਘ, ਉਦੈ ਸਿੰਘ, ਸੁਬੇਗ ਸਿੰਘ ਤੇ ਗੁਰਬਚਨ ਸਿੰਘ ਮਾਨੋਚਾਹਲ ਸ਼ਾਮਿਲ ਕੀਤੇ ਗਏ। ਇਸ 'ਤੇ ਮਾਨੋਚਾਹਲ ਨੇ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁੱਖ ਸੇਵਾਦਾਰ ਹੋਣ ਦਾ ਦਾਅਵਾ ਵੀ ਛੱਡ ਦਿੱਤਾ। ਦੀਵਾਨ ਵਿਚ ਅਕਾਲ ਤਖ਼ਤ ਸਾਹਿਬ ਵਾਸਤੇ ਪੰਜ ਮੈਂਬਰੀ ਸਲਾਹਕਾਰ ਕਮੇਟੀ ਵੀ ਨਾਮਜ਼ਦ ਕੀਤੀ ਗਈ। ਇਸ ਦੇ ਮੈਂਬਰ ਸਨ: ਜਥੇਦਾਰ ਜਗਦੇਵ ਸਿੰਘ ਖੁੱਡੀਆਂ, ਮਨਜੀਤ ਸਿੰਘ ਕਲਕੱਤਾ, ਡਾ: ਹਰਿੰਦਰ ਸਿੰਘ, ਅਜਾਇਬ ਸਿੰਘ ਤੇ ਅਵਤਾਰ ਸਿੰਘ।

ਓਧਰ ਬਰਨਾਲੇ ਨੇ ਸਿੱਖ ਨੌਜਵਾਨਾਂ ਨੂੰ ਘਰਾਂ 'ਚੋਂ ਫੜ ਕੇ ਨਕਲੀ ਪੁਲੀਸ ਮੁਕਾਬਲੇ ਬਣਾ ਕੇ ਕਤਲ ਕਰਨਾ ਜਾਰੀ ਰਖਿਆ। ਹਰ ਮਹੀਨੇ ਦਰਜਨਾਂ ਨੌਜਵਾਨ ਫੜ ਕੇ ਮਾਰ ਦਿੱਤੇ ਜਾਂਦੇ ਰਹੇ ਤਾਂ ਜੋ ਖਾੜਕੂਆਂ ਵਿਚ ਦਹਿਸ਼ਤ ਫੈਲ ਜਾਵੇ ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਗਿਣਤੀ ਵਧਦੀ ਹੀ ਜਾ ਰਹੀ ਸੀ। ਇਸ ਦੇ ਨਾਲ ਹੀ ਹਰ ਮਹੀਨੇ ਸੈਂਕੜੇ ਨੌਜਵਾਨ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਸੁੱਟੇ ਜਾ ਰਹੇ ਸਨ।

ਜ਼ਾਲਮ ਪੁਲਸੀਏ ਸਵਰਨ ਘੋਟਨੇ ਦੀ ਕੁੜੀ ਵਿਆਹੀ ਨਾ ਜਾ ਸਕੀ

ਇਨ੍ਹਾਂ ਦਿਨਾਂ ਵਿਚ ਜ਼ਾਲਮ ਪੁਲਸੀਆ ਸਵਰਨ ਘੋਟਨਾ ਆਪਣੀ ਕੁੜੀ ਵਾਸਤੇ ਮੁੰਡਾ ਲੱਭ ਰਿਹਾ ਸੀ। ਖਾੜਕੂਆਂ ਨੇ ਐਲਾਨ ਕੀਤਾ ਸੀ ਕਿ ਜਿਹੜਾ ਇਸ ਦੀ ਕੁੜੀ ਵਿਆਹੇਗਾ ਉਸ ਦਾ ਟੱਬਰ ਖ਼ਤਮ ਕਰ ਦਿਤਾ ਜਾਵੇਗਾ। ਇਸ ਕਰ ਕੇ ਇਸ ਦੀ ਕੁੜੀ ਦਾ ਵਿਆਹ ਨਾ ਹੋ ਸਕਿਆ। ਅਖ਼ੀਰ ਕੋਈ ਇੰਗਲੈਂਡ ਵਾਸੀ ਇਸ ਦੀ ਕੁੜੀ ਵਿਆਹ ਕੇ ਲੈ ਗਿਆ। *(ਮਗਰੋਂ 2013 ਵਿਚ ਜਦ ਸਵਰਨ ਘੋਟਨੇ ਦੀ ਮੌਤ ਹੋਈ ਤਾਂ ਦਰਬਾਰ ਸਾਹਿਬ ਦੇ ਰਾਗੀਆਂ ਨੇ ਉਸ ਦੇ ਭੋਗ 'ਤੇ ਕੀਰਤਨ ਕਰਨ ਤੋਂ ਨਾਂਹ ਕਰ ਦਿੱਤੀ)।*

ਜਨਵਰੀ 1987 ਵਿਚ ਸਿੱਖ ਨਕਲੀ ਮੁਕਾਬਲੇ ਵਿਚ ਮਾਰੇ

ਸੰਨ 1987 ਚੜ੍ਹਦਿਆਂ ਹੀ ਬਰਨਾਲਾ ਸਰਕਾਰ ਨੇ ਸਿੱਖਾਂ ਨੂੰ ਨਕਲੀ ਮੁਕਾਬਲੇ ਬਣਾ ਕੇ ਮਾਰਨ ਦੇ ਜ਼ੁਲਮ ਦਾ ਸਿਖਰ ਲੈ ਆਂਦਾ। ਦੋ ਜਨਵਰੀ ਨੂੰ ਨਾਭਾ ਜੇਲ ਵਿਚੋਂ ਸਿੱਖਾਂ ਵੱਲੋਂ ਫਰਾਰ ਹੋਣ ਦੇ ਨਾਂ 'ਤੇ ਗੋਲੀਆਂ ਚਲਾ ਕੇ ਦੋ ਸਿੱਖਾਂ ਬਲਵਿੰਦਰ ਸਿੰਘ ਤੇ ਰਾਮ ਸਿੰਘ ਨੂੰ ਕਤਲ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਖ਼ਜ਼ਾਨ ਸਿੰਘ, ਬਲਵਿੰਦਰ ਸਿੰਘ, ਮੇਜਰ ਸਿੰਘ, ਗੁਰਬੰਤ ਸਿੰਘ, ਤਰਸੇਮ ਸਿੰਘ, ਸ਼ਮਿੰਦਰ ਸਿੰਘ ਤੇ ਕਾਲਾ ਸਿੰਘ ਨੂੰ ਸਖ਼ਤ ਜ਼ਖ਼ਮੀ ਕਰ ਦਿੱਤਾ ਗਿਆ। ਮਗਰੋਂ ਉਨ੍ਹਾਂ ਉਤੇ ਦਫ਼ਾਵਾਂ 302, 224, 353, 511 ਹੇਠ ਕੇਸ ਵੀ ਦਰਜ ਦਰ ਲਏ ਗਏ। ਨਾਭਾ ਜੇਲ ਵਿਚ 392 ਵਿਚੋਂ 342 ਕੈਦੀ ਖਾੜਕੂ ਸਿੱਖ ਸਨ।

ਇਸੇ ਦਿਨ ਪੁਲੀਸ ਨੇ ਨਾਮੀ ਜਰਨੈਲ ਰੌਸ਼ਨ ਸਿੰਘ ਬੈਰਾਗੀ ਨੂੰ ਕਤਲ ਕਰ ਦਿੱਤਾ। ਉਸ ਤੋਂ ਬਾਅਦ ਉਸ ਦਾ ਮੇਹਦਾ ਚਾਕ ਕਰ ਕੇ, ਪੱਥਰ ਬੰਨ੍ਹ ਕੇ, ਉਸ ਦੀ ਲਾਸ਼ ਬਿਆਸ ਦਰਿਆ ਵਿਚ ਰੋੜ੍ਹ ਦਿੱਤੀ। ਇਸ 'ਤੇ ਪਰਦਾ ਪਾਉਣ ਵਾਸਤੇ ਪੁਲੀਸ ਨੇ ਇਹ ਡਰਾਮਾ ਰਚਿਆ ਕਿ ਬੈਰਾਗੀ ਬਿਆਸ ਦਰਿਆ ਕੋਲ ਬੁਲਟ ਪਰੂਫ਼ ਕਾਰ ਵਿਚੋਂ ਦੌੜ ਗਿਆ ਹੈ।

ਅਗਲੇ ਦਿਨ ਹੀ ਤਿੰਨ ਜਨਵਰੀ ਨੂੰ ਨਾਮੀ ਜਰਨੈਲ ਮਨਜੀਤ ਸਿੰਘ ਭਿੰਦੀ (ਕੋਟ ਮਹਾਂ ਸਿੰਘ ਅੰਮ੍ਰਿਤਸਰ) ਦੀ ਫ਼ਰਾਰੀ ਦਾ ਨਾਟਕ ਰਚਾਇਆ ਗਿਆ ਅਤੇ ਉਹ ਵੀ ਬਿਆਸ ਦਰਿਆ ਉੱਤੇ। ਪੁਲੀਸ ਨੇ ਮਨਜੀਤ ਸਿੰਘ ਨੂੰ ਵੀ ਬੈਰਾਗੀ ਵਾਂਗ ਕਤਲ ਕੀਤਾ ਸੀ। 8 ਜਨਵਰੀ ਨੂੰ ਸ਼ਿੰਗਾਰਾ ਸਿੰਘ ਨੂੰ ਲੋਪੋਕੇ ਥਾਣੇ 'ਚ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ।

ਇੰਞ ਹੀ 23 ਜਨਵਰੀ ਨੂੰ ਬੋਹੜ ਸਿੰਘ ਬੋਹੜ ਤੇ ਸੁੱਖਾ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਕਤਲ ਕੀਤਾ ਗਿਆ। 25 ਜਨਵਰੀ ਨੂੰ ਸੁਲਤਾਨਪੁਰ ਕੋਲ ਵੀ ਇਕ ਹੋਰ ਸਿੱਖ ਮਾਰ ਦਿੱਤਾ ਗਿਆ। 26 ਜਨਵਰੀ ਨੂੰ ਝੰਗੇੜ ਪਿੰਡ (ਫਾਜ਼ਿਲਕਾ) ਕੋਲ ਭਗਤ ਸਿੰਘ ਭਗਤ ਨੂੰ ਮਾਰ ਦਿੱਤਾ ਗਿਆ। 31 ਜਨਵਰੀ ਨੂੰ ਨਿਸ਼ਾਨ ਸਿੰਘ ਉਰਫ਼ ਚਿਤਰਕਾਰ ਨੂੰ ਭੋਗੋਵਾਲ (ਜੰਡਿਆਲਾ ਨੇੜੇ) ਕਤਲ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਹੋਰ ਵੀ ਕਈ ਸਿੱਖ ਇਸ ਮਹੀਨੇ 'ਚ ਪੁਲੀਸ ਨੇ ਮਾਰ ਦਿੱਤੇ। ਜਨਵਰੀ ਵਿੱਚ ਕਈ ਸਿੱਖਾਂ ਦੀਆਂ ਲਾਸ਼ਾਂ ਨਹਿਰਾਂ ਵਿਚੋਂ ਮਿਲੀਆਂ। ਇਨ੍ਹਾਂ ਵਿਚੋਂ ਬਹੁਤੇ ਉਹ ਸਨ ਜਿਨ੍ਹਾਂ ਨੂੰ ਪੁਲੀਸ ਮਾਰ ਕੇ ਦਰਿਆ ਜਾਂ ਨਹਿਰ ਵਿਚ ਸੁੱਟ ਦੇਂਦੀ ਸੀ ਤਾਂ ਜੋ ਕਾਫ਼ੀ ਚਿਰ ਲਾਸ਼ ਦਰਿਆ ਵਿਚ ਰਹਿਣ ਕਰ ਕੇ ਗਲ ਜਾਵੇ ਤੇ ਉਸ ਦੀ ਸ਼ਨਾਖ਼ਤ ਨਾ ਹੋ ਸਕੇ ਅਤੇ ਉਸ 'ਤੇ ਕੀਤੇ ਤਸ਼ੱਦਦ ਦਾ ਪਤਾ ਨਾ ਲਗ ਸਕੇ।

ਨਾਭਾ ਜੇਲ੍ਹ ਵਿਚੋਂ ਫ਼ਰਾਰ ਹੋਣ ਦੀ ਕੋਸ਼ਿਸ਼

ਪਹਿਲੀ ਜਨਵਰੀ 1987 ਦੇ ਦਿਨ 5 ਸਿੱਖ ਨੌਜਵਾਨਾਂ ਨੇ ਨਾਭਾ ਜੇਲ੍ਹ ਵਿਚੋਂ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ। ਇਹ ਪੰਜ ਸਨ: ਕੁਲਵੰਤ ਸਿੰਘ ਵਲਟੋਹਾ, ਤਰਸੇਮ ਸਿੰਘ ਰੂਪੋਵਾਲੀ, ਬਲਵਿੰਦਰ ਸਿੰਘ ਖੇੜਾ, ਬਲਵਿੰਦਰ ਸਿੰਘ ਲੋਹਾਮ ਤੇ ਰਾਮ ਸਿੰਘ ਦੌਣ ਕਲਾਂ। ਇਨ੍ਹਾਂ 'ਤੇ ਪੁਲੀਸ ਨੇ ਗੋਲੀਆਂ ਚਲਾਈਆਂ ਜਿਸ ਨਾਲ ਬਲਵਿੰਦਰ ਸਿੰਘ ਲੋਹਾਮ ਤੇ ਰਾਮ ਸਿੰਘ ਦੌਣ ਕਲਾਂ ਮਾਰੇ ਗਏ।

ਜਨਵਰੀ ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਜਨਵਰੀ 1987 ਵਿਚ ਵੀ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ ਬ-ਦਸਤੂਰ ਜਾਰੀ ਰਹੀਆਂ। ਹੋਰ ਤਾਂ ਹੋਰ ਖੁੱਡਾ ਬੱਸ ਕਤਲ ਕਾਂਡ 'ਚ ਬੱਸ ਦਾ ਡਰਾਈਵਰ ਦਲਜੀਤ ਸਿੰਘ ਵੀ ਗ੍ਰਿਫਤਾਰ ਕਰ ਲਿਆ ਗਿਆ। 1 ਜਨਵਰੀ ਨੂੰ ਅੰਮ੍ਰਿਤਸਰ ਵਿਚ ਅੰਗਰੇਜ਼ ਸਿੰਘ (ਫ਼ਿਰੋਜ਼ਪੁਰ) ਅਤੇ ਨਰਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। 5 ਜਨਵਰੀ ਨੂੰ ਸੁਰਿੰਦਰ ਸਿੰਘ (ਸੁਲਤਾਨਵਿੰਡ ਅੰਮ੍ਰਿਤਸਰ) ਨੂੰ ਗ੍ਰਿਫ਼ਤਾਰ ਕੀਤਾ ਗਿਆ। 6 ਜਨਵਰੀ ਨੂੰ ਮੋਹਾਲੀ ਤੋਂ ਖਾਲਿਸਤਾਨ ਕਮਾਂਡੋ ਫ਼ੋਰਸ ਦਾ ਬਾਬਾ ਸੁਖਦੇਵ ਸਿੰਘ (ਗ੍ਰੰਥੀ ਨਾਥਲ ਗੁਰਦੁਆਰਾ) ਅਤੇ ਉਸ ਦੇ ਸਾਥੀ ਭਗਤ ਸਿੰਘ ਤੇ ਗੁਰਪ੍ਰੀਤ ਸਿੰਘ (ਦੋਵੇਂ ਨਾਥਲ) ਤੇ ਸੁਖਜੀਤ ਸਿੰਘ (ਪਟਿਆਲਾ) ਵੀ ਗ੍ਰਿਫ਼ਤਾਰ ਕੀਤੇ ਗਏ। 8 ਜਨਵਰੀ ਨੂੰ ਇੰਦਰਜੀਤ ਸਿੰਘ ਤੇ ਪ੍ਰਭਜੋਤ ਸਿੰਘ ਨੂੰ ਬਲਵਾਬਾ ਕਾਂਡ 'ਚ ਧਰ ਲਿਆ ਗਿਆ।

9 ਜਨਵਰੀ ਨੂੰ ਹਰਜਿੰਦਰ ਸਿੰਘ ਜਿੰਦਾ (ਪੁੱਤਰ ਵੱਸਣ ਸਿੰਘ ਅਰਜਨਪੁਰਾ), ਮਨਦੀਪ ਸਿੰਘ (ਸ਼ਾਮਪੁਰਾ, ਡੇਰਾ ਬਾਬਾ ਨਾਨਕ), ਬੀਬੀ ਗੁਰਬਿੰਦਰ ਕੌਰ (ਸਾਲੀ ਤਰਸੇਮ ਸਿੰਘ ਕੁਹਾੜ ਤੇ ਪਤਨੀ ਜਸਵਿੰਦਰ ਸਿੰਘ ਜੱਸਾ), ਬਲਕਾਰ ਸਿੰਘ, ਗੁਰਜਿੰਦਰ ਸਿੰਘ (ਬਹਾਦਰ ਹੁਸੈਨ ਪਿੰਡ) ਅਤੇ ਪਰਮਜੀਤ ਸਿੰਘ ਪੱਪੂ (ਹਰਗੋਬਿੰਦਪੁਰ) ਗ੍ਰਿਫ਼ਤਾਰ ਕਰ ਲਏ। 11 ਜਨਵਰੀ ਨੂੰ ਅੰਮ੍ਰਿਤਸਰ ਵਿਚ ਦਲਬੀਰ ਸਿੰਘ ਤੀਰਾ (ਛਾਪਿਆਂ ਵਾਲੀ), ਬਲਵੀਰ ਸਿੰਘ ਭਿੰਦਾ (ਜਲਾਲਾਬਾਦ) ਤੇ ਭਗਵਾਨ ਸਿੰਘ (ਠਾਰਕੇ) ਗ੍ਰਿਫ਼ਤਾਰ ਕੀਤੇ ਗਏ। 12 ਜਨਵਰੀ ਨੂੰ ਡੇਹਲੋਂ ਕੋਲ ਬਬਰ ਖਾਲਸਾ ਦਾ ਅਨੋਖ ਸਿੰਘ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਦਿਨ ਜਲੰਧਰ ਦੇ ਪਿੰਡ ਸੰਗਲ ਸੋਹਲ ਕੋਲ ਕਰਨੈਲ ਸਿੰਘ ਗ੍ਰਿਫ਼ਤਾਰ ਕੀਤਾ ਗਿਆ। ਬਟਾਲੇ ਵਿਚ ਗੁਰਦੇਵ ਸਿੰਘ (ਰਾਮੇਵਾਲਾ), ਅਮਰਜੀਤ ਸਿੰਘ (ਮੜਾ, ਦਸੂਹਾ) ਤੇ ਬਠਿੰਡੇ ਵਿਚ ਹਰਸ਼ਰਨ ਸਿੰਘ (ਰਾਮਾਮੰਡੀ) ਤੇ ਦਰਸ਼ਨ ਸਿੰਘ (ਗੋਨਿਆਣਾ) ਗ੍ਰਿਫ਼ਤਾਰ ਹੋਏ। 13 ਜਨਵਰੀ ਨੂੰ ਧਾਈਆਂ ਮੋਹੀ (ਬਟਾਲਾ) ਕੋਲ ਮੁਕਾਬਲੇ ਦੇ ਨਾਂ 'ਤੇ ਗੁਰਮੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਨਾਹ ਦੇ ਨਾਂ 'ਤੇ ਹਰਦਿਆਲ ਸਿੰਘ (ਜੌੜਾ ਸਿੰਘਾਂ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਹੁਸ਼ਿਆਰਪੁਰ ਦੇ ਪਿੰਡ ਰੂਪੇਵਾਲ ਤੇ ਅੰਬਾਲਾ ਜੱਟਾਂ ਵਿਚ ਘਰ-ਘਰ ਦੀ ਤਲਾਸ਼ੀ ਲੈ ਕੇ 12 ਮਹਿਮਾਨ ਥਾਣੇ 'ਚ ਨਾਜਾਇਜ਼ ਡੱਕ ਦਿੱਤੇ ਗਏ। ਰਾਜੀਵ'ਤੇ ਕਰਮਜੀਤ ਸਿੰਘ ਵੱਲੋਂ ਹਮਲੇ ਦੇ ਕੇਸ 'ਚ ਇਕ ਹੋਰ ਸਿੱਖ ਨਰਿੰਦਰ ਸਿੰਘ ਉਰਫ਼ ਕਾਲਾ (ਬੜਬੜ, ਸੰਗਰੂਰ) ਨੂੰ ਛੇਹਰਟੇ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ।

20 ਜਨਵਰੀ ਨੂੰ ਅੰਮ੍ਰਿਤਸਰ 'ਚ ਦਵਿੰਦਰ ਸਿੰਘ (ਲਿੱਬੜ, ਗੁਰਦਾਸਪੁਰ) ਨੂੰ 22 ਕਤਲਾਂ 'ਚ ਗ੍ਰਿਫ਼ਤਾਰ ਕੀਤਾ ਗਿਆ। ਇਸ ਤੋਂ ਇਲਾਵਾ ਇੰਦਰਜੀਤ ਸਿੰਘ, ਚਰਨਜੀਤ ਸਿੰਘ ਝਬਾਲ (ਪਾਕਿਸਤਾਨ ਤੋਂ ਪਰਤਿਆ ਆਖ ਕੇ), ਜੋਗਿੰਦਰ ਸਿੰਘ ਟੋਨੀ (ਖਡੂਰ ਸਾਹਿਬ), ਮੁਖਵਿੰਦਰ ਸਿੰਘ

(ਬੱਗਾ, ਅਜਨਾਲਾ), ਪਰਗਟ ਸਿੰਘ (ਝਬਾਲ) ਵੀ ਗ੍ਰਿਫ਼ਤਾਰ ਕੀਤੇ ਗਏ। 21 ਜਨਵਰੀ ਨੂੰ ਗੁਰਦੁਆਰਾ ਆਲਮਗੀਰ 'ਚ ਸੁਰਜੀਤ ਬਰਨਾਲਾ ਪੁਲੀਸ ਨੇ ਹਮਲਾ ਕੀਤਾ ਅਤੇ 50 ਕਮਰਿਆਂ ਦੀ ਤਲਾਸ਼ੀ ਲੈਣ ਮਗਰੋਂ ਤਿੰਨ ਮੁਸਾਫ਼ਿਰ ਹਿਰਾਸਤ ਵਿਚ ਲੈ ਲਏ ਗਏ। ਇਸੇ ਦਿਨ ਅੰਮ੍ਰਿਤਸਰ ਵਿਚ ਹੁਸੈਨਪੁਰ 'ਚ ਘਰ-ਘਰ ਦੀ ਤਲਾਸ਼ੀ ਲੈ ਕੇ ਮਹਿਮਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲੁਧਿਆਣੇ ਵਿਚ ਗੁਰਦੀਪ ਸਿੰਘ, ਜਗਤਾਰ ਸਿੰਘ, ਦਿਲਬਾਗ ਸਿੰਘ, ਜਸਵੰਤ ਸਿੰਘ ਉਰਫ਼ ਗਿਆਨੀ, ਸਿਕੰਦਰ ਸਿੰਘ, ਜਸਵੀਰ ਸਿੰਘ, ਗੁਰਮੀਤ ਸਿੰਘ ਤੇ ਗੁਲਜ਼ਾਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। 22 ਜਨਵਰੀ ਨੂੰ ਜਗਦੀਸ਼ ਸਿੰਘ (ਹਰਸਾ ਛੀਨਾ) ਨੂੰ ਅਜਨਾਲੇ ਦੇ ਨੇੜੇ ਦਾਦੂ ਰਾਇ ਪਿੰਡ ਕੋਲੋਂ ਨਕਲੀ ਮੁਕਾਬਲੇ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ। ਅਜੀਤ ਸਿੰਘ ਸੀਤਾ (ਕੰਦੂ ਵਾਲੀ) ਨੂੰ ਵੀ ਮੁਕਾਬਲੇ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ। 23 ਜਨਵਰੀ ਨੂੰ ਜੰਡਿਆਲੇ 'ਚ ਬਲਵੀਰ ਸਿੰਘ (ਖੜੂਰ ਸਾਹਿਬ), ਧਰਮਿੰਦਰ ਸਿੰਘ (ਅਕਾਲਗੜ੍ਹ, ਢੈਪਈ), ਬਲਜਿੰਦਰ ਸਿੰਘ (ਤਲਵੰਡੀ ਦਸੌਂਧਾ ਸਿੰਘ), ਜਾਗੀਰ ਸਿੰਘ (ਘਣਸ਼ਾਮਪੁਰਾ), ਰਣਜੀਤ ਸਿੰਘ (ਚੰਨਣਕੇ), ਜਸਜੀਤ ਸਿੰਘ (ਤਰਸਿਕਾ), ਪਰਗਟ ਸਿੰਘ ਤੇ ਕੁਲਵੰਤ ਸਿੰਘ (ਦੋਵੇਂ ਨਵਾਂ ਪਿੰਡ) ਫੜੇ ਗਏ। ਉਨ੍ਹਾਂ ਦੇ ਸਾਥੀ ਸਾਹਿਬ ਸਿੰਘ (ਪੱਖੋਕੇ), ਸਕੱਤਰ ਸਿੰਘ (ਪੰਡੋਰੀ), ਸਰਵਨ ਸਿੰਘ (ਮੁਖ ਫੱੜਾ), ਅਵਤਾਰ ਸਿੰਘ ਤਾਰੀ ਤੇ ਸਰਵਣ ਸਿੰਘ (ਸੁਲਤਾਨਵਿੰਡ) ਵੀ ਕਈ ਕੇਸਾਂ ਵਿਚ ਫੜੇ ਗਏ।

24 ਜਨਵਰੀ ਨੂੰ ਧੂਰੀ ਕੋਲ ਕਰਤਾਰ ਸਿੰਘ (ਮਿਹਰਬਾਨ, ਲੁਧਿਆਣਾ), ਗੁਰਮੀਤ ਸਿੰਘ (ਭੂਰੇਕੁੱਬੇ, ਸੰਗਰੂਰ) ਤੇ ਪ੍ਰੇਮ ਸਿਘ (ਬੋਹਾ, ਬਠਿੰਡਾ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਫਤਿਹਗੜ੍ਹ ਬੋਹਾ ਦੇ ਮਹਿੰਦਰ ਸਿੰਘ ਤੇ ਉਨ੍ਹਾਂ ਦੀ ਪਤਨੀ ਦੇ ਭਰਾ ਜੋਗਿੰਦਰ ਸਿੰਘ ਨੂੰ ਪਨਾਹ ਦੇਣ ਦੇ ਨਾਂ ਤੇ ਫੜ ਲਿਆ; ਅਖੇ ਉਨ੍ਹਾਂ ਨੇ ਸੁਖਵਿੰਦਰ ਸਿੰਘ ਸੁੱਖਾ, ਬੋਹੜ ਸਿੰਘ ਤੇ ਬਲਦੇਵ ਸਿੰਘ ਨੂੰ ਪਨਾਹ ਦਿੱਤੀ ਸੀ। 25 ਜਨਵਰੀ ਨੂੰ ਅੰਮ੍ਰਿਤਸਰ ਵਿਚ ਦਲਜੀਤ ਸਿੰਘ (ਹਰਸਾ ਛੀਨਾ), ਸੁੱਚਾ ਸਿੰਘ, ਬਲਵਿੰਦਰ ਸਿੰਘ ਬਿੰਦਾ, ਹਰਦੇਵ ਸਿੰਘ ਫੌਜੀ ਅਤੇ ਵਡਾਲੇ ਦਾ ਇਕ ਡਾਕਟਰ ਵੀ ਗ੍ਰਿਫ਼ਤਾਰ ਕਰ ਲਏ ਗਏ। 26 ਜਨਵਰੀ ਨੂੰ ਅੰਮ੍ਰਿਤਸਰ 'ਚ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਫ਼ਿਰੋਜ਼ਪੁਰ 'ਚ ਬਾਗ ਸਿੰਘ ਨੂੰ ਮੁਕਾਬਲੇ ਦੇ ਨਾਂ 'ਤੇ ਫੜਿਆ ਗਿਆ। ਅਠਾਈ ਜਨਵਰੀ ਨੂੰ ਸੰਗਤਪੁਰਾ (ਫਗਵਾੜਾ) ਕੋਲ ਕਰਨਜੀਤ ਸਿੰਘ ਤੇ ਸੰਗਤ ਸਿੰਘ ਨੂੰ ਅਤੇ ਹੁਸ਼ਿਆਰਪੁਰ ਵਿਚ ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।

31 ਜਨਵਰੀ ਨੂੰ ਬਟਾਲੇ 'ਚ ਸੀ.ਆਰ.ਪੀ.ਐਫ਼., ਪੰਜਾਬ ਪੁਲੀਸ ਤੇ ਬੀ.ਐਸ.ਐਫ਼. ਨੇ ਨਾਕਾਬੰਦੀ ਕਰ ਕੇ 20 ਪਿੰਡਾਂ ਵਿਚ ਘਰੋ-ਘਰ ਤਲਾਸ਼ੀਆਂ ਲਈਆਂ ਤੇ ਬਹਤ ਸਾਰੇ ਬੇਕਸੂਰ ਨੌਜਵਾਨ ਗ੍ਰਿਫ਼ਤਾਰ ਕਰ ਲਏ।

ਸੀ.ਆਰ.ਪੀ.ਐਫ਼. ਦੇ ਹੋਰ ਜ਼ੁਲਮ

ਸੀ.ਆਰ.ਪੀ.ਐਫ਼. ਅਤੇ ਪੁਲੀਸ ਨੇ 8 ਜਨਵਰੀ ਨੂੰ ਮਾਇਓਪਟੀ ਪਿੰਡ ਵਿਚ ਜਾ ਕੇ ਘਰ-ਘਰ ਵਿਚ ਤਲਾਸ਼ੀ ਲਈ। ਡੀ.ਐਸ.ਪੀ. ਦਰਸ਼ਨ ਸਿੰਘ ਇਸ ਦਾ ਇੰਚਾਰਜ ਸੀ। ਇਸੇ ਦਿਨ ਸੀ.ਆਰ.ਪੀ. ਨੇ ਇਕ ਟਰੱਕ ਉੱਤੇ ਗੋਲੀਆਂ ਚਲਾ ਕੇ ਮਹਿੰਦਰ ਸਿੰਘ, ਦਰਸ਼ਨ ਸਿੰਘ, ਜੀਤ ਸਿੰਘ ਤੇ ਇੰਦਰਜੀਤ ਸਿੰਘ ਨੂੰ ਬੁਰੀ ਜ਼ਖ਼ਮੀ ਕਰ ਦਿੱਤਾ। 11 ਜਨਵਰੀ ਨੂੰ ਸੀ.ਆਰ.ਪੀ.ਐਫ਼. ਨੇ ਇਕ

ਪੁਲੀਸ ਜੀਪ 'ਤੇ ਗੋਲੀਆਂ ਚਲਾ ਕੇ ਇਕ ਸਿੱਖ ਸਿਪਾਹੀ ਫੱਟੜ ਕਰ ਦਿੱਤਾ। 13 ਜਨਵਰੀ ਨੂੰ ਸੀ.ਆਰ.ਪੀ.ਐਫ. ਨੇ ਦਰਜਨਾਂ ਸਿੱਖਾਂ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕੀਤਾ ਤੇ ਬਹੁਤ ਸਾਰੇ ਪਿੰਡਾਂ ਵਿਚ ਦਹਿਸ਼ਤ ਫੈਲਾਉਣ ਵਾਸਤੇ ਘਰ-ਘਰ ਦੀ ਤਲਾਸ਼ੀ ਲਈ। 31 ਜਨਵਰੀ ਨੂੰ ਬਟਾਲੇ ਦੇ ਦੁਆਲੇ 20 ਪਿੰਡਾਂ ਦੀਆਂ ਘਰੋ-ਘਰ ਤਲਾਸ਼ੀਆਂ ਲਈਆਂ ਗਈਆਂ ਤੇ ਬੇਕਸੂਰ ਨੌਜਵਾਨਾਂ ਨੂੰ ਥਾਨਿਆਂ 'ਚ ਲਿਆ ਕੇ ਡੱਕਿਆ ਗਿਆ।

ਖਾੜਕੂਆਂ ਨੇ ਮੁਖ਼ਬਰ ਤੇ ਜ਼ਾਲਮ ਮਾਰੇ

ਬਰਨਾਲੇ ਤੇ ਰਾਜੀਵ ਦੇ ਹੁਕਮਾਂ ਹੇਠ ਰਬੈਰੋ ਅਤੇ ਸੀ.ਆਰ.ਪੀ.ਐਫ. ਰਾਹੀਂ ਚਲਾਈ ਜ਼ੁਲਮ ਦੀ ਹਨੇਰੀ ਦੇ ਬਾਵਜੂਦ ਖਾੜਕੂਆਂ ਦੇ ਐਕਸ਼ਨ ਜਾਰੀ ਰਹੇ। ਖਾੜਕੂਆਂ ਨੇ ਆਪਣੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਲੇ ਕਈ ਮੁਖ਼ਬਰਾਂ, ਜ਼ਾਲਮ ਪੁਲਸੀਆਂ ਤੇ ਅਫ਼ਸਰਾਂ 'ਤੇ ਹਮਲੇ ਕੀਤੇ। ਇਸ ਦਾ ਆਗਾਜ਼ ਬ੍ਰਹਮਪੁਰਾ ਕਾਂਡ ਵਿਚ ਸਿੱਖਾਂ 'ਤੇ ਢਾਹੇ ਗਏ ਜ਼ੁਲਮ ਦੇ ਬਦਲੇ ਵਜੋਂ, 9 ਜਨਵਰੀ ਨੂੰ ਅੰਮ੍ਰਿਤਸਰ ਦੇ ਪਿੰਡਾਂ 'ਚ 10 ਹਿੰਦੂਆਂ ਨੂੰ ਮਾਰ ਕੇ ਕੀਤਾ ਗਿਆ। ਇਸੇ ਦਿਨ ਤੂਤ ਪਿੰਡ ਦੇ ਨੰਬਰਦਾਰ ਮੁਖ਼ਬਰ ਗੁਰਮੇਜ ਸਿੰਘ ਤੇ ਉਸ ਦੇ ਟੱਬਰ ਦੇ 9 ਜੀਅ ਮਾਰੇ ਗਏ।

ਖਾੜਕੂਆਂ ਨੇ 10 ਜਨਵਰੀ ਨੂੰ ਟੀ.ਸੀ. ਕਟੋਚ ਆਫ਼ੀਸਰ ਆਨ ਸਪੈਸ਼ਲ ਡਿਊਟੀ (ਜੇਲ੍ਹ) ਨੂੰ ਉਸ ਦੇ ਘਰ ਚੰਡੀਗੜ੍ਹ 'ਚ ਕਤਲ ਕਰ ਦਿੱਤਾ। ਇਸ ਕਟੋਚ ਨੇ ਜੇਲ੍ਹਾਂ ਵਿਚ ਬੰਦ ਸਿੱਖਾਂ 'ਤੇ ਬੇਪਨਾਹ ਜ਼ੁਲਮ ਕੀਤੇ ਤੇ ਕਰਵਾਏ ਸਨ। ਇਹ ਐਕਸ਼ਨ ਜਸਵੀਰ ਸਿੰਘ ਲਾਲੀ, ਜੋ ਦੁਸ਼ਟ ਸੋਧ ਕਮਾਂਡੋ ਫ਼ੋਰਸ ਦਾ ਜਰਨੈਲ ਸੀ, ਨੇ ਕੀਤਾ ਸੀ। 12 ਜਨਵਰੀ ਨੂੰ ਮੁਹੱਲਾ ਗੁਰੂ ਦਾ ਖੂਹ ਦੇ ਮੁਖ਼ਬਰ ਸ਼ਮਸ਼ੇਰ ਦਾ ਟੱਬਰ ਖ਼ਤਮ ਕੀਤਾ ਗਿਆ। ਇਸੇ ਦਿਨ ਬਸਤੀ ਬਾਵਾ ਖੇਲ ਜਲੰਧਰ 'ਚ ਸਿਪਾਹੀ ਨਿਰਮਲ ਨੂੰ ਕਤਲ ਕੀਤਾ ਗਿਆ। ਇਸ ਨਿਰਮਲ ਨੇ ਮਨਬੀਰ ਸਿੰਘ ਚਹੇੜੂ ਨੂੰ ਗ੍ਰਿਫ਼ਤਾਰ ਕਰਵਾਇਆ ਸੀ। ਇਸ ਦਾ ਸਾਥੀ ਕਾਲਾ ਰਾਮ 26 ਨਵੰਬਰ ਨੂੰ ਮਾਰਿਆ ਜਾ ਚੁੱਕਾ ਸੀ।

15 ਜਨਵਰੀ ਨੂੰ ਘਰਿਆਲਾ (ਪੱਟੀ) ਨੇੜੇ ਲੈਫ਼ਟੀਨੈਂਟ ਕਰਨਲ ਸੰਤ ਸਿੰਘ ਭੁੱਲਰ ਤੇ ਉਸ ਦੀ ਭਰਜਾਈ ਮਾਰ ਦਿੱਤੇ ਗਏ। ਉਸ ਦਾ ਭਰਾ ਜ਼ਖ਼ਮੀ ਹੋ ਗਿਆ। ਇਸ ਭੁੱਲਰ ਨੇ ਜੂਨ 1984 ਵਿਚ ਮੁਕਤਸਰ ਗੁਰਦੁਆਰੇ ਉੱਤੇ ਹਮਲਾ ਕੀਤਾ ਸੀ। 21 ਜਨਵਰੀ ਨੂੰ ਲੋਪਕੇ ਦਾ ਮੁਖ਼ਬਰ ਸਵਰਨ ਤੇ ਫ਼ਿਲੌਰ ਦਾ ਓਮ ਪ੍ਰਕਾਸ਼ ਮਾਰੇ ਗਏ। 28 ਜਨਵਰੀ ਨੂੰ ਸੀਰਾ ਕਲਾਂ (ਫ਼ਿਰੋਜ਼ਪੁਰ) 'ਚ ਸੰਤ ਰਾਮ ਮੁਖ਼ਬਰ ਨੂੰ ਮਾਰ ਦਿੱਤਾ ਗਿਆ। 30 ਜਨਵਰੀ ਨੂੰ ਡੇਰਾ ਸੰਤਸਰ (ਜੰਡਿਆਲਾ) ਦਾ ਮਹੰਤ ਮਾਰ ਦਿੱਤਾ ਗਿਆ। 31 ਜਨਵਰੀ ਨੂੰ ਕਾਲੇ ਖ਼ਾਨ (ਗੁਰਦਾਸਪੁਰ) ਦਾ ਮੁਖ਼ਬਰ ਦੀਦਾਰ ਸਿੰਘ ਕਤਲ ਕਰ ਦਿੱਤਾ ਗਿਆ।

ਗੁਰਦੁਆਰਿਆਂ 'ਤੇ ਸੁਰਜੀਤ ਬਰਨਾਲਾ ਦੀ ਪੁਲੀਸ ਦੇ ਹਮਲੇ

18 ਜਨਵਰੀ ਨੂੰ ਬਰਨਾਲਾ ਸਰਕਾਰ ਨੇ ਦਰਬਾਰ ਸਾਹਿਬ ਉੱਤੇ ਫਿਰ ਹਮਲਾ ਕੀਤਾ ਅਤੇ 35 ਕਮਰਿਆਂ ਦੇ ਤਾਲੇ ਤੋੜ ਕੇ ਲੁੱਟ-ਮਾਰ ਕੀਤੀ ਅਤੇ ਗ੍ਰਿਫ਼ਤਾਰੀਆਂ ਕੀਤੀਆਂ। ਪੁਲੀਸ ਆਪਣੇ ਨਾਲ ਆਰੀਆਂ ਅਤੇ ਹਥੌੜੇ ਲੈ ਕੇ ਆਈ ਸੀ। ਪੁਲੀਸ ਨੇ 200 ਮੁਸਾਫ਼ਿਰ ਤੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਗ੍ਰਿਫ਼ਤਾਰ ਕਰ ਲਏ। 21 ਜਨਵਰੀ ਨੂੰ ਗੁਰਦੁਆਰਾ ਆਲਮਗੀਰ ਵਿਚ ਵੀ ਪੁਲੀਸ ਦਾਖ਼ਲ ਹੋਈ ਤੇ 50 ਕਮਰਿਆਂ ਦੀ ਤਲਾਸ਼ੀ ਲੈ ਕੇ ਕਈ ਮੁਲਾਜ਼ਮ ਤੇ ਮੁਸਾਫ਼ਿਰ ਹਿਰਾਸਤ ਵਿਚ

ਲੈ ਲਏ। 29 ਜਨਵਰੀ ਨੂੰ ਕਪੂਰਥਲਾ ਦੇ ਮੁੱਖ ਗੁਰਦੁਆਰੇ 'ਤੇ ਧਾਵਾ ਬੋਲਿਆ; ਪੁਲਸ ਦੀ ਗਿਣਤੀ ਏਨੀ ਜ਼ਿਆਦਾ ਸੀ ਕਿ ਸਾਰੇ ਪਾਸੇ ਦਹਿਸ਼ਤ ਫੈਲ ਗਈ ਪਰ ਪੁਲਸ ਨੂੰ ਗੁਰਦੁਆਰੇ ਵਿਚੋਂ ਕੁਝ ਵੀ ਹੱਥ ਨਾ ਲੱਗਾ ਤਾਂ ਕਾਰਵਾਈ ਪਾਉਣ ਵਾਸਤੇ ਇਕ ਸਿੱਖ ਨੌਜਵਾਨ ਪਲਵਿੰਦਰਪਾਲ ਸਿੰਘ, ਜੋ ਉਥੇ ਹਾਜ਼ਰ ਸੀ, ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ। ਇਸ 'ਤੇ ਪ੍ਰੋਟੈਸਟ ਵਜੋਂ ਬਾਰ ਐਸੋਸੀਏਸ਼ਨ ਕਪੂਰਥਲਾ ਨੇ ਹੜਤਾਲ ਵੀ ਕੀਤੀ।30 ਜਨਵਰੀ ਨੂੰ ਸੁਰਜੀਤ ਬਰਨਾਲਾ ਦੀ ਪੁਲੀਸ ਨੇ ਤਰਨਤਾਰਨ ਦੇ ਗੁਰਦੁਆਰੇ 'ਤੇ ਹਮਲਾ ਕਰ ਕੇ ਇਕ ਔਰਤ ਸਮੇਤ 26 ਸਿੱਖ ਗ੍ਰਿਫ਼ਤਾਰ ਕਰ ਲਏ। ਅਗਲੇ ਦਿਨ 31 ਜਨਵਰੀ ਨੂੰ ਝਾਵਾਂ (ਹੁਸ਼ਿਆਰਪੁਰ) ਦੇ ਗੁਰਦੁਆਰੇ 'ਚ ਦਾਖਲ ਹੋ ਕੇ ਪੁਲੀਸ ਨੇ ਪਾਠ ਕਰਦਾ ਗ੍ਰੰਥੀ ਅਤੇ ਉਸ ਤੋਂ ਇਲਾਵਾ ਬਲਵਿੰਦਰ ਸਿੰਘ, ਰਾਜਿੰਦਰ ਸਿੰਘ, ਕਸ਼ਮੀਰ ਸਿੰਘ, ਲਛਮਣ ਸਿੰਘ ਵੀ ਗ੍ਰਿਫ਼ਤਾਰ ਕੀਤੇ। ਪੁਲੀਸ ਗੁਰਦੁਆਰੇ ਵਿਚੋਂ ਚੜ੍ਹਾਵਾ ਤੇ ਕਈ ਕੁਝ ਹੋਰ ਵੀ ਚੋਰੀ ਕਰ ਕੇ ਲੈ ਗਈ।

ਜੋਗਿੰਦਰ ਪਾਲ ਪਾਂਡੇ ਮਾਰ ਦਿੱਤਾ

19 ਜਨਵਰੀ 1987 ਨੂੰ ਖਾੜਕੂਆਂ ਨੇ ਫ਼ਿਰਕਾਪ੍ਰਸਤ ਹਿੰਦੂ ਆਗੂ ਜੋਗਿੰਦਰ ਪਾਲ ਪਾਂਡੇ ਨੂੰ ਕਤਲ ਕਰ ਦਿੱਤਾ। ਅਗਲੇ ਦਿਨ ਉਸ ਦੀ ਲੋਥ ਨਾਲ ਜਾਂਦੇ ਜਲੂਸ ਨੇ ਸਿੱਖਾਂ ਅਤੇ ਸਿੱਖ ਅਦਾਰਿਆਂ ਉੱਤੇ ਹਮਲੇ ਕੀਤੇ। ਲੋਥ ਸਾੜਣ ਵੇਲੇ ਪੁੱਜੇ ਸੰਤੋਖ ਸਿੰਘ ਰੰਧਾਵਾ ਉੱਤੇ ਵੀ ਪਥਰਾਅ ਹੋਇਆ। ਬਲਵੰਤ ਸਿੰਘ ਅਤੇ ਚੰਦੂਮਾਜਰਾ ਹਿੰਦੂਆਂ ਦੇ ਪਥਰਾਅ ਤੋਂ ਡਰ ਕੇ ਅੱਗੇ ਨਾ ਜਾ ਸਕੇ। ਪਾਂਡੇ ਤੇ ਕਟੋਚ ਦਾ ਕਤਲ ਜਨਵਰੀ 1987 ਵਿੱਚ ਜੁਝਾਰੂਆਂ ਦੇ ਦੋ ਵੱਡੇ ਐਕਸ਼ਨ ਸਨ।

ਗੁਰੂ ਗ੍ਰੰਥ ਸਾਹਿਬ 'ਤੇ ਕਾਨੂੰਨ ਦੇ ਨਾਂ 'ਤੇ ਹਮਲਾ

18 ਜਨਵਰੀ ਨੂੰ ਪੰਜਾਬ ਹਾਈ ਕੋਰਟ ਦੇ ਹਿੰਦੂ ਜੱਜਾਂ ਨੇ ਇਕ ਸਾਜ਼ਿਸ਼ ਹੇਠ ਇਹ ਫ਼ੈਸਲਾ ਦਿੱਤਾ ਕਿ ''ਗੁਰੂ ਗ੍ਰੰਥ ਸਾਹਿਬ ਇਕ 'ਜੂਰੀਡਿਸਕ ਪਰਸਨ' ਨਹੀਂ ਹੈ', ਯਾਨਿ ਗੁਰੂ ਗ੍ਰੰਥ ਸਾਹਿਬ ਦੇ ਅਦਾਲਤੀ ਹੱਕ ਨਹੀਂ ਹੋ ਸਕਦੇ। ਭਾਰਤ ਦੇ ਹਿੰਦੂ ਜੱਜਾਂ ਮੁਤਾਬਿਕ ਹਿੰਦੂ ਮੰਦਰ ਦਾ ਬੁੱਤ 'ਜੂਰੀਡਿਸਕ ਪਰਸਨ' ਹੋ ਸਕਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਨਹੀਂ। ਇਸ ਫ਼ੈਸਲੇ ਉੱਤੇ ਦੋ ਫ਼ਿਰਕੂ ਹਿੰਦੂ ਜੱਜਾਂ ਤਿਵਾੜੀਆ ਅਤੇ ਪੁਨਛੀ ਦੇ ਦਸਤਖਤ ਸਨ (ਇਹ ਦੋਵੇਂ ਮੰਨੇ-ਪ੍ਰਮੰਨੇ ਫ਼ਿਰਕਾਪ੍ਰਸਤ ਹਿੰਦੂ ਤੇ ਸਿੱਖ-ਵਿਰੋਧੀ ਜੱਜ ਸਨ)। ਤੀਜੇ ਜੱਜ ਸਰਦਾਰ ਕੁਲਵੰਤ ਸਿੰਘ ਟਿਵਾਣਾ ਨੇ ਫ਼ੈਸਲੇ ਵਿਚ ਲਿਖਿਆ ਕਿ 'ਗੁਰੂ ਗ੍ਰੰਥ ਸਾਹਿਬ ਜੂਰੀਡਿਸਕ ਪਰਸਨ ਹੈ।' ਇਸ ਤੋਂ ਹਿੰਦੂ ਜੱਜਾਂ ਦੀ ਜ਼ਿਹਨੀਅਤ ਦਾ ਵੀ ਸਾਫ਼ ਪਤਾ ਲਗਦਾ ਹੈ। *(ਮਗਰੋਂ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਬਦਲ ਦਿੱਤਾ)।*

1986 ਵਿਚ ਸਿੱਖਾਂ 'ਤੇ ਕੀਤੇ ਜ਼ੁਲਮ ਦਾ ਸਰਕਾਰੀ ਇਕਬਾਲ

ਸੰਨ 1986 ਵਿਚ ਜਲੰਧਰ ਰੇਂਜ 'ਚ ਬਰਨਾਲਾ ਦੀ 'ਅਕਾਲੀ' ਸਰਕਾਰ ਨੇ ਬਹੁਤ ਸਾਰੇ ਸਿੱਖ ਸ਼ਹੀਦ ਅਤੇ ਗ੍ਰਿਫ਼ਤਾਰ ਕੀਤੇ। ਇਕ ਸਰਕਾਰੀ ਰਿਪੋਰਟ ਮੁਤਾਬਿਕ 1986 ਵਿਚ ਅੰਮ੍ਰਿਤਸਰ 'ਚ 33, ਗੁਰਦਾਸਪੁਰ 'ਚ 32, ਜਲੰਧਰ 'ਚ 3, ਹੁਸ਼ਿਆਰਪੁਰ ਤੇ ਕਪੂਰਥਲਾ ਵਿਚ ਇਕ-ਇਕ ਸਿੱਖ ਕਤਲ ਕੀਤੇ ਗਏ ਸਨ। ਸਰਕਾਰ ਨੇ 70 ਸਿੱਖਾਂ ਨੂੰ ਕਤਲ ਕਰਨਾ ਤਾਂ ਖ਼ੁਦ

ਮੰਨਿਆ। ਬਰਨਾਲਾ ਸਰਕਾਰ ਨੇ ਇਸ ਤੋਂ ਇਲਾਵਾ ਅੰਮ੍ਰਿਤਸਰ ਵਿਚ 782, ਗੁਰਦਾਸਪੁਰ ਵਿਚ 226, ਜਲੰਧਰ ਵਿਚ 136, ਕਪੂਰਥਲਾ ਵਿਚ 166, ਤੇ ਹੁਸਿਆਰਪੁਰ ਵਿਚ 32 ਸਿੱਖ ਗ੍ਰਿਫ਼ਤਾਰ ਕੀਤੇ ਗਏ ਵੀ ਮੰਨਿਆ। ਨੈਸ਼ਨਲ ਸਕਿਊਰਿਟੀ ਐਕਟ ਹੇਠ ਅੰਮ੍ਰਿਤਸਰ ਵਿਚ 61, ਜਲੰਧਰ ਵਿਚ 32, ਕਪੂਰਥਲਾ ਵਿਚ 7, ਗੁਰਦਾਸਪੁਰ ਵਿਚ 7, ਹੁਸ਼ਿਆਰਪੁਰ ਵਿਚ 4 ਸਿੱਖ ਨਜ਼ਰਬੰਦ ਕੀਤੇ ਗਏ। 'ਕੋਫ਼ਾ ਪੋਸਾ' ਕਾਨੂੰਨ ਦੇ ਨਾਂ 'ਤੇ ਵੀ 68 ਸਿੱਖਾਂ ਦੀਆਂ ਨਜ਼ਰਬੰਦੀਆਂ ਹੋਈਆਂ।

ਇਕ ਹੋਰ ਸਰਕਾਰੀ ਐਲਾਨ ਮੁਤਾਬਿਕ ਸਿੱਖਾਂ ਨੇ 386 ਬੰਦਿਆਂ ਨੂੰ ਉਪਰਲੇ ਪੰਜ ਜ਼ਿਲਿਆਂ ਵਿਚ ਮਾਰਿਆ। ਇਨ੍ਹਾਂ ਵਿਚੋਂ 203 ਅੰਮ੍ਰਿਤਸਰ ਵਿਚ ਹੀ ਸਨ। ਇਨ੍ਹਾਂ ਵਿਚ 26 ਪੁਲਸੀਏ ਤੇ 9 ਸੀ.ਪੀ.ਆਰ. ਅਤੇ ਬੀ.ਐਸ.ਐਫ਼. ਦੇ ਮੁਲਾਜ਼ਮ ਵੀ ਸ਼ਾਮਿਲ ਸਨ। ਪੁਲੀਸ ਮੁਤਾਬਿਕ ਇਸ ਨੇ 409 ਰਿਵਾਲਵਰ ਤੇ ਪਿਸਤੌਲਾਂ, 99 ਰਾਈਫ਼ਲਾਂ ਤੇ ਬੰਦੂਕਾਂ, 21 ਸਟੇਨ ਕਾਰਬਾਈਨਾਂ, 2 ਲਾਈਟ ਮਸ਼ੀਨ ਗੰਨਾਂ, 31 ਹੈਂਡ ਗਰਨੇਡ ਤੇ 7365 ਕਾਰਤੂਸ ਬਰਾਮਦ ਕੀਤੇ ਸਨ।

ਉਪਰ ਦੱਸੀ ਗਿਣਤੀ ਸੁਰਜੀਤ ਬਰਨਾਲਾ ਸਰਕਾਰ ਦੀ ਤਰਫ਼ੋਂ ਰਿਲੀਜ਼ ਕੀਤੀ ਹੋਈ ਸੀ। ਸਿੱਖਾਂ ਦੇ ਕਤਲ 70 ਤੋਂ ਤਾਂ ਕਿਤੇ ਜ਼ਿਆਦਾ ਸਨ। ਇਕ ਅੰਦਾਜ਼ੇ ਮੁਤਾਬਿਕ ਤਕਰੀਬਨ 500 ਸਿੱਖ ਨੌਜਵਾਨ ਮਾਰੇ ਗਏ ਸਨ। ਇਸੇ ਤਰ੍ਹਾਂ ਗ੍ਰਿਫ਼ਤਾਰੀਆਂ ਦੀ ਗਿਣਤੀ 1342 ਵੀ ਗਲਤ ਹੈ। ਘਟੋ-ਘਟ 3000 ਸਿੱਖ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡੱਕੇ ਗਏ ਸਨ। ਇਸ ਤੋਂ ਇਲਾਵਾ ਸਿੱਖਾਂ ਦੇ ਟੱਬਰਾਂ 'ਤੇ ਕੀਤਾ ਗਿਆ ਜ਼ੁਲਮ ਤਸੀਹੇ, ਤਸ਼ੱਦਦ, ਜ਼ਬਤੀਆਂ, ਗੁਰਦੁਆਰਿਆਂ ਉੱਤੇ ਹਮਲੇ ਵਗੈਰਾ ਦੀ ਤਾਂ ਇੰਤਹਾ ਕੀਤੀ ਗਈ ਸੀ।

ਫਰਵਰੀ 1987 ਵਿਚ ਦਰਜਨਾਂ ਸਿੱਖਾਂ ਦਾ ਕਤਲ

ਸੁਰਜੀਤ ਬਰਨਾਲਾ ਦੀ 'ਅਕਾਲੀ' ਸਰਕਾਰ ਨੇ ਫਰਵਰੀ 87 ਵਿਚ ਵੀ ਕਈ ਸਿੱਖ ਨੌਜਵਾਨਾਂ ਨੂੰ ਨਕਲੀ ਮੁਕਾਬਲੇ ਬਣਾ ਕੇ ਕਤਲ ਕੀਤਾ। 7 ਫਰਵਰੀ ਨੂੰ ਮੱਲ੍ਹੀਆਂ (ਅੰਮ੍ਰਿਤਸਰ) ਵਿੱਚ ਇਕ ਸਿੱਖ ਮਾਰਿਆ ਗਿਆ। ਇਸੇ ਦਿਨ ਸ਼ੇਰ ਸਿੰਘ ਸ਼ੇਰ ਉਰਫ਼ ਕੰਵਲਜੀਤ ਸਿੰਘ ਕੰਬਾ, ਜਿਹੜਾ ਕਿ ਖਾਲਿਸਤਾਨ ਕਮਾਂਡੋ ਫੋਰਸ ਦਾ ਜਰਨੈਲ ਸੀ, ਨੂੰ ਕਤਲ ਕਰ ਦਿੱਤਾ ਗਿਆ। 10 ਫਰਵਰੀ ਨੂੰ ਬੁੱਧਾਸਾਨੀ (ਪੱਟੀ) ਕੋਲ ਇਕ ਸਿੱਖ, 12 ਫਰਵਰੀ ਨੂੰ ਨਾਨੋਵਾਲ (ਲੁਧਿਆਣਾ) ਨੇੜੇ 2 ਸਿੱਖ ਮਾਰੇ ਗਏ।

12 ਫਰਵਰੀ ਨੂੰ ਭਾਈ ਮਨਜੀਤ ਸਿੰਘ ਖਜਾਲਾ, ਜੋ ਖਾਲਿਸਤਾਨ ਆਰਮਡ ਫੋਰਸਿਜ਼ ਆਗੂ ਸੀ, ਨੂੰ ਘਰਿੰਡਾ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਨਕਲੀ ਮੁਕਬਾਲੇ ਵਿਚ ਮਰਿਆ ਦਿਖਾ ਦਿੱਤਾ ਗਿਆ। ਦਰਅਸਲ ਉਸ ਨੂੰ 10 ਫਰਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਦੋ ਦਿਨ ਉਸ 'ਤੇ ਮਾਲ ਮੰਡੀ ਅੰਮ੍ਰਿਤਸਰ ਦੇ ਟਾਰਚਰ ਸੈਂਟਰ ਵਿਚ ਅੰਨ੍ਹਾ ਤਸ਼ੱਦਦ ਢਾਹਿਆ ਗਿਆ ਸੀ। ਉਸ ਦੇ ਦੋਵੇਂ ਹੱਥ ਵੱਢ ਦਿੱਤੇ ਗਏ ਸਨ (ਇਹ ਹੱਥ ਕਾਫ਼ੀ ਦੇਰ ਤਕ ਉੱਥੇ ਨੁਮਾਇਸ਼ ਦੇ ਤੌਰ 'ਤੇ ਰੱਖੇ ਗਏ ਤਾਂ ਜੋ ਸਿੱਖ ਨੌਜਵਾਨਾਂ ਵਿਚ ਇਹ ਦਿਖਾ ਕੇ ਉਨ੍ਹਾਂ ਵਿਚ ਦਹਿਸ਼ਤ ਤੇ ਡਰ ਪੈਦਾ ਕੀਤਾ ਜਾ ਸਕੇ)।

14 ਫਰਵਰੀ ਨੂੰ ਇੰਦਰਜੀਤ ਸਿੰਘ (ਕੋਟ ਮੌਲਵੀ, ਗੁਰਦਾਸਪੁਰ) ਬਲਵਾਵਾ (ਅੰਮ੍ਰਿਤਸਰ) ਦੇ ਨੇੜੇ ਕਤਲ ਕੀਤਾ ਗਿਆ। 18 ਫਰਵਰੀ ਨੂੰ ਬੱਬਰ ਖਾਲਸਾ ਦੇ ਦੁਰਗਾ ਸਿੰਘ ਨੂੰ ਭਿਖੀਵਿੰਡ

ਦੇ ਨੇੜੇ ਦਿਆਲਪੁਰ ਵਿਚ ਕਤਲ ਕੀਤਾ ਗਿਆ। 23 ਫਰਵਰੀ ਨੂੰ ਕੰਵਲਜੀਤ ਸਿੰਘ ਜ਼ੀਰਾ ਨੂੰ ਸੰਤੂਵਾਲਾ ਫ਼ੀਰੋਜ਼ਪੁਰ ਨੇੜੇ ਕਤਲ ਕੀਤਾ ਗਿਆ। 26 ਫਰਵਰੀ ਨੂੰ ਬਬਰ ਕਰਮ ਸਿੰਘ (ਕੋਟਲਾ ਫਾਸੀ, ਬਟਾਲਾ) ਨੂੰ ਲੋਕ ਚੱਕ ਕਾਦੀਆਂ ਨੇੜੇ ਤੇ 27 ਫਰਵਰੀ ਨੂੰ ਨਿਰਮਲ ਸਿੰਘ ਨੂੰ ਮਾਰ ਦਿਤਾ ਗਿਆ।

ਬਰਨਾਲਾ ਸਰਕਾਰ ਵੱਲੋਂ ਫਰਵਰੀ 'ਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

1 ਫਰਵਰੀ ਨੂੰ ਸੀ.ਆਰ.ਪੀ.ਐਫ਼. ਨੇ ਇਕ ਬੱਸ ਕੰਡਰਟਰ ਨੂੰ ਕੁੱਟਿਆ ਤੇ ਉਲਟਾ ਕੰਪਨੀ ਦੇ ਮੁਲਾਜ਼ਮਾਂ ਪਰਮਜੀਤ ਸਿੰਘ ਤੇ ਹਰਭਜਨ ਸਿੰਘ ਨੂੰ 341, 42 ਦਫ਼ਾ ਹੇਠ ਗ੍ਰਿਫ਼ਤਾਰ ਵੀ ਕਰ ਲਿਆ ਅਤੇ ਦੋ ਬੱਸਾਂ ਵੀ ਜ਼ਬਤ ਕਰ ਲਈਆਂ। 5 ਫਰਵਰੀ ਨੂੰ ਕੋਲ ਸੇਡ਼ੀ, ਬਰਨਾਲਾ, ਦੇ ਇਕ ਕਾਮਰੇਡ ਉੱਤੇ ਹਮਲੇ ਦੇ ਨਾਂ 'ਤੇ ਗੁਰਮੀਤ ਸਿੰਘ (ਕੁੱਬਾ ਪਿੰਡ) ਤੇ ਬਲਕਾਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। (ਬਲਕਾਰ ਸਿੰਘ ਉੱਤਰਪ੍ਰਦੇਸ਼ ਦਾ 'ਭਈਆ' ਸੀ ਤੇ ਸਿੱਖ ਸੱਜਿਆ ਹੋਇਆ ਸੀ)। ਇਸੇ ਦਿਨ ਜਲੰਧਰ 'ਚ ਪੁਲੀਸ ਨੇ ਘੇਰਾ ਪਾ ਕੇ 250 ਘਰਾਂ ਦੀਆਂ ਤਲਾਸ਼ੀਆਂ ਲਈਆਂ ਤੇ 30 ਤੋਂ ਵੱਧ ਬੰਦਿਆਂ ਨੂੰ ਹਿਰਾਸਤ ਵਿਚ ਲੈ ਲਿਆ। 7 ਫਰਵਰੀ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਜਰਨੈਲ ਅਰੂੜ ਸਿੰਘ (ਮੈਂਬਰ ਪੰਥਕ ਕਮੇਟੀ) ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਹਰਵਿੰਦਰ ਸਿੰਘ ਉਰਫ਼ ਹਰੀ ਅਤੇ ਪਲਵਿੰਦਰ ਸਿੰਘ ਉਰਫ਼ ਕਾਕਾ (ਰਾਹੋਂ), ਦੋਵੇਂ ਬੱਬਰ ਖਾਲਸਾ, ਗ੍ਰਿਫ਼ਤਾਰ ਕੀਤੇ ਗਏ।

11 ਫਰਵਰੀ ਨੂੰ ਚਰਨ ਸਿੰਘ (ਮੱਜੇ ਗਰਾਈਂ ਖੁਰਦ) ਅਤੇ ਗੁਰਦੇਵ ਸਿੰਘ (ਜੈਤੋ) ਨੂੰ ਫਰੀਦਕੋਟ ਵਿਚ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਫ਼ੀਰੋਜ਼ਪੁਰ ਵਿਚ ਰਣਜੀਤ ਸਿੰਘ ਰਾਣਾ ਅਤੇ ਗੁਰਚਰਨ ਸਿੰਘ ਉਰਫ਼ ਚੰਨੀ ਪੁਲੀਸ ਨੇ ਗ੍ਰਿਫ਼ਤਾਰ ਕੀਤੇ। ਉਨ੍ਹਾਂ ਦੋਹਾਂ ਉੱਤੇ ਰਿਬੈਰੋ 'ਤੇ ਹਮਲੇ ਤੋਂ ਇਲਾਵਾ 14 ਕਤਲ ਕੇਸ ਪਾਏ ਗਏ। ਇਸੇ ਦਿਨ ਹੀ ਸਤਵੰਤ ਸਿੰਘ ਸੋਢੀ (ਚੁਗਾਵਾਂ) ਵੀ ਗ੍ਰਿਫ਼ਤਾਰ ਕੀਤਾ ਗਿਆ।

12 ਫਰਵਰੀ ਨੂੰ ਕਾਦੀਆਂ ਅਤੇ ਹਰਗੋਬਿੰਦਪੁਰ ਦੇ 20 ਪਿੰਡਾਂ ਦੀ ਤਲਾਸ਼ੀ ਲਈ ਗਈ ਤੇ ਕਈ ਸਿੱਖ ਮਹਿਮਾਨ ਹਿਰਾਸਤ ਵਿਚ ਲੈ ਲਏ ਗਏ। ਇਸੇ ਦਿਨ ਪਟਿਆਲੇ ਵਿਚ ਵੀ ਕਈ ਸਿੱਖ ਗ੍ਰਿਫ਼ਤਾਰ ਕੀਤੇ ਗਏ। 14 ਫਰਵਰੀ ਨੂੰ ਮੋਗਾ ਵਿਚ ਰਣਜੀਤ ਸਿੰਘ (ਚੰਨੂਵਾਲਾ) ਅਤੇ ਅਜਾਇਬ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। 17 ਫਰਵਰੀ ਨੂੰ ਜੈਤੋ (ਮੋਗਾ) ਨੇੜੇ ਭੂਪਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਅੰਮ੍ਰਿਤਸਰ ਵਿਚ ਨਰਾਇਣ ਸਿੰਘ, ਨਰਿੰਦਰ ਸਿੰਘ, ਮਨਜੀਤ ਸਿੰਘ, ਦਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। 17 ਫਰਵਰੀ ਨੂੰ ਹੀ ਖਾਲਿਸਤਾਨ ਕਮਾਂਡੋ ਫੋਰਸ ਦੇ ਜੀਵਨਜੋਤ ਸਿੰਘ ਨੂੰ ਚਰਨ ਬਾਗ (ਪਟਿਆਲਾ) ਨੇੜੇ ਮੁਕਾਬਲੇ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ।

18 ਫਰਵਰੀ ਨੂੰ ਮਨਜੀਤ ਸਿੰਘ ਕਲਕੱਤਾ ਨੂੰ 'ਖਾਲਿਸਤਾਨ ਦੇ ਨਾਅਰੇ ਲਾਏ' ਆਖ ਕੇ ਗ੍ਰਿਫ਼ਤਾਰ ਕੀਤਾ ਗਿਆ। 19 ਫਰਵਰੀ ਨੂੰ ਬਟਾਲਾ ਪੁਲੀਸ ਨੇ ਅਵਤਾਰ ਸਿੰਘ ਕੱਥੂਨੰਗਲ ਤੇ ਭੂਪਿੰਦਰ ਸਿੰਘ ਉਰਫ਼ ਪੱਪੀ (ਮਰੜ) ਨੂੰ ਗ੍ਰਿਫ਼ਤਾਰ ਕੀਤਾ। 24 ਫਰਵਰੀ ਨੂੰ ਖਡੂਰ ਸਾਹਿਬ ਵਿਚ ਬਲਦੇਵ ਸਿੰਘ (ਹੋਠੀਆਂ) ਦਲਬੀਰ ਸਿੰਘ ਤੇ ਅਮਰਜੀਤ ਸਿੰਘ (ਖਡੂਰ ਸਾਹਿਬ) ਨੂੰ

ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਹੁਸ਼ਿਆਰਪੁਰ ਪੁਲੀਸ ਨੇ ਅਮਰਜੀਤ ਸਿੰਘ (ਬੇਗੋਵਾਲ), ਜਸਵੰਤ ਸਿੰਘ (ਓਮਾਨ) ਤੇ ਰਘਬੀਰ ਸਿੰਘ (ਸੁਰਖਾ), ਤਿੰਨ ਖਾੜਕੂਆਂ ਨੂੰ ਗ੍ਰਿਫ਼ਤਾਰ ਕੀਤਾ। 26 ਫਰਵਰੀ ਨੂੰ ਵਿਰਸਾ ਸਿੰਘ (ਬੂਹ) ਤੇ ਤਰਸੇਮ ਸਿੰਘ ਉਰਫ਼ ਦਲੇਰ ਸਿੰਘ (ਤੇਜਾ ਵਿਲਾ, ਗੁਰਦਾਸਪੁਰ) ਨੂੰ ਭਵਾਨੀਪੁਰ, ਕਪੂਰਥਲਾ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਬਟਾਲਾ ਪੁਲੀਸ ਨੇ ਜਸਬੀਰ ਸਿੰਘ (ਬਸਤੀਵਾਲਾ) ਤੇ ਜੱਸਾ ਸਿੰਘ ਮਸੀਹ (ਕੋਟਲਾ ਵਾਸੀ) ਨੂੰ ਵੀ ਗ੍ਰਿਫ਼ਤਾਰ ਕੀਤਾ। ਇਸੇ ਦਿਨ ਸਰਹਾਲੀ ਕੋਲ ਜੌੜਾ ਪਿੰਡ ਦੇ ਦਵਿੰਦਰ ਸਿੰਘ, ਤਲਵਿੰਦਰ ਸਿੰਘ, ਸਿਤਾਰਾ ਸਿੰਘ, ਜਗੀਰ ਸਿੰਘ, ਸੁੱਚਾ ਸਿੰਘ, ਪੂਰਨ ਸਿੰਘ, ਸੁਰਜੀਤ ਸਿੰਘ, ਕਰਮ ਸਿੰਘ ਤੇ ਕਰਨੈਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਖਾੜਕੂਆਂ ਹੱਥੋਂ ਜ਼ਾਲਮ ਪੁਲਸੀਆਂ ਦੇ ਕਤਲ

9 ਫਰਵਰੀ ਦੇ ਦਿਨ ਹਰਪਾਲ ਸਿੰਘ ਡੀ.ਐਸ.ਪੀ. ਬਾਬਾ ਬਕਾਲਾ ਤੇ ਉਸ ਦੇ ਦੋ ਪੁੱਤਰਾਂ ਨੂੰ ਕਤਲ ਕਰ ਦਿੱਤਾ ਗਿਆ। ਇਸੇ ਦਿਨ ਮੋਗਾ ਦਾ ਮੈਜਿਸਟ੍ਰੇਟ ਐਚ.ਆਰ. ਕੌਸ਼ਕ ਵੀ ਮਾਰ ਦਿੱਤਾ ਗਿਆ। ਗੁਰਦੇਵ ਕੌਰ (ਭਗਤ ਸਿੰਘ ਦੀ ਰਿਸ਼ਤੇਦਾਰ) ਮੁਖਬਰੀ ਦੇ ਦੋਸ਼ ਵਿਚ ਮਾਰੀ ਗਈ। ਅਗਲੇ ਦਿਨ 10 ਫਰਵਰੀ ਨੂੰ ਆਈ.ਜੀ. ਪੁਲੀਸ ਮਾਂਗਟ ਦਾ ਪੁੱਤਰ, ਜੋ ਪਟਿਆਲੇ ਵਿਚ ਡਾਕਟਰ ਸੀ, ਮਾਰ ਦਿੱਤਾ ਗਿਆ (ਇਸੇ ਡਾਕਟਰ ਨੇ ਲੌਂਗੋਵਾਲ ਕਾਂਡ ਦੇ ਪਲਵਿੰਦਰ ਸਿੰਘ ਨੂੰ ਰਜਿੰਦਰਾ ਹਸਪਤਾਲ ਪਟਿਆਲਾ ਵਿਚ ਉਸ ਦੀ ਲੱਤ ਵਿਚ ਜ਼ਹਿਰ ਦਾ ਟੀਕਾ ਲਾ ਕੇ ਮਾਰਿਆ ਸੀ)। ਮਾਂਗਟ ਨੇ ਖ਼ੁਦ ਚੰਦੋ ਕਲਾਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਅੱਗ ਲਾਈ ਸੀ ਤੇ ਬਹੁਤ ਸਾਰੇ ਸਿੱਖ ਨਕਲੀ ਮੁਕਾਬਲਿਆਂ ਵਿਚ ਮਾਰੇ ਸਨ। 15 ਫਰਵਰੀ ਨੂੰ ਕਾਮਰੇਡ ਚੰਨਣ ਸਿੰਘ ਧੂਤ ਵੀ ਮਾਰ ਦਿੱਤਾ ਗਿਆ।

ਪੰਜਾਬ ਦੀ ਤਵਾਰੀਖ਼ ਦਾ ਸਭ ਤੋਂ ਵੱਡਾ ਬੈਂਕ ਡਾਕਾ

12 ਫਰਵਰੀ ਨੂੰ ਖਾੜਕੂਆਂ ਨੇ ਲੁਧਿਆਣਾ ਦੀਆਂ ਕਚਹਿਰੀਆਂ ਵਿਚ ਐਕਸ਼ਨ ਕਰ ਕੇ ਬੱਬਰ ਖਾਲਸਾ ਦੇ ਅਨੋਖ ਸਿੰਘ ਨੂੰ ਪੁਲੀਸ ਕੋਲੋਂ ਛੁਡਵਾ ਲਿਆ। ਇਸੇ ਦਿਨ ਖਾੜਕੂਆਂ ਨੇ ਪੰਜਾਬ ਨੈਸ਼ਨਲ ਬੈਂਕ ਲੁਧਿਆਣਾ 'ਚ ਡਾਕਾ ਮਾਰ ਕੇ 5 ਕਰੋੜ 70 ਲੱਖ ਰੁਪਏ ਦੀ ਰਕਮ ਲੁੱਟ ਲਈ। ਉਸ ਵੇਲੇ ਤੱਕ ਇਹ ਸਭ ਤੋਂ ਵੱਡਾ ਡਾਕਾ ਸੀ। ਇਸ ਡਾਕੇ 'ਚ ਪੁਲਸ ਨੇ 28 ਸਿੱਖਾਂ ਨੂੰ ਨਾਮਜ਼ਦ ਕੀਤਾ ਸੀ। 21 ਨਵੰਬਰ 2012 ਦੇ ਦਿਨ ਸਪੈਸ਼ਲ ਟਾਡਾ ਅਦਾਲਤ ਨੇ ਰੱਦ ਹੋਏ ਟਾਡਾ ਕਾਨੂੰਨ ਹੇਠ, ਇਸ ਡਾਕੇ ਦੇ ਕੇਸ ਵਿਚ ਦਲਜੀਤ ਸਿੰਘ ਬਿੱਟੂ, ਗੁਰਸ਼ਰਨ ਸਿੰਘ ਗਾਮਾ, ਗੁਰਨਾਮ ਸਿੰਘ ਰੱਟਣ (ਲੁਧਿਆਣਾ), ਹਰਜਿੰਦਰ ਸਿੰਘ ਲਲਤੋਂ (ਲੁਧਿਆਣਾ), ਬਲਵਿੰਦਰ ਸਿੰਘ ਟੌਲੀ (ਨੇੜੇ ਨਕੋਦਰ, ਜਲੰਧਰ), ਮੋਹਨ ਸਿੰਘ ਕਰਤਾਰਪੁਰ (ਲੁਧਿਆਣਾ), ਸਵਰੂਪ ਸਿੰਘ ਜਲੰਧਰ, ਗੁਰਜੰਟ ਸਿੰਘ ਜਗਰਾਓਂ (ਲੁਧਿਆਣਾ), ਅਵਤਾਰ ਸਿੰਘ ਜਲੰਧਰ, ਹਰਭਜਨ ਸਿੰਘ ਨਕੋਦਰ, ਆਸਾ ਸਿੰਘ ਹੁਸ਼ਿਆਰਪੁਰ (ਉਮਰ 93 ਸਾਲ), ਮਾਨ ਸਿੰਘ ਲੁਧਿਆਣਾ ਨੂੰ 10-10 ਸਾਲ ਕੈਦ ਦੀ ਸਜ਼ਾ ਸੁਣਾਈ। ਇਸ ਕੇਸ ਵਿਚ 28 ਹੋਰ ਲੋਕ ਵੀ ਨਾਮਜ਼ਦ ਸਨ ਜਿਨ੍ਹਾਂ ਵਿਚੋਂ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ ਦਿੱਤੀ ਜਾ ਚੁਕੀ ਸੀ ਤੇ 26 ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਮਾਰਿਆ ਜਾ ਚੁੱਕਾ ਸੀ।

ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ

ਪ੍ਰੋ: ਦਰਸ਼ਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲਣ ਮਗਰੋਂ ਕਈ ਸਾਰੇ ਸ਼੍ਰੋਮਣੀ ਅਕਾਲੀ ਦਲਾਂ ਨੂੰ ਇਕ ਕਰਨ ਦੀ ਤਰਕੀਬ ਬਣਾਈ। ਉਸ ਨੇ ਸਾਰੇ ਅਕਾਲੀ ਦਲ ਤੋੜ ਕੇ ਇਕ ਸਾਂਝਾ ਅਕਾਲੀ ਦਲ ਬਣਾਉਣ ਦਾ ਐਲਾਨ ਕਰ ਦਿਤਾ। ਉਸ ਨੇ 3 ਫ਼ਰਵਰੀ 1987 ਨੂੰ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਅਸਤੀਫ਼ੇ ਮੰਗ ਲਏ। ਅਗਲੇ ਦਿਨ ਬਾਬਾ ਜੋਗਿੰਦਰ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਅਸਤੀਫ਼ੇ ਦੇ ਦਿੱਤੇ ਪਰ ਸੁਰਜੀਤ ਬਰਨਾਲੇ ਨੂੰ ਅਸਤੀਫ਼ਾ ਦੇਣ ਦੀ ਬਜਾਇ ਇਕ 5 ਮੈਂਬਰੀ ਕਮੇਟੀ ਬਣਾ ਦਿੱਤੀ ਜਿਹੜੀ ਰਾਗੀ ਨੂੰ 'ਮਿਲ ਕੇ ਪੁਜ਼ੀਸ਼ਨ ਸਾਫ਼ ਕਰੇਗੀ।' ਇਸ ਪੰਜ ਮੈਂਬਰੀ ਕਮੇਟੀ ਦੇ ਨੁਮਾਇੰਦੇ ਹਰਭਜਨ ਸਿੰਘ ਸੰਧੂ ਨੇ ਰਾਗੀ ਨਾਲ ਗੱਲਬਾਤ ਕੀਤੀ ਤੇ ਹਥਿਆਰ ਸੁੱਟ ਦਿੱਤੇ। ਪਰ ਦਿੱਲੀ ਦੀ ਹਦਾਇਤ 'ਤੇ ਸੁਰਜੀਤ ਬਰਨਾਲਾ ਏਕਤਾ ਕਰਨ ਤੋਂ ਮੁੱਕਰ ਗਿਆ। ਪਰ ਬਰਨਾਲੇ ਦੇ ਦਲ ਵਿਚੋਂ ਸੁਖਦੇਵ ਸਿੰਘ ਢਿੱਲੋਂ ਵਜ਼ੀਰੀ ਛੱਡ ਕੇ ਤਖ਼ਤ ਸਾਹਿਬ 'ਤੇ ਆ ਪੁੱਜਾ। ਮਗਰੋਂ ਹਰਭਜਨ ਸਿੰਘ ਸੰਧੂ, ਮੇਜਰ ਸਿੰਘ ਉਬੋਕੇ, ਨਰਿੰਜਨ ਸਿੰਘ ਪੱਟੀ, ਨਿਰਮਲ ਸਿੰਘ ਕਾਹਲੋਂ ਤੇ ਬਸੰਤ ਸਿੰਘ ਖਾਲਸਾ ਵੀ ਨਾਲ ਆ ਗਏ। ਬਰਨਾਲੇ ਦੇ ਸ਼੍ਰੋਮਣੀ ਕਮੇਟੀ ਦੇ ਕਈ ਮੈਂਬਰ ਵੀ ਆ ਗਏ ਪਰ ਐਮ.ਐਲ.ਏਜ਼ ਵਿਚੋਂ 37 ਅਜੇ ਵੀ ਬਰਨਾਲੇ ਦੇ ਨਾਲ ਰਹੇ।

5 ਫਰਵਰੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਨਵੇਂ ਸ਼੍ਰੋਮਣੀ ਅਕਾਲੀ ਦਲ ਦੇ ਨਵੇਂ ਨੇਮ ਤੇ ਆਈਨ ਜਾਰੀ ਕਰ ਦਿੱਤਾ ਗਿਆ। ਇਸ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਨੂੰ ਪ੍ਰਧਾਨ ਤੇ ਨਾਲ ਹੀ ਇਕ ਪ੍ਰੀਜ਼ੀਡੀਅਮ ਵੀ ਬਣਾਈ ਗਈ। ਪ੍ਰੀਜ਼ੀਡੀਅਮ ਵਿਚ ਪ੍ਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ, ਠੇਕੇਦਾਰ ਸੁਰਜਨ ਸਿੰਘ, ਬਾਬਾ ਜੋਗਿੰਦਰ ਸਿੰਘ ਤੇ ਗੱਜਾ ਸਿੰਘ ਸਿਰਸਾ ਸ਼ਾਮਲ ਕੀਤੇ ਗਏ। ਇਸ ਤੋਂ ਇਲਾਵਾ ਇਕ ਕੌਂਸਲ ਵੀ ਬਣਾਈ ਗਈ ਜਿਸ ਵਿਚ 8 ਮੈਂਬਰ ਸਨ: ਗੁਰਦੇਵ ਸਿੰਘ ਬਾਦਲ, ਪ੍ਰੇਮ ਸਿੰਘ ਲਾਲਪੁਰਾ, ਮਨਜੀਤ ਸਿੰਘ ਕਲਕੱਤਾ, ਰਣਜੀਤ ਸਿੰਘ ਬ੍ਰਹਮਪੁਰਾ, ਮੇਜਰ ਜਨਰਲ ਨਰਿੰਦਰ ਸਿੰਘ, ਸੁਖਜਿੰਦਰ ਸਿੰਘ, ਉਜਾਗਰ ਸਿੰਘ ਸੇਖਵਾਂ ਤੇ ਕੈਪਟਨ ਹਰਚਰਨ ਸਿੰਘ ਰੋਡੇ।

6 ਫਰਵਰੀ ਨੂੰ ਪ੍ਰੋ: ਦਰਸ਼ਨ ਸਿੰਘ ਨੇ ਨਵੇਂ ਨੋਟਿਸ ਵਿਚ ਬਰਨਾਲਾ ਦਲ ਦੇ ਐਮ.ਐਲ.ਏਜ਼ ਨੂੰ ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਸਾਬਤ ਕਰਨ ਦਾ ਹੁਕਮ ਜਾਰੀ ਕੀਤਾ। ਪਹਿਲਾਂ ਤਾਂ ਮੇਜਰ ਸਿੰਘ ਉੱਬੋਕੇ, ਹਰਭਜਨ ਸਿੰਘ ਸੰਧੂ, ਬਸੰਤ ਸਿੰਘ ਖਾਲਸਾ, ਨਿਰਮਲ ਸਿੰਘ ਕਾਹਲੋਂ, ਢਿੱਲੋਂ, ਰਵੀਇੰਦਰ ਸਿੰਘ, ਨਰਿੰਜਨ ਸਿੰਘ ਪੱਟੀ (ਸੱਤਾਂ) ਤੋਂ ਇਲਾਵਾ ਬਲਵੰਤ ਸਿੰਘ, ਚੰਦੂਮਾਜਰਾ, ਸਾਂਈਆਂਵਾਲਾ, ਸੁਰਿੰਦਰਪਾਲ ਸਿੰਘ, ਹਰਦੀਪਇੰਦਰ ਸਿੰਘ, ਬਲਦੇਵ ਸਿੰਘ ਖਿਆਲਾ, ਦਲੀਪ ਸਿੰਘ ਪਾਂਧੀ, ਸਰਵਨ ਸਿੰਘ ਫਿਲੌਰ, ਅਮਰਜੀਤ ਸਿੰਘ ਸਮਰਲਾ, ਗੁਰਦੀਪ ਸਿੰਘ ਭੈਣੀ, ਤਾਰਾ ਸਿੰਘ ਅਟਾਰੀ ਤੇ ਜਸਵੰਤ ਸਿੰਘ ਡਿਪਟੀ ਸਪੀਕਰ ਨੇ ਵੀ ਤਖ਼ਤ ਅੱਗੇ ਸਿਰ ਝੁਕਾਉਣ ਬਾਰੇ ਲਿਖ ਕੇ ਦੇ ਦਿੱਤਾ ਪਰ ਬਾਅਦ ਵਿਚ ਇਹ ਮਗਰਲੇ 12 ਮੁਕਰ ਗਏ। (ਇਹ ਨਾਂ ਪ੍ਰੋ: ਦਰਸ਼ਨ ਸਿੰਘ ਨੇ 19 ਫਰਵਰੀ ਨੂੰ ਜਾਰੀ ਕੀਤੇ ਸਨ)।

8 ਫਰਵਰੀ ਨੂੰ ਬਰਨਾਲੇ ਨੇ ਅਸਤੀਫ਼ਾ ਦੇਣ ਤੋਂ ਪੂਰੀ ਤਰ੍ਹਾਂ ਨਾਂਹ ਕਰ ਦਿੱਤੀ। 9 ਫਰਵਰੀ ਨੂੰ ਉਸ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਤੇ 11 ਫਰਵਰੀ ਨੂੰ ਤਖ਼ਤ 'ਤੇ ਤਲਬ ਕਰ ਲਿਆ ਗਿਆ। ਪਰ ਬਰਨਾਲੇ ਨੇ ਨਾ ਤਾਂ ਪੇਸ਼ ਹੋਣਾ ਸੀ ਤੇ ਨਾ ਹੀ ਹੋਇਆ। ਉਸ ਨੂੰ 11 ਫਰਵਰੀ

ਨੂੰ ਪੰਥ ਵਿਚੋਂ 'ਖਾਰਜ' ਕਰਨ ਦਾ ਐਲਾਨ ਕਰ ਦਿੱਤਾ। ਰਛਪਾਲ ਸਿੰਘ ਦਿੱਲੀ ਵੀ ਤਖ਼ਤ ਤੇ ਹਾਜ਼ਰ ਨਾ ਹੋਇਆ ਤੇ ਉਸ ਨੂੰ ਵੀ 14 ਫਰਵਰੀ 1987 ਨੂੰ 'ਖਾਰਜ' ਕੀਤੇ ਜਾਣ ਬਾਰੇ ਐਲਾਨ ਕਰ ਦਿੱਤਾ ਗਿਆ। 15 ਫਰਵਰੀ ਨੂੰ ਸੁਰਜੀਤ ਬਰਨਾਲਾ ਨਾਲ ਰਹਿ ਗਏ ਐਮ.ਐਲ.ਏਜ਼ ਨੂੰ 21 ਫਰਵਰੀ ਤੱਕ ਦੀ ਮੁਹਲਤ ਦੇ ਦਿੱਤੀ ਗਈ। ਪਰ ਕਿਸੇ ਵੀ ਐਮ.ਐਲ.ਏ. ਨੇ ਇਸ ਦੀ ਪਰਵਾਹ ਨਾ ਕੀਤੀ।

ਇਕ ਦਿਲਚਸਪ ਗੱਲ ਹੈ ਕਿ ਦਰਸ਼ਨ ਸਿੰਘ ਨੇ ਕਦੇ ਵੀ ਬਾਕੀ ਐਮ.ਐਲ.ਏਜ਼, ਅਤੇ ਖਾਸ ਕਰ ਕੇ ਜੀਵਨ ਸਿੰਘ ਉਮਰਾਨੰਗਲ, ਬਾਰੇ ਕੋਈ ਅਖੌਤੀ-ਹੁਕਮਨਾਮਾ ਜਾਂ ਐਲਾਨ ਜਾਰੀ ਨਹੀਂ ਕੀਤਾ। ਹਾਲਾਂਕਿ ਉਮਰਾਨੰਗਲ ਰਾਗੀ ਦਰਸ਼ਨ ਸਿੰਘ ਦੇ ਖ਼ਿਲਾਫ਼ ਬੜੇ ਸਖ਼ਤ-ਸਖ਼ਤ ਬਿਆਨ ਜਾਰੀ ਕਰਦਾ ਰਿਹਾ ਸੀ।

ਉਂਞ ਰਾਗੀ ਦਰਸ਼ਨ ਸਿੰਘ ਵਲੋਂ ਸਾਰੇ ਅਕਾਲੀ ਦਲਾਂ ਨੂੰ ਇਕ ਕਰਨ ਦਾ ਕੋਈ ਤੁਕ ਨਹੀਂ ਸੀ ਬਣਦਾ, ਕਿਉਂਕਿ ਬਰਨਾਲਾ ਅਕਾਲੀ ਦਲ ਤੋਂ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਦੋ ਦਰਜਨ ਐਮ.ਐਲ.ਏਜ਼ ਅਤੇ ਹਜ਼ਾਰਾਂ ਅਕਾਲੀ ਵਰਕਰਾਂ ਵਲੋਂ ਵੱਖਰਾ ਹੋਣ ਦਾ ਪਿਛੋਕੜ ਬਰਨਾਲੇ ਵਲੋਂ ਦਰਬਾਰ ਸਾਹਿਬ 'ਤੇ ਹਮਲਾ ਕਰਨਾ ਸੀ। ਦੂਜਾ, ਬਰਨਾਲਾ ਅਜੇ ਵੀ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਤਲ ਕਰਵਾਈ ਜਾ ਰਿਹਾ ਸੀ। ਤੀਜਾ ਉਸ ਨੇ ਦਰਬਾਰ ਸਾਹਿਬ 'ਤੇ ਹਮਲੇ ਨੂੰ ਨਾ ਤਾਂ ਗ਼ਲਤ ਮੰਨਿਆ ਸੀ ਤੇ ਨਾ ਹੀ ਉਸ ਦੀ ਮੁਆਫ਼ੀ ਮੰਗੀ ਸੀ। ਇਸ ਕਰ ਕੇ, ਸਾਂਝਾ ਅਕਾਲੀ ਦਲ ਬਨਾਉਣ ਦੀ, ਕਾਰਵਾਈ ਨਾ ਤਾਂ ਅਸੂਲੀ ਸੀ ਅਤੇ ਨਾ ਹੀ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਅਤੇ ਰਿਵਾਇਤ ਮੁਤਾਬਿਕ। ਇੰਞ ਇਸ ਸੂਰਤ ਵਿਚ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਦਾ ਸਿੱਖ ਜਥੇਬੰਦੀਆਂ ਦੇ ਮਾਮਲੇ ਵਿਚ ਦਖ਼ਲ ਦੇਣਾ ਸਹੀ ਨਹੀਂ ਸੀ।

"ਅਕਾਲ ਪੁਰਖ ਨੇ ਆਪਣੇ ਪੰਥ ਦੀ ਇੱਜ਼ਤ ਆਪ ਰੱਖ ਲਈ। ਜੇ ਇਸ ਮੌਕੇ 'ਤੇ ਬਰਨਾਲਾ ਅਸਤੀਫ਼ਾ ਦੇ ਜਾਂਦਾ ਤੇ ਨਵੇਂ 'ਸਾਂਝੇ ਦਲ' 'ਚ ਸ਼ਾਮਿਲ ਹੋ ਜਾਂਦਾ ਤਾਂ ਇਸ ਦਾ ਮਤਲਬ ਇਹ ਹੋਣਾ ਸੀ ਕਿ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲਾ ਪੰਥ ਵਿੱਚੋਂ ਖਾਰਜ ਨਹੀਂ ਸੀ ਬਲਕਿ ਸਾਂਝੇ ਦਲ ਦਾ ਹਿੱਸਾ ਸੀ ਅਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਨੂੰ ਵੀ ਮੁਆਫ਼ੀ ਮਿਲ ਸਕਦੀ ਹੈ। ਸੋ ਅਕਾਲ ਪੁਰਖ ਨੇ ਆਪ ਇੱਜ਼ਤ ਰੱਖੀ ਤੇ ਬਰਨਾਲਾ ਹਿੰਦੂਆਂ ਤੇ ਕਾਮਰੇਡਾਂ ਦੇ ਢਹੇ ਚੜ੍ਹਿਆ ਰਿਹਾ। ਜੇ ਕਰ ਅਕਾਲ ਤਖਤ ਸਾਹਿਬ ਅਤੇ ਸਿੱਖੀ ਅਸੂਲਾਂ ਮੁਤਾਬਿਕ ਦੇਖਿਆ ਜਾਵੇ ਤਾਂ ਬਰਨਾਲਾ ਤਾਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਅਤੇ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਮਾਰਨ ਕਾਰਨ ਪੰਥ ਦਾ ਦੁਸ਼ਮਣ ਤੇ ਸਿੱਖਾਂ ਵਾਸਤੇ ਤਾਂ ਜ਼ਕਰੀਆ ਤੇ ਮੀਰ ਮੰਨੂ ਵਰਗਾ ਸੀ ਤੇ ਉਸ ਨੂੰ ਕਿਸੇ ਪੰਥਕ ਏਕਤਾ ਦੇ ਮਸਲੇ ਵਿਚ ਸ਼ਾਮਲ ਕਰਨਾ ਬਣਦਾ ਹੀ ਨਹੀਂ ਸੀ।"

ਇਕ ਪਾਸੇ ਤਾਂ ਅਕਾਲੀ ਦਲਾਂ ਦੀ ਏਕਤਾ ਦਾ ਐਲਾਨ ਹੋ ਗਿਆ ਅਤੇ ਦੂਜੇ ਪਾਸੇ ਬਿਮਲ ਕੌਰ ਨੇ ਇਕ ਨਵੇਂ 'ਇਸਤਰੀ ਅਕਾਲੀ ਦਲ' ਦੀ ਕਾਇਮੀ ਦਾ ਐਲਾਨ ਕਰ ਦਿੱਤਾ। ਹੁਣ ਤਿੰਨ ਇਸਤਰੀ ਅਕਾਲੀ ਦਲ ਕਾਇਮ ਹੋ ਚੁੱਕੇ ਸਨ। ਉਂਞ ਮਹੰਤ ਸੇਵਾ ਦਾਸ ਦਾ ਨਾਮਨਿਹਾਦ ਦਲ 'ਫੇਰੂਮਾਨ ਦਲ' ਵੀ ਅਜੇ ਤੱਕ ਕਾਇਮ ਸੀ।

ਬਰਨਾਲੇ ਵਲੋਂ 'ਅਕਾਲ ਤਖ਼ਤ' ਦੇ ਪੁਜਾਰੀਆਂ ਖ਼ਿਲਾਫ਼ ਬਗ਼ਾਵਤ ਦਾ ਐਲਾਨ

15 ਫਰਵਰੀ ਨੂੰ ਜਲੰਧਰ ਵਿਚ ਕਮਿਊਨਿਸਟਾਂ ਤੇ ਕਾਂਗਰਸੀਆਂ ਨੇ ਬਰਨਾਲੇ ਦੀ ਪਿੱਠ ਠੋਕੀ ਤੇ ਅਕਾਲ ਤਖ਼ਤ ਸਾਹਿਬ ਨੂੰ ਚੈਲੰਜ ਕਰਨ ਵਾਸਤੇ ਆਖਿਆ। 20 ਫਰਵਰੀ ਨੂੰ ਬਰਨਾਲੇ ਨੇ ਪਿੰਡ ਲੌਂਗੋਵਾਲ ਵਿਚ ਇਕ ਕਾਨਫ਼ਰੰਸ ਕਰ ਕੇ ਦੋ-ਤਿੰਨ ਲੱਖ ਬੰਦੇ ਇਕੱਠੇ ਕੀਤੇ। ਇਨ੍ਹਾਂ ਵਿਚੋਂ 95% ਹਿੰਦੂ, ਨਾਮਧਾਰੀ, ਨਿਰੰਕਾਰੀ, ਕਾਂਗਰਸੀ ਤੇ ਕਮਿਊਨਿਸਟ ਹੀ ਸ਼ਾਮਿਲ ਸਨ। ਬਰਨਾਲੇ ਦਾ ਇਹ ਐਕਸ਼ਨ ਸਿਰਫ਼ ਰਾਗੀ ਨੂੰ ਚੈਲੰਜ ਨਹੀਂ ਸੀ ਪਰ ਬਲਕਿ ਇਹ ਅਕਾਲ ਤਖ਼ਤ ਸਾਹਿਬ ਦੇ ਖ਼ਿਲਾਫ਼ ਬਗ਼ਾਵਤ ਕਰਨਾ ਸੀ। ਸਰਕਾਰੀ ਤਾਕਤ ਵਰਤ ਕੇ ਵੀ ਏਡੇ ਇਕੱਠ ਵਿਚੋਂ ਬਰਨਾਲੇ ਨੂੰ ਕੁਝ ਨਾ ਲੱਭਿਆ; ਸਿਰਫ਼ ਹਿੰਦੂਆਂ ਤੇ ਹੋਰ ਸਿੱਖ-ਦੁਸ਼ਮਣਾਂ ਤੋਂ ਸ਼ਾਬਾਸ਼ ਅਤੇ ਸਿੱਖਾਂ ਤੋਂ ਹੋਰ ਜ਼ਿਆਦਾ ਨਫ਼ਰਤ।

ਬਰਨਾਲਾ ਦਲ ਦੇ ਡੈਲੀਗੇਟਾਂ ਨੇ ਬਰਨਾਲਾ ਨੂੰ ਰੱਦ ਕੀਤਾ

22 ਫਰਵਰੀ ਨੂੰ ਹਰਬੰਸ ਸਿੰਘ ਘੁੰਮਣ ਨੇ ਬਰਨਾਲਾ ਦਲ ਦਾ ਇਜਲਾਸ ਸੱਦ ਕੇ ਤਖ਼ਤ ਸਾਹਿਬ ਨਾਲ ਜੁੜਨ ਦਾ ਮਤਾ ਪਾਸ ਕੀਤਾ। ਉਸ ਇਕੱਠ ਵਿਚ ਅਕਾਲੀ ਦਲ ਦੇ 435 ਵਿਚੋਂ 324 ਡੈਲੀਗੇਟ ਪੁੱਜਣ ਦਾ ਦਾਅਵਾ ਕੀਤਾ ਗਿਆ ਪਰ ਬਰਨਾਲੇ ਮੁਤਾਬਿਕ 468 ਡੈਲੀਗੇਟਾਂ ਵਿਚੋਂ 24 ਮਰ ਚੁੱਕੇ ਸਨ, 24 ਬਾਬਾ ਦਲ ਦੇ ਨਾਲ ਸਨ ਤੇ 114 ਬਾਦਲ ਨਾਲ। ਬਰਨਾਲੇ ਮੁਤਾਬਿਕ ਸਿਰਫ਼ 20 ਡੈਲੀਗੇਟ ਸ਼ਾਮਿਲ ਹੋਏ। ਇਸ ਇਜਲਾਸ ਵਿਚ ਭਾਵੇਂ ਕਿੰਨੇ ਵੀ ਡੈਲੀਗੇਟ ਪੁੱਜੇ ਹੋਣ ਪਰ ਇਹ ਸਾਫ਼ ਹੈ ਕਿ ਬਰਨਾਲੇ ਨਾਲ 100 ਤੋਂ ਵੀ ਘੱਟ ਡੈਲੀਗੇਟ ਸਨ ਤੇ ਬਾਕੀ ਸਾਰੇ ਹੁਣ ਨਵੇਂ ਸਾਂਝੇ ਦਲ ਵਿਚ ਸ਼ਾਮਲ ਸਨ। ਜੇ ਅਕਾਲੀ ਦਲ ਦੇ ਡੈਲੀਗੇਟ ਬਰਨਾਲਾ ਨਾਲ ਹੁੰਦੇ ਤਾਂ ਉਸ ਨੇ ਯਕੀਨ ਉਨ੍ਹਾਂ ਦੀ ਨੁਮਾਇਸ਼ ਕਰਨੀ ਸੀ ਜਾਂ ਆਪਣਾ ਇਕੱਠ ਬੁਲਾ ਲੈਣਾ ਸੀ।

ਜ਼ੈਲ ਸਿੰਘ ਵੱਲੋਂ ਬਰਨਾਲਾ ਦੀ ਹਿਮਾਇਤ

ਸੁਰਜੀਤ ਬਰਨਾਲਾ ਨੂੰ ਸਿਰਫ਼ ਹਿੰਦੂ ਜਮਾਤਾਂ, ਕਮਿਊਨਿਸਟਾਂ ਅਤੇ ਕਾਂਗਰਸੀਆਂ ਨੇ ਖ਼ੂਬ ਹੱਲਾਸ਼ੇਰੀ ਦਿੱਤੀ ਤੇ ਉਸ ਦੀ ਪਿੱਠ 'ਤੇ ਖੜ੍ਹੇ ਹੋਏ ਬਲਕਿ ਭਾਰਤ ਦੇ 'ਰਾਸ਼ਟਰਪਤੀ' ਜ਼ੈਲ ਸਿੰਘ ਨੇ ਵੀ ਉਸ ਦੀ ਡਟ ਕੇ ਹਿਮਾਇਤ ਕੀਤੀ। 23 ਫਰਵਰੀ ਨੂੰ ਜ਼ੈਲ ਸਿੰਘ ਨੇ ਪਾਰਲੀਮੈਂਟ ਵਿਚ ਲੈਕਚਰ ਕਰਦਿਆਂ ਬਰਨਾਲੇ ਨੂੰ ਅਕਾਲ ਤਖ਼ਤ ਸਾਹਿਬ ਨਾਲ ਟੱਕਰ ਲੈਣ ਲਈ ਮੁਬਾਰਕਬਾਦ ਦਿੱਤੀ ਤੇ ਨਾਲੇ ਆਖਿਆ 'ਸਰਕਾਰ ਧਰਮ ਦੀ ਕੁਵਰਤੋਂ ਦੀ ਇਜਾਜ਼ਤ ਨਹੀਂ ਦੇਵੇਗੀ।'

28 ਫਰਵਰੀ ਨੂੰ ਅਦਾਲਤ ਨੇ ਸੁੱਚਾ ਸਿੰਘ ਛੋਟੇਪੁਰ (ਸਾਬਕਾ ਵਜ਼ੀਰ) ਦੀ ਨਜ਼ਰਬੰਦੀ ਰੱਦ ਕਰ ਦਿੱਤੀ ਪਰ ਇਸ ਦੇ ਨਾਲ ਹੀ ਉਸ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ।

ਖਾੜਕੂਆਂ ਦੇ ਐਕਸ਼ਨ

ਖਾੜਕੂਆਂ ਨੇ 3 ਮਾਰਚ ਨੂੰ ਡੀ.ਏ.ਵੀ. ਕਾਲਜ ਜਲੰਧਰ ਦਾ ਲੈਕਚਰਾਰ ਐਮ.ਕੇ.ਸਹਿਗਲ, ਜੋ ਸਿੱਖਾਂ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕਰਦਾ ਹੁੰਦਾ ਸੀ, ਮਾਰ ਦਿੱਤਾ। ਉਸ ਨੇ 300 ਸਿੱਖ ਸਟੂਡੈਂਟਸ ਨੂੰ ਕਾਲਜ ਦਾਖ਼ਲਾ ਵੀ ਨਹੀਂ ਸੀ ਲੈਣ ਦਿੱਤਾ। 4 ਮਾਰਚ ਨੂੰ ਨਕੋਦਰ ਵਿਚ ਇਕ ਫ਼ਿਰਕੂ ਹਿੰਦੂ ਟੀਚਰ ਦਾ ਕਤਲ ਹੋਇਆ। 8 ਮਾਰਚ ਨੂੰ ਵੇਰਕਾ ਕੋਲ ਸੀ.ਆਰ.ਪੀ.ਐਫ਼. ਦਾ ਇਕ ਸਿਪਾਹੀ

ਖਾੜਕੂਆਂ ਹੱਥੋਂ ਮਾਰਿਆ ਗਿਆ। 10 ਮਾਰਚ ਨੂੰ ਗੜ੍ਹਾ ਜਲੰਧਰ ਕੋਲ ਸੀ.ਆਈ.ਡੀ. ਦਾ ਸਬ ਇੰਸਪੈਕਟਰ ਮਹਿੰਦਰ ਮਾਰ ਦਿੱਤਾ ਗਿਆ। 12 ਮਾਰਚ ਨੂੰ ਪੁਲੀਸ ਮੁਖ਼ਬਰ ਕਾਂਗਰਸੀ ਗੁਲਸ਼ਨ ਕੁਮਾਰ ਅਰੋੜਾ ਕਤਲ ਕਰ ਦਿੱਤਾ।

15 ਮਾਰਚ 1987 ਦੇ ਦਿਨ ਬਰਨਾਲੇ ਦਾ ਸਾਥੀ ਅਮਰਜੀਤ ਸਿੰਘ ਐਮ.ਐਲ.ਏ. ਸਮਰਾਲਾ ਮਾਰ ਦਿੱਤਾ ਗਿਆ। ਉਹ ਅਕਾਲ ਤਖ਼ਤ ਦੀ ਵਫ਼ਾਦਾਰੀ ਮਨਜ਼ੂਰ ਕਰਨ ਮਗਰੋਂ ਮੁੜ ਬਰਨਾਲੇ ਨਾਲ ਜਾ ਮਿਲਿਆ ਸੀ। ਇਸ ਦੇ ਪੁੱਤਰ ਨੇ ਘਰ ਵਿਚ ਪੰਥ ਦੀ ਚੜ੍ਹਦੀ ਕਲਾ ਵਾਸਤੇ 'ਅਖੰਡ ਪਾਠ' ਰੱਖਿਆ ਸੀ। ਇਸ ਨੇ ਇਸ ਪਾਠ ਨੂੰ ਰੁਕਵਾ ਕੇ ਜਬਰੀ ਗੁਰੂ ਗ੍ਰੰਥ ਸਾਹਿਬ ਘਰੋਂ ਚੁਕਵਾ ਦਿੱਤਾ ਸੀ। ਇਸੇ ਦਿਨ ਕਪੂਰਥਲਾ ਜ਼ਿਲ੍ਹੇ ਵਿਚ ਦੀਵਾਨ ਸਿੰਘ ਪੁਲੀਸ ਮੁਖ਼ਬਰ ਮਾਰਿਆ ਗਿਆ। ਅਗਲੇ ਦਿਨ ਵਡਾਲਾ ਜੌਹਲ (ਅੰਮ੍ਰਿਤਸਰ) ਦਾ ਮਹੰਤ ਕ੍ਰਿਪਾਲ ਕਤਲ ਹੋਇਆ। 17 ਮਾਰਚ ਨੂੰ ਪਟਿਆਲੇ ਦਾ ਜਨਸੰਘੀ ਸ਼ੰਭੂ ਪ੍ਰਸਾਦ ਮਾਰ ਦਿੱਤਾ ਗਿਆ।

ਗੁਰਦੁਆਰਾ ਸ਼ਹੀਦਾਂ 'ਤੇ ਸੀ.ਆਰ.ਪੀ.ਐਫ਼.ਦਾ ਇਕ ਹੋਰ ਹਮਲਾ

ਪਹਿਲੀ ਮਾਰਚ ਨੂੰ ਸੀ.ਆਰ.ਪੀ.ਐਫ਼. ਨੇ ਗੁਰਦੁਆਰਾ ਸ਼ਹੀਦਾਂ (ਅੰਮ੍ਰਿਤਸਰ) ਉੱਤੇ ਹਮਲਾ ਕਰ ਦਿੱਤਾ। ਮਗਰੋਂ ਇਸ ਨੂੰ ਮੁਕਾਬਲੇ ਦਾ ਨਾਂ ਦੇ ਦਿੱਤਾ ਗਿਆ। ਸੀ.ਆਰ.ਪੀ.ਐਫ਼. ਦੀ ਗੋਲਾਬਾਰੀ ਵਿਚ 5 ਸਿੱਖ ਮਾਰੇ ਗਏ। ਇਨ੍ਹਾਂ ਵਿਚ ਰਘਬੀਰ ਸਿੰਘ ਤੇ ਕੁਲਵੰਤ ਕੌਰ ਵੀ ਸਨ। ਸੀ.ਆਰ.ਪੀ.ਐਫ਼. ਨੇ 10 ਸਿੱਖ, ਜਿਨ੍ਹਾਂ ਵਿਚੋਂ ਕੁਝ ਮੱਥਾ ਟੇਕਣ ਆਏ ਸਨ ਤੇ ਬਾਕੀ ਗੁਰਦੁਆਰੇ ਦੇ ਸੇਵਾਦਾਰ ਸਨ, ਹਿਰਾਸਤ ਵਿਚ ਲੈ ਲਏ। ਬਾਅਦ ਵਿਚ ਬਹਾਨਾ ਬਣਾ ਕੇ ਸੀ.ਆਰ.ਪੀ.ਐਫ਼. ਨੇ ਲਛਮਣਸਰ, ਚਾਟੀਵਿੰਡ, ਚੰਨਣ ਸਿੰਘ ਕਾਲੋਨੀ, ਤੇ ਆਲੇ-ਦੁਆਲੇ ਦੇ ਇਲਾਕੇ ਦੀ ਘਰੋ-ਘਰ ਤਲਾਸ਼ੀ ਲਈ। ਜਨਤਾ ਪਾਰਟੀ ਦੇ ਕਿਰਪਾਲ ਸਿੰਘ ਨੇ ਇਸ ਹਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਸੀ.ਆਰ.ਪੀ.ਐਫ਼. ਨੇ ਬੇਗੁਨਾਹ ਸਿੱਖਾਂ 'ਤੇ ਹਮਲਾ ਕੀਤਾ ਸੀ।

ਦਰਬਾਰ ਸਾਹਿਬ ਵਿਚ ਫੇਰ ਪੁਲੀਸ

ਚੀਫ਼ ਮਨਿਸਟਰ ਸੁਰਜੀਤ ਬਰਨਾਲਾ ਦੇ ਹੁਕਮ 'ਤੇ 7 ਮਾਰਚ ਨੂੰ ਪੁਲੀਸ ਦਰਬਾਰ ਸਾਹਿਬ ਵਿਚ ਫਿਰ ਦਾਖ਼ਲ ਹੋ ਗਈ। ਇਕ ਸਿਪਾਹੀ ਨੂੰ ਕੁੱਟੇ ਜਾਣ ਦਾ ਬਹਾਨਾ ਬਣਾ ਕੇ ਪੁਲੀਸ ਨੇ 20 ਮੁਸਾਫ਼ਿਰ ਗ੍ਰਿਫ਼ਤਾਰ ਕਰ ਲਏ।

11 ਮਾਰਚ ਨੂੰ ਸੀ.ਆਰ.ਪੀ.ਐਫ਼. ਨੇ ਉਨ੍ਹਾਂ ਸਿੱਖਾਂ 'ਤੇ ਗੋਲੀ ਚਲਾਈ, ਜੋ ਬੀਤੇ ਦਿਨ ਗੁਰਿੰਦਰ ਸਿੰਘ ਨੂੰ ਕਤਲ ਕੀਤੇ ਜਾਣ ਦੇ ਖ਼ਿਲਾਫ਼ ਰੋਸ ਕਰ ਰਹੇ ਸਨ।

12 ਮਾਰਚ ਨੂੰ ਪੁਲੀਸ ਤੇ ਸੀ.ਆਰ.ਪੀ.ਐਫ਼. ਨੇ ਤਰਨਤਾਰਨ ਗੁਰਦੁਆਰੇ ਉੱਤੇ ਫੇਰ ਹਮਲਾ ਕੀਤਾ ਤੇ ਪਰਕਰਮਾ, ਲੰਗਰ ਤੇ ਸਰਾਂ ਉਤੇ ਕਬਜ਼ਾ ਕਰ ਲਿਆ। ਮਗਰੋਂ ਦੋ ਮੁਸਾਫ਼ਿਰ ਹਿਰਾਸਤ ਵਿਚ ਵੀ ਲੈ ਲਏ।

ਮਾਰਚ ਵਿਚ ਸਿੱਖਾਂ ਦੇ ਸਰਕਾਰੀ ਕਤਲ

ਪੁਲੀਸ ਨੇ 8 ਮਾਰਚ ਨੂੰ ਭਿਖੀਵਿੰਡ ਕੋਲ ਸਰਵਿੰਦਰ ਸਿੰਘ ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿਤਾ। 22 ਮਾਰਚ ਨੂੰ ਵਲਟੋਹਾ ਕੋਲ ਇਕ ਸਿੱਖ ਮਾਰਿਆ ਗਿਆ। 28 ਮਾਰਚ ਨੂੰ ਪੱਟੀ ਕੋਲ

ਦੋ ਸਿੱਖ ਮਾਰੇ ਗਏ। 29 ਮਾਰਚ ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਨੇੜੇ ਹੀਰਾ ਸਿੰਘ ਨੂੰ ਮਾਰ ਦਿੱਤਾ ਗਿਆ। 30 ਮਾਰਚ ਨੂੰ ਮੋਗੇ ਕੋਲ ਦਾਨੀਆਂ ਨੇੜੇ ਇਕ ਸਿੱਖ ਕਤਲ ਕੀਤਾ ਗਿਆ। ਸੀ.ਆਰ.ਪੀ.ਐਫ. ਅਤੇ ਪੁਲੀਸ ਸਿੱਖਾਂ ਨੂੰ ਕਤਲ ਕਰ ਕੇ ਚੁਪਚਾਪ ਸਸਕਾਰ ਕਰ ਦੇਂਦੀ ਸੀ ਤੇ ਉਨ੍ਹਾਂ ਦੀ ਸ਼ਨਾਖ਼ਤ ਤੱਕ ਨਹੀਂ ਸੀ ਹੁੰਦੀ।

ਅਬਿਨਾਸ਼ੀ ਸਿੰਘ ਤੇ ਡਾਕਟਰ ਬਰਾੜ ਦਾ ਕਤਲ

ਉਨ੍ਹਾਂ ਦਿਨਾਂ ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਵਿਚ ਏਕਤਾ ਦੀਆਂ ਗੱਲਾਂ ਚਲ ਰਹੀਆਂ ਸਨ। ਉਨ੍ਹੀਂ ਦਿਨੀਂ ਕਸ਼ਮੀਰ ਸਿੰਘ ਪੱਟੀ ਜੋਧਪੁਰ ਜੇਲ੍ਹ ਵਿਚੋਂ ਹੋ ਕੇ ਆਇਆ ਸੀ। ਜੋਧਪੁਰ ਦੇ ਕੈਦੀਆਂ ਦੇ ਸੁਨੇਹੇ ਵਜੋਂ ਉਹ ਏਕਤਾ ਕਰਵਾਉਣ ਦਾ ਰੋਲ ਅਦਾ ਕਰ ਰਿਹਾ ਸੀ। ਇਸੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਪੀ.ਏ. ਅਬਿਨਾਸ਼ੀ ਸਿੰਘ ਤੇ ਡਾਕਟਰ ਬਲਦੇਵ ਸਿੰਘ ਬਰਾੜ ਵੀ ਸਰਗਰਮ ਸਨ। ਇਸੇ ਸਿਲਸਿਲੇ ਵਿਚ ਉਹ ਖਾੜਕੂਆਂ ਦੇ ਇਕ ਗੁਰੱਪ ਨੂੰ ਮਿਲਣ ਵਾਸਤੇ ਤਰਨਤਾਰਨ ਗਏ ਪਰ ਉਹ ਵਾਪਿਸ ਨਾ ਆਏ। ਉਨ੍ਹਾਂ ਨੂੰ ਸੁਰਜੀਤ ਬਰਨਾਲਾ ਦੀ ਹਿਦਾਇਤ 'ਤੇ ਰਬੈਰੋ ਦੇ ਹੁਕਮ ਹੇਠ ਕਤਲ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਗ਼ਾਇਬ ਕਰ ਦਿੱਤੀਆਂ ਸਨ। ਇਸ ਮਗਰੋਂ ਰਬੈਰੋ ਨੇ ਉਲਟਾ ਪ੍ਰਚਾਰ ਕੀਤਾ ਕਿ ਜੇ ਗੁਰਜੀਤ ਸਿੰਘ ਨੂੰ ਮੇਰੇ ਹਵਾਲੇ ਕਰ ਦਿੱਤਾ ਜਾਵੇ ਤਾਂ ਮੈਂ ਅਬਨਾਸ਼ੀ ਸਿੰਘ ਤੇ ਡਾਕਟਰ ਬਰਾੜ ਦੇ ਕਾਤਲ ਲੱਭ ਦਿਆਂਗਾ। ਇਸ 'ਤੇ ਗੁਰਜੀਤ ਸਿੰਘ ਨੇ ਬਿਆਨ ਦਿੱਤਾ ਕਿ ਜੇ ਰਬੈਰੋ ਨੂੰ ਮੇਰੇ ਹਵਾਲੇ ਕਰ ਦਿਓ ਤਾਂ ਮੈਂ ਅਬਨਾਸ਼ੀ ਤੇ ਬਰਾੜ ਸਣੇ ਸੈਂਕੜੇ ਸਿੱਖਾਂ ਦੇ ਕਤਲਾਂ ਦਾ ਸੱਚ ਸਾਹਮਣੇ ਲਿਆ ਦਿਆਂਗਾ।

ਮਾਰਚ 'ਚ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਸੁਰਜੀਤ ਬਰਨਾਲਾ ਦੀ ਪੁਲੀਸ ਨੇ ਮਾਰਚ 1987 ਵਿਚ ਵੀ ਬਹੁਤ ਸਾਰੇ ਬੇਕਸੂਰ ਸਿੱਖਾਂ ਨੂੰ ਜੇਲ੍ਹਾਂ ਵਿਚ ਸੁੱਟਿਆ। 1 ਮਾਰਚ ਨੂੰ ਮੋਗਾ ਕੋਲ ਜਸਵੰਤ ਸਿੰਘ (ਸਿਧਵਾਂ ਬੇਟ) ਤੇ ਕਸ਼ਮੀਰ ਸਿੰਘ (ਕੈਥਲ) ਗ੍ਰਿਫ਼ਤਾਰ ਕੀਤੇ ਗਏ। ਹਰਪਾਲ ਸਿੰਘ ਨੂੰ ਫਾਰਮੇਸੀ ਕਾਲਜ ਕੋਲੋਂ ਗ੍ਰਿਫ਼ਤਾਰ ਕੀਤਾ ਗਿਆ। ਅੰਮ੍ਰਿਤਸਰ ਵਿਚ ਕੁਲਦੀਪ ਸਿੰਘ ਤੇ ਜਗਤਾਰ ਸਿੰਘ (ਛੀਟਾ ਕਲਾਂ), ਅਜੀਤ ਸਿੰਘ (ਅੰਮ੍ਰਿਤਸਰ) ਤੇ ਸ: ਤਲਮਿੰਦਰ ਸਿੰਘ (ਨਵਾਂ ਸ਼ਹਿਰ) ਗ੍ਰਿਫ਼ਤਾਰ ਕੀਤੇ ਗਏ। 2 ਮਾਰਚ ਨੂੰ ਅੰਮ੍ਰਿਤਸਰ ਵਿਚ ਅਰੂੜ ਸਿੰਘ, ਅਮਰੀਕ ਸਿੰਘ ਤੇ ਧਰਮ ਸਿੰਘ ਫੜੇ ਗਏ। ਫਿਲੌਰ ਤੋਂ ਹਰਜਿੰਦਰ ਸਿੰਘ, ਬਟਾਲੇ ਤੋਂ ਕਲਵੰਤ ਸਿੰਘ (ਸਿਲਾਂਵਲੀ) ਗ੍ਰਿਫ਼ਤਾਰ ਕੀਤੇ ਗਏ

ਪਹਿਲੀ ਮਾਰਚ ਨੂੰ ਬਟਾਲੇ ਵਿਚ ਬਲਜੀਤ ਸਿੰਘ ਬਲਪੁਰੀਆਂ ਨੂੰ ਸੀ.ਆਰ.ਪੀ.ਐਫ. ਨੇ ਹਿਰਾਸਤ ਵਿਚ ਲੈ ਲਿਆ। ਪਰ ਤਿੰਨ ਘੰਟੇ ਮਗਰੋਂ ਉਸਦੇ ਫਰਾਰ ਹੋ ਜਾਣ ਦੇ ਡਰਾਮੇ ਦਾ ਐਲਾਨ ਕਰ ਦਿਤਾ। ਉਸ ਦੇ ਸਾਥੀਆਂ ਕਸ਼ਮੀਰ ਸਿੰਘ ਤੇ ਜਾਗੀਰ ਸਿੰਘ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ। ਅਗਲੇ ਦਿਨ ਪਰਮਿੰਦਰਜੀਤ ਸਿੰਘ (ਬਲਪੁਰੀਆ), ਜਸਵੀਰ ਸਿੰਘ ਬਿੱਟੂ (ਕਾਸ਼ਤੀਵਾਲ) ਤੇ ਬਲਵਿੰਦਰ ਸਿੰਘ (ਸਾਰਚੂਰ) ਵੀ ਹਿਰਾਸਤ ਵਿਚ ਲਏ ਗਏ ਤੇ ਉਨ੍ਹਾਂ ਉੱਤੇ ਬੇਪਨਾਹ ਤਸ਼ੱਦਦ ਕੀਤਾ ਗਿਆ। ਉਨ੍ਹਾਂ ਬਾਰੇ ਉਨ੍ਹਾਂ ਦੇ ਵਾਰਸਾਂ ਨੂੰ ਸੂਹ ਤੱਕ ਨਾ ਮਿਲ ਸਕੀ।

2 ਮਾਰਚ ਨੂੰ ਬਟਾਲੇ ਕੋਲ ਖਾਲਿਸਤਾਨ ਲਿਬਰੇਸ਼ਨ ਫੋਰਸ ਦਾ ਮਹਿੰਦਰ ਸਿੰਘ ਗ੍ਰਿਫ਼ਤਾਰ

ਕੀਤਾ ਗਿਆ। 5 ਮਾਰਚ ਨੂੰ ਅੰਮ੍ਰਿਤਸਰ ਦਾ ਅਵਤਾਰ ਸਿੰਘ, ਅਜਨਾਲੇ ਕੋਲ ਧਰਮ ਸਿੰਘ ਤੇ ਕਾਲਾ ਸਿੰਘ ਹੁਸ਼ਿਆਰਪੁਰ ਵਿਚ ਮੁਕਾਬਲੇ ਦੇ ਨਾਂ ਤੇ; ਸੁਖਦੇਵ ਸਿੰਘ ਤੇ ਚਰਨਜੀਤ ਸਿੰਘ (ਮੂਸਾਪੁਰ, ਬੰਗਾ ਕੋਲ), ਪੱਦੀ ਪਿੰਡ ਦੇ ਸੁਖਵਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। 7 ਮਾਰਚ ਨੂੰ ਹੁਸ਼ਿਆਰਪੁਰ ਤੋਂ ਮਹਿੰਦਰ ਸਿੰਘ, ਲਖਵੀਰ ਸਿੰਘ ਤੇ ਬਿਲੂ ਗ੍ਰਿਫ਼ਤਾਰ ਕੀਤੇ ਗਏ। ਇਸੇ ਤਰ੍ਹਾਂ ਆਦਰਸ਼ ਨਗਰ ਦਿੱਲੀ ਤੋਂ ਬੀਬੀ ਹਰਜਿੰਦਰ ਕੌਰ ਨੂੰ ਖਾੜਕੂਆਂ ਨੂੰ ਪਨਾਹ ਦੇਣ ਦੇ 'ਜੁਰਮ' ਵਿਚ ਗ੍ਰਿਫ਼ਤਾਰ ਕੀਤਾ ਗਿਆ। 8 ਮਾਰਚ ਨੂੰ ਅੰਮ੍ਰਿਤਸਰ ਵਿਚ ਅਜੀਤ ਸਿੰਘ, ਕਸ਼ਮੀਰ ਸਿੰਘ ਤੇ ਇਕ ਹੋਰ ਸਿੱਖ ਨੂੰ ਗ੍ਰਿਫ਼ਤਾਰ ਕੀਤਾ ਗਿਆ। 9 ਮਾਰਚ ਨੂੰ ਬਟਾਲੇ ਤੋਂ ਲਖਵਿੰਦਰ ਸਿੰਘ (ਪ੍ਰਹਨਾ) ਕਾਦੀਆਂ ਤੋਂ ਭੂਪਿੰਦਰ ਸਿੰਘ ਤੇ ਗੁਰਦੀਪ ਸਿੰਘ ਖਾੜਕੂਆਂ ਨੂੰ ਪਨਾਹ ਦੇਣ ਦੇ ਨਾਂ 'ਤੇ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਬਾਘਾਪੁਰਾਣਾ ਵਿਚ ਮੁਕਾਬਲੇ ਦੇ ਨਾਂ 'ਤੇ ਮੁਖ਼ਤਿਆਰ ਸਿੰਘ (ਚੰਦ ਨਵਾਂ ਪਿੰਡ) ਨੂੰ ਗ੍ਰਿਫ਼ਤਾਰ ਕੀਤਾ ਗਿਆ। 10 ਮਾਰਚ ਨੂੰ ਫਗਵਾੜਾ ਤੋਂ ਗੁਰਿੰਦਰ ਸਿੰਘ, ਮਨਜਿੰਦਰ ਸਿੰਘ, ਹਰਮਿੰਦਰ ਸਿੰਘ, ਦਵਿੰਦਰ ਸਿੰਘ (ਪੁਰਾਣਾ ਪਿੰਡ) ਤੇ ਪ੍ਰਿਤਪਾਲ ਸਿੰਘ ਗ੍ਰਿਫ਼ਤਾਰ ਕੀਤੇ ਗਏ। ਲਖਵਿੰਦਰ ਸਿੰਘ (ਪੁਰਾਣਾ ਪਿੰਡ) ਤੋਂ ਹਰਜੀਤ ਸਿੰਘ ਵੀ ਗ੍ਰਿਫ਼ਤਾਰ ਹੋਏ।

12 ਮਾਰਚ ਨੂੰ ਬਾਘਾਪੁਰਾਣਾ 'ਚ ਪ੍ਰੀਤਮ ਸਿੰਘ ਤੇ ਸਰਵਣ ਸਿੰਘ ਗ੍ਰਿਫ਼ਤਾਰ ਕੀਤੇ ਗਏ। ਧੂਰੀ ਤੋਂ ਗੁਰਮੇਲ ਸਿੰਘ ਤੇ ਸਰਵਣ ਸਿੰਘ ਫੜੇ ਗਏ। 13 ਮਾਰਚ ਨੂੰ ਅੰਮ੍ਰਿਤਸਰ ਦੇ ਕਾਂਗਰਸੀ ਗੁਲਸ਼ਨ ਦੇ ਕਤਲ ਕੇਸ 'ਚ ਗੁਰਦੀਪ ਸਿੰਘ, ਦਿਲਬਾਗ ਸਿੰਘ ਤੇ ਤਿੰਨ ਹੋਰ ਗ੍ਰਿਫ਼ਤਾਰ ਕੀਤੇ ਗਏ। 15 ਮਾਰਚ ਨੂੰ ਅੰਮ੍ਰਿਤਸਰ 'ਚ ਭੂਪਿੰਦਰ ਸਿੰਘ ਕੰਡੀ (ਹੁਸ਼ਿਆਰਪੁਰ), ਮਹਿਤਾ ਚੌਕ 'ਚ ਨੱਥਾ ਸਿੰਘ, ਜਸਪਾਲ ਸਿੰਘ, ਜਤਿੰਦਰ ਸਿੰਘ, ਸੰਦੀਪ ਸਿੰਘ, ਬਿਆਸ 'ਚ ਨਾਅਰੇ ਮਾਰਨ ਦੇ ਨਾਂ 'ਤੇ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਧੂਰੀ 'ਚ ਹਰਮੇਲ ਸਿੰਘ, ਹਰਦੇਵ ਸਿੰਘ, ਰਾਜ ਸਿੰਘ; ਬਟਾਲੇ ਤੋਂ ਤਰਸੇਮ ਸਿੰਘ, ਦੇਸਾ ਸਿੰਘ ਤੇ ਜਰਨੈਲ ਸਿੰਘ ਫੜੇ ਗਏ। ਬਟਾਲੇ ਦੇ ਤਿੰਨਾਂ ਸਿੱਖਾਂ ਨੂੰ ਇੰਟੈਰੋਗੇਸ਼ਨ ਸੈਂਟਰ 'ਚ ਭੇਜ ਦਿੱਤਾ ਗਿਆ।

17 ਮਾਰਚ ਨੂੰ ਕਾਦੀਆਂ ਤੋਂ ਧਿਆਨ ਸਿੰਘ, ਸੁਰਿੰਦਰ ਸਿੰਘ ਤੇ ਸਤਨਾਮ ਸਿੰਘ ਗ੍ਰਿਫ਼ਤਾਰ ਕੀਤੇ ਗਏ। ਦਿੱਲੀ ਤੋਂ ਰੋਸ਼ਨ ਸਿੰਘ ਬੈਰਾਗੀ ਦੀ ਸੱਸ ਸੰਪੂਰਨ ਕੌਰ ਗ੍ਰਿਫ਼ਤਾਰ ਕੀਤੀ ਗਈ। 24 ਮਾਰਚ ਨੂੰ ਖਾਲਿਸਤਾਨ ਦੇ ਨਾਅਰੇ ਲਾਉਣ ਦੇ ਨਾਂ 'ਤੇ ਸਤਪਾਲ ਸਿੰਘ ਤੇ ਮਨਜੀਤ ਸਿੰਘ (ਅੰਮ੍ਰਿਤਸਰ) ਗ੍ਰਿਫ਼ਤਾਰ ਕੀਤੇ ਗਏ। 27 ਮਾਰਚ ਨੂੰ ਫਗਵਾੜੇ 'ਚ ਅਵਤਾਰ ਸਿੰਘ ਤੇ ਬਲਬੀਰ ਸਿੰਘ (ਕਾਲਰਾ, ਆਦਮਪੁਰ) ਅਤੇ ਬਟਾਲੇ ਦਾ ਅਮਰਜੀਤ ਸਿੰਘ, ਜੋਗਿੰਦਰ ਸਿੰਘ, ਬਲਵਿੰਦਰ ਸਿੰਘ, ਹਰਦਿਆਲ ਸਿੰਘ ਤੇ ਦਲਜੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ। 28 ਮਾਰਚ ਨੂੰ ਅਵਤਾਰ ਸਿੰਘ (ਘੁਲਾਲ), ਲਖਵਿੰਦਰ ਸਿੰਘ ਤੇ ਸੁਖਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਅਮਰਜੀਤ ਸਿੰਘ ਦਹੇੜੂ ਦੇ ਨਾਬਾਲਗ ਪੁੱਤਰ ਨੂੰ ਵੀ ਜੇਲ੍ਹ ਵਿਚ ਸੁੱਟ ਦਿੱਤਾ ਗਿਆ।

ਸੁਰਜੀਤ ਬਰਨਾਲੇ ਨੂੰ ਹੋਰ ਸ਼੍ਰੋਮਣੀ ਕਮੇਟੀ ਮੈਂਬਰ ਛੱਡ ਗਏ

ਸੁਰਜੀਤ ਬਰਨਾਲੇ ਵਲੋਂ ਅਕਾਲ ਤਖਤ ਦੇ ਖ਼ਿਲਾਫ਼ ਕੀਤੀ ਬਗ਼ਾਵਤ ਨੇ ਉਸ ਨੂੰ ਹਿੰਦੂਆਂ, ਨਿਰੰਕਾਰੀਆਂ, ਨਾਮਧਾਰੀਆਂ, ਕਾਂਗਰਸੀਆਂ ਤੇ ਕਮਿਊਨਿਸਟਾਂ ਦੀ ਹਿਮਾਇਤ ਤਾਂ ਦਿਵਾਈ ਪਰ ਸਿੱਖਾਂ ਵਿਚ ਉਸ ਨੂੰ ਹੋਰ ਵੀ ਨਫ਼ਰਤ ਨਾਲ ਵੇਖਿਆ ਜਾਣ ਲੱਗ ਪਿਆ। 30 ਨਵੰਬਰ 1986

ਦੇ ਦਿਨ ਉਸ ਨਾਲ ਸ਼੍ਰੋਮਣੀ ਕਮੇਟੀ ਦੇ 58 ਮੈਂਬਰ ਸਨ, ਪਰ 29 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੀ ਮੀਟਿੰਗ ਵਿਚ ਇਨ੍ਹਾਂ ਵਿਚੋਂ 21 ਮੈਂਬਰਾਂ ਨੇ ਉਸ ਦਾ ਸਾਥ ਛੱਡਣ ਦਾ ਐਲਾਨ ਕਰ ਦਿੱਤਾ। ਇਹ ਸਨ: ਬਲਦੇਵ ਸਿੰਘ ਮਾਹਿਲਪੁਰੀ, ਦਲੀਪ ਸਿੰਘ ਮੱਲੂਨੰਗਲ, ਓਂਕਾਰ ਸਿੰਘ ਮੱਤੇਨੰਗਲ, ਜਗੀਰ ਸਿੰਘ, ਕੇਸਰ ਸਿੰਘ ਪਠਾਨਕੋਟ, ਪ੍ਰਿ: ਗੁਲਜ਼ਾਰ ਸਿੰਘ, ਸੁਰਜੀਤ ਸਿੰਘ ਫਤੂਵਾਲ, ਹਜ਼ਾਰਾ ਸਿੰਘ, ਨਾਰੰਗ ਸਿੰਘ ਕਪੂਰਥਲਾ, ਤੀਰਥ ਸਿੰਘ ਸੰਗਵੇਸੀ, ਗੁਰਦੀਪ ਸਿੰਘ, ਜੋਗਿੰਦਰ ਸਿੰਘ ਜੋਗੀ, ਕਰਤਾਰ ਸਿੰਘ ਟੱਕਰ, ਰਣ ਸਿੰਘ ਮਚਾਕੀ, ਹਰਦਿਤ ਸਿੰਘ ਪੂਹਲੀ, ਲੈਫ਼ਟੀਨੈਂਟ ਹਰਬੰਸ ਸਿੰਘ, ਨੌਰੰਗ ਸਿੰਘ ਤੇ ਹਰਬੰਸ ਸਿੰਘ ਪਨੇਸਰ। *ਉਂਞ ਇਹ ਸਾਰੇ ਦਰਬਾਰ ਸਾਹਿਬ ’ਤੇ ਹਮਲੇ ਦੇ ਹਿਮਾਇਤੀ ਅਤੇ ਸੈਂਕੜੇ ਸਿੱਖ ਨੌਜਵਾਨਾਂ ਦੇ ਕਤਲਾਂ ਦੇ ਹਿਮਾਇਤੀ ਜਾਣੇ ਜਾਣਗੇ ਕਿਉਂਕਿ ਉਦੋਂ ਇਹ ਸੁਰਜੀਤ ਬਰਨਾਲਾ ਦੇ ਪੱਕੇ ਹਿਮਾਇਤੀ ਰਹੇ ਸਨ।*

ਇਨ੍ਹਾਂ ਵੱਲੋਂ ਬਰਨਾਲਾ ਦਾ ਸਾਥ ਛੱਡ ਜਾਣ ਤੋਂ ਖਿਝ ਕੇ ਬਰਨਾਲੇ ਨੇ 200 ਤੋਂ ਵੱਧ ਨੌਜਵਾਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਸੁੱਟ ਦਿੱਤਾ ਤੇ ਕਈਆਂ ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਬਰਨਾਲਾ ਕਿਸੇ ਵੀ ਸਿੱਖ ਵੱਲੋਂ ਉਸ ਦਾ ਸਾਥ ਛੱਡੇ ਜਾਣ ’ਤੇ ਸਿੱਖਾਂ ’ਤੇ ਜ਼ੁਲਮ ਢਾਹੁੰਦਾ ਸੀ।

ਖਾੜਕੂਆਂ ਨੇ ਪੁਲੀਸ ਮੁਖ਼ਬਰ ਮਾਰੇ

ਇਨ੍ਹਾਂ ਦਿਨਾਂ ਵਿਚ ਖਾੜਕੂਆਂ ਨੇ ਕਈ ਪੁਲੀਸ ਮੁਖ਼ਬਰ ਅਤੇ ਖਾੜਕੂ ਜੱਦੋਜਹਿਦ ਦੇ ਮੁਖ਼ਾਲਿਫ਼ ਕਤਲ ਕੀਤੇ। 2 ਅਪਰੈਲ ਨੂੰ ਵੈਦ ਹਰਭਜਨ ਸਿੰਘ ਮਾਲੂਵਾਲ ’ਤੇ ਹਮਲਾ ਕੀਤਾ ਗਿਆ ਪਰ ਉਹ ਬਚ ਗਿਆ। ਸਮਾਲਸਰ ਦੇ ਹੋਮ ਗਾਰਡਜ਼ ਦੇ ਹੈੱਡਕਾਂਸਟੇਬਲ ਜੋਗਿੰਦਰ ਨੂੰ ਵੀ ਕਤਲ ਕੀਤਾ ਗਿਆ। 21 ਅਪਰੈਲ ਨੂੰ ਫਿਲੌਰ ਕੋਲ ਸੀ.ਆਈ.ਡੀ. ਇੰਸਪੈਕਟਰ ਜਗਦੀਸ਼ ਸਿੰਘ ਨੂੰ ਵੀ ਕਤਲ ਕੀਤਾ ਗਿਆ। ਇਨ੍ਹੀਂ ਹੀ ਦਿਨੀ ਸਵਿਟਜ਼ਰਲੈਂਡ ਦਾ ਇਕ ਗੋਰਾ ਵਿਕਾਰਸੋ ਰੋਲਾਂ, ਜੋ ਇਕ ਪੰਜਾਬਨ ਕੁੜੀ ਨੂੰ ਸ਼ਾਦੀ ਦੇ ਨਾਂ ’ਤੇ ‘ਖਰੀਦਣ’ ਆਇਆ ਸੀ, ਮਾਰ ਦਿੱਤਾ ਗਿਆ। 21 ਅਪਰੈਲ ਨੂੰ ਹੀ ਪੁਲਸ ਟਾਊਟ ਸਾਧੂ ਸਿੰਘ ਦੇ ਟੱਬਰ ਦੇ 6 ਜੀਅ ਮੱਲਮੋਰੀ (ਅੰਮ੍ਰਿਤਸਰ) ਵਿਚ ਮਾਰੇ ਗਏ। 25 ਅਪ੍ਰੈਲ ਨੂੰ ਟਾਊਟ ਧਰਮ ਸਿੰਘ (ਦੇਬਰੂ ਕਲਾਂ, ਬਾਘਾਪੁਰਾਣਾ) ਨੂੰ ਮਾਰ ਕੇ ਉਸ ਦੀ ਲਾਸ਼ ਦੇ ਟੋਟੇ ਕੀਤੇ ਗਏ। 26 ਅਪਰੈਲ ਨੂੰ ਬੀ.ਐਸ.ਐਫ਼. ਦਾ ਸੀ.ਆਈ.ਡੀ. ਇੰਸਪੈਕਟਰ ਕੇ.ਕੇ. ਸ਼ਰਮਾ (ਹਰਗੋਬਿੰਦਪੁਰ) ’ਚ ਮਾਰਿਆ ਗਿਆ। ਇਸੇ ਸ਼ਰਮੇ ਨੇ ਹਰਜਿੰਦਰ ਸਿੰਘ ਜਿੰਦਾ ਤੇ ਤਰਸੇਮ ਸਿੰਘ ਕੋਹਾੜ ਦੀ ਸਾਲੀ ਨੂੰ ਗ੍ਰਿਫ਼ਤਾਰ ਕੀਤਾ ਸੀ।

ਅਪ੍ਰੈਲ 1987 ’ਚ ਸੁਰਜੀਤ ਬਰਨਾਲਾ ਵੱਲੋਂ ਸਿੱਖਾਂ ਦੇ ਕਤਲ

2 ਅਪਰੈਲ ਨੂੰ ਕੰਤਰਪੁਰ ਘਰੋਟਾ (ਗੁਰਦਾਸਪੁਰ) ਵਿਚ ਕੁਲਵੰਤ ਸਿੰਘ ਬੱਬਰ, ਭਾਈ ਗੁਰਮੀਤ ਸਿੰਘ ਭੁੱਟੋ ਤੇ ਇਕ ਹੋਰ ਸਿੱਖ ਮਾਰ ਦਿੱਤੇ ਗਏ। 4 ਅਪਰੈਲ ਨੂੰ ਧਰਮਕੋਟ ਕੋਲ ਇਕ ਸਿੱਖ ਮਾਰ ਦਿੱਤਾ ਗਿਆ। ਇਕ ਸਿੱਖ 16 ਅਪਰੈਲ ਨੂੰ ਬਾਬਾ ਬਕਾਲਾ ਦਾ ਮਾਰਿਆ ਗਿਆ। 23 ਅਪਰੈਲ ਦੀ ਰਾਤ ਨੂੰ ਭਾਗ ਸਿੰਘ (ਸੱਤੂਸਿੰਘ ਵਾਲਾ ਫ਼ੀਰੋਜ਼ਪੁਰ) ਨੂੰ ਮੁਕਾਬਲੇ ਚ ਘੁਰੀਆ (ਫਰੀਦਕੋਟ) ਨੇੜੇ ਮਾਰਿਆ ਗਿਆ। 30 ਅਪਰੈਲ ਨੂੰ ਜਤਿੰਦਰ ਸਿੰਘ ਬਹਿਰਾਮ (ਜਲੰਧਰ) ਨੇੜੇ ਕਤਲ ਕੀਤਾ ਗਿਆ। ਇਨ੍ਹਾਂ ਹੀ ਦਿਨਾਂ ਵਿਚ ਬੱਬਰ ਖਾਲਸਾ ਦਾ ਹਰੀ ਸਿੰਘ ਵੀ ਨਕਲੀ ਮੁਕਾਬਲੇ ਵਿਚ ਮਾਰਿਆ ਗਿਆ।

ਅਪਰੈਲ ’ਚ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

2 ਅਪਰੈਲ ਨੂੰ ਪੰਡੋਰੀ ਕਨਾਲ (ਹਰਗੋਬਿੰਦਪੁਰ) ਨੇੜੇ ਸਤਨਾਮ ਸਿੰਘ ਤੇ ਦਲੀਪ ਸਿੰਘ (ਦੋਵੇਂ ਲੋਗੋਵਾਲੀਆਂ ਪਿੰਡ) ਅਤੇ ਅਮਰੀਕ ਸਿੰਘ ਬਿੱਕਾ, ਇੰਦਰਜੀਤ ਸਿੰਘ, ਮੰਗਲ ਸਿੰਘ (ਤਿੰਨੇ ਮਹਿਤਾ) ਗ੍ਰਿਫ਼ਤਾਰ ਕੀਤੇ ਗਏ। ਅਗਲੇ ਦਿਨ ਸਵਿੰਦਰ ਸਿੰਘ ਬੱਬਰ ਨੂੰ ਫਤਹਿਗੜ ਚੂੜੀਆਂ ਤੋਂ ਗ੍ਰਿਫ਼ਤਾਰ ਕੀਤਾ ਗਿਆ। ਇਸ ਦਿਨ ਅੰਮ੍ਰਿਤਸਰ ’ਚ ਅਵਤਾਰ ਸਿੰਘ, ਸੁਰਿੰਦਰ ਸਿੰਘ, ਸੰਤੋਖ ਸਿੰਘ, ਮੁਖਤਿਆਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਮੋਗਾ ਵਿਚ 5 ਅਪਰੈਲ ਨੂੰ ਬਲਬੀਰ ਸਿੰਘ ਤੇ ਬਲਦੇਵ ਸਿੰਘ ਗ੍ਰਿਫ਼ਤਾਰ ਕੀਤੇ ਗਏ।

7 ਅਪਰੈਲ ਨੂੰ ਮੁਕਾਬਲੇ ਦੇ ਨਾਂ ’ਤੇ ਗੋਲਵਾਹਾ (ਤਰਨਤਾਰਨ) ਨੇੜੇ ਰਾਣਾ ਪਰਤਾਪ ਸਿੰਘ ਤੇ ਸਰਬਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪਟਿਆਲਾ ਦੇ ਸ਼ੰਭੂ ਪ੍ਰਸ਼ਾਦ ਦੇ ਕਤਲ ਵਿਚ ਬੱਬਰ ਖਾਲਸਾ ਦੇ ਜਾਗੀਰ ਸਿੰਘ ਤੇ ਗੁਰਮੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਛੋਟਾ ਸਿੰਘ ਤੇ ਇਕ ਹੋਰ ਨੂੰ ਨਾਮਜ਼ਦ ਕੀਤਾ ਗਿਆ। 8 ਅਪਰੈਲ ਨੂੰ ਜਲੰਧਰ ਤੇ ਫਗਵਾੜਾ ਦੇ ਵਿਚਕਾਰ ਮੁਕਾਬਲੇ ਦੇ ਨਾਂ ’ਤੇ ਤਰਲੋਕ ਸਿੰਘ (ਢੱਡਾ, ਫਗਵਾੜਾ), ਇੰਦਰਬੀਰ ਸਿੰਘ (ਛੱਜਲਵੱਢੀ, ਅੰਮ੍ਰਿਤਸਰ), ਹਰਪਾਲ ਸਿੰਘ (ਰੋਪੜ ਜ਼ਿਲਾ) ਨੂੰ ਗ੍ਰਿਫ਼ਤਾਰ ਕੀਤਾ ਗਿਆ। 9 ਅਪਰੈਲ ਨੂੰ ਮੋਗਾ ਵਿਚ ਗੁਰਵਿੰਦਰ ਸਿੰਘ ਤੇ ਮਹਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। 10 ਅਪਰੈਲ ਨੂੰ ਪਨਾਹ ਦੇਣ ਦੇ ਨਾਂ ’ਤੇ ਬਲਜੀਤ ਸਿੰਘ ਤੇ 12 ਹੋਰ ਗ੍ਰਿਫ਼ਤਾਰ ਕੀਤੇ ਗਏ। ਅੰਮ੍ਰਿਤਸਰ ਚ ਪਰਮਜੀਤ ਸਿੰਘ, ਨਰਿੰਦਰ ਸਿੰਘ, ਕੁਲਦੀਪ ਸਿੰਘ, ਬਾਜ਼ ਸਿੰਘ, ਨਰਿੰਦਰ ਨਿੰਦੀ ਕਤਲ ਕੇਸ ਵਿਚ ਅਜੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ।

13 ਅਪਰੈਲ ਨੂੰ ਫਗਵਾੜਾ ਵਿਚ ਸੁਖਵਿੰਦਰ ਸਿੰਘ ਭੋਲਾ, ਪਰਮਿੰਦਰ ਸਿੰਘ ਪੰਮਾ (ਧਰਮ ਸਿੰਘ ਵਾਲਾ, ਫ਼ਿਰੋਜ਼ਪੁਰ), ਸੁਖਦੇਵ ਸਿੰਘ (ਚਹੇੜੂ), ਬਲਦੇਵ ਸਿੰਘ (ਰਾਏਪੁਰ ਸਰਹਾਲਾ), ਗੁਰਦੀਪ ਸਿੰਘ, ਤੇਜਪਾਲ ਸਿੰਘ, ਕਰਮਜੀਤ ਸਿੰਘ (ਪਰਾਗਪੁਰ) ਤੇ ਕੁਲਵਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ‘ਖੋਖੇ ਸਾੜਨ ਲਈ ਮੀਟਿੰਗ ਕੀਤੀ’ ਆਖ ਕੇ ਸ਼ੇਰ ਸਿੰਘ (ਪੰਡੋਰੀ), ਗੁਰਦੀਪ ਸਿੰਘ ਦੀਪਾ (ਹਰਦਾਸਪੁਰ), ਤੇਜਪਾਲ ਸਿੰਘ (ਮਹੇੜੂ), ਬਲਵਿੰਦਰ ਸਿੰਘ (ਬੱਬੂ), ਸਿਕੰਦਰ ਸਿੰਘ ਭੋਲਾ (ਨਵਾਂ ਪਿੰਡ), ਹਰਮੇਲ ਸਿੰਘ ਸਿਧੂ (ਸਿਧਵਾਂ), ਮਨਜੀਤ ਸਿੰਘ (ਪਲਾਹੀ), ਸੁਖਮਿੰਦਰ ਸਿੰਘ (ਮਹੇੜੂ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਸੁਖਦੇਵ ਸਿੰਘ ਸੁੱਖਾ ਉਰਫ਼ ਜਨਰਲ ਲਾਭ ਸਿੰਘ ਦੇ ਗਰੁੱਪ ’ਤੇ ਪੁਲਸ ਨੇ ਹਮਲਾ ਕੀਤਾ। ਲਾਭ ਸਿੰਘ ਅਤੇ ਚਰਨਜੀਤ ਸਿੰਘ ਬਚ ਕੇ ਨਿਕਲ ਗਏ ਪਰ (ਪੁਲਸ ਮੁਤਾਬਿਕ) ਪੁਲਸ ਨੇ ਰੂਪੇਵਾਲ (ਟਾਂਡਾ) ਦਾ ਸਰਜਿੰਦਰ ਸਿੰਘ (ਭਗੌੜਾ ਸਿਪਾਹੀ), ਸਰੂਪ ਸਿੰਘ (ਬਿਸਰਾਮਪੁਰ, ਕਰਤਾਰਪੁਰ) ਤੇ ਮੋਹਨ ਸਿੰਘ ਉਰਫ਼ ਮੋਹਨੀ (ਪੱਤੜ, ਜਲੰਧਰ) ਨੂੰ ਹਿਰਾਸਤ ਵਿਚ ਲੈ ਲਿਆ। ਪੁਲਸ ਮੁਤਾਬਿਕ ਉਨ੍ਹਾਂ ਕੋਲੋਂ ਲੁਧਿਆਣੇ ਬੈਂਕ ਡਾਕੇ ਵਾਲੇ ਪੌਣੇ 6 ਕ੍ਰੋੜ ’ਚੋਂ 13 ਲੱਖ 26 ਹਜ਼ਾਰ 350 ਰੁਪੈ ਅਤੇ ਇਕ ਮਸ਼ੀਨਗੱਨ, 2 ਲਾਈਟ ਮਸ਼ੀਨਗੱਨਾਂ, 9 ਸਬ ਮਸ਼ੀਗੱਨਾਂ, 1 ਸਟੇਟ ਕਾਰਬਾਈਨ 18 ਮੈਗਜ਼ੀਨਾਂ, 2 ਰਿਵਾਲਵਰ, 3510 ਕਾਰਤੂਸ ਬਰਾਮਦ ਹੋਏ ਸਨ। ਉਨ੍ਹਾਂ ਦੀਆਂ ਦੋ ਕਾਰਾਂ ਮਾਰੂਤੀ ਡੀ.ਡੀ.ਸੀ. 3192 ਅਤੇ ਫ਼ੀਏਟ ਪੀ.ਏ.ਈ. 5398 ਵੀ ਜ਼ਬਤ ਕਰ ਲਈਆਂ ਗਈਆਂ।

ਇਸੇ ਹਫ਼ਤੇ ਕਪੂਰਥਲੇ ਵਿਚ ਕੁਲਵੰਤ ਸਿੰਘ, ਤਿਰਲੋਕ ਸਿੰਘ, ਅਵਤਾਰ ਸਿੰਘ, ਬਲਦੇਵ

ਸਿੰਘ, ਗੁਰਦੀਪ ਸਿੰਘ ਤੇ ਤੇਜਪਾਲ ਸਿੰਘ, ਕਰਮਜੀਤ ਸਿੰਘ ਬਲਵਿੰਦਰ ਸਿੰਘ, ਸੁਖਦੇਵ ਸਿੰਘ, ਨਿਰਮਲ ਸਿੰਘ, ਅਮਰਜੀਤ ਸਿੰਘ (ਸਾਰੇ ਕਪੂਰਥਲਾ ਜ਼ਿਲੇ ਦੇ), ਸਿਕੰਦਰ ਸਿੰਘ, ਬਲਦੇਵ ਸਿੰਘ ਤੇ ਹਰਜਿੰਦਰ ਸਿੰਘ (ਸਾਰੇ ਜਲੰਧਰ ਦੇ), ਹਰੀਪਾਲ ਸਿੰਘ (ਰੋਪੜ), ਇੰਦਰਜੀਤ ਸਿੰਘ (ਅੰਮ੍ਰਿਤਸਰ) ਪਰਮਿੰਦਰ ਸਿੰਘ (ਫਿਰੋਜ਼ਪੁਰ) ਗ੍ਰਿਫ਼ਤਾਰ ਕੀਤੇ ਗਏ। 15 ਅਪਰੈਲ ਨੂੰ ਲੁਧਿਆਣਾ ਚ ਅਵਤਾਰ ਸਿੰਘ, ਕਪੂਰ ਸਿੰਘ ਤੇ ਅਜਾਇਬ ਸਿੰਘ ਨੂੰ ਗ੍ਰਿਫ਼ਤਾਰ ਕੀਤਾ।

ਜਨਰਲ ਲਾਭ ਸਿੰਘ ਬਟਾਲੀਅਨ ਬਾਰੇ ਪੁਲਸ ਨੇ ਦਾਅਵਾ ਕੀਤਾ ਕਿ ਇਨ੍ਹਾਂ ਦੇ 'ਏ' ਕਲਾਸ ਦੇ 44 ਖਾੜਕੂਆਂ ਵਿਚੋਂ 12 ਮਾਰੇ ਗਏ ਤੇ 13 ਗ੍ਰਿਫ਼ਤਾਰ ਕੀਤੇ ਜਾ ਚੁਕੇ ਸਨ। ਪੁਲੀਸ ਮੁਤਾਬਿਕ 'ਬੀ ਪਲੱਸ' ਕਲਾਸ ਦੇ 22 ਮਾਰੇ ਗਏ ਤੇ 10 ਫੜੇ ਗਏ ਸਨ ਅਤੇ 'ਬੀ' ਕਲਾਸ ਦੇ 58 ਮਾਰੇ ਗਏ ਸਨ। ਪੁਲਸ ਮੁਤਾਬਿਕ ਇਨ੍ਹਾਂ ਦੀ ਫ਼ੋਰਸ ਦੇ 92 ਮੈਂਬਰ ਮਾਰੇ ਜਾ ਚੁੱਕੇ ਸਨ।

16 ਅਪਰੈਲ ਨੂੰ ਗੁਰਨਾਮ ਸਿੰਘ (ਭਿੱਖੀ ਵਿੰਡ), ਗੁਰਦੀਪ ਸਿੰਘ ਪਠਾਨਕੋਟ, ਜਸਪਾਲ ਸਿੰਘ (ਹਾਥੀਗੇਟ, ਅੰਮ੍ਰਿਤਸਰ) ਤੇ ਸਕੱਤਰ ਸਿੰਘ (ਤਰਨਤਾਰਨ) ਨੂੰ ਅੰਮ੍ਰਿਤਸਰ ਵਿਚ ਗ੍ਰਿਫ਼ਤਾਰ ਕੀਤਾ ਗਿਆ। 19 ਅਪਰੈਲ ਨੂੰ ਬਸੰਤ ਐਵਨਿਊ ਅੰਮ੍ਰਿਤਸਰ ਦੇ ਲੈਫ਼ਟੀਨੈਂਟ ਕਰਨਲ (ਰਿਟਾਇਰਡ) ਨਰਿੰਦਰ ਸਿੰਘ ਚੱਢਾ ਨੂੰ 'ਜਾਸੂਸੀ' ਦੇ ਨਾਂ ਤੇ ਗ੍ਰਿਫ਼ਤਾਰ ਕੀਤਾ ਗਿਆ। ਅਖੇ ਉਹ ਖਾਲਿਸਤਾਨੀਆਂ ਅਤੇ ਪਾਕਿਸਤਾਨ ਨੂੰ ਇਤਲਾਹਾਂ ਦੇਂਦਾ ਸੀ। 21 ਅਪਰੈਲ ਨੂੰ ਨਿਹਾਲ ਸਿੰਘ ਵਾਲਾ ਦਾ ਗੁਰਦੇਵ ਸਿੰਘ ਦੇਬੀ ਗ੍ਰਿਫ਼ਤਾਰ ਕੀਤਾ ਗਿਆ। 22 ਅਪਰੈਲ ਨੂੰ ਫਰੀਦਕੋਟ 'ਚ ਗੁਰਦੇਵ ਸਿੰਘ, ਬਲਦੇਵ ਸਿੰਘ, ਜਾਗੀਰ ਸਿੰਘ, ਕਪੂਰ ਸਿੰਘ, ਹਰਦੀਪ ਸਿੰਘ, ਗੁਰਚਰਨ ਸਿੰਘ, ਮੁਖਵਿੰਦਰ ਸਿੰਘ, ਨਛੱਤਰ ਸਿੰਘ, ਬਾਜ਼ ਸਿੰਘ, ਸੁਖਮਿੰਦਰ ਸਿੰਘ, ਅੰਮ੍ਰਿਤਪਾਲ ਸਿੰਘ ਗ੍ਰਿਫ਼ਤਾਰ ਕੀਤੇ ਗਏ। ਡੇਰਾ ਬਾਬਾ ਨਾਨਕ 'ਚ ਰਣਜੀਤ ਸਿੰਘ (ਕੋਟਲੀ ਮੋਲ੍ਹੀ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਹਥਿਆਰ ਲੁੱਟਣ ਦੀ ਨਾਕਾਮ ਕੋਸ਼ਿਸ਼ ਦੇ ਨਾਂ 'ਤੇ ਜਾਗੀਰ ਸਿੰਘ, ਗੁਰਜੀਤ ਸਿੰਘ, ਗਿਆਨ ਸਿੰਘ, ਸਤਨਾਮ ਸਿੰਘ, ਹਰਦਿਆਲ ਸਿੰਘ ਤੇ ਸਤਿਨਾਮ ਸਿੰਘ, (ਦੂਜਾ) ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਲੁਧਿਆਣਾ ਚ ਹਰਬੀਰ ਸਿੰਘ ਉਰਫ਼ ਬੀਰਾ, ਅਰਵਿੰਦਰ ਸਿੰਘ ਹੈਪੀ ਨੂੰ ਪਨਾਹ ਦੇਣ ਦੇ ਜੁਰਮ ਵਿਚ ਫੜਿਆ ਗਿਆ; ਅਖੇ ਉਨ੍ਹਾਂ ਕੋਲ ਜਨਰਲ ਲਾਭ ਸਿੰਘ, ਹਰਜਿੰਦਰ ਸਿੰਘ ਜਿੰਦਾ ਤੇ ਦਲਜੀਤ ਸਿੰਘ ਬਿੱਟੂ ਠਹਿਰਦੇ ਸਨ।

23 ਅਪਰੈਲ ਨੂੰ ਫਰੀਦਕੋਟ ਪੁਲਸ ਨੇ ਪਰਮਜੀਤ ਸਿੰਘ ਪੰਮਾ (ਧੱਲੇਕੇ) ਤੇ ਗੁਰਦੇਵ ਸਿੰਘ (ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਅਗਵਾਈ ਵਾਲੀ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਇਕ ਜਰਨੈਲ) ਨੂੰ ਗ੍ਰਿਫ਼ਤਾਰ ਕੀਤਾ। ਬਾਘਾਪੁਰਾਣਾ 'ਚ ਗੁਰਦੇਵ ਸਿੰਘ (ਬਿਲਾਸਪੁਰ), ਮਲੋਟ ਪੁਲਸ ਨੇ ਬਲਦੇਵ ਸਿੰਘ (ਗੁਰਦਾਸਪੁਰ), ਜਾਗੀਰ ਸਿੰਘ (ਕੋਟ ਫੱਤੇ), ਕਪੂਰ ਸਿੰਘ (ਮਹਿਤਾ), ਗੁਰਚੇਰ ਸਿੰਘ ਮਿੱਢਾ, ਸੁਖਮਿੰਦਰ ਸਿੰਘ ਤੇ ਸਰਦੀਪ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਮੁਕਤਸਰ ਪੁਲਸ ਨੇ ਬਚਿੱਤਰ ਸਿੰਘ, ਬਾਜ਼ ਸਿੰਘ (ਦੋਵੇਂ ਰੱਤਾ ਖੇੜਾ ਅੰਮ੍ਰਿਤਸਰ) ਅਤੇ ਫਰੀਦਕੋਟ ਪੁਲਸ ਨੇ ਸੁਖਮਿੰਦਰ ਸਿੰਘ ਤੇ ਅੰਮ੍ਰਿਤਪਾਲ ਸਿੰਘ ਗ੍ਰਿਫ਼ਤਾਰ ਕਰ ਲਏ। ਫਰੀਦਕੋਟ ਪੁਲਸ ਨੇ ਹੀ ਕੋਟ ਭਾਈ (ਫਰੀਦਕੋਟ) ਦੇ ਗੁਰਦੇਵ ਸਿੰਘ, ਬੂਟਾ ਸਿੰਘ, ਮਹਿੰਦਰ ਸਿੰਘ, ਸੁਰਜੀਤ ਸਿੰਘ (ਦੋਦਾ), ਚੰਦਾ ਸਿੰਘ, ਬਲਵਿੰਦਰ ਸਿੰਘ (ਭੀਲੀਆਣਾ), ਗ੍ਰਿਫ਼ਤਾਰ ਕੀਤੇ। ਮੋਗਾ ਵਿਚ ਹਰਦੀਪ ਸਿੰਘ (ਧੂਰਕੋਟ ਚੜ੍ਹਤ ਸਿੰਘ ਵਾਲਾ) ਨੂੰ ਹਿਰਾਸਤ ਵਿਚ ਲਿਆ ਗਿਆ। ਪਰਮਜੀਤ ਸਿੰਘ ਨੂੰ 29 ਨਵੰਬਰ 1986 ਦੇ ਦਿਨ ਗ੍ਰਿਫ਼ਤਾਰ

ਕੀਤਾ ਗਿਆ। ਸੰਗਰੂਰ 'ਚ ਬਲਦੇਵ ਸਿੰਘ (ਸਿਰਸਾ) ਗ੍ਰਿਫ਼ਤਾਰ ਕੀਤਾ ਗਿਆ। ਕਪੂਰਥਲਾ 'ਚ ਅਵਤਾਰ ਸਿੰਘ (ਮਕਸੂਦਪੁਰ), ਗੁਰਨਾਮ ਸਿੰਘ ਤੇ ਸਰੂਪ ਸਿੰਘ ਹਿਰਾਸਤ 'ਚ ਲੈ ਲਏ ਗਏ। ਪਨਾਹ ਦੇਣ ਦੇ ਨਾਂ 'ਤੇ ਹੁਸ਼ਿਆਰਪੁਰ 'ਚ ਪੰਜਾਬ ਐਂਡ ਸਿੰਧ ਬੈਂਕ ਦਾ ਮੈਨੇਜਰ ਬਲਦੇਵ ਸਿੰਘ, ਚੰਚਲ ਸਿੰਘ (ਹੀਰਾ ਕਾਲੋਨੀ), ਤਰਲੋਕ ਸਿੰਘ (ਮਾਡਲ ਟਾਊਨ), ਇੰਦਰਜੀਤ ਸਿੰਘ ਉਰਫ ਟੀਟੂ, ਠੇਕੇਦਾਰ ਗੁਰਦਿੱਤ ਸਿੰਘ ਤੇ ਜਨਰਲ ਲਾਭ ਸਿੰਘ ਦਾ ਸਹੁਰਾ ਚਰਨ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ 'ਤੇ ਜਨਰਲ ਨੂੰ ਪਨਾਹ ਦੇਣ ਦਾ ਜੁਰਮ ਲਾਇਆ ਗਿਆ।

24 ਅਪਰੈਲ ਨੂੰ ਅੰਮ੍ਰਿਤਸਰ 'ਚ ਕਰਮ ਸਿੰਘ ਤੇ ਜਗੀਰ ਸਿੰਘ (ਤਸੀਲਪੁਰਾ) ਗ੍ਰਿਫ਼ਤਾਰ ਕੀਤੇ ਗਏ। ਰੱਤੀਆ (ਹਿਸਾਰ) ਹਰਿਆਣਾ 'ਚ ਅੰਮ੍ਰਿਤਸਰ ਦੇ ਮੇਜਰ ਸਿੰਘ ਤੇ ਪਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। 25 ਅਪਰੈਲ ਨੂੰ ਪਰਮਿੰਦਰ ਸਿੰਘ ਉਰਫ ਪੰਮਾ (ਚੀਮਾ ਖੁਰਦ), ਸਰਬਜੀਤ ਸਿੰਘ ਤੇ ਬਲਵਿੰਦਰ ਸਿੰਘ (ਦੋਵੇਂ ਘਣੀਏਕੇ ਬਾਂਗਰ) ਨੂੰ ਹਰਗੋਬਿੰਦਪੁਰਾ ਪੁਲਸ ਨੇ ਗ੍ਰਿਫ਼ਤਾਰ ਕੀਤਾ। ਅੰਮ੍ਰਿਤਸਰ 'ਚ ਗੁਰਮੀਤ ਸਿੰਘ (ਕੋਟਲਾ ਸਦਰ) ਤੇ ਬਲਵਿੰਦਰ ਸਿੰਘ (ਲਾਹੌਰੀ ਗੇਟ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਫਾਜ਼ਿਲਕਾ 'ਚ ਨਾਅਰੇ ਲਾਉਣ ਦੇ ਨਾਂ 'ਤੇ ਬਖਸ਼ੀਸ਼ ਸਿੰਘ, ਦਰਸ਼ਨ ਸਿੰਘ, ਟੇਕ ਸਿੰਘ, ਸੁਖਜਿੰਦਰ ਸਿੰਘ, ਜੋਤੀ ਸਿੰਘ, (ਮੁਰਾਦਵਾਲਾ ਅਬੋਹਰ ਦੇ) ਬਲਕਾਰ ਸਿੰਘ, ਸਤਨਾਮ ਸਿੰਘ, ਸੁਰਜੀਤ ਸਿੰਘ, ਊਧਮ ਸਿੰਘ, ਜਸਕਰਨ ਸਿੰਘ (ਕੰਧ ਵਾਲਾ) ਗ੍ਰਿਫ਼ਤਾਰ ਕੀਤੇ ਗਏ। ਉਨ੍ਹਾਂ ਦੇ ਨਾਲ ਹੀ ਟਰੱਕ ਡਰਾਈਵਰ ਤੇ ਕਲੀਨਰ ਵੀ ਗ੍ਰਿਫ਼ਤਾਰ ਕੀਤੇ ਗਏ। 29 ਅਪਰੈਲ ਨੂੰ ਪਰਕਾਸ਼ ਸਿੰਘ ਮੈਣੀ ਨੂੰ ਹੁਸ਼ਿਆਰਪੁਰ ਪੁਲਸ ਨੇ ਗ੍ਰਿਫ਼ਤਾਰ ਕੀਤਾ।

29 ਅਪਰੈਲ ਨੂੰ ਹੀ ਗਿੱਦੜਬਾਹਾ 'ਚ ਰੇਸ਼ਮ ਸਿੰਘ, ਗੁਰਜੰਟ ਸਿੰਘ, ਸੁਖਦੇਵ ਸਿੰਘ, ਨਛੱਤਰ ਸਿੰਘ, ਦਿਲਜੰਗ ਸਿੰਘ, ਕੋਟ ਭਾਈ 'ਚ ਗੁਰਦੇਵ ਸਿੰਘ, ਬੂਟਾ ਸਿੰਘ, ਗੁਰਚਰਨ ਸਿੰਘ, ਸੁਰਜੀਤ ਸਿੰਘ, ਬਲਵਿੰਦਰ ਸਿੰਘ, ਸਰਦਾਰ ਸਿੰਘ, ਬਲਦੇਵ ਸਿੰਘ ਫੜੇ ਗਏ। ਤੀਹ ਅਪਰੈਲ ਨੂੰ ਤਲਵੰਡੀ ਕੂਕਾ (ਭੁਲੱਥ) 'ਚ ਬਲਵਿੰਦਰ ਸਿੰਘ, ਜਸਪਾਲ ਸਿੰਘ, ਰਣਜੀਤ ਸਿੰਘ ਤੇ ਹਰਬੰਸ ਸਿੰਘ ਨੂੰ ਗਿਫ਼ਤਾਰ ਕੀਤਾ ਗਿਆ। ਪਟਿਆਲੇ 'ਚ ਬਲਵਿੰਦਰ ਸਿੰਘ ਬਿੰਦਾ (ਕੁਹਾੜਾ ਅੰਮ੍ਰਿਤਸਰ), ਅਕਲਜੀਤ ਸਿੰਘ (ਕੋਟ ਬਾਬਾ ਦੀਪ ਸਿੰਘ), ਗੁਰਚਰਨ ਸਿੰਘ ਰਾਣਾ (ਮੋਹਾਲੀ) ਵੀ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਹਰਜਿੰਦਰ ਸਿੰਘ ਜਿੰਦਾ ਦੇ ਕੁਝ ਸਾਥੀ ਅੰਮ੍ਰਿਤਸਰ 'ਚ ਗ੍ਰਿਫ਼ਤਾਰ ਕੀਤੇ ਗਏ। ਇਹ ਸਨ: ਜਗਜੀਤ ਸਿੰਘ (ਲੋਪੋਕੇ ਦੇ ਨੇੜੇ ਬਰਾੜ ਪਿੰਡ ਤੋਂ), ਸੱਕਤਰ ਸਿੰਘ, ਹਰਜਿੰਦਰ ਸਿੰਘ, (ਮਾੜੀ ਗੱੜ) ਮਨਜਿੰਦਰ ਸਿੰਘ ਉਰਫ਼ ਟਿਮੀ, ਬਲਵਿੰਦਰ ਸਿੰਘ ਘੁੱਕਾ। ਅੰਮ੍ਰਿਤਸਰ 'ਚ ਬਾਸਰਕੇ ਕੋਲ ਹੋਰ ਤਿੰਨ ਸਿੱਖਾਂ ਨੂੰ ਮੁਕਾਬਲੇ ਦੇ ਨਾਂ 'ਤੇ ਗ੍ਰਿਫ਼ਤਾਰ ਕੀਤਾ ਗਿਆ।

11 ਅਪਰੈਲ ਨੂੰ ਯੂ.ਕੇ. ਦੀ ਬੀਬੀ ਕੁਲਦੀਪ ਕੌਰ ਪਤਨੀ ਐਮ.ਪੀ. ਸਿੰਘ ਬੇਦੀ (ਜਿਸ ਨੂੰ ਦਹਿਸ਼ਤਗਰਦੀ ਕਾਨੂੰਨ ਹੇਠ ਸਿਰਫ਼ ਇਸ ਕਰ ਕੇ ਗ੍ਰਿਫ਼ਤਾਰ ਕੀਤਾ ਗਿਆ ਸੀ ਕਿ ਉਸ ਦੇ ਪਤੀ ਨੇ ਉੱਥੋਂ ਦੇ ਇਕ ਹਿੰਦੂ ਨੂੰ ਉਥੋਂ ਦੀ ਇਕ ਲੋਕਲ ਚੋਣ ਵਿਚ ਹਰਾਇਆ ਸੀ) ਨੂੰ ਰਿਹਾ ਕਰ ਕੇ ਲੰਡਨ ਦੇ ਜਹਾਜ਼ 'ਤੇ ਚੜ੍ਹਾ ਦਿੱਤਾ ਗਿਆ)।

ਸਿੱਖ-ਦੁਸ਼ਮਣਾਂ ਨੂੰ ਹਥਿਆਰ ਮੁਫ਼ਤ ਦੇ ਭਾਅ

ਸਰਕਾਰ ਨੇ 'ਖਾੜਕੂਆਂ ਤੋਂ ਬਰਾਮਦ ਹਥਿਆਰ' ਲੁੱਟ ਦੇ ਭਾਅ 'ਤੇ ਸਿੱਖਾਂ ਦੇ ਦੁਸ਼ਮਣਾਂ ਨੂੰ

ਵੰਡੇ ਤਾਂ ਜੋ ਉਹ ਖਾੜਕੂਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਹਮਦਰਦਾਂ ਨੂੰ ਕਤਲ ਕਰਨ ਵਿਚ ਹਿੱਸਾ ਪਾ ਸਕਣ। ਇਹ ਹਥਿਆਰ ਖਰੀਦਣ ਵਾਲਿਆਂ ਵਿਚ ਕਾਂਗਰਸੀ, ਕਮਿਊਨਿਸਟ, 'ਸਰਕਾਰੀ ਨਿਹੰਗ', ਸੁਰਜੀਤ ਬਰਨਾਲਾ ਦੇ ਹਿਮਾਇਤੀ ਤੇ ਪੁਲਸੀਆਂ ਦੇ ਰਿਸ਼ਤੇਦਾਰ ਸ਼ਾਮਿਲ ਸਨ।

ਖਾੜਕੂਆਂ ਨੇ ਐਕਸ਼ਨ ਕਰ ਕੇ ਬੰਦੀ ਛੁਡਾਏ

27 ਅਪਰੈਲ ਨੂੰ ਅੰਮ੍ਰਿਤਸਰ ਕਚਹਿਰੀਆਂ ਵਿਚ ਚਾਰ ਸਿੱਖ ਨੌਜਵਾਨ: ਕੰਵਲਜੀਤ ਸਿੰਘ (ਗੋਬਿੰਦਨਗਰ), ਰਜੀਵਇੰਦਰ ਸਿੰਘ (ਛੇਹਰਟਾ), ਹਰਜਿੰਦਰ ਸਿੰਘ, ਗੁਰਦੇਵ ਸਿੰਘ (ਫਗਵਾੜਾ) ਕਿਸੇ ਮੁਕੱਦਮੇ ਵਿਚ ਪੇਸ਼ੀ 'ਤੇ ਲਿਆਂਦੇ। ਖਾੜਕੂਆਂ ਨੇ ਐਕਸ਼ਨ ਕਰ ਕੇ ਆਪਣੇ ਤਿੰਨ ਸਾਥੀਆਂ ਨੂੰ ਪੁਲੀਸ ਤੋਂ ਛੁਡਾ ਲਿਆ।

ਮਈ 1987 ਵਿਚ ਬਰਨਾਲਾ ਸਰਕਾਰ ਵੱਲੋਂ ਖਾੜਕੂਆਂ ਦੇ ਕਤਲ

ਮਈ ਵਿਚ ਸੁਰਜੀਤ ਬਰਨਾਲਾ ਸਰਕਾਰ ਨੇ ਬਹੁਤ ਸਾਰੇ ਖਾੜਕੂਆਂ ਨੂੰ ਫੜ ਕੇ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਇੰਞ ਹੀ ਕੁਝ ਖਾੜਕੂ ਅਸਲ ਮੁਕਾਬਲੇ ਵਿਚ ਵੀ ਮਾਰੇ ਗਏ। 3 ਮਈ ਨੂੰ ਮੌਲਾਵਾਲਾ ਫ਼ਿਰੋਜ਼ਪੁਰ ਨੇੜੇ, ਰਾਜ ਨਛੱਤਰ ਸਿੰਘ, ਮੇਜਰ ਸਿੰਘ ਅਤੇ ਇਕ ਹੋਰ ਸਿੰਘ ਕਤਲ ਕਰ ਦਿਤੇ ਗਏ। ਨੌਂ ਮਈ ਨੂੰ ਗੁਰੂਸਰ ਮਹਾਰਾਜ (ਬਠਿੰਡਾ) ਨੇੜੇ ਅਤਰ ਸਿੰਘ ਨੂੰ ਮਾਰ ਦਿੱਤਾ ਗਿਆ। ਇਸੇ ਦਿਨ ਨਬੀਪੁਰ (ਹਰੀਕੇ ਬਾਣਾ) ਕੋਲ ਤਿੰਨ ਸਿੱਖ ਮਾਰੇ ਗਏ।

11 ਮਈ ਦੇ ਦਿਹਾੜੇ ਇੱਕ ਅਸਲ ਮੁਕਾਬਲੇ ਵਿਚ, ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਪਿੱਛੇ ਮਾਸਟਰ ਮਾਈਂਡ ਜਰਨੈਲ ਸਿੰਘ ਹਲਵਾਰਾ (ਪੁੱਤਰ ਬੰਤਾ ਸਿੰਘ), ਸੰਗਰੂਰ ਨੇੜੇ ਹਰੀਪੁਰ ਬਸਤੀ ਵਿਚ ਮਾਰ ਦਿੱਤਾ ਗਿਆ। ਉਸ ਦੇ ਨਾਲ ਹੀ ਗੁਰਪਾਲ ਸਿੰਘ ਬੱਬਰ ਪੁੱਤਰ ਮਾਸਟਰ ਜਗਜੀਤ ਸਿੰਘ (ਭੁੱਚੋ ਮੰਡੀ) ਵੀ ਮਾਰਿਆ ਗਿਆ। ਪੰਜ ਜੁਝਾਰੂ ਬਚ ਕੇ ਨਿਕਲਣ 'ਚ ਕਾਮਯਾਬੀ ਹਾਸਿਲ ਕਰ ਗਏ। ਇਸ ਮੁਕਾਬਲੇ 'ਚ 3 ਪੁਲਸੀਏ ਵੀ ਮਾਰੇ ਗਏ। ਪੁਲੀਸ ਮੁਤਾਬਿਕ ਦਰਸ਼ਨ ਸਿੰਘ ਡੱਲਾ, ਚਰਨਜੀਤ ਸਿੰਘ ਉਰਫ਼ ਚੰਨੀ (ਬਲੀਆ), ਗੁਰਜੰਟ ਸਿੰਘ (ਬੁਧ ਸਿੰਘ ਵਾਲਾ), ਦਯਾ ਸਿੰਘ ਭਰਾਨ ਤੇ ਬੱਬੂ ਬਚ ਕੇ ਨਿਕਲ ਗਏ ਸਨ। ਪਰ ਬਾਅਦ 'ਚ ਪੁਲੀਸ ਨੇ ਅਵਤਾਰ ਸਿੰਘ ਨੂੰ 15 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁਕਾਬਲੇ ਵਾਲੀ ਥਾਂ ਵਾਲੇ ਮਕਾਨ ਦੇ ਮਾਲਕ ਦੇ ਪੁੱਤਰ ਭੁਪਿੰਦਰ ਸਿੰਘ ਅਤੇ ਅਕਾਲ ਡਿਗਰੀ ਕਾਲਜ ਮਸਤੂਆਣਾ ਦੇ 4 ਸਿੱਖ ਸਟੂਡੈਂਟ (ਸੁਹਿੰਦਰ ਸਿੰਘ, ਪਵਿੱਤਰ ਸਿੰਘ, ਜਗਦੇਵ ਸਿੰਘ ਤੇ ਸੁਖਚੈਨ ਸਿੰਘ) ਵੀ ਪਨਾਹ ਦੇਣ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਏ ਗਏ। 16 ਮਈ ਨੂੰ ਜੌੜਾਪੁਰ (ਸਰਹਾਲੀ) ਨੇੜੇ ਇਕ ਸਿੱਖ ਮਾਰਿਆ ਗਿਆ। ਇੱਕੀ ਮਈ ਨੂੰ ਮੁਗ਼ਲਚੱਕ ਕੋਲ ਡਰੇਨ ਨੇੜੇ, ਦੋ ਸਿੱਖ ਮਾਜੂਪੁਰਾ ਕੋਲ ਤੇ ਇਕ ਕਿਸੇ ਹੋਰ ਜਗ੍ਹਾ ਮਾਰੇ ਗਏ। ਇਕ ਸਿੱਖ ਮੋਗਾ ਨੇੜੇ ਦੋਧਾਰਾ ਕੈਨਾਲ ਕੋਲ ਕਤਲ ਕੀਤਾ ਗਿਆ।

22 ਮਈ ਦੇ ਦਿਨ ਪੁਲਸ ਨੇ ਸੀਨੀਅਰ ਖਾੜਕੂ ਜਰਨੈਲ ਰਾਣਾ ਪਰਤਾਪ ਸਿੰਘ ਬਬਰ (ਵਾਸੀ ਤਰਸਿੱਕਾ, ਅੰਮ੍ਰਿਤਸਰ) ਨੂੰ ਇਕ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਉਸ ਦੇ ਸਿਰ 'ਤੇ 25 ਹਜ਼ਾਰ ਰੁਪੈ ਦਾ ਈਨਾਮ ਰੱਖਿਆ ਹੋਇਆ ਸੀ। ਉਸ ਦਾ ਸਸਕਾਰ ਅਗਲੇ ਦਿਨ ਅਵਤਾਰ ਸਿੰਘ ਪਹਿਲਵਾਨ ਦੇ ਪਰਵਾਰ ਨੇ ਰਲ ਕੇ ਕੀਤਾ। ਅਵਤਾਰ ਸਿੰਘ ਪਹਿਲਵਾਨ (ਬਬਰ ਖਾਲਸਾ), ਜੋ ਕਾਂਗੜਾ ਕਲੋਨੀ, ਬਟਾਲਾ ਰੋਡ, ਰਾਮਨਗਰ, ਅੰਮ੍ਰਿਤਸਰ ਦਾ ਵਾਸੀ ਸੀ, ਨੂੰ ਪੁਲਸ

ਨੇ ਹਿਰਾਸਤ ਚੋਂ ਭੱਜਣ ਮਗਰੋਂ ਮੁਕਾਬਲਾ ਆਖ ਕੇ, ਸ਼ਹੀਦ ਕਰ ਦਿੱਤਾ ਗਿਆ। ਇਸੇ ਦਿਨ ਅਮਲੋਹ ਵਿਚ ਇਕ 20 ਸਾਲਾ ਨੌਜਵਾਨ ਅਤੇ ਚਿੜਵਾਨ, ਮੁਕਤਸਰ, ਵਿਚ ਵੀ ਇਕ ਸਿੱਖ ਮਾਰਿਆ ਗਿਆ। ਤੇਈ ਮਈ ਨੂੰ ਮਿੱਡੂ ਖੇੜਾ, ਮੁਕਤਸਰ, ਭੁਪਿੰਦਰ ਸਿੰਘ (ਪੁੱਤਰ ਉਜਾਗਰ ਸਿੰਘ ਸਾਰੰਗ ਢਾਡੀ), ਜੋ ਸਿਰਫ਼ 15 ਸਾਲ ਦਾ ਸੀ, ਵੀ ਮਾਰ ਦਿੱਤਾ ਗਿਆ।

26-27 ਮਈ ਦੀ ਰਾਤ ਨੂੰ ਮੋਗਾ ਕੋਲ ਜੋਗੇਵਾਲ ਪਿੰਡ 'ਚ ਮਨਜੀਤ ਸਿੰਘ (ਬਾਬਾ ਮੋਹ) ਅਤੇ ਅਮਰੀਕ ਸਿੰਘ (ਫੁਨੇਕਾ) ਕਤਲ ਕੀਤੇ ਗਏ। ਇਸੇ ਦਿਨ ਦੋ ਸਿੱਖ ਫਗਵਾੜੇ ਕੋਲ ਤੇ ਇਕ ਰਾਮਾਂਵਾਲਾ, ਫਰੀਦਕੋਟ, 'ਚ ਕਤਲ ਹੋਏ। 27 ਮਈ ਨੂੰ ਮਸਤਾਨ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ ਕਤਲ ਕਰ ਦਿਤਾ ਗਿਆ। ਇਕੱਤੀ ਮਈ ਨੂੰ ਹੀ ਕਾਨਿਆਂ ਵਾਲੀ (ਮੋਗਾ) 'ਚ ਇਕ ਅਤੇ ਜੈਤੋ 'ਚ ਬਾਜਾਖਾਨਾ ਰੋਡ ਡਰੇਨ 'ਤੇ 2 ਸਿੱਖਾਂ ਨੂੰ ਮਾਰਿਆ ਗਿਆ।

ਨਕਲੀ ਮੁਕਾਬਲਿਆਂ ਵਿਚ ਸ਼ਹੀਦੀਆਂ

21 ਮਈ 1987 ਦੇ ਦਿਨ ਪੰਜਾਬ ਪੁਲੀਸ ਨੇ ਮਨਜਿੰਦਰ ਸਿੰਘ ਜੱਜ (ਵਾਸੀ ਮਜੀਠਾ ਰੋਡ, ਅੰਮ੍ਰਿਤਸਰ), ਹਰਜਿੰਦਰ ਸਿੰਘ (ਵਾਸੀ ਮੋਦਾ, ਅੰਮ੍ਰਿਤਸਰ), ਸੁਖਦੇਵ ਸਿੰਘ (ਪੁੱਤਰ ਉਮਰਾਉ ਸਿੰਘ, ਵਾਸੀ ਤਪਿਆਲਾ, ਅੰਮ੍ਰਿਤਸਰ) ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇਸੇ ਦਿਨ ਪੁਲਸ ਨੇ ਅਵਤਾਰ ਸਿੰਘ ਪਹਿਲਵਾਨ ਬੱਬਰ (ਪੁੱਤਰ ਸਰੂਪ ਸਿੰਘ, ਵਾਸੀ ਕਾਂਗੜਾ ਕਲੋਨੀ, ਅੰਮ੍ਰਿਤਸਰ) ਨੂੰ ਪੁਲਸ ਹਿਰਾਸਤ ਵਿਚੋਂ ਫ਼ਰਾਰ ਹੋਇਆ ਕਹਿ ਕੇ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ। ਭਾਈ ਅਵਤਾਰ ਸਿੰਘ ਨੂੰ 20 ਜੂਨ 1986 ਦੇ ਦਿਨ ਗ੍ਰਿਫ਼ਤਾਰ ਕੀਤਾ ਗਿਆ ਸੀ। ਇਕ ਮਹੀਨਾ ਤਸੀਹੇ ਦੇਣ ਮਗਰੋਂ 26 ਜੂਨ ਨੂੰ ਉਸ ਨੂੰ ਜੇਲ੍ਹ ਭੇਜ ਦਿੱਤਾ। ਫਿਰ ਉਸ ਨੂੰ ਪਾਰਲੀਮੈਂਟ ਉਡਾਉਣ ਦੇ ਕੇਸ ਵਿਚ ਦਿੱਲੀ ਲਿਜਾਇਆ ਗਿਆ। ਇਸ ਦੋਰਾਨ ਉਸ ਦਾ ਵੱਡਾ ਭਰਾ ਜਸਬੀਰ ਸਿੰਘ ਵੀ 5 ਮਈ ਨੂੰ ਗ੍ਰਿਫ਼ਤਾਰ ਕੀਤਾ ਜਾ ਚੁਕਾ ਸੀ। 21 ਮਈ 1987 ਦੇ ਦਿਨ ਉਸ ਨੂੰ ਅੰਮ੍ਰਿਤਸਰ ਲਿਆਂਦਾ ਗਿਆ। ਇੱਥੇ ਉਸ 'ਤੇ ਬੇਹਤਾਸ਼ਾ ਤਸ਼ੱਦਦ ਕੀਤਾ ਗਿਆ। ਉਸ ਦੀਆਂ ਦੋਵੇਂ ਬਾਹਵਾਂ ਵੀ ਤੋੜ ਦਿੱਤੀਆਂ ਗਈਆਂ। ਅਖੀਰ ਜਦ ਉਸ ਦੀ ਹਾਲਤ ਨਾਜ਼ਕ ਹੋ ਗਈ ਤਾਂ ਪੁਲਸ ਹਿਰਾਸਤ ਵਿਚੋਂ ਫਰਾਰ ਹੋਣ ਦੇ ਨਾਂ 'ਤੇ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। ਇਸੇ ਦਿਨ ਉਸ ਦੇ ਸਾਥੀ ਰਾਣਾ ਪ੍ਰਤਾਪ ਸਿੰਘ ਬੱਬਰ ਨੂੰ ਵੀ ਸ਼ਹੀਦ ਕੀਤਾ ਗਿਆ ਸੀ। ਸ਼ਹੀਦ ਕਰਨ ਮਗਰੋਂ 23 ਮਈ ਨੂੰ ਪੁਲਸ ਦੋਹਾਂ ਦਾ ਸਸਕਾਰ ਕਰਨ ਵਾਸਤੇ ਉਨ੍ਹਾਂ ਦੀਆਂ ਦੇਹਾਂ ਤਰਨਤਾਰਨ ਸ਼ਮਸ਼ਾਨ ਘਾਟ ਵਿਚ ਲੈ ਗਈ। ਉਨ੍ਹਾਂ ਦੇ ਘਰ ਦਿਆਂ ਨੂੰ ਪਤਾ ਲੱਗਾ ਤਾਂ ਉਹ ਉਥੇ ਪਹੁੰਚ ਗਏ। ਉਨ੍ਹਾਂ ਨੇ ਪੁਲਸ ਤੋਂ ਲਾਸ਼ਾਂ ਖੋਹ ਲਈਆਂ; ਉਸ ਲਾਸ਼ਾਂ ਦੇ ਹੱਥ ਪਿੱਛੇ ਬੰਨ੍ਹੇ ਹੋਏ ਸਨ। ਮਗਰੋਂ ਪਰਵਾਰ ਨੇ ਆਪ ਸਸਕਾਰ ਕੀਤਾ।

ਮਈ 'ਚ ਬਰਨਾਲਾ ਸਰਕਾਰ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਮਈ 1987 ਵਿਚ ਵੀ ਸੁਰਜੀਤ ਬਰਨਾਲਾ ਸਰਕਾਰ ਨੇ ਸੈਂਕੜੇ ਬੇਗੁਨਾਹ ਸਿੱਖਾਂ ਨੂੰ ਜੇਲ੍ਹਾਂ ਵਿਚ ਸੁੱਟਿਆ। 4 ਮਈ ਨੂੰ ਅੰਮ੍ਰਿਤਸਰ 'ਚ ਨਿਹਾਲ ਸਿੰਘ, ਟੇਕ ਸਿੰਘ, ਜਸਪਾਲ ਸਿੰਘ (ਤਿੰਨੇ ਗੰਗਾਨਗਰ) ਗ੍ਰਿਫ਼ਤਾਰ ਕਰ ਲਏ ਗਏ। ਇਸੇ ਦਿਨ ਗਿੱਦੜਬਾਹਾ 'ਚ ਬਲਕਾਰ ਸਿੰਘ ਤੇ ਜੈਤੋ 'ਚ ਨਿੱਕਾ ਸਿੰਘ ਤੇ ਗੁਰਤੇਜ ਸਿੰਘ ਗ੍ਰਿਫ਼ਤਾਰ ਕੀਤੇ ਗਏ। ਛੇ ਮਈ ਨੂੰ ਹੁਸ਼ਿਆਰਪੁਰ 'ਚ ਸਾਹਿਬ ਸਿੰਘ, ਪ੍ਰਕਾਸ਼ ਸਿੰਘ, ਨਾਮੀ ਜਰਨੈਲ ਫਕੀਰ ਸਿੰਘ, ਜਰਨੈਲ ਸਿੰਘ ਤੇ ਇਕ ਹੋਰ ਸਿੱਖ ਗ੍ਰਿਫ਼ਤਾਰ ਕੀਤੇ ਗਏ। ਭੋਲਾ ਕਤਲ ਕੇਸ 'ਚ ਦਲਬੀਰ ਸਿੰਘ ਪੱਪੂ, ਗੁਰਦੀਪ ਸਿੰਘ, ਮਲਜਿੰਦਰ ਸਿੰਘ,

ਕੇਸਰ ਸਿੰਘ, ਚਮਕੌਰ ਸਿੰਘ, ਸੁਖਵਿੰਦਰ ਸਿੰਘ, ਗੁਰਮੇਲ ਸਿੰਘ, ਬਲਵਿੰਦਰ ਸਿੰਘ, ਨਿਰਮਲ ਸਿੰਘ ਗ੍ਰਿਫ਼ਤਾਰ ਕੀਤੇ ਗਏ। ਪੰਦਰਾਂ ਮਈ ਨੂੰ ਮੋਗਾ ’ਚ ਬਲਦੇਵ ਸਿੰਘ ਤੇ ਮਹਿੰਦਰ ਸਿੰਘ (ਬੱਧਣੀ ਕਲਾਂ), ਜਗਤਾਰ ਸਿੰਘ (ਨੰਗਲ) ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਅੰਮ੍ਰਿਤਸਰ ’ਚ ਗੁਰਸ਼ਰਨ ਸਿੰਘ (ਰੋਪੜ) ਤੇ ਨਿਸ਼ਾਨ ਸਿੰਘ (ਤਲਵੰਡੀ ਭਿੰਡਰ) ਗ੍ਰਿਫ਼ਤਾਰ ਹੋਏ।

ਸੋਲਾਂ ਮਈ ਨੂੰ ਰਾਜਬੀਰ ਸਿੰਘ, ਹਰਵਿੰਦਰ ਸਿੰਘ, ਅਮਰੀਕ ਸਿੰਘ, ਕੁਲਵਿੰਦਰ ਸਿੰਘ, ਸਵਰਨ ਸਿੰਘ ਗ੍ਰਿਫ਼ਤਾਰ ਹੋਏ। ਕਲਾਨੌਰ ਕੋਲ ਕਿਲ੍ਹਾ ਨਥਾ ਸਿੰਘ ਦਾ ਜੋਗਿਦਰ ਸਿੰਘ ਗ੍ਰੰਥੀ ਗ੍ਰਿਫ਼ਤਾਰ ਕੀਤਾ ਗਿਆ। ਲੋਪੋਕੇ ਕੋਲ ਮੁਕਾਬਲੇ ਦੇ ਨਾਂ ’ਤੇ ਹਜ਼ਾਰਾ ਸਿੰਘ ਨੂੰ ਹਿਰਾਸਤ ’ਚ ਲਿਆ ਗਿਆ। ਸਤਾਰਾਂ ਮਈ ਨੂੰ ਹੁਸ਼ਿਆਰਪੁਰ ’ਚ ਮੁਕਾਬਲੇ ’ਚ ਅਵਤਾਰ ਸਿੰਘ ’ਤੇ ਸਵਰਨ ਸਿੰਘ ਗ੍ਰਿਫ਼ਤਾਰ ਹੋਏ। ਜਲੰਧਰ ’ਚ ਸ਼੍ਰੋਮਣੀ ਕਮੇਟੀ ਮੈਂਬਰ ਤੀਰਥ ਸਿੰਘ ਦਾ ਪੁਤਰ ਹਰਿੰਦਰ ਸਿੰਘ ਤੇ ਮਨਮੋਹਨ ਸਿੰਘ (ਆਦਮਪੁਰ) ਗ੍ਰਿਫ਼ਤਾਰ ਕੀਤੇ ਗਏ। ਕਰਤਾਰਪੁਰ ਨੇੜੇ ਪਾਤੜਾਂ ਖੁਰਦ ਦਾ ਬਲਦੇਵ ਸਿੰਘ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਕਿਰਪਾਲ ਸਿੰਘ (ਕੋਟ ਬਾਦਲ ਖ਼ਾਨ, ਸਦਰ ਬਾਣਾ) ਤੇ ਗੁਰਮੇਲ ਸਿੰਘ (ਬੜਾਲਾ ਖੁਰਦ) ਵੀ ਹਿਰਾਸਤ ’ਚ ਲਏ ਗਏ। ਕੈਪਟਨ ਕੁਲਦੀਪ ਸਿੰਘ (ਮਹਿਤਪੁਰ, ਨਕੋਦਰ) ਦੇ ਪੁੱਤਰ ਭੂਪਿੰਦਰਪਾਲ ਸਿੰਘ ਦੇ ਸਾਥੀ ਮਨਜੀਤ ਸਿੰਘ ਲਾਂਬਾ (ਮਹਿਸਮਪੁਰ), ਨਰਿੰਦਰ ਸਿੰਘ ਨਿੰਦੀ (ਮਹਿਤਪੁਰ), ਅਮਰਜੀਤ ਸਿੰਘ (ਮੰਡਿਆਲਾ), ਕੁਲਵਿੰਦਰ ਸਿੰਘ ਬਿੱਟੂ (ਮਹਿਤਪੁਰ), ਮੇਜਰ ਸਿੰਘ (ਮੰਡਿਆਲਾ) ਵੀ ਗ੍ਰਿਫ਼ਤਾਰ ਕਰ ਲਏ ਗਏ। ਜੈਤੋ ’ਚ ਨਿੱਕਾ ਸਿੰਘ ਤੇ ਗੁਰਮੇਲ ਸਿੰਘ ਵੀ ਫੜੇ ਗਏ।

21 ਮਈ ਨੂੰ ਪੁਲੀਸ ਨੇ ਦੇਸਾ ਸਿੰਘ (ਬਾਲ ਸਿਕੰਦ ਪਿੰਡ) ਦੇ ਘਰ ਛਾਪਾ ਮਾਰਿਆ। ਜਦ ਉਹ ਕਾਬੂ ਨਾ ਅਇਆ ਤਾਂ ਉਸ ਦੀ ਪਤਨੀ ਬੀਬੀ ਪ੍ਰੀਤਮ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਦਿਨ ਜੈਤੋ ’ਚ ਜੋਗਿੰਦਰ ਸਿੰਘ (ਭਗਤਾ ਭਾਈ ਕਾ) ਗ੍ਰਿਫ਼ਤਾਰ ਕੀਤਾ ਗਿਆ। ਬਾਈ ਮਈ ਨੂੰ ਚਿੜਵਾਨ (ਮੁਕਤਸਰ) ਨੇੜੇ ਗਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਮੁਕਤਸਰ ’ਚ ਹੀ ਬਲਬੀਰ ਸਿੰਘ (ਸੇਮਾ ਪਿੰਡ) ਤੇ ਜਰਨੈਲ ਸਿੰਘ (ਬੋਹੜੀ ਗੇਲੇ ਵਾਲਾ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਕਪੂਰਥਲਾ ਵਿਚ ਤਸਵੀਰ ਸਿੰਘ ਪੰਮਾ, ਜੋਗਿੰਦਰ ਸਿੰਘ (ਖਾਲੜਾ) ਤੇ ਬਾਜ ਸਿੰਘ (ਸ਼ੇਖ ਮਾਂਗਾ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਨਾਭਾ ’ਚ ਮਨਜੀਤ ਸਿੰਘ ਸ਼ੰਟੀ ਤੇ ਰਜਿੰਦਰ ਸਿੰਘ ਰਾਜੂ (ਪਟਿਆਲਾ), ਜਸਮੇਰ ਸਿੰਘ (ਮੈਂਡ ਖੇੜੀ) ਤੇ ਜਸਬੀਰ ਸਿੰਘ (ਅਤਲਾ) ਗ੍ਰਿਫ਼ਤਾਰ ਕੀਤੇ ਗਏ। ਇਸੇ ਰਾਤ ਡੇਰਾ ਬਾਬਾ ਨਾਨਕ ਨੇੜਿਓਂ ਧੀਰਜ ਸਿੰਘ (ਰਹੀਮਪੁਰ) ਤੇ ਜਗਸੀਰ ਸਿੰਘ (ਕਲਾਨੌਰ) ਨੂੰ ਗ੍ਰਿਫ਼ਤਾਰ ਕੀਤਾ ਗਿਆ। ਹੁਸ਼ਿਆਰਪੁਰ ’ਚ ਦੁਕਾਨਾਂ ਸਾੜਨ ਦੇ ਨਾਂ ’ਤੇ ਬੱਗਾ ਸਿੰਘ, ਗੁਰਮੇਲ ਸਿੰਘ, ਸੁਖਦੇਵ ਸਿੰਘ, ਜਸਬੀਰ ਸਿੰਘ, ਇਕਬਾਲ ਸਿੰਘ ਗ੍ਰਿਫ਼ਤਾਰ ਕੀਤੇ ਗਏ।

23 ਮਈ ਨੂੰ ਬਾਘਾ ਪੁਰਾਣਾ ’ਚ ਸ਼ੰਕਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗਿੱਦੜਬਾਹਾ ’ਚ ਪਰਗਟ ਸਿੰਘ ਤੇ ਬਲਬੀਰ ਸਿੰਘ ਦੀ ਗ੍ਰਿਫ਼ਤਾਰੀ ਕੀਤੀ ਗਈ। ਪੰਝੀ ਮਈ ਨੂੰ ਬੱਧਣੀ ਕਲਾਂ (ਮੋਗਾ) ਨੇੜਿਓਂ ਕਾਕਾ ਸਿੰਘ (ਬੋਪੇ) ਤੇ ਸੁਖਦੇਵ ਸਿੰਘ (ਡੱਲਾ), ਮੁਕਤਸਰ ਕੋਲੋਂ ਗੁਰਵਿੰਦਰ ਸਿੰਘ (ਉਦੈਕਰਨ), ਮੇਜਰ ਸਿੰਘ (ਲੱਖੇਵਾਲੀ) ਤੇ ਗੁਰਮੀਤ ਸਿੰਘ (ਮੁਕਤਸਰ) ਫੜੇ ਗਏ। ਡਾਕਟਰ ਜੀਵਨ ਸਿੰਘ ਨੂੰ ਪਨਾਹ ਦੇ ਨਾਂ ’ਤੇ ਅਤੇ ਅਮਰੀਕ ਸਿੰਘ ਨੂੰ ਮੁਕਤਸਰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਛੱਬੀ ਮਈ ਨੂੰ ਲਹਿਰਾਗਾਗਾ ’ਚ ਹਰਦੀਪ ਸਿੰਘ ਧਾਰੀਵਾਲ, ਗੁਰਵਿੰਦਰ ਸਿੰਘ ਅਜਨਾਲਾ, ਗੁਰਤੇਜ ਸਿੰਘ ਭਵਾਨੀਗੜ ਤੇ ਅਮਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਸਤਾਈ ਮਈ ਨੂੰ

ਵਲਟੋਹਾ 'ਚ ਮਿਲਖਾ ਸਿੰਘ, ਮੇਹਰ ਸਿੰਘ, ਬਗੀਚਾ ਸਿੰਘ ਤੇ ਹਰਜਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਬੰਗਾ (ਜਲੰਧਰ) 'ਚ ਮਨਜੀਤ ਸਿੰਘ ਮਜਾਰੀ ਤੇ ਜੰਡਿਆਲਾ ਗੁਰੂ 'ਚ ਲੱਖਾ ਸਿੰਘ ਤੇ ਗੁਰਮੇਲ ਸਿੰਘ ਗ੍ਰਿਫ਼ਤਾਰ ਕੀਤੇ ਗਏ। 28 ਮਈ ਨੂੰ ਦਿਲੀ 'ਚ ਸੰਤਨਗਰ ਦੇ ਇਕਬਾਲ ਸਿੰਘ, ਸਤਪਾਲ ਸਿੰਘ, ਗੁਰਬਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਕੱਤੀ ਮਈ ਨੂੰ ਫ਼ੀਰੋਜ਼ਪੁਰ 'ਚ ਅਜਾਇਬ ਸਿੰਘ, ਬੀਰ ਸਿੰਘ ਤੇ ਬਲਬੀਰ ਸਿੰਘ ਗ੍ਰਿਫ਼ਤਾਰ ਹੋਏ। ਇਸੇ ਦਿਨ ਫ਼ੈਡਰੇਸ਼ਨ ਦੇ ਆਗੂ ਹਰਵਿੰਦਰ ਸਿੰਘ ਖਾਲਸਾ (ਕੁਕੂ) ਬਠਿੰਡਾ ਨੂੰ ਵੀ ਫੜ ਲਿਆ ਗਿਆ।

ਖਾੜਕੂਆਂ ਦੇ ਇਕ ਧੜੇ ਵੱਲੋਂ ਨਸ਼ਿਆਂ ਦੇ ਸੁਧਾਰ ਦੀ ਲਹਿਰ

ਇਨ੍ਹਾਂ ਦਿਨਾਂ 'ਚ ਪੰਜਾਬ 'ਚ ਸੁਧਾਰ ਦੀ ਲਹਿਰ ਦੇ ਨਾਂ 'ਤੇ ਇਕ ਇਸ਼ਤਿਹਾਰ ਛਪਿਆ ਜਿਸ ਦੇ ਹੇਠਾਂ ਜਰਨੈਲ ਲਾਭ ਸਿੰਘ (ਉਰਫ਼ ਸੁਖਦੇਵ ਸਿੰਘ) ਅਤੇ ਇਕ ਹੋਰ ਦੇ ਦਸਤਖ਼ਤ ਸਨ। ਇਸ ਦੇ 13 ਨੁਕਾਤੀ ਪਰੋਗਰਾਮ 'ਚ ਸ਼ਰਾਬ, ਤੰਬਾਕੂ, ਮਾਸ ਬਾਰੇ, ਨਾਈਆਂ ਵਾਸਤੇ, ਦਰਜੀਆਂ ਵਾਸਤੇ, ਬਰਾਤੀਆਂ ਦੀ ਗਿਣਤੀ ਬਾਰੇ ਹੁਕਮ ਜਾਰੀ ਕੀਤੇ ਗਏ ਸਨ। ਇਸ ਤੋਂ ਡਰ ਕੇ ਪੰਜਾਬ 'ਚ ਤੰਮਾਕੂ, ਸ਼ਰਾਬ ਤੇ ਮੀਟ ਦੀਆਂ ਬਹੁਤ ਸਾਰੀਆਂ ਦੁਕਾਨਾਂ ਬੰਦ ਹੋ ਗਈਆਂ। ਬਹੁਤ ਸਾਰੇ ਸਿੱਖ ਇਨ੍ਹਾਂ ਸਬੰਧੀ ਮੁਕੱਦਮਿਆਂ 'ਚ ਵੀ ਗ੍ਰਿਫ਼ਤਾਰ ਕੀਤੇ ਗਏ ਤੇ ਕੁਝ ਕਤਲ ਵੀ ਹੋਏ।

ਇਸ ਨਾਲ ਦੋ ਵੱਡੇ ਨੁਕਸਾਨ ਹੋਏ: ਇਕ ਤਾਂ ਖਾੜਕੂਆਂ ਅਤੇ ਆਮ ਨੌਜਵਾਨਾਂ ਦਾ ਧਿਆਨ ਆਜ਼ਾਦੀ ਦੀ ਜੱਦੋਜਹਿਦ ਦੀ ਬਜਾਇ ਦੂਜੇ ਪਾਸੇ ਵਲ ਲੱਗਿਆ ਅਤੇ ਦੂਜਾ ਆਮ ਲੋਕਾਂ ਦੀ ਖਾਲਿਸਤਾਨੀਆਂ ਨਾਲ ਹਮਦਰਦੀ 'ਚ ਫਰਕ ਪਿਆ। ਇਹੋ ਜਿਹੀ ਲਹਿਰ ਕਦੇ ਮਗਰੋਂ ਤਾਂ 'ਜ਼ਰੂਰੀ' ਕਹੀ ਤਾਂ ਜਾ ਸਕਦੀ ਸੀ ਪਰ ਉਸ ਵੇਲੇ ਖਾੜਕੂਆਂ ਕੋਲ ਵੱਡਾ ਮਸਲਾ ਆਜ਼ਾਦੀ ਦਾ ਸੀ। ਉਂਵ ਤੰਬਾਕੂ ਬਾਰੇ ਸਾਰੇ ਇਕੋ ਰਾਇ ਰੱਖਦੇ ਹਨ ਤੇ ਇਸ 'ਤੰਬਾਕੂ ਦੀ ਜਲਾਵਤਨੀ' ਦੀ ਲਹਿਰ ਨੂੰ ਸਾਰੇ ਪੰਥ ਨੇ ਹਿਮਾਇਤ ਦੇਣੀ ਸੀ। ਪਰ ਸਮਾਜ ਸੁਧਾਰ ਦੇ ਹੋਰ ਐਕਸ਼ਨ, ਜਿਨ੍ਹਾਂ ਨਾਲ ਲੋਕਾਂ ਦੀ ਇਨ੍ਹਾਂ ਨਾਲ ਹਮਦਰਦੀ ਘਟੀ, ਇਸ ਲਹਿਰ ਦੇ ਨਿਘਾਰ ਦਾ ਇਕ ਕਾਰਨ ਬਣੇ।

ਬਲਵੰਤ ਸਿੰਘ ਨੇ ਵੀ ਰਬੈਰੋ ਨੂੰ ਸਿੱਖ-ਦੁਸ਼ਮਣ ਕਿਹਾ

ਪੰਜ ਮਈ ਨੂੰ ਬਲਵੰਤ ਸਿੰਘ ਸੁਲਤਾਨਪੁਰੀ ਨੇ ਸੁਰਜੀਤ ਬਰਨਾਲੇ ਨੂੰ ਇਕ ਖ਼ਤ ਲਿਖ ਕੇ ਆਖਿਆ ਕਿ ਰਬੈਰੋ ਐਂਟੀ-ਸਿੱਖ ਸੋਚ ਵਾਲਾ ਹੈ ਅਤੇ ਸਿਆਸੀ ਦਖ਼ਲ ਅੰਦਾਜ਼ੀ ਵੀ ਕਰ ਰਿਹਾ ਹੈ। ਬਲਵੰਤ ਸਿੰਘ ਕੋਈ ਪੰਥਕ ਨਹੀਂ ਸੀ। ਉਸ ਨੇ ਇਹ ਚਿੱਠੀ ਇਸ ਕਰ ਕੇ ਲਿਖੀ ਸੀ ਕਿਉਂਕਿ ਰਬੈਰੋ ਨੇ ਉਸ ਦੀ ਕਿਸੇ ਮਸਲੇ 'ਤੇ ਗੱਲ ਨਹੀਂ ਸੀ ਮੰਨੀ।

ਦਰਬਾਰ ਸਾਹਿਬ 'ਚ ਸੁਰਜੀਤ ਬਰਨਾਲੇ ਨੇ ਫੇਰ ਪੁਲੀਸ ਭੇਜੀ

5 ਮਈ ਨੂੰ ਪੁਲੀਸ ਨੇ ਦਰਬਾਰ ਸਾਹਿਬ 'ਤੇ ਇਕ ਵਾਰ ਫੇਰ ਧਾਵਾ ਕੀਤਾ ਤੇ ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਦੇ ਦਫ਼ਤਰ ਦੀ ਤਲਾਸ਼ੀ ਲਈ। ਪੁਲੀਸ ਨੇ ਬਾਬਾ ਦਲ ਦੇ ਹਰਦੀਪ ਸਿੰਘ, ਕੁਲਦੀਪ ਸਿੰਘ ਤੇ ਪੱਪੂ ਗ੍ਰਿਫ਼ਤਾਰ ਕਰ ਲਏ। ਤੇਈ ਮਈ ਨੂੰ ਪੁਲੀਸ ਨੇ ਗੁਰਦੁਆਰਾ ਬੇਰ ਸਾਹਿਬ (ਸੁਲਤਾਨਪੁਰ) 'ਤੇ ਵੀ ਹਮਲਾ ਕੀਤਾ।

ਦਿਲੀ ਦੇ ਗੁਰਦੁਆਰਿਆਂ 'ਤੇ ਪੁਲੀਸ ਦਾ ਹਮਲਾ

16 ਮਈ 1987 ਨੂੰ ਪੁਲੀਸ ਨੇ ਦਿੱਲੀ 'ਚ ਗੁਰਦੁਆਰਾ ਰਕਾਬ ਗੰਜ ਅਤੇ ਗੁਰਦੁਆਰਾ

ਬੰਗਲਾ ਸਾਹਿਬ ਉੱਤੇ ਹਮਲਾ ਕਰ ਦਿਤਾ ਅਤੇ ਬਹੁਤ ਸਾਰੇ ਸਿੱਖ ਮੁਸਾਫ਼ਿਰ ਗ੍ਰਿਫ਼ਤਾਰ ਕਰ ਲਏ।

ਉਮਰਾਨੰਗਲ ਦੇ ਮੁੰਡੇ ਦਾ ਕਤਲ

ਜੀਵਨ ਸਿੰਘ ਉਮਰਾਨੰਗਲ ਇਕ ਸੰਜੀਦਾ ਅਕਾਲੀ ਦੇ ਤੌਰ 'ਤੇ ਸਿੱਖ ਸਿਆਸਤ ਵਿਚ ਆਇਆ ਸੀ ਪਰ 1960 ਵਿਚ ਪੰਜਾਬੀ ਸੂਬਾ ਮੋਰਚਾ ਦੌਰਾਨ ਉਸ ਦੀ ਪ੍ਰਤਾਪ ਸਿੰਘ ਕੈਰੋਂ ਨਾਲ ਸਾਜ਼ ਬਾਜ਼ ਹੋ ਗਈ ਤੇ ਉਹ ਦਰਬਾਰ ਸਾਹਿਬ ਵਿਚ ਬੈਠ ਕੇ ਸਰਕਾਰ ਨੂੰ ਸੂਹਾਂ ਦੇਂਦਾ ਰਿਹਾ; 1962 ਵਿਚ ਉਸ ਨੇ ਕੈਰੋਂ ਨਾਲ ਸਾਜ਼ਸ਼ ਕਰ ਕੇ ਅਕਾਲੀ ਦਲ ਵਿਚ ਫੁੱਟ ਪੁਆਈ; 1977 ਵਿਚ ਉਹ ਨਿਰੰਕਾਰੀਆਂ ਨਾਲ ਵੀ ਨੇੜਤਾ ਰੱਖਣ ਲੱਗ ਪਿਆ ਸੀ; 1978 ਤੋਂ ਮਗਰੋਂ ਉਹ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਅਤੇ ਸਿੱਖ ਜੁਝਾਰੂਆਂ ਦੇ ਖ਼ਿਲਾਫ਼ ਬਹੁਤ ਜ਼ਹਿਰ ਉਗਲਣ ਲਗ ਪਿਆ ਅਤੇ 1960 ਵਾਂਗ ਸਿੱਖ ਦੁਸ਼ਮਣ ਅੰਸਰਾਂ ਦਾ ਹੱਥ-ਠੋਕਾ ਬਣ ਗਿਆ; ਖਾੜਕੂ ਕਦੋਂ ਦਾ ਉਸ ਨੂੰ 'ਸੋਧਣ' ਦੀਆਂ ਕੋਸ਼ਿਸ਼ਾਂ ਕਰਦੇ ਰਹੇ ਸਨ ਪਰ ਪੁਲਸ ਹਿਫ਼ਾਜ਼ਤ ਮਿਲੀ ਹੋਣ ਕਰ ਕੇ ਉਹ ਬਚਦਾ ਜਾ ਰਿਹਾ ਸੀ; ਅਖ਼ੀਰ ਜੀਵਨ ਸਿੰਘ ਨੂੰ ਸਜ਼ਾ ਦੇਣ ਦੀ ਸੋਚ ਨਾਲ 8 ਮਈ 1987 ਦੇ ਦਿਨ ਖਾੜਕੂਆਂ ਨੇ ਜੀਵਨ ਸਿੰਘ ਉਮਰਾਨੰਗਲ ਤੇ ਹਮਲਾ ਕੀਤਾ; ਉਹ ਆਪ ਤਾਂ ਬਚ ਗਿਆ ਪਰ ਉਸ ਦਾ ਮੁੰਡਾ ਸੁਖਦੇਵ ਸਿੰਘ ਮਾਰਿਆ ਗਿਆ। ਪਹਿਲਾਂ ਤਾਂ ਪੁਲਸੀਏ ਚੀਫ਼ ਇਜ਼ਹਾਰ ਆਲਮ ਨੇ ਸੁਖਦੇਵ ਸਿੰਘ ਝਾਮਕੇ, ਸੁਰਜੀਤ ਸਿੰਘ, ਵਰਿਆਮ ਸਿੰਘ, ਅਜਮੇਰ ਸਿੰਘ (ਚਾਰੇ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਕ ਮਹਿਤਾ) ਨੂੰ ਇਸ ਐਕਸ਼ਨ ਦਾ ਜ਼ਿੰਮੇਦਾਰ ਆਖਿਆ। ਪਰ ਦੋ ਦਿਨਾਂ ਬਾਅਦ ਹੀ ਉਸ ਨੇ ਹਰਭਜਨ ਸਿੰਘ, ਜਰਨੈਲ ਸਿੰਘ, ਉਰਫ਼ ਲੱਡੂ, ਵਰਿਆਮ ਸਿੰਘ, ਸ਼ਾਮ ਸਿੰਘ, ਗੁਰਦਿਆਲ ਸਿੰਘ, ਅਮਰੀਕ ਸਿੰਘ, ਰਣਜੀਤ ਸਿੰਘ ਨੂੰ ਪਨਾਹ ਦੇਣ ਦੇ ਨਾਂ 'ਤੇ ਗ੍ਰਿਫ਼ਤਾਰ ਕਰ ਲਿਆ।(ਮਾਰੇ ਗਏ ਸੁਖਦੇਵ ਨੂੰ ਚੀਫ਼ ਮਨਿਸਟਰ ਬਰਨਾਲਾ ਨੇ 'ਸ਼ਹੀਦ' ਦਾ ਦਰਜਾ ਦਿੱਤਾ ਤੇ ਉਸ ਦੇ ਪੁੱਤਰ ਪਰਮਰਾਜ ਸਿੰਘ ਉਮਰਾਨੰਗਲ ਨੂੰ ਪੁਲੀਸ ਵਿਚ ਇਕ ਉੱਚੇ ਅਹੁਦੇ 'ਤੇ ਭਰਤੀ ਕਰ ਲਿਆ ਤੇ ਉਸ ਨੂੰ ਵਾਰ-ਵਾਰ ਤਰੱਕੀਆਂ ਦਿੱਤੀਆਂ ਤੇ ਛੇਤੀ ਹੀ ਐਸ.ਐਸ.ਪੀ. ਤੇ ਮਗਰੋਂ ਡੀ.ਆਈ.ਜੀ. ਤੇ ਅਖ਼ੀਰ ਡੀ.ਜੀ.ਪੀ. ਬਣਾ ਦਿੱਤਾ)।

ਸੁਰਜੀਤ ਬਰਨਾਲਾ ਸਰਕਾਰ ਤੋੜੀ ਗਈ

ਭਾਵੇਂ ਬਰਨਾਲੇ ਵਲੋਂ ਸਿੱਖ ਨੌਜਵਾਨਾਂ ਦੇ ਕਤਲ ਤੇ ਗ੍ਰਿਫ਼ਤਾਰੀਆਂ ਜਾਰੀ ਸਨ, ਪਰ ਦੂਜੇ ਪਾਸੇ ਪੁਲੀਸ ਚੀਫ਼ ਰਬੈਰੋ ਦੀ ਚੰਦੂਮਾਜਰਾ ਅਤੇ ਬਲਵੰਤ ਸਿੰਘ ਸੁਲਤਾਨਪੁਰੀ ਨਾਲ ਵਿਗੜ ਵੀ ਚੁਕੀ ਸੀ। ਹੌਲੀ-ਹੌਲੀ ਇਨ੍ਹਾਂ ਨੇ ਇਕ-ਦੂਜੇ ਦੇ ਖ਼ਿਲਾਫ਼ ਬਿਆਨਬਾਜ਼ੀ ਵੀ ਸ਼ੁਰੂ ਕਰ ਦਿੱਤੀ ਸੀ। ਅਖ਼ੀਰ ਇਸ ਕਸ਼ਮਕਸ਼ ਵਿਚ ਵਧੇਰੇ ਤਲਖ਼ੀ ਆ ਗਈ। ਇਨ੍ਹਾਂ ਦਿਨਾਂ ਵਿਚ ਹੀ ਰਾਜੀਵ ਗਾਂਧੀ ਨੇ ਇਹ ਵੀ ਮਹਿਸੂਸ ਕੀਤਾ ਕਿ ਉਸ ਨੇ ਬਰਨਾਲੇ ਨੂੰ ਜਿੰਨਾ ਵਰਤਣਾ ਸੀ, ਵਰਤ ਲਿਆ ਹੈ ਤੇ ਹੁਣ ਉਸ ਨੂੰ ਉਸ 'ਨੁੱਚੜੇ ਹੋਏ ਨਿੰਬੂ' ਦੀ ਕੋਈ ਲੋੜ ਨਹੀਂ, ਇਸ ਕਰ ਕੇ ਉਸ ਨੇ 11 ਮਈ 1987 ਦੇ ਦਿਨ ਸੁਰਜੀਤ ਬਰਨਾਲੇ ਦੀ ਨਾਮ-ਨਿਹਾਦ ਸਰਕਾਰ ਵੀ ਤੋੜ ਦਿੱਤੀ।

◆

ਰਬੈਰੋ ਦੇ ਜ਼ੁਲਮ ਦੀ ਦਾਸਤਾਂ

ਰਾਜੀਵ ਗਾਂਧੀ ਨੇ ਸੁਰਜੀਤ ਬਰਨਾਲਾ ਦੀ ਸਰਕਾਰ ਤੋੜ ਕੇ ਪੰਜਾਬ 'ਚ ਗਵਰਨਰੀ ਹਕੂਮਤ ਕਾਇਮ ਕਰ ਦਿੱਤੀ। ਦਰਅਸਲ ਰਾਜੀਵ ਗਾਂਧੀ ਸੁਰਜੀਤ ਬਰਨਾਲਾ ਨੂੰ ਪੂਰੀ ਤਰ੍ਹਾਂ ਵਰਤ ਚੁਕਾ ਸੀ। ਉਸ ਨੇ ਇਸ ਕੋਲੋਂ ਦਰਬਾਰ ਸਾਹਿਬ 'ਤੇ ਹਮਲਾ ਕਰਵਾ ਕੇ ਇੰਦਰਾ ਦਾ ਹਮਲਾ ਜਾਇਜ਼ ਕਰਵਾਉਣ ਦੀ ਕੋਸ਼ਿਸ਼ ਕੀਤੀ; ਇਸ ਕੋਲੋਂ ਇਕ ਹਜ਼ਾਰ ਤੋਂ ਵੀ ਵਧ ਸਿੱਖ ਨਕਲੀ ਮੁਕਾਬਲਿਆਂ ਵਿਚ ਮਰਵਾਏ, ਹਜ਼ਾਰਾਂ ਸਿੱਖਾਂ ਨੂੰ ਜੇਲ੍ਹਾਂ ਵਿਚ ਸੁੱਟਵਾਇਆ। ਸੁਰਜੀਤ ਬਰਨਾਲਾ ਨੇ ਹਿੰਦੂਆਂ, ਪੁਲੀਸ, ਬੀ.ਐਸ.ਐਫ਼. ਅਤੇ ਸੀ.ਆਰ.ਪੀ.ਐਫ਼. ਨੂੰ ਸਿੱਖਾਂ 'ਤੇ ਬੇਪਨਾਹ ਜ਼ੁਲਮ ਕਰਨ ਦੀ ਖੁੱਲ੍ਹ ਦਿੱਤੀ ਹੋਈ ਸੀ। ਬਰਨਾਲੇ ਦੇ ਹੁਕਮਾਂ ਹੇਠ ਪੁਲੀਸ ਨੇ ਸੈਂਕੜੇ ਵਾਰੀ ਦਰਬਾਰ ਸਾਹਿਬ ਅਤੇ ਹੋਰ ਬਹੁਤ ਸਾਰੇ ਗੁਰਦੁਆਰਿਆਂ ਉੱਤੇ ਹਮਲੇ ਕੀਤੇ ਸਨ। ਜਦ ਰਾਜੀਵ ਨੇ ਵੇਖਿਆ ਕਿ ਉਸ ਨੇ ਸੁਰਜੀਤ ਬਰਨਾਲੇ ਨੂੰ ਪੂਰੀ ਤਰ੍ਹਾਂ ਵਰਤ ਲਿਆ ਹੈ ਤਾਂ ਉਸ ਨੇ ਇਸ ਨੂੰ ਦੁਰਕਾਰ ਦਿੱਤਾ ਤੇ ਇਸ ਦੀ ਸਰਕਾਰ ਬਰਖਾਸਤ ਕਰ ਦਿੱਤੀ। ਸੁਰਜੀਤ ਬਰਨਾਲੇ ਨੂੰ ਤਾਂ ਰਾਜੀਵ ਨੇ ਚੰਡੀਗੜ੍ਹ ਹਾਸਿਲ ਕਰ ਲੈਣ ਦਾ ਸਿਹਰਾ ਵੀ ਨਾ ਦਿੱਤਾ ਤੇ ਵਰਤਣ ਮਗਰੋਂ ਜ਼ਲੀਲ ਕਰ ਕੇ ਸੁੱਟ ਦਿੱਤਾ।

ਵਜ਼ਾਰਤ ਟੁੱਟਣ ਤੋਂ ਅਗਲੇ ਦਿਨ ਹੀ ਪੁਲੀਸ ਨੇ ਬਰਨਾਲੇ ਦਾ ਸਾਬਕ ਵਜ਼ੀਰ ਪ੍ਰੇਮ ਸਿੰਘ ਚੰਦੂਮਾਜਰਾ ਗ੍ਰਿਫ਼ਤਾਰ ਕਰ ਲਿਆ। ਪੁਲੀਸ ਨੇ ਉਸ ਨੂੰ ਖ਼ੂਬ ਕੁੱਟਿਆ ਅਤੇ ਉਸ ਤੋਂ ਕੁਰੱਪਸ਼ਨ ਦੀਆਂ ਗੱਲਾਂ ਕਢਵਾਈਆਂ। ਉਂਵ ਤਾਂ ਸੁਰਜੀਤ ਬਰਨਾਲੇ ਦੇ ਸਾਰੇ ਹੀ ਵਜ਼ੀਰ ਕੁਰੱਪਟ ਸਨ ਪਰ ਰਬੈਰੋ ਨੇ ਆਪਣੀ ਕਿੜ ਇਕੱਲੇ ਚੰਦੂਮਾਜਰੇ 'ਤੇ ਕੱਢੀ। ਚੰਦੂਮਾਜਰੇ ਨਾਲ ਕਿਸੇ ਨੇ ਵੀ ਕੋਈ ਹਮਦਰਦੀ ਨਾ ਦਿਖਾਈ।

ਸਮੁੱਚੇ ਤੌਰ 'ਤੇ ਬਰਨਾਲਾ ਇਕ ਜ਼ਲੀਲ, ਬੇਇਜ਼ਤ ਹੋਏ ਗ਼ੱਦਾਰ ਵਾਂਗ ਗੱਦੀ ਤੋਂ ਲਾਹਿਆ ਗਿਆ। ਉਸ ਦੀ ਥਾਂ ਰਾਜੀਵ ਦੇ ਘਰ ਵਿਚ ਵੀ ਨਾ ਰਹੀ ਤੇ ਉਹ ਪੰਥ 'ਚੋਂ ਵੀ ਖ਼ਾਰਿਜ ਹੋਇਆ। ਸੈਂਕੜੇ ਸਿੱਖਾਂ ਨੂੰ ਕਤਲ ਕਰਵਾਉਣ 'ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ ਵਿਚ ਸੁੱਟਣ ਤੋਂ ਸਿਵਾ ਉਸ ਦੀ ਕੋਈ ਕਾਮਯਾਬੀ ਨਹੀਂ ਸੀ। ਉਸ ਨੇ ਦਰਬਾਰ ਸਾਹਿਬ 'ਤੇ ਬੇਵਜਹ ਹਮਲਾ ਕੀਤਾ, ਦਰਜਨਾਂ ਵਾਰ ਗੁਰਦੁਆਰਿਆਂ 'ਤੇ ਪੁਲੀਸ ਐਕਸ਼ਨ ਕਰਵਾਏ, ਅਕਾਲ ਤਖ਼ਤ ਸਾਹਿਬ ਤੋਂ ਬਗ਼ਾਵਤ ਦਾ ਐਲਾਨ ਕੀਤਾ, ਗੁਰਦੁਆਰਿਆਂ ਦੀ ਬੇਅਦਬੀ ਕੀਤੀ। ਰਾਜੀਵ ਗਾਂਧੀ ਨੂੰ ਏਨਾ ਖ਼ੁਸ਼ ਕਰਨ ਦੇ ਬਾਵਜੂਦ ਉਹ ਨਿਗੂਣੀ ਜਿਹੀ ਚੀਜ਼, ਚੰਡੀਗੜ੍ਹ, ਵੀ ਪੰਜਾਬ ਨੂੰ ਦਿਵਾ ਕੇ ਉਸ ਦਾ ਸਿਹਰਾ ਵੀ ਨਾ ਲੈ ਸਕਿਆ। ਸਿੱਖਾਂ ਦਾ ਘਾਣ ਕਰ ਕੇ ਵੀ ਉਹ ਆਪਣੀ ਗੱਦੀ ਕਾਇਮ ਨਾ ਰੱਖ ਸਕਿਆ। ਤਵਾਰੀਖ਼ 'ਚ ਏਨੀ ਜ਼ਲਾਲਤ ਵਾਲਾ ਸ਼ਖ਼ਸ, ਜ਼ੈਲ ਸਿੰਘ ਨੂੰ ਛੱਡ ਕੇ, ਉਦੋਂ ਤਕ ਕੋਈ ਹੋਰ ਪਗੜੀਧਾਰੀ ਨਹੀਂ ਸੀ ਵੇਖਿਆ ਗਿਆ। (ਉਂਵ ਬਾਅਦ ਵਿਚ ਤਰਸ ਖਾ ਕੇ ਕਾਂਗਰਸ ਨੇ ਬਰਨਾਲੇ ਨੂੰ ਗਵਰਨਰ ਲਾ ਦਿੱਤਾ। ਬਰਨਾਲੇ ਦੀ ਘੋਰ ਸਿੱਖ ਦੁਸ਼ਮਣੀ ਦੇ ਇਨਾਮ ਵਜੋਂ ਉਸ ਨੂੰ ਅੱਜ 2008 ਤਕ ਇਹ ਇਨਾਮ ਦਿੱਤਾ ਜਾ ਰਿਹਾ ਹੈ ਤੇ ਸ਼ਾਇਦ ਉਸ ਦੇ ਮਰਨ ਤਕ ਦਿੱਤਾ ਜਾਂਦਾ ਰਹੇਗਾ)।

ਬਰਨਾਲੇ ਦੀ ਸਰਕਾਰ ਦੇ ਖ਼ਤਮ ਹੋਣ ਮਗਰੋਂ ਰਬੈਰੋ ਨੇ ਸਿਰਫ਼ ਦੋ ਮਹੀਨੇ ਵਿਚ ਹੀ 100

ਤੋਂ ਵੱਧ ਸਿੱਖ ਨੌਜਵਾਨ ਫੜ ਕੇ ਮਾਰ ਦਿੱਤੇ। ਇਸ ਤੋਂ ਇਲਾਵਾ ਸੱਤ ਸੌ ਤੋ ਵੱਧ ਸਿੱਖ ਨੌਜਵਾਨ ਅਤੇ ਇਕ ਦਰਜਨ ਤੋਂ ਵੱਧ ਸਿੱਖ ਬੀਬੀਆਂ ਵੀ ਗ੍ਰਿਫ਼ਤਾਰ ਕੀਤੀਆਂ ਗਈਆਂ।

ਤਰਨਤਾਰਨ ਦੇ ਇਲਾਕੇ ਵਿਚ ਫ਼ੌਜ ਅਤੇ ਪੁਲੀਸ ਦਾ ਧਾਵਾ

29 ਮਈ 1987 ਨੂੰ ਹਜ਼ਾਰਾਂ ਦੀ ਤਾਦਾਦ 'ਚ ਫ਼ੌਜ ਤੇ ਪੁਲੀਸ ਨੇ 1400 ਕਿਲੋਮੀਟਰ 'ਚ ਕਰਫ਼ਿਊ ਲਾ ਕੇ, 340 ਪਿੰਡਾਂ ਨੂੰ ਘੇਰਾ ਪਾ ਕੇ, ਘਰੋ-ਘਰ ਤਲਾਸ਼ੀ ਲਈ ਪਰ ਰਬੈਰੋ ਨੂੰ ਉੱਥੋਂ ਕੁਝ ਵੀ ਹਾਸਿਲ ਨਾ ਹੋਇਆ। ਬਿਲਕੁਲ 'ਮੰਡ ਅਪਰੇਸ਼ਨ' (ਜੁਲਾਈ 1986) ਵਾਂਗ ਇਸ 'ਚ ਵੀ ਬੇਸ਼ਰਮੀ ਲੁਕਾਉਣ ਵਾਸਤੇ ਪੁਲੀਸ ਨੇ ਘਰਾਂ ਵਿਚੋਂ ਬੇਕਸੂਰ ਨੌਜਵਾਨ ਮੁੰਡੇ ਅਤੇ ਮਹਿਮਾਨਾਂ ਨੂੰ ਹਿਰਾਸਤ ਵਿਚ ਲੈ ਲਿਆ। ਪਹਿਲੋਂ ਜਲੰਧਰ ਸ਼ਹਿਰ ਦੇ ਮੁਹੱਲਿਆਂ ਹਰਨਾਮਦਾਸ ਪੁਰਾ, ਪ੍ਰੀਤਨਗਰ, ਅਮਨ ਨਗਰ, ਰਿਸ਼ੀਨਗਰ, ਸੰਤ ਨਗਰ, ਬਸ਼ੀਰ ਪੁਰਾ, ਗਾਜ਼ੀ ਗੁੱਲਾ, ਕਾਜ਼ੀ ਮੁਹੱਲਾ ਵਿਚ ਵੀ ਘਰ-ਘਰ ਦੀ ਤਲਾਸ਼ੀ ਲਈ ਸੀ ਪਰ ਕੁਝ ਵੀ ਹੱਥ ਨਹੀਂ ਆਇਆ ਸੀ। ਰਬੈਰੋ ਦੀਆਂ ਇਨ੍ਹਾਂ ਕਾਰਵਾਈਆਂ ਦਾ ਮਕਸਦ ਸਿੱਖਾਂ ਵਿਚ ਦਹਿਸ਼ਤ ਫੈਲਾਉਣਾ ਹੀ ਸੀ ਪਰ ਇਸ ਵਿਚ ਵੀ ਉਸ ਨੂੰ ਕਾਮਯਾਬੀ ਹਾਸਿਲ ਨਾ ਹੋ ਸਕੀ।

ਰਬੈਰੋ ਵੱਲੋਂ ਸਿੱਖਾਂ ਦਾ ਇਕ ਹੋਰ ਕਤਲੇਆਮ

ਉਂਵ ਤਾਂ ਰਬੈਰੋ ਸੁਰਜੀਤ ਬਰਨਾਲਾ ਦੇ ਹੁਕਮਾਂ ਹੇਠ ਪਹਿਲਾਂ ਵੀ ਸਿੱਖਾਂ ਦਾ ਸ਼ਿਕਾਰ ਕਰਦਾ ਰਿਹਾ ਸੀ ਪਰ ਹੁਣ ਉਸ ਨੇ ਆਪਣੇ-ਆਪ ਸਿੱਖਾਂ ਦੇ ਕਤਲ ਕਰਨੇ ਸ਼ੁਰੂ ਕਰ ਦਿੱਤੇ। ਉਸ ਨੇ ਪਹਿਲੀ ਜੂਨ ਨੂੰ ਫ਼ਿਰੋਜ਼ਪੁਰ ਵਿਚ ਇਕ ਸਿੱਖ ਨੂੰ ਕਤਲ ਕੀਤਾ। ਤਿੰਨ ਜੂਨ ਨੂੰ ਭਲਵਾਨ ਪਿੰਡ ਵਿਚ ਕਰਨੈਲ ਸਿੰਘ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਪੰਜ ਜੂਨ ਨੂੰ ਦਬੁਰਜੀ ਕੋਲ ਇਕ ਸਿੱਖ, ਛੇ ਜੂਨ ਨੂੰ ਮਜੀਠੇ ਕੋਲ ਇਕ ਸਿੱਖ, ਸੱਤ ਜੂਨ ਨੂੰ ਮਿੰਗਰ ਡਰੇਨ (ਜੰਡਿਆਲਾ) ਨੇੜੇ ਦੋ ਸਿੱਖ, ਨੌਂ ਜੂਨ ਨੂੰ ਕੱਥੂ ਨੰਗਲ ਕੋਲ ਇਕ, ਗਿਆਰ੍ਹਾਂ ਜੂਨ ਨੂੰ ਮੁਕੇਰੀਆਂ ਨੇੜੇ ਰਾਇਪੁਰ ਕੋਲ ਪਰਮਜੀਤ ਸਿੰਘ ਪੰਮਾ (ਆਦਮਪੁਰ), ਇਸੇ ਦਿਨ ਭਾਗੀਆਂ ਬਰਾਹਾਂ (ਕੋਲ) ਤਿੰਨ ਤੇ ਅੰਮ੍ਰਿਤਸਰ ਵਿਚ ਇਕ, ਇਸੇ ਦਿਨ ਕੁਲਦੀਪ ਸਿੰਘ ਬੈਂਸ (ਦਿਓਤਾ, ਹੁਸ਼ਿਆਰਪੁਰ); ਬਾਰਾਂ ਜੂਨ ਨੂੰ ਫਰੀਦਕੋਟ ਨੇੜੇ ਕਪੂਰਾ ਪਿੰਡ ਵਿਚ ਤਿੰਨ; 14 ਜੂਨ ਨੂੰ ਭੋਗਪੁਰ ਨੇੜੇ ਧਮੂਲੀ ਚ ਇਕ; 15 ਜੂਨ ਨੂੰ ਬਾਘਾ ਪੁਰਾਣਾ ਨੇੜੇ ਘੋਲੀਆਂ ਚੜਿਕ ਕੋਲ 2, ਇਸੇ ਦਿਨ ਜੰਡੇਕੀ ਸਰਹਾਲੀ (ਅੰਮ੍ਰਿਤਸਰ) ਵਿਚ 3, ਵੈਰੋਕੇ (ਬਾਘਾ ਪੁਰਾਣਾ) ਵਿਚ 2, ਗਿਦੜਬਾਹਾ, ਰੋਡੇ ਤੇ ਫਰੀਦਕੋਟ, ਤਿੰਨਾਂ ਜਗ੍ਹਾ ਦੋ-ਦੋ ਸਿੱਖ ਕਤਲ ਕੀਤੇ ਗਏ। ਇਨ੍ਹਾਂ ਵਿਚ ਗੁਰਦੇਵ ਸਿੰਘ ਸਤੀਆਵਾਲ ਵੀ ਸ਼ਾਮਿਲ ਸੀ। ਇੱਕੀ ਜੂਨ ਨੂੰ ਅਲਾਚੌਰ ਕੋਲ (ਨਵਾਂਸ਼ਹਿਰ ਗੜ੍ਹਸ਼ੰਕਰ ਸੜਕ 'ਤੇ) ਲਖਬੀਰ ਸਿੰਘ ਉਰਫ਼ ਸੰਤ ਸਿੰਘ (ਕਰਨਾਨਾ, ਬੰਗਾ) ਨੂੰ ਕਤਲ ਕੀਤਾ ਗਿਆ। ਚੌਵੀ ਜੂਨ ਨੂੰ ਗੋਬਿਦਪੁਰ (ਬੰਗਾ) ਕੋਲ 2 ਤੇ ਫਰੀਦਕੋਟ੭ ਵਿਚ ਇਕ ਸਿੱਖ ਮਾਰੇ ਗਏ। ਤੀਹ ਜੂਨ ਨੂੰ ਬਲਜੀਤ ਨਗਰ ਦਿੱਲੀ ਵਿਚ ਹੈੱਡ ਕਾਂਸਟੇਬਲ ਓਮ ਪ੍ਰਕਾਸ਼ ਨੇ ਗੁੱਸੇ ਵਿਚ ਆ ਕੇ ਬੇਵਜਹ ਇਕ ਸਿੱਖ ਪ੍ਰਿਥੀਪਾਲ ਸਿੰਘ ਨੂੰ ਗੋਲੀ ਮਾਰ ਦਿੱਤੀ ਅਤੇ ਆਖਿਆ 'ਤੁਸੀਂ ਸਿੱਖਾਂ ਨੇ ਸਾਰੇ ਮੁਲਕ 'ਚ ਗ਼ਦਰ ਮਚਾ ਰੱਖਿਆ ਹੈ।'

ਪੁਲੀਸ ਨੇ ਦਰਬਾਰ ਸਾਹਿਬ ਸੀਲ ਕੀਤਾ

ਇਨ੍ਹਾਂ ਦਿਨਾਂ ਵਿਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਗੁਰਜੀਤ ਸਿੰਘ (ਹਰੀਹਰ ਝੋਕ)

ਨੇ ਐਲਾਨ ਕੀਤਾ ਸੀ ਕਿ 6 ਜੂਨ 1987 ਦੇ ਦਿਨ ਦਰਬਾਰ ਸਾਹਿਬ 'ਚ ਘੱਲੂਘਾਰਾ ਦਿਨ ਮਨਾਇਆ ਜਾਏਗਾ। ਰਬੈਰੋ ਨੇ ਇਸ ਦਿਨ ਅੰਮ੍ਰਿਤਸਰ ਸਾਹਿਬ ਵਿਚ ਕਰਫ਼ਿਊ ਲਾ ਦਿੱਤਾ ਤੇ ਇਕ ਵੀ ਸਿੱਖ ਨੂੰ ਦਰਬਾਰ ਸਾਹਿਬ ਨਾ ਜਾਣ ਦਿੱਤਾ।

ਇਸ ਦੇ ਜਵਾਬ ਵਿਚ ਫ਼ੈਡਰੇਸ਼ਨ ਨੇ ਆਪਣਾ ਸਮਾਗਮ 25 ਜੂਨ ਨੂੰ ਫੇਰ ਰੱਖ ਦਿਤਾ। ਇਸ ਦਿਨ ਪੁਲੀਸ ਨੇ ਦਰਬਾਰ ਸਾਹਿਬ ਤੇ ਦੋਬਾਰਾ ਹਮਲਾ ਕੀਤਾ। ਸਾਰੇ ਪਾਸੇ ਪੁਲੀਸ ਹੀ ਪੁਲੀਸ ਸੀ। ਇਸ ਕਰ ਕੇ ਫ਼ੈਡਰੇਸ਼ਨ ਦਾ ਸਮਾਗਮ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਦਰਬਾਰ ਸਾਹਿਬ 'ਤੇ ਹਮਲੇ ਵਿਚ ਪੁਲੀਸ ਨੇ 400 ਸਿੱਖ ਹਿਰਾਸਤ ਵਿਚ ਲਏ। *(ਅਠਾਰਾਂ ਜੁਲਾਈ ਨੂੰ ਦਰਬਾਰ ਸਾਹਿਬ ਤੇ ਫੇਰ ਹਮਲਾ ਕੀਤਾ ਗਿਆ ਤੇ 50 ਸਿੱਖ ਗ੍ਰਿਫ਼ਤਾਰ ਕੀਤੇ ਗਏ)।*

ਜੂਨ ਵਿਚ ਦਰਬਾਰ ਸਾਹਿਬ ਵਿਚ ਲੱਗੇ ਇਸ਼ਤਿਹਾਰ ਵਿਚ ਪੰਥਕ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਦੀ ਮੁਹਰ ਦਾ ਇਸਤੇਮਾਲ ਕੀਤੇ ਜਾਣ ਤੇ ਪ੍ਰੋ: ਦਰਸ਼ਨ ਸਿੰਘ ਨੇ ਨਰਮ-ਜਿਹਾ ਇਤਰਾਜ਼ ਕੀਤਾ। ਬਾਕੀ ਗੁੰਥੀਆਂ ਨੇ ਵੀ ਦਰਸ਼ਨ ਸਿੰਘ ਦੀ ਹਿਮਾਇਤ ਕੀਤੀ। ਚੌਵੀ ਜੂਨ ਨੂੰ ਭਾਈ ਗੁਰਜੀਤ ਸਿੰਘ ਨੇ ਇਸ ਮਸਲੇ ਵਿਚ ਪੰਥਕ ਕਮੇਟੀ ਦੇ ਹੱਕ ਵਿਚ ਬਿਆਨ ਦੇ ਦਿਤਾ। ਇੰਵ ਖਾੜਕੂ ਗਰੁਪ ਦੋ ਹਿੱਸਿਆਂ ਵਿਚ ਵੰਡੇ ਗਏ।

ਜੂਨ 1987 ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਪਹਿਲੀ ਜੂਨ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਐਕਟਿੰਗ ਮੁਖ ਸੇਵਾਦਾਰ ਗੁਰਦੇਵ ਸਿੰਘ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ, ਅਤੇ ਨਾਲ ਹੀ ਕਾਉਂਕੇ ਪਿੰਡ ਦੀਆਂ ਦੋ ਹੋਰ ਬੀਬੀਆਂ ਰਣਜੀਤ ਕੌਰ ਅਤੇ ਅਮਰਜੀਤ ਕੌਰ ਵੀ ਗ੍ਰਿਫ਼ਤਾਰ ਕੀਤੀਆਂ ਗਈਆਂ। ਸਮਰਾਲੇ ਦੇ ਕਾਂਗਰਸੀ ਐਮ.ਐਲ.ਏ. ਅਮਰਜੀਤ ਦੇ ਕਤਲ ਕੇਸ ਵਿਚ ਜਸਵੰਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੋ ਜੂਨ ਨੂੰ ਬਠਿੰਡਾ ਵਿਚ ਕਰਮਜੀਤ ਸਿੰਘ, ਲਾਲ ਸਿੰਘ ਉਰਫ਼ ਲਾਲੂ (ਅਕਾਲੀਆਂ ਪਿੰਡ) ਹਰਬੰਸ ਸਿੰਘ (ਤਲਵੰਡੀ ਸਾਬੋ), ਚਾਂਦ ਸਿੰਘ (ਰਾਏਪੁਰ), ਲਹਿਰਾਗਾਗਾ (ਸੁਨਾਮ) ਵਿਚ ਜਗਦੇਵ ਸਿੰਘ (ਜਲਾਲ), ਕਰਮ ਸਿੰਘ ਜਾਗਾ ਉਰਫ਼ ਭੋਲਾ ਤੇ ਭੀਮਇੰਦਰ ਸਿੰਘ (ਲੌਂਗੋਵਾਲ) ਗ੍ਰਿਫ਼ਤਾਰ ਕੀਤੇ ਗਏ। ਤਿੰਨ ਜੂਨ ਨੂੰ ਗੁਰਦਾਸਪੁਰ ਵਿਚ ਤਰਸੇਮ ਸਿੰਘ, ਬਚਿੱਤਰ ਸਿੰਘ, ਜਸਵਿੰਦਰ ਸਿੰਘ, ਸੁਖਦੇਵ ਸਿੰਘ, ਗੁਰਵਿੰਦਰ ਸਿੰਘ, ਜੁਗਿੰਦਰ ਸਿੰਘ, ਫਰੀਦਕੋਟ ਵਿਚ ਬਲਬੀਰ ਸਿੰਘ, ਸਰਦਾਰ ਅਜੈਬ ਸਿੰਘ ਤੇ ਬੀਰ ਸਿੰਘ, ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਗੁਰਦੁਆਰਾ ਦੁੱਖ ਨਿਵਾਰਣ (ਪਟਿਆਲਾ) 'ਤੇ ਹਮਲਾ ਕਰ ਕੇ 20 ਸਿੱਖ ਗ੍ਰਿਫ਼ਤਾਰ ਕੀਤੇ ਗਏ

4 ਜੂਨ ਨੂੰ ਹੁਸ਼ਿਆਰਪੁਰ 'ਚ ਮੁਕਾਬਲੇ ਦੇ ਨਾਂ 'ਤੇ ਸਤਨਾਮ ਸਿੰਘ ਉਰਫ਼ ਬਾਈ ਲੱਖਾ (ਅਟਲਗੜ) ਤੇ ਕਰਮ ਸਿੰਘ (ਧਨੋਆ) ਗ੍ਰਿਫ਼ਤਾਰ ਕੀਤੇ ਗਏ। ਪੰਜ ਜੂਨ ਨੂੰ ਧਿਆਨਜੀਤ ਸਿੰਘ (ਮਹਿਤਪੁਰ, ਨਕੋਦਰ) ਨੂੰ 2 ਕਤਲਾਂ 'ਚ ਫੜਿਆ ਗਿਆ। ਸੱਤ ਜੂਨ ਨੂੰ ਅਮਰਜੀਤ ਸਿੰਘ (ਐਗਜ਼ੈਕਟਿਵ ਇੰਜਨੀਅਰ ਥੀਨ ਡੈਮ) ਅਤੇ ਆਈ.ਟੀ.ਆਈ. ਦੇ ਪ੍ਰਿੰਸੀਪਲ ਦਰਸ਼ਨ ਸਿੰਘ 'ਤੇ ਪਨਾਹ ਦੇਣ ਦਾ ਕੇਸ ਪਾ ਦਿੱਤਾ ਗਿਆ। ਫਰੀਦਕੋਟ ਵਿਚ 7 ਜੂਨ ਨੂੰ ਗੁਰਜੰਟ ਸਿੰਘ, ਲਾਲ ਸਿੰਘ, ਮੁਕੰਦ ਸਿੰਘ, ਹਰੀ ਸਿੰਘ, ਗੁਰਬਖ਼ਸ਼ ਸਿੰਘ ਨੂੰ ਬਟਾਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਲਖਬੀਰ ਸਿੰਘ (ਕੋਟਲੀ ਸੂਰਤ ਮਲ੍ਹੀ), ਬਲਬੀਰ ਸਿੰਘ ਠੇਠਰਕੇ ਫਤਹਿਗੜ੍ਹ ਚੂੜੀਆਂ ਵਿਚ,

ਬਲਬੀਰ ਸਿੰਘ (ਲੱਲੇ) ਤੇ ਜੋਗਿੰਦਰ ਸਿੰਘ (ਝੰਗੀਆਂ) ਗ੍ਰਿਫ਼ਤਾਰ ਕੀਤੇ ਗਏ।

8 ਜੂਨ ਨੂੰ ਸਤਨਾਮ ਸਿੰਘ (ਅਕਾਲਵਾਲੀ ਗਲੀ, ਨੇੜੇ ਦਰਬਾਰ ਸਾਹਿਬ) ਨੂੰ ਬੰਬਾਂ ਦਾ ਕਾਰਖਾਨਾ ਚਲਾਉਣ ਦੇ ਨਾਂ ’ਤੇ ਗ੍ਰਿਫ਼ਤਾਰ ਕੀਤਾ ਗਿਆ। ਇਸੇ ਦਿਨ ਜੰਡਿਆਲਾ ਵਿਚ ਕੁਲਬੀਰ ਸਿੰਘ, ਲਖਬੀਰ ਸਿੰਘ, ਤਰਲੋਕ ਸਿੰਘ, ਹਰਭਜਨ ਸਿੰਘ ਫੜੇ ਗਏ। ਇਸੇ ਦਿਨ ਸੁਖਦੇਵ ਸਿੰਘ, ਇੰਦਰਜੀਤ ਸਿੰਘ, ਜਗਤਾਰ ਸਿੰਘ ਨੂੰ ਵੀ ਕਤਲਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ। ਨੌਂ ਜੂਨ ਨੂੰ ਤਖ਼ਤੂ ਚਕ (ਤਰਨਤਾਰਨ) ਵਿਚ ਮੰਗਲ ਸਿੰਘ ਪਨਾਹ ਦੇ ਨਾਂ ’ਤੇ, ਘਰਿੰਡਾ ਪੁਲੀਸ ਨੇ ਵੀਰ ਸਿੰਘ, ਪੂਰਨ ਸਿੰਘ, ਅਜੀਤ ਸਿੰਘ, ਅਮਰੀਕ ਸਿੰਘ, ਹਥਿਆਰ ਸਪਲਾਈ ਕਰਨ ਦੇ ਨਾਂ ’ਤੇ; ਬਾਲਕ ਸਿੰਘ, ਪਰਗਟ ਸਿੰਘ, ਸਾਧਾ ਸਿੰਘ, ਆਗਿਆਪਾਲ ਸਿੰਘ, ਵੀਰ ਸਿੰਘ, ਅਮਰੀਕ ਸਿੰਘ ਅਤੇ 30 ਹੋਰ ਸਿੱਖ ਗ੍ਰਿਫ਼ਤਾਰ ਕੀਤੇ। ਦਸ ਜੂਨ ਨੂੰ ਫਰੀਦਕੋਟ ਜ਼ਿਲ੍ਹੇ ਵਿਚ ਸੁਖਮਿੰਦਰ ਸਿੰਘ, ਨਛੱਤਰ ਸਿੰਘ, ਬਖ਼ਸ਼ੀਸ਼ ਸਿੰਘ (ਰੁਮਾਣਾ), ਤੇਜਾ ਸਿੰਘ (ਬਾਘਾ ਪੁਰਾਣਾ), ਮਸਤਾਨ ਸਿੰਘ (ਬੱਧਣੀ ਕਲਾਂ), ਸੁਖਦੇਵ ਸਿੰਘ, (ਰਾਸੂਵਾਲਾ ਜਲਾਲ) ਤੇ ਅੰਮ੍ਰਿਤਸਰ ਵਿਚ ਚੱਕ ਜਲਾਲ ਤੋਂ ਬਲਦੇਵ ਸਿੰਘ ਗ੍ਰਿਫ਼ਤਾਰ ਕੀਤੇ ਗਏ।

ਦੋ ਜੂਨ ਨੂੰ ਖਾੜਕੂਆਂ ਨੇ ਸੈਂਕੜੇ ਸਿੱਖ ਨੌਜਵਾਨਾਂ ਨੂੰ ਤਸੀਹੇ ਦੇ ਕੇ ਕਤਲ ਕਰਨ ਵਾਲੇ ਪੁਲਸੀਏ ਸਵਰਨ ਘੋਟਨੇ ਨੂੰ ਉਡਾਉਣ ਵਾਸਤੇ ਉਸ ਦੇ ਦਫ਼ਤਰ (ਜਲੰਧਰ ਦੇ ਫ਼ਰੈਂਡਜ਼ ਸਿਨਮੇ ਕੋਲ) ਇਕ ਬੰਬ ਲਿਆਂਦਾ ਜੋ ਐਕਸ਼ਨ ਤੋਂ ਪਹਿਲਾਂ ਹੀ ਫਟ ਗਿਆ। ਇਸ ਐਕਸ਼ਨ ਵਿਚ ਬਬਰ ਖਾਲਸਾ ਦਾ ਅਜਮੇਰ ਸਿੰਘ (ਜਮਸ਼ੇਰ) ਮਾਰਿਆ ਗਿਆ। ਬੰਬ ਧਮਾਕੇ ਨਾਲ 4 ਬੰਦੇ ਮਰੇ ਤੇ 31 ਜ਼ਖ਼ਮੀ ਹੋਏ ਸਨ। ਧਮਾਕੇ ਤੋਂ ਬਾਅਦ ਪੁਲੀਸ ਨੇ ਅਵਤਾਰ ਨਗਰ ਤੇ ਨਿਊ ਸਰਾਜ ਗੰਜ ਵਗੈਰਾ ਇਲਾਕਿਆਂ ਦੀ ਤਲਾਸ਼ੀ ਲਈ ਅਤੇ ਸਿੱਖਾਂ ਨੂੰ ਨਾਜਾਇਜ਼ ਤੰਗ ਕੀਤਾ। ਇਸ ਧਮਾਕੇ ਦੇ ਦੋਸ਼ ਹੇਠ ਤੀਰਥ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਤੇ ਇਸ ਤੋਂ ਬਾਅਦ 8 ਹੋਰ ਸਿੱਖ ਫੜੇ ਗਏ। ਪੁਲੀਸ ਨੇ ਅਣੋਖ ਸਿੰਘ (ਵੈਰੋਵਾਲ), ਬਹਾਦਰ ਸਿੰਘ (ਫੈਸਲਾਬਾਦ) ਤੇ ਰਜਿੰਦਰਪਾਲ ਸਿੰਘ ਦਾ ਵੀ ਪਤਾ ਲਾ ਲਿਆ। ਉਨ੍ਹਾਂ ਦੀ ਗ੍ਰਿਫ਼ਤਾਰੀ ਵਾਸਤੇ ਚੰਡੀਗੜ੍ਹ ਦੇ 44 ਸੈਕਟਰ ਦੇ ਮਕਾਨ ਨੰਬਰ 3205 ’ਤੇ ਛਾਪਾ ਮਾਰਿਆ। ਪੁਲੀਸ ਨੂੰ ਇਤਲਾਹ ਸੀ ਕਿ ਉੱਥੇ ਬਹਾਦਰ ਸਿੰਘ, ਰਣਜੀਤ ਸਿੰਘ (ਬੰਗਾ) ਤੇ ਸੁਰਿੰਦਰਪਾਲ ਸਿੰਘ ਜਿਮੀ (ਪੁੱਤਰ ਕਰਤਾਰ ਸਿੰਘ ਨਾਰੰਗ) ਬੈਠੇ ਸਨ। ਜਲੰਧਰ ਤੋਂ ਇੰਸਪੈਕਟਰ ਹਰਜੀਤ ਸਿੰਘ (ਜੋ ਗੱਬਰ ਸਿੰਘ ਦੇ ਨਾਂ ਨਾਲ ਮਸ਼ਹੂਰ ਸੀ) ਨੇ ਛਾਪਾ ਮਾਰਿਆ ਤੇ ਸਿੱਖਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। ਇਹ ਘਟਨਾ 10 ਜੂਨ 1987 ਦੀ ਹੈ। ਬਾਅਦ ਵਿਚ ਪੁਲੀਸ ਨੇ ਉਸ ਮਾਲਕ ਮਕਾਨ ਨੂੰ ਵੀ ਹਿਰਾਸਤ ਵਿਚ ਲੈ ਲਿਆ।

ਅਮਰੀਕਨ ਕਾਂਗਰਸ ’ਚ ਖਾਲਿਸਤਾਨ ਦੀ ਹਿਮਾਇਤ

4 ਜੂਨ ਨੂੰ ਅਮਰੀਕਨ ਕਾਂਗਰਸ (ਪਾਰਲੀਮੈਂਟ) ਵਿਚ ਪੰਜਾਬ ਅਤੇ ਸਿੱਖ ਮਸਲੇ ਬਾਰੇ ਚਰਚਾ ਹੋਈ। ਇਸ ਮੌਕੇ ’ਤੇ ਬੋਲਦਿਆਂ ਮਿਸਟਰ ਸ਼ਮਵੇਅ ਨੇ ਅਮਰੀਕਨ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖਾਂ ਤੇ ਜ਼ੁਲਮ ਕਰ ਰਹੇ ਭਾਰਤ ਨਾਲ ‘ਉੱਚੀ ਤਕਨੀਕੀ ਖੋਜ ਦਾ ਸਮਝੌਤਾ’ ਰੱਦ ਕੀਤਾ ਜਾਵੇ। ਇਹ ਚਰਚਾ ਕਰਵਾਉਣ ਅਤੇ ਸਿੱਖਾਂ ਵਾਸਤੇ ਅਮਰੀਕਨ ਆਗੂਆਂ ਦੀ ਹਿਮਾਇਤ ਲੈਣ ਦਾ ਸਿਹਰਾ ਡਾਕਟਰ ਗੁਰਮੀਤ ਸਿੰਘ ਔਲਖ ਦੇ ਸਿਰ ਸੀ।

ਪੁਲੀਸ ਵੱਲੋਂ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

ਖਾੜਕੂਆਂ 'ਤੇ ਦਬਾਅ ਪਾਉਣ ਵਾਸਤੇ ਪੁਲੀਸ ਨੇ ਖਾੜਕੂਆਂ ਦੇ ਰਿਸ਼ਤੇਦਾਰਾਂ ਅਤੇ ਬੇਗੁਨਾਹ ਸਿੱਖਾਂ ਨੂੰ ਗ੍ਰਿਫ਼ਤਾਰ ਕਰਨਾ ਜਾਰੀ ਰੱਖਿਆ। 11 ਜੂਨ ਨੂੰ ਵਲਟੋਹੇ ਕੋਲ ਬਚਿੱਤਰ ਸਿੰਘ, ਸਤਪਾਲ ਸਿੰਘ, ਬਿੱਕਰ ਸਿੰਘ ਤੇ ਜੋਗਿੰਦਰ ਸਿੰਘ; ਬਰਨਾਲੇ ਕੋਲ ਗੁਰਦੇਵ ਸਿੰਘ (ਖੇੜਾ ਦੋਨਾ ਕਪੂਰਥਲਾ), ਸੁਖਦੇਵ ਸਿੰਘ (ਹਰਦਾਸਾ, ਨੇੜੇ ਜ਼ੀਰਾ), ਮਲੇਰਕੋਟਲੇ ਕੋਲ ਗੁਰਦੀਪ ਸਿੰਘ (ਰੂੜੇਵਾਲਾ, ਹਰੀਕੇ), ਦਸੂਹੇ ਵਿਚ ਹਰਮਿੰਦਰ ਸਿੰਘ, ਪ੍ਰਤਾਪ ਸਿੰਘ, ਦਲੇਰ ਸਿੰਘ ਤੇ ਗੁਰਮੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਬਾਰਾਂ ਜੂਨ ਨੂੰ ਜਲੰਧਰ ਦੇ ਦੋ ਜੂਨ ਵਾਲੇ ਬੱਸ ਧਮਾਕੇ ਵਿਚ ਡਾਕਟਰ ਮਨਜੀਤ ਸਿੰਘ (ਲੁਧਿਆਣਾ), ਸੁਰਿੰਦਰ ਸਿੰਘ (ਜੋਧਾਂ ਬਸਤੀ ਲੁਧਿਆਣਾ), ਗੁਰਤੇਜ ਸਿੰਘ (ਸੁਭਾਸ਼ ਨਗਰ ਲੁਧਿਆਣਾ) ਅਤੇ ਗੁਣਾਚੌਰ ਦੇ ਮੱਖਣ ਸਿੰਘ, ਗੁਰਨਾਮ ਸਿੰਘ, ਰਣਜੀਤ ਸਿੰਘ, ਸੱਜਣ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। (ਇਸ ਧਮਾਕੇ ਵਿਚ ਇਕ ਸਿੱਖ ਅਜਮੇਰ ਸਿੰਘ ਜਮਸ਼ੇਰ ਮਾਰਿਆ ਵੀ ਗਿਆ ਸੀ)। ਇਸੇ ਕੇਸ ਵਿਚ ਪੁਲੀਸ ਨੇ ਹੋਰ ਵੀ ਕਈ ਸਿੱਖ ਨਾਮਜ਼ਦ ਕੀਤੇ ਸਨ: ਗੁਲਜ਼ਾਰ ਸਿੰਘ (ਲੁਧਿਆਣਾ), ਬਹਾਦਰ ਸਿੰਘ (ਕਪੂਰਥਲਾ), ਅਨੋਖ ਸਿੰਘ (ਅੰਮ੍ਰਿਤਸਰ), ਸੁਖਦੇਵ ਸਿੰਘ (ਜਲੰਧਰ), ਮਨਜੀਤ ਸਿੰਘ (ਹੇਲਰਾਂ), ਵਧਾਵਾ ਸਿੰਘ, ਬਲਜੀਤ ਸਿੰਘ (ਦਕੋਹਾ), ਰਘਬੀਰ ਸਿੰਘ (ਕਪੂਰਥਲਾ), ਚਰਨਜੀਤ ਸਿੰਘ (ਨਾਜਕੇ), ਮੋਹਨੀ (ਜਲੰਧਰ), ਮਿੰਟੂ (ਜਲੰਧਰ)।

13 ਜੂਨ ਨੂੰ ਅੰਮ੍ਰਿਤਸਰ ਵਿਚ ਰੇਸ਼ਮ ਸਿੰਘ, ਦਿਲਬਾਗ ਸਿੰਘ, ਜਸਮੇਰ ਸਿੰਘ ਤੇ ਬ੍ਰਹਮਪਾਲ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਮਿਲਖਾ ਸਿੰਘ, ਦਲਜਿੰਦਰ ਸਿੰਘ, ਸਤਨਾਮ ਸਿੰਘ ਵੀ ਗ੍ਰਿਫ਼ਤਾਰ ਕੀਤੇ ਗਏ। ਤਰਨਤਾਰਨ ਪੁਲੀਸ ਨੇ ਦਿਲਬਾਗ ਸਿੰਘ, ਅੰਗਰੇਜ਼ ਸਿੰਘ, ਬਲਦੇਵ ਸਿੰਘ, ਬਲਵਿੰਦਰ ਸਿੰਘ ਰਜਿੰਦਰ ਸਿੰਘ, ਅਜੀਤ ਸਿੰਘ ਲੋਪੋਕੇ, ਜਰਨੈਲ ਸਿੰਘ, ਬਲਦੇਵ ਸਿੰਘ, ਕੁਲਬੀਰ ਸਿੰਘ, ਪਰਗਟ ਸਿੰਘ ਗ੍ਰਿਫ਼ਤਾਰ ਕੀਤੇ। ਚੌਦਾਂ ਜੂਨ ਨੂੰ ਫਰੀਦਕੋਟ 'ਚ ਮੇਜਰ ਸਿੰਘ, ਮਹਿੰਦਰ ਸਿੰਘ, ਅਜਮੇਰ ਸਿੰਘ, ਭੂਪਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਮਲੋਟ ਵਿਚ ਡਾਕਟਰ ਨੱਥਾ ਸਿੰਘ ਤੇ ਰਣਜੀਤ ਸਿੰਘ ਵੀ ਹਿਰਾਸਤ 'ਚ ਲਏ ਗਏ। ਪੰਦਰਾਂ ਜੂਨ ਨੂੰ ਗੁਰਦਾਸਪੁਰ 'ਚ ਮਨਜੀਤ ਸਿੰਘ, ਰਣਜੀਤ ਸਿੰਘ, ਜਤਿੰਦਰ ਸਿੰਘ, ਸੁਰਜੀਤ ਸਿੰਘ ਤੇ ਲਖਵਿੰਦਰ ਸਿੰਘ, ਲਖਵਿੰਦਰ ਸਿੰਘ, ਪਰਗਟ ਸਿੰਘ (ਭਿੱਖੀ ਵਿੰਡ), ਨਰਿੰਜਨ ਸਿੰਘ (ਬਾਸਰਕੇ) ਤੇ ਬਲਵਿੰਦਰ ਸਿੰਘ (ਖਾਲੜਾ) ਗ੍ਰਿਫ਼ਤਾਰ ਕੀਤੇ ਗਏ। ਸੋਲ੍ਹਾਂ ਜੂਨ ਨੂੰ ਰਜਿੰਦਰ ਸਿੰਘ (ਫਰੀਦਕੋਟ), ਸੁਖਚਰਨ ਸਿੰਘ (ਬਾਜਕ) ਨੂੰ ਬਠਿੰਡਾ ਪੁਲੀਸ ਨੇ 7 ਕਤਲਾਂ 'ਚ ਫੜਿਆ। ਕਲਾਨੌਰ ਕੋਲ ਰਣਜੀਤ ਸਿੰਘ ਸਹੂਰ, ਮਨਜੀਤ ਸਿੰਘ, ਸੁਰਜੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ।

17 ਜੂਨ ਨੂੰ ਹੁਸ਼ਿਆਰਪੁਰ ਵਿਚ ਗੁਰਮੀਤ ਸਿੰਘ ਤੇ ਮਹਿੰਦਰ ਸਿੰਘ; ਜਲਾਲਬਾਦ (ਧਰਮਕੋਟ) ਤੋਂ ਸਤਨਾਮ ਸਿੰਘ ਤੇ ਚਮਕੌਰ ਸਿੰਘ ਜੀਰੇ ਕੋਲ; ਚੰਨਣ ਸਿੰਘ ਸੁਖਾ (ਕੁਲ ਪੁਖ਼ਤਾ), ਜੋਗਿੰਦਰ ਸਿੰਘ (ਹਰਖੋਵਾਲ) ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਘੁਮਾਣ ਦੇ ਗੁਰਬਚਨ ਸਿੰਘ, ਉਸ ਦੀ ਪਤਨੀ ਬੀਬੀ ਗੁਰਦੀਪ ਕੌਰ ਅਤੇ ਬੇਟੀ ਬੀਬੀ ਦਲਜੀਤ ਕੌਰ ਵੀ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਤਰਸੇਮ ਸਿੰਘ, ਲਖਵਿੰਦਰ ਸਿੰਘ, ਮੁਖ਼ਤਿਆਰ ਸਿੰਘ, ਜੋਗਿੰਦਰ ਸਿੰਘ ਵੀ ਗ੍ਰਿਫ਼ਤਾਰ ਕੀਤੇ ਗਏ। ਉੱਨੀ ਜੂਨ ਨੂੰ ਫਗਵਾੜੇ 'ਚ ਗੁਰਦੇਵ ਸਿੰਘ, ਅਮਰੀਕ ਸਿੰਘ (ਰਸੂਲਪੁਰ), ਇੰਜਨੀਅਰਿੰਗ ਸਟੂਡੈਂਟ ਜਸਦੀਪ ਸਿੰਘ, ਧੂਰੀ ਤੋਂ ਦਵਿੰਦਰ ਸਿੰਘ ਵੀ ਗ੍ਰਿਫ਼ਤਾਰ ਕੀਤੇ ਗਏ।

20 ਜੂਨ ਨੂੰ ਜਲੰਧਰ ਵਿਚ ਮਲਕੀਅਤ ਸਿੰਘ (ਰੁੜਕਾ ਖੁਰਦ), ਗੁਰਦੇਵ ਸਿੰਘ (ਕਰਨਾਨਾ), ਅਮਰੀਕ ਸਿੰਘ (ਰਸੂਲਪੁਰ) ਗ੍ਰਿਫ਼ਤਾਰ ਕੀਤੇ ਗਏ। ਬਟਾਲੇ ਕੋਲ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਬਲਰਾਜ ਸਿੰਘ ਉਰਫ਼ ਬਿੱਲਾ, ਜਗਦੀਸ਼ ਸਿੰਘ ਉਰਫ਼ ਬਿੱਟੂ, ਹਰਜੀਤ ਸਿੰਘ, ਕੁਲਵੰਤ ਸਿੰਘ, ਹਰਬੰਸ ਸਿੰਘ ਫੜੇ ਗਏ। ਸੰਗਰੂਰ ਤੋਂ ਬਲਦੇਵ ਸਿੰਘ (ਵਲਟੋਹਾ), ਮਨਿੰਦਰਪਾਲ ਸਿੰਘ, ਪਰਕਾਸ਼ ਸਿੰਘ, ਬਲਦੇਵ ਸਿੰਘ, ਗੁਰਮੁਖ ਸਿੰਘ, ਮੋਗਾ ਵਿਚ ਗੁਰਜੀਤ ਸਿੰਘ, ਗੁਰਜੰਟ ਸਿੰਘ, ਸੁਖਮੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇੱਕੀ ਜੂਨ ਨੂੰ ਬਟਾਲੇ ਵਿਚ ਰਾਮ ਸਿੰਘ (ਬੁਲਪੁਰੀਆ), ਮੁਖਤਿਆਰ ਸਿੰਘ, ਫ਼ੀਰੋਜ਼ਪੁਰ ਵਿਚ ਗੁਰਮੀਤ ਸਿੰਘ (ਲੱਲੇ), ਫਰੀਦਕੋਟ ਵਿਚ ਹਰਦੇਵ ਸਿੰਘ ਤੇ ਅਮਰ ਸਿੰਘ (ਬਾਨਾ ਵਾਲਾ), ਬਾਘਾਪੁਰਾਨਾ ਵਿਚ ਸਾਧੂ ਸਿੰਘ (ਕੋਹਾਡ ਵਾਲਾ), ਜਸਪਾਲ ਸਿੰਘ (ਗੋਨਿਆਣਾ), ਲੰਬੀ ਵਿਚ ਸਵਰਨ ਸਿੰਘ, ਠਾਕਰ ਸਿੰਘ, ਹੁਸ਼ਿਆਰਪੁਰ ਵਿਚ ਗੁਰਇਕਬਾਲ ਸਿੰਘ, ਅਮਰਜੀਤ ਸਿੰਘ, ਭੂਪਿੰਦਰ ਸਿੰਘ, ਕੁਲਦੀਪ ਸਿੰਘ ਤੇ ਕੁਲਦੀਪ ਸਿੰਘ (ਦੂਜਾ) ਫੜੇ ਗਏ। 22 ਜੂਨ ਨੂੰ ਅੰਮ੍ਰਿਤਸਰ ਵਿਚ ਉਮਰਾਓ ਸਿੰਘ ਫੜਿਆ ਗਿਆ।

23 ਜੂਨ ਨੂੰ ਫਗਵਾੜੇ ਵਿਚ ਸਿਕੰਦਰ ਸਿੰਘ, ਗੁਰਬਖ਼ਸ਼ ਸਿੰਘ ਸੇਠੀ, ਸੁਰਜੀਤ ਸਿੰਘ ਠੇਕੇਦਾਰ ਗ੍ਰਿਫ਼ਤਾਰ ਕੀਤੇ ਗਏ। ਪੰਝੀ ਜੂਨ ਨੂੰ ਗੁਰਦਾਸਪੁਰ ਵਿਚ ਅਗਿਆਨਾ ਸਿੰਘ, ਤਰਸੇਮ ਸਿੰਘ ਸੇਮਾ, ਸੁਲੱਖਣ ਸਿੰਘ, ਫਿਲੌਰ ਵਿਚ ਜਸਬੀਰ ਸਿੰਘ, ਸਰਬਜੀਤ ਸਿੰਘ, ਪਟਿਆਲੇ ਵਿਚ ਗੁਰਮੇਲ ਸਿੰਘ ਪੱਪੂ, ਸੁਖਵਿੰਦਰ ਸਿੰਘ ਛਿੰਦਾ ਤੇ ਕਰਨੈਲ ਸਿੰਘ ਫੜੇ ਗਏ।

ਅਠਾਈ ਜੂਨ ਨੂੰ ਨਕੋਦਰ ਵਿਚ ਸੁਖਬੀਰ ਸਿੰਘ ਸੁੱਖਾ (ਸ਼ਾਹਕੋਟ), ਚੰਨਣ ਸਿੰਘ (ਬਾਬਾ ਬਕਾਲਾ) ਫੜੇ ਗਏ। ਉਨੱਤੀ ਜੂਨ ਨੂੰ ਦਿੱਲੀ ਗੋਲੀ ਕਾਂਡ 'ਚ ਪਰਮਜੀਤ ਸਿੰਘ (ਸਾਬਕ ਵਜ਼ੀਰ ਪੰਜਾਬ ਬਲਵੰਤ ਸਿੰਘ ਦੇ ਪੀ.ਏ. ਦਾ ਪੁੱਤਰ) ਗ੍ਰਿਫ਼ਤਾਰ ਕੀਤਾ ਗਿਆ। ਰਈਆ ਵਿਚ ਕੁਲਵਿੰਦਰ ਸਿੰਘ ਉਰਫ਼ ਮਿਠੂ (ਜਕੂਪੁਰ ਖੇੜਾ) ਗ੍ਰਿਫ਼ਤਾਰ ਕੀਤਾ ਗਿਆ। ਇਨ੍ਹੀਂ ਦਿਨੀਂ ਹੀ ਆਦਮਪੁਰ (ਜਲੰਧਰ) ਨੇੜੇ ਸਤਨਾਮ ਸਿੰਘ, ਜਗਤਾਰ ਸਿੰਘ ਤੇ ਜੰਡੂ ਸਿੰਘਾ ਕੋਲ ਰਾਜਬੀਰ ਸਿੰਘ ਨੂੰ ਪੰਜਾਬ ਨੈਸ਼ਨਲ ਬੈਂਕ ਲੁਧਿਆਣਾ ਦੇ ਡਾਕੇ ਦੇ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ।

●

ਖਾੜਕੂਆਂ ਦੇ ਐਕਸ਼ਨ

ਸੀ.ਆਰ.ਪੀ.ਐਫ਼. 'ਤੇ ਹਮਲੇ:

ਖਾੜਕੂਆਂ ਨੇ 3 ਜੂਨ ਨੂੰ ਜੰਡਿਆਲਾ ਗੁਰੂ ਨੇੜੇ ਜੋਧਾ ਪਿੰਡ ਵਿਚ ਸੀ.ਆਰ.ਪੀ.ਐਫ਼. 'ਤੇ ਹਮਲਾ ਕਰ ਕੇ ਤਿੰਨ ਫ਼ੌਜੀ ਮਾਰ ਦਿੱਤੇ। (ਸੀ.ਆਰ.ਪੀ.ਐਫ਼. 'ਤੇ ਖਾੜਕੂਆਂ ਦਾ ਇਹ ਚੌਥਾ ਹਮਲਾ ਸੀ। ਇਹ ਹਮਲੇ ਪਹਿਲਾਂ 19 ਨਵੰਬਰ 1986 ਨੂੰ ਤਰਨਤਾਰਨ ਕੋਲ, 4 ਤੇ 10 ਜਨਵਰੀ 1987 ਨੂੰ ਝਬਾਲ ਕੋਲ ਵੀ ਕੀਤੇ ਗਏ ਸਨ)। ਜਦੋਂ ਖਾੜਕੂ ਆਪਣਾ ਐਕਸ਼ਨ ਕਰ ਕੇ ਚਲੇ ਗਏ ਤਾਂ ਸੀ.ਆਰ.ਪੀ.ਐਫ਼. ਨੇ ਪਿੰਡ ਵਾਲਿਆਂ 'ਤੇ ਭਾਰੀ ਤਸ਼ੱਦਦ ਕੀਤਾ। ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਸੁਰਜੀਤ ਸਿੰਘ ਦੇ ਘਰ ਦਾ ਦਰਵਾਜ਼ਾ ਭੰਨ ਕੇ ਉਸ ਦੀ ਪਤਨੀ ਬੀਬੀ ਗੁਰਦੀਪ ਕੌਰ ਅਤੇ ਨੂੰਹ ਬੀਬੀ ਬਲਬੀਰ ਕੌਰ ਨੂੰ ਬੇਤਹਾਸ਼ਾ ਕੁੱਟਿਆ ਗਿਆ। ਦੋਹਾਂ ਨੂੰ ਨਾਜ਼ਕ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ। ਇਸ ਦੇ ਜਵਾਬ ਵਿਚ ਖਾੜਕੂਆਂ ਨੇ ਗਿਆਰਾਂ ਜੂਨ ਨੂੰ ਮੋਗੇ ਨੇੜੇ ਸੀ.ਆਰ.ਪੀ.ਐਫ਼. ਦੇ ਤਿੰਨ ਫ਼ੌਜੀ ਮਾਰ ਦਿੱਤੇ।

ਦਹਿਸ਼ਤ-ਪਸੰਦ ਹਿੰਦੂਆਂ ਤੇ ਮੁਖ਼ਬਰਾਂ ਦੇ ਕਤਲ

4 ਜੂਨ ਲੁਧਿਆਣੇ ਵਿਚ ਸ਼ਿਵ ਸੈਨਾ ਦਾ ਕਿਸ਼ਨ ਕੁਮਾਰ ਮਹਾਜਨ ਅਤੇ ਅੰਮ੍ਰਿਤਸਰ ਵਿਚ 6 ਹਿੰਦੂ ਕਤਲ ਕੀਤੇ ਗਏ। ਇਸ ਦੇ ਜਵਾਬ ਵਿਚ ਹਿੰਦੂਆਂ ਨੇ ਲੁਧਿਆਣੇ 'ਚ ਸਿੱਖਾਂ 'ਤੇ ਹਮਲੇ ਕੀਤੇ। ਤੇਰਾਂ ਜੂਨ ਨੂੰ ਅੰਮ੍ਰਿਤਸਰ ਬਲਾਕ ਕਾਂਗਰਸ ਦਾ ਪ੍ਰਧਾਨ ਕ੍ਰਿਸ਼ਨ ਲਾਲ ਸ਼ਰਮਾ ਮਾਰ ਦਿੱਤਾ ਗਿਆ। ਚੌਦਾਂ ਜੂਨ ਨੂੰ ਦਿੱਲੀ 'ਚ ਇਕ ਪਾਰਟੀ ਵਿਚ 12 ਤੇ ਪੰਜਾਬ 'ਚ 15 ਹਿੰਦੂ ਮਾਰੇ ਗਏ। ਲੌਂਗੋਵਾਲੀਏ ਮੁਖ਼ਬਰ ਹਰਜੀਤ ਝਬਾਲ ਨੂੰ ਸਹੁਰੇ ਤੇ 2 ਭਰਾਵਾਂ ਸਮੇਤ ਤੇ ਉਦੋਕੇ 'ਚ ਹਰਜਿੰਦਰ ਸਿੰਘ ਦੇ ਟੱਬਰ ਦੇ 8 ਜੀਅ ਮਾਰ ਦਿਤੇ ਗਏ। (ਇਸ ਹਰਜਿੰਦਰ ਸਿੰਘ ਨੇ ਰਣਜੀਤ ਸਿੰਘ ਰਾਣਾ ਦੇ ਭਤੀਜੇ ਭੂਪਿੰਦਰ ਸਿੰਘ ਲਾਲੀ ਨੂੰ ਮੁਖ਼ਬਰੀ ਕਰ ਕੇ ਗ੍ਰਿਫ਼ਤਾਰ ਕਰਵਾ ਕੇ ਕਤਲ ਕਰਵਾਇਆ ਸੀ)। ਪੰਦਰਾਂ ਜੂਨ ਨੂੰ 2 ਵਕੀਲ ਕਤਲ ਹੋਏ।

17 ਜੂਨ ਨੂੰ ਅਕਾਲੀ ਆਗੂ ਜੋਗਿੰਦਰ ਸਿੰਘ ਸਾਹਨੀ (ਚੰਡੀਗੜ੍ਹ) 'ਤੇ ਹਮਲਾ ਹੋਇਆ ਪਰ ਉਹ ਬਚ ਗਿਆ। ਇਸ ਕੇਸ ਵਿਚ ਹਰਜਿੰਦਰ ਸਿੰਘ ਜਿੰਮੀ ਨੂੰ ਨਾਮਜ਼ਦ ਕੀਤਾ ਗਿਆ। 18 ਜੂਨ ਨੂੰ ਤਰਨਤਾਰਨ 'ਚ ਸ਼ਰਨਾਗਤ ਸਿੰਘ ਮੁਖ਼ਬਰ ਪੁੱਤਰ ਤੇ ਧੀ ਸਣੇ ਮਾਰ ਦਿੱਤਾ ਗਿਆ। ਤੇਈ ਜੂਨ ਨੂੰ ਜਲੰਧਰ 'ਚ ਲੋਕਾਂ 'ਤੇ ਜ਼ੁਲਮ ਕਰਨ ਵਾਲਾ ਪੁਲਸੀਆ ਅਜੀਤ ਸਿੰਘ ਕਤਲ ਕੀਤਾ ਗਿਆ। ਸਤਾਈ ਜੂਨ ਨੂੰ ਨਿਰਮਲ ਸਿੰਘ ਬਡਲਾ (ਮੈਂਬਰ ਸ਼੍ਰੋਮਣੀ ਕਮੇਟੀ, ਤਲਵੰਡੀ ਗਰੁੱਪ) ਮਾਰ ਦਿੱਤਾ ਗਿਆ। ਇਹ ਐਕਸ਼ਨ 'ਦੁਸ਼ਟ ਸੋਧ ਕਮਾਂਡੋ ਫ਼ੋਰਸ' ਦੇ ਜਰਨੈਲ ਜਸਵੀਰ ਸਿੰਘ ਲਾਲੀ ਦਾ ਸੀ। ਇਨ੍ਹੀਂ ਦਿਨੀਂ ਹੀ ਸੀ.ਆਈ.ਡੀ. ਦਾ ਸਵਰਨ ਸਿੰਘ ਵੀ ਕਤਲ ਕਰ ਦਿਤਾ ਗਿਆ।

ਗੁਰਦੇਵ ਸਿੰਘ ਦੇਬੂ ਨੂੰ ਕੜਾਹੇ ਵਿਚ ਉਬਾਲ ਕੇ ਸ਼ਹੀਦ ਕੀਤਾ

ਤਿੰਨ ਜੁਲਾਈ 1987 ਦੇ ਦਿਨ ਪੁਲਸ ਨੇ ਅਰਬਨ ਅਸਟੇਟ, ਵਸੰਤ ਵਿਹਾਰ, ਜਲੰਧਰ ਕੋਲ ਗੁਰਦੇਵ ਸਿੰਘ ਦੇਬੂ (ਪੁੱਤਰ ਗੁਰਬਚਨ ਸਿੰਘ, ਵਾਸੀ ਧੀਰਪੁਰ, ਕਰਤਾਰਪੁਰ) ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਦੇਬੂ ਨੂੰ ਪਹਿਲੀ ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਾਲਮ ਪੁਲਸੀਆਂ ਨੇ ਉਸ ’ਤੇ ਬੇਪਨਾਹ ਤਸ਼ੱਦਦ ਕੀਤਾ। ਫਿਰ ਉਸ ਨੂੰ ਗੁੜ ਬਣਾਉਣ ਵਾਸਤੇ ਗੰਨੇ ਦੀ ਰਸ ਨੂੰ ਉਬਾਲਣ ਵਾਲੇ ਕੜਾਹੇ ਵਿਚ ਪਾ ਕੇ ਉਬਾਲਿਆ ਗਿਆ। (ਚੇਤੇ ਰਹੇ ਕਿ 1606 ਵਿਚ ਗੁਰੂ ਅਰਜਨ ਸਾਹਿਬ ਅਤੇ 1675 ਵਿਚ ਭਾਈ ਦਿਆਲ ਦਾਸ ਨੂੰ ਵੀ ਦੇਗਾਂ ਵਿਚ ਉਬਾਲਿਆ ਸੀ)। ਗੁਰਦੇਵ ਸਿੰਘ ਪਾਠ ਕਰਦਾ ਰਿਹਾ ਤੇ ਅਖ਼ੀਰ ਸ਼ਹੀਦ ਹੋ ਗਿਆ। ਮਗਰੋਂ, ਜਦ ਉਸ ਦਾ ਨਕਲੀ ਮੁਕਾਬਲਾ ਦਿਖਾਉਣ ਦੀ ਤਿਆਰੀ ਕੀਤੀ ਜਾ ਰਹੀ ਸੀ, ਤਾਂ ਇੱਤਫ਼ਾਕਨ ਉਸ ਦਾ ਪਰਵਾਰ ਠਾਣੇ ਪਹੁੰਚ ਗਿਆ ਅਤੇ ਉਸ ਦੀ ਦੇਹ ਹਾਸਿਲ ਕਰਨ ਵਿਚ ਕਾਮਯਾਬ ਹੋ ਗਿਆ ਜਿਸ ਤੋਂ ਲੋਕਾਂ ਨੂੰ ਇਸ ਜ਼ੁਲਮ ਦਾ ਪਤਾ ਲੱਗਾ।

ਜੁਲਾਈ ਵਿਚ ਦਰਜਨਾਂ ਹੋਰ ਸਿੱਖ ਸ਼ਹੀਦ

ਰਬੈਰੋ ਨੇ ਜੁਲਾਈ ਵਿਚ ਹੋਰ ਵੀ ਬਹੁਤ ਸਾਰੇ ਸਿੱਖਾਂ ਨੂੰ ਸ਼ਹੀਦ ਕੀਤਾ। ਪਹਿਲੀ ਜੁਲਾਈ ਨੂੰ ਝੋਲੇ ਪਿੰਡ (ਨੇੜੇ ਜੰਡਿਆਲਾ) ਵਿਚ ਹਰਜੀਤ ਸਿੰਘ ਉਰਫ਼ ਮਥਰਾ ਸਿੰਘ ਨੂੰ ਕਤਲ ਕਰ ਦਿਤਾ ਗਿਆ। ਉਸ ਨੂੰ ਕੁਝ ਹੀ ਦਿਨ ਪਹਿਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪਹਿਲੀ ਜੁਲਾਈ ਨੂੰ ਹੀ ਜਸਵੰਤ ਸਿੰਘ ਉਰਫ਼ ਪਾਲਾ (ਪੁਤਰ ਦਲੀਪ ਸਿੰਘ ਕਿਸ਼ਨ ਕੋਟ) ਨੂੰ ਗੜ੍ਹਸ਼ੰਕਰ ਕੋਲ ਪੋਸੀਂ ਪਿੰਡ ਵਿਚ ਕਤਲ ਕੀਤਾ ਗਿਆ। ਤਿੰਨ ਜੁਲਾਈ ਨੂੰ ਨਵਾਂਸ਼ਹਿਰ ਕੋਲ ਸੋਹਨ ਸਿੰਘ ਉਰਫ਼ ਸੋਨੀ ਤੇ ਇਕ ਹੋਰ ਸਿੱਖ ਕਤਲ ਕੀਤੇ ਗਏ। ਚਾਰ ਜੁਲਾਈ ਨੂੰ ਸੁਖਵੰਤ ਸਿੰਘ ਨੂੰ ਵਲਟੋਹੇ ਨੇੜੇ ਜੋਧੇ ਵਾਲਾ ਵਿਚ ਮਾਰਿਆ ਗਿਆ। ਇਸੇ ਦਿਨ ਲੋਪੋਕੇ ਕੋਲ ਕੋਟਲਾ ਬਠਾਣਾ ਵਿਚ ਇਕ ਤੇ ਕਾਉਂਕੇ (ਲੁਧਿਆਣਾ) ਵਿਚ ਇਕ ਸਿੱਖ ਕਤਲ ਕੀਤੇ ਗਏ। ਸੱਤ ਜੁਲਾਈ ਨੂੰ ਅਜਨਾਲਾ ਤੇ ਸੁਲਤਾਨਪੁਰ ਲਾਗੇ 2 ਸਿੱਖ ਕਤਲ ਕੀਤੇ ਗਏ। ਯਾਰ੍ਹਾਂ ਜੁਲਾਈ ਨੂੰ ਮੱਲਵਾਲ ਨੇੜੇ ਕਟੋਰਾ ਪਿੰਡ ਵਿਚ ਪੰਜ ਸਿੱਖ ਕਤਲ ਕੀਤੇ ਗਏ। ਬਾਰਾਂ ਜੁਲਾਈ ਨੂੰ ਆਲੂਵਾਲ (ਝਬਾਲ) ਕੋਲ ਇਕ ਸਿੱਖ ਨੂੰ ਕਤਲ ਕਰ ਕੇ ਉਸ ਲਾਸ਼ ਬਾਹਰ ਸੁੱਟ ਦਿੱਤੀ ਗਈ।

ਚੌਦਾਂ ਜੁਲਾਈ ਨੂੰ ਸੀ.ਆਰ.ਪੀ.ਐਫ. ਨੇ ਅੰਮ੍ਰਿਤਸਰ ਬੱਸ ਸਟੈਂਡ ’ਤੇ ਬੇਵਜਹ ਬਸ ਕੰਡਕਟਰ ਹਰਪਾਲ ਸਿੰਘ ਨੂੰ ਗੋਲੀ ਮਾਰ ਕੇ ਕਤਲ ਕਰ ਦਿਤਾ। ਸੋਲ੍ਹਾਂ ਜੁਲਾਈ ਨੂੰ ਜਲੰਧਰ ਛਾਵਣੀ ਕੋਲ, ਰਾਮਾ ਮੰਡੀ ਦੇ ਫਾਟਕ ਨੇੜੇ, ਰੇਲਵੇ ਕਲੋਨੀ ’ਚ ਇਕ ਸਿੱਖ ਕਤਲ ਹੋਇਆ। ਇਸੇ ਦਿਨ ਦਸੂਹਾ ਨੇੜੇ ਉਸਮਾਨ ਪਿੰਡ ਦੇ ਭਾਈ ਰਤਨ ਸਿੰਘ ਨੂੰ ਵੀ ਕਤਲ ਕੀਤਾ ਗਿਆ। ਉੱਨੀ ਜੁਲਾਈ ਨੂੰ ਗੁਰਦਾਸਪੁਰ ਜ਼ਿਲ੍ਹੇ ’ਚ ਮੀਰਪੁਰ ਵਿਚ ਸੁਖਵੰਤ ਸਿੰਘ ਉਰਫ਼ ਕਾਲਾ (ਤਰਨਤਾਰਨ ਦਾ) ਅਤੇ ਜਸਵਿੰਦਰ ਸਿੰਘ (ਰਾਹੋਂ) ਨੂੰ ਕਤਲ ਕੀਤਾ ਗਿਆ। ਇਨ੍ਹਾਂ ਦੇ ਤਿੰਨ ਹੋਰ ਸਾਥੀ ਇਸੇ ਦਿਨ ਕੁਝ ਮੀਲ ਦੂਰ ਹਰਦਾਨਹ ਪਿੰਡ ਵਿਚ ਕਤਲ ਹੋਏ। ਇਹ ਤਿੰਨ ਸਨ: ਸੁਬੇਗ ਸਿੰਘ (ਅਜਨਾਲਾ), ਹਰਪਾਲ ਸਿੰਘ (ਫੂਲਾ, ਭਿੱਖੀ ਵਿੰਡ) ਤੇ ਬਲਬੀਰ ਸਿੰਘ (ਜੋਸ਼ਮਾਨ, ਅਜਨਾਲਾ)। ਬਾਈ ਜੁਲਾਈ ਨੂੰ ਦੇਧਰ (ਮੋਗਾ) ਨੇੜੇ ਹਰਦੇਵ ਸਿੰਘ ਕਤਲ ਕੀਤਾ ਗਿਆ। ਚੌਵੀ ਜੁਲਾਈ ਨੂੰ ਸੁਲਤਾਨਵਿੰਡ

(ਅੰਮ੍ਰਿਤਸਰ) ਵਿਚ ਅਵਤਾਰ ਸਿੰਘ ਦੇ ਘਰ 'ਤੇ ਹਮਲਾ ਕਰ ਕੇ ਉਸ ਨੂੰ ਕਤਲ ਕਰ ਦਿੱਤਾ ਗਿਆ, ਪੰਝੀ ਜੁਲਾਈ ਨੂੰ ਨਸਰਾਲੀ (ਅਮ੍ਰਿਤਸਰ) ਨੇੜੇ ਜਸਪਾਲ ਸਿੰਘ ਕਤਲ ਹੋਇਆ।

ਜੂਨ-ਜੁਲਾਈ ਵਿਚ ਹੋਰ ਵੀ ਬਹੁਤ ਸਾਰੇ ਸਿੱਖ ਪੁਲੀਸ ਨੇ ਮਾਰੇ ਸਨ। ਇਕੱਲੇ ਫਰੀਦਕੋਟ ਜ਼ਿਲ੍ਹੇ ਵਿਚ 60 ਤੋਂ ਜ਼ਿਆਦਾ ਸਿੱਖ ਕਤਲ ਹੋਏ ਜਿਨ੍ਹਾਂ ਵਿਚੋਂ ਹੇਠ ਲਿਖੇ 26 ਸਿੱਖਾਂ ਦੇ ਨਾਂ ਤਾਂ ਪੁਲੀਸ ਨੇ ਰਲੀਜ਼ ਵੀ ਕੀਤੇ ਸਨ:

ਜਸਵੰਤ ਸਿੰਘ ਕਿੱਲੀ ਚਾਹਲ ਥਾਣਾ ਮਹਿਣਾ, ਸੁਖਦੇਵ ਸਿੰਘ ਦੇਬਾ ਮੁਕਤਸਰ, ਭੁਪਿੰਦਰ ਸਿੰਘ ਮੁਕਤਸਰ, ਮਨਜੀਤ ਸਿੰਘ ਉਰਫ਼ ਮਿਨੀ ਬਾਬਾ ਮੋਗਾ, ਅਮਰੀਕ ਸਿੰਘ ਦੂਨੇਕੇ ਥਾਣਾ ਮੋਗਾ, ਲਖਬੀਰ ਸਿੰਘ ਉਰਫ ਲਖਵਿੰਦਰ ਸਿੰਘ ਉਰਫ਼ ਲੱਖਾ ਸਿੰਘ ਡੱਲੇਕੇ ਥਾਣਾ ਮੋਗਾ, ਕਿੱਕਰ ਸਿੰਘ ਭਾਗ ਸਿੰਘ ਵਾਲਾ, ਹਰਮੰਦਰ ਸਿੰਘ ਜਲੰਧਰ, ਬਲਵਿੰਦਰ ਸਿੰਘ ਕੰਗਨੀਵਾਲ ਨੂਰਮਹਿਲ, ਜਲੌਰ ਸਿੰਘ ਡਾਲਾ, ਬੇਅੰਤ ਸਿੰਘ ਜ਼ੈਦਾ, ਮਲਕੀਤ ਸਿੰਘ ਥਾਣਾ ਸਾਦਿਕ, ਨੈਬ ਸਿੰਘ ਥਾਣਾ ਬਾਘਾ ਪੁਰਾਣਾ, ਹਰਨੇਕ ਸਿੰਘ ਝੰਡੇਆਣਾ, ਕੁਲਵੰਤ ਸਿੰਘ ਥਾਣਾ ਬਾਘਾ ਪੁਰਾਣਾ, ਜਗਰਾਜ ਸਿੰਘ ਥਾਣਾ ਬਾਘਾ ਪੁਰਾਣਾ, ਨੇਕ ਸਿੰਘ ਸਦਾ ਸਿੰਘ ਵਾਲਾ, ਸੁਖਵਿੰਦਰ ਸਿੰਘ ਜ਼ਿਲਾ ਫ਼ੀਰੋਜ਼ਪੁਰ, ਕੁਲਦੀਪ ਸਿੰਘ ਉਰਫ਼ ਰੌਣਕੀ ਕਾਲੇਕੇ (ਫਰੀਦਕੋਟ), ਨਿਰਮਲ ਸਿੰਘ ਬੁੱਧ ਸਿੰਘ ਵਾਲਾ, ਗੁਰਮੇਲ ਸਿੰਘ ਪ੍ਰੀਤ ਨਗਰ ਮੋਗਾ, ਤੇਜਾ ਸਿੰਘ ਠੂਲੇਵਾਲਾ।

ਇਨ੍ਹਾਂ ਕਤਲਾਂ ਵਿਚ ਸਭ ਤੋਂ ਵਧੇਰੇ ਜ਼ੁਲਮ ਮਿੱਤ ਸਿੰਘ ਐਸ.ਐਚ.ਓ. (ਜੈਤੋ) ਤੇ ਗੋਬਿੰਦ ਰਾਮ ਐਸ.ਐਸ.ਪੀ. ਦਾ ਸੀ। ਅੰਮ੍ਰਿਤਸਰ 'ਚ ਇਜ਼ਹਾਰ ਆਲਮ ਨੇ ਵੀ ਬਹੁਤ ਸਿੱਖ ਕਤਲ ਕੀਤੇ। ਇਸੇ ਤਰ੍ਹਾਂ ਗੁਰਦਾਸਪੁਰ ਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਵਿਚ ਵੀ ਬਹੁਤ ਸਾਰੇ ਸਿੱਖ ਕਤਲ ਕੀਤੇ ਗਏ ਸਨ।

ਇਨ੍ਹਾਂ ਦਿਨਾਂ ਵਿਚ ਜ਼ਾਲਮ ਪੁਲਸੀਆਂ ਨੇ ਕੁਝ ਗੁੰਡੇ ਤੇ ਪੇਸ਼ਾਵਰ ਮੁਜਰਿਮਾਂ ਨੂੰ ਅੱਗੇ ਕਰ ਕੇ ਕਾਤਲ ਫ਼ੋਰਸਾਂ (ਇਜ਼ਹਾਰ ਆਲਮ ਦੀ ਆਲਮ ਸੈਨਾ, ਸਰਬਦੀਪ ਵਿਰਕ ਦੀ ਵਿਰਕ ਸੈਨਾ, ਗੋਬਿੰਦ ਰਾਮ ਦੀ ਗੋਬਿੰਦ ਸੈਨਾ ਵ਼ਗੈਰਾ) ਬਣਾਈਆਂ ਹੋਈਆਂ ਸਨ ਜੋ ਸਿੱਖਾਂ ਦਾ ਕਤਲੇਆਮ ਕਰਨ ਵਿਚ ਮਦਦ ਕਰਦੀਆਂ ਸਨ। ਇਨ੍ਹਾਂ ਨੇ ਤਾਂ ਬੰਦਾ ਸਿੰਘ ਬਹਾਦਰ ਦਾ ਨਾਂ ਬਦਨਾਮ ਕਰਨ ਵਾਸਤੇ 'ਬੰਦਾ ਸਿੰਘ ਬ੍ਰਿਗੇਡ' ਵੀ ਬਣਾਈ ਸੀ।

ਲਾਲੜੂ-ਫਤਹਿਬਾਦ ਬੱਸ ਕਾਂਡ ਵਿਚ ਹਿੰਦੂ ਫ਼ੌਜੀਆਂ ਦੇ ਕਤਲ

ਖਾਲਿਸਤਾਨ ਕਮਾਂਡੋ ਫੋਰਸ ਨੇ 6 ਜੁਲਾਈ ਨੂੰ ਹਰਿਆਣਾ ਦੀ ਸਰਹੱਦ ਤੇ ਲਾਲੜੂ ਅਤੇ ਫਤਹਿਬਾਦ ਵਿਚ ਦੋ ਬਸਾਂ ਰੋਕ ਕੇ 75 ਹਿੰਦੂ ਕਤਲ ਕੀਤੇ ਗਏ। ਇਕ ਸੋਮੇ ਮੁਤਾਬਿਕ ਇਨ੍ਹਾਂ ਵਿਚੋਂ ਬਹੁਤੇ ਉਹ ਸਨ ਜੋ 1984 ਵਿਚ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਫੌਜ ਵਿਚ ਸ਼ਾਮਿਲ ਸਨ ਤੇ ਉਹ ਛੁੱਟੀਆਂ ਕੱਟ ਕੇ ਵਾਪਿਸ ਜਾ ਰਹੇ ਸਨ। ਇਸ ਐਕਸ਼ਨ ਵਿਚ ਇਕ ਸਿੱਖ ਵੀ ਮਾਰਿਆ ਗਿਆ।

ਹਿੰਦੂਆਂ ਵੱਲੋਂ ਹਿਮਾਚਲ ਤੇ ਹੋਰ ਜਗ੍ਹਾ ਸਿੱਖਾਂ 'ਤੇ ਹਮਲੇ

ਇਨ੍ਹਾਂ ਬੱਸ ਕਾਂਡਾਂ ਤੋਂ ਬਾਅਦ ਭਾਰਤ ਦੇ ਹਿੰਦੂ-ਜ਼ੋਨ ਵਿਚ ਸਿੱਖਾਂ ਉੱਤੇ ਬਹੁਤ ਹਮਲੇ ਕੀਤੇ

ਗਏ ਜਿਸ ਨਾਲ 12 ਸਿੱਖ ਮਾਰੇ ਗਏ ਤੇ ਦਰਜਨਾਂ ਜ਼ਖ਼ਮੀ ਹੋਏ। ਸਿਰਸਾ, ਯਮਨਾਨਗਰ, ਕਾਲਕਾ, ਦਿੱਲੀ, ਰਿਸ਼ੀਕੇਸ਼, ਕੁੱਲੂ, ਮਨਾਲੀ, ਨਾਹਨ, ਨੂਰਪੁਰ, ਨੈਣਾਦੇਵੀ, ਨਾਲਾਗੜ੍ਹ ਵਿਚ ਸਿੱਖਾਂ 'ਤੇ ਬਹੁਤ ਹਮਲੇ ਹੋਏ। ਸਭ ਤੋਂ ਵਧ ਜ਼ੁਲਮ ਸਿਰਸਾ, ਰਿਸ਼ੀਕੇਸ਼, ਕੁੱਲੂ, ਮਨਾਲੀ, ਕਾਲਕਾ ਵਗ਼ੈਰਾ ਵਿਚ ਕੀਤਾ ਗਿਆ। ਕੁੱਲੂ ਤੇ ਮਨਾਲੀ ਵਿਚ ਸਿੱਖਾਂ ਦੇ ਸਾਰੇ ਅਦਾਰੇ ਲੂਹ ਦਿੱਤੇ ਗਏ। ਮਨਾਲੀ ਵਿਚ ਸਿੱਖ ਜੰਗਲਾਂ ਵਲ ਦੌੜ ਗਏ ਤੇ ਉੱਥੇ 8-10 ਦਿਨ ਲੁਕੇ ਰਹੇ।

ਹਿਮਾਚਲ ਦਾ ਚੀਫ਼ ਮਨਿਸਟਰ ਵੀਰ ਭੱਦਰ ਸਿੰਘ ਕਾਤਲਾਂ ਦੀ ਪਿੱਠ 'ਤੇ ਸੀ। ਮਗਰੋਂ ਕੁਝ ਸਿੱਖ ਵੀਰ ਭੱਦਰ ਸਿੰਘ ਨੂੰ ਮਿਲਣ ਗਏ ਤੇ ਉਨ੍ਹਾਂ (ਸਿੱਖਾਂ) ਨੇ ਆਪਣੇ ਘਰਾਂ ਤੇ ਦੁਕਾਨਾਂ ਦੀਆਂ ਚਾਬੀਆਂ ਉਸ ਦੀ ਮੇਜ਼ 'ਤੇ ਰੱਖਦਿਆਂ ਕਿਹਾ ਕਿ ਜਾਂ ਤਾਂ ਸਾਨੂੰ ਹਿਫਾਜ਼ਤ ਦਿਓ ਤੇ ਜਾਂ ਅਸੀਂ ਚਾਬੀਆਂ ਤੁਹਾਡੀ ਮੇਜ਼ 'ਤੇ ਰਖ ਚਲੇ ਹਾਂ। ਇਸ 'ਤੇ ਉਸ ਨੇ ਕਿਹਾ 'ਆਪ ਕੀ ਮਰਜ਼ੀ ਹੈ ਛੋਡ ਜਾਓ ਚਾਬੀਆਂ ਔਰ ਜਾਓ। ਆਪ ਕੋ ਜਾਨੇ ਸੇ ਕੌਣ ਰੋਕਤਾ ਹੈ।' (ਵੀਰ ਭੱਦਰ ਸਿੰਘ ਕਈ ਵਾਰ ਫੇਰ ਹਿਮਾਚਲ ਦਾ ਚੀਫ਼ ਮਨਿਸਟਰ ਬਣਿਆ। ਪਰ ਮਗਰੋਂ ਉਸ ਨੇ ਆਪਣਾ ਵਤੀਰਾ ਕੁਝ ਨਰਮ ਕਰ ਲਿਆ)।

ਸਿਰਸਾ (ਹਰਿਆਣਾ) ਵਿਚ ਸਿੱਖਾਂ ਦੇ ਅਦਾਰਿਆਂ 'ਤੇ ਹਮਲਿਆਂ ਦੌਰਾਨ ਵਿਚੋਂ ਦੋ ਕਰੋੜ ਦਾ ਸਾਮਾਨ ਲੁਟਿਆ ਗਿਆ। ਇਸ ਵਿਚੋਂ 30-35 ਲਖ ਦਾ ਸਾਮਾਨ ਬਰਾਮਦ ਵੀ ਹੋਇਆ। ਮਗਰੋਂ ਰਿਸ਼ੀਕੇਸ਼ ਤੇ ਕੁੱਲੂ ਨੂੰ ਫ਼ੌਜ ਦੇ ਹਵਾਲੇ ਕੀਤਾ ਗਿਆ। ਹਰਿਆਣੇ ਵਿਚ ਕੁਝ ਹਿੰਦੂ ਇਸ ਕਾਂਡ ਵਿਚ ਫੜੇ ਵੀ-ਗਏ ਪਰ ਇਹ ਕਾਰਵਾਈ ਸਿਰਫ਼ ਦਿਖਾਵੇ ਹੀ ਸੀ। ਉਨ੍ਹਾਂ ਨੂੰ ਕਦੇ ਵੀ ਕੋਈ ਸਜ਼ਾ ਨਾ ਹੋਈ।

9 ਜੁਲਾਈ ਨੂੰ ਹਰਿਆਣਾ ਅਸੈਂਬਲੀ 'ਚ ਇਨ੍ਹਾਂ ਦੋਹਾਂ ਵਾਰਦਾਤਾਂ ਤੇ ਰੋਸ ਦਾ ਇਜ਼ਹਾਰ ਕੀਤਾ ਗਿਆ। ਪਰ ਸਿੱਖਾਂ 'ਤੇ ਹਮਲਿਆਂ ਬਾਰੇ ਧੀਰਪਾਲ (ਲੋਕਦਲ) ਤੋਂ ਇਲਾਵਾ ਕਿਸੇ ਨੇ ਵੀ ਕੁਝ ਨਾ ਆਖਿਆ। ਹੋਰ ਤਾਂ ਹੋਰ ਅੱਧੀ ਦਰਜਨ 'ਸਿੱਖ' ਐਮ.ਐਲ.ਏ. ਵੀ ਚੁਪ ਕਰ ਕੇ ਬੈਠੇ ਰਹੇ।

ਮੁਖ਼ਬਰਾਂ ਅਤੇ ਹੋਰ ਸਿੱਖ ਮੁਖ਼ਾਲਿਫ਼ਾਂ 'ਤੇ ਹਮਲੇ

7 ਜੁਲਾਈ ਨੂੰ ਕਪੂਰਥਲਾ ਕਾਂਗਰਸ ਦਾ ਸਾਬਕ ਪ੍ਰਧਾਨ ਕੈਪਟਨ ਪ੍ਰੀਤਮ ਸਿੰਘ (ਢੱਡਿਆਂ) ਕਤਲ ਕਰ ਦਿੱਤਾ ਗਿਆ। ਨੌਂ ਜੁਲਾਈ ਨੂੰ ਬਰਨਾਲੇ ਦਲ ਦਾ ਗੁਰਦਾਸਪੁਰ ਦਾ ਮੀਤ ਪ੍ਰਧਾਨ, ਗੁਮਟਾਲੇ ਦਾ ਸਰਪੰਚ ਅਮਰ ਸਿੰਘ, ਇਕ ਕਾਮਰੇਡ ਸੁਖਮੰਦਰ (ਚੋਗਾਵਾਂ, ਫਰੀਦਕੋਟ) ਟੱਬਰ ਦੇ 5 ਮੈਂਬਰਾਂ ਸਣੇ ਕਤਲ ਕੀਤੇ ਗਏ। ਨੌਂ ਜੁਲਾਈ ਨੂੰ ਸਤਨਾਮ ਸਿੰਘ ਬਾਜਵਾ 4 ਹੋਰਾਂ ਸਮੇਤ ਕਤਲ ਹੋ ਗਿਆ। ਤੇਰ੍ਹਾਂ ਜੁਲਾਈ ਨੂੰ ਗੁਰਦਾਸਪੁਰ ਦੇ ਐਸ.ਪੀ. ਜੇ.ਪੀ.ਵਿਰਦੀ 'ਤੇ ਹਮਲਾ ਹੋਇਆ ਜਿਸ ਵਿਚ ਉਸ ਦਾ ਗੰਨਮੈਨ ਤੇ 7 ਹੋਰ ਮਾਰੇ ਗਏ। 15 ਜੁਲਾਈ ਨੂੰ ਮੀਰਪੁਰ (ਬਟਾਲਾ) ਦਾ ਪੁਲੀਸ ਮੁਖ਼ਬਰ ਦਰਸ਼ਨ ਸਿੰਘ (ਰਿਟਾਇਰਡ ਹਵਾਲਦਾਰ) ਮਾਰਿਆ ਗਿਆ। ਸੋਲ੍ਹਾਂ ਜੁਲਾਈ ਨੂੰ ਥਾਣੇਦਾਰ ਪ੍ਰਿਥੀਪਾਲ ਸਿੰਘ, ਤਰਸਿਕਾ (ਮਹਿਤਾ ਚੌਕ ਦੇ ਨੇੜੇ) ਦਾ ਸਰਪੰਚ ਗੁਰਮੇਲ ਸਿੰਘ ਅਤੇ 2 ਹੋਰ ਕਤਲ ਹੋਏ। ਸਤਾਰਾਂ ਜੁਲਾਈ ਨੂੰ ਰਾਮਪੁਰਾ (ਜੰਡਿਆਲਾ) ਵਿਚ ਸਤਵੰਤ ਸਿੰਘ ਦਾ ਟੱਬਰ ਮਾਰਿਆ ਗਿਆ। ਉਸ ਨੇ ਮਸ਼ਹੂਰ ਖਾੜਕੂ ਜਰਨੈਲ ਮਥਰਾ ਸਿੰਘ ਨੂੰ ਗ੍ਰਿਫ਼ਤਾਰ ਕਰਵਾਇਆ ਸੀ। ਅਠਾਰਾਂ ਜੁਲਾਈ ਨੂੰ ਸੀ.ਆਰ. ਪੀ.ਐਫ਼. ਦਾ ਇਕ ਫ਼ੌਜੀ ਸੁਲਤਾਨਵਿੰਡ ਵਿਚ ਕਤਲ ਕੀਤਾ

ਗਿਆ। ਇੱਕੀ ਜੁਲਾਈ ਨੂੰ ਗੋਰਾਇਆ ਵਿਚ ਕਾਮਰੇਡ ਗੁਰਦਿਆਲ ਸਿੰਘ (ਮੁਠੱਡਾ ਕਲਾਂ) ਤੇ 22 ਜੁਲਾਈ ਨੂੰ ਸੋਹਲ (ਝਬਾਲ ਨੇੜੇ) ਦਾ ਕਾਮਰੇਡ ਸਵਰਨ ਆਪਣੇ ਟੱਬਰ ਦੇ 5 ਜੀਆਂ ਨਾਲ ਖਾੜਕੂਆਂ ਹੱਥੋਂ ਮਾਰੇ ਗਏ। ਛੱਬੀ ਜੁਲਾਈ ਨੂੰ ਅਲਾਦੀਨਪੁਰ (ਅੰਮ੍ਰਿਤਸਰ) ਦਾ ਮਹੰਤ ਲਾਲ ਚੰਦ ਕਤਲ ਹੋਇਆ। ਅਠਾਈ ਜੁਲਾਈ ਨੂੰ ਅੰਮ੍ਰਿਤਸਰ 'ਚ ਭਾਜਪਾ ਦਾ ਫ਼ਿਰਕੂ ਆਗੂ ਪੂਰਨ ਚੰਦ ਭੱਟੀ ਮਾਰਿਆ ਗਿਆ। ਤੀਹ ਜੁਲਾਈ ਨੂੰ ਦਿੱਲੀ 'ਚ 2 ਜਨਸੰਘੀ ਸੁਦਰਸ਼ਨ ਮੁੰਜਾਲ ਤੇ ਹੰਸ ਰਾਜ ਸੇਠੀ ਮਾਰੇ ਗਏ। ਇਕੱਤੀ ਜੁਲਾਈ ਨੂੰ ਬਟਾਲਾ-ਕਾਹਨੂੰਵਾਨ ਹੋਡ ਤੇ ਬੱਸ ਵਿਚੋਂ ਕੱਢ ਕੇ 4 ਹਿੰਦੂ ਮਾਰ ਦਿਤੇ ਗਏ। ਇਸ ਕੇਸ ਵਿਚ ਬਸ ਕੰਡਕਟਰ ਸਰਬਜੀਤ ਸਿੰਘ ਨੂੰ ਇਹ ਕਹਿ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਕਿ ਉਹ ਪਾਕਿਸਤਾਨ ਵਿਚ 22 ਮਹੀਨੇ ਰਹਿ ਕੇ ਟਰੇਨਿੰਗ ਲੈ ਕੇ ਆਇਆ ਸੀ। ਦੋ ਅਗਸਤ ਨੂੰ ਹੈੱਡ ਕਾਂਸਟਬੇਲ ਰੂਪ ਸਿੰਘ ਵੀ ਮਾਰਿਆ ਗਿਆ।

28 ਜੁਲਾਈ ਨੂੰ ਅਜੀਤ ਸਿੰਘ ਬੈਂਸ (ਸਾਬਕਾ ਜੱਜ) ਨੇ ਪੰਜਾਬ ਨੂੰ ਖ਼ੁਦ ਮੁਖ਼ਤਿਆਰੀ ਦੇਣ ਦੀ ਮੰਗ ਕੀਤੀ ਸੀ। ਇਸੇ ਦਿਨ ਭਾਰਤੀ ਜਨਤਾ ਪਾਰਟੀ ਨੇ ਜੋਧਪੁਰ ਦੇ ਕੈਦੀ ਰਿਹਾ ਕਰਨ ਦੀ ਮੰਗ ਕੀਤੀ।

ਭਾਈ ਗੁਰਜੀਤ ਸਿੰਘ ਦਾ ਸਾਰਾ ਟੱਬਰ ਜੇਲ੍ਹ ਵਿਚ

ਇੰਗਲੈਂਡ ਵਾਸੀ ਬੀਬੀ ਬਲਵਿੰਦਰ ਕੌਰ (ਭੈਣ ਭਾਈ ਗੁਰਜੀਤ ਸਿੰਘ), ਜੋ ਯੂ.ਕੇ. ਤੋਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਗਈ ਸੀ, ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਉਹ ਉਸ ਵੇਲੇ ਯੂ.ਕੇ. ਵਾਪਿਸ ਜਾਣ ਦੀ ਤਿਆਰੀ ਕਰ ਰਹੀ ਸੀ। ਉਸ ਦੇ ਨਾਲ ਸੌਦਾਗਰ ਸਿੰਘ ਤੇ ਬਹਾਦਰ ਸਿੰਘ ਵੀ ਗ੍ਰਿਫ਼ਤਾਰ ਕੀਤੇ ਗਏ। ਉਸ ਦੀ ਗ੍ਰਿਫ਼ਤਾਰੀ ਜੂਨ 87 ਦੇ ਦੂਜੇ ਹਫ਼ਤੇ ਵਿਚ ਕੀਤੀ ਗਈ। ਬਾਅਦ ਵਿਚ 5 ਜੁਲਾਈ ਨੂੰ ਉਸ ਦੇ ਪਿਤਾ ਅਵਤਾਰ ਸਿੰਘ ਤੇ ਤਿੰਨ ਭਰਾ ਮਲਕੀਅਤ ਸਿੰਘ, ਸੁਰਜੀਤ ਸਿੰਘ ਤੇ ਦਰਸ਼ਨ ਸਿੰਘ ਵੀ ਗ੍ਰਿਫ਼ਤਾਰ ਕਰ ਲਏ ਗਏ। ਜੁਲਾਈ 87 ਦੇ ਅਖ਼ੀਰ ਤਕ ਭਾਈ ਗੁਰਜੀਤ ਸਿੰਘ ਦਾ ਸਾਰਾ ਖ਼ਾਨਦਾਨ ਜੇਲ੍ਹ ਵਿਚ ਸੀ।

ਜੁਲਾਈ ਵਿਚ ਸਿੱਖਾਂ ਦੀਆਂ ਗ੍ਰਿਫ਼ਤਾਰੀਆਂ

1 ਜੁਲਾਈ ਨੂੰ ਮੋਤਾ ਸਿੰਘ (ਸਹਾਪੁਰ ਹੁਸ਼ਿਆਰਪੁਰ), 2 ਜੁਲਾਈ ਨੂੰ ਫਗਵਾੜੇ ਵਿਚ ਖਾਲਿਸਤਾਨ ਕਮਾਂਡੋ ਫੋਰਸ ਦੇ ਜੋਗਿੰਦਰ ਸਿੰਘ ਤੇ ਹਰਜੀਤ ਸਿੰਘ ਫੜੇ ਗਏ। ਇਸੇ ਦਿਨ ਲੁਧਿਆਣੇ ਵਿਚ ਅਗਰਾਚਕ ਪਿੰਡ ਦਾ ਆਇਆ ਸਿੰਘ ਜੁਝਾਰੂਆਂ ਅਤੇ ਖਾਲਿਸਤਾਨ ਵਾਸਤੇ ਜਾਸੂਸੀ ਕਰਨ ਦੇ ਨਾਂ 'ਤੇ ਫੜਿਆ ਗਿਆ। ਫਗਵਾੜੇ ਵਿਚ ਕੁਲਦੀਪ ਸਿੰਘ ਦੀਪਾ, ਬਲਬਿੰਦਰ ਸਿੰਘ ਬਿੰਦਾ ਤੇ ਸੁਰਿੰਦਰ ਸਿੰਘ ਉਰਫ਼ ਫ਼ੌਜੀ ਵੀ ਫੜਿਆ ਗਿਆ। ਇਸੇ ਦਿਨ ਗੁਰਦਾਸਪੁਰ ਵਿਚ ਸੁਖਦੇਵ ਸਿੰਘ ਸੁੱਖੀ, ਮੁਖਤਿਆਰ ਸਿੰਘ ਖੋਡੇ, ਅੰਮ੍ਰਿਤਸਰ ਵਿਚ ਕਸ਼ਮੀਰ ਸਿੰਘ ਤੇ ਰੌਸ਼ਨ ਸਿੰਘ, ਬਸੀ ਪਠਾਣਾਂ ਤੋਂ ਦਰਸ਼ਨ ਸਿੰਘ (ਰਾਮਪੁਰ ਨਡਿਆਲੀ) ਨੂੰ ਹਿਰਾਸਤ ਵਿਚ ਲੈ ਲਿਆ ਗਿਆ।

4 ਜੁਲਾਈ ਨੂੰ ਅਕਾਲੀ ਨਿਰਮਲ ਸਿੰਘ ਬਡਲਾ ਦੇ ਕਤਲ ਕੇਸ ਵਿਚ ਗੁਰਿੰਦਰ ਸਿੰਘ (ਚਗਰਾਂ), ਮੁਕਾਬਲੇ ਦੇ ਨਾਂ 'ਤੇ ਜਸਵਿੰਦਰ ਸਿੰਘ ਉਰਫ਼ ਬੰਬ ਉਰਫ਼ ਗੇਜਾ ਉਰਫ਼ ਸਤੂ (ਪੁੱਤਰ ਭਾਈ ਫਕੀਰ ਚੰਦ, ਉੱਚਾ ਪਿੰਡ, ਨੇੜੇ ਆਦਮਪੁਰ, ਜਲੰਧਰ) ਨੂੰ ਲੌਂਗੋਵਾਲ ਕਤਲ ਕੇਸ ਵਿਚ ਅਤੇ ਵਰਿੰਦਰ ਸਿੰਘ ਵਿੰਦਾ (ਫ਼ੀਰੋਜ਼ਪੁਰ ਪੁਲੀਸ ਨੇ), ਹਰੀ ਸਿੰਘ (ਧਰਮਕੋਟ ਪੁਲੀਸ ਨੇ),

ਜਸਵਿੰਦਰ ਸਿੰਘ, ਸਰਦਾਰ ਅਮਰ ਸਿੰਘ, ਜੋਗਿੰਦਰ ਸਿੰਘ, ਬਲਵੰਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸ ਤੋਂ ਇਲਾਵਾ ਫਰੀਦਕੋਟ ਵਿਚ ਇਕਬਾਲ ਸਿੰਘ, ਬਚਿੱਤਰ ਸਿੰਘ, ਬੱਸੀ ਪਠਾਣਾਂ ਵਿਚ ਦਰਸ਼ਨ ਸਿੰਘ (ਰਾਮਪਰ ਨਡਿਆਲਾ), ਗੁਰਦੇਵ ਸਿੰਘ (ਉੱਚਾ ਬੋਹਿਨਾ) ਗ੍ਰਿਫ਼ਤਾਰ ਕੀਤੇ ਗਏ। ਪੰਜ ਜੁਲਾਈ ਨੂੰ ਬਟਾਲੇ ਕੋਲ ਰਾਮ ਸਿੰਘ ਤੇ ਹਰਬਿੰਦਰ ਸਿੰਘ ਬਿੰਦਾ (ਗੰਗਾਰਾਏ, ਨੇੜੇ ਦਸੂਹਾ), ਬਲਦੇਵ ਸਿੰਘ (ਕੋਲਪੁਰ, ਨੇੜੇ ਮੁਕੇਰੀਆਂ) ਗ੍ਰਿਫ਼ਤਾਰ ਕੀਤੇ ਗਏ। ਫ਼ਿਰੋਜਪੁਰ ਵਿਚ ਕਸ਼ਮੀਰ ਸਿੰਘ, ਸੰਗਰੂਰ ਵਿਚ ਜਗਰਾਜ ਸਿੰਘ (ਮਦੇਵਾਸ) ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

6 ਜੁਲਾਈ ਨੂੰ ਸੰਗਰੂਰ ਵਿਚ ਰਜਿੰਦਰ ਸਿੰਘ, ਸੁਖਵਿੰਦਰ ਸਿੰਘ, ਵਿਜਪਾਲ ਸਿੰਘ ਅਤੇ ਬਹਾਦਰਪੁਰ ਪੁਲੀਸ ਨੇ ਗੰਗਾ ਸਿੰਘ ਨੂੰ ਗ੍ਰਿਫ਼ਤਾਰ ਕੀਤਾ। ਸੱਤ ਜੁਲਾਈ ਨੂੰ ਚੰਨਣ ਸਿੰਘ (ਰੌਣਕੇ ਕਲਾਂ) ਸੰਗਰੂਰ ਵਿਚ ਅਤੇ ਜਸਵੰਤ ਸਿੰਘ, ਬੂਟਾ ਸਿੰਘ, ਜਸਵਿੰਦਰ ਸਿੰਘ, ਭਰਪੂਰ ਸਿੰਘ ਜਲਧੰਰ ਵਿਚ ਗ੍ਰਿਫ਼ਤਾਰ ਕੀਤੇ ਗਏ। ਨੌਂ ਜੁਲਾਈ ਨੂੰ ਗੁਰਬਾਜ ਸਿੰਘ ਬੜਾ ਗੁਜਰ ਮੁਕਤਸਰ ਕੋਲ, ਲੋਪੇਕੇ ਵਿਚ ਕਸ਼ਮੀਰਾ ਸਿੰਘ, ਜੋਗਾ ਸਿੰਘ (ਸਰਪੰਚ ਸੁਖਾ ਚੀਰਾ), ਸ਼ਮਸ਼ੇਰ ਸਿੰਘ (ਬਸੰਤੀ ਯੋਗੀ ਬਠਿੰਡਾ) ਫੜੇ ਗਏ। ਦਸ ਜੁਲਾਈ ਨੂੰ ਜਲੰਧਰ ਵਿਚ ਇਕਬਾਲ ਸਿੰਘ (ਬਿਆਸ ਪਿੰਡ), ਅਵਤਾਰ ਸਿੰਘ (ਕੋਟ ਖਰੜ ਖ਼ਾਨ), ਬਠਿੰਡਾ ਵਿਚ ਰਣਜੀਤ ਸਿੰਘ, ਕਾਬਲ ਸਿੰਘ, ਹਰਬੀਰ ਸਿੰਘ, ਗੁਰਪਾਲ ਸਿੰਘ, ਰਾਜਬੀਰ ਸਿੰਘ, ਨਿਰੰਜਨ ਸਿੰਘ (ਭਿਖੀ), ਮਨਜੀਤ ਸਿੰਘ (ਮਾਨਸਾ), ਮੇਜਰ ਸਿੰਘ (ਤਲਵੰਡੀ ਸਾਬੋ), ਤਰਲੋਕ ਸਿੰਘ, ਅਜਾਇਬ ਸਿੰਘ, ਸੁਰਿੰਦਰ ਸਿੰਘ, ਮਨਜੀਤ ਸਿੰਘ ਗ੍ਰਿਫ਼ਤਾਰ ਕੀਤੇ ਗਏ।

12 ਜੁਲਾਈ ਨੂੰ ਚਮਕੌਰ ਸਿੰਘ (ਰੋਡੇ) ਦਾ ਸਹੁਰਾ ਕਰਤਾਰ ਸਿੰਘ, ਸੱਸ ਬੀਬੀ ਸੁਰਜੀਤ ਕੌਰ ਤੇ ਸਾਲਾ ਅਰੂੜ ਸਿੰਘ ਗ੍ਰਿਫ਼ਤਾਰ ਕਰ ਲਏ ਗਏ। ਮੋਗੇ ਵਿਚ ਕਾਂਗਰਸੀ ਦਰਸ਼ਨ ਸਿੰਘ ਬਰਾੜ ਤੇ ਹਿੰਮਤਪੁਰਾ ਦਾ ਸਰਪੰਚ ਨਛੱਤਰ ਸਿੰਘ ਦਹਿਸ਼ਤਪਸੰਦ ਆਖ ਕੇ ਫੜ ਲਏ ਗਏ। ਇਸੇ ਦਿਨ ਫਰੀਦਕੋਟ ਵਿਚ ਦਰਸ਼ਨ ਸਿੰਘ (ਬਿਧੀਪੁਰ) ਤੇ ਚਤਰ ਸਿੰਘ (ਹਿੰਮਤਪੁਰ) ਫੜੇ ਗਏ। ਪਟਿਆਲਾ (ਮੁਹੱਲਾ ਜੱਟਾਂਵਾਲਾ ਚਬੂਤਰਾ) ਵਿਚ ਦਿਲਬਾਗ ਸਿੰਘ, ਸਰਬਜੀਤ ਸਿੰਘ ਉਰਫ਼ ਬੌਬੀ ਫੜੇ ਗਏ। ਰਮਦਾਸ ਥਾਣੇ ਵਿਚ ਗੁਰਨਾਮ ਸਿੰਘ, ਗੁਰਦੀਪ ਸਿੰਘ, ਮੋਗਾ ਵਿਚ ਬਲਵਿੰਦਰ ਸਿੰਘ ਬੁਟਰ ਦਾ ਭਰਾ ਦਰਸ਼ਨ ਸਿੰਘ ਗ੍ਰਿਫ਼ਤਾਰ ਕੀਤੇ ਗਏ।

14 ਜੁਲਾਈ ਨੂੰ ਮੋਗਾ 'ਚ ਜੋਗਿੰਦਰ ਸਿੰਘ (ਸਾਧੂ ਸਿੰਘ ਵਾਲਾ), ਜਗਤਾਰ ਸਿੰਘ (ਪੁੜਕੋਟ), ਅਮਰੀਕ ਸਿੰਘ (ਮਚਾਕੀ), ਦੇਵ ਸਿੰਘ, ਮਲਕੀਅਤ ਸਿੰਘ (ਜੀਊਣਵਾਲਾ), ਬਲਬੀਰ ਸਿੰਘ (ਮਾਨਕਪੁਰ ਜਲੰਧਰ) ਗ੍ਰਿਫ਼ਤਾਰ ਕੀਤੇ ਗਏ। 15 ਨੂੰ ਕਪੂਰਥਲਾ ਵਿਚ ਮਨਜੀਤ ਸਿੰਘ ਮਨਜਾਰੀ (ਬੰਗਾ), ਸਰਬਜੀਤ ਸਿੰਘ (ਨੰਗਲ ਫਤਹਿ ਖ਼ਾਨ), ਰੂਪਿੰਦਰ ਸਿੰਘ ਰੂਪੀ (ਖਲਵਾੜਾ ਗੇਟ), ਕੁਲਦੀਪ ਸਿੰਘ ਭੀਮਾ, ਬਲਵਿੰਦਰ ਸਿੰਘ, ਗੁਰਮੇਜ ਸਿੰਘ (ਫੱਤੂਢੀਂਗਾ), ਬਲਜਿੰਦਰ ਸਿੰਘ (ਅਲੌਦੀਪੁਰ) ਗ੍ਰਿਫ਼ਤਾਰ ਕੀਤੇ ਗਏ। 16 ਨੂੰ ਹਰਜਿੰਦਰ ਸਿੰਘ (ਛੋਟਾਪੁਰ), ਬਿੰਦਰ ਸਿੰਘ (ਚੋਧਰੀਵਾਲਾ), ਲਾਭ ਸਿੰਘ (ਬੈਰੇਕੀ), ਸੁਖਦੇਵ ਸਿੰਘ (ਮੋਗਾ), ਨਿਸ਼ਾਨ ਸਿੰਘ, ਮਨਿੰਦਰ ਸਿੰਘ (ਮਮਦੋਟ) ਗੁਰਦਿਆਲ ਸਿੰਘ (ਮੁਦੀ ਬੈਰੇਕੇ), ਕਪੂਰਥਲਾ 'ਚ ਸੰਤੋਖ ਸਿੰਘ, ਜੁਗਰਾਜ ਸਿੰਘ, ਜਗੀਰ ਸਿੰਘ, ਲੁਧਿਆਣਾ ਵਿਚ ਬਲਵਿੰਦਰ ਸਿੰਘ ਬੱਬੂ, ਜਸਬੀਰ ਸਿੰਘ, ਕਾਹਨੂੰਵਾਨ ਵਿਚ ਨਰਿੰਦਰ ਸਿੰਘ, ਭੂਪਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸ ਲਹਿਰ ਨੂੰ ਬਹੁਤ ਵੱਡਾ ਘਾਟਾ ਉਦੋਂ

ਪਿਆ ਜਦ 17 ਜੁਲਾਈ ਨੂੰ ਸੁਖਦੇਵ ਸਿੰਘ ਸੁੱਖਾ (ਜਨਰਲ ਲਾਭ ਸਿੰਘ) ਵੀ ਫੜਿਆ ਗਿਆ।

ਦਰਬਾਰ ਸਾਹਿਬ 'ਤੇ ਫਿਰ ਪੁਲੀਸ ਧਾਵਾ

18 ਜੁਲਾਈ ਨੂੰ ਪੁਲੀਸ ਵੱਲੋਂ ਦਰਬਾਰ ਸਾਹਿਬ 'ਤੇ ਫੇਰ ਹਮਲਾ ਕੀਤਾ ਗਿਆ ਤੇ 50 ਸਿੱਖ ਗ੍ਰਿਫ਼ਤਾਰ ਕਰ ਲਏ। ਇਸੇ ਦਿਨ ਜੰਡਿਆਲਾ ਵਿਚ ਭੂਪਿੰਦਰ ਸਿੰਘ ਭਿੰਡੀ (ਉੜਮੁੜ ਟਾਂਡਾ), ਅਜੀਤ ਸਿੰਘ ਜੀਤੀ (ਜਗਦੇਵ ਕਲਾਂ), ਲਖਵਿੰਦਰ ਸਿੰਘ ਲੱਖਾ (ਬਾਣੀਆਂ), ਫਰੀਦਕੋਟ ਵਿਚ ਅਮਰਜੀਤ ਸਿੰਘ (ਬੁਧ ਸਿੰਘ ਵਾਲਾ), ਬੁਧ ਸਿੰਘ (ਠੱਕੀਭਾਈ ਕਾ), ਮੱਘਰ ਸਿੰਘ (ਗੰਗਾਨਗਰ) ਗ੍ਰਿਫ਼ਤਾਰ ਹੋਏ। ਇੱਕੀ ਜੁਲਾਈ ਨੂੰ ਬਟਾਲੇ ਕੋਲ ਨਿਸ਼ਾਨ ਸਿੰਘ (ਕੋਟਲਾ), ਗੁਰਮੇਜ ਸਿੰਘ (ਫੈਸਲਾਬਾਦ), ਕੇਵਲ ਸਿੰਘ, ਮੇਜਾ ਸਿੰਘ (ਛੋਟਾ ਸੀਟਾ ਪਿੰਡ), ਫਰੀਦਕੋਟ ਵਿਚ ਹਰਜਿੰਦਰ ਸਿੰਘ (ਪੰਜ ਗਰਾਈ), ਜੋਗਿੰਦਰ ਸਿੰਘ (ਲੋਹਾਮ) ਸੁਖਦੇਵ ਸਿੰਘ ਫੇੜੇ ਖੁਰਦ, ਗੁਰਦੇਵ ਸਿੰਘ (ਕੋਟਕਪੂਰਾ) ਗ੍ਰਿਫ਼ਤਾਰ ਕੀਤੇ ਗਏ। ਜ਼ਾਲਮ ਗਵਰਨਰ ਸਿਧਾਰਥ ਸ਼ੰਕਰ ਰੇਅ ਦੇ ਗਵਰਨਰ ਬਣਨ ਤੋਂ ਬਾਅਦ ਦਰਬਾਰ ਸਾਹਿਬ 'ਤੇ ਇਹ ਤੀਜਾ ਹਮਲਾ ਸੀ। ਇਸੇ ਦਿਨ ਗੁਰਦਾਸਪੁਰ ਵਿਚ ਖ਼ਜ਼ਾਨ ਸਿੰਘ, ਧਾਰੀਵਾਲ ਵਿਚ ਦਲਬੀਰ ਸਿੰਘ, ਅਜੀਤ ਸਿੰਘ, ਅਵਤਾਰ ਸਿੰਘ, ਬਲਬੀਰ ਸਿੰਘ (ਅਰਨਾ ਖੁਰਦ), ਜਗਤਾਰ ਸਿੰਘ (ਅਰਨਾ ਕਲਾਂ) ਵੀ ਗ੍ਰਿਫ਼ਤਾਰ ਕਰ ਲਏ ਗਏ।

22 ਜੁਲਾਈ ਨੂੰ ਰੋਪੜ ਵਿਚ ਮੇਜਰ ਸਿੰਘ ਰੋਡਾ (ਖੈਰ ਪਿੰਡ ਕੁਰਾਲੀ), ਪਰਮਜੀਤ ਸਿੰਘ ਉਰਫ਼ ਭਿੰਦੀ ਉਰਫ਼ ਕਾਲੀਆ (ਗੋਬਿੰਦ ਨਗਰ, ਅੰਮ੍ਰਿਤਸਰ), ਗੁਰਦਿਆਲ ਸਿੰਘ ਉਰਫ਼ ਦਿਆਲ ਉਰਫ਼ ਮਨਜੀਤ ਉਰਫ਼ ਮਹਿੰਦਰ (ਨਿਜ਼ਾਲ ਸੰਗਰੂਰ) ਕਈ ਕਤਲਾਂ 'ਚ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਅਜੀਤ ਸਿੰਘ, ਪਰਮਿੰਦਰ ਸਿੰਘ (ਜੌਹਲ), ਫਗਵਾੜੇ ਵਿਚ ਸ਼ਮਸ਼ੇਰ ਸਿੰਘ, ਗੁਰਜੰਟ ਸਿੰਘ ਬਠਿੰਡੇ ਵਿਚ ਫੜੇ ਗਏ। ਤੇਈ ਜੁਲਾਈ ਨੂੰ ਫਰੀਦਕੋਟ ਵਿਚ ਸਵਰਨ ਸਿੰਘ, ਕੰਵਲਜੀਤ ਸਿੰਘ, ਮੰਨਾ ਸਿੰਘ (ਬਰਗਾੜੀ), ਗੁਰਦੇਵ ਸਿੰਘ (ਮਢੀਰ), ਗੁਰਮੀਤ ਸਿੰਘ (ਸਾਹੋਕੇ) ਗ੍ਰਿਫ਼ਤਾਰ ਹੋਏ। 22 ਜੁਲਾਈ ਨੂੰ ਪੁਲੀਸ ਨੇ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ 'ਤੇ ਹਮਲਾ ਕਰ ਕੇ 6 ਸਿੱਖ ਫੜ ਲਏ ਗਏ। ਇਹ ਸਨ: ਫ਼ੈਡਰੇਸ਼ਨ ਦਾ ਪ੍ਰਧਾਨ ਨਿਹੰਗ ਜਗਜੀਤ ਸਿੰਘ, ਉਸ ਦਾ ਭਰਾ ਹਰਭਜਨ ਸਿੰਘ, ਇਲੈਕਟ੍ਰੀਸ਼ੀਅਨ ਸਤਨਾਮ ਸਿੰਘ, ਜਸਵੰਤ ਸਿੰਘ, ਸੁਖਦੇਵ ਸਿੰਘ, ਗੁਰਮੀਤ ਸਿੰਘ। ਚੌਵੀ ਜੁਲਾਈ ਨੂੰ ਹਰਭਜਨ ਸਿੰਘ (ਬਾਲਪੁਰੀਆ) ਕਾਹਨੂੰਵਾਨ ਕੋਲ ਗ੍ਰਿਫ਼ਤਾਰ ਕੀਤਾ ਗਿਆ। ਪੰਝੀ ਜੁਲਾਈ ਨੂੰ ਬਲਵਿੰਦਰ ਸਿੰਘ ਤੇ ਮੰਗਤ ਸਿੰਘ ਗ੍ਰਿਫ਼ਤਾਰ ਕੀਤੇ ਗਏ। ਛੱਬੀ ਜੁਲਾਈ ਨੂੰ ਮੋਗੇ ਵਿਚ ਹਰਭਜਨ ਸਿੰਘ, ਮਹਿੰਦਰ ਸਿੰਘ, ਬਿੱਕਰ ਸਿੰਘ, ਬਾਘਾ ਪੁਰਾਣਾ ਵਿਚ ਭੋਲਾ ਸਿੰਘ, ਪਿਆਰ ਸਿੰਘ, ਕਰਨੈਲ ਸਿੰਘ, ਫਰੀਦਕੋਟ ਵਿਚ ਸ਼ਮਸ਼ੇਰ ਸਿੰਘ (ਰਾਜੋਆਣਾ), ਗੁਰਮੀਤ ਸਿੰਘ (ਸਾਹੋਕੇ), ਮਨਜੀਤ ਸਿੰਘ (ਫੂਲੇਵਾਲਾਂ), ਜਸਵਿੰਦਰ ਸਿੰਘ (ਫਿਕਲੇ ਖੁਰਦ) ਤੇ 4 ਹੋਰ ਫੜੇ ਗਏ।

ਹਰਜਿੰਦਰ ਸਿੰਘ ਜਿੰਦਾ ਨੇ ਇਕ ਬਿਆਨ ਵਿਚ ਆਖਿਆ ਕਿ 17 ਜੁਲਾਈ ਨੂੰ ਜਰਨੈਲ ਲਾਭ ਸਿੰਘ ਫੜਿਆ ਗਿਆ ਹੈ। ਜੇ ਉਸ ਨੂੰ ਨਕਲੀ ਮਕਾਬਲੇ ਵਿਚ ਖਤਮ ਕੀਤਾ ਤਾਂ 5000 ਹਿੰਦੂਆਂ ਨੂੰ ਕਤਲ ਕੀਤਾ ਜਾਵੇਗਾ। ਉਨ੍ਹਾਂ ਰਣਜੀਤ ਸਿੰਘ ਰਾਣਾ ਨੂੰ ਕਤਲ ਕਰਨ ਦੀ ਭਾਜੀ ਮੋੜਨ ਦਾ ਵੀ ਐਲਾਨ ਕੀਤਾ।

27 ਜੁਲਾਈ ਨੂੰ ਤਲਵੰਡੀ ਸਾਬੋ ਵਿਚ ਨਿਰਮਲ ਸਿੰਘ, ਬਘੇਲ ਸਿੰਘ, ਬੀਬੀ ਬਲਵਿੰਦਰ ਕੌਰ ਫੜੇ ਗਏ। ਅਠਾਈ ਜੁਲਾਈ ਨੂੰ ਸੁਰਿੰਦਰ ਸਿੰਘ ਛਿੰਦਾ ਜਲੰਧਰ ਤੋਂ, ਗੁਰਮਿੰਦਰ ਸਿੰਘ (ਸੰਤ

ਨਗਰ ਗੁਰਦਾਸਪੁਰ), ਸੁਰਜੀਤ ਸਿੰਘ (ਕਾਦੀਆਂ ਵਾਲੀ), ਕਪੂਰਥਲੇ ਤੋਂ ਸਤਵਿੰਦਰ ਸਿੰਘ (ਸਿਧਵਾਂ ਦੋਨਾ), ਅਰਵਿੰਦਰ ਸਿੰਘ (ਕੱਸੇਚਾਹਲ), ਜਸਵੰਤ ਸਿੰਘ ਉਰਫ਼ ਜੱਸਾ ਉਰਫ਼ ਕਾਕਾ ਗ੍ਰਿਫ਼ਤਾਰ ਹੋਏ। ਬਾਘਾ ਪੁਰਾਣਾ ਤੋਂ ਸੀਤਾ ਸਿੰਘ (ਗੰਗਾ ਨਗਰ), ਹਰਬੰਸ ਸਿੰਘ ਪਿੰਕਾ, ਵੀਰ ਸਿੰਘ (ਰਾਊ ਕੇ), ਨਵਦੀਪ ਸਿੰਘ, ਸੁਖਮਿੰਦਰ ਸਿੰਘ (ਬੁਰਜਮ ਮੀਰਾ) ਗ੍ਰਿਫ਼ਤਾਰ ਕੀਤੇ ਗਏ।

29 ਜੁਲਾਈ ਨੂੰ ਮਕਾਬਲੇ ਦੇ ਨਾਂ 'ਤੇ ਲਖਵਿੰਦਰ ਸਿੰਘ (ਜਦੂਪੁਰ ਸੇਖਵਾਂ), ਬਲਜੀਤ ਸਿੰਘ (ਲਸ਼ਕਰੀ ਨੰਗਲ) ਬਟਾਲੇ 'ਚ ਫੜੇ ਗਏ। ਇਸੇ ਦਿਨ ਨਕੋਦਰ ਫੈਡਰੇਸ਼ਨ ਦਾ ਪਰਧਾਨ ਕੁਲਬੀਰ ਸਿੰਘ ਖਾਲਸਾ, ਬਲਵਿੰਦਰ ਸਿੰਘ ਪੁਤਰ ਹਰਬੰਸ ਸਿੰਘ (ਗਹੀਰਾਂ), ਕੁਲਵੰਤ ਸਿੰਘ ਉਰਫ਼ ਕੰਤਾ (ਉਮਰਪੁਰ) ਕਤਲ ਕੇਸਾਂ ਵਿਚ ਗ੍ਰਿਫ਼ਤਾਰ ਹੋਏ। ਪਟਿਆਲੇ ਵਿਚ ਜਗਤਾਰ ਸਿੰਘ (ਘਿਊਰਾ ਕਮਾਲਪੁਰ), ਹਰਭਜਨ ਸਿੰਘ, ਮੁਹਿੰਦਰ ਸਿੰਘ, ਬਿੱਕਰ ਸਿੰਘ ਅਸਲੇ ਸਣੇ ਗ੍ਰਿਫ਼ਤਾਰ ਹੋਏ। ਤੀਹ ਜੁਲਾਈ ਨੂੰ ਹੀਰਾ ਸਿੰਘ ਨੂੰ ਦਿੱਲੀ ਦੇ ਦੋ ਜਨਸੰਘੀਆਂ ਦੇ ਕਤਲ ਕੇਸ ਵਿਚ ਗ੍ਰਿਫ਼ਤਾਰ ਕੀਤਾ ਗਿਆ। ਇਕੱਤੀ ਜੁਲਾਈ ਨੂੰ ਬਰਨਾਲਾ ਵਿਚ ਗੁਰਮੀਤ ਸਿੰਘ (ਕਲਿਆਣ ਮਲਿਕ), ਜੋਗਾ ਸਿੰਘ, ਹਰਮਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ। ਇਸੇ ਦਿਨ ਜਸਪਾਲ ਸਿੰਘ (ਕੈਦੇਵਾਲੀ) ਅੰਮ੍ਰਿਤਸਰ ਖਾਦ ਲੈਣ ਗਏ ਨੂੰ ਸੀ.ਆਰ.ਪੀ.ਐਫ਼. ਨੇ ਸ਼ੇਰਾਂਵਾਲਾ ਗੇਟ ਕੋਲ ਫੜਿਆ ਅਤੇ ਲਾਪਤਾ ਕਰ ਦਿੱਤਾ।

ਹਰਿਆਣੇ 'ਚ ਚੌ: ਦੇਵੀ ਲਾਲ ਦੀ ਜਿੱਤ ਅਤੇ ਅਕਾਲੀ

ਹਰਿਆਣੇ 'ਚ 17 ਜੂਨ ਨੂੰ ਅਸੈਂਬਲੀ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਚੌਧਰੀ ਦੇਵੀ ਲਾਲ ਦੀ ਪਾਰਟੀ 85 ਵਿਚੋਂ 58 ਸੀਟਾਂ ਲੈ ਗਈ ਤੇ ਕਾਂਗਰਸ ਨੂੰ ਸਿਰਫ਼ 5 ਸੀਟਾਂ ਮਿਲੀਆਂ। ਅਕਾਲੀਆਂ ਅਤੇ (ਪ੍ਰੋ:) ਦਰਸ਼ਨ ਸਿੰਘ ਰਾਗੀ ਨੇ ਦੇਵੀ ਲਾਲ ਦੀ ਰਜਵੀਂ ਤਾਰੀਫ਼ ਕੀਤੀ ਤੇ ਚੋਣਾਂ ਵਿਚ ਮਦਦ ਵੀ ਕੀਤੀ ਸੀ। *(ਮਗਰੋਂ ਦੇਵੀ ਲਾਲ ਨੇ ਰਾਗੀ ਦਰਸ਼ਨ ਸਿੰਘ 'ਤੇ ਚਲ ਰਹੇ ਮੁਕੱਦਮੇ ਵਾਪਿਸ ਲੈ ਲਏ)*।

ਇਸ ਮਗਰੋਂ (ਪ੍ਰੋ:) ਦਰਸ਼ਨ ਸਿੰਘ ਦੀਆਂ ਤਕਰੀਰਾਂ ਦਾ ਤਰੀਕਾ ਵੀ ਨਰਮ ਹੋ ਗਿਆ। ਉਸ ਨੇ 3 ਜੁਲਾਈ 1987 ਦੇ ਦਿਨ ਇਕ ਬਿਆਨ ਵਿਚ ਕਿਹਾ ਕਿ ''ਪੰਜਾਬ ਹਮਲੇ ਦਾ ਹੱਲ ਬੰਦੂਕਾਂ ਨਹੀਂ ਹੈ। ਇਹ ਮਸਲਾ ਗੱਲ ਬਾਤ ਨਾਲ ਹੱਲ ਹੋਵੇਗਾ। ਅਜ ਤਰਕ (ਦਲੀਲ) ਦਾ ਜ਼ਮਾਨਾ ਹੈ। ਅਜੇ ਅਸੀਂ ਖਾਲਿਸਤਾਨ ਨਹੀਂ ਮੰਗਦੇ।'' ਇਸ ਦੇ ਨਾਲ ਹੀ ਪ੍ਰੋ: ਨੇ 4 ਅਗਸਤ 1987 ਦੇ ਦਿਨ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸਾਰੇ ਖਾੜਕੂ ਧੜਿਆਂ, ਅਕਾਲੀ ਦਲਾਂ, ਨੌਜਵਾਨ ਜਥੇਬੰਦੀਆਂ ਤੇ ਹੋਰ ਪੰਥ-ਦਰਦੀਆਂ ਦੀ ਇਕ ਕਨਵੈਨਸ਼ਨ ਬੁਲਾ ਲਈ। ਕਨਵੈਨਸ਼ਨ ਦੇ ਅਜੰਡੇ ਵਿਚ 'ਜੋਧਪੁਰ ਦੇ ਕੈਦੀ ਸਿੰਘਾਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ, ਬੇਗੁਨਾਹ ਸਿੱਖਾਂ ਦੇ ਕਤਲ ਬੰਦ ਕਰਨ' ਦੇ ਨੁਕਤਿਆਂ ਨੂੰ ਸ਼ਾਮਿਲ ਕੀਤਾ ਗਿਆ ਸੀ।

ਪ੍ਰੋ: ਵਲੋਂ ਐਲਾਨੀ ਕਨਵੈਨਸ਼ਨ ਵਿਚ ਅਜੇ ਇਕ ਮਹੀਨਾ ਅਜੇ ਬਾਕੀ ਸੀ। ਇਸ ਇਕ ਮਹੀਨੇ ਵਿਚ ਰਬੈਰੋ ਨੇ ਘੱਟੋ-ਘੱਟ 500 ਨੌਜਵਾਨ ਫੜ ਕੇ ਜੇਲ੍ਹਾਂ ਵਿਚ ਸੁੱਟ ਦਿੱਤੇ। ਇਸ ਤੋਂ ਇਲਾਵਾ ਕਈ ਨੌਜਵਾਨ ਘਰੋਂ ਫੜ ਕੇ ਨਕਲੀ ਪੁਲੀਸ ਮੁਕਾਬਲਾ ਬਣਾ ਕੇ ਕਤਲ ਵੀ ਕੀਤੇ ਗਏ। ਵਜ਼ੀਰ ਬੂਟਾ ਸਿੰਘ ਨੇ ਅਗਸਤ ਦੇ ਪਹਿਲੇ ਹਫ਼ਤੇ ਲੋਕ ਸਭਾ 'ਚ ਮੰਨਿਆ ਕਿ 1 ਜਨਵਰੀ ਤੋਂ 31 ਜੁਲਾਈ 1987 ਤਕ ਪੁਲੀਸ ਨੇ 235 ਸਿੱਖ ਨੌਜਵਾਨ ਕਤਲ ਕੀਤੇ ਹਨ। ਉਂਵ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਸੀ।

4 ਅਗਸਤ 1987 ਦੀ (ਪ੍ਰੋ) ਦਰਸ਼ਨ ਸਿੰਘ ਦੀ ਕਨਵੈਨਸ਼ਨ

ਪ੍ਰੋ:ਦਰਸ਼ਨ ਸਿੰਘ (ਰਾਗੀ) ਵਲੋਂ ਬੁਲਾਈ ਗਈ 4 ਅਗਸਤ ਦੀ ਕਨਵੈਨਸ਼ਨ ਵਿਚ ਸ਼ਾਮਿਲ ਹੋਣ ਵਾਲੇ ਹਰ ਸ਼ਖ਼ਸ ਦੀ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਕਾਰਕੁੰਨਾਂ ਵੱਲੋਂ ਸਕਰੀਨਿੰਗ ਕੀਤੀ ਗਈ। ਕਨਵੈਨਸ਼ਨ ਦਾ ਏਜੰਡਾ ਜੋਧਪੁਰ ਕੈਦੀਆਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ ਤੇ ਬੇਗੁਨਾਹ ਸਿੱਖਾਂ ਦੇ ਕਤਲ ਰੋਕਣਾ ਐਲਾਨ ਕੀਤਾ ਗਿਆ ਸੀ। ਪਰ ਜਿਉਂ ਹੀ ਕਨਵੈਨਸ਼ਨ ਦੀ ਕਾਰਵਾਈ ਸ਼ੁਰੂ ਹੋਈ ਪ੍ਰੋ: ਦਰਸ਼ਨ ਸਿੰਘ ਨੇ ਬੁਲਾਰਿਆਂ ਨੂੰ ਸਿਰਫ਼ ਤਿੰਨ ਨੁਕਤਿਆਂ 'ਤੇ ਵਿਚਾਰ ਕਰਨ ਲਈ ਆਖਿਆ। ਇਹ ਨੁਕਤੇ ਸਨ : ਪੰਥ ਦਾ ਨਿਸ਼ਾਨਾ ਕੀ ਹੈ? ਇਸ ਨੂੰ ਹਾਸਿਲ ਕਿਵੇਂ ਕੀਤਾ ਜਾਏ? ਇਸ ਜੱਦੋਜਹਿਦ ਦੀ ਅਗਵਾਈ ਕੌਣ ਕਰੇ?

ਇਸ ਕਨਵੈਨਸ਼ਨ ਵਿਚ ਵਿਚ ਫ਼ੈਡਰੇਸ਼ਨ ਦੀਆਂ ਦੋਵੇਂ ਪਾਰਟੀਆਂ, ਭਿੰਡਰਾਂਵਾਲੇ ਟਾਈਗਰਜ਼, ਬੱਬਰ ਖਾਲਸਾ, ਖਾਲਿਸਤਾਨ ਕਮਾਂਡੋ ਫ਼ੋਰਸ, ਖਾਲਿਸਤਾਨ ਲਿਬਰੇਸ਼ਨ ਫ਼ੋਰਸ ਤੇ ਕਈ ਹੋਰ ਸਿੱਖ ਜਥੇਬੰਦੀਆਂ ਹਾਜ਼ਿਰ ਨਹੀਂ ਸਨ। ਪਰ ਕਈ ਖਾੜਕੂ ਇਸ ਮੌਕੇ 'ਤੇ ਹਾਜ਼ਿਰ ਵੀ ਸਨ। ਇਨ੍ਹਾਂ ਵਿਚੋਂ ਕਈ ਭੇਸ ਬਦਲ ਕੇ ਪੁੱਜੇ ਹੋਏ ਸਨ। ਸਰਕਾਰ ਨੇ ਇਸ ਮੌਕੇ 'ਤੇ ਫ਼ੋਰਸਿਜ਼ ਨੂੰ ਹਟਾ ਲਿਆ ਸੀ ਤਾਂ ਜੋ ਖਾੜਕੂ ਆਗੂ ਇਸ ਮੌਕੇ 'ਤੇ ਪਹੁੰਚ ਸਕਣ ਅਤੇ ਸ਼ਾਇਦ ਪ੍ਰੋ: ਦਰਸ਼ਨ ਸਿੰਘ ਉਨ੍ਹਾਂ ਨੂੰ ਮਨਾ ਸਕੇ।

ਖਾੜਕੂ ਜਥੇਬੰਦੀਆਂ ਨੂੰ ਸਭ ਤੋਂ ਪਹਿਲਾਂ ਵਕਤ ਦਿੱਤਾ ਗਿਆ। ਉਨ੍ਹਾਂ ਸਾਰਿਆਂ ਨੇ ਇਹੀ ਆਖਿਆ ਕਿ "ਪੰਥ ਦਾ ਨਿਸ਼ਾਨਾ ਖਾਲਿਸਤਾਨ ਪਹਿਲੋਂ ਹੀ ਮਿੱਥਿਆ ਜਾ ਚੁੱਕਾ ਹੈ। ਸੋ, ਨਵੇਂ ਐਲਾਨ ਦੀ ਕੋਈ ਜ਼ਰੂਰਤ ਨਹੀਂ।" ਦੂਜੇ ਪਾਸੇ ਅਕਾਲੀਆਂ ਨੇ ਪੰਥ ਵਾਸਤੇ 'ਨਵੇਂ ਪ੍ਰੋਗਰਾਮ' ਦੀ ਧੁਨ ਜਾਰੀ ਰਖੀ। ਪਰ ਇਸ ਦੇ ਬਾਵਜੂਦ ਖਾੜਕੂ-ਸੁਰ ਭਾਰੀ ਰਹੀ। ਅਖ਼ੀਰ (ਪ੍ਰੋ:) ਦਰਸ਼ਨ ਸਿੰਘ ਨੇ ਮਾਈਕ ਹੱਥ ਵਿਚ ਫੜ ਕੇ ਆਖਣਾ ਸ਼ੁਰੂ ਕੀਤਾ, "ਰਾਜ ਸ਼ਸਤਰਾਂ (ਹਥਿਆਰਾਂ) ਦੇ ਅਧੀਨ ਹੀ ਹੁੰਦਾ ਹੈ ਪਰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਸ਼ਸਤਰ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਜਿਸ ਵੇਲੇ ਦੀ ਗੱਲ ਖਾੜਕੂ ਕਰਦੇ ਹਨ, ਉਸ ਵੇਲੇ ਦੇ ਸ਼ਸਤਰ ਮਨੁੱਖ ਨੂੰ ਕਤਲ ਕਰਨ ਦੀ ਸਮਰੱਥਾ ਰੱਖਦੇ ਸਨ, ਪਰ ਅਜ ਸਮਾਂ ਵਿਚਾਰ ਤੇ ਵੋਟ ਦਾ ਹੈ। ਅੱਜ ਤੁਹਾਨੂੰ ਰਾਜ ਹਥਿਆਉਣ ਵਾਸਤੇ ਵਿਚਾਰ ਤੇ ਵੋਟ ਦੇ ਸ਼ਸਤਰ ਵਰਤਣੇ ਪੈਣਗੇ ਤਾਂ ਹੀ ਰਾਜ ਦੀ ਪ੍ਰਾਪਤੀ ਹੋ ਸਕਦੀ ਹੈ।" ਇਨ੍ਹਾਂ ਲਫ਼ਜ਼ ਦਾ ਜਵਾਬ ਦੇਂਦਿਆਂ ਕੁਝ ਖਾੜਕੂਆਂ ਨੇ ਆਖਿਆ ਕਿ ਉਹ 'ਸਰਕਾਰੀਆਂ' ਦੀ ਬੋਲੀ ਬੋਲਦਾ ਹੈ।

ਕਨਵੈਨਸ਼ਨ ਦੇ ਅਖ਼ੀਰ ਵਿਚ ਅਕਾਲੀਆਂ ਨੇ ਇਕ ਮਤਾ ਪੇਸ਼ ਕੀਤਾ, ਜਿਸ ਦੇ ਲਫ਼ਜ਼ ਸਨ: "ਸਿੱਖ ਪੰਥ ਦਾ ਨਿਸ਼ਾਨਾ ਉੱਤਰੀ ਭਾਰਤ ਵਿਚ ਅਜਿਹਾ ਇਲਾਕਾ ਤੇ ਸਿਆਸੀ ਢਾਂਚਾ ਹਾਸਿਲ ਕਰਨਾ ਹੈ, ਜਿੱਥੇ ਸਿੱਖ ਪੂਰੀ ਆਜ਼ਾਦੀ ਮਾਣ ਸਕਣ। ਇਸ ਦੇ ਹਾਸਿਲ ਕਰਨ ਵਾਸਤੇ ਅਗਵਾਈ ਅਕਾਲ ਤਖ਼ਤ ਸਾਹਿਬ ਕੋਲ ਹੋਵੇ।" ਇਸ ਦੇ ਨਾਲ ਹੀ ਪ੍ਰੋ: ਦਰਸ਼ਨ ਸਿੰਘ ਨੇ ਖਾੜਕੂਆਂ ਨਾਲ ਰਾਬਤਾ ਕਾਇਮ ਕਰਨ ਵਾਸਤੇ ਇਕ ਕਮੇਟੀ ਵੀ ਬਣਾਈ। ਇਸ ਕਮੇਟੀ ਵਿਚ ਹੋਰਨਾਂ ਤੋਂ ਇਲਾਵਾ ਕਾਮਰੇਡ ਜਸਵੰਤ ਸਿੰਘ ਕੰਵਲ ਵੀ ਸ਼ਾਮਿਲ ਸੀ। ਖਾੜਕੂਆਂ ਨੇ ਇਸ ਕਨਵੈਨਸ਼ਨ ਦਾ ਮਤਾ 'ਪੰਜਾਬੀ ਸੂਬਾ ਵਰਗਾ' ਗਰਦਾਨ ਕੇ ਰੱਦ ਕਰ ਦਿੱਤਾ। ਸਾਰੀਆਂ ਖਾੜਕੂ ਜਥੇਬੰਦੀਆਂ: ਬੱਬਰ ਖਾਲਸਾ, ਪੰਥਕ ਕਮੇਟੀ, ਖਾਲਿਸਤਾਨ ਲਿਬਰੇਸ਼ਨ ਫ਼ੋਰਸ, ਖਾਲਿਸਤਾਨ ਕਮਾਂਡੋ ਫ਼ੋਰਸ,

ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਗੁਰਜੀਤ ਸਿੰਘ), ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖਾਲਿਸਤਾਨ ਤੇ ਹੋਰਾਂ ਨੇ ਇਸ ਮਤੇ ਨੂੰ ਰੱਦ ਕਰ ਦਿੱਤਾ। ਉਨ੍ਹਾਂ ਆਖਿਆ ਕਿ ਸਾਡਾ ਨਿਸ਼ਾਨਾ ਸਿਰਫ਼ ਖਾਲਿਸਤਾਨ ਹੈ ਤੇ ਇਸ ਦੀ ਅਗਵਾਈ ਬੇਸ਼ੱਕ ਅਕਾਲ ਤਖ਼ਤ ਸਾਹਿਬ ਦੇ ਨਾਂ 'ਤੇ ਪ੍ਰੋ: ਦਰਸ਼ਨ ਸਿੰਘ ਕਰ ਲੈਣ।

ਖਾੜਕੂਆਂ ਮੁਤਾਬਿਕ ਪ੍ਰੋ: ਦਰਸ਼ਨ ਸਿੰਘ ਸਿੱਖ ਨੌਜਵਾਨਾਂ ਨੂੰ 'ਸ਼ਸਤਰ' ਅਤੇ 'ਸ਼ਾਸਤਰ' ਦੇ ਲਫ਼ਜ਼ਾਂ ਵਿਚ ਉਲਝਾ ਕੇ ਉਨ੍ਹਾਂ ਦਾ ਧਿਆਨ ਤੇ ਤਾਕਤ ਵੰਡਣਾ ਚਾਹੁੰਦਾ ਸੀ, ਜਿਸ ਵਿਚ ਉਹ ਪੂਰੀ ਤਰ੍ਹਾਂ ਨਾਕਾਮ ਰਿਹਾ ਸੀ। ਉਸ ਦਾ ਨਿਸ਼ਾਨਾ ਸੀ ਕਿ ਜੇ ਅਕਾਲ ਤਖ਼ਤ ਨੂੰ ਅਗਵਾਈ ਸੌਂਪੀ ਗਈ ਤਾਂ ਉਹ 'ਹੁਕਮਨਾਮਾ' ਜਾਰੀ ਕਰ ਕੇ ਸਰਕਾਰ ਨਾਲ ਕੀਤਾ ਸਮਝੌਤਾ ਖਾੜਕੂਆਂ ਤੇ ਲਾਗੂ ਕਰ ਸਕਦਾ ਸੀ।

ਜਦੋਂ ਜੁਝਾਰੂਆਂ ਨੇ ਅਖਾਉਤੀ ਤੌਰ 'ਤੇ ਪਾਸ ਹੋਇਆ ਮਤਾ ਰੱਦ ਕਰ ਦਿਤਾ ਅਤੇ ਜਦੋਂ ਖਾੜਕੂਆਂ ਨੇ ਪ੍ਰੋ: ਦਰਸ਼ਨ ਸਿੰਘ 'ਤੇ 'ਸਰਕਾਰੀਏ' ਦਾ ਲੇਬਲ ਲਾ ਦਿੱਤਾ ਤਾਂ ਤਿੰਨ ਦਿਨ ਮਗਰੋਂ 8 ਅਗਸਤ ਨੂੰ ਪ੍ਰੋ: ਦਰਸ਼ਨ ਸਿੰਘ ਆਪਣੇ ਘਰ ਜ਼ੀਰਕਪੁਰ, ਚਲਾ ਗਿਆ ਤੇ ਜਾਣ ਵੇਲੇ ਉਸ ਨੇ ਐਲਾਨ ਕੀਤਾ ਕਿ 'ਨੌਜਵਾਨ ਪੰਥ ਦੇ ਬੱਚੇ ਹਨ ਅਤੇ ਹੁਣ ਪੰਥ ਦੀ ਅਗਵਾਈ ਉਨ੍ਹਾਂ ਦੇ ਹੱਥ ਹੈ।'

ਅੰਦਰੂਨੀ ਸੋਮਿਆਂ ਮੁਤਾਬਿਕ ਗਵਰਨਰ ਸਿਧਾਰਥ ਸ਼ੰਕਰ ਰੇਅ ਨੇ ਮਨਜੀਤ ਸਿੰਘ ਕਲਕੱਤਾ ਰਾਹੀਂ ਪ੍ਰੋ: ਦਰਸ਼ਨ ਸਿੰਘ ਨੂੰ ਬਦਨਾਮ ਕਰਨ ਵਾਸਤੇ ਕਨਵੈਨਸ਼ਨ ਵਾਲੀ ਇਹ ਖੇਡ ਖੇਡੀ ਸੀ ਤਾਂ ਜੋ ਖਾੜਕੂਆਂ ਵਿਚ ਉਸ ਦੀ ਇਜ਼ਤ ਨੂੰ ਖੋਰਾ ਲੱਗੇ।

10 ਅਗਸਤ ਨੂੰ ਜਨਰਲ ਨਰਿੰਦਰ ਸਿੰਘ ਨੇ ਅਕਾਲੀ ਪਾਰਟੀ ਤੋਂ ਅਸਤੀਫ਼ਾ ਦੇ ਦਿਤਾ। ਉਸ ਨੇ ਆਖਿਆ ਕਿ 'ਦਰਸ਼ਨ ਸਿੰਘ ਦਾ ਮਤਾ ਅਸਪਸ਼ਟ ਹੈ ਅਤੇ ਉਸ ਦੇ ਕੁਝ ਲਫ਼ਜ਼ (ਸ਼ਸਤਰ ਤੇ ਸ਼ਾਸਤਰ ਵਾਲੀ ਗੱਲ) ਵੀ ਸਿੱਖੀ ਦੇ ਖ਼ਿਲਾਫ਼ ਹਨ।' 11 ਅਗਸਤ ਨੂੰ ਅਕਾਲੀ ਆਗੂ ਜਸਵਿੰਦਰ ਸਿੰਘ ਬਰਾੜ ਨੇ ਇਕ ਬਿਆਨ ਵਿਚ ਕਿਹਾ ਕਿ ਪੰਥ ਦੀ ਅਗਵਾਈ 5 ਸਾਲ ਵਾਸਤੇ ਖਾੜਕੂਆਂ ਨੂੰ ਦੇ ਦਿੱਤੀ ਜਾਵੇ। ਪਰ, ਫ਼ੈਡਰੇਸ਼ਨ ਦੇ ਦੂਜੇ ਧੜੇ ਦੇ ਇਕ ਆਗੂ ਹਰਮਿੰਦਰ ਸਿੰਘ ਸੰਧੂ ਨੇ ਦਰਸ਼ਨ ਸਿੰਘ ਦੀ ਹਿਮਾਇਤ ਕਰਨ ਦਾ ਐਲਾਨ ਕੀਤਾ।

ਗ੍ਰੰਥੀਆਂ ਵੱਲੋਂ ਖਾੜਕੂਆਂ ਦੀ ਹਿਮਾਇਤ

18 ਅਗਸਤ ਨੂੰ ਗਿਆਨੀ ਪੂਰਨ ਸਿੰਘ (ਗ੍ਰੰਥੀ ਦਰਬਾਰ ਸਾਹਿਬ), ਜਸਵੰਤ ਸਿੰਘ (ਗ੍ਰੰਥੀ ਦਮਦਮਾ ਸਾਹਿਬ ਤੰਲਵਡੀ ਸਾਬੋ), ਸਵਿੰਦਰ ਸਿੰਘ (ਗ੍ਰੰਥੀ ਕੇਸਗੜ੍ਹ ਸਾਹਿਬ), ਕਸ਼ਮੀਰ ਸਿੰਘ (ਗ੍ਰੰਥੀ ਅਕਾਲ ਤਖ਼ਤ ਸਾਹਿਬ) ਨੇ ਇਕ ਸਾਂਝੇ ਬਿਆਨ ਵਿਚ ਖਾੜਕੂਆਂ ਦੀ ਹਿਮਾਇਤ ਕੀਤੀ ਤੇ ਉਨ੍ਹਾਂ ਨੂੰ ਆਪਣਾ ਘੋਲ ਜਾਰੀ ਰੱਖਣ ਤੇ ਆਪਸ ਵਿਚ ਏਕਤਾ ਕਰਨ ਵਾਸਤੇ 'ਹੁਕਮ' ਜਾਰੀ ਕੀਤਾ।

ਅਗਸਤ ਤੋਂ ਅਕਤੂਬਰ 1987 ਦੌਰਾਨ ਸਿੱਖਾਂ ਦਾ ਇਕ ਹੋਰ ਕਤਲੇਆਮ

18 ਅਗਸਤ ਨੂੰ ਅਜਮੇਰ ਸਿੰਘ, ਹਿਰਾਸਤ 'ਚੋਂ ਭੱਜਿਆ ਆਖ ਕੇ, ਕਤਲ ਕਰ ਦਿਤਾ ਗਿਆ। ਵੀਹ ਅਗਸਤ ਨੂੰ ਲਖਵਿੰਦਰ ਸਿੰਘ, 23 ਅਗਸਤ ਨੂੰ ਇਕ ਗਰੀਬ ਮਿਸਤਰੀ ਸਰਦੂਲ ਸਿੰਘ, 23 ਅਗਸਤ ਨੂੰ ਹੀ ਪ੍ਰੀਤਮ ਸਿੰਘ, 25 ਅਗਸਤ ਨੂੰ ਰਣਜੀਤ ਸਿੰਘ ਰਾਣਾ ਤੇ ਉਸ ਦਾ ਭਰਾ ਇੰਦਰਪਾਲ ਸਿੰਘ, 26 ਅਗਸਤ ਨੂੰ ਗੁਰਮੀਤ ਸਿੰਘ (ਚਹੇੜੂ), ਇਨ੍ਹੀਂ ਦਿਨੀਂ ਹੀ ਰਤਨ

ਸਿੰਘ, 30 ਅਗਸਤ ਦੇ ਦਿਨ ਪਰਮਜੀਤ ਸਿੰਘ, 4 ਸਤੰਬਰ ਨੂੰ ਗੁਰਦੇਵ ਸਿੰਘ (ਦੁਸ਼ਟ ਸੋਧ ਕਮਾਂਡੋ ਫੋਰਸ), 9 ਸਤੰਬਰ ਨੂੰ ਬਘੇਲ ਸਿੰਘ, 12 ਸਤੰਬਰ ਨੂੰ ਧਰਮ ਸਿੰਘ ਤੇ ਸਰਬਜੀਤ ਸਿੰਘ, 16 ਸਤੰਬਰ ਨੂੰ ਲਹਿੰਬਰ ਸਿੰਘ, 20 ਸਤੰਬਰ ਨੂੰ ਸਰਬਜੀਤ ਸਿੰਘ, 22 ਸਤੰਬਰ ਨੂੰ ਬਲਦੇਵ ਸਿੰਘ, ਹਰੀ ਸਿੰਘ ਤੇ ਜਗਜੀਤ ਸਿੰਘ, ਪਹਿਲੀ ਅਕਤੂਬਰ ਨੂੰ ਅਜਾਇਬ ਸਿੰਘ, 3 ਅਕਤੂਬਰ ਨੂੰ ਗੁਰਿੰਦਰ ਸਿੰਘ, ਮਨਜੀਤ ਸਿੰਘ, ਬਲਵਿੰਦਰ ਸਿੰਘ ਉਰਫ਼ ਬਾਬਾ ਤੇ ਤਰਸੇਮ ਸਿੰਘ ਉਰਫ਼ ਪੱਪੂ; 6 ਅਕਤੂਬਰ ਨੂੰ ਭਾਈ ਗੁਰਦੇਵ ਸਿੰਘ ਉਸਮਾਨਵਾਲਾ (ਮੈਂਬਰ ਪੰਥਕ ਕਮੇਟੀ), 9 ਅਕਤੂਬਰ ਨੂੰ ਹੀਰਾ ਸਿੰਘ, 17 ਅਕਤੂਬਰ ਨੂੰ ਜਸਬੀਰ ਸਿੰਘ ਲਾਲੀ, ਬਲਵਿੰਦਰ ਸਿੰਘ ਬਿੰਦਾ, ਨਰਿੰਦਰ ਸਿੰਘ (ਭੋਰਸੀਆਂ ਬ੍ਰਾਹਮਣਾਂ) ਤੇ ਜਗਜੀਤ ਸਿੰਘ ਨਕਲੀ ਮੁਕਬਲਿਆਂ ਵਿਚ ਮਾਰ ਦਿੱਤੇ ਗਏ। ਇਨ੍ਹਾਂ ਦਿਨਾਂ ਵਿਚ ਬਬਰ ਖਾਲਸਾ ਦੇ ਹੇਠ ਲਿਖੇ ਮੈਂਬਰਾਂ ਦੇ ਮਾਰੇ ਜਾਣ ਬਾਰੇ ਵੀ ਪਤਾ ਮਿਲਦਾ ਹੈ: ਅਵਤਾਰ ਸਿੰਘ ਪਾੜ੍ਹਾ, ਰਣਜੀਤ ਸਿੰਘ, ਸਤਨਾਮ ਸਿੰਘ, ਸਵਰਨ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਸੁਲੱਖਣ ਸਿੰਘ, ਸੁਖਵੰਤ ਸਿੰਘ ਉਰਫ਼ ਹੀਰਾ ਸਿੰਘ ਰਾਹੋਂ, ਸ਼ਮਸ਼ੇਰ ਸਿੰਘ ਉਰਫ਼ ਨਾਨਕਸਰੀਆ, ਰਵਿੰਦਰਪਾਲ ਸਿੰਘ ਉਰਫ਼ ਗੰਗਾ ਵਗ਼ੈਰਾ।

ਅਣੋਖ ਸਿੰਘ ਬੱਬਰ ਨੂੰ ਅੰਤਾਂ ਦੇ ਤਸੀਹੇ ਦੇਣ ਮਗਰੋਂ ਸ਼ਹੀਦ ਕੀਤਾ

29 ਅਗਸਤ 1987 ਦੇ ਦਿਨ ਪੁਲਸ ਨੇ ਬੱਬਰ ਖਾਲਸਾ ਆਗੂ ਅਣੋਖ ਸਿੰਘ ਬੱਬਰ (ਪੁੱਤਰ ਮੱਖਣ ਸਿੰਘ, ਵਾਸੀ ਪਿੰਡ ਵੜਿੰਗ) ਨੂੰ ਨਕਲੀ ਪੁਲਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ। ਭਾਈ ਅਣੋਖ ਸਿੰਘ ਬੱਬਰ ਖਾਲਸਾ ਦਾ ਅਨਿੰਨ ਸੇਵਕ ਸੀ। ਉਹ ਭਾਈ ਫ਼ੌਜਾ ਸਿੰਘ ਅਤੇ ਜਥੇਦਾਰ ਤਲਵਿੰਦਰ ਸਿੰਘ ਕਨੇਡਾ ਦਾ ਸਾਥੀ ਰਿਹਾ ਸੀ। 1982 ਵਿਚ ਉਹ ਬਾਬਾ ਜਰਨੈਲ ਸਿੰਘ ਦੇ ਕੈਂਪ ਵਿਚ ਆ ਗਿਆ ਸੀ। 1984 ਤੋਂ ਮਗਰੋਂ ਵੀ ਉਸ ਨੇ ਬਹੁਤ ਖਾੜਕੂ ਐਕਸ਼ਨ ਕੀਤੇ ਸਨ। ਉਸ ਨੂੰ ਪਹਿਲਾਂ 12 ਜਨਵਰੀ 1987 ਦੇ ਦਿਨ ਡੇਹਲੋਂ ਨੇੜੇ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ 12 ਫ਼ਰਵਰੀ ਦੇ ਦਿਨ ਖਾੜਕੂਆਂ ਨੇ ਪੁਲਸ ’ਤੇ ਹਮਲਾ ਕਰ ਕੇ ਉਸ ਨੂੰ ਛੁਡਵਾ ਲਿਆ ਸੀ। ਫਿਰ ਉਸ ਨੂੰ 20 ਅਗਸਤ ਦੇ ਦਿਨ ਦੋਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਐਸ.ਐਸ.ਪੀ. ਇਜ਼ਹਾਰ ਆਲਮ* ਦੇ ਹੁਕਮ ’ਤੇ ਅਤੇ ਉਸ ਦੀ ਨਿਗਰਾਨੀ ਹੇਠ ਪੁਲਸ ਨੇ ਉਸ ਨੂੰ ਪੂਰਾ ਹਫ਼ਤਾ ਜ਼ਾਲਮਾਨਾ ਤਸੀਹੇ ਦਿੱਤੇ। ਉਸ ਨੂੰ ਕਈ ਦਿਨ ਪੁੱਠੇ ਲਟਕਾਇਆ ਗਿਆ। ਇਸ ਦੇ ਬਾਵਜੂਦ ਜਦ ਉਹ ਨਾ ਡੋਲਿਆ ਤਾਂ ਅੱਗ ਵਿਚ ਲਾਲ ਕੀਤੀਆਂ ਲੋਹੇ ਦੀਆਂ ਸਲਾਖਾਂ ਉਸ ਦੀ ਛਾਤੀ, ਢਿੱਡ ਤੇ ਪੱਟਾਂ ਵਿਚ ਚੋਭ ਦਿੱਤੀਆਂ ਗਈਆਂ ਤੇ ਫਿਰ ਉਸ ਦੇ ਗੁਪਤ ਅੰਗ ਅਤੇ ਹੋਰ ਹਿੱਸਿਆਂ ਵਿਚ ਲੋਹੇ ਦੀਆਂ ਪਿੰਨਾਂ ਠੋਕ ਕੇ ਉਨ੍ਹਾਂ ਰਾਹੀਂ ਬਿਜਲੀ ਦੇ ਕਰੰਟ ਲਾਏ ਗਏ। ਇਸ ਮਗਰੋਂ ਲਾਲ ਗਰਮ ਸਲਾਖਾਂ ਨਾਲ ਉਸ ਦੀਆਂ ਦੋਵੇਂ ਅੱਖਾਂ ਕੱਢ ਦਿੱਤੀਆਂ ਗਈਆਂ। 29 ਤਾਰੀਖ਼ ਦੀ ਸ਼ਾਮ ਵੇਲੇ ਤਕ ਉਸ ਦਾ ਜਿਸਮ ਅਧਮੋਇਆ ਹੋ ਚੁਕਾ ਸੀ ਪਰ ਇਸ ਦੇ ਬਾਵਜੂਦ ਉਸ ਨੇ ਮੱਧਮ ਆਵਾਜ਼ ਵਿਚ ਰਹਿਰਾਸ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਜਦ ਪਾਠ ਖ਼ਤਮ ਹੋਇਆ ਤਾਂ ਉਸ ਨੇ ਫ਼ਤਹਿ ਦਾ ਜੈਕਾਰਾ ਛੱਡਿਆ ਜੋ ਇਕ ਜ਼ਾਲਮ ਪੁਲਸੀਏ ਨੇ ਸੁਣ ਲਿਆ ਤੇ ਉਸ ਨੇ ਆ ਕੇ ਅਣੋਖ ਸਿੰਘ ਦੀ ਜੀਭ ਵੱਢ ਦਿੱਤੀ। ਅਗਲੇ ਦਿਨ ਉਸ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ ਗਿਆ।

(*2012 ਵਿਚ ਇਸ ਜ਼ਾਲਮ ਇਜ਼ਹਾਰ ਆਲਮ ਦੀ ਬੀਵੀ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਐਮ.ਐਲ.ਏ. ਬਣਾ ਕੇ ਪਾਰਲੀਮੈਂਟਰੀ ਸੈਕਟਰੀ ਬਣਾ ਦਿੱਤਾ ਅਤੇ ਵਜ਼ੀਰ ਦਾ ਦਰਜਾ ਦਿੱਤਾ)।

ਹਰਜਿੰਦਰ ਸਿੰਘ ਜਿੰਦਾ ਗ੍ਰਿਫ਼ਤਾਰ

30 ਅਗਸਤ ਨੂੰ ਮਸ਼ਹੂਰ ਖਾੜਕੂ ਹਰਜਿੰਦਰ ਸਿੰਘ ਜਿੰਦਾ ਨੂੰ ਦਿੱਲੀ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਤੋਂ ਇਲਾਵਾ ਹਰਜਿੰਦਰ ਸਿੰਘ ਉਰਫ਼ ਜਿਮੀ (ਪੁੱਤਰ ਕਰਤਾਰ ਸਿੰਘ ਨਾਰੰਗ) ਤੇ ਜਿੰਦਾ ਦੀ ਮਾਤਾ ਗੁਰਨਾਮ ਕੌਰ ਤੋਂ ਇਲਾਵਾ ਤਕਰੀਬਨ 500 ਸਿੱਖ (ਜਿਨ੍ਹਾਂ ਵਿਚੋਂ ਕਈ ਖਾੜਕੂ ਸਨ) ਗ੍ਰਿਫ਼ਤਾਰ ਕੀਤੇ ਗਏ। ਕਈਆਂ ਦੇ ਸਿਰਾਂ 'ਤੇ ਇਨਾਮ ਵੀ ਰੱਖੇ ਹੋਏ ਸਨ।

ਖਾੜਕੂਆਂ ਵੱਲੋਂ ਮੁਖ਼ਬਰਾਂ ਤੇ ਹੋਰਾਂ ਦੇ ਕਤਲ

ਖਾੜਕੂ ਸਾਥੀਆਂ ਅਤੇ ਬੇਗੁਨਾਹ ਸਿੱਖਾਂ ਦੇ ਕਤਲਾਂ ਦੇ ਜਵਾਬ ਵਜੋਂ ਖਾੜਕੂਆਂ ਨੇ ਕਈ ਮੁਖ਼ਬਰ ਤੇ ਹੋਰ ਪੰਥ-ਦੋਖੀ ਕਤਲ ਕਰ ਦਿੱਤੇ ਜਿਨ੍ਹਾਂ ਵਿਚ ਕਈ ਉਹ ਬੰਦੇ ਵੀ ਸਨ ਜਿਨ੍ਹਾਂ ਨੂੰ ਹਿੰਦੂਆਂ ਵੱਲੋਂ ਪੰਜਾਬ ਤੇ ਭਾਰਤ ਦੇ ਹਿੰਦੂ ਬੈਲਟ ਦੇ ਮਾਸੂਮ ਸਿੱਖਾਂ ਦੇ ਕਤਲ ਦਾ ਬਦਲਾ ਲੈਣ ਵਾਸਤੇ ਮਾਰਿਆ ਗਿਆ ਸੀ। ਕਤਲ ਹੋਏ ਇਨ੍ਹਾਂ ਬੰਦਿਆਂ ਵਿਚ 6 ਅਗਸਤ ਨੂੰ ਜਗਦੇਵ ਕਲਾਂ ਦੇ 12 ਹਿੰਦੂ, ਸ਼ੇਖ਼ੂਪੁਰਾ (ਕਪੂਰਥਲਾ) ਦਾ ਜਨਸੰਘ ਦਾ ਪ੍ਰਧਾਨ, ਕੰਧਾਲਾ ਲੇਖਾਂ (ਹੁਸ਼ਿਆਰਪੁਰ) ਦਾ ਸਰਪੰਚ, ਕਾਲੇਕੇ (ਬਾਘਾ ਪੁਰਾਣਾ) ਦੇ ਮੁਖ਼ਬਰ ਕਾਮਰੇਡ ਸਰਬਣ ਦਾ ਟੱਬਰ, 19 ਅਗਸਤ ਨੂੰ ਬੂਟਾ ਸਿੰਘ ਵਜ਼ੀਰ ਦੇ 6 ਰਿਸ਼ਤੇਦਾਰ, ਥਾਣੇਦਾਰ ਰਛਪਾਲ ਸਿੰਘ, ਹੈੱਡ ਕਾਂਸਟੇਬਲ ਮੰਗਲ ਸਿੰਘ (ਝਬਾਲ), 26 ਅਗਸਤ ਨੂੰ ਸੈਂਟਰਲ ਡਿਟੈਕਟਿਵ ਸਕੂਲ ਚੰਡੀਗੜ 'ਚ ਤਿੰਨ ਪੁਲਸੀਏ, 29 ਅਗਸਤ ਨੂੰ ਬਾਸਰਕੇ ਕੋਲ ਸੀ.ਆਰ.ਪੀ.ਐਫ਼. ਦਾ ਥਾਣੇਦਾਰ, 30 ਅਗਸਤ ਨੂੰ ਬਠਿੰਡਾ 'ਚ ਗੁਰਮੁਖ ਸਿੰਘ ਐਸ.ਐਚ.ਓ., ਪੰਜੀ ਸਤੰਬਰ ਨੂੰ ਰੋਪੜ ਵਿਚ ਇਕ ਹਵਾਲਦਾਰ, ਇਸੇ ਦਿਨ ਕਾਮਰੇਡ ਮੱਖਣ ਸਿੰਘ ਤਰਸਿੱਕਾ ਦਾ ਭਰਾ ਤੇ ਕਈ ਹੋਰ ਸ਼ਾਮਿਲ ਸਨ।

ਦਰਬਾਰ ਸਾਹਿਬ 'ਤੇ ਪੁਲੀਸ ਦੇ ਨਵੇਂ ਹਮਲੇ

ਉਂਞ ਤਾਂ ਜੂਨ 1984 ਤੋਂ ਬਾਅਦ ਸਹੀ ਮਾਅਨਿਆਂ ਵਿਚ ਦਰਬਾਰ ਸਾਹਿਬ 'ਤੇ ਰੋਜ਼ ਹੀ ਪੁਲੀਸ ਐਕਸ਼ਨ ਹੋਇਆ ਸੀ ਤੇ ਸਿਰਫ਼ 26 ਜਨਵਰੀ 1986 ਤੋਂ ਅਪਰੈਲ 86 ਤਕ ਖਾੜਕੂਆਂ ਦਾ ਕੰਟਰੋਲ ਰਿਹਾ ਸੀ। ਪਰ ਐਲਾਨੀਆ ਅਤੇ ਵੱਡੇ ਹਮਲੇ ਵੀ ਕਈ ਵਾਰ ਹੋਏ ਸਨ। 23 ਸਤੰਬਰ ਅਤੇ 21 ਅਕਤੂਬਰ 1986 ਨੂੰ ਪੁਲੀਸ ਨੇ ਐਕਸ਼ਨ ਕਰ ਕੇ ਬੇਗੁਨਾਹ ਮੁਸਾਫ਼ਿਰਾਂ ਦੀ ਗ੍ਰਿਫ਼ਤਾਰੀ ਕੀਤੀ। ਇਸ ਦਾ ਮਕਸਦ ਸਿਰਫ਼ ਸਿੱਖਾਂ ਨੂੰ ਜ਼ਲੀਲ ਕਰਨਾ ਹੀ ਸੀ। ਇਸ ਹਾਲਤ ਵਿਚ ਖਾੜਕੂਆਂ ਨੇ 22 ਅਕਤੂਬਰ ਨੂੰ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਵਿਚ 'ਸਰਬੱਤ ਖਾਲਸਾ' ਦੇ ਨਾਂ 'ਤੇ ਦੀਵਾਨ ਕਰਨ ਦਾ ਫ਼ੈਸਲਾ ਕੀਤਾ।

'ਸਰਬੱਤ ਖਾਲਸਾ' ਇਕੱਠ ਬੁਲਾਉਣ ਵਾਲੇ ਗ੍ਰੰਥੀ ਗ੍ਰਿਫਤਾਰ

15 ਅਕਤੂਬਰ ਨੂੰ ਪੂਰਨ ਸਿੰਘ (ਹੈੱਡ ਗਰੰਥੀ, ਦਰਬਾਰ ਸਾਹਿਬ), ਜਸਵੰਤ ਸਿੰਘ (ਦਮਦਮਾ ਸਾਹਿਬ), ਸਵਿੰਦਰ ਸਿੰਘ (ਅਨੰਦਪੁਰ ਸਾਹਿਬ) ਅਤੇ ਕਸ਼ਮੀਰ ਸਿੰਘ ਨੇ 22 ਅਕਤੂਬਰ ਦੀਵਾਲੀ ਦੇ ਦਿਨ ਸਰਬੱਤ ਖਾਲਸਾ ਦੇ ਨਾਂ 'ਤੇ ਇਕੱਠ ਬੁਲਾਉਣ ਦਾ ਐਲਾਨ ਕਰ ਦਿਤਾ। ਅਗਲੇ ਦਿਨ ਹੀ ਭਾਈ ਜਸਬੀਰ ਸਿੰਘ ਨੇ ਵੀ ਪ੍ਰੋ: ਦਰਸ਼ਨ ਸਿੰਘ ਦੀ ਪਾਲਸੀ ਨੂੰ ਨਾਮਨਜ਼ੂਰ ਕਰ ਦਿਤਾ। ਇਸ ਦਿਨ ਬੱਬਰ ਖਾਲਸਾ ਦੇ ਇਕ ਧੜੇ ਦੇ ਮੁਖੀ ਸੁਖਦੇਵ ਸਿੰਘ (ਦਾਸੂਵਾਲ) ਨੇ ਵੀ ਪ੍ਰੋ: ਦਰਸ਼ਨ

ਸਿੰਘ ਦੀ ਹਿਮਾਇਤ ਵਾਪਸ ਲੈ ਲਈ। ਹੁਣ, ਸਾਰੇ ਪਾਸੇ ਖਾੜਕੂਆਂ ਦਾ ਬੋਲ-ਬਾਲਾ ਹੋਣ ਕਰ ਕੇ ਸਰਕਾਰ ਨੇ 18 ਅਕਤੂਬਰ ਨੂੰ ਇਨ੍ਹਾਂ ਚੌਹਾਂ ਵਿੱਚੋਂ ਤਿੰਨ ਗ੍ਰੰਥੀ ਗ੍ਰਿਫ਼ਤਾਰ ਕਰ ਲਏ। ਗਿਆਨੀ ਪੂਰਨ ਸਿੰਘ ਦਰਬਾਰ ਸਾਹਿਬ ਵਿਚ ਡਿਊਟੀ 'ਤੇ ਹੋਣ ਕਰ ਕੇ ਗ੍ਰਿਫ਼ਤਾਰ ਨਾ ਕੀਤਾ ਜਾ ਸਕਿਆ।

ਸਰਬੱਤ ਖਾਲਸਾ ਇੱਕਠ ਰੋਕਿਆ: 22 ਅਕਤੂਬਰ ਦੀਵਾਲੀ ਦੇ ਦਿਨ ਸਰਬੱਤ ਖਾਲਸਾ ਦੇ ਨਾਂ ਤੇ ਬੁਲਾਇਆ ਇਕੱਠ ਰੋਕਣ ਵਾਸਤੇ ਸਰਕਾਰ ਨੇ ਅੰਮ੍ਰਿਤਸਰ ਵਿਚ ਕਰਫ਼ਿਊ ਲਾ ਦਿਤਾ। ਉਸ ਦਿਨ ਬਾਹਰੋਂ ਆਉਣ ਵਾਲੇ ਸਿੱਖਾਂ ਨੂੰ ਸ਼ਹਿਰ ਵਿਚ ਵੀ ਨਹੀਂ ਵੜਨ ਦਿਤਾ ਗਿਆ। ਦਰਬਾਰ ਸਾਹਿਬ ਦੇ ਸੇਵਾਦਾਰ, ਰਾਗੀ ਅਤੇ ਗ੍ਰੰਥੀ ਵੀ ਦਾਖ਼ਿਲ ਨਾ ਹੋ ਸਕੇ। ਦਰਬਾਰ ਸਾਹਿਬ ਦਾ ਕੀਰਤਨ ਇਕ ਵਾਰ ਫੇਰ ਰੁਕ ਗਿਆ। ਬੇਹਿਸਾਬ ਪੁਲੀਸ ਤੇ ਫ਼ੌਜ ਨੇ ਅੰਮ੍ਰਿਤਸਰ ਨੂੰ ਘੇਰਿਆ ਹੋਇਆ ਸੀ। ਇਹ ਦਰਬਾਰ ਸਾਹਿਬ ਦੁਆਲੇ ਮਾਰਸ਼ਲ ਲਾਅ ਤੋਂ ਵੀ ਵਧ ਸੀ।

ਦਰਬਾਰ ਸਾਹਿਬ ਦੁਆਲੇ ਪੱਕੇ ਨਾਕੇ

ਦੀਵਾਲੀ ਵਾਲੇ ਦਿਨ ਦਾ ਦਰਬਾਰ ਸਾਹਿਬ 'ਚ ਬੁਲਾਇਆ ਇਕੱਠ ਰੋਕਣ ਤੋਂ ਬਾਅਦ ਸਿਖਾਂ 'ਤੇ ਜ਼ੁਲਮ ਦਾ ਇਕ ਹੋਰ ਦੌਰ ਸ਼ੁਰੂ ਹੋ ਗਿਆ। ਦਰਬਾਰ ਸਾਹਿਬ ਦੀ ਪੂਰੀ ਘੇਰਾਬੰਦੀ ਕਰ ਲਈ ਗਈ। 24 ਅਕਤੂਬਰ 1987 ਨੂੰ ਸਵੇਰੇ ਸਾਢੇ 7 ਵਜੇ ਫ਼ੌਜ ਤੇ ਪੁਲੀਸ ਨੇ ਦਰਬਾਰ ਸਾਹਿਬ ਨੂੰ ਪੱਕੀ ਤਰਾਂ ਕਬਜ਼ੇ ਵਿਚ ਲੈ ਲਿਆ ਸੀ।

ਦਰਬਾਰ ਸਾਹਿਬ ਨੂੰ ਜਾਣ ਵਾਲੇ ਸਾਰੇ ਰਸਤੇ ਸੀਲ ਕਰ ਦਿਤੇ ਗਏ। ਸਾਰੇ ਰਾਹਾਂ ਉੱਤੇ ਰੇਤ ਦੇ ਬੰਕਰ ਬਣਾ ਕੇ 18 ਪੱਕੇ ਨਾਕੇ ਕਾਇਮ ਕਰ ਦਿਤੇ ਗਏ। ਖਾਸ ਨਾਕੇ ਗੁਰੂ ਰਾਮਦਾਸ ਸਰਾਂ, ਕੌਲਸਰ, ਬਾਜ਼ਾਰ ਪਾਪੜਾਂ ਵਲ ਕਾਇਮ ਕੀਤੇ ਗਏ। ਦਰਬਾਰ ਸਾਹਿਬ ਦੇ ਅੰਦਰ ਦਾਖ਼ਲ ਹੋਣ ਵਾਲੇ ਹਰ ਸਿੱਖ ਦੀ ਮੈਟਲ ਡਿਟੈਕਟਰ ਨਾਲ ਤਲਾਸ਼ੀ ਲਈ ਜਾਂਦੀ ਸੀ। ਇਹ ਘੇਰਾ ਕਈ ਦਿਨ ਕਾਇਮ ਰਿਹਾ। ਸਿੱਖਾਂ ਵਿਚ ਰੋਹ ਵਧਦਾ ਵੇਖ ਕੇ ਇਹ ਨਾਕੇ ਇਕ ਰਾਤ ਚੁੱਪ-ਚਾਪ ਹਟਾ ਲਏ ਗਏ।

ਨਵੀਂ ਪੰਥਕ ਕਮੇਟੀ

ਪੁਲੀਸ ਵੱਲੋਂ ਸਰਬੱਤ ਖਾਲਸਾ ਦੇ ਨਾਂ 'ਤੇ ਬੁਲਾਇਆ ਗਿਆ ਇਕੱਠ ਰੋਕੇ ਜਾਣ ਮਗਰੋਂ ਭਿੰਡਰਾਂ-ਮਹਿਤਾ ਜੱਥੇ ਨੇ ਗੁਰਬਚਨ ਸਿੰਘ ਮਾਨੋਚਾਹਲ ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁੱਖ ਸੇਵਾਦਾਰ ਐਲਾਨ ਕਰ ਦਿਤਾ। ਇਹ ਨਾਮਜ਼ਦਗੀ ਪੰਥਕ ਕਮੇਟੀ ਤੇ ਸਰਬੱਤ ਖਾਲਸਾ ਵਲੋਂ ਕੀਤੀ ਐਲਾਨੀ ਗਈ। ਸੁਖਜਿੰਦਰ ਸਿੰਘ (ਸਾਬਕਾ ਵਜ਼ੀਰ) ਨੇ ਇਕ ਬਿਆਨ ਵਿਚ ਆਖਿਆ ਕਿ 'ਪੰਥਕ ਕਮੇਟੀ ਸਿੱਖ ਜਦੋਜਹਿਦ ਦੀ ਜੰਗੀ ਕੈਬਨਿਟ ਹੈ।' ਇਸ ਬਿਆਨ 'ਤੇ ਕਾਮਰੇਡ ਤੇ ਕਾਂਗਰਸੀ ਚੋਖੇ ਔਖੇ ਹੋਏ। 30 ਅਕਤੂਬਰ ਨੂੰ ਖਾਲਿਸਤਾਨ ਲਿਬਰੇਸ਼ਨ ਫੋਰਸ ਵਲੋਂ ਭਾਈ ਕੁਲਦੀਪ ਸਿੰਘ ਮੁੱਛਲ ਨੇ ਐਲਾਨ ਕੀਤਾ ਕਿ ਉਹ ਪੰਥਕ ਕਮੇਟੀ ਨੂੰ ਸੁਪਰੀਮ ਨਹੀਂ ਮੰਨਦੇ। ਅਜਿਹਾ ਹੀ ਬਿਆਨ ਬੱਬਰਾਂ ਨੇ ਵੀ ਦਿਤਾ।

ਅਕਤੂਬਰ ਤੋਂ ਦਸੰਬਰ 1987 ਦੌਰਾਨ ਸਿੱਖਾਂ ਦਾ ਵੱਡਾ ਕਤਲੇਆਮ

ਦਰਬਾਰ ਸਾਹਿਬ ਦੀ ਨਾਕਾਬੰਦੀ ਮਗਰੋਂ ਪੰਜਾਬ ਭਰ ਵਿਚ ਸਿੱਖ ਖਾੜਕੂਆਂ ਦੀਆਂ ਗ੍ਰਿਫ਼ਤਾਰੀਆਂ ਵਾਸਤੇ ਛਾਪੇ ਮਾਰੇ ਗਏ। ਇਨ੍ਹਾਂ ਛਾਪਿਆਂ ਦੌਰਾਨ ਕਈ ਮੌਕਿਆਂ 'ਤੇ ਸਿੱਖਾਂ ਤੇ

ਫ਼ੌਜ ਵਿਚ ਮੁਕਾਬਲੇ ਵੀ ਹੋਏ, ਜਿਨ੍ਹਾਂ ਵਿਚ ਕਈ ਸਿੱਖ ਮਾਰੇ ਗਏ। ਇਸ ਤੋਂ ਇਲਾਵਾ ਬਹੁਤ ਸਾਰੇ ਖਾੜਕੂ ਗ੍ਰਿਫ਼ਤਾਰ ਵੀ ਕੀਤੇ ਗਏ। ਇਨ੍ਹਾਂ ਵਿਚੋਂ ਬਹੁਤ ਸਾਰੇ ਫ਼ਰਜ਼ੀ ਪੁਲੀਸ ਮੁਕਾਬਲਾ ਬਣਾ ਕੇ ਮਾਰ ਦਿੱਤੇ ਗਏ। 6 ਅਕਤੂਬਰ 1987 ਦੇ ਦਿਨ ਗੁਰਦੇਵ ਸਿੰਘ ਉਸਮਾਨਵਾਲਾ (ਮੈਂਬਰ ਪੰਥਕ ਕਮੇਟੀ) ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਉਹ ਕਈ ਦਿਨਾਂ ਤੋਂ ਪੁਲਸ ਦੀ ਹਿਰਾਸਤ ਵਿਚ ਸੀ; ਉਸ 'ਤੇ ਬੇਹੱਦ ਤਸ਼ੱਦਦ ਕੀਤਾ ਗਿਆ ਸੀ; ਲੋਹੇ ਦਾ ਇਕ ਤਪਦਾ ਸਰੀਆ ਉਸ ਦੇ ਢਿੱਡ ਵਿਚ ਆਰ-ਪਾਰ ਕਰ ਦਿੱਤਾ ਗਿਆ ਸੀ। 25 ਅਕਤੂਬਰ ਨੂੰ ਗਿਆਨ ਸਿੰਘ ਤੇ ਉਸ ਦੀ ਪਤਨੀ (ਪੱਤੀ ਜੱਸੋਕੀ, ਨਾਗੋਕੇ, ਅੰਮ੍ਰਿਤਸਰ), 28 ਅਕਤੂਬਰ ਨੂੰ ਡਾ: ਗੁਰਵੇਲ ਸਿੰਘ (ਬਲਪੁਰੀਆ), 29 ਅਕਤੂਬਰ ਨੂੰ ਅਰੂੜ ਸਿੰਘ (ਮੈਂਬਰ ਪੰਥਕ ਕਮੇਟੀ)*, 30 ਅਕਤੂਬਰ ਨੂੰ ਸੁਰਿੰਦਰਪਾਲ ਸਿੰਘ ਖਾਲਸਾ ਉਰਫ਼ ਬਿੱਟੂ ਤੇ ਫ਼ਤਹਿ ਸਿੰਘ (ਮੰਨਣ, ਝਬਾਲ), 31 ਅਕਤੂਬਰ ਨੂੰ ਸਤਨਾਮ ਸਿੰਘ ਉਰਫ਼ ਸੱਤਾ (ਖੁੱਭਣ ਕਾਂਡ ਦਾ ਮੁਖੀ), ਬੱਬਰ ਖਾਲਸਾ ਦੇ ਕਰਨੈਲ ਸਿੰਘ, ਗੁਰਚਰਨ ਸਿੰਘ (ਬੀਰੋਵਾਲ), ਨਰਿੰਦਰ ਸਿੰਘ (ਮਹਿਸਮਪੁਰ) ਮਾਰ ਦਿੱਤੇ ਗਏ। *(ਗੁਰਦੇਵ ਸਿੰਘ ਉਸਮਾਨਵਾਲਾ ਵਾਂਗ ਅਰੂੜ ਸਿੰਘ ਕਈ ਦਿਨਾਂ ਤੋਂ ਪੁਲਸ ਦੀ ਹਿਰਾਸਤ ਵਿਚ ਸੀ; ਉਸ 'ਤੇ ਬੇਹੱਦ ਤਸ਼ੱਦਦ ਕੀਤਾ ਗਿਆ ਸੀ; ਲੋਹੇ ਦਾ ਇਕ ਤਪਦਾ ਸਰੀਆ ਉਸ ਦੇ ਵੀ ਢਿੱਡ ਵਿਚ ਆਰ-ਪਾਰ ਕਰ ਦਿੱਤਾ ਗਿਆ ਸੀ; ਇਸ ਮਗਰੋਂ ਉਸ 'ਤੇ ਹੋਰ ਜ਼ਾਲਮਾਨਾ ਤਸ਼ੱਦਦ ਕੀਤਾ ਗਿਆ ਤੇ ਮਗਰੋਂ ਉਸ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ)।*

ਪਹਿਲੀ ਨਵੰਬਰ ਨੂੰ ਸੁਖਦੇਵ ਸਿੰਘ (ਤਰਸਿਕਾ), ਗੁਰਦੇਵ ਸਿੰਘ (ਨੰਦਾਚੌਰ), ਰਛਪਾਲ ਸਿੰਘ ਔਲਖ, ਤਿੰਨ ਨਵੰਬਰ ਨੂੰ ਕੁਲਦੀਪ ਸਿੰਘ ਉਰਫ਼ ਬੇਦੀ, ਜਸਬੀਰ ਸਿੰਘ ਬਿੱਲਾ, ਪਰਮਜੀਤ ਸਿੰਘ ਖਾਲਸਾ, ਮੋਹਿੰਦਰ ਸਿੰਘ ਖਾਲਸਾ, ਸਤਬੀਰ ਸਿੰਘ, ਚਰਨਜੀਤ ਸਿੰਘ (ਹੇੜੀਆਂ, ਗੜ੍ਹਸ਼ੰਕਰ), ਸੁਰਿੰਦਰ ਸਿੰਘ ਛਿੰਦਾ (ਈਸ਼ਰਵਾਲ, ਜਲੰਧਰ), 4 ਨਵੰਬਰ ਨੂੰ ਮੋਹਾਲੀ ਦੇ ਜਲੂਸ ਵਿਚ ਅਮਰਜੀਤ ਸਿੰਘ, 8 ਨਵੰਬਰ ਦੀ ਰਾਤ ਨੂੰ ਸੁਰਿੰਦਰ ਸਿੰਘ ਸ਼ਿੰਦਾ ਸੋਢੀ ਤੇ ਰੇਸ਼ਮ ਸਿੰਘ ਉਰਫ਼ ਡੀ.ਸੀ., 10 ਨਵੰਬਰ ਦੀ ਰਾਤ ਨੂੰ ਕੁਲਦੀਪ ਸਿੰਘ (ਸਿਹੋੜਾ, ਲੁਧਿਆਣਾ), 13-14 ਨਵੰਬਰ ਦੀ ਰਾਤ ਨੂੰ ਫਰਾਰੀ ਦੀ ਕੋਸ਼ਿਸ਼ ਦੇ ਨਾਂ 'ਤੇ ਜਰਨੈਲ ਤਰਸੇਮ ਸਿੰਘ ਕੋਹਾੜ ਅਤੇ ਜਰਨੈਲ ਸੁਖਦੇਵ ਸਿੰਘ ਕੋਟ ਮੌਲਵੀ, 17 ਨਵੰਬਰ ਨੂੰ ਗੁਰਤੇਜ ਸਿੰਘ ਤੇਜਾ (ਗੁਮਟਾਲਾ, ਅੰਮ੍ਰਿਤਸਰ), 22 ਨਵੰਬਰ ਨੂੰ ਸੁਖਬੀਰ ਸਿੰਘ ਉਰਫ਼ ਸੁੱਖਾ ਉਰਫ਼ ਅਮਲੀ (ਰਸੂਲਪੁਰ ਕਲਾਂ, ਅੰਮ੍ਰਿਤਸਰ), ਤੇ ਰਤਨ ਸਿੰਘ, 27 ਨਵੰਬਰ ਨੂੰ ਬਲਬੀਰ ਸਿੰਘ ਬਿੱਲਾ (ਚੱਕ ਮਾਣਕ ਰਾਏ) ਮਾਰ ਦਿੱਤੇ ਗਏ।

3 ਦਸੰਬਰ ਨੂੰ ਗੁਰਮੀਤ ਸਿੰਘ ਤੇ ਦਰਸ਼ਨ ਸਿੰਘ (ਹਰਦੇਵਾਲ, ਲੁਧਿਆਣਾ), 4 ਦਸੰਬਰ ਨੂੰ ਸੁਰਿੰਦਰ ਸਿੰਘ ਪੱਪੂ 11 ਦਸੰਬਰ ਨੂੰ ਨਿਰਮਲ ਸਿੰਘ ਤੇ ਖੁਸ਼ਮਾਲ ਸਿੰਘ, 12 ਦਸੰਬਰ ਨੂੰ ਗੁਰਚਰਨ ਸਿੰਘ ਉਰਫ਼ ਚੜ੍ਹਦੀ ਕਲਾ (ਰਾਜੋਵਾਲ, ਗੁਰਦਾਸਪੁਰ), 15 ਦਸੰਬਰ ਨੂੰ ਅਵਤਾਰ ਸਿੰਘ ਉਰਫ਼ ਤਾਰੀ (ਬਛੌੜੀ, ਬਲਾਚੋਰ), ਦੁਸ਼ਟ ਕਮਾਂਡੋ ਫ਼ੋਰਸ ਦਾ ਲੈਫ਼ਟੀਨੈਂਟ ਜਨਰਲ ਪਰਮਜੀਤ ਸਿੰਘ ਧਰਮੀ ਫ਼ੌਜੀ (ਬੂਲੇਵਾਲ, ਬਲਾਚੌਰ), ਜਨਰਲ ਬਘੇਲ ਸਿੰਘ, ਮਹਿੰਦਰ ਸਿੰਘ, ਹਰਜੀਤ ਸਿੰਘ, ਗੁਰਬਖ਼ਸ਼ ਸਿੰਘ ਉਰਫ਼ ਗੁੱਚਾ, ਬਲਵੰਤ ਸਿੰਘ ਉਰਫ਼ ਬੱਦੀ, 17 ਦਸੰਬਰ ਨੂੰ ਬਲਬਹਾਦਰ ਸਿੰਘ ਉਰਫ਼ ਸੋਗੀ (ਬਾਘਾ ਪੁਰਾਣਾ) ਤੇ ਮੋਹਨ ਸਿੰਘ, 18 ਦਸੰਬਰ ਨੂੰ ਹਰਦੇਵ ਸਿੰਘ (ਬੁੱਕਨਵਾਲਾ, ਫਰੀਦਕੋਟ), 25 ਦਸੰਬਰ ਨੂੰ ਅਵਤਾਰ ਸਿੰਘ ਰੂਪੇਵਾਲੀ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ

ਗਏ। ਇਸੇ ਮਹੀਨੇ ਵਿਚ ਹੀ ਲਖਬੀਰ ਸਿੰਘ (ਧੱਲੇਕੇ), ਬਲਵੰਤ ਸਿੰਘ (ਤਖਾਣਵਧ), ਮਹਿੰਦਰ ਸਿੰਘ (ਨੌਸ਼ਹਿਰਾ ਪੰਨੂਆਂ), ਪਰਮਜੀਤ ਸਿੰਘ ਸਿੰਘ ਕਾਲਾ, ਸਵਰਨਜੀਤ ਸਿੰਘ ਖਾਲਸਾ, ਗੁਰਚਰਨ ਸਿੰਘ ਉਰਫ਼ ਚਰਨੀ ਵੀ ਮਾਰ ਦਿੱਤੇ ਗਏ। ਇਨ੍ਹੀਂ ਦਿਨੀਂ ਹੀ ਖਾਲਸਿਤਾਨ ਲਿਬਰੇਸ਼ਨ ਫ਼ੋਰਸ ਦਾ ਜਰਨੈਲ ਵਰਿੰਦਰ ਸਿੰਘ (ਦਾਖਾ) ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਸ਼੍ਰੋਮਣੀ ਕਮੇਟੀ ਦੇ ਆਗੂ ਮੱਲ ਸਿੰਘ ਘੁਮਾਣ ਨੇ ਧੋਖੇ ਨਾਲ ਆਪਣੇ ਘਰ ਬੁਲਾ ਕੇ ਗ੍ਰਿਫ਼ਤਾਰ ਕਰਵਾਇਆ ਸੀ *(ਬਾਅਦ ਵਿਚ ਖਾੜਕੂਆਂ ਨੇ ਮੱਲ ਸਿੰਘ 'ਤੇ ਹਮਲਾ ਵੀ ਕੀਤਾ ਪਰ ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਵੀ ਬਚ ਗਿਆ)*।

ਦਰਸ਼ਨ ਸਿੰਘ ਰਾਗੀ ਦਾ ਇਨਸਾਫ਼ ਮਾਰਚ ਫੇਲ੍ਹ ਕੀਤਾ

ਚਾਰ ਅਗਸਤ 1987 ਦੀ ਕਨਵੈਨਸ਼ਨ ਮਗਰੋਂ ਪੰਥਕ ਕਮੇਟੀ ਬਨਾਮ ਪ੍ਰੋ: ਦਰਸ਼ਨ ਸਿੰਘ ਝਗੜੇ ਵਿਚ ਪ੍ਰੋ: ਦੀ ਸਾਖ 'ਤੇ ਅਸਰ ਪਿਆ ਸੀ, ਉਸ ਨੇ ਇਸ ਹਾਲਤ ਵਿਚ ਐਲਾਨ ਕੀਤਾ ਕਿ ਉਹ 5 ਦਸੰਬਰ 1988 ਨੂੰ ਦਿੱਲੀ ਵਿਚ 'ਇਨਸਾਫ਼ ਮਾਰਚ' ਕਰੇਗਾ। ਇਸ ਮਕਸਦ ਵਾਸਤੇ ਉਸ ਨੇ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਵਜੋਂ ਅਸਤੀਫ਼ਾ ਵੀ ਦੇ ਦਿਤਾ। ਪਰ ਖਾੜਕੂਆਂ ਨਾਲ ਰਿਸ਼ਤਾ ਖ਼ਰਾਬ ਹੋਣ ਮਗਰੋਂ ਹੁਣ ਭਾਰਤ ਸਰਕਾਰ ਉਸ ਨੂੰ ਪੁਰਅਮਨ ਜਲੂਸ ਕੱਢਣ ਦੀ ਇਜਾਜ਼ਤ ਵੀ ਨਹੀਂ ਸੀ ਦੇਣਾ ਚਾਹੁੰਦੀ। ਸੋ ਪ੍ਰੋ:ਦਰਸ਼ਨ ਸਿੰਘ ਨੂੰ 31 ਦਸੰਬਰ ਨੂੰ ਉਸ ਦੇ ਘਰ ਵਿਚ ਹੀ ਨਜ਼ਰਬੰਦ ਕਰ ਦਿਤਾ ਗਿਆ। ਪ੍ਰਕਾਸ਼ ਸਿੰਘ ਬਾਦਲ, ਜਿਸ ਨੂੰ 2 ਦਸੰਬਰ ਨੂੰ ਜੱਬਲਪੁਰ ਜੇਲ੍ਹ ਤੋਂ ਰਿਹਾ ਕੀਤਾ ਗਿਆ ਸੀ, ਨੂੰ ਇਸ ਮਾਰਚ ਵਿਚ ਸ਼ਾਮਿਲ ਹੋਣ ਵਾਸਤੇ ਜਾਂਦੇ ਨੂੰ 4 ਦਸੰਬਰ ਨੂੰ 400 ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ। 5 ਦਸੰਬਰ ਨੂੰ ਗੁਰਦੁਆਰਾ ਰਕਾਬ ਗੰਜ ਤੋਂ ਉਪਰਲਾ ਐਲਾਨਿਆ ਮਾਰਚ ਸ਼ੁਰੂ ਹੋਇਆ ਪਰ ਗੁਰਦੁਆਰੇ ਦੇ ਬਾਹਰ ਤੋਂ ਹੀ ਸੈਂਕੜੇ ਸਿੱਖ ਫੜ ਲਏ ਗਏ। ਇਨ੍ਹਾਂ 'ਚ ਕੁਝ ਅਕਾਲੀ ਐਮ.ਪੀਜ਼, ਐਮ.ਐਲ.ਏਜ਼ ਅਤੇ ਇਕ ਨਵਾਂ ਚਿਹਰਾ ਮੱਖਣ ਸਿੰਘ (ਸਾਧ) ਵੀ ਸੀ। ਪਰ ਅਗਲੇ ਦਿਨ ਸਾਰੇ ਹੀ ਰਿਹਾ ਕਰ ਦਿਤੇ ਗਏ।

ਬਾਦਲ ਦਾ ਪੰਜ ਨੁਕਾਤੀ ਐਲਾਨ-ਨਾਮਾ

ਸਿੱਖਾਂ 'ਤੇ ਹੋ ਰਹੇ ਧੱਕੇ ਦੇ ਖ਼ਿਲਾਫ਼ ਹੁਣ ਅਖੌਤੀ ਮਾਡਰੇਟ ਸਿੱਖਾਂ (ਆਪਣੀ ਚਮੜੀ ਬਚਾਉਣ ਵਾਸਤੇ) ਨੇ ਵੀ ਜ਼ਬਾਨ ਖੋਲ੍ਹਣੀ ਸ਼ੁਰੂ ਕਰ ਦਿੱਤੀ। 12 ਦਸੰਬਰ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਬਿਆਨ ਦਿਤਾ ਕਿ "ਸੈਂਟਰ ਸਿੱਖਾਂ ਵਿਚ ਆਪਣਾ ਗੁਆਚਿਆ ਵਕਾਰ ਤੇ ਇਤਬਾਰ ਬਹਾਲ ਕਰੇ।" ਉਸ ਨੇ ਸੈਂਟਰ ਨਾਲ ਗੱਲਬਾਤ ਵਾਸਤੇ 5 ਮੰਗਾਂ ਦੀ ਪਹਿਲੋਂ ਪੂਰਤੀ ਕਰਵਾਉਣ ਦੀ ਸ਼ਰਤ ਰੱਖੀ। ਇਹ ਨੁਕਤੇ ਸਨ: (1) ਪੰਜਾਬ 'ਚ ਪੂਰੀ ਆਮ ਮੁਆਫ਼ੀ ਦਾ ਐਲਾਨ ਕੀਤਾ ਜਾਵੇ (2) ਝੂਠੇ ਮੁਕਾਬਲੇ ਬੰਦ ਕੀਤੇ ਜਾਣ (3) ਦਿੱਲੀ ਤੇ ਹੋਰ ਜਗ੍ਹਾਂ 'ਤੇ ਸਿੱਖਾਂ ਦੇ ਨਵੰਬਰ 84 ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ (4) ਕਾਲੇ ਕਾਨੂੰਨ ਮਨਸੂਖ਼ ਕੀਤੇ ਜਾਣ (5) ਧਰਮੀ ਫ਼ੌਜੀਆਂ ਦੀ ਬਹਾਲੀ ਕੀਤੀ ਜਾਵੇ। ਬਾਦਲ ਨੇ ਵੀ ਕਿਹਾ ਕਿ ਹੁਣ ਤਕ ਸਿੱਖਾਂ ਦੀ ਕੋਈ ਵੀ ਮੰਗ ਨਹੀਂ ਮੰਨੀ ਗਈ। *(ਪਰ ਮਗਰੋਂ ਜਦ ਬਾਦਲ ਤਾਕਤ ਵਿਚ ਆਇਆ ਤਾਂ ਉਸ ਨੇ ਇਹ ਸਾਰੀਆਂ ਮੰਗਾਂ ਨਾ ਸਿਰਫ਼ ਛੱਡ ਹੀ ਦਿਤੀਆਂ ਬਲਕਿ ਆਪ ਵੀ ਸਿੱਖਾਂ 'ਤੇ ਜ਼ੁਲਮ ਕੀਤੇ)*।

ਫ਼ਤਹਿਗੜ੍ਹ ਸਾਹਿਬ 'ਚ ਖਾਲਿਸਤਾਨ ਦਾ ਮਤਾ

27 ਦਸੰਬਰ 1987 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿਚ ਡਾ: ਗੁਰਨਾਮ ਸਿੰਘ ਬੁੱਟਰ ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਾਨੋਚਾਹਲ) ਨੇ ਖਾਲਿਸਤਾਨ ਦਾ ਮਤਾ ਪਾਸ ਕਰਵਾਇਆ। ਹਾਜ਼ਰ ਸਾਰੇ ਸਿੱਖਾਂ ਨੇ ਇਕ-ਰਾਏ ਨਾਲ, ਹੱਥ ਖੜੇ ਕਰ ਕੇ, ਇਸ ਮਤੇ ਦੀ ਹਿਮਾਇਤ ਕੀਤੀ। ਇਸ 'ਤੇ ਸਰਕਾਰ ਨੇ ਕਈ ਅਕਾਲੀ ਆਗੂਆਂ ਦੇ ਖ਼ਿਲਾਫ਼ ਮੁਕਦਮੇ ਦਾਇਰ ਕੀਤੇ ਜਿਸ ਨਾਲ ਇਨ੍ਹਾਂ ਵਿਚੋਂ ਬਹੁਤ ਸਾਰੇ ਅਕਾਲੀ ਆਗੂ ਜੇਲ੍ਹੀਂ ਜਾਣ ਤੋਂ ਡਰਦੇ ਇਸ ਮਤੇ ਤੋਂ ਪਿੱਛੇ ਹਟ ਗਏ।

ਖਾੜਕੂਆਂ ਦੇ ਇਕ ਗਰੁਪ ਨੇ ਡਾ: ਰਾਜਿੰਦਰ ਕੌਰ ਨੂੰ ਕਤਲ ਕੀਤਾ

5 ਫ਼ਰਵਰੀ 1988 ਦੇ ਦਿਨ ਖਾੜਕੂਆਂ ਦੇ ਇਕ ਗਰੁਪ ਨੇ ਡਾ: ਰਾਜਿੰਦਰ ਕੌਰ (ਮਾਸਟਰ ਤਾਰਾ ਸਿੰਘ ਦੀ ਬੇਟੀ) ਨੂੰ ਕਤਲ ਕਰ ਦਿੱਤਾ। ਉਸ ਵੇਲੇ ਇਹ ਚਰਚਾ ਆਮ ਸੀ ਕਿ ਬੀਬੀ ਦਾ ਕਤਲ ਭਿੰਡਰਾਂ ਮਹਿਤਾ ਜੱਥੇ ਨਾਲ ਸਬੰਧਤ ਲੋਕਾਂ ਨੇ ਕੀਤਾ ਸੀ ਕਿਉਂਕਿ ਬੀਬੀ ਨੇ ਆਪਣੇ ਪਰਚੇ 'ਸੰਤ ਸਿਪਾਹੀ' ਵਿਚ ਇਸ ਗਰੁਪ ਦੇ ਖ਼ਿਲਾਫ਼ ਕੁਝ ਲੇਖ ਛਾਪੇ ਸਨ। ਡਾ: ਰਾਜਿੰਦਰ ਕੌਰ ਦਾ ਕਤਲ ਆਪਸੀ ਕਬਾਇਲੀ ਜੰਗ ਦੇ ਮੁਢਲੇ ਕਾਰਨਾਮਿਆਂ ਵਿਚੋਂ ਇਕ ਸੀ। ਉਹ ਇਕ ਬੇਗਰਜ਼ ਆਗੂ ਸੀ ਅਤੇ ਪੰਥਕ ਮਾਮਲਿਆਂ ਵਿਚ ਅਕਸਰ ਡਟ ਕੇ ਸਟੈਂਡ ਲਿਆ ਕਰਦੀ ਸੀ; ਉਸ ਨੇ 1978 ਵਿਚ ਨਿਰੰਕਾਰੀਆਂ ਦੇ ਖ਼ਿਲਾਫ਼, 1979 ਵਿਚ ਮੇਰਠ ਮੋਰਚੇ ਵਿਚ, 1982 ਕਪੂਰੀ ਮੋਰਚੇ ਵਿਚ ਅਤੇ 1984 ਦੇ ਹਮਲੇ ਮਗਰੋਂ ਦਰਬਾਰ ਸਾਹਿਬ ਵਿਚੋਂ ਫ਼ੌਜ ਕੱਢਣ ਦੀ ਮੁਹਿੰਮ ਵਿਚ ਅਹਿਮ ਰੋਲ ਅਦਾ ਕੀਤਾ ਸੀ ਤੇ ਕਈ ਵਾਰ ਜੇਲ੍ਹਾਂ ਵੀ ਕੱਟੀਆਂ ਸਨ।

1988 ਵਿਚ ਸਿੱਖਾਂ ਦਾ ਕਤਲੇਆਮ

ਜਨਵਰੀ 1988 ਵਿਚ ਭੂਪਿੰਦਰ ਸਿੰਘ ਭਿੱਤਾ (ਬਰਾੜ, ਅਜਨਾਲਾ), 9 ਜਨਵਰੀ ਨੂੰ ਸਤਨਾਮ ਸਿੰਘ ਬਾਵਾ (ਫਰਾਰ ਹੋ ਗਿਆ ਆਖ ਕੇ), 10 ਜਨਵਰੀ ਨੂੰ ਪਰਮਿੰਦਰ ਸਿੰਘ (ਸਰਚੂਰ, ਫਤਹਿਗੜ ਚੂੜੀਆਂ) 12 ਜਨਵਰੀ ਨੂੰ ਦਯਾ ਸਿੰਘ, ਬਲਬੀਰ ਸਿੰਘ, 29 ਜਨਵਰੀ ਨੂੰ ਝਿਲਮਲ ਸਿੰਘ (ਘੁਗਵੇਟ, ਕਪੂਰਥਲਾ) ਕਤਲ ਕੀਤੇ ਗਏ। 12 ਜਨਵਰੀ ਨੂੰ ਬਾਬਾ ਬਕਾਲਾ 'ਚ ਇਕ ਰਾਹਗੀਰ ਹਰਜਿੰਦਰ ਸਿੰਘ ਨੂੰ ਸੀ.ਆਰ.ਪੀ.ਐਫ਼. ਨੇ ਬੇਵਜਹ ਕਤਲ ਕਰ ਦਿਤਾ।

13 ਫਰਵਰੀ ਨੂੰ ਜੁਗਰਾਜ ਸਿੰਘ ਉਰਫ਼ ਰਾਜੂ ਉਰਫ਼ ਸ਼ਰਮਾ, ਜਗਤਾਰ ਸਿੰਘ (ਏਰੀਆ ਕਮਾਂਡਰ ਭਿੰਡਰਾਂਵਾਲਾ ਟਾਈਗਰ ਫ਼ੋਰਸ), 23 ਫਰਵਰੀ ਨੂੰ ਸੁਰਜੀਤ ਸਿੰਘ ਉਰਫ਼ ਸੀਤਾ (ਬਹਿਲੋਲਪੁਰ, ਦੀਨਾ ਨਗਰ), 25 ਫਰਵਰੀ ਨੂੰ ਦੀਵਾਨ ਸਿੰਘ (ਟਾਹਲੀਵਾਲ), 27 ਫਰਵਰੀ ਨੂੰ ਸੁਰਿੰਦਰ ਸਿੰਘ ਸ਼ਿੰਦਾ (ਕੋਟ ਅਹਿਮਦ, ਸਰਹਾਲੀ), ਹਰਿੰਦਰ ਸਿੰਘ ਬੰਟੀ (ਚੰਡੀਗੜ੍ਹ), 29 ਫਰਵਰੀ ਨੂੰ ਬਲਦੇਵ ਸਿੰਘ ਉਰਫ਼ ਬਿੱਲਾ (ਸ਼ੇਖ ਚੱਕ, ਤਰਨ ਤਾਰਨ), ਹਰਜਾਪ ਸਿੰਘ ਲਾਡੀ (ਜਲਪੋਤਾਂ, ਆਦਮਪੁਰ) ਕਤਲ ਕੀਤੇ ਗਏ। ਇਸੇ ਮਹੀਨੇ ਵਿਚ ਹੀ ਕਾਬਲ ਸਿੰਘ (ਭੁੱਲਰ ਹੰਸ), ਪਰਗਟ ਸਿੰਘ (ਤਲਵੰਡੀ ਬਹਿਰਾਮ), ਸੁਰਜੀਤ ਸਿੰਘ ਗਦਲੀ ਵੀ ਕਤਲ ਹੋਏ।

2 ਮਾਰਚ ਨੂੰ ਗੁਰਚਰਨ ਸਿੰਘ ਉਰਫ਼ ਟੌਹੜਾ, 8 ਮਾਰਚ ਨੂੰ ਜਗਤ ਸਿੰਘ ਉਰਫ਼ ਜੱਗਾ, 19 ਮਾਰਚ ਨੂੰ ਫ਼ੈਡਰੇਸ਼ਨ ਆਗੂ ਕੁਲਵੰਤ ਸਿੰਘ ਉਰਫ਼ ਸੇਵਾ ਸਿੰਘ, 22 ਮਾਰਚ ਨੂੰ ਬਲਵਿੰਦਰ ਸਿੰਘ

ਉਰਫ਼ ਪਰਮਜੀਤ ਸਿੰਘ, 23 ਮਾਰਚ ਨੂੰ ਸੁਖਜੀਤ ਸਿੰਘ ਸੁੱਖਾ, ਮਨਜੀਤ ਸਿੰਘ ਮੀਤਾ, ਇਸੇ ਮਹੀਨੇ ਹੀ ਗੁਲਜ਼ਾਰ ਸਿੰਘ ਪੱਪੂ, ਜਗਦੀਸ਼ ਸਿੰਘ ਜੱਗਾ, ਬਲਵੰਤ ਸਿੰਘ, ਦਰਬਾਰਾ ਸਿੰਘ ਢਿੱਲੋਂ, ਸਰਤਾਜ ਸਿੰਘ ਫ਼ੌਜੀ, ਨਿਸ਼ਾਨ ਸਿੰਘ ਵਛੋਆ, ਭੁਪਿੰਦਰ ਸਿੰਘ ਮਾਕੋਵਾਲ, ਬਲਬੀਰ ਸਿੰਘ ਸਾਹਮਣਾ, ਕੁਲਦੀਪ ਸਿੰਘ ਕੋਲਾ, ਜਸਬੀਰ ਸਿੰਘ (ਅਜਨਾਲਾ), ਦਵਿੰਦਰ ਸਿੰਘ (ਮਹਿਤਾ) ਵੀ ਕਤਲ ਹੋਏ।

ਜਸਬੀਰ ਸਿੰਘ ਰੋਡੇ ਦੀ ਸਰਕਾਰ ਨਾਲ ਸੌਦੇਬਾਜ਼ੀ ਤੇ ਉਸ ਦੀ ਰਿਹਾਈ

1988 ਦੇ ਸ਼ੁਰੂ ਵਿਚ ਹੀ ਭਾਰਤ ਸਰਕਾਰ ਨੇ ਆਪਣੇ ਏਲਚੀ ਭਾਈ ਜਸਬੀਰ ਸਿੰਘ ਰੋਡੇ ਵੱਲ ਭੇਜਣੇ ਸ਼ੁਰੂ ਕਰ ਦਿਤੇ। ਹੋਰਨਾਂ ਤੋਂ ਇਲਾਵਾ ਸਭ ਤੋਂ ਵੱਡਾ ਏਲਚੀ ਜੈਨੀ ਸਾਧੂ ਸੁਸ਼ੀਲ ਮੁਨੀ ਸੀ। ਉਸ ਨੇ ਜਸਬੀਰ ਸਿੰਘ ਰੋਡੇ ਨਾਲ ਕਈ ਮੁਲਾਕਾਤਾਂ ਕੀਤੀਆਂ ਅਤੇ ਅਖ਼ੀਰਲੀਆਂ ਮੁਲਾਕਾਤਾਂ ਵਿਚ ਉਸ ਨੇ ਜਸਬੀਰ ਸਿੰਘ ਦੇ ਨਾਲ ਬਾਕੀ ਚਾਰ ਗ੍ਰੰਥੀਆਂ ਨਾਲ ਵੀ ਗੱਲਬਾਤ ਕੀਤੀ। ਇਸ ਤੋਂ ਮਗਰੋਂ ਮਲੋਏ ਕਿਸ਼ਨ ਧਰ (ਡਿਪਟੀ ਚੀਫ਼ ਇੰਟੈਲੀਜੈਂਸ ਭਾਰਤ ਸਰਕਾਰ) ਨੇ ਵੀ ਜਸਬੀਰ ਸਿੰਘ ਨਾਲ ਮੁਲਾਕਾਤਾਂ ਕੀਤੀਆਂ। ਉਹ ਤਾਂ ਇਕ ਦੋ ਰਾਤਾਂ ਜੇਲ੍ਹ ਵਿਚ ਜਸਬੀਰ ਦੀ ਕੋਠੜੀ ਵਿਚ ਵੀ ਸੁੱਤਾ ਤੇ ਆਉਣ ਵਾਲੇ ਸਮੇਂ ਦੀ ਪਲਾਨਿੰਗ ਤਿਆਰ ਕੀਤੀ।

ਇਹ ਜਸਬੀਰ ਸਿੰਘ ਰੋਡੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਭਤੀਜਾ ਸੀ ਤੇ ਖਾੜਕੂਆਂ ਨੇ ਉਸ ਨੂੰ ਜੇਲ੍ਹ ਵਿਚ ਬੈਠੇ ਨੂੰ 26 ਜਨਵਰੀ 1986 ਦੇ ਦਿਨ ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ (ਅਖੌਤੀ ਜਥੇਦਾਰ) ਬਣਾ ਦਿੱਤਾ ਸੀ। ਉਸ ਨੂੰ (ਅਤੇ ਬਾਕੀਆਂ ਵਿਚੋਂ ਵੀ ਬਹੁਤੇ ਅਕਾਲੀ ਆਗੂਆਂ ਨੂੰ ਵੀ) ਅਕਾਲ ਤਖ਼ਤ ਸਾਹਿਬ ਤਾਂ ਕੀ ਸਿੱਖ ਫ਼ਲਸਫ਼ੇ ਦੇ ਮੁੱਢਲੇ ਸਿਧਾਂਤਾਂ ਦਾ ਵੀ ਸ਼ਾਇਦ ਪਤਾ ਨਹੀਂ ਹੁੰਦਾ, ਪਰ ਭਿੰਡਰਾਂਵਾਲੇ ਬਾਬਿਆਂ ਦਾ ਭਤੀਜਾ ਹੋਣ ਅਤੇ ਜੇਲ੍ਹ ਵਿਚੋਂ ਰਿਹਾਅ ਕਰਵਾਉਣ ਵਾਸਤੇ ਉਸ ਨੂੰ ਇਹ 'ਅਹੁਦਾ' ਦਿੱਤਾ ਗਿਆ ਸੀ। ਰਾਜੀਵ ਗਾਂਧੀ ਚਾਹੁੰਦਾ ਸੀ ਕਿ ਖਾੜਕੂਆਂ ਵਿਚ ਫ਼ੁੱਟ ਪਾ ਕੇ ਤਹਿਰੀਕ ਨੂੰ ਜੇ ਖ਼ਤਮ ਨਹੀਂ ਕੀਤਾ ਜਾ ਸਕਦਾ ਤਾਂ ਘਟੋ-ਘਟ ਕਮਜ਼ੋਰ ਤਾਂ ਕੀਤਾ ਜਾਵੇ। (ਇਸ ਦੀ ਪੂਰੀ ਤਫ਼ਸੀਲ ਵੇਖੋ: ਐਮ.ਕੇ.ਧਰ ਦੀ ਕਿਤਾਬ, *ਬਿਟਰ ਟ੍ਰੂਥ*, ਪੰਜਾਬੀ ਤਰਜਮਾ *ਕੌੜਾ ਸੱਚ*)।

ਜਦੋਂ ਜਸਬੀਰ ਸਿੰਘ ਤੇ ਸਰਕਾਰ ਆਪਸ ਵਿਚ ਕੁਝ ਨੁਕਤਿਆਂ ਤੇ ਰਾਜ਼ੀ ਹੋ ਗਏ ਤਾਂ ਇਸ ਸੌਦੇਬਾਜ਼ੀ ਨੂੰ ਅਮਲੀ ਸ਼ਕਲ ਦੇਣ ਦੀਆਂ ਤਿਆਰੀਆਂ ਸ਼ੁਰੂ ਕਰ ਦਿਤੀਆਂ ਗਈਆਂ। ਇਸ ਡਰਾਮੇ ਦੇ ਹਿੱਸੇ ਵਜੋਂ ਪੰਜ ਫਰਵਰੀ ਨੂੰ ਸਾਧੂ ਜੈਨ ਮੁਨੀ ਨੇ ਰਾਜੀਵ ਨੂੰ 'ਅਪੀਲ' ਕੀਤੀ ਕਿ ਪੰਜ ਗ੍ਰੰਥੀ ਰਿਹਾ ਕਰ ਦਿਤੇ ਜਾਣ। 11 ਫਰਵਰੀ ਨੂੰ ਰਾਜੀਵ ਨੇ ਜੈਨ ਮੁਨੀ ਦੇ ਪੰਜਾਬ ਬਾਰੇ ਬਿਆਨਾਂ ਦੀ ਤਾਰੀਫ਼ ਕੀਤੀ।

4 ਮਾਰਚ 1988 ਦੇ ਦਿਨ ਜਸਬੀਰ ਸਿੰਘ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਦੇ ਨਾਲ 4 ਹੋਰ ਗ੍ਰੰਥੀ ਅਤੇ ਇਸ ਦੇ ਨਾਲ ਹੀ ਜੋਧਪੁਰ ਜੇਲ੍ਹ 'ਚੋਂ ਰੋਡੇ ਦੇ 40 ਹਿਮਾਇਤੀ ਵੀ ਰਿਹਾਅ ਕਰ ਦਿੱਤੇ ਗਏ। ਜਸਬੀਰ ਸਿੰਘ ਨੇ ਰਿਹਾਅ ਹੁੰਦਿਆਂ ਹੀ ਪਹਿਲਾਂ ਬਿਆਨ ਇਹ ਦਿੱਤਾ ਕਿ "ਪੰਥ ਦਾ ਨਿਸ਼ਾਨਾ ਪੂਰਨ ਆਜ਼ਾਦੀ ਹੈ।" ਪਰ ਛੇ ਮਾਰਚ ਨੂੰ ਹੀ ਉਸ ਨੇ ਇਕ ਬਿਆਨ ਵਿਚ ਆਖ ਦਿੱਤਾ ਕਿ 'ਮੈਂ ਸਰਬੱਤ ਖਾਲਸਾ ਦੀ ਮਤਿਆਂ ਦੀ ਪੂਰੀ ਸੂਝਬੂਝ ਨਾਲ ਨਜ਼ਰਸਾਨੀ ਕਰਾਂਗਾ।"

ਅਕਾਲ ਤਖ਼ਤ ਸਾਹਿਬ 'ਤੇ ਜਸਬੀਰ ਸਿੰਘ ਦੀ 'ਤਾਜਪੋਸ਼ੀ'

ਜਸਬੀਰ ਸਿੰਘ ਦੀ ਰਿਹਾਈ ਮਗਰੋਂ ਉਸ ਦੇ ਦਾਦੇ ਬਾਬਾ ਜੋਗਿੰਦਰ ਸਿੰਘ ਨੇ ਐਲਾਨ ਕੀਤਾ ਕਿ 9 ਮਾਰਚ ਨੂੰ ਜਸਬੀਰ ਸਿੰਘ ਦੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ (ਅਖੌਤੀ ਜਥੇਦਾਰ) ਵਲੋਂ 'ਤਾਜਪੋਸ਼ੀ' ਕੀਤੀ ਜਾਵੇਗੀ। ਲਫ਼ਜ਼ 'ਤਾਜਪੋਸ਼ੀ' ਸਿੱਖ ਤਵਾਰੀਖ਼ ਤੇ ਫ਼ਲਸਫ਼ੇ ਵਿਚ ਨਵਾਂ, ਓਪਰਾ ਅਤੇ ਗ਼ਲਤ ਸੀ। ਅਕਾਲ ਤਖ਼ਤ ਸਾਹਿਬ ਦਾ ਮੁਖ ਸੇਵਾਦਾਰ ਕੋਈ ਬਾਦਸ਼ਾਹ ਨਹੀਂ, ਉਹ ਪ੍ਰਧਾਨ ਜਾਂ ਚੇਅਰਮੈਨ ਵੀ ਨਹੀਂ; ਉਹ ਈਸਾਈਆਂ ਦੇ 'ਪੋਪ' ਵਾਂਗ ਵੀ ਨਹੀਂ, ਉਹ ਇਸਲਾਮ ਦੇ 'ਖ਼ਲੀਫ਼ਾ' ਵਾਂਗ ਵੀ ਨਹੀਂ, ਉਹ ਹਿੰਦੂਆਂ ਦੇ 'ਜਗਤ ਗੁਰੂ' ਵਾਂਗ ਵੀ ਨਹੀਂ; ਉਹ ਬੋਧੀਆਂ ਦੇ 'ਲਾਮਾ' ਵਾਂਗ ਵੀ ਨਹੀਂ। ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਤਾਂ ਇਕ ਕਿਸਮ ਦਾ ਸੀਨੀਅਰ ਪੁਜਾਰੀ ਹੈ। ਉਹ ਤਾਂ 'ਪੁਜਾਰੀਆਂ ਦਾ ਵੱਡਾ ਪੁਜਾਰੀ' ਹੈ। ਫਿਰ ਇਸ 'ਤਾਜ਼ਪੋਸ਼ੀ' ਦਾ ਮਤਲਬ ਤਾਂ ਉਸ ਨੂੰ ਸਿੱਖ ਪੰਥ ਦਾ ਬਾਦਸ਼ਾਹ, ਮਾਲਿਕ ਤੇ ਸ਼ਾਇਦ ਨੀਮ-ਗੁਰੂ ਬਨਾਉਣ ਵਾਲੀ ਕਾਰਵਾਈ ਸੀ। ਉਂਵ ਬਾਬਾ ਜੋਗਿੰਦਰ ਸਿੰਘ ਦਾ ਇਹੋ ਜਿਹਾ ਬਿਆਨ ਦੇਣ ਦੀ ਕੋਈ ਤੁਕ ਨਹੀਂ ਸੀ, ਕਿਉਂਕਿ ਬਾਬਾ ਅਕਾਲ ਤਖ਼ਤ ਸਾਹਿਬ ਦਾ ਕੋਈ ਬੁਲਾਰਾ ਨਹੀਂ ਸੀ।

ਦੂਜੇ ਪਾਸੇ ਸ਼੍ਰੋਮਣੀ ਕਮੇਟੀ ਆਗੂਆਂ ਨੇ ਚਾਲਾਕੀ ਵਰਤਦਿਆਂ ਤੇ ਆਪਣੀਆਂ ਜਾਨਾਂ ਬਚਾਉਣ ਵਾਸਤੇ 8 ਮਾਰਚ ਨੂੰ ਐਲਾਨ ਕੀਤਾ ਕਿ ਰਾਗੀ ਦਰਸ਼ਨ ਸਿੰਘ ਦਾ (17 ਨਵੰਬਰ 1987 ਵਾਲਾ) ਅਸਤੀਫ਼ਾ ਮਨਜ਼ੂਰ ਕਰ ਲਿਆ ਗਿਆ ਹੈ ਤੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਭਾਈ ਜਸਬੀਰ ਸਿੰਘ ਨੂੰ ਸੌਂਪ ਦਿੱਤੀ ਹੈ।

ਭਾਈ ਜਸਬੀਰ ਸਿੰਘ ਨੇ 10 ਮਾਰਚ ਨੂੰ ਬੇਗੁਨਾਹਾਂ ਦੇ ਕਤਲਾਂ ਦੀ ਨਿੰਦਾ ਕੀਤੀ। ਇਸੇ ਦਿਨ ਇਕ ਜਰਨਲਿਸਟ ਕੁਲਦੀਪ ਸਿੰਘ ਅਰੋੜਾ ਨੇ ਭਾਈ ਜਸਬੀਰ ਸਿੰਘ ਦੇ ਨਾਂ 'ਤੇ ਖਾਲਿਸਤਾਨ ਦੇ ਹੱਕ ਵਿਚ ਬਿਆਨ ਜਾਰੀ ਕਰਵਾ ਦਿੱਤਾ (ਅਗਲੇ ਦਿਨ ਹੀ ਅਰੋੜਾ ਨੂੰ ਨੈਸ਼ਨਲ ਸਕਿਊਰਿਟੀ ਐਕਟ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ)। 14 ਮਾਰਚ ਨੂੰ ਸੁਸ਼ੀਲ ਮੁਨੀ ਨੇ ਕਿਹਾ ਕਿ ਜਸਬੀਰ ਸਿੰਘ ਦੀ ਰਿਹਾਈ ਬਾਬਾ ਠਾਕਰ ਸਿੰਘ ਤੇ ਬਾਬਾ ਜੋਗਿੰਦਰ ਸਿੰਘ ਦੀ ਮਨਜ਼ੂਰੀ ਨਾਲ ਕੀਤੀ ਗਈ ਹੈ। ਸਰਕਾਰ ਨੇ ਵੀ ਕਿਹਾ ਕਿ ਸਾਡਾ ਜਸਬੀਰ ਸਿੰਘ ਨਾਲ ਪਲ-ਪਲ ਦਾ ਰਾਬਤਾ ਹੈ। ਜਸਬੀਰ ਸਿੰਘ 'ਤੇ ਸਰਕਾਰੀਏ ਹੋਣ ਦਾ ਪਹਿਲਾ ਇਲਜ਼ਾਮ ਮਹਿਤਾ ਚੌਕ 'ਚ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਬੁੰਡਾਲਾ) ਵਲੋਂ ਪੋਸਟਰ ਲਾ ਕੇ ਲਾਇਆ ਗਿਆ ਸੀ।

ਨਕਸਲੀ ਕਵੀ ਅਵਤਾਰ ਪਾਸ਼ ਦਾ ਕਤਲ

23 ਮਾਰਚ 1988 ਦੇ ਦਿਨ ਨਕਸਲੀ ਕਵੀ ਅਵਤਾਰ ਪਾਸ਼ ਨੂੰ ਕਤਲ ਕਰ ਦਿੱਤਾ ਗਿਆ। ਉਹ ਕਈ ਚਿਰ ਤੋਂ ਖਾੜਕੂਆਂ ਦੇ ਖ਼ਿਲਾਫ਼ ਬੋਲਦਾ ਤੇ ਉਨ੍ਹਾਂ ਨੂੰ ਚੈਲੰਜ ਕਰਦਾ ਰਿਹਾ ਸੀ। ਕਤਲ ਤੋਂ ਪਹਿਲੀ ਰਾਤ ਵੀ ਉਸ ਨੇ ਰੱਜ ਕੇ ਸ਼ਰਾਬ ਪੀ ਕੇ ਸ਼ਰੇਆਮ ਖਾੜਕੂਆਂ ਨੂੰ ਗਾਲ੍ਹਾਂ ਕੱਢੀਆਂ ਸਨ ਅਤੇ ਧਮਕੀਆਂ ਦਿੱਤੀਆਂ ਸਨ, ਜਿਸ ਕਾਰਨ ਅਗਲੇ ਦਿਨ ਹੀ ਉਸ ਦਾ ਕਤਲ ਹੋ ਗਿਆ। ਪਾਸ਼ ਨੇ 1970ਵਿਆਂ ਵਿਚ ਬਹੁਤ ਵਧੀਆ ਕਵਿਤਾਵਾਂ ਲਿਖੀਆਂ ਸਨ ਪਰ ਉਹ ਇਖ਼ਲਾਕ ਪੱਖੋਂ ਬਹੁਤ ਘਟੀਆ ਸ਼ਖ਼ਸ ਸੀ। ਨਕਸਲੀ ਲਹਿਰ ਫੇਲ੍ਹ ਹੋਣ ਮਗਰੋਂ ਉਹ ਇੰਗਲੈਂਡ ਤੇ ਫਿਰ ਅਮਰੀਕਾ ਚਲਾ ਗਿਆ ਸੀ ਜਿੱਥੇ ਉਹ ਮਜ਼ਦੂਰੀ ਕਰਦਾ ਰਿਹਾ ਸੀ। ਕਤਲ ਵਾਲੇ ਦਿਨ ਉਸ ਨੇ ਦੋਬਾਰਾ ਅਮਰੀਕਾ ਜਾਣਾ ਸੀ।

ਡਾ: ਗੁਰਨਾਮ ਸਿੰਘ ਬੁੱਟਰ ਨਕਲੀ ਮੁਕਾਬਲੇ ਵਿਚ ਸ਼ਹੀਦ

ਡਾ: ਗੁਰਨਾਮ ਸਿੰਘ ਬੁੱਟਰ, ਜਿਸ ਨੇ 27 ਦਸੰਬਰ 1987 ਦੇ ਦਿਨ ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਇਕੱਠ ਵਿਚ ਸ਼੍ਰੋਮਣੀ ਕਮੇਟੀ ਦੀ ਸਟੇਜ ਤੋਂ ਖਾਲਿਸਤਾਨ ਦਾ ਮਤਾ ਪਾਸ ਕਰਵਾਇਆ ਸੀ, ਨੂੰ ਪੁਲਸ ਨੇ 9 ਅਪ੍ਰੈਲ 1988 ਦੇ ਦਿਨ ਗ੍ਰਿਫ਼ਤਾਰ ਕਰ ਲਿਆ। ਉਸ ਦੀ ਗ੍ਰਿਫ਼ਤਾਰੀ ਦੀ ਖ਼ਬਰ ਇਕ ਦਮ ਇਨਸਾਨੀ ਹਕੂਕ ਲਹਿਰ ਦੇ ਆਗੂਆਂ ਨੂੰ ਮਿਲ ਗਈ। ਅਗਲੇ ਦਿਨ ਹੀ ਜਸਟਿਸ ਅਜੀਤ ਸਿੰਘ ਬੈਂਸ ਨੇ ਇਕ ਬਿਆਨ ਵਿਚ ਕਿਹਾ ਕਿ ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਡਾ: ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਜਾਵੇਗਾ; ਉਨ੍ਹਾਂ ਮੰਗ ਕੀਤੀ ਕਿ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਵੇ। ਪਰ ਇਸ ਬਿਆਨ ਦੇ ਛਪ ਜਾਣ ਦੇ ਬਾਵਜੂਦ ਪੁਲਸ ਨੇ 12 ਅਪ੍ਰੈਲ ਦੇ ਦਿਨ ਡਾ: ਗੁਰਨਾਮ ਸਿੰਘ ਬੁੱਟਰ ਨੂੰ ਇਕ ਨਕਲੀ ਮੁਕਾਬਲੇ ਦੇ ਨਾਂ ’ਤੇ ਸ਼ਹੀਦ ਕਰ ਦਿੱਤਾ। ਇਹ ਗੱਲ ਕਾਬਲੇ-ਗ਼ੌਰ ਹੈ ਕਿ ਉਸ ਵੇਲੇ ਜਸਬੀਰ ਸਿੰਘ ਰੋਡੇ ਤਲਵੰਡੀ ਸਾਬੋ ਵਿਚ ਭਾਰਤ ਸਰਕਾਰ ਦੀ ਖ਼ੁਫ਼ੀਆ ਏਜੰਸੀ ਰਾਅ ਅਤੇ ਹੋਰ ਪੁਲਸ ਅਫ਼ਸਰਾਂ ਨਾਲ ਖ਼ੁਫ਼ੀਆ ਮੀਟਿੰਗਾਂ ਕਰ ਰਿਹਾ ਸੀ। ਡਾ: ਬੁਟਰ ਦਾ ਨਕਲੀ ਮੁਕਾਬਲਾ ਬਣਾਉਣ ਤੋਂ ਪਹਿਲਾਂ ਉਸ ’ਤੇ ਬੇਹੱਦ ਤਸ਼ੱਦਦ ਕੀਤਾ ਗਿਆ ਸੀ ਤੇ ਇਹ ਤਸ਼ੱਦਦ ਕਰਨ ਵਾਲੇ ਪੁਲਸੀਏ ਸਨ ਸਵਰਨ ਘੋਟਨਾ (ਐਸ.ਐਸ.ਪੀ.), ਕੇਹਰ ਸਿੰਘ (ਡੀ.ਐਸ.ਪੀ.), ਪੂਰਨ ਕੁਬੇ (ਐਸ.ਐਚ.ਓ.) ਤੇ ਉਨ੍ਹਾ ਦਾ ਸਟਾਫ਼।

●

ਦਰਬਾਰ ਸਾਹਿਬ ’ਤੇ ਇਕ ਹੋਰ ਹਮਲਾ

ਇਨ੍ਹਾਂ ਦਿਨਾਂ ਵਿਚ ਚਰਚਾ ਇਹ ਸੀ ਕਿ ਰਾਜੀਵ ਗਾਂਧੀ ਨੇ ਪੰਜਾਬ ਨੂੰ ਕਸ਼ਮੀਰ ਵਾਲਾ ਦਰਜਾ ਦੇਣ ਦੀ ਪੇਸ਼ਕਸ਼ ਕੀਤੀ ਹੈ ਅਤੇ ਭਾਈ ਜਸਬੀਰ ਸਿੰਘ ਨੂੰ ਖਾੜਕੂਆਂ ਨਾਲ ਇਸ ਬਾਰੇ ਗੱਲਬਾਤ ਕਰਨ ਵਾਸਤੇ ਕਿਹਾ। ਜਸਬੀਰ ਸਿੰਘ ਨੇ ਖਾੜਕੂਆਂ ਨਾਲ ਰਾਬਤਾ ਬਣਾਇਆ ਪਰ ਕਿਸੇ ਨੇ ਵੀ ਪੰਜਾਬ ਨੂੰ ਕਸ਼ਮੀਰ ਵਾਲਾ ਦਰਜਾ ਦੇਣ ਦੀ ਪੇਸ਼ਕਸ਼ ਨਾ ਮੰਨੀ। 27 ਮਾਰਚ ਨੂੰ ਮੋਹਕਮ ਸਿੰਘ ਤੇ ਗੱਜਾ ਸਿੰਘ ਰਿਹਾਅ ਕਰ ਦਿੱਤੇ ਗਏ। ਇਸ ਮਗਰੋਂ ਮੇਜਰ ਜਨਰਲ ਨਰਿੰਦਰ ਸਿੰਘ ਤੇ ਭਾਈ ਸੂਰਤ ਸਿੰਘ ਵੀ ਰਿਹਾਅ ਕਰ ਦਿੱਤੇ ਗਏ। ਇਸੇ ਦਿਨ ਦੂਜੀ ਪੰਥਕ ਕਮੇਟੀ ਦੇ ਇਕ ਕਾਰਕੁੰਨ ਜਗੀਰ ਸਿੰਘ ਨੇ ਦਰਬਾਰ ਸਾਹਿਬ ਦੀ ਪਰਕਰਮਾ ਦੇ ਕਮਰਾ ਨੰਬਰ 47 ਤੋਂ ਖਾਲਿਸਤਾਨ ਦਾ ਇਕ ਅਜੀਬੋ-ਗਰੀਬ ਨਕਸ਼ਾ ਜਾਰੀ ਕਰ ਦਿੱਤਾ (ਇਸ ਨਕਸ਼ੇ ’ਚ ਸਾਰੇ ਭਾਰਤ ਨੂੰ ਹੀ ਖਾਲਿਸਤਾਨ ਕਿਹਾ ਹੋਇਆ ਸੀ)।

ਅਪਰੈਲ ਦੇ ਪਹਿਲੇ ਹਫ਼ਤੇ ਹੀ ਬਲੈਕ-ਕੈਟਜ਼ ਕਮਾਂਡੋਜ਼* ਜਥੇਬੰਦੀ ਵੱਲੋਂ ਭਾਈ ਜਸਬੀਰ ਸਿੰਘ ’ਤੇ 26 ਇਲਜ਼ਾਮ** ਲਾਏ ਗਏ (ਰੋਜ਼ਾਨਾ ਅਜੀਤ, ਜਲੰਧਰ 8 ਅਪਰੈਲ 1988)। ਇਨ੍ਹਾਂ ਵਿਚ ਜਸਬੀਰ ਸਿੰਘ ਅਤੇ ਸਰਕਾਰ ਦੇ ਖੁਫ਼ੀਆ ਸਬੰਧਾਂ ਬਾਰੇ ਇੰਕਸ਼ਾਫ਼ ਕਰਦੇ ਹੋਏ ਸਵਾਲ ਸਨ। ਜਸਬੀਰ ਸਿੰਘ ਕੋਲ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਸੀ। ਉਂਵ ਪੰਥਕ ਕਮੇਟੀ ਨੇ ਬਲੈਕ-ਕੈਟਜ ਕਮਾਂਡੋਜ਼ ਦੀ ਨੁਕਤਾਚੀਨੀ ਕੀਤੀ ਤੇ ਉਨ੍ਹਾਂ ਨੂੰ ‘ਸਰਕਾਰੀਏ’ ਆਖਿਆ।

ਇੱਧਰ ਸਰਕਾਰ ਨੇ ਜਸਬੀਰ ਸਿੰਘ ਵਾਲਾ ਹਥਿਆਰ ਵਰਤਿਆ ਤੇ ਓਧਰ ਜਬਰ ਦੀ ਪਾਲਸੀ ਵੀ ਜਾਰੀ ਰਖੀ। ਹੋਰ ਤਾਂ ਹੋਰ 6 ਮਾਰਚ ਨੂੰ ਪੰਜਾਬ ਅਸੈਂਬਲੀ ਵੀ ਤੋੜ ਦਿਤੀ ਗਈ। ਇਸ ਦਾ ਮਤਲਬ ਸਿਮਰਨਜੀਤ ਸਿੰਘ ਮਾਨ ਨੂੰ ਰਾਜ ਸਭਾ ’ਚ ਚੁਣੇ ਜਾਣ ਤੋਂ ਰੋਕਣਾ ਸੀ। ਦਰਅਸਲ ਜਸਬੀਰ ਸਿੰਘ ਰੋਡੇ ਵੀ ਇਹ ਨਹੀਂ ਸੀ ਚਾਹੁੰਦਾ ਕਿ ਸਿਮਰਨਜੀਤ ਸਿੰਘ ਮਾਨ ਚੁਣਿਆ ਜਾਵੇ ਜਾਂ ਉਸ ਨੂੰ ਰਿਹਾ ਕੀਤਾ ਜਾਵੇ। ਇਕ ਅਖਬਾਰ ਨਵੀਸ ਨਾਲ ਗੱਲਬਾਤ ਕਰਦਿਆਂ ਜਸਬੀਰ ਸਿੰਘ ਨੇ ਆਖਿਆ ਸੀ ਕਿ ‘ਸਰਕਾਰ ਮਾਨ ਨੂੰ ਰਿਹਾ ਨਹੀਂ ਕਰੇਗੀ’। ਦਰਅਸਲ ਰੋਡੇ ਚਾਹੁੰਦਾ ਸੀ ਕਿ ਮਾਨ ਰਿਹਾ ਨਾ ਹੋਵੇ ਵਰਨਾ ਮਾਨ ਨੇ ਸੌਦੇਬਾਜ਼ੀ ਨਹੀਂ ਸੀ ਹੋਣ ਦੇਣੀ।

15 ਮਾਰਚ ਨੂੰ ਰਾਜ ਸਭਾ ਵਿਚ ‘ਪੰਜਾਬ ਵਿਚ 3 ਸਾਲ ਵਾਸਤੇ ਐਮਰਜੈਂਸੀ’ ਲਾਉਣ ਬਾਰੇ ਬਿੱਲ ਪਾਸ ਕੀਤਾ ਗਿਆ। ਪਹਿਲਾਂ ਜਦੋਂ ਕਲਾਜ਼ਿਜ਼ ਤੇ ਵੋਟਾਂ ਪਈਆਂ ਤਾਂ ਆਪੋਜ਼ੀਸ਼ਨ ਪਾਰਟੀਆਂ ਨੇ ਇਸ ਦੇ ਖ਼ਿਲਾਫ਼ ਵੋਟਾਂ ਪਾਈਆਂ। ਹਰ ਕਲਾਜ਼ 54 ਦੇ ਮੁਕਾਬਲੇ 157 ਵੋਟਾਂ ਨਾਲ ਪਾਸ ਹੋਈ। ਪਰ ਸਾਰੇ ਬਿੱਲ ਨੂੰ ਪਾਸ ਕਰਨ ਵੇਲੇ ਅਪੋਜੀਸ਼ਨ ਵਾਕ ਆਊਟ ਕਰ ਗਈ। ਇਸ ਦਾ ਗੁੱਝਾ

{*ਮਗਰੋਂ ਪੁਲੀਸ ਨੇ ਵੀ ਇਸੇ ਨਾਂ ਦੀ ਇਕ ਜਥੇਬੰਦੀ ਬਣਾਈ ਸੀ}।

(**ਬਾਅਦ ਵਿਚ ਪੰਥਕ ਕਮੇਟੀ ਨੇ ਖ਼ੁਦ ਇਹੀ ਇਲਜ਼ਾਮ ਜਸਬੀਰ ਸਿੰਘ ’ਤੇ ਲਾਏ)।

ਮਕਸਦ ਇਹ ਸੀ ਕਿ ਬਿੱਲ ਇਕ-ਰਾਏ ਨਾਲ ਪਾਸ ਹੋਵੇ, ਨਾ ਕਿ ਅਕਸਰੀਅਤ ਨਾਲ।

ਇਨ੍ਹੀਂ ਦਿਨੀਂ ਹੀ ਬਾਲ ਠਾਕਰੇ (ਸ਼ਿਵ ਸੈਨਾ) ਨੇ ਹਿੰਦੂਆਂ ਨੂੰ ਆਖਿਆ ਕਿ ਉਹ ਬੰਬਈ ਦੇ ਸਿੱਖਾਂ ਦੇ ਬਾਈਕਾਟ ਕਰਨ। ਪਰ ਸਰਕਾਰ ਨੇ ਉਸ 'ਤੇ ਕੇਸ ਦਰਜ ਕਰਨ ਤੋਂ ਨਾਂਹ ਕਰ ਦਿਤੀ। 8 ਅਪਰੈਲ ਨੂੰ ਪੰਜਾਬ ਅਤੇ ਪਾਕਿ ਵਿਚਲੀ ਸਰਹੱਦ ਸੀਲ ਕਰ ਦਿਤੀ ਗਈ। ਸਰਹੱਦ 'ਤੇ ਸੈਂਕੜੇ ਸਿਪਾਹੀ ਤਾਇਨਾਤ ਕਰ ਦਿੱਤੇ ਗਏ। ਜਸਬੀਰ ਸਿੰਘ ਨੇ ਇਨ੍ਹਾਂ ਸਾਰੀਆਂ ਕਾਰਵਾਈਆਂ ਬਾਰੇ ਇਕ ਲਫ਼ਜ਼ ਵੀ ਨਾ ਬੋਲਿਆ। ਉਸ ਨੇ 13 ਅਪਰੈਲ ਨੂੰ ਤਲਵੰਡੀ ਸਾਬੋ ਵਿਚ ਇਕ ਇਕੱਠ ਬੁਲਾ ਲਿਆ।

11 ਅਪ੍ਰੈਲ 1988 ਦੇ ਦਿਨ ਪੰਥਕ ਕਮੇਟੀ ਨੇ ਐਲਾਨ ਕੀਤਾ ਕਿ ਖਾਲਿਸਤਾਨ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਕੀਤਾ ਜਾਵੇਗਾ। 13 ਅਪ੍ਰੈਲ ਦੇ ਦਿਨ ਤਲਵੰਡੀ ਸਾਬੋ ਵਿਚ ਹੋਈ ਇਕ ਪੰਥਕ ਕਾਨਫ਼ਰੰਸ ਵਿਚ ਭਾਈ ਜਸਬੀਰ ਸਿੰਘ ਨੇ ਐਲਾਨ ਕੀਤਾ ਕਿ ਸਿੱਖਾਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲੱਥਣ ਤਕ ਪੰਥਕ ਜੱਦੋ-ਜਹਿਦ ਜਾਰੀ ਰਹੇਗੀ। ਉਸ ਨੇ ਇਕ ਦਿਨ ਪਹਿਲਾਂ ਐਲਾਨ ਕੀਤਾ ਸੀ ਕਿ ਮੈਂ ਵਿਸਾਖੀ 'ਤੇ ਪੰਥ ਨੂੰ ਨਵਾਂ ਪ੍ਰੋਗਰਾਮ ਦੇਵਾਂਗਾ, ਪਰ ਪੰਥਕ ਕਮੇਟੀ ਦੇ ਰੋਹ ਤੋਂ ਡਰਦਿਆਂ ਉਹ ਇਸ 'ਨਵੇਂ ਪ੍ਰੋਗਰਾਮ' ਦਾ ਐਲਾਨ ਨਾ ਕਰ ਸਕਿਆ। ਦਰਅਸਲ ਜਸਬੀਰ ਸਿੰਘ ਦੇ ਬੋਲਣ ਤੋਂ ਪਹਿਲਾਂ ਉਸ ਦੇ ਜੀਜੇ ਗੁਰਜੀਤ ਸਿੰਘ (ਪ੍ਰਧਾਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ) ਦੇ ਇਕ ਨੁਮਾਇੰਦੇ ਨੇ ਐਲਾਨ ਕੀਤਾ ਸੀ ਕਿ 'ਖਾਲਿਸਤਾਨ ਤੋਂ ਘੱਟ ਕੁਝ ਵੀ ਨਹੀਂ ਮੰਨਿਆ ਜਾਵੇਗਾ ਅਤੇ ਭਾਰਤ ਦੇ ਆਈਨ 'ਚ ਰਹਿ ਕੇ ਗੱਲ ਕਰਨ ਵਾਲਿਆਂ ਦਾ ਹਸ਼ਰ ਲੌਂਗੋਵਾਲ ਵਾਲਾ ਹੋਵੇਗਾ।' ਉਧਰ 13 ਅਪ੍ਰੈਲ ਦੇ ਦਿਨ ਦਰਬਾਰ ਸਾਹਿਬ ਵਿਚ ਜਗੀਰ ਸਿੰਘ ਤੇ ਨਿਰਵੈਰ ਸਿੰਘ ਦੀ ਅਗਵਾਈ ਵਿਚ ਇਕ 'ਜਲੂਸ' ਕੱਢ ਕੇ 'ਖਾਲਿਸਤਾਨ ਦਿਨ' ਮਨਾਇਆ ਗਿਆ।

ਹੁਣ ਇਹ ਤਾਂ ਸਾਫ਼ ਹੋ ਗਿਆ ਸੀ ਕਿ ਜਸਬੀਰ ਸਿੰਘ ਦੀ ਗੱਲ ਕਿਸੇ ਨੂੰ ਵੀ ਮਨਜ਼ੂਰ ਨਹੀਂ ਸੀ ਪਰ ਫਿਰ ਵੀ ਉਸ ਨੇ ਆਪਣੀ ਸਕੀਮ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ। ਇਸ ਕੋਸ਼ਿਸ਼ ਵਿਚ ਉਸ ਨੇ ਬੀ.ਬੀ.ਸੀ. (ਇੰਗਲੈਂਡ) ਨੂੰ ਇਕ ਇੰਟਰਵਿਊ ਦਿੱਤੀ, ਜਿਸ ਵਿਚ ਉਸ ਨੇ ਕਿਹਾ ਕਿ ਉਹ (ਰੋਡੇ) ਖਾਲਿਸਤਾਨ ਦੀ ਜਗ੍ਹਾ ਭਾਰਤੀ ਆਈਨ ਵਿਚ ਰਹਿ ਕੇ ਗੱਲਬਾਤ ਕਰਨ ਵਾਸਤੇ ਤਿਆਰ ਹੈ। ਇਸ ਤੋਂ ਬਾਅਦ ਖਾੜਕੂਆਂ ਨੇ ਉਸ ਨੂੰ ਬੋਰੀ-ਬਿਸਤਰਾ ਸੰਭਾਲ ਕੇ ਰੋਡੇ ਪਿੰਡ ਚਲੇ ਜਾਣ ਵਾਸਤੇ ਆਖਿਆ। ਪਰ ਉਸ 'ਤੇ ਲੀਡਰੀ ਸਵਾਰ ਸੀ। ਇਸ ਦਾ ਨਤੀਜਾ ਦਰਬਾਰ ਸਾਹਿਬ 'ਤੇ ਫ਼ੌਜ ਦੇ ਤੀਜੇ ਹਮਲੇ (ਬਲੈਕ ਥੰਡਰ) ਵਿਚ ਹੋਇਆ।

ਤਲਵੰਡੀ ਸਾਬੋ ਅਤੇ ਦਰਬਾਰ ਸਾਹਿਬ ਵਿਚ ਹੋ ਰਹੀਆਂ ਕਾਰਵਾਈਆਂ ਤੋਂ ਰਾਜੀਵ ਗਾਂਧੀ ਨੂੰ ਸਮਝ ਲੱਗ ਚੁੱਕੀ ਸੀ ਕਿ ਖਾੜਕੂ ਜਸਬੀਰ ਸਿੰਘ ਦੀ ਇਕ ਵੀ ਸੁਣਨ ਵਾਸਤੇ ਤਿਆਰ ਨਹੀਂ ਸਨ। ਦਰਬਾਰ ਸਾਹਿਬ ਦਾ ਘੇਰਾ 10 ਅਪ੍ਰੈਲ ਤੋਂ ਹੀ ਤੰਗ ਕੀਤਾ ਜਾ ਚੁੱਕਾ ਸੀ ਤੇ 'ਵੇਖਦਿਆਂ ਗੋਲੀ ਮਾਰਨ' ਦੇ ਹੁਕਮ ਦਿੱਤੇ ਜਾ ਚੁੱਕੇ ਸਨ। 15 ਅਪ੍ਰੈਲ ਨੂੰ ਅਖ਼ਬਾਰਾਂ ਵਿਚ ਵੀ ਇਹ ਚਰਚਾ ਆ ਚੁੱਕੀ ਸੀ ਕਿ ਸਰਕਾਰ ਦਰਬਾਰ ਸਾਹਿਬ 'ਤੇ ਨਵਾਂ ਹਮਲਾ ਕਰਨ ਦੀਆਂ ਤਿਆਰੀਆਂ ਕਰ ਰਹੀ ਹੈ।

14-15 ਅਪ੍ਰੈਲ ਨੂੰ ਜਸਬੀਰ ਸਿੰਘ ਉਰਫ਼ ਮੇਜਰ ਸਿੰਘ, 16 ਅਪ੍ਰੈਲ ਨੂੰ ਜੋਗਿੰਦਰ ਸਿੰਘ, 18 ਅਪ੍ਰੈਲ ਨੂੰ ਤੇਜਿੰਦਰ ਸਿੰਘ (ਠਰੂ), 23 ਅਪ੍ਰੈਲ ਬਿਕਰਮ ਸਿੰਘ ਬਿੱਕਾ ਉਰਫ਼ ਰੰਧਾਵਾ, ਜਨਰਲ

ਅਮਰੀਕ ਸਿੰਘ ਕਤਲ ਕੀਤੇ ਗਏ। 29 ਅਪ੍ਰੈਲ ਨੂੰ ਬਟਾਲਾ 'ਚ ਬੰਬ ਧਮਾਕਿਆਂ ਮਗਰੋਂ 4 ਸਿੱਖ ਜਿਊਂਦੇ ਸਾੜ ਦਿਤੇ ਗਏ। ਇਸ ਤੋਂ ਇਲਾਵਾ 21 ਅਪ੍ਰੈਲ ਨੂੰ ਜਲੰਧਰ ਦੇ ਨਵਾਂ ਬਾਜ਼ਾਰ ਵਿਚ ਬੰਬ ਬਣਾਉਣ ਦੀ ਤਿਆਰੀ ਕਰਦੇ ਗੁਰਿੰਦਰ ਸਿੰਘ ਉਰਫ਼ ਰੂਬੀ (ਪੀਰ ਬੋਦਲਾ ਬਜ਼ਾਰ), ਕੰਵਲਜੀਤ ਸਿੰਘ (ਪੱਕਾ ਬਾਗ) ਤੋਂ ਇਲਾਵਾ (ਬਾਅਦ 'ਚ ਜ਼ਖ਼ਮਾਂ) ਨਾਲ ਕਾਲਾ ਸਿੰਘ ਤੇ ਗੁਰਮੀਤ ਸਿੰਘ ਮਾਰੇ ਗਏ।

ਦਰਬਾਰ ਸਾਹਿਬ 'ਤੇ ਨਵਾਂ ਹਮਲਾ (ਬਲੈਕ ਥੰਡਰ)

ਜਸਬੀਰ ਸਿੰਘ ਦੀ ਰਿਹਾਈ ਮਗਰੋਂ ਜਦ ਸਰਕਾਰ ਖਾੜਕੂਆਂ ਨੂੰ ਖਾਲਿਸਤਾਨ ਤੋਂ ਹਟਾਉਣ ਵਿਚ ਕਾਮਯਾਬ ਨਾ ਹੋ ਸਕੀ ਤਾਂ ਇਸ ਨੇ ਆਪਣੇ ਟਾਊਟ ਉਨ੍ਹਾਂ ਵਿਚ ਸ਼ਾਮਿਲ ਕਰ ਦਿੱਤੇ। ਜਦ ਖਾੜਕੂਆਂ ਨੂੰ ਆਪਣੇ ਵਿਚ ਸ਼ਾਮਿਲ ਹੋਏ ਕੁਝ ਬਲੈਕ ਕੈਟਜ਼ ਦਾ ਪਤਾ ਲਗ ਗਿਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਪਲਾਨ ਘੜਨੀ ਸ਼ੁਰੂ ਕਰ ਦਿੱਤੀ। ਸਰਕਾਰੀ ਏਜੰਸੀਆਂ ਨੂੰ ਇਸ ਦਾ ਪਤਾ ਲੱਗ ਗਿਆ। ਇਸ ਕਰ ਕੇ ਸਰਕਾਰ ਨੇ ਬਲੈਕ ਥੰਡਰ ਅਪਰੇਸ਼ਨ ਕਰਨ ਦਾ ਫ਼ੈਸਲਾ ਕਰ ਲਿਆ। ਪਰ ਇਹ ਹਮਲਾ 9 ਮਈ ਨੂੰ ਅਚਾਨਕ ਹੀ ਨਹੀਂ ਸੀ ਹੋਇਆ ਤੇ ਨਾ ਹੀ ਡੀ.ਆਈ.ਜੀ. ਸਰਬਦੀਪ ਸਿੰਘ ਵਿਰਕ 'ਤੇ ਗੋਲੀ ਚਲਾਉਣ ਨਾਲ ਹੀ ਇਸ ਦਾ ਆਗਾਜ਼ ਹੋਇਆ ਸੀ। ਇਸ ਦੇ ਇਸ਼ਾਰੇ ਤਾਂ ਪਹਿਲਾਂ ਤੋਂ ਹੀ ਨਜ਼ਰ ਆ ਰਹੇ ਸਨ। ਪੰਜਾਬ ਅਸੈਂਬਲੀ ਤੋੜਨਾ, ਅਕਾਲੀ ਦਲ ਨੂੰ 21 ਮਾਰਚ ਨੂੰ ਬੋਟ ਕਲਬ ਦਿੱਲੀ 'ਚ ਪੁਰਅਮਨ ਰੈਲੀ ਵੀ ਨਾ ਕਰਨ ਦੇਣਾ, ਪੰਜਾਬ ਵਿਚ ਐਮਰਜੰਸੀ ਲਾਉਣ ਬਾਰੇ ਬਿਲ ਪਾਸ ਕਰਨਾ, 8 ਅਪ੍ਰੈਲ ਨੂੰ ਪੰਜਾਬ-ਪਾਕਿਸਤਾਨ ਦੀ ਸਰਹੱਦ ਸੀਲ ਕਰਨਾ, 10 ਅਪ੍ਰੈਲ ਨੂੰ ਦਰਬਾਰ ਸਾਹਿਬ ਦਾ ਘੇਰਾ ਤੰਗ ਕਰ ਕੇ 'ਵੇਖਦਿਆਂ ਗੋਲੀ ਮਾਰਨ' ਦੇ ਹੁਕਮ ਜਾਰੀ ਕਰਨਾ, ਇਹ ਸਭ ਇਸ ਦੀ ਤਿਆਰੀ ਦਾ ਇਸ਼ਾਰਾ ਸਨ। 15-16 ਅਪਰੈਲ ਨੂੰ ਇਸ ਬਾਰੇ ਅਖ਼ਬਾਰਾਂ ਵਿਚ ਚਰਚਾ ਵੀ ਸ਼ੁਰੂ ਹੋ ਗਿਆ ਸੀ ਕਿ 'ਸਰਕਾਰ ਨਵੇਂ ਐਕਸ਼ਨ ਦੀ ਤਿਆਰੀ ਵਿਚ ਹੈ।'

20 ਅਪ੍ਰੈਲ ਨੂੰ ਰਬੈਰੋ ਨੂੰ ਗਵਰਨਰ ਦਾ ਸਲਾਹਕਾਰ ਬਣਾ ਕੇ ਇਕ ਜ਼ਾਲਮ ਪੁਲੀਸ ਅਫ਼ਸਰ ਕੇ.ਪੀ.ਐਸ. ਗਿੱਲ ਨੂੰ ਪੰਜਾਬ ਦਾ ਪੁਲੀਸ ਚੀਫ਼ ਲਾ ਦਿੱਤਾ ਗਿਆ। 29 ਅਪ੍ਰੈਲ 1988 ਨੂੰ (1 ਜੂਨ 1984 ਵਾਂਗ) ਸੀ.ਆਰ.ਪੀ.ਐਫ਼. ਨੇ ਦਰਬਾਰ ਸਾਹਿਬ 'ਤੇ ਭਾਰੀ ਗੋਲਾਬਾਰੀ ਕੀਤੀ, ਜਿਸ ਨਾਲ ਇਕ ਬਜ਼ੁਰਗ ਔਰਤ ਮਾਰੀ ਗਈ। ਇਨ੍ਹੀਂ ਦਿਨੀਂ ਹੀ ਭਿੰਡਰਾਂ-ਮਹਿਤਾ ਜੱਥੇ ਦੇ ਹਿਮਾਇਤੀਆਂ ਦੇ ਦੋ ਧੜੇ ਬਣ ਚੁੱਕੇ ਸਨ। ਇਕ ਧੜਾ ਗੁਰਜੀਤ ਸਿੰਘ ਦਾ ਤੇ ਦੂਜਾ ਮਾਨੋਚਾਹਲ ਦਾ। ਮਾਨੋਚਾਹਲ ਨੇ ਜਗੀਰ ਸਿੰਘ ਤੇ ਨਿਰਵੈਰ ਸਿੰਘ (ਜਿਨ੍ਹਾਂ ਨੇ ਖਾਲਿਸਤਾਨ ਦਾ ਨਕਸ਼ਾ ਜਾਰੀ ਕੀਤਾ ਸੀ) ਦੀ ਹਿਮਾਇਤ ਦਾ ਐਲਾਨ ਕਰ ਦਿੱਤਾ। ਦੋਹਾਂ ਧੜਿਆਂ ਵਿਚ ਬਿਆਨਬਾਜ਼ੀ ਵਲ ਇਸ਼ਾਰਾ ਕਰਦਿਆਂ ਰਬੈਰੋ ਨੇ 4 ਮਈ ਨੂੰ ਇਕ ਬਿਆਨ ਵਿਚ ਕਿਹਾ ਕਿ ''ਪੁਲੀਸ ਦਰਬਾਰ ਸਾਹਿਬ ਕੰਪਲੈਕਸ ਵਿਚ ਲੜਾਈ ਹੋਣ 'ਤੇ ਸਿਰਫ਼ ਲਾਸ਼ਾਂ ਚੁੱਕਣ ਹੀ ਜਾਵੇਗੀ। ਸਾਨੂੰ ਪਤਾ ਹੈ ਕਿ ਉੱਥੇ ਨਵੀਂ ਮੋਰਚੇਬੰਦੀ ਹੋ ਰਹੀ ਹੈ। ਇਹ ਤਾਂ ਭਵਿੱਖ ਹੀ ਦਸੇਗਾ ਕਿ ਕੰਪਲੈਕਸ ਵਿਚ ਦਾਖ਼ਲਾ ਜ਼ਰੂਰੀ ਹੈ ਕਿ ਨਹੀਂ।''

ਸਰਕਾਰ ਦੀ ਦਰਬਾਰ ਸਾਹਿਬ ਦੇ ਆਉਣ ਵਾਲੇ ਹਮਲੇ ਦੀ ਨੀਅਤ ਦਾ ਇਸ ਤੋਂ ਵੱਡਾ

ਇਸ਼ਾਰਾ ਹੋਰ ਕੋਈ ਨਹੀਂ ਸੀ। ਦਰਅਸਲ ਪੁਲੀਸ ਨੇ ਦਰਬਾਰ ਸਾਹਿਬ ਵਿਚ ਬਹੁਤ ਸਾਰੇ ਮੁਖ਼ਬਰ ਖਾੜਕੂ ਬਣਾ ਕੇ ਭੇਜ ਦਿਤੇ ਹੋਏ ਸਨ। ਇਸ ਮਾਹੌਲ ਵਿਚ ਕਿਸੇ ਖਾੜਕੂ ਦੀ ਭੈਣ ਦੀ ਸ਼ਾਦੀ ਵਾਸਤੇ ਦਰਬਾਰ ਸਾਹਿਬ ਨੂੰ ਚੁਣਨਾ ਜਾਂ ਉੱਥੇ ਇਕੱਠੇ ਹੋਣਾ ਵੱਡੀ ਬੇਵਕੂਫ਼ੀ ਸੀ। ਜੇ ਕਰ ਖਾੜਕੂਆਂ ਵਿਚੋਂ ਇਕ ਗਰੁਪ ਦਾ ਇਹ ਬਿਆਨ ਮੰਨ ਵੀ ਲਈਏ ਕਿ ਜਸਬੀਰ ਸਿੰਘ ਨੇ 'ਗ਼ਦਾਰੀ' ਕੀਤੀ, ਤਾਂ ਵੀ ਉਨ੍ਹਾਂ ਦੀ ਜੰਗੀ ਪੈਂਤੜੇ ਦੀ ਬੇਵਕੂਫ਼ੀ ਢੱਕੀ ਨਹੀਂ ਜਾ ਸਕਦੀ। ਦੂਜਾ, ਉਨ੍ਹਾਂ ਨੂੰ ਇਸ 'ਗ਼ਦਾਰੀ' ਦਾਂ ਤਾਂ 10 ਦਿਨ ਪਹਿਲੋਂ ਹੀ ਪਤਾ ਲੱਗ ਚੁੱਕਾ ਸੀ। ਤੀਜਾ, ਸਰਕਾਰ ਦਰਬਾਰ ਸਾਹਿਬ 'ਤੇ ਇਕ ਵਾਰੀ ਫੇਰ ਹਮਲਾ ਕਰਨਾ ਚਾਹੁੰਦੀ ਸੀ। ਜੇ ਵਿਰਕ 'ਤੇ ਗੋਲੀ ਨਾ ਵੀ ਚੱਲਦੀ ਤਾਂ ਵੀ ਇਹ ਹਮਲਾ ਜ਼ਰੂਰ ਹੋਣਾ ਸੀ, ਭਾਵੇਂ ਹਫ਼ਤਾ ਠਹਿਰ ਕੇ ਹੀ ਹੁੰਦਾ।

ਇਸੇ ਕੜੀ ਦਾ ਇਕ ਹੋਰ ਹਿੱਸਾ ਇਹ ਹੈ ਕਿ 8 ਮਈ ਨੂੰ ਖ਼ਬਰ ਛਪੀ ਕਿ ਜੈਨੀ ਸਾਧੂ ਸੁਸ਼ੀਲ ਮੁਨੀ 'ਨਿਰਾਸ਼ ਹੋ ਕੇ ਅਮਰੀਕਾ ਚਲਾ ਗਿਆ।' ਦਰਅਸਲ ਐਨ ਇਕ ਦਿਨ ਪਹਿਲੋਂ ਉਹ ਮੈਦਾਨ ਸਾਫ਼ ਕਰ ਗਿਆ ਸੀ। 9 ਮਈ ਨੂੰ ਸਵੇਰੇ ਸੀ.ਆਰ.ਪੀ.ਐਫ਼. ਦੇ ਆਈ.ਜੀ. ਸਰਬਦੀਪ ਵਿਰਕ ਉੱਤੇ ਗੋਲੀ ਚੱਲੀ ਅਤੇ ਦੁਪਹਿਰੇ ਸਵਾ 11 ਵਜੇ ਤੋਂ ਦਰਬਾਰ ਸਾਹਿਬ 'ਤੇ ਫ਼ਾਇਰਿੰਗ ਸ਼ੁਰੂ ਹੋ ਗਈ। ਢਾਈ ਵਜੇ ਤੋਂ ਅੰਮ੍ਰਿਤਸਰ ਵਿਚ ਕਰਫ਼ਿਊ ਲਾ ਦਿੱਤਾ ਗਿਆ। ਜਸਬੀਰ ਸਿੰਘ ਰੋਡੇ ਅੰਮ੍ਰਿਤਸਰ ਤੋਂ ਸਿੱਧਾ ਲੁਧਿਆਣੇ ਚਲਾ ਗਿਆ ਤੇ ਉੱਥੇ ਜਾ ਕੇ ਬਿਆਨ ਦੇ ਦਿਤਾ ਕਿ 'ਸਰਕਾਰ 1984 ਵਾਲੇ ਹਾਲਾਤ ਪੈਦਾ ਕਰ ਰਹੀ ਹੈ।'

ਸਰਕਾਰ ਨੇ ਪਲਾਨਿੰਗ ਮੁਤਾਬਿਕ 9 ਮਈ ਨੂੰ ਸਵੇਰੇ 11 ਵਜੇ ਦਰਬਾਰ ਸਾਹਿਬ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਅੰਦਰ ਬੈਠੇ ਖਾੜਕੂਆਂ ਕੋਲ ਥੋੜ੍ਹੇ ਜਿਹੇ ਹੀ ਹਥਿਆਰ ਸਨ। ਇਸ ਕਰ ਕੇ ਉਨ੍ਹਾਂ ਨੇ ਬਹੁਤਾ ਮੁਕਾਬਲਾ ਨਹੀਂ ਕੀਤਾ। 'ਸਰਕਾਰੀ ਖਾੜਕੂ' ਤਾਂ ਲੜਨ ਵਾਸਤੇ ਨਹੀਂ ਸਨ ਭੇਜੇ ਗਏ।

10 ਮਈ ਨੂੰ ਮੁਸਾਫ਼ਿਰਾਂ ਨੂੰ ਦਰਬਾਰ ਸਾਹਿਬ ਤੋਂ ਬਾਹਰ ਆਉਣ ਦਾ ਮੌਕਾ ਦੇਣ ਵਾਸਤੇ ਗੋਲਾਬਾਰੀ ਬੰਦ ਹੋਈ। 11 ਮਈ ਨੂੰ ਕੁਝ ਪ੍ਰੈਸ ਰਿਪੋਰਟਰ ਅੰਦਰ ਗਏ ਤੇ ਉਨ੍ਹਾਂ ਨੇ ਵਾਪਿਸ ਆਣ ਕੇ ਖਾੜਕੂਆਂ ਦੀ ਜੁਰਅਤ ਦੀ ਤਾਈਦ ਕੀਤੀ। ਇਸ ਦਿਨ ਫ਼ਾਇਰਿੰਗ ਕੁਝ ਦੇਰ ਬੰਦ ਰਹੀ ਪਰ ਰਾਤ ਨੂੰ ਫੇਰ ਜਾਰੀ ਹੋ ਗਈ। 12 ਮਈ ਨੂੰ 5 ਗ੍ਰੰਥੀਆਂ (ਜਸਬੀਰ ਸਿੰਘ, ਪੂਰਨ ਸਿੰਘ, ਸਵਿੰਦਰ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ) ਨੇ ਅੰਮ੍ਰਿਤਸਰ ਆ ਕੇ 'ਗ੍ਰਿਫ਼ਤਾਰੀ ਦੇਣ' ਦਾ ਡਰਾਮਾ ਕੀਤਾ। ਇਸ ਮਗਰੋਂ ਫੇਰ ਫ਼ਾਇਰਿੰਗ ਸ਼ੁਰੂ ਹੋ ਗਈ। 12 ਮਈ ਨੂੰ ਸਾਰਾ ਦਿਨ ਅਤੇ ਸਾਰੀ ਰਾਤ ਫ਼ਾਇਰਿੰਗ ਹੁੰਦੀ ਰਹੀ। ਇਸੇ ਦਿਨ ਪਾਣੀ ਦੀ ਟੈਂਕੀ 'ਤੇ ਫ਼ੌਜ ਦਾ ਕਬਜ਼ਾ ਹੋਣ ਨਾਲ ਖਾੜਕੂਆਂ ਦਾ ਪਾਸਾ ਕਮਜ਼ੋਰ ਹੋ ਗਿਆ 13 ਮਈ ਨੂੰ ਹਥਿਆਰ ਸੁੱਟਣ ਵਾਸਤੇ ਆਖਣ 'ਤੇ ਕੁਝ ਹੋਰ ਮੁਸਾਫ਼ਿਰ, ਔਰਤਾਂ ਤੇ ਬੱਚੇ ਬਾਹਰ ਆ ਗਏ।

14 ਮਈ ਨੂੰ ਕਾਰਸੇਵਾ ਵਾਲੇ ਉੱਤਮ ਸਿੰਘ ਦੇ ਸੇਵਾਦਾਰ ਬਾਹਰ ਆ ਗਏ। ਇਸ ਦਿਨ ਰਾਮਗੜ੍ਹੀਆ ਬੁੰਗੇ 'ਤੇ ਤੋਪਾਂ ਦੇ ਗੋਲੇ ਮਾਰ ਕੇ ਖਾੜਕੂਆਂ ਨੂੰ ਖਤਮ ਕਰਨ ਲਈ ਫ਼ੌਜ ਨੇ ਸਾਰਾ ਜ਼ੋਰ ਲਾਇਆ, ਪਰ ਕਾਮਯਾਬੀ ਨਾ ਮਿਲੀ। ਇਸ ਵੇਲੇ ਤਕ ਜਾਗੀਰ ਸਿੰਘ ਮਾਰਿਆ ਜਾ ਚੁਕਾ ਸੀ। 15 ਮਈ ਨੂੰ 146 ਬੰਦੇ ਹੱਥ ਖੜ੍ਹੇ ਕਰ ਕੇ, ਮੁਸਾਫ਼ਿਰ ਹੋਣ ਦੇ ਬਹਾਨੇ ਨਾਲ, ਬਾਹਰ ਆ ਗਏ। ਇਨ੍ਹਾਂ ਵਿਚ ਸੁਰਜੀਤ ਸਿੰਘ ਪੈਂਟਾ ਤੇ ਉਸ ਦਾ ਭਰਾ ਹਰਚਰਨ ਸਿੰਘ, ਕਾਰ ਸੇਵਾ ਵਾਲੇ

ਉਤਮ ਸਿੰਘ ਦਾ ਪੀ.ਏ. ਸਕੱਤਰ ਸਿੰਘ, ਚਰਨਜੀਤ ਸਿੰਘ, ਲਾਭ ਸਿੰਘ ਉਰਫ਼ ਲੱਡੂ, ਜਗਤਾਰ ਸਿੰਘ ਉਰਫ਼ ਲੰਗੜਾ, ਜਰਮਨ ਸਿੰਘ ਵਗੈਰਾ ਸ਼ਾਮਿਲ ਸਨ। ਸੁਰਜੀਤ ਸਿੰਘ ਪੈਂਟਾ ਨੂੰ ਜਦੋਂ ਪਤਾ ਲਗਾ ਕਿ ਉਸ ਦੀ ਪਛਾਣ ਹੋ ਗਈ ਹੈ ਤਾਂ ਉਸ ਨੇ ਗੁਰੂ ਰਾਮਦਾਸ ਸਰਾਂ ਵਿਚ ਸਾਈਨਾਈਡ ਖਾ ਕੇ ਸ਼ਹੀਦੀ ਹਾਸਿਲ ਕਰ ਲਈ।

ਇਨ੍ਹਾਂ 146 ਸਿੱਖਾਂ ਵਿਚ 12 ਬੱਚੇ ਤੇ 16 ਔਰਤਾਂ ਵੀ ਸਨ। ਔਰਤਾਂ ਵਿਚ ਪੈਂਟਾ ਦੀ ਪਤਨੀ, ਸ਼ਹੀਦ ਰੋਸ਼ਨ ਸਿੰਘ ਬੈਰਾਗੀ ਦੀ ਪਤਨੀ, ਭਾਗ ਸਿੰਘ ਤੇ ਚਰਨ ਸਿੰਘ ਚੰਨੀ ਦੀਆਂ ਪਤਨੀਆਂ ਵੀ ਸ਼ਾਮਿਲ ਸਨ। ਇਨ੍ਹਾਂ ਸਾਰਿਆਂ 'ਤੇ ਬਗ਼ਾਵਤ ਦਾ ਕੇਸ ਬਣਾ ਕੇ ਇੰਟੈਰੋਗੇਸ਼ਨ ਸੈਂਟਰ 'ਚ ਭੇਜ ਦਿਤਾ ਗਿਆ। ਇਸ ਮੌਕੇ 'ਤੇ 40 ਦੇ ਕਰੀਬ ਸਿੱਖ ਹਥਿਆਰਾਂ ਸਣੇ ਦਰਬਾਰ ਸਾਹਿਬ ਵਿਚ ਦਾਖਿਲ ਹੋ ਗਏ। ਇਸ ਦਾ ਮਤਲਬ ਸਾਫ਼ ਸੀ ਕਿ ਉਹ ਲੜ ਕੇ ਮਰਨਗੇ ਅਤੇ ਹਥਿਆਰ ਹਰਗਿਜ਼ ਨਹੀਂ ਸੁੱਟਣਗੇ।

16 ਤਾਰੀਖ਼ ਨੂੰ ਫ਼ੌਜ ਨੇ ਕਾਰ ਸੇਵਾ ਵਾਲੇ ਬਾਬਿਆਂ ਅਤੇ ਮਲਕੀਅਤ ਸਿੰਘ ਅਜਨਾਲਾ ਦੇ ਪਿਤਾ ਗੁਰਦੀਪ ਸਿੰਘ ਨੂੰ ਦਰਬਾਰ ਸਾਹਿਬ ਲਿਆ ਕੇ ਉਨ੍ਹਾਂ ਤੋਂ ਮਾਈਕ 'ਤੇ ਅਪੀਲ ਕਰਵਾਈ ਕਿ ਉਹ ਹਥਿਆਰ ਸੁੱਟ ਦੇਣ। ਪਰ ਕਿਸੇ ਨੇ ਵੀ ਉਸ ਦੀਆਂ ਅਪੀਲਾਂ ਦੀ ਪਰਵਾਹ ਨਾ ਕੀਤੀ।

17 ਤਾਰੀਖ਼ ਨੂੰ ਸਵੇਰੇ ਹਥਿਆਰ ਸੁੱਟਣ ਦਾ ਮੌਕਾ ਦਿਤੇ ਜਾਣ ਦੇ ਵਕਤ ਵਿਚ ਖਾੜਕੂਆਂ ਨੇ 10 ਬਾਲਟੀਆਂ ਪਾਣੀ ਦੀਆਂ ਸਰੋਵਰ ਵਿਚੋਂ ਭਰ ਲਈਆਂ ਅਤੇ ਫੇਰ ਡੱਟ ਗਏ। ਪਰ 18 ਮਈ 1988 ਨੂੰ ਸ਼ਾਮ 4 ਵਜੇ ਫਿਰ ਹਥਿਆਰ ਸੁੱਟਣ ਵਾਸਤੇ ਵਕਤ ਦਿਤਾ ਗਿਆ ਤਾਂ ਅੰਦਰ ਬੈਠੇ ਬਾਕੀ 46 ਖਾੜਕੂਆਂ ਨੇ ਵੀ ਹਥਿਆਰ ਸੁੱਟ ਦਿਤੇ। ਇਨ੍ਹਾਂ ਵਿਚ ਮਲਕੀਅਤ ਸਿੰਘ ਅਜਨਾਲਾ, ਨਿਰਵੈਰ ਸਿੰਘ ਵੀ ਸ਼ਾਮਿਲ ਸਨ। ਇਸ ਕਾਰਵਾਈ ਨਾਲ ਖਾੜਕੂਆਂ ਦੀ ਸਾਖ ਬਹੁਤ ਕਮਜ਼ੋਰ ਹੋਈ।

ਪਰ ਇਸ ਦੇ ਬਾਵਜੂਦ ਧਰਮੀ ਫ਼ੌਜੀ ਕਾਰਜ ਸਿੰਘ ਥਾਂਦੇ ਤੇ ਬੱਗਾ ਸਿੰਘ ਨੇ ਗ੍ਰਿਫ਼ਤਾਰੀ ਦੀ ਬਜਾਏ ਸਾਇਆਨਾਈਡ ਖਾ ਕੇ ਜਾਨ ਦੇ ਦਿੱਤੀ। ਕੁਝ ਹੋਰ ਖਾੜਕੂਆਂ ਨੇ ਵੀ ਸਾਇਆਨਾਈਡ ਖਾ ਕੇ ਜਾਨ ਦਿੱਤੀ।

ਭਾਰਤੀ ਟੀ.ਵੀ. ਨੇ ਇਸ ਸਾਰੀ ਲੜਾਈ ਨੂੰ ਦੁਨੀਆਂ ਭਰ ਵਿਚ ਦਿਖਾਇਆ, ਜਿਸ ਨਾਲ ਖਾੜਕੂਆਂ ਦੀ ਬਹੁਤ ਬਦਨਾਮੀ ਹੋਈ। ਇਸ ਹਮਲੇ ਵਿਚ ਕੁਲ 36 ਖਾੜਕੂ ਮਾਰੇ ਗਏ ਸਨ (ਦਰਅਸਲ ਖਾੜਕੂਆਂ ਵਿਚ ਬਹੁਤ ਸਾਰੇ ਮੈਂਬਰ ਖ਼ੁਫੀਆ ਮਹਿਕਮੇ ਦੇ ਸ਼ਾਮਿਲ ਹੋ ਚੁੱਕੇ ਸਨ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਗ੍ਰਿਫ਼ਤਾਰ ਕੀਤੇ ਇਨ੍ਹਾਂ ਆਖ਼ਰੀ 46 ਬੰਦਿਆਂ ਵਿਚੋਂ ਕਿਸੇ 'ਤੇ ਵੀ ਮੁਕੱਦਮਾ ਨਹੀਂ ਸੀ ਚਲਾਇਆ ਗਿਆ)। ਦਰਅਸਲ ਇਹ ਸਾਰੇ ਪੁਲੀਸ ਦੇ 'ਬਲੈਕ ਕੈਟਜ਼' ਸਨ ਜਿਨ੍ਹਾਂ ਦਾ ਨਿਸ਼ਾਨਾ ਖਾੜਕੂਆਂ ਦੀ ਅਗਵਾਈ ਸੰਭਾਲ ਕੇ ਜਾਂ ਉਨ੍ਹਾਂ ਦੇ ਸਾਰੇ ਰਾਜ਼ ਜਾਣ ਕੇ ਉਨ੍ਹਾਂ (ਖਾੜਕੂਆਂ) ਦਾ ਸਫ਼ਾਇਆ ਕਰਨਾ ਸੀ।

ਦਰਬਾਰ ਸਾਹਿਬ ਵਿਚ ਕੀਰਤਨ ਬੰਦ ਰਿਹਾ

9 ਤੇ 10 ਮਈ ਨੂੰ ਦਰਬਾਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਹੋਇਆ ਅਤੇ ਸੁਖਆਸਣ ਵੀ। 10 ਮਈ ਤੋਂ 18 ਮਈ ਤਕ ਖਾੜਕੂ ਹੀ ਦਰਬਾਰ ਸਾਹਿਬ 'ਚ ਪਾਠ ਕਰਦੇ ਰਹੇ ਪਰ ਕੀਰਤਨ ਨਾ ਹੋ ਸਕਿਆ। 18 ਮਈ ਨੂੰ ਦਰਬਾਰ ਸਾਹਿਬ 'ਤੇ ਪੁਲੀਸ ਦਾ ਕਬਜ਼ਾ ਹੋਣ

ਮਗਰੋਂ ਤਾਂ ਪਾਠ ਵੀ ਬੰਦ ਰਿਹਾ। ਭਾਵੇਂ ਸਰਕਾਰੀ ਪੁਜਾਰੀ ਲਿਆ ਕੇ ਉੱਥੇ ਤਿੰਨੀਂ ਦਿਨੀਂ ਪਾਠ ਸ਼ੁਰੂ ਕਰਵਾ ਲਿਆ ਗਿਆ ਤੇ ਪੂਰੀ ਤਲਾਸ਼ੀ ਮਗਰੋਂ ਕੁਝ ਮਹੀਨੇ ਥੋੜ੍ਹੇ ਜੇਹੇ ਬੰਦਿਆਂ ਨੂੰ ਕੁਝ ਘੰਟਿਆਂ ਵਾਸਤੇ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਰਹੀ।

21 ਮਈ ਨੂੰ ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ 10 ਸ਼ਰਤਾਂ ਮੰਨਣ ਦੀ ਸੂਰਤ ਵਿਚ ਦਰਬਾਰ ਸਾਹਿਬ ਦਾ ਕਬਜ਼ਾ ਦੇਣ ਦੀ ਪੇਸ਼ਕਸ਼ ਕੀਤੀ। ਸ਼੍ਰੋਮਣੀ ਕਮੇਟੀ ਨੇ ਇਹ ਸ਼ਰਤਾਂ ਠੁਕਰਾ ਦਿਤੀਆਂ। ਇਨ੍ਹਾਂ ਸ਼ਰਤਾਂ ਵਿਚ ਇਹ ਵੀ ਸੀ ਕਿ ਦਰਬਾਰ ਸਾਹਿਬ ’ਚ ਕੋਈ ਹਥਿਆਰ ਲੈ ਕੇ ਨਹੀਂ ਜਾਵੇਗਾ, ਕੋਈ ਸਿਆਸੀ ਸਰਗਰਮੀ ਨਹੀਂ ਹੋਵੇਗੀ, ਪਰਕਰਮਾ ਦੇ ਕਮਰੇ ਢਾਹੇ ਜਾਣਗੇ, ਵਗੈਰਾ। 27 ਮਈ ਨੂੰ ਬੂਟਾ ਸਿੰਘ ਨੇ ਐਲਾਨ ਕੀਤਾ ਕਿ ਦਰਬਾਰ ਸਾਹਿਬ ਦੇ ਦੁਆਲੇ 100 ਮੀਟਰ ਚੌੜੀ ਫਿਰਨੀ ਬਣਾਈ ਜਾਏਗੀ। ਇਸੇ ਦਿਨ ਜਸਬੀਰ ਸਿੰਘ ਨੇ ਜੇਲ੍ਹ ਚੋਂ ਬਿਆਨ ਦਿਤਾ ਕਿ ‘ਹਥਿਆਰ ਸੁੱਟਣ ਵਾਲੇ ਖਾਲਿਸਤਾਨੀ ਨਹੀਂ ਹੋ ਸਕਦੇ।’ ਉਸ ਨੇ 4 ਮਾਰਚ ਤੋਂ ਬਾਅਦ ਪਹਿਲੀ ਵਾਰੀ ਲਫ਼ਜ਼ ‘ਖਾਲਿਸਤਾਨੀ’ ਮੂੰਹੋ ਕੱਢਿਆ ਸੀ। ਪਰ ਉਸ ਨੇ ਦਰਬਾਰ ਸਾਹਿਬ ’ਤੇ ਫ਼ੌਜ ਦੇ ਹਮਲੇ ਦੇ ਖ਼ਿਲਾਫ਼ ਕੁਝ ਵੀ ਨਾ ਆਖਿਆ।

ਜਸਬੀਰ ਸਿੰਘ ਰੋਡੇ ਤੇ ਦੂਜੇ ਗ੍ਰੰਥੀ ਬਰਖ਼ਾਸਤ

28 ਮਈ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਂ ਗ੍ਰੰਥੀਆਂ ਨੂੰ ਪੈਗਾਮ ਭੇਜਿਆ ਕਿ ਉਹ ਅਸਤੀਫ਼ੇ ਦੇ ਦੇਣ ਵਰਨਾ ਬਰਖਾਸਤ ਕਰ ਦਿਤੇ ਜਾਣਗੇ। ਪਰ ਗ੍ਰੰਥੀਆਂ ਨੇ ਇਸ ਦੀ ਪਰਵਾਹ ਨਾ ਕੀਤੀ। ਇਸ ’ਤੇ ਸ਼ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ 30 ਮਈ ਨੂੰ ਇਨ੍ਹਾਂ ਪੰਜਾਂ (ਜਸਬੀਰ ਸਿੰਘ, ਪੂਰਨ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ, ਸਵਿੰਦਰ ਸਿੰਘ) ਨੂੰ ਬਰਤਰਫ਼ ਕਰ ਦਿਤਾ। ਅਗਲੇ ਦਿਨ ਸਰਕਾਰ ਨੇ ਇਨ੍ਹਾਂ ਗ੍ਰੰਥੀਆਂ ਵਾਸਤੇ ਜੇਲ੍ਹ ਵਿਚ ਪ੍ਰੈੱਸ ਕਾਨਫਰੰਸ ਦਾ ਇੰਤਜ਼ਾਮ ਕੀਤਾ (ਭਾਰਤ ਦੀ ਤਵਾਰੀਖ਼ ’ਚ ਇਹ ਪਹਿਲੀ ਵਾਰੀ ਹੋਇਆ ਸੀ, ਜਿਸ ਦੀ ਜੇਲ੍ਹ ਮੈਨੂਅਲ ਵੀ ਇਜਾਜ਼ਤ ਨਹੀਂ ਦੇਂਦਾ)। ਇਸ ਪ੍ਰੈੱਸ ਕਾਨਫਰੰਸ ਵਿਚ ਉਨ੍ਹਾਂ ਪੰਜਾਂ ਨੇ ਆਪਣੀ ਨੌਕਰੀ ’ਤੇ ਅੜੇ ਰਹਿਣ ਬਾਰੇ ਬਿਆਨ ਦਿਤਾ। ਇਕ ਦਿਲਚਸਪ ਗੱਲ ਇਹ ਹੈ ਉਨ੍ਹਾਂ ਦਰਬਾਰ ਸਾਹਿਬ ’ਤੇ ਫ਼ੌਜ ਦੇ ਹਮਲੇ ਅਤੇ ਕਬਜ਼ੇ ਬਾਰੇ ਇਕ ਲਫ਼ਜ਼ ਵੀ ਨਾ ਬੋਲਿਆ। ਇਸ ਪ੍ਰੈੱਸ ਕਾਨਫ਼ਰੰਸ ’ਚ ਦਿਤੇ ਜਾਣ ਵਾਲਾ ਬਿਆਨ ਸਰਕਾਰ ਦੇ ਪਬਲਿਕ ਰੀਲੇਸ਼ਨਜ਼ ਡਿਪਾਰਮੈਂਟ ਨੇ ਤਿਆਰ ਕਰ ਕੇ ਟਾਈਪ ਕਰਵਾਇਆ ਅਤੇ ਉਨ੍ਹਾਂ ਹੀ ਰਲੀਜ਼ ਕੀਤਾ ਤੇ ਅਖ਼ਬਾਰਾਂ ਨੂੰ ਭੇਜਿਆ ਸੀ। ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਮੱਲ ਸਿੰਘ ਘੁਮਾਣ ਨੂੰ ਗ੍ਰਿਫ਼ਤਾਰ ਕਰ ਕੇ ਸਰਕਾਰ ਨੇ ਜ਼ੋਰ ਪਾਇਆ ਕਿ ਇਹ ਬਰਖਾਸਤਗੀ ਨਾ ਕੀਤੀ ਜਾਵੇ।

ਇਨ੍ਹਾਂ ਗ੍ਰੰਥੀਆਂ ਦੀ ਬਰਖਾਸਤਗੀ ਦੀ ਹਿਮਾਇਤ ਸਾਰੇ ਅਕਾਲੀਆਂ ਨੇ ਕੀਤੀ, ਸਿਰਫ਼ ਬਾਬਾ ਜੋਗਿੰਦਰ ਸਿੰਘ ਦਾ ਟੱਬਰ ਹੀ ਇਸ ਨਾਲ ਦੁਖੀ ਹੋਇਆ। ਅਕਾਲੀਆਂ ਵਲੋਂ ਸਰਕਾਰ ਦੀ ਗੱਲ ਨਾ ਮੰਨਣ ਕਰ ਕੇ ਉਨ੍ਹਾਂ ਦੇ ਆਗੂਆਂ (ਪਰਕਾਸ਼ ਸਿੰਘ ਬਾਦਲ, ਸੁਰਜਨ ਸਿੰਘ ਠੇਕੇਦਾਰ, ਸੁਖਜਿੰਦਰ ਸਿੰਘ, ਸੁਖਦੇਵ ਸਿੰਘ ਢੀਂਡਸਾ, ਕੁਲਦੀਪ ਸਿੰਘ ਵਡਾਲਾ, ਸ਼ੇਰ ਸਿੰਘ ਡੂੰਮਛੇੜੀ) ਨੂੰ ਪੰਜਾਬ ਤੋਂ ਦੂਰ ਦੀਆਂ ਜੇਲ੍ਹਾਂ ਵਿਚ ਭੇਜ ਦਿਤਾ ਗਿਆ। ਦੂਜੇ ਪਾਸੇ ਸਰਕਾਰ ਨਾਲ ਸੌਦੇਬਾਜ਼ੀ ਕਰਨ ਵਾਲੇ ਬਾਬਾ ਜੋਗਿੰਦਰ ਸਿੰਘ, ਉਸ ਦੇ ਟੱਬਰ ਤੇ ਸਾਥੀਆਂ ਨੂੰ ਰਿਹਾ ਕਰ ਕੇ ਘਰੋਂ-ਘਰੀਂ ਭੇਜ ਦਿਤਾ ਗਿਆ।

28 ਜੂਨ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਦੇ 133 ਚੋਂ 100 ਮੈਂਬਰਾਂ ਨੇ ਜਸਬੀਰ ਸਿੰਘ, ਪੂਰਨ ਸਿੰਘ, ਕਸ਼ਮੀਰ ਸਿੰਘ, ਸਵਿੰਦਰ ਸਿੰਘ, ਜਸਵੰਤ ਸਿੰਘ ਦੀ ਬਰਖ਼ਾਸਤਗੀ ਦੀ ਹਿਮਾਇਤ ਕੀਤੀ।

ਸ਼੍ਰੋਮਣੀ ਕਮੇਟੀ ਨੇ ਪੰਜਾਂ ਗ੍ਰੰਥੀਆਂ ਦੀ ਬਰਖਾਸਤਗੀ ਤੋਂ ਮਗਰੋਂ ਨਵੇਂ 5 ਗ੍ਰੰਥੀ ਲਾਉਣ ਦਾ ਐਲਾਨ ਕੀਤਾ। ਇਨ੍ਹਾਂ ਵਿਚ ਦਿਲੀ ਦਾ ਹਰਚਰਨ ਸਿੰਘ ਅਤੇ ਜੂਨ 1984 'ਚ ਟੈਲੀਵਿਜ਼ਨ ਤੋਂ ਦਰਬਾਰ ਸਾਹਿਬ ਦੀ ਸਲਾਮਤੀ ਬਾਰੇ (ਕਿਰਪਾਲ ਸਿੰਘ ਵਾਂਙ) ਬਿਆਨ ਦੇਣ ਵਾਲਾ ਪ੍ਰੀਤਮ ਸਿੰਘ ਵੀ ਸਨ। ਦੂਜੇ ਪਾਸੇ ਗੁਰਬਚਨ ਸਿੰਘ ਮਾਨੋਚਾਹਲ ਨੇ ਵੀ ਆਪਣੇ 5 ਨਵੇਂ ਗ੍ਰੰਥੀ ਐਲਾਨ ਕਰ ਦਿਤੇ। ਇਸ ਹਿਸਾਬ ਨਾਲ ਹੁਣ 15 ਗਰੰਥੀ ਸਨ।

ਅਕਾਲ ਤਖ਼ਤ ਦੇ ਮਲਬੇ ਹੇਠੋਂ ਲਾਸ਼ਾਂ ਲੱਭਣਾ

ਦਰਬਾਰ ਸਾਹਿਬ 'ਤੇ ਕਬਜ਼ੇ ਮਗਰੋਂ ਪੁਲੀਸ ਨੇ ਐਲਾਨ ਕੀਤਾ ਕਿ ਦਰਬਾਰ ਸਾਹਿਬ ਦੀ ਹਦੂਦ ਵਿਚ ਪਏ ਮਲਬੇ ਹੇਠੋਂ ਲਾਸ਼ਾਂ ਮਿਲੀਆਂ ਹਨ। ਸਰਕਾਰ ਮੁਤਾਬਿਕ 30-40 ਲਾਸ਼ਾਂ ਲੱਭੀਆਂ ਸਨ। ਇਹ ਲਾਸ਼ਾਂ ਉਨ੍ਹਾਂ ਲੋਕਾਂ ਦੀਆਂ ਸਨ ਜਿਨ੍ਹਾਂ ਨੂੰ ਸਰਕਾਰੀ ਬਲੈਕ ਕੈਟਜ਼ ਨੇ ਫਿਰੌਤੀਆਂ ਹਾਸਿਲ ਕਰਨ ਵਾਸਤੇ ਮਾਰਿਆ ਸੀ। ਸ਼ਾਇਦ ਇਨ੍ਹਾਂ ਵਿਚ ਕੋਈ ਖਾੜਕੂ ਵੀ ਹੋਵੇ ਜਿਸ ਨੂੰ ਬਲੈਕ ਕੈਟਜ਼ ਨੇ ਮਾਰ ਕੇ ਮਲਬੇ ਹੇਠ ਦੱਬ ਦਿੱਤਾ ਹੋਵੇ। ਪੁਲੀਸ ਨੇ ਉਲਟਾ ਖਾੜਕੂਆਂ ਨੂੰ ਹੀ ਇਨ੍ਹਾਂ ਲਾਸ਼ਾਂ ਵਾਸਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ।

ਖਾੜਕੂਆਂ ਵੱਲੋਂ 170 ਤੋਂ ਵੱਧ ਕਤਲ

ਦਰਬਾਰ ਸਾਹਿਬ 'ਤੇ ਸਰਕਾਰੀ ਹਮਲੇ ਦੇ ਜਵਾਬ ਵਿਚ ਖਾੜਕੂਆਂ ਨੇ ਕਈ ਐਕਸ਼ਨ ਕੀਤੇ, ਜਿਨ੍ਹਾਂ ਵਿਚ 170 ਤੋਂ ਵੱਧ ਬੰਦੇ ਮਾਰੇ ਗਏ ਸਨ: 16 ਮਈ ਨੂੰ ਸਾਬਕ ਸਪੀਕਰ ਕੇਵਲ ਕ੍ਰਿਸ਼ਨ 'ਤੇ ਵੀ ਵਾਰ ਹੋਇਆ। ਉਹ ਆਪ ਤਾਂ ਬਚ ਗਿਆ ਪਰ 2 ਹੋਰ ਮਾਰੇ ਗਏ। ਇਸੇ ਦਿਨ ਖਾੜਕੂਆਂ ਨੇ ਸਮਾਣਾ ਵਿਚ 20 ਬੰਦੇ ਤੇ ਸਮਰਾਏ (ਜਲੰਧਰ) 'ਚ 6 ਬੰਦੇ ਮਾਰੇ। ਇੰਞ ਹੀ ਖਾੜਕੂਆਂ ਨੇ 18 ਮਈ ਨੂੰ ਹਰਿਆਣੇ ਨੂੰ ਪਾਣੀ ਦੇਣ ਵਾਲੀ ਸਤਲੁਜ ਜਮਨਾ ਨਹਿਰ ਪੁੱਟਣ ਵਾਲਿਆਂ ਨੂੰ ਖਰੜ ਨੇੜੇ ਨਹਿਰ ਪੁੱਟਣੋਂ ਰੋਕਿਆ। ਜਦ ਉਹ ਨਾ ਰੁਕੇ ਤਾਂ ਇਹ 37 ਬਿਹਾਰੀ ਭਈਏ ਕਤਲ ਕੀਤੇ ਗਏ। ਖਾੜਕੂਆਂ ਨੇ ਅਗਲੇ ਛੇ ਦਿਨ ਫਿਰ ਪੰਜਾਬ ਹਿਲਾ ਕੇ ਰੱਖ ਦਿੱਤਾ। ਇਸ ਐਕਸ਼ਨ ਵਿਚ 19 ਮਈ ਨੂੰ 28, 20 ਮਈ ਨੂੰ 36 ਤੇ 21 ਮਈ ਨੂੰ 15 ਬੰਦੇ ਕਤਲ ਕੀਤੇ। 22 ਮਈ ਨੂੰ ਬੰਬ ਧਮਾਕੇ ਵਿਚ 2 ਮਰੇ ਤੇ ਹੋਰ ਜਗਹ 'ਤੇ 6 ਹੋਰ ਕਤਲ ਹੋਏ। 23 ਮਈ ਨੂੰ ਧਾਰੀਵਾਲ 'ਚ 6, 24 ਮਈ ਨੂੰ ਹਰੀਕੇ ਕੋਲ ਸਹੀ ਮੁਕਾਬਲੇ 'ਚ ਸਿਪਾਹੀ ਤੇ ਏ.ਐਸ.ਆਈ., 29 ਮਈ ਨੂੰ ਲੁਧਿਆਣਾ 'ਚ ਕਾਂਗਰਸ ਦਾ ਜਨਰਲ ਸੈਕਟਰੀ ਆਤਮ ਰਾਮ ਆਰੀਆ ਇਕ ਸਾਥੀ ਸਮੇਤ ਮਾਰੇ ਗਏ।

ਮਜ਼ਹਬ ਤੇ ਸਿਆਸਤ ਵੱਖ ਕਰਨ ਬਾਰੇ ਆਰਡੀਨੈਂਸ

26 ਮਈ ਨੂੰ ਸਰਕਾਰ ਨੇ ਮਜ਼ਹਬ ਤੇ ਸਿਆਸਤ ਅਲਗ ਕਰਨ ਬਾਰੇ ਆਰਡੀਨੈਂਸ ਜਾਰੀ ਕਰ ਦਿੱਤਾ। ਇਸ ਆਰਡੀਨੈਂਸ ਮੁਤਾਬਿਕ ਕਿਸੇ ਮਜ਼ਹਬੀ (ਧਾਰਮਿਕ) ਅਦਾਰੇ ਤੋਂ ਸਿਆਸੀ

ਕਾਰਵਾਈ ਕਰਨ 'ਤੇ ਪਾਬੰਦੀ ਲਾਈ ਗਈ। ਅਜਿਹੀ ਕਾਰਵਾਈ ਚਲਣ 'ਤੇ ਉਸ ਅਦਾਰੇ ਦੀ ਮੈਨੇਜਿੰਗ ਕਮੇਟੀ ਦੇ ਅਹੁਦੇਦਾਰਾਂ ਵਾਸਤੇ 5 ਸਾਲ ਦੀ ਕੈਦ ਤੇ ਜੁਰਮਾਨਾ ਰੱਖਿਆ ਗਿਆ। ਇਸ ਦਾ ਮਕਸਦ ਸਿਰਫ਼ ਸਿੱਖਾਂ ਵਿਚ ਡਰ ਪੈਦਾ ਕਰਨਾ ਸੀ ਕਿਉਂਕਿ ਸਿੱਖ ਧਰਮ ਵਿਚ ਮੀਰੀ ਤੇ ਪੀਰੀ 'ਇਕ' ਹਨ। ਸਰਕਾਰ ਨੇ 11 ਅਗਸਤ 1988 ਨੂੰ ਲੋਕ ਸਭਾ ਅਤੇ 19 ਅਗਸਤ ਨੂੰ ਰਾਜ ਸਭਾ 'ਚ ਇਸ ਬਿੱਲ ਨੂੰ ਪਾਸ ਕਰ ਦਿਤਾ।

ਮਈ 1988 ਵਿਚ ਸਿੱਖਾਂ ਦਾ ਕਤਲੇਆਮ

ਮਈ 1988 ਵਿਚ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਵਿਚ 36 ਸਿੱਖ ਮਾਰੇ ਗਏ ਸਨ। ਇਸ ਤੋਂ ਇਲਾਵਾ ਪੰਜਾਬ 'ਚ ਹੋਰ ਕਈ ਜਗ੍ਹਾ ਬਹੁਤ ਸਾਰੇ ਸਿੱਖ ਵੀ ਮਾਰੇ ਗਏ ਸਨ। ਇਨ੍ਹਾਂ ਵਿਚ ਹੇਠ ਲਿਖੇ ਵੀ ਸ਼ਾਮਿਲ ਸਨ: ਪਹਿਲੀ ਮਈ ਨੂੰ ਰਾਣਾ ਸਿੰਘ, ਕਿਸ਼ਨ ਸਿੰਘ, ਮਹਿਤਾਬ ਸਿੰਘ, ਜਗਜੀਤ ਸਿੰਘ, (ਖੁਜਾਲਾ), ਗੁਲਜ਼ਾਰ ਸਿੰਘ ਉਰਫ਼ ਮਹਿਤਾਬ ਸਿੰਘ (ਇੱਬਣ ਕਲਾਂ, ਝਬਾਲ), 3 ਮਈ ਨੂੰ ਜਸਵੰਤ ਸਿੰਘ ਉਰਫ਼ ਹਰਨੇਕ ਸਿੰਘ ਉਰਫ਼ ਮਸਤਾਨਾ ਬਬਰ (ਬਿਜਲੀਵਾਲ, ਬਟਾਲਾ), ਦਿਲਬਾਗ ਸਿੰਘ (ਬੋਲੋਵਾਲ, ਗੁਰਦਾਸਪੁਰ), 8 ਮਈ ਨੂੰ ਲਖਵਿੰਦਰ ਸਿੰਘ (ਪਜਾਲ), 10 ਮਈ ਨੂੰ ਬਬਰ ਭੂਪਿੰਦਰਪਾਲ ਸਿੰਘ ਖਾਲਸਾ, ਗੁਰਨਾਮ ਸਿੰਘ (ਘੜਿਆਲਾ), ਜੱਸਾ ਸਿੰਘ ਠੱਠਾ (ਬਾਗ ਠੱਠਾ), ਗੁਰਨਾਮ ਸਿੰਘ ਠੱਠਾ (ਕਾਲਾ) 11 ਮਈ ਨੂੰ ਨੰਦਗੜ੍ਹ ਕੋਟਲਾ 'ਚ ਇਕ ਸਿੱਖ ਸਾਇਆਨਾਈਡ ਖਾ ਕੇ, 12 ਮਈ ਨੂੰ ਕੁਲਦੀਪ ਸਿੰਘ, ਬਲਕਾਰ ਸਿੰਘ, 14 ਮਈ ਨੂੰ ਮੱਖਣ ਸਿੰਘ (ਗੱਠਲੀ, ਹੁਸ਼ਿਆਰਪੁਰ), 21 ਮਈ ਨੂੰ ਬਘੇਲ ਸਿੰਘ ਉਰਫ਼ ਕੜਾਕਾ ਸਿੰਘ (ਬੇਲੇ ਮਾਜਰਾ, ਪਟਿਆਲਾ), ਬਰਨਾਲਾ ਕਾਂਡ 'ਚ ਫੜੇ ਸਰਬਜੀਤ ਸਿੰਘ (ਸਾਇਆਨਾਈਡ ਖਾ ਕੇ), 24 ਮਈ ਨੂੰ ਰਣਜੀਤ ਸਿੰਘ ਰਾਣਾ ਉਰਫ ਪੰਮਾ (ਕਾਂਝਲੀ, ਕਪੂਰਥਲਾ), ਦੂਲਾ ਸਿੰਘ ਉਰਫ਼ ਰਛਪਾਲ ਸਿੰਘ (ਬਡਾਲਾ, ਅੰਮ੍ਰਿਤਸਰ), 25 ਮਈ ਨੂੰ ਪਰਮਜੀਤ ਸਿੰਘ ਪੰਮਾ, 28 ਮਈ ਨੂੰ ਤਿੰਨ ਸਿੱਖ, ਇਸੇ ਮਹੀਨੇ ਵਿਚ ਸਰਬਜੀਤ ਸਿੰਘ ਉਰਫ਼ ਸਰਬੀ (ਬੱਸੀਆਂ ਰੋਡ, ਰਾਏਕੋਟ) ਅਤੇ ਹੋਰ ਬਹੁਤ ਸਾਰੇ ਸਿੱਖ। ਇਹ ਨਾਂ ਉਹ ਹਨ ਜਿਹੜੇ ਅਖਬਾਰਾਂ ਵਿਚ ਛਪੇ ਸਨ। ਹੋਰ ਵੀ ਬਹੁਤ ਸਿੱਖ ਸ਼ਹੀਦ ਕੀਤੇ ਗਏ ਸਨ।

ਰਣਜੀਤ ਸਿੰਘ ਬੱਬਰ ਨੇ ਸਾਇਆਨਾਈਡ ਖਾ ਕੇ ਸ਼ਹੀਦੀ ਦਿੱਤੀ

ਰਣਜੀਤ ਸਿੰਘ ਬੱਬਰ ਠਾਕੁਰ ਰਾਮ ਦਿਆਲ ਵਜੋਂ, ਪਿੰਡ ਦਿਓਚਾਂ, ਛਤਰਪੁਰ, ਮੱਧ ਪ੍ਰਦੇਸ਼ ਵਿਚ ਪੈਦਾ ਹੋਇਆ ਸੀ। 1982 ਵਿਚ ਉਹ ਰੁਲਦਾ ਖੁਲਦਾ ਕਾਰ ਸੇਵਾ ਵਾਲਿਆਂ ਦੇ ਡੇਰੇ ਬੰਗਲਾ ਸਾਹਿਬ ਦਿੱਲੀ ਪੁੱਜ ਗਿਆ। ਉੱਥੇ ਉਸ ਦਾ ਮੇਲ ਬੱਬਰਾਂ ਨਾਲ ਹੋ ਗਿਆ। ਜੂਨ 1984 ਵਿਚ ਉਹ ਬੱਬਰਾਂ ਦੇ ਨਾਲ ਦਰਬਾਰ ਸਾਹਿਬ ਵਿਚ ਸੀ ਤੇ ਉਨ੍ਹਾਂ ਦੇ ਨਾਲ ਹੀ ਉਥੋਂ ਬਚ ਕੇ ਨਿਕਲ ਗਿਆ ਸੀ। ਮਗਰੋਂ ਉਸ ਨੂੰ ਵਰਪਾਲ ਕੋਲ ਗ੍ਰਿਫ਼ਤਾਰ ਕਰ ਲਿਆ ਗਿਆ। ਫਿਰ ਉਹ ਜ਼ਮਾਨਤ ਤੇ ਰਿਹਾ ਹੋ ਗਿਆ। ਇਸ ਮਗਰੋਂ ਉਸ ਨੂੰ ਇਕ ਵਾਰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ। ਦੋਬਾਰਾ ਜ਼ਮਾਨਤ ਤੇ ਰਿਹਾ ਹੋਣ ਮਗਰੋਂ ਉਹ ਇਕ ਡਾਕਟਰ ਦੀ ਦੁਕਾਨ ਤੇ ਕੰਮ ਕਰਨ ਲੱਗ ਪਿਆ। ਇਸ ਦੌਰਾਨ ਵੀ ਉਹ ਐਕਸ਼ਨਾਂ ਵਿਚ ਸ਼ਾਮਿਲ ਹੁੰਦਾ ਰਿਹਾ ਸੀ। ਅਖ਼ੀਰ 30 ਮਈ 1988 ਦੇ ਦਿਨ ਉਹ ਇਕ ਐਕਸ਼ਨ ਦੌਰਾਨ ਘੇਰੇ ਵਿਚ ਆ ਗਿਆ। ਉਸ ਨੇ ਪੁਲਸ ਦੇ ਹੱਥ ਆ ਕੇ ਜ਼ੁਲਮ

ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਰਨ ਦੀ ਜਗ੍ਹਾ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

ਜੂਨ 1988 ਤੇ ਇਸ ਮਗਰੋਂ ਮਾਰੇ ਗਏ ਸਿੱਖ

ਦਰਬਾਰ ਸਾਹਿਬ 'ਤੇ ਹਮਲੇ ਦੇ ਦੌਰਾਨ 146 ਬੰਦਿਆਂ ਨੇ ਹੱਥ ਖੜੇ ਕਰ ਕੇ ਗ੍ਰਿਫ਼ਤਾਰੀਆਂ ਦਿੱਤੀਆਂ। ਇਨ੍ਹਾਂ ਵਿਚੋਂ ਬਹੁਤੇ ਸਰਕਾਰ ਦੇ ਬਲੈਕ ਕੈਟ, ਜਾਸੂਸ, ਸਨ ਪਰ ਕੁਝ ਕੁ ਜਜ਼ਬਾਤੀ ਨੌਜਵਾਨ ਵੀ ਸਨ। ਇਨ੍ਹਾਂ ਵਿਚੋਂ ਕਰਨੈਲ ਸਿੰਘ ਨੂੰ ਪੁਲੀਸ ਨੇ ਰਾਜ਼ ਲੱਭਣ ਵਾਸਤੇ ਕੁੱਟ-ਕੁੱਟ ਕੇ ਮਾਰ ਦਿਤਾ। ਚਾਰ ਜੂਨ ਨੂੰ ਜਗਮੇਲ ਸਿੰਘ (ਖਾਨਪੁਰ, ਲੁਧਿਆਣਾ), 9 ਜੂਨ ਨੂੰ ਫ਼ੈਡਰੇਸ਼ਨ ਆਗੂ ਤੇ ਮੈਂਬਰ ਪੰਥਕ ਕਮੇਟੀ ਇੰਦਰਜੀਤ ਸਿੰਘ (ਜਟਾਣਾ, ਰੋਪੜ), 10 ਜੂਨ ਨੂੰ ਸਵਰਨ ਸਿੰਘ ਤੇ ਪਵਿੰਦਰ ਸਿੰਘ ਉਰਫ਼ ਰਾਮੂ (ਗਹੀਰਾਂ, ਨਕੋਦਰ), 12 ਜੂਨ ਨੂੰ 'ਬਾਬਾ' (ਖੀਵਾ, ਨਕੋਦਰ), 13 ਜੂਨ ਨੂੰ ਮੇਜਰ ਸਿੰਘ ਉਰਫ਼ ਰਣਜੋਧ ਸਿੰਘ ਤੇ ਇਕ ਹੋਰ, 16 ਜੂਨ ਨੂੰ ਗੁਰਨਾਮ ਸਿੰਘ (ਅਸਲ ਉਤਾੜ, ਵਲਟੋਹਾ), 19 ਜੂਨ ਨੂੰ ਸੁਲੱਖਣ ਸਿੰਘ (ਤਿੰਨ ਪੁਲਸੀਏ ਮਾਰਨ ਮਗਰੋਂ), ਇਸੇ ਦਿਨ ਸੁਖਦੇਵ ਸਿੰਘ ਸੁੱਖਾ (ਉਟਾਲਾ, ਸਮਰਾਲਾ), 22 ਜੂਨ ਨੂੰ ਜੁਗਿੰਦਰ ਸਿੰਘ ਉਰਫ਼ ਜਿੰਦੜੀ, (ਮਲੂਕਵਾਲ), ਸੁਖਦੇਵ ਸਿੰਘ (ਕੋਟਲਾ ਸ਼ਾਹੀਆਂ) ਨਕਲੀ ਮੁਕਾਬਲਿਆਂ ਵਿਚ ਮਾਰੇ ਗਏ।

23 ਜੂਨ ਨੂੰ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਜਰਨੈਲ ਮਲਕੀਅਤ ਸਿੰਘ ਉਰਫ਼ ਬਾਪੂ ਨੂੰ ਖਾਲਸਾ ਕਾਲਜ ਜਲੰਧਰ 'ਚ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੇ ਸਾਇਆਨਾਈਡ ਖਾ ਕੇ ਆਪਣੀ ਜਾਨ ਦੇ ਦਿਤੀ। ਇਸੇ ਦਿਨ ਕਰਨੈਲ ਸਿੰਘ (ਪਾਜੀਆਂ, ਕਪੂਰਥਲਾ), 27 ਜੂਨ ਨੂੰ ਮਨਜੀਤ ਸਿੰਘ (ਦੋਬੁਰਜੀ, ਲੁਧਿਆਣਾ) ਤੇ ਰਾਜਵਿੰਦਰ ਸਿੰਘ ਉਰਫ਼ ਕਾਲਾ, 28 ਜੂਨ ਨੂੰ ਸੁਰਜੀਤ ਸਿੰਘ ਬਘਿਆੜ (20 ਹਜ਼ਾਰੀ), ਸਵਰਨ ਸਿੰਘ ਸੰਮਾ, ਚੰਨਣ ਸਿੰਘ ਉਰਫ਼ ਪੰਮਾ (ਉਤਾੜ) ਮਾਰੇ ਗਏ।28 ਜੂਨ ਨੂੰ ਰਵਿੰਦਰ ਸਿੰਘ ਉਰਫ਼ ਬਿਟੂ, 2 ਜੁਲਾਈ ਨੂੰ ਨਿਸ਼ਾਨ ਸਿੰਘ ਏਰੀਆ ਕਮਾਂਡਰ, ਇਨ੍ਹੀਂ ਦਿਨੀਂ ਹੀ ਰੁਪਿੰਦਰ ਸਿੰਘ ਬਬਲਾ, ਗੁਰਦੀਪ ਸਿੰਘ ਗੀਪਾ ਪੁਲੀਸ ਨੇ ਮਾਰ ਦਿੱਤੇ।

ਜਨਰਲ ਲਾਭ ਸਿੰਘ ਨਕਲੀ ਮੁਕਾਬਲੇ ਵਿਚ ਸ਼ਹੀਦ

12 ਜੁਲਾਈ ਨੂੰ ਜਨਰਲ ਲਾਭ ਸਿੰਘ ਉਰਫ਼ ਸੁਖਦੇਵ ਸਿੰਘ ਉਰਫ਼ ਸੁੱਖਾ ਸਿਪਾਹੀ ਉਰਫ਼ ਲਾਭ ਸਿੰਘ ਮੁਖੀ ਖਾਲਿਸਤਾਨ ਕਮਾਂਡੋ ਫੋਰਸ ਆਪਣੇ ਇਕ ਸਾਥੀ ਸਣੇ ਨਕਲੀ ਪੁਲੀਸ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ।

13 ਜੁਲਾਈ ਨੂੰ ਬਲਬੀਰ ਸਿੰਘ ਖਾਸਾਰ, 16 ਜੁਲਾਈ ਨੂੰ ਚੰਡੀਗੜ੍ਹ ਵਿਚ ਅਸਲ ਮੁਕਾਬਲੇ 'ਚ ਤਿੰਨ, 20 ਜੁਲਾਈ ਨੂੰ ਬਲਬੀਰ ਸਿੰਘ (ਕਪੂਰਥਲਾ), 23 ਜੁਲਾਈ ਨੂੰ ਦਵਿੰਦਰ ਸਿੰਘ ਪਿੰਕਾ (ਸਰਹਾਲੀ) ਤੇ ਬੱਗਾ ਸਿੰਘ ਕੋਹਾੜ (ਸ਼ਾਹਕੋਟ) ਸ਼ਹੀਦ ਕਰ ਦਿੱਤੇ।

ਜਨਰਲ ਅਵਤਾਰ ਸਿੰਘ ਬ੍ਰਹਮਾ ਪੁਲਸ ਮੁਕਾਬਲੇ ਵਿਚ ਸ਼ਹੀਦ

22 ਜੁਲਾਈ 1988 ਦੇ ਦਿਨ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦਾ ਮੁਖੀ ਜਰਨੈਲ ਅਵਤਾਰ ਸਿੰਘ ਬ੍ਰਹਮਾ ਇਕ ਪੁਲਸ ਮੁਕਾਬਲੇ ਵਿਚ ਸ਼ਹੀਦ ਹੋ ਗਿਆ। ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੀ ਨੀਂਹ 1986 ਵਿਚ ਅਰੂੜ ਸਿੰਘ ਅਤੇ ਸੁਖਵਿੰਦਰ ਸਿੰਘ ਬੱਬਰ ਨੇ ਰੱਖੀ ਸੀ। ਉਨ੍ਹਾਂ ਦੀ ਸ਼ਹੀਦੀ

ਮਗਰੋਂ ਅਵਤਾਰ ਸਿੰਘ ਬ੍ਰਹਮਾ (ਪੁੱਤਰ ਸੋਹਨ ਸਿੰਘ ਤੇ ਮਾਤਾ ਚੰਨਣ ਕੌਰ, ਵਾਸੀ ਬ੍ਰਹਮਪੁਰਾ, ਜੋ ਦਯਾ ਸਿੰਘ ਸੁਰਸਿੰਘ ਦੇ ਜੱਥੇ ਨਾਲ ਸਬੰਧਤ ਸੀ) ਇਸ ਦਾ ਮੁਖੀ ਬਣਿਆ ਸੀ। ਅਵਤਾਰ ਸਿੰਘ ਦੀ ਅਗਵਾਈ ਵਿਚ ਇਸ ਜਥੇਬੰਦੀ ਨੇ ਬਹੁਤ ਸਾਰੇ ਐਕਸ਼ਨ ਕੀਤੇ ਸਨ।ਬਲੇਰ ਪਿੰਡ ਦਾ ਸੀ.ਆਰ.ਪੀ.ਐਫ਼. ਨਾਲ ਅਸਲ ਮੁਕਾਬਲਾ ਇਸੇ ਜਥੇਬੰਦੀ ਨਾਲ ਹੋਇਆ ਸੀ। ਇੰਵ ਹੀ ਇਕ ਵਾਰ ਮਾਣਕਪੁਰ ਕੋਲ ਵੀ ਹਜ਼ਾਰਾਂ ਫ਼ੋਰਸਿਜ਼ ਨੇ ਉਨ੍ਹਾਂ ਨੂੰ ਘੇਰ ਲਿਆ ਸੀ। ਸਰਹਾਲੀ ਕੋਲ ਥਾਣੇਦਾਰ ਛੱਬੂ ਰਾਮ ਨੂੰ ਵੀ ਉਸ ਨੇ ਸੋਧਿਆ ਸੀ। ਉਸ ਦੇ ਸਾਥੀ ਜਥੇਦਾਰ ਬੋਹੜ ਸਿੰਘ, ਪਿੱਪਲ ਸਿੰਘ, ਗੁਰਦੇਵ ਸਿੰਘ ਉਸਮਾਨ, ਗੁਰਦੀਪ ਸਿੰਘ ਵਕੀਲ, ਕਰਨੈਲ ਸਿੰਘ ਡੀ.ਸੀ. ਵੀ ਸਨ। 27 ਦਸੰਬਰ 1986 ਦੇ ਦਿਨ ਵੀ ਸੀ.ਆਰ.ਪੀ. ਨੇ ਉਸ ਨੂੰ ਬ੍ਰਹਮਪੁਰਾ ਵਿਚ ਘੇਰ ਲਿਆ ਪਰ ਉਸ ਦਾ ਮੁਕਾਬਲਾ ਕਰਨ ਦੀ ਜ਼ੁਰਅਤ ਨਾ ਕਰ ਸਕੀ। ਅਖ਼ੀਰ 22 ਜੁਲਾਈ 1988 ਦੇ ਦਿਨ ਉਹ ਰਾਜਸਥਾਨ ਕੋਲ ਪਾਕਿਸਤਾਨ ਦੀ ਸਰਹਦ ਦੇ ਨੇੜੇ ਪੁਲਸ ਦੇ ਘੇਰੇ ਵਿਚ ਆ ਗਿਆ। ਉਸ ਵੇਲੇ ਉਸ ਦੇ ਨਾਲ ਉਸ ਦੇ ਦੋ ਸਾਥੀ ਜਰਨੈਲ ਸਿੰਘ ਤੇ ਸੁਰਿੰਦਰ ਸਿੰਘ ਵੀ ਸਨ ਜੋ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਇਹ ਜਥੇਬੰਦੀ ਆਪਣੇ ਇਲਾਕੇ ਵਿਚ ਬਹੁਤ ਹਰਮਨ ਪਿਆਰੀ ਸੀ। ਅਵਤਾਰ ਸਿੰਘ ਦੀ ਸ਼ਹੀਦੀ ਮਗਰੋਂ ਇਸ ਦੀ ਕਮਾਨ ਗੁਰਜੰਟ ਸਿੰਘ ਬੁੱਧ ਸਿੰਘਵਾਲਾ (ਸ਼ਹੀਦ 29 ਜੁਲਾਈ 1992) ਨੇ ਸੰਭਾਲੀ ਸੀ।

31 ਜੁਲਾਈ ਨੂੰ ਗੁਰਚਰਨ ਸਿੰਘ ਤੇ ਇਕ ਹੋਰ, ਇਸੇ ਦਿਨ ਸਤਨਾਮ ਸਿੰਘ ਸੱਤਾ ਤੇ ਜਗੀਰ ਸਿੰਘ ਹੀਰਾ, 2 ਅਗਸਤ ਨੂੰ ਗੁਰਮੀਤ ਸਿੰਘ ਮੀਤਾ, 9 ਅਗਸਤ ਨੂੰ ਬਲਵਿੰਦਰ ਸਿੰਘ ਤੇ ਇਕ ਹੋਰ, 14 ਅਗਸਤ ਨੂੰ ਕੁਰੂਕਸ਼ੇਤਰ-ਪਿਹੋਵਾ ਵਿਚਕਾਰ ਸਤਵਿੰਦਰ ਸਿੰਘ ਉਰਫ਼ ਸੱਤਾ, ਗੋਪਾਲ ਸਿੰਘ ਤੇ ਗੁਰਚਰਨ ਸਿੰਘ, 15 ਅਗਸਤ ਨੂੰ ਬੰਬਾਂ ਦਾ ਮਾਹਿਰ ਮੱਖਣ ਸਿੰਘ ਬਬਰ (ਜੋ 12 ਅਗਸਤ ਨੂੰ ਗ੍ਰਿਫ਼ਤਾਰ ਕੀਤਾ ਸੀ, ਫ਼ਰਾਰ ਹੋਇਆ ਆਖ ਕੇ) ਕਤਲ ਕੀਤਾ ਗਿਆ। 16 ਅਗਸਤ ਨੂੰ ਗੁਰਮੀਤ ਸਿੰਘ (ਚੰਗਰਾਂ) ਮੰਡੀ ਗੋਬਿੰਦਗੜ੍ਹ 'ਚ ਫੜਿਆ ਗਿਆ ਤਾਂ ਉਸ ਨੇ ਸਾਇਆਨਾਈਡ ਖਾ ਕੇ ਜਾਨ ਦੇ ਦਿੱਤੀ। ਜੁਲਾਈ 1988 ਵਿਚ ਖਾੜਕੂਆਂ ਦੇ ਦੋ ਵੱਡੇ ਜਰਨੈਲ ਸੁਖਦੇਵ ਸਿੰਘ (ਲਾਭ ਸਿੰਘ) ਤੇ ਅਵਤਾਰ ਸਿੰਘ ਬ੍ਰਹਮਾ ਮਾਰੇ ਜਾਣ ਨਾਲ ਇਸ ਲਹਿਰ ਨੂੰ ਬੜਾ ਵੱਡਾ ਘਾਟਾ ਪਿਆ।ਇਨ੍ਹੀਂ ਦਿਨੀ ਹੀ ਬਿੰਦਰਜੀਤ ਸਿੰਘ ਉਰਫ਼ ਸ਼ਰਮਾ, ਕੰਵਲਜੀਤ ਸਿੰਘ ਨਵਲੀ, ਹੁਸਨ ਸਿੰਘ ਹੁਸਨਾ ਤੇ ਬਿਲੂ ਸਿੰਘ ਬਕਰੀਆਂ ਵਾਲਾ (ਦੋਵੇਂ ਤਲਵੰਡੀ ਸਾਬੋ), ਗੁਰਦੇਵ ਸਿੰਘ ਦੇਵ, ਹਰਭਜਨ ਸਿੰਘ (ਰਸੂਲਪੁਰ, ਹੁਸ਼ਿਆਰਪੁਰ), ਸਾਇਆ ਸਿੰਘ, ਪਿਆਰਾ ਸਿੰਘ ਬੱਬਰ, ਦਵਿੰਦਰ ਸਿੰਘ ਬੱਬਰ ਵੀ ਮਾਰ ਦਿੱਤੇ ਗਏ।

ਜਨਰਲ ਲਾਭ ਸਿੰਘ ਨਮਿਤ ਪਾਠ ਦਾ ਭੋਗ

18 ਜੁਲਾਈ ਨੂੰ ਜਨਰਲ ਲਾਭ ਸਿੰਘ ਦੀ ਸ਼ਹੀਦੀ ਵਾਸਤੇ ਰੱਖੇ ਪਾਠ ਦਾ ਭੋਗ ਸਮਾਧਾਂ ਵਾਲਾ ਖੂਹ 'ਚ ਉਨ੍ਹਾਂ ਦੇ ਸਹੁਰਾ ਚਰਨ ਸਿੰਘ ਨਾਹੋਰੀ ਦੇ ਘਰ ਵਿਚ ਪਾਇਆ ਗਿਆ। ਭਾਵੇਂ ਫ਼ੌਜ ਨੇ ਸਾਰੇ ਪਿੰਡ ਘੇਰ ਕੇ ਨਾਕਾਬੰਦੀ ਕਰ ਰੱਖੀ ਸੀ ਪਰ ਫਿਰ ਵੀ ਚੋਖੀ ਹਾਜ਼ਰੀ ਸੀ। ਵਾਪਸੀ 'ਤੇ ਪੁਲੀਸ ਨੇ 2 ਸਿੱਖ ਗ੍ਰਿਫ਼ਤਾਰ ਕਰ ਲਏ। 22 ਜੁਲਾਈ ਨੂੰ ਉਨ੍ਹਾਂ ਵਾਸਤੇ ਰੱਖੇ ਅਖੰਡ ਪਾਠ ਦਾ ਭੋਗ ਪੰਜਵੜ 'ਚ ਪਾਇਆ ਗਿਆ। ਇਸ ਦਿਨ ਭਾਰਤੀ ਫ਼ੌਜ ਨੇ ਘੇਰਾ ਪਾ ਕੇ ਤਿੰਨ ਤਿੰਨ ਮੀਲ ਤਕ ਇਕ ਵੀ ਬੰਦਾ ਨਾ ਲੰਘਣ ਦਿਤਾ। ਹੋਰ ਤਾਂ ਹੋਰ ਰਾਗੀ ਵੀ ਨਾ ਜਾਣ ਦਿੱਤੇ। ਸਪੀਕਰ

ਦੀ ਮਨਾਹੀ ਕਰ ਦਿਤੀ। ਬੇਅੰਤ ਸਿੱਖ ਨਾਕਾਬੰਦੀਆਂ ’ਤੇ ਰੋਕੇ ਗਏ। ਲਾਠੀ ਚਾਰਜ ਵੀ ਕੀਤਾ ਗਿਆ ਅਤੇ ਇਸ ’ਚ ਮਹਿੰਦਰ ਸਿੰਘ, ਜੋਗਿੰਦਰ ਸਿੰਘ, ਮੇਜਰ ਸਿੰਘ ਚਟਾਲੀ ਤੇ ਹੋਰ ਕਈ ਫੱਟੜ ਵੀ ਹੋਏ। ਪੁਲੀਸ ਨੇ ਗੁਰਮੁਖ ਸਿੰਘ ਤੇ ਇਕ ਹੋਰ ਸਿੱਖ ਨੂੰ ਗ੍ਰਿਫ਼ਤਾਰ ਵੀ ਕਰ ਲਿਆ। ਸਾਰੇ ਇਲਾਕੇ ’ਚ ਸਿੱਖਾਂ ਨੇ ਲੰਗਰ ਤੇ ਛਬੀਲਾਂ ਲਾਈਆਂ ਹੋਈਆਂ ਸਨ। ਇਹ ਸਾਬਿਤ ਕਰਦਾ ਹੈ ਕਿ ਸਾਰੇ ਸਿੱਖਾਂ ਵਿਚ ਖਾੜਕੂਆਂ ਵਾਸਤੇ ਕਿੰਨਾ ਪਿਆਰ ਤੇ ਸਤਿਕਾਰ ਸੀ।

ਖਾੜਕੂਆਂ ਵੱਲੋਂ ਰਾਕਟਾਂ ਦੀ ਵਰਤੋਂ

8 ਜੂਨ ਨੂੰ ਖਾੜਕੂਆਂ ਨੇ ਥਾਂਦੇ ’ਚ ਸੀ.ਆਰ.ਪੀ.ਐਫ਼. ਦੀ ਚੌਕੀ ’ਤੇ ਰਾਕਟਾਂ ਨਾਲ ਹਮਲਾ ਕੀਤਾ। ਇਸ ਨਾਲ ਇਕ ਹੌਲਦਾਰ ਥਾਂਏਂ ਮਰ ਗਿਆ ਤੇ ਕਈ ਜ਼ਖ਼ਮੀ ਹੋ ਗਏ। ਖਾੜਕੂਆਂ ਵਲੋਂ ਰਾਕਟਾਂ ਦੇ ਐਕਸ਼ਨ ਪਹਿਲੋਂ ਵੀ ਹੋ ਚੁਕੇ ਸਨ, ਜਿਵੇਂ ਕਿ 4 ਜਨਵਰੀ ਨੂੰ ਮਜੀਠਾ, 22 ਮਾਰਚ ਨੂੰ ਫਗਵਾੜਾ (ਜਿਹੜਾ ਖਾਲਿਸਤਾਨ ਕਮਾਡੋ ਫ਼ੋਰਸ ਦੇ ਲੈਫ਼ਟੀਨੈਂਟ ਜਨਰਲ ਰਘਬੀਰ ਸਿੰਘ ਟੈਂਕ ਨੇ ਵਿਸ਼ਵਕਰਮਾ ਮੰਦਰ ਵਿਚ ਬੈਠੀ ਸੀ.ਆਰ.ਪੀ.ਐਫ਼. ਦੀ ਬਟਾਲੀਅਨ ’ਤੇ ਕੀਤਾ ਸੀ), 29 ਮਾਰਚ ਨੂੰ ਫਤਹਿਗੜ੍ਹ ਚੂੜੀਆਂ 31 ਮਾਰਚ ਨੂੰ ਜੀਵਨ ਸਿੰਘ ਉਮਰਾਨੰਗਲ ਦੇ ਘਰ ’ਤੇ, ਵਗੈਰਾ।

ਸੁਰਜੀਤ ਬਰਨਾਲੇ ਦਾ ਅਕਾਲ ਤਖ਼ਤ ’ਤੇ ਨਵਾਂ ਡਰਾਮਾ

7 ਜੁਲਾਈ 1988 ਨੂੰ ਸੁਰਜੀਤ ਬਰਨਾਲਾ ਅਕਾਲ ਤਖ਼ਤ ਸਾਹਿਬ ’ਤੇ ਫੇਰ ਡਰਾਮਾ ਕਰਨ ਵਾਸਤੇ ‘ਪੇਸ਼’ ਹੋਇਆ। ਇਸ ਮੌਕੇ ’ਤੇ ਸਾਰੇ ਪੰਜੇ ਨਵੇਂ ਗ੍ਰੰਥੀ ਤੇ ਪੁਜਾਰੀ (ਸੋਹਣ ਸਿੰਘ, ਪ੍ਰੀਤਮ ਸਿੰਘ, ਬਲਬੀਰ ਸਿੰਘ, ਮੋਹਣ ਸਿੰਘ, ਜਗੀਰ ਸਿੰਘ ਪੂਹਲਾ) ਆਪੇ ਅੰਮ੍ਰਿਤਸਰ ਪਹੁੰਚੇ ਹੋਏ ਸਨ। ਉਸ ਨੂੰ ਸੁਣ ਕੇ ‘ਫ਼ੈਸਲਾ’ ਤਾਂ ਕੋਈ ਨਾ ਦਿੱਤਾ ਗਿਆ ਪਰ ਸਿੱਖਾਂ ’ਚ ਇਸ ਦੇ ਖ਼ਿਲਾਫ਼ ਚੋਖਾ ਗੁੱਸਾ ਪਾਇਆ ਗਿਆ।

ਸੰਯੁਕਤ ਅਕਾਲੀ ਦਲ ਤੇ ਬਾਬਾ ਜੋਗਿੰਦਰ ਸਿੰਘ ਵੱਖ ਹੋ ਗਏ

ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖ਼ਤ ਸਾਹਿਬ ਦੀ ਸਰਬਰਾਹੀ ਤੋਂ ਬਰਖਾਸਤ ਕੀਤੇ ਜਾਣ ’ਤੇ ਉਸ ਦਾ ਦਾਦਾ ਬਾਬਾ ਜੋਗਿੰਦਰ ਸਿੰਘ ਬੌਖ਼ਲਾ ਗਿਆ। ਉਸ ਨੇ ਆਪਣੇ ਸਾਥੀਆਂ ਦੀ ਮੀਟਿੰਗ 26 ਜੂਨ ਨੂੰ ਗੁਰਦੁਆਰਾ ਆਲਮਗੀਰ ’ਚ ਕੀਤੀ। ਇਸ ਮੀਟਿੰਗ ’ਚ ਬਾਬਾ ਪਰਿਵਾਰ ਤੋਂ ਇਲਾਵਾ ਅਜੀਤ ਸਿੰਘ ਪਰਵਾਰ ਵਿਛੋੜਾ, ਜਗਦੇਵ ਸਿੰਘ ਖੁੱਡੀਆਂ ਤੇ ਸੁੱਚਾ ਸਿੰਘ ਛੋਟੇਪੁਰ ਪੁੱਜੇ। ਬਾਬੇ ਨੇ ਮਨਜੀਤ ਸਿੰਘ, ਸ਼ਮਿੰਦਰ ਸਿੰਘ, ਮਲ ਸਿੰਘ ਘੁਮਾਣ, ਉਜਾਗਰ ਸਿੰਘ ਰੰਘਰੇਟਾ, ਸ਼ਿਵ ਸਿੰਘ ਖੁਸ਼ੀਪੁਰ, ਹਰੀ ਸਿੰਘ ਆਰੇਵਾਲਾ ਤੇ ਪੂਰਨ ਸਿੰਘ ਜੋਸ਼ ਨੂੰ 6-6 ਸਾਲ ਵਾਸਤੇ ਅਕਾਲੀ ਦਲ ’ਚੋਂ ਕੱਢਣ ਦਾ (ਹਾਸੋਹੀਣਾ) ਐਲਾਨ ਕਰ ਦਿਤਾ (ਇਹ ਸਾਰੇ ਕਦੋਂ ਦੇ ਪਾਰਟੀ ਛੱਡ ਚੁਕੇ ਸਨ)। ਅਗਲੇ ਦਿਨ ਹੀ 27 ਜੂਨ ਨੂੰ ਅਕਾਲੀ ਪਾਰਟੀ ਦੇ ਸੀਨੀਅਰ ਆਗੂਆਂ ਨੇ ਇਸ ‘ਰੋਡੇ ਪੰਚਾਇਤ’ ਦੀ ਮੀਟਿੰਗ’ ਆਖ ਕੇ ਰੱਦ ਕਰ ਦਿਤਾ ਤੇ ਇਸ ਨੂੰ ‘ਫ਼ਰਾਡ’ ਤੇ ‘ਗ਼ੈਰ-ਕਾਨੂੰਨੀ’ ਕਿਹਾ। ਸੱਚ ਇਹ ਹੈ ਕਿ ‘ਬਾਬਾ ਅਕਾਲੀ ਦਲ ਦੀ ਲੜਾਈ ਨੂੰ ਨਿੱਜੀ ਬਣਾ ਰਿਹਾ ਸੀ। ਬਾਕੀ ਮਸਲਿਆਂ ਬਾਰੇ ਕੁਝ ਨਹੀਂ ਸੋਚਦਾ ਸੀ।’ ਅਕਾਲੀ ਆਗੂਆਂ ਮੁਤਾਬਿਕ ਆਲਮਗੀਰ ਦੀ ਮੀਟਿੰਗ ਵਿਚ ਬਾਬਾ ਜੋਗਿੰਦਰ ਸਿੰਘ ਅਕਾਲੀ ਦਲ ਦੀ ਐਗਜ਼ੈਕਟਿਵ ਦੇ 31 ਮੈਂਬਰਾਂ ’ਚੋਂ ਸਿਰਫ਼ 4 ਹੀ ਹਾਜ਼ਿਰ ਸਨ।

9 ਜੁਲਾਈ ਨੂੰ ਇਸ ਡਰਾਮੇ ਦਾ ਇਕ ਹੋਰ ਚੈਪਟਰ ਸ਼ੁਰੂ ਹੋਇਆ। ਪਟਿਆਲੇ ਵਿਚ ਅਮਰਿੰਦਰ ਸਿੰਘ (ਰਾਜਾ) ਨੇ ਇਕ ਡਿਨਰ ਕੀਤਾ। ਇਸ ਵਿਚ ਸਿਮਰਨਜੀਤ ਸਿੰਘ ਮਾਨ ਦੇ ਪਿਤਾ ਜੋਗਿੰਦਰ ਸਿੰਘ ਮਾਨ ਨੂੰ ਅਕਾਲੀ ਦਲ ਦਾ ਨਵਾਂ ਕਨਵੀਨਰ ਬਣਾਉਣ ਦਾ ਫੈਸਲਾ ਕੀਤਾ ਗਿਆ; ਬਾਬੇ ਦੀ ਮੀਟਿੰਗ ਰੱਦ ਕਰ ਦਿਤੀ ਗਈ ਤੇ ਬਰਨਾਲੇ ਨਾਲ ਏਕਤਾ ਦੀ ਗੱਲ ਕਰਨ ਲਈ ਕਮੇਟੀ ਬਣਾਈ ਗਈ। ਪਰ ਇਸ ਕਾਰਵਾਈ ਨੂੰ ਮੇਵਾ ਸਿੰਘ, ਸ਼ਮਿੰਦਰ ਸਿੰਘ, ਮਨਜੀਤ ਸਿੰਘ ਤਰਨਤਾਰਨ, ਪ੍ਰਕਾਸ਼ ਸਿੰਘ ਮਜੀਠਾ, ਅਜੀਤ ਸਿੰਘ ਜਲੰਧਰ, ਕ੍ਰਿਪਾਲ ਸਿੰਘ ਲਿਬੜਾ ਨੇ ਮਨਜ਼ੂਰੀ ਨਾ ਦਿਤੀ ਤੇ ਰੋਸ ਵਜੋਂ ਰੋਟੀ ਦਾ ਬਾਈਕਾਟ ਕਰ ਕੇ ਉਠ ਆਏ। 10 ਜੁਲਾਈ ਨੂੰ ਬਾਬਾ ਜੋਗਿੰਦਰ ਨੇ ਇਸ ਮੀਟਿੰਗ ਦੇ ‘ਫ਼ੈਸਲੇ’ ਰੱਦ ਕਰਨ ਦਾ ਐਲਾਨ ਕਰ ਦਿਤਾ। ਉਧਰ ਚੰਨਣ ਸਿੰਘ ਸਿੱਧੂ ਨਾਂ ਦੇ ਇਕ ਬੰਦੇ ਨੇ ਜਸਬੀਰ ਸਿੰਘ ਰੋਡੇ ਦੀ ਬਰਖਾਸਤਗੀ ਨੂੰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ’ਚ ਚੈਲੰਜ ਕਰ ਦਿਤਾ। (ਕਿੱਥੇ ਅਕਾਲ ਤਖ਼ਤ ਸਾਹਿਬ ਦੀ ‘ਜਥੇਦਾਰੀ’ ਦੇ ਅਖੌਤੀ ਉੱਚਾਪਣ ਦਾ ਮਾਣ ਅਤੇ ਕਿੱਥੇ ਜੁਡੀਸ਼ੀਅਲ ਕਮਿਸ਼ਨ)?

5 ਅਗਸਤ ਨੂੰ ਸਿਮਰਨਜੀਤ ਸਿੰਘ ਮਾਨ ਦੇ ਵਕੀਲ ਵਡੇਰਾ ਨੇ ਮਾਨ ਦਾ ‘ਬਿਆਨ’ ਰਿਲੀਜ਼ ਕੀਤਾ ਕਿ ਮਾਨ ਨੇ ਦਲ ਦੀ ਕੌਂਸਲ ਤੋੜ ਦਿਤੀ ਹੈ ਤੇ ਚਰਨਜੀਤ ਸਿੰਘ ਵਾਲੀਆ ਤੇ ਸੁੱਚਾ ਸਿੰਘ ਛੋਟੇਪੁਰ ਨੂੰ ਪ੍ਰੀਜ਼ੀਡੀਅਮ ’ਚ ਸ਼ਾਮਿਲ ਕਰ ਲਿਆ ਹੈ। ਇਸ ਨਾਲ ਇਹ ਪ੍ਰੀਜ਼ੀਡੀਅਮ ਇਕ ਤਰੀਕੇ ਨਾਲ ‘ਬਾਬਾ ਟੱਬਰ’ ਦੀ ‘ਪੰਚਾਇਤ’ ਬਣ ਗਈ।

ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਮੋਢੀ ਆਗੂ ਭਾਨ ਸਿੰਘ ਦਾ ਕਤਲ

25 ਜੁਲਾਈ 1988 ਦੇ ਦਿਨ ਖਾੜਕੂਆਂ ਦੇ ਇਕ ਟੋਲੇ ਨੇ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਬਕਾ ਪ੍ਰਧਾਨ ਸ੍ਰ. ਭਾਨ ਸਿੰਘ ਅਤੇ ਉਨ੍ਹਾਂ ਦੇ ਨਾਲ ਖੜੇ ਇਕ ਗ੍ਰੰਥੀ ਸੋਹਨ ਸਿੰਘ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਸ੍ਰ. ਭਾਨ ਸਿੰਘ ਨੂੰ ਫ਼ੈਡਰੇਸ਼ਨ ਦੀ ਤਵਾਰੀਖ਼ ਵਿਚ ‘ਮਦਰ ਆਫ਼ ਫ਼ੈਡਰੇਸ਼ਨ’ ਲਿਖਿਆ ਗਿਆ ਹੈ। ਕਾਤਲਾਂ ਨੂੰ ਭਾਨ ਸਿੰਘ ’ਤੇ ਇਹ ਗੁੱਸਾ ਸੀ ਕਿ ਉਹ ਦਰਬਾਰ ਸਾਹਿਬ ਦੀਆਂ ਸਰਾਵਾਂ ਵਿਚ ਕਮਰੇ ਲੈਣ ਵਿਚ ਮਦਦ ਨਹੀਂ ਕਰਦਾ ਸੀ। ਇਸ ਕਤਲ ਨੇ ਸਾਬਿਤ ਕੀਤਾ ਕਿ ਕੁਝ ਖਾੜਕੂ ਧੜੇ ਕਿੰਨੇ ਘਟੀਆ ਪੱਧਰ ’ਤੇ ਉਤਰ ਕੇ ਨਿੱਕੀ ਨਿੱਕੀ ਗੱਲ ਦਾ ਬਦਲਾ ਲੈਂਦੇ ਸਨ ਅਤੇ ਇਸ ਹੇਠ ਉਹ ਪੰਥ ਦੇ ਇਕ ਮਹਾਨ ਸੇਵਾਦਾਰ ਦਾ ਕਤਲ ਵੀ ਕਰ ਸਕਦੇ ਸਨ। ਇਸ ਨੀਵੀਂ ਹਰਕਤ ਤੋਂ ਸਾਬਿਤ ਹੁੰਦਾ ਹੈ ਕਿ ਇਹ ਲੋਕ ਜੁਝਾਰੂ ਨਾ ਰਹਿ ਕੇ ਕਬਾਇਲੀ ਚਾਲਾਂ, ਬੁਰਛਾਗਰਦੀ ਅਤੇ ਦਹਿਸ਼ਤਗਰਦੀ ਵੱਲ ਚੱਲ ਪਏ ਸਨ। ਸ. ਭਾਨ ਸਿੰਘ 1947 ਵਿਚ ਅੰਗਰੇਜ਼ਾਂ ਹੱਥੋਂ ਅਤੇ ਜੂਨ 1984 ਵਿਚ ਦਰਬਾਰ ਸਾਹਿਬ ਵਿਚ ਭਾਰਤੀ ਫ਼ੌਜ ਹੱਥੋਂ ਸ਼ਹੀਦ ਹੁੰਦਾ ਮਸਾਂ ਬਚਿਆ ਸੀ ਪਰ ਉਸ ਦੀ ਸ਼ਹੀਦੀ ਸਿੱਖ ਤੇ ਖਾੜਕੂ ਅਖਵਾਉਂਦੇ ਪਾਪੀਆਂ ਦੇ ਹੱਥੋਂ ਹੋਣੀ ਲਿਖੀ ਹੋਈ ਸੀ।

‘ਖ਼ੂਨੀ ਨਵੰਬਰ 1984’ ਵਾਂਗ ਬਿਦਰ (ਕਰਨਾਟਕ) ਵਿਚ ਵੀ ਸਿੱਖਾਂ ਦਾ ਕਤਲੇਆਮ

15 ਤੇ 16 ਸਤੰਬਰ 1988 ਦੇ ਦਿਨ (ਅਤੇ ਫਿਰ ਤੀਜੀ ਵਾਰ 25 ਸਤੰਬਰ ਦੇ ਦਿਨ) ਬਿਦਰ ਸ਼ਹਿਰ ਵਿਚ ਹਿੰਦੂ ਦਹਿਸ਼ਤਗਰਦਾਂ ਨੇ ਸਿੱਖ ਇੰਜਨੀਅਰਿੰਗ ਕਾਲਜ ’ਤੇ, ਸਿੱਖ ਅਦਾਰਿਆਂ, ਘਰਾਂ

ਅਤੇ ਗੁਰਦੁਆਰਿਆਂ 'ਤੇ ਹਮਲੇ ਕਰ ਕੇ 6 ਸਿੱਖ ਨੌਜਵਾਨਾਂ ਨੂੰ ਕਤਲ ਕਰ ਦਿੱਤਾ ਅਤੇ 125 ਦੇ ਕਰੀਬ ਸਿੱਖਾਂ ਨੂੰ ਜ਼ਖ਼ਮੀ ਵੀ ਕਰ ਦਿੱਤਾ, ਜਿਨ੍ਹਾਂ ਵਿਚੋਂ ਇਕ ਦਰਜਨ ਬਹੁਤ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਸਨ। ਕਤਲ ਕੀਤੇ ਗਏ ਨੌਜਵਾਨਾਂ ਵਿਚੋਂ 1 ਫ਼ਾਰਮੇਸੀ ਕਾਲਜ ਦਾ ਤੇ 5 ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਦੇ ਸਟੂਡੈਂਟ ਸਨ: 1. ਉਪਕਾਰ ਸਿੰਘ ਪੁੱਤਰ ਲਖਬੀਰ ਸਿੰਘ, ਵਾਸੀ ਧਾਰੀਵਾਲ, ਗੁਰਦਾਸਪੁਰ. 2. ਜਸਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਅਨੰਦ, ਵਾਸੀ ਕੁਰੂਕਸ਼ੇਤਰ, ਹਰਿਆਣਾ. 3 ਗੁਰਿੰਦਰ ਸਿੰਘ ਪੁੱਤਰ ਮਹਿੰਦਰ ਸਿੰਘ, ਵਾਸੀ ਦਿੱਲੀ. 4. ਹਰਵਿੰਦਰ ਸਿੰਘ ਪੁੱਤਰ ਗੁਰਚਰਨ ਸਿੰਘ, ਵਾਸੀ ਬਾਰਾਬੰਕੀ, ਯੂ.ਪੀ. 5 ਅਮਰਜੀਤ ਸਿੰਘ ਪੁੱਤਰ ਗੁਰਚਰਨ ਸਿੰਘ, ਵਾਸੀ ਯੂ.ਪੀ. 6. ਬਲਵਿੰਦਰ ਸਿੰਘ ਬਾਵਰਾ ਪੁੱਤਰ ਪੂਰਨ ਸਿੰਘ ਵਾਸੀ ਜੈਪੁਰ)।

ਏਥੇ ਹੀ ਬੱਸ ਨਹੀਂ, ਪੁਲਸ ਨੇ ਸਗੋਂ ਸ਼ਿਵ ਸੈਨਾ ਦਾ ਇੱਥੋਂ ਤਕ ਸਾਥ ਦਿੱਤਾ ਕਿ ਕਾਤਲਾਂ ਨੂੰ ਫੜਨ ਦੀ ਬਜਾਇ 41 ਸਿੱਖ ਸਟੂਡੈਂਟਸ ਨੂੰ ਹੀ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਇਲਾਵਾ ਸਿੱਖਾਂ ਦੀ 2 ਕਰੋੜ ਰੁਪੈ ਦੀ ਦੌਲਤ ਅਤੇ ਜਾਇਦਾਦ ਜਾਂ ਤਾਂ ਲੁੱਟ ਲਈ ਤੇ ਜਾਂ ਸਾੜ ਦਿੱਤੀ। ਬਿਦਰ ਵਿਚ ਉਸ ਵੇਲੇ ਸਿੱਖਾਂ ਦੇ ਸਿਰਫ਼ 11 ਘਰ ਅਤੇ 9 ਵਪਾਰਕ ਅਦਾਰੇ ਸਨ। ਇਸ ਨਗਰ ਵਿਚ ਮਾਈ ਭਾਗੋ ਦਾ ਗੁਰਦੁਆਰਾ ਮੁੱਖ ਗੁਰਦੁਆਰਾ ਹੈ। ਲੋਕਲ ਫ਼ਿਰਕਾਪ੍ਰਸਤ ਪ੍ਰੈਸ ਨੇ ਇਸ ਕਤਲੇਆਮ ਤੇ ਲੁੱਟਮਾਰ ਦੀ ਖ਼ਬਰ ਤਕ ਨਾ ਦਿੱਤੀ। ਇਸ ਘਟਨਾ ਦਾ ਕਾਰਨ ਇਹ ਸੀ ਕਿ ਸ਼ਿਵ ਸੈਨਾ ਵਾਲੇ ਸਿੱਖਾਂ ਤੋਂ ਹਿੰਦੂ ਤਿਉਹਾਰਾਂ ਵਾਸਤੇ ਜਬਰੀ ਚੰਦੇ ਮੰਗਣ ਆ ਜਾਂਦੇ ਸਨ ਤੇ ਜਦ ਇਕ ਵਾਰ ਉਨ੍ਹਾਂ ਨੇ ਨਾਂਹ ਕਰ ਦਿੱਤੀ ਤਾਂ ਸੈਂਕੜੇ ਹਿੰਦੂ ਦਹਿਸ਼ਤਗਰਦਾਂ ਨੇ ਇਕੱਠੇ ਹੋ ਕੇ ਉਨ੍ਹਾਂ 'ਤੇ ਹਥਿਆਰਬੰਦ ਹਮਲਾ ਕਰ ਦਿੱਤਾ। ਇਸ ਮੌਕੇ 'ਤੇ ਪੁਲਸ ਚੁੱਪ-ਚਾਪ ਤਮਾਸ਼ਾ ਵੇਖਦੀ ਰਹੀ। ਇਸ ਕਰ ਕੇ ਹਿੰਦੂ ਭੀੜ 'ਪੁਲੀਸ ਜ਼ਿੰਦਾਬਾਦ' ਦੇ ਨਾਅਰੇ ਵੀ ਲਾਉਂਦੀ ਰਹੀ। ਇਸ ਮਸਲੇ ਵਿਚ ਕਰਨਾਟਕ ਦੀ ਕਾਂਗਰਸੀ ਸਰਕਾਰ ਨੇ ਉਹੀ ਰੋਲ ਅਦਾ ਕੀਤਾ ਜੋ ਦਿੱਲੀ ਦੇ ਕਤਲੇਆਮ ਵੇਲੇ ਰਾਜੀਵ ਗਾਂਧੀ ਸਰਕਾਰ ਨੇ ਕੀਤਾ ਸੀ। ਇੰਝ ਸਾਰਾ ਕੁਝ ਖ਼ੂਨੀ ਨਵੰਬਰ 1984 ਵਾਂਙ ਹੀ ਦੁਹਰਾਇਆ ਗਿਆ।

(ਪ੍ਰੋ:) ਦਰਸ਼ਨ ਸਿੰਘ ਨੇ ਮੁੜ ਅਕਾਲ ਤਖ਼ਤ ਦੀ ਸੇਵਾ ਸੰਭਾਲੀ

13 ਅਗਸਤ ਨੂੰ ਸ਼ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਮਨਜੀਤ ਸਿੰਘ ਕਲਕੱਤਾ ਨੂੰ ਸ਼੍ਰੋਮਣੀ ਕਮੇਟੀ ਦਾ ਸੈਕਟਰੀ ਤੇ ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਮੁੜ ਅਕਾਲ ਤਖ਼ਤ ਸਾਹਿਬ ਦਾ ਮੁੱਖ ਸੇਵਾਦਾਰ ਬਣਾ ਦਿਤਾ। ਮੀਟਿੰਗ ਵਿਚ 15 'ਚੋਂ 10 ਮੈਂਬਰ ਹਾਜ਼ਿਰ ਸਨ। ਬਾਕੀ ਦੇ (ਟੌਹੜਾ, ਘੁਮਾਣ ਵਗੈਰਾ) ਜੇਲ੍ਹ ਵਿਚ ਸਨ। ਇਕ ਮੈਂਬਰ ਸਤਨਾਮ ਸਿੰਘ ਨੇ ਫ਼ੈਸਲਿਆਂ ਦੀ ਮੁਖ਼ਾਲਫ਼ਤ ਕੀਤੀ ਅਤੇ ਕਮੇਟੀ ਦੀ ਐਗਜ਼ੈਕਟਿਵ ਤੋਂ ਮੁਸਤਫ਼ੀ ਹੋਣ ਦਾ ਐਲਾਨ ਕਰ ਦਿਤਾ। 14 ਅਗਸਤ ਨੂੰ ਪ੍ਰੋ: ਦਰਸ਼ਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਕਰਨੀ ਮਨਜ਼ੂਰ ਕਰ ਲਈ। 25 ਅਗਸਤ ਨੂੰ ਅਕਾਲੀ ਪਾਰਟੀ ਨੇ ਜਗਦੇਵ ਸਿੰਘ ਤਲਵੰਡੀ ਨੂੰ ਆਪਣਾ ਪ੍ਰਧਾਨ ਚੁਣ ਲਿਆ। ਇਸ ਮੀਟਿੰਗ ਵਿਚ ਤਲਵੰਡੀ ਖ਼ੁਦ ਤਾਂ ਹਾਜ਼ਿਰ ਨਹੀਂ ਸੀ ਪਰ ਬਾਕੀ ਅਕਾਲੀ ਲੀਡਰ ਹਾਜ਼ਿਰ ਸਨ।

ਜਦੋਂ ਸਰਕਾਰ ਨੇ ਵੇਖਿਆ ਕਿ ਹੁਣ ਅਕਾਲੀ ਇਕੱਠੇ ਹੋ ਗਏ ਹਨ ਤੇ ਦਰਸ਼ਨ ਸਿੰਘ ਰਾਗੀ ਨਾਲ ਆ ਗਿਆ ਹੈ ਤਾਂ ਉਸ (ਸਰਕਾਰ) ਨੇ 'ਆਪਣੇ ਜੱਥੇਦਾਰ' ਜਸਬੀਰ ਸਿੰਘ ਰੋਡੇ ਤੇ ਉਸ ਦੇ ਸਾਥੀ ਰਿਹਾ ਕਰ ਦਿਤੇ। ਉਨ੍ਹਾਂ ਨੂੰ ਸਰਕਾਰੀ ਕਾਰਾਂ ਅਤੇ 26 ਅਸਲਾ ਲਾਇਸੰਸ ਵੀ ਜਾਰੀ ਕੀਤੇ ਗਏ। (ਉਂਵ, ਪੰਜਾਬ 'ਚ ਬਾਕੀ ਸਿੱਖਾਂ ਦੇ ਰਿਵਾਇਤੀ ਹਥਿਆਰਾਂ ਦੇ ਲਾਇਸੰਸ ਵੀ ਜ਼ਬਤ

ਹੋ ਰਹੇ ਸਨ)। ਜਸਬੀਰ ਸਿੰਘ ਰਿਹਾ ਹੋਣ ਮਗਰੋਂ ਕਰਤਾਰ ਸਿੰਘ ਭਿੰਡਰਾਂਵਾਲਿਆਂ ਦੀ ਬਰਸੀ ਤੇ ਚੌਂਕ ਮਹਿਤਾ ਜਾ ਪਹੁੰਚਿਆ, ਪਰ 18 ਅਗਸਤ ਨੂੰ ਬਾਬਾ ਠਾਕਰ ਸਿੰਘ ਨੇ ਵੀ ਉਸ ਦੀ ਹਿਮਾਇਤ ਕਰਨ ਤੋਂ ਨਾਂਹ ਕਰ ਦਿਤੀ।

31 ਅਗਸਤ ਨੂੰ ਪ੍ਰੋ: ਦਰਸ਼ਨ ਸਿੰਘ (ਰਾਗੀ) ਨੇ ਅਕਾਲ ਤਖ਼ਤ ਸਾਹਿਬ ਦਾ ਚਾਰਜ ਲੈ ਲਿਆ। ਪ੍ਰੋ: ਦੇ ਮੁੜ ਪਰਤ ਆਉਣ ਮਗਰੋਂ ਸਰਕਾਰ ਨੇ ਜਸਬੀਰ ਸਿੰਘ ਤੇ ਉਸ ਦੇ ਸਾਰੇ ਸਾਥੀ ਤਾਂ ਭਾਵੇਂ ਰਿਹਾਅ ਕਰ ਦਿੱਤੇ, ਪਰ ਇਸ ਦੇ ਬਾਵਜੂਦ ਰੋਡੇ ਸ਼੍ਰੋਮਣੀ ਅਕਾਲੀ ਦਲ ਜਾਂ ਸ਼੍ਰੋਮਣੀ ਕਮੇਟੀ ਵਾਸਤੇ ਕੋਈ ਮਸਲਾ ਖੜ੍ਹਾ ਨਾ ਕਰ ਸਕਿਆ, ਕਿਉਂਕਿ ਉਹ ਖਾੜਕੂਆਂ ਤੋਂ ਤਾਂ ਟੁੱਟ ਹੀ ਚੁੱਕਾ ਸੀ ਤੇ ਅਕਾਲੀਆਂ ਵਿਚ ਉਸ ਦਾ ਕੋਈ ਆਧਾਰ ਹੈ ਈ ਨਹੀਂ ਸੀ। ਮਗਰੋਂ ਭਾਵੇਂ ਜਸਬੀਰ ਸਿੰਘ ਨੇ ਅਤੇ ਉਸ ਦੇ ਦਾਦੇ ਅਤੇ ਚਾਚੇ ਨੇ ਕਾਫ਼ੀ ਹੱਥ ਪੈਰ ਮਾਰੇ, ਪਰ ਸਿੱਖਾਂ ਵਿਚ ਇਕ ਵਾਰ ਖ਼ਤਮ ਹੋਈ ਉਸ ਦੀ ਸਾਖ ਕਦੇ ਨਾ ਬਣ ਸਕੀ।

ਖਾੜਕੂਆਂ ਦੇ ਹੋਰ ਐਕਸ਼ਨ:

ਖਾੜਕੂਆਂ ਵੱਲੋਂ ਪਹਿਲੀ ਨਵੰਬਰ ਨੂੰ ਬਾੜੀਆਂ ਕਲਾਂ (ਮਾਹਿਲਪੁਰ) ਵਿਚ 8 ਬੰਦੇ ਕਤਲ ਕੀਤੇ ਗਏ। ਇਸ ਤਰ੍ਹਾਂ 2 ਨਵੰਬਰ ਨੂੰ ਬਾਜਾਖਾਨਾ (ਫਰੀਦਕੋਟ) ’ਚ ਠਾਣੇ ’ਤੇ ਹੈਂਡ ਗਰਨੇਡ ਸੁੱਟਿਆ ਗਿਆ। ਇਸ ਕੇਸ ਵਿਚ ਜਗਜੀਤ ਸਿੰਘ, ਸੁਦਾਗਰ ਸਿੰਘ ਤੇ ਜਸਬੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 6 ਨਵੰਬਰ ਨੂੰ ਜਗਰਾਓਂ ਕੋਲ ਡੀ.ਐਸ.ਪੀ. ਤਾਰਾ ਚੰਦ ਕਤਲ ਕੀਤਾ ਗਿਆ। 10 ਨਵੰਬਰ ਨੂੰ ਫਿਲੌਰ ’ਚ ਸ਼ਿਵ ਸੈਨਾ ਦਾ ਪ੍ਰਧਾਨ ਕੁਲਦੀਪ ਸ਼ਰਮਾ ਕਤਲ ਹੋਇਆ।

ਦਰਸ਼ਨ ਦਾਸ ਇੰਗਲੈਂਡ ਵਿਚ ਕਤਲ

11 ਨਵੰਬਰ ਨੂੰ ਸਾਊਥਾਲ (ਇਗਲੈਂਡ) ਵਿਚ, ਸਿੱਖਾਂ ਦੇ ਖ਼ਿਲਾਫ਼ ਬਹੁਤ ਜ਼ਹਰੀਲਾ ਪ੍ਰਚਾਰ ਕਰਨ ਵਾਲਾ ਤੇ ਧਮਕੀਆਂ ਦੇਣ ਵਾਲਾ, ਸਾਧ ਦਰਸ਼ਨ ਦਾਸ ਕਤਲ ਕੀਤਾ ਗਿਆ। *(ਇਸ ਕੇਸ ’ਚ ਇੰਗਲੈਂਡ ਦੇ ਖਾੜਕੂ ਮਨਜੀਤ ਸਿੰਘ ਤੇ ਰਜਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ (ਮਗਰੋਂ ਅਦਾਲਤ ਨੇ ਉਨ੍ਹਾਂ ਦੋਹਾਂ ਨੂੰ ਬੜੀਆਂ ਲੰਮੀਆਂ ਕੈਦਾਂ ਦੀ ਸਜ਼ਾ ਦਿਤੀ। ਉਹ 26 ਸਾਲ ਮਗਰੋਂ ਨਵੰਬਰ 2014 ਤਕ ਵੀ ਰਿਹਾ ਨਹੀਂ ਹੋ ਸਕੇ ਸਨ)।*

14 ਦਸੰਬਰ 1988 ਨੂੰ ਪਟਿਆਲਾ ਦੇ ਯਾਦਵਿੰਦਰ ਸਟੇਡੀਅਮ ਵਿਚ ਐਸ.ਐਸ.ਪੀ. ਮਨਿੰਦਰ ਬਰਾੜ ਤੇ ਐਸ.ਪੀ. ਕੇ.ਆਰ.ਐਸ. ਗਿਲ ਮਾਰੇ ਗਏ। ਇਨ੍ਹਾਂ ਦੋਹਾਂ ਪੁਲਸੀਆਂ ਨੇ ਕਈ-ਕਈ ਖਾੜਕੂ ਮਾਰੇ ਹੋਏ ਸਨ। ਖਾੜਕੂਆਂ ਨੇ ਇਨ੍ਹਾਂ ਨੂੰ ਕਤਲ ਕਰਨ ਵਾਸਤੇ ਇਨ੍ਹਾਂ ਕੋਲ ਸੀਨੀਅਰ ਐਥਲੀਟ ਹੋਣ ਦਾ ਭਰਮ ਪੈਦਾ ਕੀਤਾ ਤੇ ਕਈ ਦਿਨ ਦੌੜਨ ਦੀ ਪ੍ਰੈਕਟਿਸ ਕਰਦੇ ਰਹੇ। ਜਦੋਂ ਉਨ੍ਹਾਂ ਦਾ ਇਨ੍ਹਾਂ ’ਤੇ ਯਕੀਨ ਬੱਝ ਗਿਆ ਤਾਂ ਇਨ੍ਹਾਂ ਨੇ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ। 16 ਦਸੰਬਰ ਨੂੰ ਵਰਨਾ (ਤਰਨਤਾਰਨ) ਦੇ ਸਰਪੰਚ ਜਾਗੀਰ ਸਿੰਘ ਦਾ ਟੱਬਰ ਕਤਲ ਹੋਇਆ। 26 ਦਸੰਬਰ ਨੂੰ ਰਈਏ ਕੋਲ ਸਰਾਏ ਪਿੰਡ ’ਚ ਕਾਮਰੇਡ ਸ਼ਰਨਜੀਤ ਸਿੰਘ ਪੁੱਤਰ ਸਣੇ ਮਾਰਿਆ ਗਿਆ। 29 ਦਸੰਬਰ ਨੂੰ ਨਾਮਧਾਰੀ ਜਗਜੀਤ ਸਿੰਘ ਦੇ ਘਰ ’ਤੇ ਹਮਲਾ ਹੋਇਆ ਪਰ ਉਹ ਬਚ ਗਿਆ।

ਬਰਨਾਲਾ ਫਿਰ ਅਕਾਲ ਤਖ਼ਤ ’ਤੇ

5 ਦਸੰਬਰ 1988 ਦੇ ਦਿਨ ਸੁਰਜੀਤ ਬਰਨਾਲਾ ਅਕਾਲ ਤਖ਼ਤ ਸਾਹਿਬ ’ਤੇ ਫੇਰ ਪੇਸ਼

ਹੋਇਆ। ਬਰਨਾਲੇ ਨੇ ਇਸ ਸਬੰਧ ਵਿਚ ਪਹਿਲਾਂ ਹੀ ਪੂਰੀ ਤਰ੍ਹਾਂ ਗੱਲਬਾਤ ਕੀਤੀ ਹੋਈ ਸੀ। ਰਾਗੀ ਕੋਲ ਬਰਨਾਲਾ ਸਾਂਝਾ ਅਕਾਲੀ ਦਲ ਬਣਾਉਣ ਬਾਰੇ ਹੁਕਮਨਾਮਾ ਨਾ ਮੰਨਣ ਦੇ ਨੁਕਤੇ 'ਤੇ ਪੇਸ਼ ਹੋਇਆ ਸੀ ਨਾ ਕਿ ਦਰਬਾਰ ਸਾਹਿਬ 'ਤੇ ਹਮਲਾ ਕਰਨ ਦੇ ਜੁਰਮ ਵਿਚ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਬਰਨਾਲੇ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਕੋਈ ਗੁਨਾਹ ਨਹੀਂ ਮੰਨਿਆ ਤੇ ਸਿਰਫ਼ ਇਹੀ ਕਿਹਾ ਕਿ 'ਜੇ' ਮੈਥੋਂ ਕੋਈ ਗ਼ਲਤੀ ਹੋਈ ਹੈ ਤਾਂ ਮੈਨੂੰ ਮੁਆਫ਼ ਕਰ ਦਿੱਤਾ ਜਾਵੇ। ਉਸ ਨੇ ਤਾਂ ਅਕਾਲ ਤਖ਼ਤ ਸਾਹਿਬ ਤੋਂ ਬਗਾਵਤ ਕਰ ਕੇ ਲੌਂਗੋਵਾਲ ਪਿੰਡ ਵਿਚ ਜਲਸਾ ਕਰ ਕੇ ਚੈਲੰਜ ਕਰਨ ਦੇ ਗੁਨਾਹ ਦੀ ਵੀ ਮੁਆਫ਼ੀ ਨਾ ਮੰਗੀ।

ਅਸਲੀ ਪੁਲਸ ਮੁਕਾਬਲੇ ਵਿਚ ਸੱਤਬਚਨ ਸਿੰਘ ਸਕਰੋਲੀ ਸ਼ਹੀਦ

ਪੰਝੀ ਅਪ੍ਰੈਲ 1989 ਦੇ ਦਿਨ ਭਾਈ ਸੱਤਬਚਨ ਸਿੰਘ (ਪੁੱਤਰ ਦਰਸ਼ਨ ਸਿੰਘ, ਵਾਸੀ ਸਕਰੂਲੀ, ਨੇੜੇ ਮਹਿਲਪੁਰ, ਹੁਸ਼ਿਆਰਪੁਰ), ਜੋ ਭਿੰਡਰਾਂਵਾਲਾ ਟਾਈਗਰ ਫ਼ੋਰਸ ਨਾਲ ਸਬੰਧਤ ਸੀ, ਅਤੇ ਸੁਖਵਿੰਦਰ ਸਿੰਘ ਸੰਘਾ ਦਾ ਸਾਥੀ ਸੀ, ਨੇ ਸ਼ਹੀਦੀ ਹਾਸਿਲ ਕੀਤੀ। ਸਤਬਚਨ ਸਿੰਘ ਇਸ ਤੋਂ ਪਹਿਲਾਂ ਮਨਬੀਰ ਸਿੰਘ ਚਹੇੜੂ ਦਾ ਵੀ ਸਾਥੀ ਰਿਹਾ ਸੀ ਅਤੇ ਉਹ ਦੋ ਵਾਰ ਜੇਲ੍ਹ ਵੀ ਜਾ ਚੁੱਕਾ ਸੀ। ਪੁਲਸ ਨੇ ਉਸ 'ਤੇ ਕਈ ਕਤਲ ਕੇਸ ਪਾਏ ਹੋਏ ਸਨ ਤੇ ਉਹ ਰੂਪੋਸ਼ ਸੀ। ਇਸ ਦੌਰਾਨ ਉਸ ਨੇ ਸਤਨਾਮ ਸਿੰਘ ਅਟਲਗੜ੍ਹ ਨੂੰ ਪੁਲਸ ਦੀ ਕੈਦ ਵਿਚੋਂ ਛੁੜਵਾਇਆ ਵੀ ਸੀ। 25 ਅਪ੍ਰੈਲ 1989 ਦੇ ਦਿਨ ਉਹ ਆਪਣੇ ਇਕ ਸਾਥੀ ਸਤਨਾਮ ਸਿੰਘ ਭੀਲੋਵਾਲ ਨਾਲ ਪਿੰਡ ਮੋਨਾ ਕਲਾਂ ਵਿਚ ਇਹ ਠਾਹਰ 'ਤੇ ਰੁਕਿਆ ਹੋਇਆ ਸੀ ਤਾਂ ਕਿਸੇ ਗ਼ਦਾਰ ਨੇ ਪੁਲਸ ਫ਼ੋਰਸ ਨੂੰ ਖ਼ਬਰ ਦੇ ਦਿੱਤੀ। ਥੋੜ੍ਹੀ ਦੇਰ ਵਿਚ ਹੀ ਭਾਰੀ ਪੁਲਸ ਫ਼ੋਰਸ ਨੇ ਘੇਰਾ ਪਾ ਲਿਆ। ਉਸ ਨੇ ਕੁਝ ਚਿਰ ਤਾਂ ਮੁਕਾਬਲਾ ਕੀਤਾ ਪਰ ਜਦ ਇਕੋ ਗੋਲੀ ਰਹਿ ਗਈ ਤਾਂ ਉਸ ਨੇ ਖ਼ੁਦ ਨੂੰ ਉਸ ਗੋਲੀ ਨਾਲ ਖ਼ਤਮ ਕਰ ਦਿੱਤਾ ਤਾਂ ਜੋ ਉਹ ਪੁਲਸ ਦੇ ਹੱਥ ਨਾ ਆ ਸਕੇ।

ਬਲਜਿੰਦਰ ਸਿੰਘ ਰਾਜੂ ਨਕਲੀ ਮੁਕਾਬਲੇ ਵਿਚ ਸ਼ਹੀਦ

ਬਲਜਿੰਦਰ ਸਿੰਘ ਰਾਜੂ (ਪੁੱਤਰ ਸੰਤੋਖ ਸਿੰਘ, ਵਾਸੀ 26 ਐਚ, ਗੰਗਾਨਗਰ, ਰਾਜਸਥਾਨ) ਗਿਆਨ ਜੋਤੀ ਕਾਲਜ ਕਰਨਪੁਰ ਵਿਚ ਸੁਖਦੇਵ ਸਿੰਘ ਸੁੱਖਾ ਦਾ ਜਮਾਤੀ ਸੀ। ਉਹ 1983 ਵਿਚ ਇਕ ਵਾਰ ਦਰਬਾਰ ਸਾਹਿਬ ਜਾ ਕੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਮਿਲ ਚੁੱਕਾ ਸੀ। ਦਰਬਾਰ ਸਾਹਿਬ ਦੇ ਹਮਲੇ ਤੋਂ ਇਕ ਦਮ ਬਾਅਦ ਉਹ ਸਰਹੱਦ ਪਾਰ ਕਰ ਕੇ ਪਾਕਿਸਤਾਨ ਚਲਾ ਗਿਆ ਅਤੇ ਉਥੋਂ ਹਥਿਆਰਾਂ ਦੀ ਟ੍ਰੇਨਿੰਗ ਲੈ ਕੇ ਅਗਸਤ ਵਿਚ ਵਾਪਸ ਆਇਆ। ਇੱਥੇ ਸੁਖਦੇਵ ਸਿੰਘ ਸੁੱਖਾ ਨੇ ਉਸ ਦੀ ਵਾਕਫ਼ੀ ਹਰਜਿੰਦਰ ਸਿੰਘ ਜਿੰਦਾ ਨਾਲ ਕਰਵਾਈ। ਫਿਰ ਉਹ ਖਾੜਕੂ ਕਾਰਵਾਈਆਂ ਕਰਨ ਲੱਗ ਪਏ। ਇਨ੍ਹਾਂ ਵਿਚ ਖ਼ੂਨੀ ਨਵੰਬਰ 1984 ਦੇ ਵਹਿਸ਼ੀ ਕਾਤਲਾਂ ਅਰਜਨ ਦਾਸ ਤੇ ਲਲਿਤ ਮਾਕਨ ਅਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਭਾਰਤੀ ਫ਼ੌਜ ਦੇ ਮੁਖੀ ਵੈਦਯ ਨੂੰ ਸਜ਼ਾ ਦੇਣਾ ਵੀ ਸ਼ਾਮਿਲ ਸੀ। ਹੁਣ ਪੁਲਸ ਨੂੰ ਉਸ ਬਾਰੇ ਪਤਾ ਲੱਗ ਚੁੱਕਾ ਸੀ। 1986 ਵਿਚ ਇਕ ਵਾਰ ਪੁਲਸ ਉਸ ਦੇ ਪਿਤਾ ਨੂੰ ਵੀ ਚੁੱਕ ਕੇ ਲੈ ਗਈ। ਫਿਰ ਉਸ ਦਾ ਭਰਾ ਜਸਵਿੰਦਰ ਸਿੰਘ ਵੀ ਚੁੱਕ ਲਿਆ ਗਿਆ ਤੇ ਉਸ ਨੂੰ ਏਨੇ ਜ਼ਾਲਮਾਨਾ ਤਰੀਕੇ ਨਾਲ ਮਾਰਿਆ ਗਿਆ ਕਿ ਉਹ 9 ਮਹੀਨੇ ਮੰਜੇ ਤੋਂ ਉਠ ਨਾ ਸਕਿਆ। 1987 ਵਿਚ ਜਿੰਦਾ ਤੇ ਸੁੱਖਾ ਗ੍ਰਿਫ਼ਤਾਰ ਹੋ ਗਏ। ਇਸ

ਮਗਰੋਂ ਦਲਜੀਤ ਸਿੰਘ ਬਿੱਟੂ ਤੇ ਸੁਖਵਿੰਦਰ ਸਿੰਘ ਵੀ ਉਸ ਨਾਲ ਆ ਮਿਲੇ ਤੇ ਉਨ੍ਹਾਂ ਨੇ ਕੰਵਲਜੀਤ ਸਿੰਘ ਸੁਲਤਾਨਵਿੰਡ ਨੂੰ ਅੰਮ੍ਰਿਤਸਰ ਦੀਆਂ ਕਚਹਿਰੀਆਂ ਵਿਚੋਂ ਪੁਲਸ ਤੋਂ ਛੁਡਵਾਇਆ। ਇਸ ਮਗਰੋਂ ਉਹ ਅਮਰੀਕਾ ਨਿਕਲ ਗਿਆ ਅਤੇ ਉਥੇ ਕੁੱਕੀ ਤੇ ਸੁੱਖੀ ਨੂੰ ਰਿਹਾ ਕਰਵਾਉਣ ਦੀਆਂ ਗੋਂਦਾ ਗੁੰਦਣ ਲੱਗ ਪਏ ਪਰ ਗੱਲ ਨਾ ਬਣੀ। ਫਿਰ ਉਹ ਵਾਪਿਸ ਆ ਗਿਆ ਅਤੇ ਆ ਕੇ ਫਿਰ ਉਸ ਨੇ ਪੁਲਸ ਕੈਟ ਸੰਤੋਖ ਕਾਲਾ ਨੂੰ ਸੋਧਿਆ। ਫਿਰ ਕੰਵਲਜੀਤ ਸਿੰਘ ਸੁਲਤਾਨਵਿੰਡ ਨਾਲ ਮਿਲ ਕੇ ਜਿੰਦਾ ਤੇ ਸੁੱਖਾ ਨੂੰ ਛੁਡਾਉਣ ਵਾਸਤੇ ਕਿਸੇ ਵੀ.ਆਈ.ਪੀ ਨੂੰ ਅਗਵਾ ਕਰਨ ਦੀ ਸਕੀਮ ਬਣਾਈ। ਪਰ, ਇਸ ਤੋਂ ਪਹਿਲਾਂ ਕਿ ਉਹ ਇਸ ਐਕਸ਼ਨ ਨੂੰ ਅੰਜਾਮ ਦੇ ਸਕਦੇ, ਕਿਸੇ ਮੁਖ਼ਬਰ ਦੀ ਇਤਲਾਹ 'ਤੇ 9 ਜੂਨ 1989 ਦੇ ਦਿਨ ਜਲੰਧਰ ਵਿਚ ਉਹ ਪੁਲਸ ਦੇ ਕਾਬੂ ਆ ਗਿਆ। ਐਸ.ਐਸ.ਪੀ. ਸੁਰੇਸ਼ ਅਰੋੜਾ ਨੇ ਉਸ ਨੂੰ ਬਹੁਤ ਤਸੀਹੇ ਦਿੱਤੇ ਪਰ ਪੁਲਸ ਉਸ ਤੋਂ ਕੁਝ ਵੀ ਹਾਸਿਲ ਨਾ ਕਰ ਸਕੀ ਤੇ ਅਖ਼ੀਰ ਕਈ ਦਿਨ ਤਸੀਹੇ ਦੇਣ ਮਗਰੋਂ ਉਸ ਨੂੰ ਨਕਲੀ ਮੁਕਾਬਲਾ ਬਣਾ ਕੇ ਸ਼ਹੀਦ ਕਰ ਦਿੱਤਾ।

ਗੋਬਿੰਦ ਰਾਮ ਦਾ ਜ਼ੁਲਮ

1988-89 ਵਿਚ ਬੇਗੁਨਾਹ ਸਿੱਖਾਂ 'ਤੇ ਤਸ਼ਦਦ ਕਰਨ ਵਿਚ ਸਭ ਤੋਂ ਵੱਧ ਬਦਨਾਮ ਪੁਲਸੀਏ ਸਨ: ਰਬੈਰੋ, ਕੇ.ਪੀ.ਐਸ. ਗਿੱਲ, ਗੋਬਿੰਦ ਰਾਮ, ਸਵਰਨ ਘੋਟਨਾ, ਪੀ.ਐਮ. ਦਾਸ, ਇਜ਼ਹਾਰ ਆਲਮ, ਅਜੀਤ ਸੰਧੂ, ਸੁਮੇਧ ਸੈਣੀ, ਕਾਹਲੋਂ, ਸਰਬਦੀਪ ਵਿਰਕ, ਪਾਂਡੇ ਵਗ਼ੈਰਾ। ਗੋਬਿੰਦ ਰਾਮ ਨੇ 21 ਅਗਸਤ 1989 ਨੂੰ ਬੱਬਰ ਖਾਲਸਾ ਦੇ ਇਕ ਆਗੂ ਮਹਿਲ ਸਿੰਘ (ਭਰਾ ਸੁਖਦੇਵ ਸਿੰਘ ਦਾਸੂਵਾਲ) ਦੀ ਘਰਵਾਲੀ ਗੁਰਮੀਤ ਕੌਰ ਅਤੇ ਸ਼ਹੀਦ ਕੁਲਵੰਤ ਸਿੰਘ ਨਾਗੋਕੇ ਦੀ ਪਤਨੀ ਗੁਰਦੇਵ ਕੌਰ ਨੂੰ ਗ੍ਰਿਫ਼ਤਾਰ ਕਰਨ ਵਾਸਤੇ ਇਕ ਏ.ਐਸ. ਆਈ. ਲਖਵਿੰਦਰ ਲੱਖਾ ਨੂੰ ਇਕ ਜੀਪ ਦੇ ਕੇ ਅੰਮ੍ਰਿਤਸਰ ਵਿਚ ਭੇਜਿਆ। ਉਸ ਨੇ ਪ੍ਰਭਾਤ ਫ਼ਾਇਨਾਂਸ ਕੰਪਨੀ, ਜਿੱਥੇ ਉਹ ਦੋਵੇਂ ਬੀਬੀਆਂ ਨੌਕਰੀ ਕਰਦੀਆਂ ਸਨ, ਤੋਂ ਉਨ੍ਹਾਂ ਨੂੰ ਬਿਨਾ ਕਿਸੇ ਵਾਰੰਟ ਤੋਂ ਚੁੱਕਵਾ ਲਿਆ ਤੇ ਬੀਕੋ ਟਾਰਚਰ ਸੈਂਟਰ ਬਟਾਲਾ ਲਿਜਾ ਕੇ ਉਨ੍ਹਾਂ ਨੂੰ ਬਹੁਤ ਤਸੀਹੇ ਦਿੱਤੇ। ਉਨ੍ਹਾਂ ਦੇ ਢਿੱਡਾਂ ਵਿਚ ਲੱਤਾਂ ਮਾਰੀਆਂ ਗਈਆਂ; ਉਨ੍ਹਾਂ ਨੂੰ ਸੋਟੀਆਂ ਨਾਲ ਕੁੱਟਿਆ ਗਿਆ। ਗੁਰਮੀਤ ਕੌਰ ਨੂੰ ਤਾਂ ਉਸ ਦੇ ਢਿੱਡ 'ਤੇ ਕਈ ਮਿੰਟ ਸੋਟੀਆਂ ਅਤੇ ਲੋਹੇ ਦੀਆਂ ਸਲਾਖਾਂ ਮਾਰ-ਮਾਰ ਕੇ ਏਨਾ ਕੁੱਟਿਆ ਗਿਆ ਕਿ ਇਸ ਜ਼ੁਲਮ ਨਾਲ ਉਹ ਬੇਹੋਸ਼ ਹੋ ਗਈ ਤੇ ਉਸ ਦੇ ਗੁਪਤ ਅੰਗ ਵਿਚੋਂ ਖ਼ੂਨ ਵਗਣ ਲਗ ਪਿਆ ਤੇ ਉਹ ਬੇਹੋਸ਼ ਹੋ ਗਈ। ਇਸ ਮਗਰੋਂ ਗੁਰਦੇਵ ਕੌਰ ਨਾਲ ਵੀ ਇਹੀ ਜ਼ੁਲਮ ਕੀਤਾ ਗਿਆ ਉਸ ਦੇ ਪੱਟਾਂ ਅਤੇ ਲੱਤਾਂ 'ਤੇ ਘੋਟਨਾ* ਲਾਇਆ ਗਿਆ ਤੇ ਦੋ ਪੁਲਸੀਏ ਉਸ ਘੋਟਣੇ 'ਤੇ ਚੜ੍ਹ ਕੇ ਉਸ 'ਤੇ ਜ਼ੁਲਮ ਕਰਦੇ ਰਹੇ। ਉਹ ਵਾਰ ਵਾਰ ਬੇਹੋਸ਼ ਹੋਈਆਂ ਤੇ ਜਦ ਉਨ੍ਹਾਂ ਨੂੰ ਹੋਸ਼ ਆਉਂਦੀ ਸੀ ਤਾਂ ਇਹ ਜ਼ੁਲਮ ਫੇਰ ਸ਼ੁਰੂ ਹੋ ਜਾਂਦਾ ਸੀ। ਇਹ ਜ਼ੁਲਮ ਦੋ ਦਿਨ ਲਗਾਤਾਰ ਚੱਲਦਾ ਰਿਹਾ।

ਗੋਬਿੰਦ ਰਾਮ ਦਾ ਵਹਿਸ਼ੀਪੁਣਾ ਤਾਂ ਏਥੋਂ ਤਕ ਪੁੱਜ ਗਿਆ ਕਿ ਉਸ ਨੇ ਆਪਣਾ ਪਾਖਾਨਾ ਜਬਰੀ ਗੁਰਦੇਵ ਕੌਰ ਦੇ ਮੂੰਹ ਵਿਚ ਪਾਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਏਥੋਂ ਤਕ ਵੀ ਕਿਹਾ ਕਿ 'ਤੂੰ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪੀਤਾ ਹੈ, ਹੁਣ ਗੋਬਿੰਦ ਰਾਮ ਦਾ ਮੂਤਰ ਵੀ ਪੀ।'

ਗੁਰਦੇਵ ਕੌਰ ਅਤੇ ਗੁਰਮੀਤ ਕੌਰ 'ਤੇ ਜ਼ੁਲਮ ਕਰਨ ਦਾ ਰਾਜ਼ ਜਦ ਲੋਕਾਂ ਨੂੰ ਪਤਾ ਲੱਗਾ

{*ਇਕ ਬਹੁਤ ਭਾਰੀ ਗੋਲ ਲੱਕੜ ਜੋ ਜਿਸਮ 'ਤੇ ਫੇਰੀ ਜਾਂਦੀ ਹੈ}

ਤਾਂ ਬਹੁਤ ਹਾਹਾਕਾਰ ਮਚੀ। ਇਸ ਜ਼ੁਲਮ ਦੇ ਖ਼ਿਲਾਫ਼ ਪ੍ਰੋ: ਦਰਸ਼ਨ ਸਿੰਘ ਦੀ ਅਗਵਾਈ ਹੇਠ ਸਿੱਖਾਂ ਨੇ ਪਹਿਲੀ ਸਤੰਬਰ 1989 ਦੇ ਦਿਨ ਇਕ ਵੱਡਾ ਪ੍ਰੋਟੈਸਟ ਜਲੂਸ ਕਢਿਆ। *(ਮਗਰੋਂ ਸਰਕਾਰ ਨੇ ਗੋਬਿੰਦ ਰਾਮ ਨੂੰ ਐਸ.ਐਸ.ਪੀ. ਤੋਂ ਡੀ.ਆਈ.ਜੀ. ਬਣਾ ਕੇ ਪਹਿਲਾਂ ਤਾਂ ਸਭ ਤੋਂ ਮਹਿਫ਼ੂਜ਼ ਜਗ੍ਹਾ ਪੀ.ਏ.ਪੀ. ਜਲੰਧਰ ਤੇ ਫਿਰ ਫ਼ਿਲੌਰ ਕਿਲ੍ਹੇ ਵਿਚ ਲਾ ਦਿੱਤਾ ਤਾਂ ਜੋ ਉਥੇ ਖਾੜਕੂ ਤਾਂ ਕੀ ਪੁਲੀਸ ਦੀ ਮਰਜ਼ੀ ਬਿਨਾਂ ਇਕ ਚਿੜੀ ਵੀ ਨਹੀਂ ਸੀ ਫੜਕ ਸਕਣੀ। ਪਰ ਸਿੱਖ ਗੋਬਿੰਦ ਰਾਮ ਨੂੰ ਸਜ਼ਾ ਲਾਜ਼ਮੀ ਦੇਣਾ ਚਾਹੁੰਦੇ ਸਨ ਤੇ ਉਸ ਦੇ ਪਿੱਛੇ ਲੱਗੇ ਹੋਏ ਸਨ; ਇਸ ਮੁਹਿੰਮ ਹੇਠ ਪਹਿਲਾਂ ਜਲੰਧਰ ਵਿਚ ਇਸ ਦਾ ਇਕਲੌਤਾ ਪੁੱਤਰ ਕਤਲ ਕੀਤਾ ਗਿਆ ਤੇ ਮਗਰੋਂ, ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਕੰਵਲਜੀਤ ਸਿੰਘ, ਉਸ ਦੇ ਸਾਥੀਆਂ ਅਤੇ ਬੱਬਰ ਖਾਲਸਾ ਵਲੋਂ, ਗੋਬਿੰਦ ਰਾਮ ਨੂੰ 10 ਜਨਵਰੀ 1990 ਦੇ ਦਿਨ ਬੰਬ ਨਾਲ ਉਡਾ ਦਿੱਤਾ ਗਿਆ ਸੀ)।*

◆

ਲੋਕ ਸਭਾ ਚੋਣਾਂ ਵਿਚ ਖਾਲਿਸਤਾਨੀਆਂ ਦੀ ਜ਼ਬਰਦਸਤ ਜਿੱਤ

26 ਨਵੰਬਰ 1989 ਦੇ ਦਿਨ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਸਿਮਰਨਜੀਤ ਸਿੰਘ ਮਾਨ ਤੇ ਹੋਰ ਖਾਲਿਸਤਾਨੀ ਹਿਮਾਇਤੀਆਂ ਨੂੰ ਜ਼ਬਰਦਸਤ ਕਾਮਯਾਬੀ ਹਾਸਿਲ ਹੋਈ (ਉਨ੍ਹਾਂ ਦੇ 13 ਵਿਚੋਂ 11 ਉਮੀਦਵਾਰ ਜਿੱਤ ਗਏ)। ਇਨ੍ਹਾਂ ਚੋਣਾਂ ਵਿਚ ਟੌਹੜਾ-ਬਾਦਲ ਧੜੇ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਹਾਰ ਗਏ ਤੇ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ। ਖਾੜਕੂਆਂ ਦੀ ਇਹ ਜਿੱਤ ਇਕ ਇਲਾਹੀ ਮੋਅਜਜ਼ਾ (ਕ੍ਰਿਸ਼ਮਾ) ਹੀ ਸੀ, ਵਰਨਾ ਨਾ ਉਹ ਜਥੇਬੰਦ ਸਨ ਤੇ ਨਾ ਹੀ ਉਨ੍ਹਾਂ ਕੋਲ ਕਾਂਗਰਸੀਆਂ ਜਾਂ ਅਕਾਲੀਆਂ ਵਾਲੀਆਂ ਸਹੂਲਤਾਂ ਤੇ ਸੋਮੇ।

2 ਦਸੰਬਰ 1989 ਦੇ ਦਿਨ ਮਾਨ ਤੇ ਟੌਹੜਾ ਰਿਹਾਅ ਕਰ ਦਿੱਤੇ ਗਏ। ਪਰ, 22 ਦਸੰਬਰ ਦੇ ਦਿਨ ਜਦੋਂ ਧਿਆਨ ਸਿੰਘ ਮੰਡ ਐਮ.ਪੀ. ਆਪਣੀ ਵੱਡੀ ਕਿਰਪਾਨ ਸਣੇ ਲੋਕ ਸਭਾ ਵਿਚ ਜਾਣ ਲੱਗਾ ਤਾਂ ਉਸ ਨੂੰ ਸਕਿਊਰਿਟੀ ਨੇ ਦਾਖ਼ਲੇ ਤੋਂ ਨਾਂਹ ਕਰ ਦਿੱਤੀ। ਮਾਨ ਨੇ ਵੀ ਕਿਰਪਾਨ ਤੋਂ ਬਿਨਾ ਪਾਰਲੀਮੈਂਟ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ। *(ਮਗਰੋਂ ਦਸੰਬਰ 1999 ਵਿਚ ਮਾਨ ਵੱਡੀ ਕਿਰਪਾਨ ਤੋਂ ਬਿਨਾਂ ਲੋਕ ਸਭਾ ਵਿਚ ਚਲਾ ਗਿਆ)।*

ਜਿੱਥੇ ਸਿਮਰਨਜੀਤ ਸਿੰਘ ਮਾਨ ਅਤੇ ਖਾੜਕੂਆਂ ਦੇ ਹੋਰ ਹਿਮਾਇਤੀਆਂ ਦੀ ਜਿੱਤ ਇਕ ਪਾਸੇ ਸਰਕਾਰੀ ਜਬਰ ਦੇ ਖ਼ਿਲਾਫ਼ ਵੋਟ ਸੀ ਉੱਥੇ ਇਹ ਖਾਲਿਸਤਾਨ ਦੇ ਹੱਕ ਵਿਚ ਇਕ ਤਰ੍ਹਾਂ ਦਾ ਫ਼ਤਵਾ ਵੀ ਸੀ।

ਪਰ ਇਸ ਤੋਂ ਬਾਅਦ ਮਾਨ ਸਿੱਖ ਕੌਮ ਨੂੰ ਅਗਵਾਈ ਨਾ ਦੇ ਸਕਿਆ। ਉਹ ਏਨੀ ਵੱਡੀ ਕਾਮਯਾਬੀ ਨੂੰ ਕਾਇਮ ਨਾ ਰੱਖ ਸਕਿਆ। ਉਹ ਇਕ ਚੰਗਾ ਜਥੇਬੰਦਕ ਢਾਂਚਾ ਨਾ ਖੜਾ ਕਰ ਸਕਿਆ। ਦਰਅਸਲ ਉਹ ਕਦੇ ਵੀ ਸਿੱਖ ਸਿਆਸੀ ਸਿਸਟਮ ਦਾ ਹਿੱਸਾ/ਵਾਕਿਫ਼ ਨਹੀਂ ਰਿਹਾ ਸੀ। ਜਦ ਉਸ ਨੂੰ ਜਿੱਤ ਹਾਸਿਲ ਹੋਈ ਤੇ ਉਸ ਨੂੰ ਰਿਹਾ ਕਰਨਾ ਪਿਆ ਤਾਂ ਉਸ ਵੇਲੇ ਤਕ ਉਹ ਜਿੱਤੇ ਸਿੱਖ ਐਮ.ਪੀਜ਼ ਦਾ ਜ਼ਰਾ ਮਾਸਾ ਵੀ ਵਾਕਿਫ਼ ਵੀ ਨਹੀਂ ਸੀ। ਉਸ ਵੇਲੇ ਬਾਦਲ-ਟੌਹੜਾ ਦਲ ਤੋਂ ਇਲਾਵਾ ਸਿੱਖਾਂ ਵਿਚ ਸਭ ਤੋਂ ਵਧ ਆਧਾਰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਸੀ, ਕੁਝ ਭਿੰਡਰਾਂ-ਮਹਿਤਾ ਜੱਥੇ ਦਾ ਤੇ ਕੁਝ ਬਾਬਾ ਜੋਗਿੰਦਰ ਸਿੰਘ ਦੀ ਪਕੜ ਵਾਲੇ ਅਕਾਲੀ ਦਲ ਸੀ, ਜਿਸ ਦਾ ਰਸਮੀ/ਕਾਗ਼ਜ਼ੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਸੀ। ਇਸ ਕਰ ਕੇ ਮਾਨ ਦੀ ਕਾਮਯਾਬੀ ਤੇ ਉਸ ਦੀ ਪਕੜ ਸਿਰਫ਼ ਉਪਰਲੀ ਤਹਿ ਤਕ ਹੀ ਰਹੀ ਤੇ ਉਸ ਦੀਆਂ ਜੜ੍ਹਾਂ ਨਾ ਲੱਗੀਆਂ। ਮਾਨ ਦਾ ਸਭ ਤੋਂ ਵਧ ਸਾਥ ਦਿੱਤਾ ਕਮਿੱਕਰ ਸਿੰਘ, ਚਰਨ ਸਿੰਘ ਲੋਹਾਰਾ, ਜਗਮੋਹਣ ਸਿੰਘ ਟੋਨੀ ਤੇ ਕੁਝ ਹੋਰ ਨਿੱਜੀ ਸਾਥੀਆਂ ਨੇ। ਰਿਵਾਇਤੀ ਅਕਾਲੀ ਆਗੂ ਤਾਂ ਸ਼੍ਰੋਮਣੀ ਕਮੇਟੀ ਦੀ ਤਾਕਤ,

ਸਰਕਾਰ ਦੀ ਆਸ ਤੇ ਨਿੱਕੇ-ਮੋਟੇ ਲਾਲਚਾਂ ਸਦਕਾ ਬਾਦਲ-ਟੌਹੜੇ ਧੜੇ ਨਾਲ ਮੁੜ ਜਾ ਰਲੇ। ਉਧਰ ਬਾਬਾ ਜੋਗਿੰਦਰ ਸਿੰਘ ਨੇ ਮਾਨ ਨੂੰ ਕਾਗ਼ਜ਼ੀ ਪ੍ਰਧਾਨ ਬਣਾਈ ਰੱਖਿਆ ਤੇ ਸਹੀ ਮਾਅਨਿਆਂ ਵਿਚ ਜਥੇਬੰਦੀ ਵੀ ਨਾ ਬਣਨ ਦਿੱਤੀ। ਇੰਵ ਹੀ ਫ਼ੈਡਰੇਸ਼ਨ ਦੇ ਧੜੇ ਵੀ ਨਹੀਂ ਸੀ ਚਾਹੁੰਦੇ ਕਿ ਉਹ ਕਿਸੇ ਨੂੰ ਲੀਡਰ ਮੰਨ ਲੈਣ। ਇਸ ਮਾਹੌਲ ਵਿਚ ਮਾਨ ਵਿਚਾਰਾ ਤਾਂ ਸਹੀ ਸ਼ਕਲ ਵਿਚ ਜਥੇਬੰਦੀ ਵੀ ਖੜੀ ਨਾ ਕਰ ਸਕਿਆ। ਪਾਰਲੀਮੈਂਟ ਮੈਂਬਰਾਂ ਵਿਚੋਂ ਵੀ ਬਿਮਲ ਕੌਰ, ਧਿਆਨ ਸਿੰਘ ਮੰਡ ਤੇ ਜਗਦੇਵ ਸਿੰਘ ਖੁੱਡੀਆਂ ਨੇ ਉਸ ਦਾ ਸਾਥ ਦਿੱਤਾ (ਖੁੱਡੀਆਂ ਨੂੰ ਪੁਲੀਸ ਨੇ ਅਗਵਾ ਕਰ ਕੇ 4 ਜਨਵਰੀ 1990 ਨੂੰ ਕਤਲ ਕਰ ਕੇ ਉਸ ਦੀ ਲਾਸ਼ ਨਹਿਰ ਵਿਚ ਸੁੱਟ ਦਿੱਤੀ ਸੀ)। ਰਾਜਦੇਵ ਸਿੰਘ ਦਾ ਨਾਂ ਤਾਂ ਫਿਰੌਤੀਆਂ ਲੈਣ ਵਾਲਿਆਂ ਵਿਚ ਵੀ ਵੱਜਦਾ ਸੀ। ਅਤਿੰਦਰਪਾਲ ਸਿੰਘ ਨੇ ਖ਼ੁਦ ਆਗੂ ਬਣਨ ਦੀ ਕੋਸ਼ਿਸ਼ ਕੀਤੀ। ਇਨ੍ਹਾਂ ਦੋਹਾਂ ਨੇ ਮਾਨ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕੀਤਾ।

ਖਾੜਕੂਆਂ ਵਿਚੋਂ ਵੀ ਕੋਈ ਵੀ ਉਸ ਦੀ ਅਗਵਾਈ ਕਬੂਲਣ ਵਾਸਤੇ ਤਿਆਰ ਨਹੀਂ ਸੀ। ਉਨ੍ਹਾਂ ਵਿਚ ਦੋ ਧੜੇ ਸਨ: ਇਕ ਸੀ ਡਾ: ਸੋਹਣ ਸਿੰਘ, ਸੁਖਦੇਵ ਸਿੰਘ ਬੱਬਰ ਦਾ ਤੇ ਦੂਜਾ ਜਨਰਲ ਲਾਭ ਸਿੰਘ, ਮਾਨੋਚਾਹਲ, ਗੁਰਜੀਤ ਸਿੰਘ ਤੇ ਰਘਬੀਰ ਸਿੰਘ ਟੈਂਕ (ਤੇ ਮਗਰੋਂ ਤਲਵਿੰਦਰ ਸਿੰਘ ਵੀ) ਦਾ। ਗੁਰਜੀਤ ਸਿੰਘ ਦੇ ਮਾਰੇ ਜਾਣ ਪਿੱਛੋਂ ਦਲਜੀਤ ਸਿੰਘ ਬਿੱਟੂ ਫ਼ੈਡਰੇਸ਼ਨ ਦਾ ਮੁਖੀ ਬਣਿਆ। ਕੁਝ ਚਿਰ ਮਗਰੋਂ ਉਹ ਵੀ ਸੋਹਣ ਸਿੰਘ ਨਾਲ ਰਲ ਗਿਆ। ਹੌਲੀ-ਹੌਲੀ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਚੋਟੀ ਦੇ ਆਗੂ ਸ਼ਹੀਦ ਹੋ ਗਏ ਤੇ ਮਾਨੋਚਾਹਲ ਨੇ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਬਣਾ ਲਈ। ਉਹ ਮਾਨ ਦਾ ਹਿਮਾਇਤੀ ਸੀ। ਪਰ ਸੋਹਣ ਸਿੰਘ ਨੇ (ਸ਼ਾਇਦ ਏਜੰਸੀਆਂ ਦੀ ਮਦਦ ਨਾਲ) ਪ੍ਰੈੱਸ ਵਿਚ ਵਧੇਰੇ ਥਾਂ ਬਣਾ ਲਈ। ਉਸ ਨੇ ਖਾੜਕੂਆਂ ਵਿਚ ਮਾਨ ਦਾ ਨਾਂ ਮਕਬੂਲ ਨਾ ਹੋਣ ਦਿੱਤਾ। ਉਹ ਤਾਂ ਇਹ ਵੀ ਕਹਿੰਦਾ ਸੁਣਿਆ ਗਿਆ ਕਿ 'ਇਹ (ਮਾਨ) ਕਲ੍ਹ ਦਾ ਪੁਲਸੀਆ ਹੈ। ਅਸੀਂ ਖਾਲਿਸਤਾਨ ਆਜ਼ਾਦ ਕਰਵਾ ਲੈਣਾ ਹੈ। ਅਸੀਂ ਮੈਦਾਨ-ਇ-ਜੰਗ ਵਿਚ ਹਾਂ, ਅਸੀਂ ਮੁਲਕ ਦੀ ਤਾਕਤ ਸੰਭਾਲਾਂਗੇ। ਇਸ ਨੂੰ ਲੀਡਰ ਕਿਉਂ ਮੰਨੀਏ।' ਸੋਹਣ ਸਿੰਘ ਨੇ ਖਾੜਕੂਆਂ ਨੂੰ ਮਾਨ ਤੋਂ ਬਹੁਤ ਦੂਰ ਕੀਤਾ। ਉਸ ਨੇ ਉਨ੍ਹਾਂ ਨੂੰ 'ਐਕਸ਼ਨਾਂ' ਵੱਲ ਲਾਈ ਰੱਖਿਆ ਤੇ (ਆਇਰਸ਼ਾਂ ਦੀ ਸਿੰਨ ਫ਼ੈੱਨ ਵਾਂਗ) ਉਨ੍ਹਾਂ ਦਾ ਕੋਈ ਸਿਆਸੀ ਵਿੰਗ ਨਾ ਬਣਨ ਦਿੱਤਾ ਤੇ ਖ਼ਾਸ ਕਰ ਕੇ ਮਾਨ ਦੀ ਤਾਂ ਰੱਜ ਕੇ ਮੁਖ਼ਾਲਫ਼ਤ ਕਰਵਾਈ।

ਇਸ ਦੇ ਬਾਵਜੂਦ ਮਾਨ ਨੇ ਜਬਰ ਦੇ ਖ਼ਿਲਾਫ਼ ਡਟ ਕੇ ਆਵਾਜ਼ ਉਠਾਈ। ਪੁਲਸ ਦੇ ਜਬਰ ਦੇ ਖ਼ਿਲਾਫ਼ ਸਭ ਤੋਂ ਵਧ ਜ਼ੁਲਮ ਉਸ ਦੇ ਅਤੇ ਉਸ ਦੇ ਸਾਥੀਆਂ 'ਤੇ ਹੋਇਆ। ਉਸ ਨੇ ਕੌਮੀ ਮਸਲਿਆਂ ਤੇ ਡੱਟ ਕੇ ਸਟੈਂਡ ਲਿਆ ਅਤੇ ਕਿਸੇ ਸਵਾਲ 'ਤੇ ਵੀ ਸਮਝੌਤਾ ਜਾਂ ਸੌਦੇਬਾਜ਼ੀ ਨਹੀਂ ਕੀਤੀ, ਗ਼ੱਦਾਰੀ ਦਾ ਤਾਂ ਸਵਾਲ ਹੀ ਨਹੀਂ ਪੈਦਾ ਹੁੰਦਾ। ਦੂਜੇ ਪਾਸੇ ਮਾਨ ਦੇ ਬਹੁਤ ਸਾਰੇ ਸਾਥੀ ਉਸ ਨੂੰ ਤੇ ਕੌਮ ਨੂੰ ਧੋਖਾ ਦੇ ਕੇ ਗ਼ਦਾਰੀ ਕਰਦੇ ਰਹੇ, ਜਿਸ ਨਾਲ ਮਾਨ ਉਹ ਰੋਲ ਅਦਾ ਨਾ ਕਰ ਸਕਿਆ ਜਿਹੜਾ ਉਹ ਕਰ ਸਕਦਾ ਸੀ।

ਜੁਗਰਾਜ ਸਿੰਘ ਤੂਫ਼ਾਨ ਸੈਂਕੜੇ ਫ਼ੋਰਸਾਂ ਨਾਲ ਟਾਕਰੇ ਵਿਚ ਸ਼ਹੀਦ

ਭਾਈ ਜੁਗਰਾਜ ਸਿੰਘ ਤੂਫ਼ਾਨ (ਇਕਲੌਤਾ ਪੁੱਤਰ ਭਾਈ ਮਹਿੰਦਰ ਸਿੰਘ, ਵਾਸੀ ਚੀਮਾ ਖੁਰਦ), ਜੋ ਅਵਤਾਰ ਸਿੰਘ ਬ੍ਰਹਮਾ (ਮੁਖੀ ਖਾਲਿਸਤਾਨ ਲਿਬਰੇਸ਼ਨ ਫ਼ੋਰਸ) ਦਾ ਸਾਥੀ ਸੀ ਤੇ 14 ਸਾਲ ਦੀ ਉਮਰ ਤੋਂ ਹੀ ਖਾਲਿਸਤਾਨ ਲਹਿਰ ਨਾਲ ਜੁੜ ਗਿਆ ਸੀ। ਜ਼ਾਲਮ ਪੁਲਸ ਅਫ਼ਸਰ

ਗੋਬਿੰਦ ਰਾਮ ਨੂੰ ਫ਼ਿਲੌਰ ਕਿਲ੍ਹੇ ਵਿਚ ਸੋਧਣ ਵਿਚ ਵੀ ਉਸ ਨੇ ਅਹਿਮ ਰੋਲ ਅਦਾ ਕੀਤਾ ਸੀ। ਉਹ ਏਨਾ ਭਲਾ ਬੰਦਾ ਸੀ ਕਿ ਸਿੱਖ ਹੀ ਨਹੀਂ ਬਲਕਿ ਹਿੰਦੂ ਤੇ ਮੁਸਲਮਾਨ ਵੀ ਉਸ ਦੀ ਬਹੁਤ ਕਦਰ ਕਰਦੇ ਸਨ। 8 ਅਪ੍ਰੈਲ 1990 ਦੇ ਦਿਨ ਜਦ ਉਹ ਪਿੰਡ ਮਾੜੀ ਬੁੱਚੀਆਂ (ਨੇੜੇ ਹਰਗੋਬਿੰਦਪੁਰ) ਦੇ ਇਕ ਘਰ ਵਿਚ ਮੌਜੂਦ ਸੀ ਤਾਂ ਸੈਂਕੜੇ ਪੁਲਸ ਅਤੇ ਸੀ.ਆਰ.ਪੀ.ਐਫ਼ ਫ਼ੋਰਸਾਂ ਨੇ ਉਸ ਘਰ ਨੂੰ ਘੇਰਾ ਪਾ ਲਿਆ। ਉਸ ਨੂੰ ਪਤਾ ਲੱਗ ਗਿਆ ਕਿ ਇਹ ਕਾਰਾ ਉਸ ਦੇ ਇਕ ਸਾਥੀ ਦਾ ਹੈ ਜੋ ਕੁਝ ਚਿਰ ਪਹਿਲਾਂ ਹੀ ਦੁਆਈ ਲੈਣ ਦੇ ਬਹਾਨੇ ਸ਼ਹਿਰ ਗਿਆ ਸੀ। ਜੁਗਰਾਜ ਸਿੰਘ ਨੂੰ ਫ਼ੋਰਸਿਜ਼ ਦੇ ਆਉਣ ਦਾ ਪਤਾ ਲਗ ਗਿਆ ਤੇ ਉਥੇ ਮੌਜੂਦ 5 ਸਿੰਘ ਦੋ ਹਿੱਸਿਆਂ ਵਿਚ ਉਸ ਘਰ ਵਿਚੋਂ ਨਿਕਲ ਗਏ। ਫ਼ੋਰਸਿਜ਼ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਜਿਸ ਨਾਲ ਜੁਗਰਾਜ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ; ਪਰ ਉਸ ਨੂੰ ਉਥੇ ਛੱਡਣ ਦੀ ਬਜਾਏ ਬਖ਼ਸ਼ੀਸ਼ ਸਿੰਘ ਨੇ ਉਸ ਨੂੰ ਮੋਢਿਆਂ ਤੇ ਚੁਕ ਲਿਆ ਤੇ ਫਿਰ ਇਕ ਟਰੈਕਟਰ ਤੇ ਪਾ ਕੇ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਟਰੈਕਟਰ ਖੇਤਾਂ ਵਿਚ ਫ਼ਸ ਗਿਆ ਤੇ ਕੁਝ ਚਿਰ ਮਗਰੋਂ ਉਹ ਵੀ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। ਦੂਜੇ ਬੈਚ ਦੇ ਬਾਕੀ ਤਿੰਨ ਸਿੰਘ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਜੁਗਰਾਜ ਸਿੰਘ ਇਲਾਕੇ ਵਿਚ ਏਨਾ ਹਰਮਨ ਪਿਆਰਾ ਸੀ ਕਿ ਜਦ ਉਸ ਦਾ ਸਸਕਾਰ ਕੀਤਾ ਗਿਆ ਤਾਂ ਇਲਾਕੇ ਦੇ 3-4 ਲੱਖ ਲੋਕ ਅਤੇ ਬਹੁਤ ਸਾਰੇ ਸਿੱਖ ਆਗੂ ਉਥੇ ਪੁਜੇ ਹੋਏ ਸਨ ਜਿਨ੍ਹਾਂ ਵਿਚ ਸਿਮਰਨਜੀਤ ਸਿੰਘ ਮਾਨ, ਬਿਮਲ ਕੌਰ ਖਾਲਸਾ, ਰਜਿੰਦਰ ਕੌਰ ਬੁਲਾਰਾ ((ਸਾਰੇ ਐਮ.ਪੀ.) ਤੇ ਜਸਟਿਸ ਅਜੀਤ ਸਿੰਘ ਬੈਂਸ ਵੀ ਸ਼ਾਮਿਲ ਸਨ।

ਦਰਬਾਰ ਸਾਹਿਬ ਫੇਰ ਸੀਲ

ਖਾੜਕੂਆਂ ਅਤੇ ਮਾਨ ਅਕਾਲੀ ਦਲ ਨੇ 6 ਜੂਨ 1990 ਨੂੰ 'ਘੱਲੂਘਾਰਾ ਦਿਨ' ਮਨਾਉਣ ਦਾ ਐਲਾਨ ਕੀਤਾ। ਪਰ 6 ਜੂਨ 1990 ਦੇ ਦਿਨ ਦਰਬਾਰ ਸਾਹਿਬ ਨੂੰ ਇਕ ਵਾਰ ਫੇਰ ਸੀਲ ਕਰ ਦਿੱਤਾ ਗਿਆ ਤਾਂ ਜੋ ਉੱਥੇ ਘੱਲੂਘਾਰਾ ਦਿਨ ਨਾ ਮਨਾਇਆ ਜਾ ਸਕੇ। ਇਸ ਵੇਲੇ ਦਿੱਲੀ ਵਿਚ ਕਾਂਗਰਸ ਪਾਰਟੀ ਦੀ ਨਹੀਂ ਬਲਕਿ ਵੀ.ਪੀ. ਸਿੰਘ ਦੀ ਸਰਕਾਰ ਸੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਕਾਂਗਰਸ ਹੋਵੇ ਜਾਂ ਜਨਤਾ ਪਾਰਟੀ ਸਿੱਖਾਂ ਵਾਸਤੇ ਉਨ੍ਹਾਂ ਕੋਲ ਇਕੋ ਹੀ ਪੈਮਾਨਾ ਹੈ।

26 ਜਨਵਰੀ, 15 ਅਗਸਤ ਤੇ 2 ਅਕਤੂਬਰ ਦੀਆਂ ਛੁੱਟੀਆਂ ਬੰਦ

ਇਨ੍ਹਾਂ ਦਿਨ੍ਹਾਂ ਵਿਚ ਵੀ ਪੰਜਾਬ 'ਚ ਸਿੱਖ ਨੌਜਵਾਨਾਂ ਦੇ ਕਤਲ ਅਤੇ ਗ੍ਰਿਫ਼ਤਾਰੀਆਂ ਬ-ਦਸਤੂਰ ਰਹੀਆਂ। ਇਸ ਦੇ ਪ੍ਰੋਟੈਸਟ ਵਜੋਂ ਸ਼੍ਰੋਮਣੀ ਕਮੇਟੀ ਨੇ 26 ਜਨਵਰੀ, 15 ਅਗਸਤ ਤੇ 2 ਅਕਤੂਬਰ ਦੀਆਂ ਭਾਰਤ ਸਰਕਾਰ ਦੀਆਂ ਨੈਸ਼ਨਲ ਛੁੱਟੀਆਂ ਕੈਂਸਲ ਕਰਨ ਦਾ ਮਤਾ ਪਾਸ ਕੀਤਾ। ਅੱਜ ਤਕ ਵੀ ਸ਼੍ਰੋਮਣੀ ਕਮੇਟੀ ਇਸ ਦਿਨ ਦੀ ਛੁੱਟੀ ਨਹੀਂ ਕਰਦੀ।

ਗੁਰਚਰਨ ਸਿੰਘ ਟੌਹੜਾ ਵਲੋਂ ਚੁੱਕਿਆ ਗਿਆ ਇਹ ਕਦਮ ਇਕ ਬੜਾ ਧਮਾਕਾਖੇਜ਼ ਐਕਸ਼ਨ ਸੀ। ਇਸ ਡਰਾਮੇ ਨਾਲ ਖਾੜਕੂਆਂ ਦੀਆਂ ਸਫ਼ਾਂ ਵਿਚ ਟੌਹੜਾ ਵੀ ਹਮਦਰਦੀ ਹਾਸਿਲ ਕਰ ਗਿਆ। ਇਸ ਐਕਸ਼ਨ ਦਾ ਮਾਅਨਾ ਸੀ ਕਿ ਜੇ ਭਾਰਤ ਸਿੱਖਾਂ 'ਤੇ ਜ਼ੁਲਮ ਕਰੇਗਾ ਤੇ ਉਨ੍ਹਾਂ ਨੂੰ ਉਨ੍ਹਾਂ ਦੀ ਸਿਆਸੀ ਆਜ਼ਾਦ ਹਸਤੀ ਦੀ ਤਾਕਤ ਨਹੀਂ ਦੇਵੇਗਾ ਤਾਂ ਸਿੱਖ ਆਪਣਾ ਕਲਚਰ, ਆਪਣੇ ਹੀਰੋ, ਆਪਣੀ ਆਜ਼ਾਦੀ ਦੀ ਤਵਾਰੀਖ ਤੇ ਆਪਣੇ ਕੌਮੀ-ਸਿਆਸੀ-ਜਜ਼ਬਾਤ ਨੂੰ ਵੀ

ਭਾਰਤ ਤੋਂ ਵੱਖਰਿਆ ਲੈਣਗੇ। (ਪਰ ਟੌਹੜਾ ਛੇਤੀ ਹੀ ਫੇਰ ਖਾੜਕੂਆਂ ਦੇ ਖ਼ਿਲਾਫ਼ ਸਾਜ਼ਿਸ਼ਾਂ ਦਾ ਹਿੱਸਾ ਬਣ ਗਿਆ)।

ਸਾਬਕਾ ਵਜ਼ੀਰ ਬਲਵੰਤ ਸਿੰਘ ਨੂੰ ਕਤਲ ਕੀਤਾ ਗਿਆ

10 ਜੁਲਾਈ 1990 ਦੇ ਦਿਨ ਖਾੜਕੂਆਂ ਨੇ 1990: ਸਾਬਕਾ ਵਜ਼ੀਰ ਬਲਵੰਤ ਸਿੰਘ ਨੂੰ ਕਤਲ ਕਰ ਦਿੱਤਾ। ਉਸ ਦਾ ਕਤਲ ਉਦੋਂ ਹੋਇਆ ਜਦੋਂ ਉਹ ਚੰਡੀਗੜ੍ਹ ਵਿਚ ਆਪਣੀ ਕਾਰ ਵਿਚ ਸੈਕਟਰ 20 ਅਤੇ 30 ਦੇ ਵਿਚਕਾਰਲੀ ਸੜਕ ਤੋਂ ਲੰਘ ਰਿਹਾ ਸੀ। ਇਕ ਸੋਮੇ ਮੁਤਾਬਿਕ ਇਸ ਕਤਲ ਵਿਚ ਖ਼ਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਪ੍ਰੀਤਮ ਸਿੰਘ ਸੇਖੋਂ ਤੇ ਉਸ ਦੇ ਤਿੰਨ ਸਾਥੀਆਂ ਦਾ ਹੱਥ ਸੀ।

ਜਥੇਦਾਰ ਜਗਦੇਵ ਸਿੰਘ ਖੁੱਡੀਆਂ ਨੂੰ ਕਤਲ ਕੀਤਾ ਗਿਆ

ਜਥੇਦਾਰ ਜਗਦੇਵ ਸਿੰਘ ਖੁੱਡੀਆਂ ਇਕ ਬਹੁਤ ਇਮਾਨਦਾਰ ਅਕਾਲੀ ਆਗੂ ਸਨ। ਉਹ ਸਦਾ ਪੰਥ ਵਾਸਤੇ ਕੁਰਬਾਨੀਆਂ ਕਰਦੇ ਰਹੇ ਸਨ। 1989 ਦੀਆਂ ਚੋਣਾਂ ਵਿਚ ਉਹ ਫ਼ਰੀਦਕੋਟ ਸੀਟ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਉਨ੍ਹਾਂ ਨੂੰ ਅਗਵਾ ਕਰ ਕੇ 4 ਜਨਵਰੀ 1990 ਨੂੰ ਕਤਲ ਕਰ ਕੇ ਉਸ ਦੀ ਲਾਸ਼ ਨਹਿਰ ਵਿਚ ਸੁੱਟ ਦਿੱਤੀ ਸੀ। ਇਹ ਆਮ ਚਰਚਾ ਸੀ ਕਿ ਪੁਲੀਸ ਨੇ ਉਨ੍ਹਾਂ ਨੂੰ ਕਤਲ ਕੀਤਾ ਹੈ। ਦੂਜੇ ਪਾਸੇ ਉਨ੍ਹਾਂ ਦੇ ਇਕ ਸਾਥੀ ਐਮ.ਪੀ. ਨੇ ਨਵੰਬਰ 2011 ਵਿਚ ਇਸ ਲੇਖਕ ਨੂੰ ਦੱਸਿਆ ਕਿ ਕਤਲ ਵਾਲੇ ਦਿਨ ਜਥੇਦਾਰ ਖੁੱਡੀਆਂ ਨੂੰ ਭਾਈ ਗੁਰਜੀਤ ਸਿੰਘ ਅਤੇ ਗੁਰਨਾਮ ਸਿੰਘ ਬੁੰਡਾਲਾ (ਉਰਫ਼ ਜੱਲਾਦ) ਘਰੋਂ ਬੁਲਾ ਕੇ ਲੈ ਗਏ ਸਨ ਤੇ ਇਸ ਮਗਰੋਂ ਉਹ ਘਰ ਵਾਪਿਸ ਨਹੀਂ ਮੁੜੇ ਤੇ ਉਨ੍ਹਾਂ ਦੀ ਲਾਸ਼ ਨਹਿਰ ਵਿਚੋਂ ਮਿਲੀ ਸੀ।

ਫ਼ੈਡਰੇਸ਼ਨ ਆਗੂ ਹਰਮਿੰਦਰ ਸਿੰਘ ਸੰਧੂ ਦਾ ਕਤਲ

24 ਜਨਵਰੀ 1990 ਦੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਜਨਰਲ ਸਕੱਤਰ ਹਰਮਿੰਦਰ ਸਿੰਘ ਸੰਧੂ ਨੂੰ ਕਤਲ ਕਰ ਦਿੱਤਾ ਗਿਆ। ਇਹ ਕਤਲ ਦਲਜੀਤ ਸਿੰਘ ਬਿੱਟੂ ਫ਼ੈਡਰੇਸ਼ਨ ਨੇ ਕੀਤਾ ਸੀ। ਉਹ ਨਹੀਂ ਸੀ ਚਾਹੁੰਦੇ ਕਿ ਸੰਧੂ 'ਖ਼ਾਲਸਾ ਪੰਚਾਇਤਾਂ' ਬਣਾ ਕੇ ਆਗੂ ਬਣ ਜਾਵੇ। ਸੰਧੂ ਦੇ ਰੋਲ ਬਾਰੇ ਹਮੇਸ਼ਾ ਦੋ ਰਾਵਾਂ ਰਹੀਆਂ ਸਨ ਪਰ ਉਸ ਦੇ ਵਿਰੋਧੀ ਖ਼ੁਦ ਵੀ ਸ਼ੱਕੀ ਰੋਲ ਵਾਲੇ ਜਾਣੇ ਜਾਂਦੇ ਸਨ। ਇਸ ਕਤਲ ਨੇ ਫ਼ੈਡਰੇਸ਼ਨ ਵਿਚ ਫ਼ੁੱਟ ਪਾ ਦਿੱਤੀ। ਰਜਿੰਦਰ ਸਿੰਘ ਮਹਿਤਾ ਤੇ ਅਮਰਜੀਤ ਸਿੰਘ ਚਾਵਲਾ ਨੇ ਵੱਖਰੀ ਫ਼ੈਡਰੇਸ਼ਨ ਬਣਾ ਲਈ ਤੇ ਦਲਜੀਤ ਸਿੰਘ ਬਿੱਟੂ ਨੇ ਭਾਈ ਮਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਵੱਖਰੀ। ਮਹਿਤਾ ਤੇ ਚਾਵਲਾ ਦਾ ਦੋਸ਼ ਸੀ ਕਿ ਭਾਈ ਮਨਜੀਤ ਸਿੰਘ ਨੂੰ ਪਤਾ ਸੀ ਕਿ ਸੰਧੂ ਨੂੰ ਕਤਲ ਕੀਤਾ ਜਾਣਾ ਹੈ। ਸੰਧੂ 5 ਸਾਲ ਤੋਂ ਵਧ ਸਮਾਂ ਜੋਧਪੁਰ ਜੇਲ੍ਹ ਵਿਚ ਕੈਦ ਰਹਿਣ ਮਗਰੋਂ 15 ਦਸੰਬਰ 1989 ਨੂੰ ਰਿਹਾ ਹੋ ਕੇ ਆਇਆ ਸੀ। ਪੰਜਾਬ ਵਿਚ ਖਾੜਕੂ ਉਮੀਦਵਾਰਾਂ ਦੀ ਜਿੱਤ ਮਗਰੋਂ ਨਵੇਂ ਪ੍ਰਾਈਮ ਮਨਿਸਟਰ ਵੀ.ਪੀ. ਸਿੰਘ ਨੇ ਉਸ ਨੂੰ ਤੇ ਹੋਰ ਕਈ ਸਿੱਖ ਆਗੂਆਂ ਨੂੰ ਰਿਹਾ ਕਰਨ ਦੇ ਹੁਕਮ ਦਿੱਤੇ ਸਨ। ਸੰਧੂ ਦੀ ਪਹਿਲੀ ਪਤਨੀ ਪਰਮਜੀਤ ਕੌਰ ਭਾਰਤੀ ਫ਼ੌਜ ਨਾਲ ਲੜਦਿਆਂ ਸ਼ਹੀਦ ਹੋ ਗਈ ਸੀ; ਉਸ ਨੇ ਜੇਲ੍ਹ ਵਿਚੋਂ ਆਉਂਦਿਆਂ ਹੀ ਆਪਣੀ ਸਾਲੀ ਨਾਲ ਦੂਜਾ ਵਿਆਹ ਕਰਵਾਇਆ ਸੀ ਪਰ ਵਿਆਹ ਤੋਂ ਕੁਝ ਦਿਨਾਂ ਵਿਚ ਹੀ ਉਹ

ਕੁੜੀ ਵਿਧਵਾ ਕਰ ਦਿੱਤੀ ਗਈ। ਇਸ ਕਤਲ ਦੀ ਜ਼ਿੰਮੇਦਾਰੀ ਦਲਜੀਤ ਸਿੰਘ ਬਿੱਟੂ (ਫ਼ੈਡਰੇਸ਼ਨ), ਖਾਲਿਸਤਾਨ ਲਿਬਰੇਸ਼ਨ ਫ਼ੋਰਸ (ਪਰਮਜੀਤ ਸਿੰਘ ਪੰਜਵੜ), ਪੰਥਕ ਕਮੇਟੀ (ਡਾ: ਸੋਹਨ ਸਿੰਘ) ਅਤੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਨੇ ਆਪਣੇ ਸਿਰ ਲਈ। ਉਂਵ ਤਾਂ ਪਹਿਲਾਂ ਵੀ ਸਾਜ਼ਸ਼ਾਂ ਚੱਲ ਰਹੀਆਂ ਸਨ ਪਰ ਇਸ ਕਤਲ ਨਾਲ ਕਬਾਇਲੀ ਕਤਲਾਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ।

ਬਲਦੇਵ ਸਿੰਘ ਘੁੰਮਣ (ਮੇਜਰ) ਪੁਲਸ ਕੈਟਾਂ ਹੱਥੋਂ ਸ਼ਹੀਦ

ਸਾਬਕਾ ਫ਼ੌਜੀ ਜਰਨੈਲ ਮੇਜਰ ਬਲਦੇਵ ਸਿੰਘ ਘੁੰਮਣ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਇਕ ਬਹੁਤ ਸੰਜੀਦਾ ਹਿਮਾਇਤੀ ਸਨ ਅਤੇ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਮੁਖੀ ਜਨਰਲ ਮਨਬੀਰ ਸਿੰਘ ਚਹੇੜੂ ਅਕਸਰ ਉਨ੍ਹਾਂ ਦੇ ਘਰ ਵਿਚ ਪਨਾਹ ਲਿਆ ਕਰਦੇ ਸਨ ਤੇ ਇੱਥੋਂ ਹੀ ਉਨ੍ਹਾਂ ਦੀ ਗ੍ਰਿਫ਼ਤਾਰੀ ਹੋਈ ਸੀ। ਇਸ ਕੇਸ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਮੁਕੱਦਮਾ ਵੀ ਚਲਾਇਆ ਜਾ ਰਿਹਾ ਸੀ। 23 ਜੂਨ 1990 ਦੇ ਦਿਨ ਪੰਜਾਬ ਪੁਲਸ ਦੇ ਕੈਟਾਂ ਨੇ (ਜਾਂ ਮਨਬੀਰ ਸਿੰਘ ਚਹੇੜੂ ਦੇ ਕਿਸੇ ਦੁਸ਼ਮਣ ਧੜੇ ਨੇ) ਜਲੰਧਰ ਵਿਚ ਉਨ੍ਹਾਂ ਦੇ ਘਰ ’ਤੇ ਹਮਲਾ ਕਰ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ।ਮੇਜਰ ਘੁੰਮਣ ਭੈਣੀ ਬਾਂਗਰ (ਨੇੜੇ ਕਾਦੀਆਂ, ਗੁਰਦਾਸਪੁਰ ਜ਼ਿਲ੍ਹੇ) ਦੇ ਰਹਿਣ ਵਾਲੇ ਸਨ ਤੇ ਸਿੱਖ ਨੈਸ਼ਨਲ ਕਾਦੀਆਂ ਵਿਚ ਬਾਵਾ ਹਰਕਿਸ਼ਨ ਸਿੰਘ ਦੇ ਵਿਦਿਆਰਥੀ ਰਹੇ ਸਨ। ਉਨ੍ਹਾਂ ਨੇ 1962, 1965 ਅਤੇ 1971 ਦੀਆਂ ਤਿੰਨਾਂ ਜੰਗਾਂ ਵਿਚ ਰੋਲ ਅਦਾ ਕੀਤਾ ਸੀ।

●

ਜ਼ੁਲਮਾਂ ਦੀ ਦਾਸਤਾਨ ਦੇ ਕੁਝ ਵਰਕੇ

ਭਾਈ ਜੋਗਾ ਸਿੰਘ ਖਾਨਪੁਰ ਦੇ ਪੂਰੇ ਪਰਵਾਰ ਦਾ ਕਤਲ

ਪਿੰਡ ਖਾਨਪੁਰ ਦਾ ਭਾਈ ਜੋਗਾ ਸਿੰਘ, ਪੁਲਸ ਜ਼ੁਲਮ ਦੇ ਖ਼ਿਲਾਫ਼ ਹੋਣ ਕਾਰਨ ਖਾੜਕੂ ਸਫ਼ਾਂ ਵਿਚ ਸ਼ਾਮਿਲ ਹੋ ਗਿਆ ਸੀ। ਪੰਜਾਬ ਪੁਲਸ ਦੇ ਕੁਝ ਸੀਨੀਅਰ ਮੁਖੀਆਂ (ਸਰਬਦੀਪ ਵਿਰਕ ਸੁਮੇਧ ਸੈਣੀ, ਇਜ਼ਹਾਰ ਆਲਮ, ਗੋਬਿੰਦ ਰਾਮ) ਨੇ ਉਨ੍ਹਾਂ ਦਿਨਾਂ ਵਿਚ ਪੁਲਸ ਕੈਟਾਂ ਦਾ ਟੋਲਾ ਕਾਇਮ ਕੀਤਾ ਹੋਇਆ ਸੀ। ਇਸ ਟੋਲੇ ਵਿਚ ਹੋਰਨਾਂ ਤੋਂ ਇਲਾਵਾ ਨਕਲੀ ਨਿਹੰਗ ਅਜੀਤ ਪੂਹਲਾ ਤੇ ਤਰਨਤਾਰਨ ਇਲਾਕੇ ਦੀ ਅਮਰੀਕੋ ਤੇ ਭਿੱਖੀ ਵਿੰਡ ਦੀ ਦਲਬੀਰੋ ਵੀ ਸਨ। ਦਿੱਲੀ ਦਾ ਸਾਧ ਵਿਰਸਾ ਸਿੰਘ ਵੀ ਅਜਿਹੇ ਨਕਲੀ ਖਾੜਕੂ ਤਿਆਰ ਕਰਦਾ ਹੁੰਦਾ ਸੀ। ਇਨ੍ਹਾਂ ਟੋਲਿਆਂ ਦਾ ਕੰਮ ਖਾੜਕੂਆਂ ਬਾਰੇ ਇਤਲਾਹਾਂ ਦੇਣਾ, ਉਨ੍ਹਾਂ ਦੇ ਨਾਂ 'ਤੇ ਗ਼ਲਤ ਕਾਰਵਾਈਆਂ ਕਰਨਾ, ਨਕਲੀ ਖਾੜਕੂ ਬਣ ਕੇ ਲੋਕਾਂ ਦੇ ਘਰਾਂ ਵਿਚ ਜਾ ਕੇ ਰੋਟੀਆਂ ਖਾਣਾ ਤੇ ਉਨ੍ਹਾ ਦੀਆਂ ਧੀਆਂ, ਭੈਣਾਂ ਨੂੰਹਾਂ ਨਾਲ ਜਬਰ ਜ਼ਨਾਹ ਕਰਨਾ; ਅਤੇ ਇਸ ਦੇ ਨਾਲ-ਨਾਲ ਖਾੜਕੂਆਂ ਦੇ ਟੱਬਰਾਂ ਦਾ ਕਤਲ ਕਰਨਾ ਵੀ ਸ਼ਾਮਿਲ ਸੀ। ਇਸ ਕਾਰਵਾਈ ਹੇ 31 ਮਈ 1991 ਦੀ ਰਾਤ ਨੂੰ ਅਜੀਤ ਪੂਹਲਾ ਨਕਲੀ ਨਿਹੰਗ ਪੁਲਸ ਦੀ ਇਕ ਗਾਰਦ (ਨੀਲੀਆਂ ਤੇ ਪੀਲੀਆਂ ਪੱਗਾਂ ਵਿਚ) ਲੈ ਕੇ ਰੋਪੜ ਜ਼ਿਲ੍ਹੇ ਦੇ ਪਿੰਡ ਖਾਨਪੁਰ ਆ ਪੁੱਜਾ ਅਤੇ ਉਸ ਨੇ ਜੋਗਾ ਸਿੰਘ ਦੇ ਸਾਰੇ ਟੱਬਰ ਨੂੰ ਇਕੱਠਾ ਕਰ ਕੇ ਪਹਿਲਾਂ ਤਾਂ ਉਨ੍ਹਾਂ 'ਤੇ ਜ਼ੁਲਮ ਢਾਹਿਆ ਅਤੇ ਫਿਰ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਮਗਰੋਂ ਪੁਲਸ ਨੇ ਇਹ ਡਰਾਮਾ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਕਤਲ ਆਪਸੀ ਦੁਸ਼ਮਣੀ ਵਿਚ ਹੋਏ ਸਨ। ਇਸ ਮੌਕੇ 'ਤੇ ਸ਼ਹੀਦ ਹੋਣ ਵਾਲਿਆਂ ਵਿਚ ਜੋਗਾ ਸਿੰਘ ਦਾ ਪਿਤਾ ਬਚਨ ਸਿੰਘ (45), ਦਰਸ਼ਨ ਕੌਰ ਮਾਤਾ (40), ਮਦਨਜੀਤ ਕੌਰ ਭੈਣ (15), ਹਰਜਿੰਦਰ ਕੌਰ ਚਾਚੀ (28), ਤੇ ਹਰਜਿੰਦਰ ਕੌਰ ਦੇ ਤਿੰਨ ਬੱਚੇ ਯਾਦਵਿੰਦਰ ਸਿੰਘ (3), ਰਾਜਬੀਰ ਕੌਰ (5), ਗੁਰਜੰਟ ਕੌਰ (10 ਮਹੀਨੇ) ਵੀ ਸ਼ਾਮਿਲ ਸਨ। ਜੋਗਾ ਸਿੰਘ ਉਸ ਵੇਲੇ ਘਰ ਨਹੀਂ ਸੀ (ਉਸ ਨੂੰ ਵੀ ਮਗਰੋਂ ਸ਼ਹੀਦ ਕਰ ਦਿੱਤਾ ਗਿਆ ਸੀ)।

ਅਵਤਾਰ ਸਿੰਘ ਸ਼ਤਰਾਨਾ ਨੂੰ ਜ਼ਾਲਮਾਨਾਂ ਤਸੀਹੇ ਦੇ ਕੇ ਸ਼ਹੀਦ ਕੀਤਾ

25 ਜੁਲਾਈ 1991 ਦੇ ਦਿਨ ਪੰਜਾਬ ਪੁਲਸ ਦੇ ਥਾਣੇਦਾਰ ਸੁਖਵਿੰਦਰ ਸਿੰਘ ਨੇ ਸ਼ਤਰਾਣਾ ਪਿੰਡ (ਜ਼ਿਲ੍ਹਾ ਪਟਿਆਲਾ) ਦੇ ਅਵਤਾਰ ਸਿੰਘ (ਭਰਾ ਜਰਨੈਲ ਸਿੰਘ ਲੈਫ਼: ਜਨ: ਖਾਲਿਸਤਾਨ ਕਮਾਂਡੋ ਫ਼ੋਰਸ, ਪੰਜਵੜ), ਜੋ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਲਹਿਰਾਗਾਗਾ ਤੋਂ ਚੋਣ ਲੜ ਰਿਹਾ ਸੀ, ਨੂੰ ਗ੍ਰਿਫ਼ਤਾਰ ਕੀਤਾ ਤੇ ਪਾਤੜਾਂ ਠਾਣੇ ਵਿਚ ਲੈ ਗਿਆ। ਮਗਰੋਂ ਉਸ ਨੂੰ ਸੀ. ਆਈ. ਏ. ਸਟਾਫ਼ ਪਟਿਆਲਾ ਲਿਜਾਇਆ ਗਿਆ। ਉਥੇ ਪੁਲਸ ਉਸ 'ਤੇ ਬੇਤਹਾਸ਼ਾ ਜ਼ਾਲਮਾਨਾ ਤਸ਼ੱਦਦ

ਕੀਤਾ। ਬਿਜਲੀ ਦੀ ਪ੍ਰੈੱਸ ਚਲਾ ਕੇ ਤਪਦੀ ਪ੍ਰੈੱਸ ਉਸ ਦੇ ਜਿਸਮ ਦੇ ਬਹੁਤ ਸਾਰੇ ਅੰਗਾਂ 'ਤੇ ਲਾ ਕੇ ਸਾਰਾ ਜਿਸਮ ਸਾੜ ਦਿੱਤਾ। 5 ਅਗਸਤ ਦੀ ਸ਼ਾਮ ਨੂੰ ਉਸ ਦੀ ਮੌਤ ਹੋ ਗਈ। ਪਰ ਇਸ ਤੋਂ ਪਹਿਲਾਂ ਕਿ ਪੁਲਸ ਉਸ ਨੂੰ ਨਕਲੀ ਮੁਕਾਬਲੇ ਵਿਚ ਮਰਿਆ ਕਹਿ ਕੇ ਅਣਪਛਾਤੀ ਲਾਸ਼ ਬਣਾ ਕੇ ਸਾੜ ਦੇਂਦੀ ਲੋਕਾਂ ਨੇ ਠਾਣੇ ਨੂੰ ਘੇਰਾ ਪਾ ਕੇ ਉਸ ਦੀ ਲਾਸ਼ ਹਾਸਿਲ ਕਰ ਲਈ। ਲਾਸ਼ ਦੇ ਪੈਰ, ਬਾਹਵਾਂ, ਲੱਤਾਂ, ਢਿੱਡ, ਸਭ ਸੜੇ ਹੋਏ ਸਨ। ਇਸ ਲਾਸ਼ ਦੀਆਂ ਤਸਵੀਰਾਂ ਦੁਨੀਆਂ ਭਰ ਵਿਚ ਛਪੀਆਂ। ਯੂ.ਐਨ.ਓ. ਦੀ ਇਨਸਾਨੀ ਹਕੂਕ ਦੀ ਜਮਾਤ ਨੇ ਇਸ ਨੂੰ ਦੁਨੀਆਂ ਭਰ ਵਿਚ ਉਭਾਰਿਆ, ਪਰ ਬੇਸ਼ਰਮ ਵਿਦੇਸ਼ੀ ਤਾਕਤਾਂ ਨੂੰ ਸਿੱਖਾਂ 'ਤੇ ਹੋ ਰਹੇ ਜ਼ੁਲਮ ਨਾਲ ਕੋਈ ਦਰਦ ਮਹਿਸੂਸ ਨਾ ਹੋਇਆ।

ਬਲਵਿੰਦਰ ਸਿੰਘ ਜਟਾਣਾ ਦੇ ਸਾਰੇ ਪਰਵਾਰ ਦਾ ਕਤਲ

30 ਅਗਸਤ 1991 ਦੀ ਰਾਤ ਨੂੰ ਸੁਮੇਧ ਸੈਣੀ (ਉਦੋਂ ਐਸ.ਐਸ.ਪੀ ਤੇ ਹੁਣ ਡੀ.ਜੀ.ਪੀ. ਪੰਜਾਬ) ਦੀ ਭੇਜੇ ਪੁਲਸ ਪਾਰਟੀ ਅਤੇ ਅਜੀਤ ਪੂਹਲਾ ਦੇ ਸਾਥੀ ਪੁਲਸ ਕੈਟਜ਼ (ਬਲੈਕ ਕੈਟਜ਼) ਨੇ ਪਿੰਡ ਜਟਾਣਾ ਵਿਚ ਬਲਵਿੰਦਰ ਸਿੰਘ ਜਟਾਣਾ ਦੇ ਘਰ 'ਤੇ ਧਾਵਾ ਬੋਲ ਕੇ ਉਸ ਦੇ ਸਾਰੇ ਪਰਵਾਰ (ਜੋ ਉਸ ਵੇਲੇ ਸੌਂ ਰਿਹਾ ਸੀ) ਨੂੰ ਜ਼ੁਲਮ ਦਾ ਸ਼ਿਕਾਰ ਬਣਾਉਣ ਮਗਰੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਤੇ ਫਿਰ ਉਨ੍ਹਾਂ ਦੇ ਘਰ ਨੂੰ ਅੱਗ ਲਾ ਦਿੱਤੀ। ਕਤਲ ਕੀਤੇ ਜਾਣ ਵਾਲਿਆਂ ਵਿਚ ਬਲਵਿੰਦਰ ਸਿੰਘ ਦੀ ਦਾਦੀ ਮਾਤਾ ਦਵਾਰਕੀ ਕੌਰ (ਉਮਰ 80 ਸਾਲ), ਚਾਚੀ ਜਸਮੇਰ ਕੌਰ (ਪੁਤਰੀ ਬਚਨ ਸਿੰਘ, ਉਮਰ 40 ਸਾਲ), ਚਚੇਰੀ ਭੈਣ ਮਨਪ੍ਰੀਤ ਕੌਰ (ਬੇਟੀ ਰਾਮਦਾਸ ਸਿੰਘ, ਉਮਰ 13 ਸਾਲ) ਤੇ ਭਤੀਜਾ ਸਿਮਰਜੀਤ ਸਿੰਘ (ਉਮਰ 5 ਸਾਲ) ਵੀ ਸ਼ਾਮਿਲ ਸਨ। ਇਕ ਬੱਚਾ ਬਲਵਿੰਦਰ ਸਿੰਘ ਜੋ ਨਾਲ ਦੇ ਘਰ ਸੁੱਤਾ ਪਿਆ ਸੀ, ਬਚ ਗਿਆ। ਇਨ੍ਹਾਂ ਕਤਲਾਂ ਨੂੰ ਐਸ.ਪੀ. ਪਰਮਰਾਜ ਉਮਰਾਨੰਗਲ (ਪੋਤਾ ਜੀਵਨ ਸਿੰਘ ਉਮਰਾਨੰਗਲ), ਡੀ.ਆਈ.ਜੀ. ਜਸਮਿੰਦਰ ਸਿੰਘ, ਐਸ.ਐਸ.ਪੀ. ਅੰਮ੍ਰਿਤਸਰ ਅਜੀਤ ਸੰਧੂ ਤੇ ਪੁਲਸ ਕੈਟ ਅਮਰੀਕੋ ਦੀ ਸਰਪਰਸਤੀ ਵੀ ਸ਼ਾਮਿਲ ਸੀ। ਇਸ ਤੋਂ ਪੰਜ ਦਿਨ ਮਗਰੋਂ ਬਲਵਿੰਦਰ ਸਿੰਘ ਜਟਾਣਾ ਖ਼ੁਦ ਵੀ ਸ਼ਹੀਦ ਹੋ ਗਿਆ।

ਬਲਵਿੰਦਰ ਸਿੰਘ ਜਟਾਣਾ ਅਤੇ ਚਰਨਜੀਤ ਸਿੰਘ ਚੰਨਾ ਪੁਲਸ ਮੁਕਾਬਲੇ ਵਿਚ ਸ਼ਹੀਦ

4 ਸਤੰਬਰ 1991 ਦੇ ਦਿਨ ਭਾਈ ਬਲਵਿੰਦਰ ਸਿੰਘ ਜਟਾਣਾ ਉੱਤੇ ਚਰਨਜੀਤ ਸਿੰਘ ਚੰਨਾ ਪੁਲਸ ਨਾਲ ਇਕ ਅਸਲ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ। ਸਿਰਫ਼ 25 ਸਾਲ ਦੀ ਉਮਰ ਦੇ ਜਵਾਨ ਬਲਵਿੰਦਰ ਸਿੰਘ (ਪੁੱਤਰ ਸੋਹਨ ਸਿੰਘ, ਵਾਸੀ ਪਿੰਡ ਜਟਾਣਾ, ਜ਼ਿਲ੍ਹਾ ਰੋਪੜ) ਦਾ ਸਭ ਤੋਂ ਅਹਿਮ ਐਕਸ਼ਨ ਸਤਲੁਜ-ਜਮਨਾ ਲਿੰਕ ਨਹਿਰ ਰੋਕਣ ਵਾਸਤੇ ਇਸ ਪ੍ਰਾਜੈਕਟ ਦੇ ਇੰਜੀਨੀਅਰਾਂ ਐਮ.ਐਸ. ਸੀਕਰੀ ਤੇ ਅਵਤਾਰ ਔਲਖ ਨੂੰ 23 ਜੁਲਾਈ 1990 ਦੇ ਦਿਨ ਉਨ੍ਹਾਂ ਦੇ ਦਫ਼ਤਰ ਸੈਕਟਰ 26 ਚੰਡੀਗੜ੍ਹ ਵਿਚ ਕਤਲ ਕਰਨਾ ਸੀ। ਇਸ ਵਿਚ ਉਸ ਨਾਲ ਜਗਤਾਰ ਸਿੰਘ ਪੰਜੋਲਾ, ਬਲਬੀਰ ਸਿੰਘ ਫ਼ੌਜੀ ਤੇ ਹਰਮੀਤ ਸਿੰਘ ਭਊਵਾਲ ਵੀ ਸ਼ਾਮਿਲ ਸਨ। ਇਸ ਮਗਰੋਂ ਉਸ ਨੇ ਜ਼ਾਲਮ ਪੁਲਿਸ ਅਫ਼ਸਰ ਸੁਮੇਧ ਸੈਣੀ ਨੂੰ ਖ਼ਤਮ ਕਰਨ ਵਾਸਤੇ 29 ਅਗਸਤ ਦੇ ਦਿਨ ਉਸ ਦੀ ਗੱਡੀ 'ਤੇ ਹਮਲਾ ਕੀਤਾ ਸੀ ਜਿਸ ਵਿਚ ਸੁਮੇਧ ਸੈਣੀ ਬੁਰੀ ਤਰ੍ਹਾਂ ਜ਼ਖ਼ਮੀ ਹੋਇਆ ਸੀ ਪਰ ਉਸ ਦਾ ਡਰਾਈਵਰ

ਮਾਰਿਆ ਗਿਆ ਸੀ। ਇਸ ’ਤੇ ਸੈਣੀ ਨੇ ਅਗਲੇ ਦਿਨ ਆਪਣੇ ਟਾਊਟ ਨਕਲੀ ਨਿਹੰਗ ਅਜੀਤ ਪੂਹਲਾ ਤੇ ਆਪਣੇ ਕੁਝ ਵਫ਼ਾਦਾਰ ਪੁਲਸੀਆਂ ਨੂੰ ਭੇਜ ਕੇ 30 ਅਗਸਤ 1991 ਦੇ ਦਿਨ ਬਲਵਿੰਦਰ ਸਿੰਘ ਜਟਾਣਾ (ਉਸ ਦੀ ਦਾਦੀ, ਚਾਚੀ, ਚਚੇਰੀ ਭੈਣ ਤੇ ਭਤੀਜਾ) ਦਾ ਟੱਬਰ ਕਤਲ ਕਰਵਾ ਦਿੱਤਾ ਸੀ। ਪੁਲਸ ਨੇ ਜਟਾਣਾ ਦੇ ਸਿਰ ’ਤੇ 16 ਲੱਖ ਰੁਪੈ ਦਾ ਇਨਾਮ ਰੱਖਿਆ ਹੋਇਆ ਸੀ।

ਚਰਨਜੀਤ ਸਿੰਘ ਚੰਨਾ (ਪੁੱਤਰ ਰਾਮ ਕਿਸ਼ਨ, ਵਾਸੀ ਝੱਲੀਆਂ ਖੁਰਦ, ਜ਼ਿਲ੍ਹਾ ਰੋਪੜ) ਵੀ 1978-95 ਦੀ ਖਾੜਕੂ ਲਹਿਰ ਦਾ ਇਕ ਅਹਿਮ ਜਰਨੈਲ ਸੀ। ਪੁਲਸ ਨੇ 1984 ਦੇ ਅਖ਼ੀਰ ਵਿਚ ਉਸ ਨੂੰ ਇਕ ਝੂਠੇ ਕੇਸ ਵਿਚ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। 1986 ਵਿਚ ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਹੇਠ ਬਣੇ ਕਮਿਸ਼ਨ ਨੇ ਉਸ ਦੀ ਰਿਹਾਈ ਕਰਵਾਈ ਤੇ ਉਸ ਦੇ ਸਾਰੇ ਕੇਸ ਵਾਪਿਸ ਕਰਵਾਏ। ਇਸ ਮਗਰੋਂ ਉਹ ਮੋਰਿੰਡਾ ਦੀ ਸ਼ੂਗਰਮਿਲ ਵਿਚ ਕੰਮ ਕਰਨ ਲੱਗ ਪਿਆ; ਪਰ ਜਦ ਵੀ ਕੋਈ ਵਾਰਦਾਤ ਹੁੰਦੀ ਤਾਂ ਪੁਲਸ ਉਸ ਨੂੰ ਫੜ ਕੇ ਲੈ ਜਾਂਦੀ। ਅਖ਼ੀਰ ਤੰਗ ਆ ਕੇ ਉਹ ਘਰ ਛੱਡ ਗਿਆ ਤੇ ਫਿਰ ਕਿਸੇ ਹੋਰ ਨਾਂ ਹੇਠ ਪਾਸਪੋਰਟ ਬਣਾ ਕੇ ਅਮਰੀਕਾ ਚਲਾ ਗਿਆ। ਹੁਣ ਉਸ ਦਾ ਸਾਥੀ ਬਲਵਿੰਦਰ ਸਿੰਘ ਜਟਾਣਾ ਇਕੱਲਾ ਰਹਿ ਗਿਆ; ਇਸ ਕਰ ਕੇ ਜੁਲਾਈ 1991 ਵਿਚ ਉਹ ਵਾਪਿਸ ਪਰਤ ਆਇਆ ਸੀ। 4 ਸਤੰਬਰ 1991 ਦੇ ਦਿਨ ਬਲਵਿੰਦਰ ਸਿੰਘ ਜਟਾਣਾ ਤੇ ਚਰਨਜੀਤ ਸਿੰਘ ਚੰਨਾ ਪਟਿਆਲਾ ਵਿਚ ਇਕ ਮੀਟਿੰਗ ਤੋਂ ਪਰਤ ਰਹੇ ਸਨ ਤਾਂ ਸਾਧੂਗੜ੍ਹ ਕੋਲ ਪੁਲਸ ਨੇ ਉਨ੍ਹਾਂ ਦੀ ਗੱਡੀ ਰੋਕ ਲਈ। ਉਨ੍ਹਾਂ ਨੇ ਪੁਲਸ ਦੇ ਹੱਥ ਆਉਣ ਦੀ ਬਜਾਇ ਖੇਤਾਂ ਵੱਲ ਮੋੜ ਲਈ ਤੇ ਮੁਕਾਬਲਾ ਸ਼ੁਰੂ ਕਰ ਦਿੱਤਾ। ਪਰ, ਉਨ੍ਹਾਂ ਕੋਲ ਅਸਲਾ ਥੋੜ੍ਹਾ ਸੀ ਇਸ ਕਰ ਕੇ ਉਹ ਬਹੁਤੀ ਦੇਰ ਟੱਕਰ ਨਾ ਲੈ ਸਕੇ ਅਤੇ ਜਦ ਉਨ੍ਹਾਂ ਦਾ ਅਸਲਾ ਮੁਕ ਗਿਆ ਤਾਂ ਉਨ੍ਹਾਂ ਨੇ ਪੁਲਸ ਦੇ ਹੱਥ ਆ ਕੇ ਜ਼ੁਲਮ ਸਹਿ ਕੇ ਨਕਲੀ ਮੁਕਾਬਲੇ ਵਿਚ ਸ਼ਹੀਦ ਹੋਣ ਦੀ ਬਜਾਇ ਸਾਇਆਨਾਈਡ ਦੇ ਕੈਪਸੂਲ ਖਾ ਕੇ ਸ਼ਹੀਦ ਹੋਣਾ ਮਨਜ਼ੂਰ ਕੀਤਾ।

ਹਰਪਿੰਦਰ ਸਿੰਘ ਗੋਲਡੀ ਦੀ ਭੈਣ ਬੀਬੀ ਅਮਨਦੀਪ ਕੌਰ ਦਾ ਰੇਪ ਅਤੇ ਕਤਲ

ਹਰਪਿੰਦਰ ਸਿੰਘ ਗੋਲਡੀ ਖ਼ਾਲਿਸਤਾਨ ਕਮਾਂਡੋ ਫ਼ੋਰਸ ਦਾ ਇਕ ਜਰਨੈਲ ਸੀ। 1991 ਵਿਚ ਹਰਕਿਸ਼ਨ ਕਾਹਲੋਂ ਐਸ.ਐਸ.ਪੀ. ਦੇ ਮੁੰਡੇ ਨੂੰ ਖਾੜਕੂਆਂ ਨੇ ਕਤਲ ਕਰ ਦਿੱਤਾ ਸੀ। ਕਾਹਲੋਂ ਨੇ ਇਸ ਕਤਲ ਵਿਚ ਹਰਪਿੰਦਰ ਸਿੰਘ ਨੂੰ ਵੀ ਸ਼ਾਮਿਲ ਮੰਨਿਆ ਸੀ ਤੇ ਪੁਲਸ ਉਸ ਦੇ ਪਿੱਛੇ ਪਈ ਹੋਈ ਸੀ। ਹਰਪਿੰਦਰ ਸਿੰਘ ਗੋਲਡੀ ਜਸਵੰਤ ਸਿੰਘ ਦਾ ਪੁੱਤਰ ਸੀ। ਬੀਬੀ ਅਮਨਦੀਪ ਕੌਰ ਹਰਪਿੰਦਰ ਸਿੰਘ ਗੋਲਡੀ ਦੀ ਭੈਣ ਸੀ। ਅਕਤੂਬਰ 1991 ਵਿਚ ਉਸ ਦੀ ਸ਼ਾਦੀ ਜਸਵਿੰਦਰ ਸਿੰਘ ਸਰਾਅ ਪੁੱਤਰ ਸੁਰਜੀਤ ਸਿੰਘ (ਜੋ ਪਿੱਛੋਂ ਜਸੋਵਾਲ, ਲੁਧਿਆਣਾ, ਦਾ ਸੀ ਅਤੇ ਮਿਸੀਸਾਗਾ, ਕਨੇਡਾ, ਵਿਚ ਰਹਿ ਰਿਹਾ ਸੀ) ਨਾਲ ਹੋਈ ਸੀ। ਜਦ 24 ਅਕਤੂਬਰ 1991 ਦੇ ਦਿਨ ਉਹ ਆਪਣੀ ਸ਼ਾਦੀ ਰਜਿਸਟਰ ਕਰਵਾਉਣ ਵਾਸਤੇ ਰਾਮਪੁਰਾ ਫੂਲ ਦੇ ਤਹਿਸੀਲਦਾਰ ਕੋਲ ਗਏ ਤਾਂ ਪੁਲਸ ਨੇ ਉਨ੍ਹਾਂ ਦੋਹਾਂ ਪਤੀ-ਪਤਨੀ ਅਤੇ ਅਮਨਦੀਪ ਕੌਰ ਦੇ ਬਾਪ ਜਸਵੰਤ ਸਿੰਘ ਨੂੰ ਚੁੱਕ ਲਿਆ ਅਤੇ ਫੂਲ ਥਾਣੇ ਵਿਚ ਲੈ ਆਏ ਜਿਥੇ ਹਰਕਿਸ਼ਨ ਕਾਹਲੋਂ ਐਸ.ਐਸ.ਪੀ., ਮੋਹਕਮ ਸਿੰਘ ਐਸ.ਪੀ. ਤੇ ਡੀ. ਐਸ.ਪੀ. ਔਲਖ ਵਗ਼ੈਰਾ ਬੈਠੇ ਹੋਏ ਸਨ। ਥਾਣੇ ਪਹੁੰਚਦਿਆਂ ਹੀ ਕਾਹਲੋਂ ਨੇ ਦੋਹਾਂ ਮਰਦਾਂ ਨੂੰ ਨੰਗਾ ਕਰਨ ਦਾ ਹੁਕਮ ਦੇ ਦਿੱਤਾ। ਇਸ ਮਗਰੋਂ ਉਸ ਨੇ ਆਪਣੀ ਜੇਬ੍ਹ ਵਿਚੋਂ ਖਾੜਕੂਆਂ ਹੱਥੋਂ ਮਾਰੇ ਗਏ ਆਪਣੇ ਪੁੱਤਰ ਦੀ ਫ਼ੋਟੋ ਕੱਢੀ ਤੇ ਕਿਹਾ ਲਓ ਹੁਣ ਮੈਂ ਪੁੱਤਰ ਦੇ ਮਾਰੇ ਜਾਣ ਦਾ ਬਦਲਾ

ਲੈਣ ਲੱਗਾ ਹਾਂ ਤੇ ਉਸ ਨੇ ਦੋਹਾਂ ਨੂੰ ਲਾਠੀਂ ਨਾਲ ਕੁੱਟਣਾ ਸ਼ੁਰੂ ਦਿਤਾ। ਇਸ ਮਗਰੋਂ ਅਮਨਦੀਪ ਕੌਰ ਦੇ ਸਾਰੇ ਗਹਿਣੇ ਲੁਹਾ ਲਏ ਅਤੇ ਸਾਰਿਆਂ ਦੀਆਂ ਜੇਬਾਂ ਵੀ ਖਾਲੀ ਕਰਵਾ ਲਈਆਂ। ਇਸ ਵਿਚ ਮੁੰਡੇ ਦੇ 500 ਡਾਲਰ, ਸੋਨੇ ਦਾ ਕੜਾ ਤੇ ਹਜ਼ਾਰਾਂ ਰੁਪੈ ਵੀ ਸਨ। ਫਿਰ ਉਨ੍ਹਾਂ ਦੀਆਂ ਅੱਖਾਂ ਬੰਨ੍ਹ ਕੇ ਬਿਠਾ ਦਿੱਤਾ ਗਿਆ ਅਤੇ ਐਸ.ਐਸ.ਪੀ. ਨੇ ਹੁਣ ਅਮਨਦੀਪ ਕੌਰ ਦੀ ਛੋਟੀ ਭੈਣ ਅਤੇ ਮਾਂ ਨੂੰ ਵੀ ਚੁਕ ਲਿਆਉਣ ਅਤੇ ਉਨ੍ਹਾਂ ਦੇ ਘਰ ਨੂੰ ਅੱਗ ਲਾ ਦੇਣ ਵਾਸਤੇ ਕਿਹਾ। ਪੁਲਸ ਅਮਨਦੀਪ ਦੀ ਮਾਂ ਨੂੰ ਲੈ ਆਈ ਅਤੇ ਉਨ੍ਹਾਂ ਦੇ ਘਰ ਦਾ ਸਾਰਾ ਕੀਮਤੀ ਸਾਮਾਨ ਵੀ ਚੁੱਕ ਲਿਆਈ। ਇਸ ਮਗਰੋਂ ਦੋਹਾਂ ਮਰਦਾਂ ਨੂੰ ਲਾਕ-ਅਪ ਵਿਚ ਬੰਦ ਕਰ ਦਿੱਤਾ ਗਿਆ। 27 ਅਕਤੂਬਰ ਨੂੰ ਉਨ੍ਹਾਂ ਨੂੰ ਸਰਦੂਲਗੜ੍ਹ ਥਾਣੇ ਲਿਜਾਇਆ ਗਿਆ। ਇਸ ਮਗਰੋਂ ਉਨ੍ਹਾਂ ਨੂੰ ਫੇਰ ਰਾਮਪੁਰਾ ਫੂਲ ਥਾਣੇ ਲਿਜਾਇਆ ਗਿਆ। ਉਨ੍ਹਾਂ ਨੂੰ 12 ਦਿਨ ਨਾਜਾਇਜ਼ ਹਿਰਾਸਤ ਵਿਚ ਰੱਖਿਆ ਗਿਆ। 30 ਅਕਤੂਬਰ ਨੂੰ ਮੋਟੀ ਰਕਮ ਲੈ ਕੇ ਅਮਨਦੀਪ ਕੌਰ ਦੇ ਪਤੀ ਨੂੰ ਰਿਹਾਅ ਕਰ ਕੇ ਕਨੇਡਾ ਭੱਜ ਜਾਣ ਵਾਸਤੇ ਕਿਹਾ ਅਤੇ ਹੁਕਮ ਦਿੱਤਾ ਕਿ ਅਮਨਦੀਪ ਕੌਰ ਨਾਲ ਆਪਣਾ ਵਿਆਹ ਖ਼ਤਮ ਸਮਝੇ। ਇਸ ਮਗਰੋਂ ਉਨ੍ਹਾਂ ਤਿੰਨਾਂ (ਅਮਨਦੀਪ ਤੇ ਉਸ ਦੇ ਮਾਂ ਬਾਪ) ਨੂੰ ਬੋਹਾ ਥਾਣੇ ਵਿਚ ਰੱਖਿਆ ਗਿਆ। ਇਸ ਦੌਰਾਨ ਅਮਨਦੀਪ ਕੌਰ ਦਾ ਵਾਰ-ਵਾਰ ਰੇਪ ਵੀ ਕੀਤਾ ਗਿਆ। ਅਖ਼ੀਰ 30 ਨਵੰਬਰ ਨੂੰ ਸਵਾ ਮਹੀਨੇ ਪਿੱਛੋਂ ਉਨ੍ਹਾਂ ’ਤੇ ਇਕ ਝੂਠਾ ਕੇਸ ਦਰਜ ਕਰ ਕੇ ਚਾਰਜ ਕਰ ਦਿੱਤਾ ਗਿਆ ਜਿਸ ਵਿਚ ਮਗਰੋਂ ਅਮਨਦੀਪ ਕੌਰ ਦੀ ਜ਼ਮਾਨਤ ਹੋ ਗਈ।21 ਜਨਵਰੀ 1992 ਦੀ ਸ਼ਾਮ ਨੂੰ ਸਾਢੇ ਸੱਤ ਵਜੇ ਕਾਹਲੋਂ ਦੇ ਭੇਜੇ ਪੁਲਸੀਆਂ ਨੇ ਉਨ੍ਹਾਂ ਦੇ ਘਰ ਜਾ ਕੇ ਅਮਨਦੀਪ ਕੌਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਉੱਧਰ ਅਮਨਦੀਪ ਕੌਰ ਦੇ ਪਿਤਾ ਜਸਵੰਤ ਸਿੰਘ, ਜਿਸ ’ਤੇ ਝੂਠਾ ਕੇਸ ਪਾ ਦਿੱਤਾ ਗਿਆ ਸੀ ਤੇ ਉਸ ਦੀ ਜ਼ਮਾਨਤ ਹੋ ਗਈ ਸੀ; ਉਸ ਨੂੰ ਰਿਹਾ ਕਰਨ ਤੋਂ ਪਹਿਲਾਂ ਉਸ ’ਤੇ ਇਕ ਹੋਰ ਝੂਠਾ ਕੇਸ ਪਾ ਦਿੱਤਾ ਗਿਆ। (ਉਹ ਇਸ ਕੇਸ ਵਿਚੋਂ ਸਾਢੇ 6 ਸਾਲ ਮਗਰੋਂ ਬਰੀ ਹੋਇਆ ਸੀ)। ਮਗਰੋਂ 25 ਜੂਨ 1992 ਦੇ ਦਿਨ ਹਰਪਿੰਦਰ ਸਿੰਘ ਗੋਲਡੀ ਨੂੰ ਵੀ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ ਗਿਆ। 31 ਅਗਸਤ 1995 ਦੇ ਦਿਨ ਪੰਜਾਬ ਦੇ ਦਹਿਸ਼ਤਗਰਦ ਚੀਫ਼ ਮਨਿਸਟਰ ਬੇਅੰਤ ਸਿੰਘ ਨੂੰ ਦਿਲਾਵਰ ਸਿੰਘ ਨੇ ਇਨਸਾਨੀ ਬੰਬ ਬਣ ਕੇ ਉਡਾ ਦਿੱਤਾ। ਇਸ ਕੇਸ ਵਿਚ ਬਲਵੰਤ ਸਿੰਘ ਰਾਜੋਆਣਾ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ (ਅਤੇ ਫ਼ਾਂਸੀ ਦੀ ਸਜ਼ਾ ਸੁਣਾਈ ਗਈ); ਉਸ ਨੇ ਆਪਣੇ ਬਿਆਨ ਵਿਚ ਇਹ ਵੀ ਜ਼ਾਹਿਰ ਕੀਤਾ ਕਿ ਉਸ ਦੇ ਐਕਸ਼ਨ ਦੇ ਪਿਛੋਕੜ ਵਿਚ ਗੋਲਡੀ ਅਤੇ ਉਸ ਦੇ ਪਰਿਵਾਰ ਨਾਲ ਕੀਤਾ ਜ਼ੁਲਮ ਵੀ ਸ਼ਾਮਿਲ ਸੀ।

ਗੁਰਦੇਵ ਸਿੰਘ ਕਾਓਂਕੇ ਦਾ ਜ਼ਾਲਮਾਨਾ ਕਤਲ

ਪਹਿਲੀ ਅਤੇ ਦੋ ਜਨਵਰੀ 1993 ਦੀ ਰਾਤ ਨੂੰ ਜਥੇਦਾਰ ਗੁਰਦੇਵ ਸਿੰਘ ਕਾਓਂਕੇ ਨੂੰ ਸ਼ਹੀਦ ਕਰ ਦਿੱਤਾ ਗਿਆ। ਉਸ ਦੀਆਂ ਦੋਹਾਂ ਲੱਤਾਂ ਨੂੰ ਸਵਰਨ ਘੋਟਨਾ, ਹਰਭਗਵਾਨ ਸੋਢੀ ਤੇ ਗੁਰਦੀਪ ਸਿੰਘ ਪੁਲਸੀਆਂ ਨੇ ਦੋ ਜੀਪਾਂ ਨਾਲ ਬੰਨ੍ਹ ਕੇ ਇਕ ਦੂਜੇ ਤੋਂ ਉਲਟ ਪਾਸੇ ਜੀਪਾਂ ਚਲਾ ਕੇ ਉਸ ਦਾ ਜਿਸਮ ਦੀ ਹਿੱਸਿਆਂ ਵਿਚ ਪਾੜ ਦਿੱਤਾ ਗਿਆ। ਮਗਰੋਂ ਪੰਜਾਬ ਹਾਈ ਕੋਰਟ ਦੇ ਹੁਕਮਾਂ ਹੇਠ ਇਨਕੁਆਇਰੀ ਵਾਸਤੇ ਤਿਵਾੜੀ ਕਮਿਸ਼ਨ ਕਾਇਮ ਕੀਤਾ ਗਿਆ।ਮੁਜਰਮਾਂ ਨੂੰ ਸਜ਼ਾਵਾਂ ਦੇਣ ਦਾ ਤਾਂ ਸਵਾਲ ਹੀ ਨਹੀਂ ਸੀ ਇਸ ਕਮਿਸ਼ਨ ਦੀ ਰਿਪੋਰਟ ਨੂੰ ਅਕਾਲੀ ਅਖਵਾਉਂਦੇ ਪ੍ਰਕਾਸ਼ ਸਿੰਘ ਬਾਦਲ ਨੇ ਰਲੀਜ਼ ਤਕ ਨਹੀਂ ਕੀਤਾ।

ਰੇਸ਼ਮ ਕੌਰ ਅਤੇ ਉਸ ਦੇ 8 ਮਹੀਨੇ ਦੇ ਬੱਚੇ ਦਾ ਜ਼ਾਲਮਾਨਾ ਕਤਲ

22 ਅਕਤੂਬਰ 1993 ਦੇ ਦਿਨ ਐਸ.ਐਸ.ਪੀ. ਰਾਜ ਕਿਸ਼ਨ ਬੇਦੀ (ਹੁਣ ਏ.ਜੀ.ਪੀ) ਦੇ ਹੁਕਮ ਹੇਠ ਪੁਲਸ ਨੇ ਚੰਡੀਗੜ੍ਹ ਵਿਚ 15 ਸੈਕਟਰ ਵਿਚ ਜਗਜੀਤ ਸਿੰਘ ਦੇ ਘਰ 'ਤੇ ਧਾਵਾ ਬੋਲਿਆ; ਕਿਉਂਕਿ ਉਹ ਘਰ ਨਹੀਂ ਸੀ ਇਸ ਕਰ ਕੇ ਪੁਲਸ ਉਸ ਦੀ ਪਤਨੀ ਰੇਸ਼ਮ ਕੌਰ ਤੇ 8 ਮਹੀਨੇ ਦਾ ਬੱਚਾ ਸਿਮਰਜੀਤ ਸਿੰਘ ਚੁੱਕ ਲਿਆਈ। ਥਾਣੇ ਵਿਚ ਪੁਲਸ ਨੇ ਰੇਸ਼ਮ ਕੌਰ ਤੋਂ ਉਸ ਦਾ ਮਾਸੂਮ ਬੱਚਾ ਖੋਹ ਕੇ, ਉਸ ਦੇ ਸਾਹਮਣੇ ਬੱਚੇ ਨੂੰ ਨੰਗਾ ਕਰ ਕੇ, ਬਰਫ਼ ਦੀ ਸਿੱਲ਼ 'ਤੇ ਪਾ ਦਿੱਤਾ ਤੇ ਰੇਸ਼ਮ ਕੌਰ ਨੂੰ ਆਪਣੇ ਪਤੀ ਦਾ ਥਹੁ ਪਤਾ ਦੱਸਣ ਵਾਸਤੇ ਕਿਹਾ ਪਰ ਕਿਉਂਕਿ ਬੀਬੀ ਨੂੰ ਕੁਝ ਵੀ ਪਤਾ ਨਹੀਂ ਸੀ ਉਹ ਕੁਝ ਨਾ ਦੱਸ ਸਕੀ। ਉੱਧਰ ਜ਼ਾਲਮ ਪੁਲਸੀਆਂ ਨੇ ਬੱਚੇ ਨੂੰ ਬਰਫ਼ ਦੀ ਸਿੱਲ਼ ਤੇ ਪਾਈ ਰੱਖਿਆ; ਅਖ਼ੀਰ ਬੱਚਾ ਮਰ ਗਿਆ ਤੇ ਉਸ ਦੀ ਲਾਸ਼ ਬਰਫ਼ ਨਾਲ ਹੀ ਚੰਬੜ ਗਈ ਜਿਸ ਨੂੰ ਬਰਫ਼ ਕੱਟ ਕੇ ਟੁਕੜੇ ਕਰ-ਕਰ ਕੇ ਲਾਹਿਆ ਗਿਆ। ਇਸ ਮਗਰੋਂ ਬੀਬੀ ਰੇਸ਼ਮ ਕੌਰ ਨੂੰ ਵੀ ਤਸੀਹੇ ਦੇ ਕੇ ਮਾਰ ਦਿੱਤਾ ਗਿਆ।

ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚ ਕੁਝ ਅਸਲ ਮੁਕਾਬਲੇ

ਭੁੱਲਰ ਪਿੰਡ ਕੋਲ ਛੇ ਘੰਟੇ ਚੱਲਿਆ ਅਸਲ ਤੇ ਅਸਾਵਾਂ ਮੁਕਾਬਲਾ

ਪਹਿਲੀ ਨਵੰਬਰ 1990 ਦੇ ਦਿਨ ਪੁਲਸ ਨੂੰ ਮੁਖ਼ਬਰੀ ਹੋਈ ਕਿ ਭਿੰਡਰਾਂਵਾਲਾ ਟਾਈਗਰ ਫ਼ੋਰਸ ਦਾ ਮੁਖੀ ਸੁਖਵਿੰਦਰ ਸਿੰਘ ਸੰਘਾ ਤੇ ਉਸ ਦੇ ਸਾਥੀ ਭੁੱਲਰ ਪਿੰਡ ਦੇ ਨੇੜੇ ਕਿਸੇ ਛੁਪਣਗਾਹ ਵਿਚ ਮੌਜੂਦ ਹਨ। ਇਸ ’ਤੇ ਹਰਜੀਤ ਸਿੰਘ ਐਸ.ਪੀ. ਨੇ ਪੁਲਸ ਦੀ ਇਕ ਵੱਡੀ ਧਾੜ ਲੈ ਕੇ ਇਲਾਕਾ ਘੇਰ ਲਿਆ। ਇਸ ਦੇ ਨਾਲ ਹੀ ਉਸ ਨੇ ਸੀ.ਆਰ.ਪੀ. ਐਫ਼. ਨੂੰ ਵੀ ਬੁਲਾ ਲਿਆ। ਕੁਝ ਹੀ ਚਿਰ ਵਿਚ ਹਜ਼ਾਰ ਤੋਂ ਵੱਧ ਫ਼ੋਰਸਿਜ਼ ਨੇ ਖਾੜਕੂਆਂ ਨੂੰ ਘੇਰਾ ਪਾ ਲਿਆ। ਸਾਰੇ ਪਾਸੇ ਪੁਲਸ ਤੇ ਫ਼ੌਜ ਦਾ ਘੇਰਾ ਵੇਖ ਕੇ ਖਾੜਕੂਆਂ ਨੇ ਜੰਗ ਕਰ ਕੇ ਸ਼ਹੀਦ ਹੋ ਜਾਣ ਦਾ ਅਰਦਾਸਾ ਸੋਧਿਆ ਤੇ ਜੂਝਣ ਲਗ ਪਏ। ਤਕਰੀਬਨ 5-6 ਘੰਟੇ ਚਾਰ ਖਾੜਕੂ ਹਜ਼ਾਰਾਂ ਫ਼ੌਜਾਂ ਨਾਲ ਟੱਕਰ ਲੈਂਦੇ ਰਹੇ। ਅਖ਼ੀਰ ਜਦ ਸਾਰਾ ਅਸਲਾ ਮੁੱਕ ਗਿਆ ਤਾਂ ਉਹ ਸ਼ਹੀਦ ਹੋ ਗਏ। ਇਸ ਅਸਾਂਵੀ ਜੰਗ ਵਿਚ ਚਾਰ ਖਾੜਕੂ ਸ਼ਹੀਦ ਹੋਏ ਸਨ: ਸੁਖਵਿੰਦਰ ਸਿੰਘ ਸੰਘਾ (ਪੁੱਤਰ ਗੁਲਜ਼ਾਰ ਸਿੰਘ, ਵਾਸੀ ਸਾਂਙਣਾ), ਬਲਜੀਤ ਸਿੰਘ ਬੱਲੀ (ਪੁੱਤਰ ਮੱਖਣ ਸਿੰਘ, ਵਾਸੀ ਕਲ੍ਹਾ), ਬਿਕਰਮਜੀਤ ਸਿੰਘ (ਪੱਤਰ ਗੋਪਾਲ ਸਿੰਘ, ਵਾਸੀ ਨਰੂਲਾ) ਤੇ ਮਨਜੀਤ ਸਿੰਘ (ਪੁੱਤਰ ਗਿਆਨ ਸਿੰਘ, ਵਾਸੀ ਚਾਟੀਵਿੰਡ)। ਖਾੜਕੂਆਂ ਦੀਆਂ ਗੋਲੀਆਂ ਨਾਲ ਬਹੁਤ ਸਾਰੇ ਫ਼ੌਜੀ ਤੇ ਪੁਲਸੀਏ ਵੀ ਮਾਰੇ ਗਏ। ਮਗਰੋਂ ਪੁਲਸ ਨੂੰ ਲਿਆਉਣ ਵਾਲੇ ਹਰਜੀਤ ਸਿੰਘ ਨੂੰ ਵੀ ਖਾੜਕੂ ਜਰਨੈਲ ਮੇਜਰ ਸਿੰਘ ਨੇ 24 ਨਵੰਬਰ ਦੇ ਦਿਨ, ਸਿਰਫ਼ 22 ਦਿਨ ਦੇ ਅੰਦਰ-ਅੰਦਰ, ਮਾਰ ਦਿੱਤਾ।

ਕਰਨਾਮਾ ਪਿੰਡ ਵਿਚ ਖਾੜਕੂਆਂ ਤੇ ਸਰਕਾਰੀ ਫ਼ੋਰਸਾਂ ਵਿਚ ਅਸਲ ਮੁਕਾਬਲਾ

26-27 ਜਨਵਰੀ 1991 ਦੀ ਰਾਤ ਨੂੰ ਪਿੰਡ ਕਰਨਾਮਾ ਵਿਚ ਸੁਖਵਿੰਦਰ ਸਿੰਘ ਗੋਰਾ, ਦਲਜੀਤ ਸਿੰਘ ਤੇ ਪ੍ਰੇਮ ਸਿੰਘ ਨੂੰ ਪੁਲੀਸ ਨੇ ਮੁਖ਼ਬਰਾਂ ਤੋਂ ਮਿਲੀ ਜਾਣਕਾਰੀ ਮਗਰੋਂ ਘੇਰ ਲਿਆ। ਪਹਿਲਾਂ ਤਾਂ ਪੁਲੀਸ ਦੀ ਗਿਣਤੀ ਸਿਰਫ਼ 50 ਸੀ ਪਰ ਮਗਰੋਂ ਹੋਰ ਸੈਂਕੜੇ ਸਿਪਾਹੀ ਪੁੱਜ ਗਏ। ਲੰਮੇ ਮੁਕਾਬਲੇ ਮਗਰੋਂ ਇਨ੍ਹਾਂ ਤਿੰਨਾਂ ਨੇ ਜਾਨ ਦੇ ਦਿੱਤੀ। ਇਸ ਮੁਕਾਬਲੇ ਵਿਚ ਐਸ.ਪੀ. ਤੇਜਾ ਤੇ ਕਈ ਹੋਰ ਸਿਪਾਹੀ ਮਾਰੇ ਗਏ।

ਰਟੌਲ ਵਿਚ ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚ ਅਸਲ ਮੁਕਾਬਲਾ (48 ਘੰਟੇ ਚੱਲੇ ਮੁਕਾਬਲੇ ਵਿਚ ਇਕ ਡੀ.ਆਈ. ਜੀ. ਸਣੇ ਦਰਜਨਾਂ ਪੁਲਸੀਏ ਤੇ 8 ਸਿੱਖ ਮਰੇ

7 ਮਈ 1991 ਦੇ ਦਿਨ ਖਾੜਕੂਆਂ ਅਤੇ ਪੁਲੀਸ ਵਿਚ ਅਸਲ ਮੁਕਾਬਲਾ ਹੋਇਆ। ਇਸ

ਜੰਗ ਵਿਚ ਪੁਲਸ, ਬੀ.ਐਸ.ਐਫ਼ ਤੇ ਸੀ.ਆਰ.ਪੀ.ਐਫ਼. ਦੇ 1000 ਤੋਂ ਵਧ ਸਿਪਾਹੀਆਂ ਤੇ ਫ਼ੌਜੀਆਂ ਨੇ ਬਟਾਲਾ ਕੋਲ ਪਿੰਡ ਰਟੌਲ ਤੇ ਮੁਗ਼ਲ ਚੱਕ ਵਿਚਕਾਰ ਸੱਤ ਅੱਠ ਸਿੱਖਾਂ ਨੂੰ ਘੇਰ ਲਿਆ। ਇਨ੍ਹਾਂ ਵਿਚ ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਵੀ ਸੀ। 48 ਘੰਟੇ ਚੱਲੇ ਇਸ ਅਸਲ ਮੁਕਾਬਲੇ ਵਿਚ ਡੀ.ਆਈ. ਜੀ. ਅਜੀਤ ਸਿੰਘ ਤੇ ਦਰਜਨਾਂ ਪੁਲਸੀਏ ਮਾਰੇ ਗਏ। ਖਾੜਕੂਆਂ ਵਿਚੋਂ ਦਵਿੰਦਰ ਸਿੰਘ, ਹਰਜਿੰਦਰ ਸਿੰਘ ਭਲਵਾਨ, ਲਖਵਿੰਦਰ ਸਿੰਘ ਲੱਖਾ, ਜਗਤਾਰ ਸਿੰਘ ਭੋਰਸ਼ੀ, ਲਖਵਿੰਦਰ ਸਿੰਘ ਮੁਗ਼ਲ ਚੱਕ, ਕਾਲਾ ਸਿੰਘ ਵਲੀਪੁਰ, ਸ਼ਿੰਦਰ ਸਿੰਘ ਜੰਮੂ ਤੇ ਚਾਚਾ ਫ਼ੌਜੀ ਸ਼ਹੀਦ ਹੋ ਗਏ। ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਇਸ ਮੁਕਾਬਲੇ ਵਿਚੋਂ ਮਹਿਫ਼ੂਜ਼ ਬਚ ਕੇ ਨਿਕਲ ਗਿਆ।

ਆਤਮਾ ਸਿੰਘ ਬਾਵਾ 14 ਘੰਟੇ ਦੇ ਅਸਲ ਪੁਲਸ ਮੁਕਾਬਲੇ ਵਿਚ ਸ਼ਹੀਦ

22 ਜੂਨ 1991 ਦੇ ਦਿਨ ਆਤਮਾ ਸਿੰਘ 'ਬਾਵਾ' ਨੇ ਸ਼ਹੀਦੀ ਹਾਸਿਲ ਕੀਤੀ। ਆਤਮਾ ਸਿੰਘ (ਪੁੱਤਰ ਲਾਭ ਸਿੰਘ, ਵਾਸੀ ਪਿੰਡ ਮੋਮਿਆਂ, ਡੇਰਾ ਜੱਟ ਪਾਤੜਾਂ), ਖਾਲਿਸਤਾਨ ਕਮਾਂਡੋ ਫ਼ੋਰਸ ਦਾ ਇਕ ਅਹਿਮ ਜਰਨੈਲ ਸੀ। ਇਕ ਦਿਨ ਉਹ, ਜਰਨੈਲ ਸਿੰਘ ਸ਼ਤਰਾਣਾ, ਤਿਰਲੋਕ ਸਿੰਘ ਤੇ ਕੁਲਵੰਤ ਸਿੰਘ, ਹਰਿਆਣਾ ਵਿਚ ਪੰਜਾਬ ਦੀ ਸਰਹੱਦ ਨਾਲ ਲੱਗਦੇ ਇਕ ਪਿੰਡ ਵਿਚ ਆਪਣੇ ਚਚੇਰੇ ਭਰਾ ਬਲਜੀਤ ਸਿੰਘ ਦੇ ਖੇਤਾਂ ਵਿਚ ਆਰਾਮ ਕਰ ਰਹੇ ਸਨ ਤਾਂ ਪੁਲਸ ਨੇ ਇਤਲਾਹ ਮਿਲਣ 'ਤੇ ਚੌਧਰੀ ਰਾਮ ਸਿੰਘ ਦੀ ਅਗਵਾਈ ਵਿਚ ਘੇਰਾ ਪਾ ਲਿਆ, ਜਿਸ ਨਾਲ ਆਹਮੋ ਸਾਹਮਣੇ ਟੱਕਰ ਸ਼ੁਰੂ ਹੋ ਗਈ। ਆਤਮਾ ਸਿੰਘ ਤੇ ਬਲਜੀਤ ਸਿੰਘ ਨੇ ਬਾਕੀਆਂ ਨੂੰ ਉਥੋਂ ਨਿਕਲ ਜਾਣ ਵਾਸਤੇ ਕਹਿ ਕੇ ਮੋਰਚਾ ਸੰਭਾਲ ਲਿਆ। ਇਸ ਮੁਕਾਬਲੇ ਵਿਚ ਇਕ ਦਰਜਨ ਦੇ ਕਰੀਬ ਪੁਲਸ ਵਾਲੇ ਮਾਰੇ ਗਏ। ਬੰਦੇ ਮਰਨ ਕਾਰਨ ਗੁੱਸੇ ਵਿਚ ਆ ਕੇ ਪੁਲਸ ਨੇ ਬਲਜੀਤ ਸਿੰਘ ਦਾ ਘਰ ਬੁਲਡੋਜ਼ਰ ਨਾਲ ਢਾਹ ਦਿੱਤਾ। ਇਸ ਮਗਰੋਂ ਆਤਮਾ ਸਿੰਘ ਨੇ ਹੋਰ ਵੀ ਕਈ ਮੁਹਿੰਮਾਂ ਵਿਚ ਜ਼ਬਰਦਸਤ ਐਕਸ਼ਨ ਕੀਤੇ। ਪਰ 21 ਜੂਨ 1991 ਦੇ ਦਿਨ ਜਦ ਆਪ ਪਿੰਡ ਝੱਖੜ ਵਿਚ ਮੌਜੂਦ ਸਨ ਤਾਂ ਇਤਲਾਹ ਮਿਲਣ 'ਤੇ ਪੁਲਸ ਨੇ ਪਿੰਡ ਨੂੰ ਘੇਰ ਲਿਆ। ਸ਼ਾਮ 5 ਵਜੇ ਦੋਹਾਂ ਪਾਸਿਓਂ ਗੋਲੀ ਚੱਲਣੀ ਸ਼ੁਰੂ ਹੋ ਗਈ। ਰਾਤ ਪੈਣ 'ਤੇ ਦੋਵੇਂ ਸਿੰਘ ਖੇਤਾਂ ਵਲ ਨਿਕਲ ਗਏ ਤੇ ਦੇਰ ਰਾਤ ਤਕ ਗੋਲੀ ਚੱਲਦੀ ਰਹੀ। ਰਾਤ ਵੇਲੇ ਬਲਜੀਤ ਸਿੰਘ ਸ਼ਹੀਦ ਹੋ ਗਿਆ। ਇਹ ਲੜਾਈ ਅਗਲੇ ਦਿਨ ਵੀ ਜਾਰੀ ਰਹੀ। ਅਖ਼ੀਰ 14 ਘੰਟੇ ਦੇ ਮੁਕਾਬਲੇ ਮਗਰੋਂ ਆਤਮਾ ਸਿੰਘ ਵੀ ਸ਼ਹੀਦ ਹੋ ਗਿਆ।

ਬੋਲੋਵਾਲੀ ਪਿੰਡ ਵਿਚ ਖਾਲਿਸਤਾਨ ਦੀ ਤਵਾਰੀਖ਼ ਦਾ ਸਭ ਤੋਂ ਲੰਬਾ ਅਸਲ ਮੁਕਾਬਲਾ; 12000 ਸਿਪਾਹੀਆਂ ਨਾਲ 4 ਖਾੜਕੂਆਂ ਨੇ 48 ਘੰਟੇ ਜੰਗ ਕੀਤੀ

11 ਸਤੰਬਰ 1991 ਦੇ ਦਿਨ ਪੁਲਸ ਨੂੰ ਮੁਖ਼ਬਰੀ ਮਿਲੀ ਕਿ ਬੋਲੋਵਾਲੀ ਪਿੰਡ ਵਿਚ ਦਸਮੇਸ਼ ਰੈਜੀਮੈਂਟ ਦੇ ਮੁਖੀ ਸੀਤਲ ਸਿੰਘ ਮੱਤੇਵਾਲ ਅਤੇ ਉਸ ਦੇ ਕੁਝ ਸਾਥੀ ਮੌਜੂਦ ਸਨ। ਹਜ਼ਾਰਾਂ ਦੀ ਗਿਣਤੀ ਵਿਚ (ਖਾੜਕੂਆਂ ਮੁਤਾਬਿਕ 12000) ਪੁਲਸ, ਸੀ.ਆਰ.ਪੀ. ਤੇ ਦੂਜੀਆਂ ਫ਼ੋਰਸਿਜ਼ ਦੇ ਫ਼ੌਜੀਆਂ ਨੇ ਹਰ ਤਰ੍ਹਾਂ ਦਾ ਅਸਲਾ ਲੈ ਕੇ ਪਿੰਡ ਨੂੰ ਸਾਰੇ ਪਾਸਿਆਂ ਤੋਂ ਘੇਰਾ ਪਾ ਲਿਆ ਤੇ ਖਾੜਕੂਆਂ ਨੂੰ ਹਥਿਆਰ ਸੁੱਟਣ ਵਾਸਤੇ ਕਿਹਾ ਪਰ ਜਦ ਉਨ੍ਹਾਂ ਨੇ ਨਾਂਹ ਕਰ ਦਿੱਤੀ ਤਾਂ ਪੁਲਸ ਨੇ ਉਨ੍ਹਾਂ 'ਤੇ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ। ਖਾੜਕੂਆਂ ਨੇ ਵੀ ਇਸ ਦਾ ਬਰਾਬਰ ਦਾ ਜਵਾਬ ਦਿੱਤਾ। ਇਹ ਜੰਗ 48 ਘੰਟੇ ਤੋਂ ਵਧ ਚੱਲੀ। ਇਸ ਦੌਰਾਨ ਪੁਲਿਸ ਤੇ ਦੂਜੀਆਂ ਫ਼ੋਰਸਿਜ਼

ਨੇ ਖਾੜਕੂਆਂ 'ਤੇ ਮੋਰਟਰ ਗੋਲੇ ਤੇ ਬੰਬ ਵੀ ਢਾਗੇ ਗਏ ਅਤੇ ਪੁਲਸ ਵਾਲੇ ਬੁਲਟ-ਪਰੂਫ਼ ਟਰੈਕਟਰਾਂ ਰਾਹੀਂ ਅੱਗੇ ਵਧਣ ਦੀ ਕੋਸ਼ਿਸ਼ ਵੀ ਕਰਦੇ ਰਹੇ। ਇਸ ਲੜਾਈ ਵਿਚ ਬਹੁਤ ਸਾਰੇ ਸਿਪਾਹੀ ਤੇ ਦੂਜੀਆਂ ਫ਼ੋਰਸਿਜ਼ ਦੇ ਜਵਾਨ ਮਾਰੇ ਗਏ। ਦੂਜੇ ਪਾਸੇ ਜਦ ਖਾੜਕੂਆਂ ਦਾ ਅਸਲਾ ਮੁੱਕ ਗਿਆ ਤਾਂ ਉਹ, ਜੋ ਸਿਰਫ਼ 5 ਸਨ, ਵੀ ਸ਼ਹੀਦ ਹੋ ਗਏ। ਇਹ ਜਰਨੈਲ ਸਨ: ਸੀਤਲ ਸਿੰਘ ਮੱਤੇਵਾਲ, ਤਰਸੇਮ ਸਿੰਘ, ਗੁਰਦਿਆਲ ਸਿੰਘ, ਗੁਰਮੁਖ ਸਿੰਘ ਤੇ ਗੁਰਨਾਮ ਸਿੰਘ। ਇਹ ਸ਼ਹੀਦੀਆਂ 12 ਸਤੰਬਰ ਨੂੰ ਹੋਈਆਂ ਸਨ।

ਖਾੜਕੂਆਂ ਵੱਲੋਂ ਪੰਜਾਬ ਦੇ ਸਾਬਕਾ ਪੁਲਸ ਮੁਖੀ ਰਬੇਰੋ 'ਤੇ ਰੋਮਾਨੀਆ 'ਚ ਹਮਲਾ

1986 ਤੋਂ 1988 ਦੇ ਦੌਰਾਨ ਪੰਜਾਬ ਵਿਚ ਸੈਂਕੜੇ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰਨ ਵਾਲੇ ਪੰਜਾਬ ਪੁਲਸ ਦੇ ਸਾਬਕਾ ਮੁਖੀ ਜੂਲੀਆ ਰਬੈਰੋ ਨੂੰ ਰੋਮਾਨੀਆ ਮੁਲਕ ਵਿਚ ਖਾੜਕੂਆਂ ਨੇ 20 ਅਗਸਤ 1991 ਦੇ ਦਿਨ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਬਚ ਗਿਆ। ਇਸ ਐਕਸ਼ਨ ਵਿਚ ਜੁਗਰਾਜ ਸਿੰਘ ਸਮਾਲਸਰ ਸ਼ਹੀਦ ਹੋ ਗਿਆ ਸੀ ਅਤੇ ਜਸਵਿੰਦਰ ਸਿੰਘ (ਵਾਸੀ ਰਕਬਾ, ਲੁਧਿਆਣਾ) ਤੇ ਪਰਗਟ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਉਨ੍ਹਾਂ ਨੂੰ ਦਸ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਸੀ।

ਜਸਵਿੰਦਰ ਸਿੰਘ (ਵਾਸੀ ਰਕਬਾ, ਲੁਧਿਆਣਾ) ਅਤੇ ਪਰਗਟ ਸਿੰਘ ਨੂੰ ਰਿਹਾ ਕਰਵਾਉਣ ਵਾਸਤੇ ਖਾੜਕੂਆਂ ਨੇ 9 ਅਕਤੂਬਰ 1991 ਦੇ ਦਿਨ, ਰੋਮਨੀਆ ਦੇ ਰਾਜਦੂਤ ਰਾਡੂ ਨੂੰ ਅਗਵਾ ਕਰ ਲਿਆ। ਇਸ ਵਿਚ ਮੁੱਖ ਰੋਲ ਮਨਜਿੰਦਰ ਸਿੰਘ (ਈ.ਸੀ.), ਦਵਿੰਦਰਪਾਲ ਸਿੰਘ ਮੋਹਾਲੀ, ਡਾ: ਹਰੀ ਸਿੰਘ, ਦਵਿੰਦਰ ਸਿੰਘ (ਪੁੱਤਰ ਬਲਬੀਰ ਸਿੰਘ), ਪੰਜਾਬ ਸਿੰਘ ਸਿਵੀਆਂ ਤੇ ਅਵਤਾਰ ਸਿੰਘ ਤੂਰ ਬਣਜਾਰਾ ਦਾ ਸੀ। ਇਸ ਸਾਕੇ ਵਿਚ ਦਿੱਲੀ ਪੁਲਸ ਨੇ ਦਵਿੰਦਰ ਸਿੰਘ (ਪੁੱਤਰ ਬਲਬੀਰ ਸਿੰਘ) ਨੂੰ ਕਨਾਟ ਪਲੇਸ ਦਿੱਲੀ ਵਿਚ ਰਾਡੂ ਵਾਸਤੇ ਦਵਾਈ ਪੁੱਛਦੇ ਨੂੰ ਫ਼ੋਨ ਬਾਕਸ 'ਤੇ ਹੀ ਮਾਰ ਦਿੱਤਾ ਸੀ।ਮਗਰੋਂ ਰਾਡੂ ਨੂੰ ਬਿਨਾ ਕਿਸੇ ਕਾਮਯਾਬੀ ਦੇ 26 ਨਵੰਬਰ ਨੂੰ ਰਿਹਾ ਕਰ ਦਿੱਤਾ ਗਿਆ ਸੀ।

ਪੰਜਾਬ ਵਿਚ ਬੇਅੰਤ ਸਰਕਾਰ

ਪੰਜਾਬ ਅਸੈਂਬਲੀ ਦੀਆਂ ਚੋਣਾਂ ਰੱਦ ਕਰਨਾ

1990 ਦੇ ਅਖ਼ੀਰ ਵਿਚ ਦਿੱਲੀ ਵਿਚ ਗ਼ੈਰ-ਕਾਂਗਰਸੀ ਸਰਕਾਰ ਵਿਚ ਫੁੱਟ ਪੈ ਗਈ। ਕਾਂਗਰਸ ਦੀ ਮਦਦ ਨਾਲ ਘੱਟ-ਗਿਣਤੀ ਚੰਦਰ ਸ਼ੇਖਰ ਪ੍ਰਾਈਮ ਮਨਿਸਟਰ ਬਣ ਗਿਆ। ਇਸ ਵੇਲੇ ਅਤਿੰਦਰਪਾਲ ਸਿੰਘ ਨੇ ਉਸ ਦੀ ਸਰਕਾਰ ਵਿਚ ਵਜ਼ੀਰ ਬਣਨ ਵਾਸਤੇ ਬਹੁਤ ਹੱਥ-ਪੈਰ ਮਾਰੇ ਪਰ ਕਾਮਯਾਬ ਨਾ ਹੋ ਸਕਿਆ। ਮਾਨ ਨੇ ਉਸ ਦੀ ਹਿਮਾਇਤ ਕਰਨ ਤੋਂ ਨਾਂਹ ਕਰ ਦਿੱਤੀ। ਇਸ ਕਰ ਕੇ ਉਹ ਸਦਾ ਵਾਸਤੇ ਮਾਨ ਦਾ ਪੱਕਾ ਮੁਖ਼ਾਲਿਫ਼ ਬਣ ਗਿਆ। ਚੰਦਰ ਸ਼ੇਖਰ ਦੀ ਸਰਕਾਰ (ਜੋ ਰਾਜੀਵ ਗਾਂਧੀ ਦੇ ਰਹਿਮ ’ਤੇ ਚਲ ਰਹੀ ਸੀ) ਨੇ ਜੂਨ 1991 ਵਿਚ ਭਾਰਤੀ ਲੋਕ ਸਭਾ ਅਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਇਕੱਠੀਆਂ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸ ਵੇਲੇ ਚੋਣ ਕਮਿਸ਼ਨਰ ਟੀ.ਐਨ. ਸੇਸ਼ਨ ਸੀ। ਆਮ ਤੌਰ ’ਤੇ ਉਸ ਨੂੰ ਇਕ ਨਿਡਰ, ਬੇਲਾਗ ਅਤੇ ਬਾਅਸੂਲ ਅਫ਼ਸਰ ਵਜੋਂ ਪੇਸ਼ ਕੀਤਾ ਜਾਂਦਾ ਰਿਹਾ ਹੈ (ਪਰ ਅਸਲ ਵਿਚ ਉਹ ਅਜਿਹਾ ਨਹੀਂ ਸੀ)। ਲੋਕ ਸਭਾ ਦੀਆਂ ਚੋਣਾਂ ਪੰਜਾਬ ਅਸੈਂਬਲੀ ਦੀਆਂ ਵੋਟਾਂ ਪੈਣ ਤੋਂ ਪਹਿਲਾਂ ਮੁੱਕ ਜਾਣੀਆਂ ਸਨ। ਸੇਸ਼ਨ ਪੰਜਾਬ ਵਿਚ ਚੋਣਾਂ ਕਰਵਾਉਣ ਵਾਸਤੇ ਬਜ਼ਿਦ ਜਾਪਦਾ ਸੀ। ਹਾਲਾਂਕਿ ਉਸ ਵੇਲੇ ਪੰਜਾਬ ਵਿਚ ਖਾੜਕੂ ਦਬਕਾ, ਗੋਲੀ ਦੀ ਸਿਆਸਤ, ਸਿਆਸੀ ਤੇ ਨਿੱਜੀ ਕਤਲਾਂ ਦੀ ਭਰਮਾਰ ਚਲ ਰਹੀ ਸੀ ਪਰ ਚੰਦਰ ਸ਼ੇਖਰ (ਕਾਇਮ-ਮੁਕਾਮ ਪ੍ਰਾਈਮ ਮਨਿਸਟਰ) ਤੇ ਸੇਸ਼ਨ, ਦੋਵੇਂ, ਪੰਜਾਬ ’ਚ ਹਰ ਹਾਲਤ ਵਿਚ ਚੋਣਾਂ ਕਰਵਾਉਣਾ ਚਾਹੁੰਦੇ ਸਨ। **ਹਾਲਾਤ ਇਹ ਸਨ ਕਿ ਪੰਜਾਬ ਵਿਚ, 1989 ਵਾਂਗ, ਕਾਂਗਰਸ ਦਾ ਸਫ਼ਾਇਆ ਹੋ ਜਾਣਾ ਸੀ। ਅਕਾਲੀਆਂ ਤੇ ਖਾੜਕੂਆਂ ਨੇ 75 ਫ਼ੀ ਸਦੀ ਦੇ ਕਰੀਬ ਸੀਟਾਂ ਜਿੱਤ ਜਾਣੀਆਂ ਸੀ। ਇਸ ਹਾਲਤ ਨੂੰ ਸਾਹਵੇਂ ਰੱਖ ਕੇ ਕਾਂਗਰਸ ਨੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੋਇਆ ਸੀ।**

ਕਤਲੋ-ਗਾਰਤ ਦਾ ਮਾਹੌਲ ਏਨਾ ਖ਼ੌਫ਼ਨਾਕ ਸੀ ਕਿ ਬਹੁਤ ਸਾਰੇ ਉਮੀਦਵਾਰ ਚੋਣਾਂ ਲੜਨ ਤੋਂ ਭੱਜਣੇ ਸ਼ੁਰੂ ਹੋ ਗਏ ਸਨ। ਖ਼ੁਫ਼ੀਆ ਏਜੰਸੀਆਂ ਅਤੇ ਸਰਕਾਰੀ ਬਲੈਕ ਕੈਟਜ਼ ਵੱਲੋਂ ਦਰਜਨਾਂ ਉਮੀਦਵਾਰ ਮਾਰੇ ਜਾ ਚੁਕੇ ਸਨ ਪਰ ਬਾਦਲ-ਟੌਹੜਾ ਅਕਾਲੀ ਫੇਰ ਵੀ ਚੋਣਾਂ ਲੜਨ ਵਾਸਤੇ ਡਟੇ ਹੋਏ ਸਨ। ਸੈਂਟਰ ਸਰਕਾਰ, ਚੋਣ ਕਮਿਸ਼ਨਰ ਤੇ ਪੰਜਾਬ ਗਵਰਨਰ ਵੀ ਚੋਣਾਂ ਕਰਵਾਉਣ ਵਾਸਤੇ ਬਜ਼ਿਦ ਸਨ।

ਇਸ ਮਾਹੌਲ ਵਿਚ 10 ਜੂਨ 1991 ਦੇ ਦਿਨ ਪੰਜਾਬ ਦੇ ਗਵਰਨਰ ਓ.ਪੀ. ਮਲਹੋਤਰਾ ਨੇ ਇਕ ਬਿਆਨ ਵਿਚ ਕਿਹਾ ਕਿ ਪੰਜਾਬ ’ਚ 22 ਜੂਨ ਨੂੰ ਚੋਣਾਂ ਹਰ ਹਾਲਤ ਵਿਚ ਕਰਵਾਈਆਂ ਜਾਣਗੀਆਂ। ਇਸੇ ਦਿਨ ਚੰਦਰ ਸ਼ੇਖਰ ਸਰਕਾਰ ਨੇ ਸੇਸ਼ਨ ਨੂੰ ਹਦਾਇਤ ਜਾਰੀ ਕੀਤੀ ਕਿ ਪੰਜਾਬ

ਚੋਣਾਂ ਕਿਸੇ ਹਾਲਤ ਵਿਚ ਵੀ ਮੁਲਤਵੀ ਨਾ ਕੀਤੀਆਂ ਜਾਣ। ਪੰਜਾਬ ਚੋਣਾਂ ਨੂੰ ਯਕੀਨੀ ਬਣਾਉਣ ਵਾਸਤੇ ਸੈਂਟਰ ਸਰਕਾਰ ਨੇ 14 ਜੂਨ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਫ਼ੌਜ ਭੇਜ ਦਿੱਤੀ ਤੇ ਸੂਬੇ ਨੂੰ ਗੜਬੜ ਵਾਲਾ ਸੂਬਾ ਕਰਾਰ ਦੇ ਦਿੱਤਾ।

ਪੰਜਾਬ 'ਚ ਚੋਣਾਂ 22 ਜੂਨ 1991 ਦੇ ਦਿਨ ਸਵੇਰੇ 8 ਵਜੇ ਪੈਣੀਆਂ ਸ਼ੁਰੂ ਹੋਣੀਆਂ ਸਨ। ਪਰ 21 ਜੂਨ ਨੂੰ ਨਰਸਿੰਮ੍ਹਾ ਰਾਓ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ। 'ਇਮਾਨਦਾਰੀ ਦਾ ਦਾਅਵਾ ਕਰਨ ਵਾਲੇ' ਟੀ.ਐਨ. ਸੇਸ਼ਨ, ਚੋਣ ਕਮਿਸ਼ਨਰ, ਨੇ ਨਵੇਂ ਕਾਂਗਰਸ ਪ੍ਰਧਾਨ ਮੰਤਰੀ ਨੂੰ ਖ਼ੁਸ਼ ਕਰਨ ਵਾਸਤੇ 21-22 ਜੂਨ ਦੀ ਅੱਧੀ ਰਾਤ ਤੋਂ ਬਾਅਦ, ਤੜਕੇ ਤਿੰਨ ਵਜੇ, ਪੋਲਿੰਗ ਸ਼ੁਰੂ ਹੋਣ ਤੋਂ ਸਿਰਫ਼ ਪੰਜ ਘੰਟੇ ਪਹਿਲਾਂ, ਪੰਜਾਬ ਦੀਆਂ ਚੋਣਾਂ ਮੁਲਤਵੀ ਕਰ ਦਿੱਤੀਆਂ।

ਟੀ.ਐਨ. ਸੇਸ਼ਨ ਦੀ ਹਰਕਤ ਦੇ ਖ਼ਿਲਾਫ਼ ਸਾਰੇ ਪੰਜਾਬ ਵਿਚ ਰੋਸ ਮੁਜ਼ਾਹਰੇ ਹੋਏ। ਹੋਰ ਤਾਂ ਹੋਰ ਗਵਰਨਰ ਪੰਜਾਬ ਓ.ਪੀ. ਮਲਹੋਤਰਾ ਨੇ ਵੀ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ ਤੇ ਗਵਰਨਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਅਗਲੇ ਤਿੰਨ ਦਿਨ ਨਰਸਿੰਮ੍ਹਾ ਰਾਓ ਅਸਤੀਫ਼ਾ ਵਾਪਿਸ ਲੈਣ ਵਾਸਤੇ ਮਲਹੋਤਰਾ ਤੇ ਜ਼ੋਰ ਪਾਉਂਦਾ ਰਿਹਾ, ਪਰ ਉਸ ਨੇ 26 ਜੂਨ ਨੂੰ ਆਖ਼ਰੀ ਵਾਰ ਅਸਤੀਫ਼ਾ ਵਾਪਿਸ ਲੈਣੋਂ ਨਾਂਹ ਕਰ ਦਿੱਤੀ। *(ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਗਵਰਨਰ ਓ.ਪੀ. ਮਲਹੋਤਰਾ ਨੂੰ ਖਾੜਕੂਆਂ ਜਾਂ ਸਿੱਖਾਂ ਨਾਲ ਕੋਈ ਹਮਦਰਦੀ ਸੀ। ਉਹ ਵੀ ਦੂਜੇ ਗਵਰਨਰਾਂ ਅਰਜਨ ਸਿੰਘ ਤੇ ਸਿਧਾਰਥ ਸ਼ੰਕਰ ਰੇਅ ਵਾਂਗ ਸਿੱਖਾਂ 'ਤੇ ਜ਼ੁਲਮਾਂ ਅਤੇ ਉਨ੍ਹਾਂ ਦੇ ਕਤਲੇਆਮ ਦਾ ਬਰਾਬਰ ਦਾ ਭਾਈਵਾਲ ਸੀ)।*

ਅਕਾਲੀ ਦਲ ਵੱਲੋਂ ਪੰਜਾਬ 'ਚ ਚੋਣਾਂ ਦਾ ਬਾਈਕਾਟ

ਨਰਸਿੰਮ੍ਹਾ ਰਾਓ ਨੇ ਪ੍ਰਾਈਮ ਮਨਿਸਟਰ ਬਣ ਕੇ, 19 ਫ਼ਰਵਰੀ 1992 ਦੇ ਦਿਨ ਪੰਜਾਬ ਵਿਚ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ। ਇਸ ਵੇਲੇ ਖਾੜਕੂ ਅਤੇ ਅਕਾਲੀ ਚੋਣਾਂ ਵਾਸਤੇ ਪੂਰੀ ਤਰ੍ਹਾਂ ਤਿਆਰ ਸਨ।

ਕਾਂਗਰਸ ਪਾਰਟੀ ਤੇ ਸੈਂਟਰ ਸਰਕਾਰ ਨੇ ਖਾੜਕੂਆਂ ਵਿਚ ਆਪਣੇ ਅੰਸਰਾਂ ਰਾਹੀਂ ਜ਼ੋਰ ਪੁਆ ਕੇ, ਅਕਾਲੀਆਂ ਨੂੰ ਧਮਕੀਆਂ ਦੇ ਕੇ, ਤੇ ਕਈ ਅਕਾਲੀ ਉਮੀਦਵਾਰਾਂ, ਆਗੂਆਂ ਤੇ ਵਰਕਰਾਂ ਨੂੰ ਕਤਲ ਕਰਵਾ ਕੇ, ਵੋਟਰਾਂ ਨੂੰ ਡਰਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਇਸ ਦੇ ਬਾਵਜੂਦ ਨਾ ਤਾਂ ਅਕਾਲੀ ਚੋਣ ਮੈਦਾਨ ਚੋਂ ਹਟੇ ਤੇ ਨਾ ਹੀ ਖਾੜਕੂ। ਜੇ ਚੋਣਾਂ ਹੁੰਦੀਆਂ ਤਾਂ ਖਾੜਕੂਆਂ ਦੀ ਹਕੂਮਤ ਹੋਣੀ ਸੀ ਪਰ ਖ਼ੁਫ਼ੀਆ ਏਜੰਸੀਆਂ ਨੇ ਆਪਣਾ ਅਸਰ ਵਰਤ ਕੇ, ਕੁਝ ਖਾੜਕੂ ਆਗੂਆਂ ਨੂੰ ਬੇਵਕੂਫ਼ ਬਣ ਕੇ ਇਨ੍ਹਾਂ ਚੋਣਾਂ ਦਾ ਬਾਈਕਾਟ ਕਰਵਾ ਦਿਤਾ। ਇਸ ਬਾਈਕਾਟ ਤੋਂ ਪਹਿਲਾਂ ਦਲਜੀਤ ਸਿੰਘ ਬਿੱਟੂ ਅਤੇ ਸੁਖਦੇਵ ਸਿੰਘ ਬੱਬਰ ਨੇ ਚੋਣਾਂ ਲੜਨ ਵਾਲੇ ਅਕਾਲੀਆਂ ਨੂੰ 'ਖ਼ਤਰਨਾਕ' ਸਿੱਟਿਆਂ ਦੀ ਵਾਰਨਿੰਗ ਦਿੱਤੀ ਸੀ। ਇਸ ਕਾਰਨ ਅਕਾਲੀ ਆਗੂ ਡਰ ਗਏ ਤੇ ਉਨ੍ਹਾਂ ਨੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਇਸ ਦਾ ਇੰਕਸ਼ਾਫ਼ ਕੈਪਟਨ ਅਮਰਿੰਦਰ ਸਿੰਘ ਨੇ 2005 ਵਿਚ ਪੰਜਾਬ ਅਸੈਂਬਲੀ ਦੀ ਇਕ ਕਾਰਵਾਈ ਵਿਚ ਸ਼ਰੇਆਮ ਆਖਿਆ ਸੀ। *ਇਹ ਸੁਣ ਕੇ ਉੱਥੇ ਬੈਠਾ ਪ੍ਰਕਾਸ਼ ਸਿੰਘ ਬਾਦਲ ਖਚਰਾ ਹਾਸਾ ਹੱਸਦਾ ਰਿਹਾ ਪਰ ਕੁਝ ਨਾ ਬੋਲਿਆ।*

ਮਗਰੋਂ ਇਸ ਸਾਰੇ ਗੁਨਾਹ ਦਾ ਨਤੀਜਾ ਖਾੜਕੂਆਂ ਨੂੰ ਹੀ ਨਹੀਂ, ਹਜ਼ਾਰਾਂ ਬੇਗੁਨਾਹ ਸਿੱਖਾਂ ਨੂੰ ਵੀ ਭੁਗਤਣਾ ਪਿਆ। ਚੋਣਾਂ ਵਿਚ ਸਿੱਖਾਂ ਵਲੋਂ ਬਾਈਕਾਟ ਕਰਨ ਕਰ ਕੇ ਵੱਖ-ਵੱਖ ਸੀਟਾਂ 'ਤੇ ਸਿਰਫ਼ 10 ਤੋਂ 20 ਫ਼ੀ ਸਦੀ ਪੋਲਿੰਗ ਹੋਈ। ਕਾਂਗਰਸ ਪਾਰਟੀ ਦਾ **ਬੇਅੰਤ ਸਿੰਘ 25 ਫ਼ਰਵਰੀ 1992 ਦੇ ਦਿਨ ਚੀਫ਼ ਮਨਿਸਟਰ ਬਣ ਗਿਆ।** ਉਸ ਨੇ ਚੀਫ਼ ਮਨਿਸਟਰ ਬਣਦਿਆਂ ਹੀ ਪੁਲੀਸ ਚੀਫ਼ ਕੇ.ਪੀ.ਐਸ. ਗਿੱਲ ਨੂੰ ਸਿੱਖਾਂ ਦਾ ਕਤਲੇਆਮ ਸ਼ੁਰੂ ਕਰਨ ਵਾਸਤੇ ਹਰੀ ਝੰਡੀ ਦੇ ਦਿੱਤੀ।

ਬੇਅੰਤ ਵਲੋਂ ਹਰੀ ਝੰਡੀ ਮਿਲਦਿਆਂ ਹੀ ਪੁਲੀਸ ਮੁਖੀ ਕੇ.ਪੀ.ਐਸ. ਗਿੱਲ ਨੇ ਦਹਿਸ਼ਤ ਫ਼ੈਲਾਉਣ ਵਾਸਤੇ ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨਾ ਸ਼ੁਰੂ ਕਰ ਦਿਤਾ। ਪਹਿਲਾਂ ਤਾਂ ਕੁਝ ਗਿਣੇ ਚੁਣੇ ਪਰ ਪਹਿਲੀ ਅਪ੍ਰੈਲ ਤੋਂ ਹਰ ਰੋਜ਼ ਸਿੱਖ ਨੌਜਵਾਨ ਗ੍ਰਿਫ਼ਤਾਰ ਕਰ ਕੇ ਨਕਲੀ ਮੁਕਾਬਲਿਆਂ ਵਿਚ ਕਤਲ ਕੀਤੇ ਜਾਣੇ ਸ਼ੁਰੂ ਹੋ ਗਏ। ਹੇਠਾਂ ਇਨ੍ਹਾਂ ਵਿਚੋਂ ਕੁਝ ਕੁ ਕਤਲਾਂ ਦਾ ਵੇਰਵਾ ਇੰਞ ਹੈ:

ਛੇ ਮਾਰਚ ਨੂੰ ਅਵਤਾਰ ਸਿੰਘ ਤਾਰੀ ਤੇ ਕੁਲਦੀਪ ਸਿੰਘ ਲੱਡੂ, ਨੌਂ ਮਾਰਚ ਨੂੰ ਦਵਿੰਦਰ ਸਿੰਘ ਕਮਾਂਡੋ, ਇਕਬਾਲ ਸਿੰਘ ਤੇ ਇੰਦਰਜੀਤ ਸਿੰਘ ਠੱਟਾ, ਦਸ ਮਾਰਚ ਨੂੰ ਬਲਵਿੰਦਰ ਸਿੰਘ ਬਿੰਦੀ, ਯਾਰ੍ਹਾਂ ਮਾਰਚ ਨੂੰ ਪਰਮਜੀਤ ਸਿੰਘ ਉਰਫ਼ ਬੱਲਾ, ਨਰਿੰਦਰ ਸਿੰਘ ਮਾਹਲਪੁਰ, ਗੁਰਮੁਖ ਸਿੰਘ ਭੜੀ ਤੇ ਅਜਾਇਬ ਸਿੰਘ ਮਿੰਨੀ ਬਾਬਾ, ਬਾਰਾਂ ਮਾਰਚ ਨੂੰ ਪਰਗਟ ਸਿੰਘ ਈਨਾ ਬਾਜਵਾ, ਪੰਦਰਾਂ ਮਾਰਚ ਨੂੰ ਰਾਜੂ ਸਿੰਘ (ਸਾਇਆਨਾਈਡ ਕੈਪਸੂਲ ਖਾ ਕੇ), ਤੇਰ੍ਹਾਂ ਮਾਰਚ ਨੂੰ ਜਰਨੈਲ ਸਿੰਘ ਜੈਲਾ ਤੇ ਪੰਜ ਹੋਰ ਅਤੇ ਬਲਬੀਰ ਸਿੰਘ ਬੀਰ ਚਾਹਲ ਕਲਾਂ, ਚੌਦਾਂ ਮਾਰਚ ਨੂੰ ਮਨਜੀਤ ਸਿੰਘ ਬਬਰ, ਜਸਵਿੰਦਰ ਸਿੰਘ ਬਿੱਟੂ ਉਰਫ਼ ਗੁਰਸੇਵਕ ਸਿੰਘ ਤੇ ਸਰਵਣ ਸਿੰਘ ਫ਼ੌਜੀ, 16 ਮਾਰਚ ਨੂੰ ਨਿਰਵੈਲ ਸਿੰਘ ਜੰਡਿਆਲਾ, ਸਤਾਰਾਂ ਮਾਰਚ ਨੂੰ ਅੱਠ ਖਾੜਕੂ, ਵੀਹ ਮਾਰਚ ਨੂੰ ਸੋਲ੍ਹਾਂ ਖਾੜਕੂ, ਬਾਈ ਮਾਰਚ ਨੂੰ ਕੁਲਵਿੰਦਰ ਸਿੰਘ ਬਿੱਟੂ (ਨਿੱਝਰ, ਬਿਆਸ), ਜਗਰੂਪ ਸਿੰਘ, ਬਲਵਿੰਦਰ ਸਿੰਘ, ਜਗਜੀਤ ਸਿੰਘ (ਕਰਨਪੁਰ ਰਾਜਿਸਥਾਨ) ਅਤੇ ਛੇ ਹੋਰ, ਤੇਈ ਮਾਰਚ ਨੂੰ ਜਸਬੀਰ ਸਿੰਘ ਲੋਹਾਰਾ ਤੇ ਦੋ ਹੋਰ, ਚੌਵੀ ਮਾਰਚ ਨੂੰ ਜੈਮਲ ਸਿੰਘ, ਪੰਝੀ ਮਾਰਚ ਨੂੰ ਰਛਪਾਲ ਸਿੰਘ ਪਾਲਾ, ਉਸ ਦਾ ਭਰਾ ਕਰਮਜੀਤ ਸਿੰਘ, ਦਰਸ਼ਨ ਸਿੰਘ, ਜਸਵੰਤ ਸਿੰਘ, ਰਛਪਾਲ ਸਿੰਘ ਬਿੱਟੂ, ਗੁਰਦੀਪ ਸਿੰਘ ਉਰਫ਼ ਭਗਤਾ, 31 ਮਾਰਚ ਨੂੰ ਸਤਨਾਮ ਸਿੰਘ ਸੱਤਾ ਤੇ ਹੋਰ ਕਈ ਖਾੜਕੂ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਕਤਲ ਕਰ ਦਿਤੇ।

ਨਕਲੀ ਮੁਕਾਬਲਿਆਂ ਵਿਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ

ਅਪ੍ਰੈਲ 1992 ਵਿਚ ਸਿੱਖਾਂ ਦੇ ਕਤਲ

ਪਹਿਲੀ ਅਪ੍ਰੈਲ ਨੂੰ ਅਮਰੀਕ ਸਿੰਘ ਤੋਤਾ, ਦੋ ਅਪ੍ਰੈਲ ਨੂੰ ਹਰਜਾਪ ਸਿੰਘ ਸੋਢੀਆਂਵਾਲਾ, ਗੁਰਮੁਖ ਸਿੰਘ ਗੋਰਖੀ ਤੇ ਤੇਰ੍ਹਾਂ ਹੋਰ, ਤਿੰਨ ਅਪ੍ਰੈਲ ਨੂੰ ਹਰਜਿੰਦਰ ਸਿੰਘ ਕਲ੍ਹਾ ਤੇ ਅੱਠ ਹੋਰ, ਚਾਰ ਅਪ੍ਰੈਲ ਨੂੰ ਛੇ, ਪੰਜ ਅਪ੍ਰੈਲ ਨੂੰ ਤਰਲੋਚਨ ਸਿੰਘ, ਸੁਖਵਿੰਦਰ ਸਿੰਘ ਤੇ ਪ੍ਰਿਤਪਾਲ ਸਿੰਘ (ਕੋਸਲੀ, ਮਜੀਠਾ), ਬਲਵਿੰਦਰ ਸਿੰਘ (ਧੀਮੇਵਾਲ, ਫ਼ਰੀਦਕੋਟ), ਰਜਿੰਦਰ ਸਿੰਘ (ਅੰਮ੍ਰਿਤਸਰ ਸ਼ਹਿਰ), ਗੁਰਬਚਨ ਸਿੰਘ, ਮੋਹਨ ਸਿੰਘ (ਫ਼ੀਰੋਜ਼ਪੁਰ ਕੋਲ), ਛੇ ਅਪ੍ਰੈਲ ਨੂੰ ਦਿੱਲੀ ਵਿਚ ਹਰਭਜਨ ਸਿੰਘ ਤੇ ਰਾਜਵਿੰਦਰ ਸਿੰਘ (ਸੁਰਜੀਤ ਸਿੰਘ ਪੈਂਟਾ ਦਾ ਭਰਾ), ਸਤ ਅਪ੍ਰੈਲ ਨੂੰ ਜਰਨੈਲ ਸਿੰਘ ਬੂਹ,

ਤਿਰਲੋਚਨ ਸਿੰਘ (ਉਰਫ਼ ਮਾਰਕਫ਼ੈੱਡ), ਸਲਵਿੰਦਰ ਸਿੰਘ ਉਰਫ਼ ਬਿੱਟੂ ਤੇ ਪ੍ਰਿਥੀਪਾਲ ਸਿੰਘ (ਕੁਰਾਲੀ, ਨੇੜੇ ਰਾਮਦਾਸ, ਅੰਮ੍ਰਿਤਸਰ), ਅੱਠ ਅਪ੍ਰੈਲ ਨੂੰ ਪੰਜਾਬ ਸਿੰਘ ਮਨਾਵਾਂ ਉਰਫ਼ ਜਸਵਿੰਦਰ ਸਿੰਘ ਤੇ ਨੌਂ ਹੋਰ (ਮੱਲਮੋਰੀ, ਤਰਨਤਾਰਨ ਨੇੜੇ), ਲਖਵਿੰਦਰ ਸਿੰਘ ਤੇ ਅਮਰਜੀਤ ਸਿੰਘ (ਸੈਦੋਵਾਲ, ਗੁਰਦਾਸਪੁਰ), ਗੁਰਤੇਜ ਸਿੰਘ ਤੇ ਗੁਰਚਰਨ ਸਿੰਘ (ਲੁਧਿਆਣਾ ਜ਼ਿਲ੍ਹੇ ਵਿਚ), ਦਿਲਬਾਗ ਸਿੰਘ (ਕੈਰੋਂ, ਅੰਮ੍ਰਿਤਸਰ ਕੋਲ), ਬਲਵਿੰਦਰ ਸਿੰਘ ਉਰਫ਼ ਬਿੰਦਾ (ਮਜੀਠਾ ਇਲਾਕੇ ਵਿਚ) ਤੇ ਗੁਰਦੀਪ ਸਿੰਘ (ਨੂਰਪੁਰ, ਫ਼ੀਰੋਜ਼ਪੁਰ ਕੋਲ) ਨਕਲੀ ਮੁਕਾਬਲਿਆਂ ਵਿਚ ਮਾਰੇ ਗਏ।

ਨੌਂ ਅਪ੍ਰੈਲ ਨੂੰ ਨਿਸ਼ਾਨ ਸਿੰਘ, ਗੁਰਜੰਟ ਸਿੰਘ (ਚੱਕ ਭਗਤੂ, ਬਠਿੰਡਾ ਵਿਚ), ਬਲਵਿੰਦਰ ਸਿੰਘ (ਤੇਜਸਿੰਘ ਵਾਲਾ, ਅੰਮ੍ਰਿਤਸਰ ਵਿਚ), ਗੁਰਦਿੱਤ ਸਿੰਘ (ਚੋਹਲਾ, ਫ਼ੀਰੋਜ਼ਪੁਰ ਵਿਚ), ਦਸ ਅਪ੍ਰੈਲ ਨੂੰ ਗੁਰਭੇਜ ਸਿੰਘ ਭੇਜਾ ਉਰਫ਼ ਸਾਇਆਨਾਈਡ (ਢੋਟੀਆਂ ਵਰ੍ਹਾਣਾ, ਤਰਨਤਾਰਨ ਨੇੜੇ) ਨੂੰ ਪੁਲਸੀਏ ਅਜੀਤ ਸੰਧੂ ਨੇ ਮਾਰਿਆ। ਉਸ ਨਾਲ ਜੋਧਾ ਸਿੰਘ (ਕਲ੍ਹਾ ਪਿੰਡ) ਤੇ 3 ਹੋਰ ਵੀ ਸਨ। ਇਸੇ ਦਿਨ ਸਤਵਿੰਦਰ ਸਿੰਘ (ਦਾਦੂ ਦੁਆਰ, ਹੁਸ਼ਿਆਰਪੁਰ) ਤੇ ਛੇ ਹੋਰ, ਯਾਰ੍ਹਾਂ ਅਪ੍ਰੈਲ ਨੂੰ ਗੁਰਮੇਜ ਸਿੰਘ ਮੰਡ, ਦਿਲਬਾਗ ਸਿੰਘ ਤੇ ਅੱਠ ਹੋਰ, ਬਾਰਾਂ ਅਪ੍ਰੈਲ ਨੂੰ ਸੁਰਿੰਦਰ ਸਿੰਘ ਛਿੰਦਾ, ਸੁਰਿੰਦਰਜੀਤ ਸਿੰਘ, ਜੱਗਾ ਸਿੰਘ (ਦਾਖਾ), ਰਣਜੀਤ ਸਿੰਘ, ਜਗਦੀਸ਼ ਸਿੰਘ, ਹਰੀਆ ਸਿੰਘ (ਰੂਪੋਵਾਲੀ) ਤੇ ਰਣਜੀਤ ਸਿੰਘ ਰਾਣਾ ਅਰਜਨ ਗੰਗਾ ਵਿਚ (ਪੁਲੀਸ ਜ਼ਿਲ੍ਹਾ ਮਜੀਠਾ) ਵਿਚ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਤੇਰ੍ਹਾਂ ਅਪ੍ਰੈਲ ਨੂੰ ਗੁਰਬਚਨ ਸਿੰਘ ਮਾਨੋਚਾਹਲ ਦੇ ਪਿਤਾ ਆਤਮਾ ਸਿੰਘ, ਚੌਦਾਂ ਅਪ੍ਰੈਲ ਨੂੰ ਸ਼ਿੰਦਰ ਸਿੰਘ ਉਰਫ਼ ਛੋਟਾ ਚੰਗਿਆੜਾ, ਬਾਲਾ ਉਰਫ਼ ਜੋਧਾ ਉਰਫ਼ ਜਲੰਧਰੀ ਲੋਪੋਕੇ ਕੋਲ, ਪੰਦਰਾਂ ਅਪ੍ਰੈਲ ਨੂੰ ਸੁਖਦੇਵ ਸਿੰਘ ਵੇਰਕਾ, ਦਲੀਪ ਸਿੰਘ ਡੇਰਾ ਬਾਬਾ ਨਾਨਕ, ਸ਼ਿੰਦਰ ਸਿੰਘ ਤੇ ਬਲਵਿੰਦਰ ਸਿੰਘ ਚੋਗਾਵਾਂ, ਸੋਲ੍ਹਾਂ ਅਪ੍ਰੈਲ ਨੂੰ ਪੰਜ ਖਾੜਕੂ, ਅਠਾਰਾਂ ਅਪ੍ਰੈਲ ਨੂੰ ਪੰਜਾਬ ਸਿੰਘ ਛਾਪਾ, ਬੂਟਾ ਸਿੰਘ ਸੋਹਲ ਝਬਾਲ (ਗੱਗੋਬੂਹਾ ਕੋਲ), ਗੁਰਬਖ਼ਸ਼ ਸਿੰਘ ਉਰਫ਼ ਜੱਸੀ (ਬੱਧਨੀ ਕਲਾਂ, ਮੋਗਾ ਕੋਲ), ਸੁਰਿੰਦਰ ਸਿੰਘ ਛਿੰਦਾ (ਰੱਤੋਕੇ ਕੋਲ), ਹਰਦਿਆਲ ਸਿੰਘ ਚੌਕ ਮਹਿਤਾ (ਕੋਟ ਮਹਿਤਾਬ ਕੋਲ), ਉੱਨੀ ਅਪ੍ਰੈਲ ਨੂੰ ਨਿਰਵੈਰ ਸਿੰਘ (ਗੰਗਾਨਗਰ ਵਿਚ), ਪ੍ਰਗਟ ਸਿੰਘ ਤੇ ਕੁਲ੍ਹਾ ਸਿੰਘ (ਅੰਮ੍ਰਿਤਸਰ, ਪ੍ਰਤਾਪ ਨਗਰ ਵਿਚ), ਅਠਾਰ੍ਹਾਂ ਅਪ੍ਰੈਲ ਨੂੰ ਗੁਰਬਖ਼ਸ਼ ਸਿੰਘ ਤੇ ਜਸਵਿੰਦਰ ਸਿੰਘ ਚੱਕਕਲਾਂ (ਮੰਨੀਆਂ, ਜਗਰਾਓਂ ਕੋਲ), ਵੀਹ ਅਪ੍ਰੈਲ ਨੂੰ ਪਰਗਟ ਸਿੰਘ ਗਿੱਲ (ਰਟੌਲ, ਤਰਨਤਾਰਨ ਕੋਲ), ਪ੍ਰਿਥੀ ਸਿੰਘ (ਕਟਾਰ ਸਿੰਘ ਵਾਲਾ, ਬਠਿੰਡਾ ਕੋਲ) ਅਤੇ ਤਿੰਨ ਹੋਰ, ਇੱਕੀ ਅਪ੍ਰੈਲ ਨੂੰ ਕਾਰਜ ਸਿੰਘ ਪੱਤਰਕਾਰ, ਖੜਕ ਸਿੰਘ ਘਿੱਲੀ, ਜਾਗੀਰ ਸਿੰਘ ਉਰਫ਼ ਬਲਬੀਰ ਸਿੰਘ (ਕੋਟਲ ਮੁਗ਼ਲਾਂ), ਸੁੱਚਾ ਸਿੰਘ (ਭਸਵਾਲ), ਦਲਜੀਤ ਸਿੰਘ ਉਰਫ਼ ਗੋਲਡੀ (ਸਿੰਬਲ, ਬਟਾਲਾ), ਮਨਬੀਰ ਸਿੰਘ ਉਰਫ਼ ਅਰੂੜ ਸਿੰਘ (ਨੰਗਲ), ਮਨਜੀਤ ਸਿੰਘ ਉਰਫ਼ ਬਿੱਲਾ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਤੇਈ ਅਪ੍ਰੈਲ ਨੂੰ ਕੇਵਲ ਸਿੰਘ ਢਿਲਵਾਂ, ਹਰਭੇਜ ਸਿੰਘ, ਬਲਕਾਰ ਸਿੰਘ ਮਹਿਰਾ (ਦਬੁਰਜੀ, ਅੰਮ੍ਰਿਤਸਰ ਕੋਲ), ਸੁਰਿੰਦਰ ਸਿੰਘ ਉਰਫ਼ ਸ਼ਹੀਦ (ਝਬਾਲ ਕੋਲ, ਬਾਲੀਪੁਰ ਨੇੜੇ) ਤੇ ਪੰਜ ਹੋਰ, ਚੌਵੀ ਅਪ੍ਰੈਲ ਨੂੰ ਹਰਪ੍ਰੀਤ ਸਿੰਘ (ਅਦਲੀਵਾਲ) ਸੁਕਰਚੱਕ (ਅੰਮ੍ਰਿਤਸਰ ਜ਼ਿਲ੍ਹਾ), ਦਵਿੰਦਰ ਸਿੰਘ ਸੁਲਤਾਨਵਿੰਡ ਉਰਫ਼ ਪੱਪੂ ਉਰਫ਼ ਚਾਚਾ ਲੁਹਾਰਕੇ (ਨੇੜੇ ਰਾਜਾਸਾਂਸੀ) ਵਿਚ ਮਾਰੇ ਗਏ। ਪੰਝੀ ਅਪ੍ਰੈਲ ਨੂੰ ਬੂਟਾ ਸਿੰਘ ਉਰਫ਼ ਸੁਰਜੀਤ ਸਿੰਘ ਤੇ ਜਗੀਰ ਸਿੰਘ ਚੀਮਾ ਵਰਨਾਲਾ (ਤਰਨਤਾਰਨ) ਕੋਲ ਮਾਰੇ ਗਏ। ਸਤਾਈ ਅਪ੍ਰੈਲ ਨੂੰ ਅਸਲ ਮੁਕਾਬਲੇ ਵਿਚ ਹਰਦੇਵ ਸਿੰਘ ਕਾਲੀਆ

(ਕਾਦਰਾਬਾਦ), ਜਗਤ ਸਿੰਘ ਜੱਗਾ ਤੋਂ ਇਲਾਵਾ ਗਿਆਨ ਸਿੰਘ, ਅੰਗਰੇਜ਼ ਸਿੰਘ, ਅਠਾਈ ਅਪ੍ਰੈਲ ਨੂੰ ਦਿਲਬਾਗ ਸਿੰਘ ਬਾਗਾ (ਤੁੰਗ ਅੰਮ੍ਰਿਤਸਰ ਨੇੜੇ), ਉਨੱਤੀ ਅਪ੍ਰੈਲ ਨੂੰ ਨਿਰਪਾਲ ਸਿੰਘ ਨਿੰਮਾ, ਮਹਿੰਦਰ ਸਿੰਘ ਮਾਛੀਕੇ ਤੇ ਇਕ ਹੋਰ (ਮੂਮ, ਬਰਨਾਲਾ ਕੋਲ) ਤੇ ਹਰਜੀਤ ਸਿੰਘ (ਸੋਹਲ, ਤਰਨਤਾਰਨ ਕੋਲ), ਤੀਹ ਅਪ੍ਰੈਲ ਨੂੰ ਕਰਤਾਰ ਸਿੰਘ ਸ਼ੁੱਕਰਚੱਕ (ਅੰਮ੍ਰਿਤਸਰ) ਦੇ ਨੇੜੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਮਈ 1992 ਵਿਚ ਸਿੱਖਾਂ ਦੇ ਕਤਲ

ਤਿੰਨ ਮਈ ਨੂੰ ਦਾਨਾ ਸਿੰਘ (ਮੋਰੇ ਖੁਰਦ, ਮਜੀਠਾ ਕੋਲ), ਬਲਵਿੰਦਰ ਸਿੰਘ ਉਰਫ਼ ਦਿਲਾਵਰ ਸਿੰਘ (ਚੰਨਣ ਸਿੰਘ ਕਲੋਨੀ ਅੰਮ੍ਰਿਤਸਰ ਕੋਲ), ਚਾਰ ਮਈ ਨੂੰ ਬਲਵਿੰਦਰ ਸਿੰਘ ਕੀੜੀ ਉਰਫ਼ ਰਾਕਟ (ਮੁਗਲ ਨਰਵਾਣਾ ਗੁਰਦਾਸਪੁਰ ਕੋਲ), ਪੰਜ ਮਈ ਨੂੰ ਯਾਦਵਿੰਦਰ ਸਿੰਘ ਯਾਦੂ ਤੇ ਇਕ ਹੋਰ ਯੂ.ਪੀ. ਵਿਚ, ਪਿਆਰਾ ਸਿੰਘ ਫ਼ੌਜੀ (ਸ਼ਿਮਲਾਪੁਰੀ, ਲੁਧਿਆਣਾ) ਵਿਚ, ਛੇ ਮਈ ਨੂੰ ਗੁਰਭੇਜ ਸਿੰਘ ਅਨੰਦਪੁਰੀ ਉਰਫ਼ ਕਰਨੈਲ ਸਿੰਘ ਕੈਲੀ ਸ਼ਾਹਪੁਰ ਕੰਡੀ (ਜ਼ਿਲ੍ਹਾ ਗੁਰਦਾਸਪੁਰ) ਕੋਲ, ਮਨਜਿੰਦਰ ਸਿੰਘ ਉਰਫ਼ ਨਿੱਕਾ (ਮੱਲ੍ਹਾ ਕਲਾਂ, ਅੰਮ੍ਰਿਤਸਰ ਨੇੜੇ), ਸੱਤ ਮਈ ਨੂੰ ਅਰਜਨ ਸਿੰਘ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਸੱਤ ਮਈ ਨੂੰ ਕੁਲਜੀਤ ਸਿੰਘ ਉਰਫ਼ ਬਿੱਟੂ ਅਤੇ ਬਲਜੀਤ ਸਿੰਘ ਸ਼ੀਸ਼ਾ (ਜੈਤੋ ਕੀ ਪੱਟੀ ਨੇੜੇ), ਅੱਠ ਮਈ ਨੂੰ ਬਲਦੇਵ ਸਿੰਘ ਗਾਡਰ (ਮੁ.ਗਲ ਚੱਕ, ਸਰਹਾਲੀ ਕੋਲ) ਤੇ ਕਰਨਜੀਤ ਸਿੰਘ (ਖਿਆਲਾ ਕੋਲ), ਗਿਆਰਾਂ ਮਈ ਨੂੰ ਰਜਿੰਦਰ ਸਿੰਘ ਉਰਫ਼ ਬਾਘਾ (ਦੂਲੇਵਾਲ ਕਲਾਂ, ਲੁਧਿਆਣਾ ਵਿਚ), ਤੇਰ੍ਹਾਂ ਮਈ ਨੂੰ ਦਲਜੀਤ ਸਿੰਘ ਉਰਫ਼ ਬਾਬੂ ਉਰਫ਼ ਛੋਟਾ ਗੋਰਾ (ਮਹਿਤਾ ਵਿਚ), ਚੌਦਾਂ ਮਈ ਨੂੰ ਰੂਪਿੰਦਰ ਸਿੰਘ (ਅੰਮ੍ਰਿਤਸਰ ਵਿਚ), ਪੰਦਰਾਂ ਮਈ ਨੂੰ ਸਵਰਨ ਸਿੰਘ (ਵੇਰਕਾ ਕੋਲ), ਸੋਲ੍ਹਾਂ ਮਈ ਨੂੰ ਜਸਦੇਵ ਸਿੰਘ ਉਰਫ਼ ਬੁਲਬੁਲ ਤੇ ਇਕ ਹੋਰ (ਸੁਕਰਚੱਕ ਕੋਲ), ਸਤਾਰਾਂ ਮਈ ਨੂੰ ਮੰਦਰ ਸਿੰਘ ਉਰਫ਼ ਚੜ੍ਹਦੀ ਕਲਾ (ਪਾਲੀਪੁਰ, ਫ਼ੀਰੋਜ਼ਪੁਰ ਕੋਲ) ਤੇ ਜਗਰੂਪ ਸਿੰਘ ਜੂਪਾ (ਗ਼ਾਲਿਬ ਕਲਾਂ, ਲੁਧਿਆਣਾ ਨੇੜੇ) ਤੇ ਚਾਰ ਹੋਰ, ਉੱਨੀ ਮਈ ਨੂੰ ਜਗਤਾਰ ਸਿੰਘ ਤੇ ਛਿੰਦਾ (ਤਸੀਰੇਵਾਲ, ਫ਼ੀਰੋਜ਼ਪੁਰ ਕੋਲ), ਮੰਗਤ ਸਿੰਘ ਉਰਫ਼ ਮੰਗਤਾ (ਕਾਲੇਕੇ ਕੋਲ), ਵੀਹ ਮਈ ਨੂੰ ਸਵਰਨ ਸਿੰਘ ਉਰਫ਼ ਜਹਾਜ਼ (ਸੋਹੀਆਂ, ਲੋਪੋਕੇ ਨੇੜੇ) ਅਤੇ ਤੇਰ੍ਹਾਂ ਹੋਰ ਨਕਲੀ ਮੁਕਾਬਲਿਆਂ ਵਿਚ ਮਾਰੇ ਗਏ। ਇਸੇ ਦਿਨ ਮੇਜਰ ਸਿੰਘ ਰਾਜੋਮਾਜਰਾ ਦੀ ਵੀ ਲਾਸ਼ ਮਿਲੀ (ਯਾਨਿ ਮਾਰ ਦਿੱਤਾ ਗਿਆ)।

ਗੱਟੀਵਾਲ ਵਿਚ ਪੁਲਸ ਤੇ ਖਾੜਕੂਆਂ ਵਿਚ ਅਸਲ ਮੁਕਾਬਲਾ

21 ਮਈ 1992 ਦੇ ਦਿਨ ਅਨੰਦਪੁਰ ਸਾਹਿਬ ਨੇੜੇ ਗੱਟੀਵਾਲ ਵਿਚ ਹੋਏ ਇਕ ਅਸਲ ਮੁਕਾਬਲੇ ਵਿਚ ਪਰਮਜੀਤ ਸਿੰਘ ਪੰਮਾ (ਪੁੱਤਰ ਗੁਰਮੁਖ ਸਿੰਘ, ਵਾਸੀ ਤਲਵੰਡੀ ਨਗਰ, ਅੰਮ੍ਰਿਤਸਰ), ਜਗਜੀਤ ਸਿੰਘ (ਪੁੱਤਰ ਪੂਰਨ ਸਿੰਘ, ਵਾਸੀ ਮਾਣੂਕੇ, ਲੁਧਿਆਣਾ), ਜਰਨੈਲ ਸਿੰਘ (ਪੁੱਤਰ ਰੰਗਾ ਸਿੰਘ, ਵਾਸੀ ਪਿੰਡ ਬੂਹ, ਨੇੜੇ ਫੱਤੂ ਢੀਂਗਾ, ਕਪੂਰਥਲਾ), ਹਰਪਾਲ ਸਿੰਘ ਉਰਫ਼ ਗੁਰਪਾਲ ਸਿੰਘ (ਵਾਸੀ ਦਾਦਲੀਆ), ਬਲਵੰਤ ਸਿੰਘ ਤੇ 11 ਹੋਰ ਸਿੱਖ ਸ਼ਹੀਦ ਕਰ ਦਿੱਤੇ ਗਏ। ਇਸੇ ਦਿਨ ਅਮਰਜੀਤ ਸਿੰਘ ਉਰਫ਼ ਬੈਂਗਣ (ਬਲਾਚੌਰ ਕੋਲ ਸ਼ਿਵਾਲਕ ਢਾਬੇ 'ਤੇ), ਬਲਵਿੰਦਰ ਸਿੰਘ ਢਿਲਵਾਂ (ਬਠਿੰਡਾ ਨੇੜੇ) ਅਤੇ ਗੁਰਚਰਨ ਸਿੰਘ (ਪੁੱਤਰ ਗੁਰਦੇਵ ਸਿੰਘ, ਵਾਸੀ ਰੋਂਗਲਾ, ਨੇੜੇ ਸਿੱਧੂਵਾਲ,

ਪਟਿਆਲਾ) ਨੂੰ ਪੁਲਸ ਨੇ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ। ਇੱਕੀ ਮਈ ਨੂੰ ਹੀ ਹਰਪਾਲ ਸਿੰਘ ਉਰਫ਼ ਗੁਰਪਾਲ ਸਿੰਘ, ਵਾਸੀ ਦਾਦਲੀਆ, ਪਰਮਜੀਤ ਸਿੰਘ ਪੰਮਾ, ਬਲਵੰਤ ਸਿੰਘ ਅਤੇ 11 ਹੋਰ ਖਾੜਕੂ ਅਸਲ ਮੁਕਾਬਲੇ ਵਿਚ ਗੱਟੀਵਾਲ ਵਿਚ (ਅਨੰਦਪੁਰ ਨੇੜੇ) ਮਾਰੇ ਗਏ। ਇਸੇ ਦਿਨ ਅਮਰਜੀਤ ਸਿੰਘ ਬੈਂਗਣ ਬਲਾਚੌਰ ਕੋਲ ਸ਼ਿਵਾਲਕ ਢਾਬੇ 'ਤੇ, ਬਲਵਿੰਦਰ ਸਿੰਘ (ਢਿਲਵਾਂ, ਬਠਿੰਡਾ ਨੇੜੇ), ਬਾਈ ਮਈ ਨੂੰ ਮਨਦੀਪ ਸਿੰਘ (ਦਰਬਾਰ ਸਾਹਿਬ ਅੰਮ੍ਰਿਤਸਰ ਕੋਲ), ਗੁਰਚਰਨ ਸਿੰਘ ਰੌਂਗਲਾ (ਭੈਂਗਣੀ, ਪਟਿਆਲਾ ਨੇੜੇ), ਸੁੱਚਾ ਸਿੰਘ ਤੇ ਜੁਗਰਾਜ ਸਿੰਘ ਤੂਫ਼ਾਨ ਦੀ ਪਤਨੀ ਰਣਜੀਤ ਕੌਰ (ਝਾਰੂ ਨੰਗਲ, ਅੰਮ੍ਰਿਤਸਰ ਕੋਲ), ਤੇਈ ਮਈ ਨੂੰ ਕਾਬਲ ਸਿੰਘ ਹਿਰਦੇਵਾਲ (ਪੂਹਲਾ ਨਥਾਵਾਂ ਕੋਲ), ਛਿੰਦਾ ਸਿੰਘ ਧੱਲੇਕੇ, ਕਰਤਾਰ ਸਿੰਘ ਸਿੰਘਾਂਵਾਲਾ, ਫਰੀਦਕੋਟ ਦਾ (ਨਸੀਰਾਵਾਲ, ਧਰਮਕੋਟ ਨੇੜੇ), ਬਲਬੀਰ ਸਿੰਘ ਬੱਲੀ ਤੇ ਹੋਰ ਕਈ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਚੌਵੀ ਮਈ ਨੂੰ ਸੁਖਵਿੰਦਰ ਸਿੰਘ ਫ਼ੌਜੀ, ਹਰਮਨਬੀਰ ਸਿੰਘ ਤੇ ਨੌਂ ਹੋਰ, ਪੰਝੀ ਮਈ ਨੂੰ ਕਰਤਾਰ ਸਿੰਘ ਤੇ ਗੁਲਜ਼ਾਰ ਸਿੰਘ ਸੁਲਤਾਨਵਿੰਡ ਤੇ ਤਰਸੇਮ ਸਿੰਘ ਉਰਫ਼ ਸੰਮਾ ਝਾਮਕੇ, ਛੱਬੀ ਮਈ ਨੂੰ ਸੁਖਵਿੰਦਰ ਸਿੰਘ ਉਰਫ਼ ਕਿੰਦਰ (ਫਪਈ ਰੋਡ, ਅੰਮ੍ਰਿਤਸਰ ਨੇੜੇ), ਇਕਬਾਲ ਸਿੰਘ ਬਾਘਾ ਤੇ ਜੋਗਿੰਦਰ ਸਿੰਘ ਜਿੰਦੂ (ਦਸੂਹਾ ਨੇੜੇ), ਸਤਾਈ ਮਈ ਨੂੰ ਗੁਰਦਿਆਲ ਸਿੰਘ ਕੌਲੀ, ਕਸ਼ਮੀਰ ਸਿੰਘ, ਜਰਨੈਲ ਸਿੰਘ, ਰਾਮ ਸਿੰਘ, ਪਰਮਿੰਦਰ ਸਿੰਘ ਜਲੋਟਾ ਜਲਾਲਪੁਰ, (ਅਮਲੋਹ) ਵਾਸੀ, ਸਵੰਬਰ ਸਿੰਘ ਲੁਧਿਆਣਾ, ਕੁਲਬੀਰ ਸਿੰਘ, ਨਰਿੰਦਰਪਾਲ ਸਿੰਘ ਉਰਫ਼ ਰਾਜਕੁਮਾਰ ਅਤੇ ਸੱਤ ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਸਤਾਈ ਮਈ ਨੂੰ ਨੰਦੇੜ ਕੋਲ ਅਨਾਰ ਸਿੰਘ ਪਾਹੜਾ ਵੀ ਮਾਰ ਦਿੱਤਾ ਗਿਆ। ਉਨੱਤੀ ਮਈ ਨੂੰ ਨਰਿੰਦਰਪਾਲ ਸਿੰਘ, ਰਾਜਵੰਤ ਸਿੰਘ ਰਾਜੂ, ਪ੍ਰਤਾਪ ਸਿੰਘ ਉਰਫ਼ ਭੁੱਟੋ, ਦਵਿੰਦਰ ਸਿੰਘ, ਕੁਲਬੀਰ ਸਿੰਘ ਚੰਦ ਉਰਫ਼ ਡੱਬੂ ਤੇ ਦੋ ਹੋਰ, ਤੀਹ ਮਈ ਨੂੰ ਸਿਕੰਦਰ ਸਿੰਘ ਲਹਿਰਾ ਬੇਗਾ, ਕਾਲਾ ਸਿੰਘ ਨਥਾਣਾ ਤੇ ਛੇ ਹੋਰ, ਇਕੱਤੀ ਮਈ ਨੂੰ ਸਤਨਾਮ ਸਿੰਘ ਰਿੱਤੂ, ਕਲਬੀਰ ਸਿੰਘ ਉਰਫ਼ ਬਲਕਾਰ ਸਿੰਘ ਤੇ 3 ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਕਾਰਜ ਸਿੰਘ ਸਮਰਾ ਦਾ ਕਤਲ

10 ਮਈ 1992 ਦੇ ਦਿਨ ਪਰਗਟ ਸਿੰਘ (ਖਾਲਿਸਤਾਨ ਕਮਾਂਡੋ ਫ਼ੋਰਸ, ਜ਼ਫ਼ਰਵਾਲ) ਨੂੰ ਇੱਕ ਵਿਰੋਧੀ ਧੜੇ ਨੇ ਇਕ ਮੀਟਿੰਗ ਵਿਚ ਸੱਦ ਕੇ, ਧੋਖੇ ਨਾਲ ਭਰਾ ਮਾਰੂ ਜੰਗ ਵਿਚ ਮਾਰ ਦਿੱਤਾ।(ਉਸ ਦਾ ਭਰਾ ਪਰਗਟ ਸਿੰਘ ਸਮਰਾ ਦਸੰਬਰ 1991 ਵਿਚ ਸ਼ਹੀਦ ਹੋ ਚੁਕਾ ਸੀ ਤੇ ਤੀਜਾ ਭਰਾ ਪੁਲਸ ਦੀ ਤਸ਼ੱਦਦ ਸਹਿ ਰਿਹਾ ਸੀ)।

ਜੂਨ 1992 ਵਿਚ ਸਿੱਖਾਂ ਦੇ ਕਤਲ

ਪਹਿਲੀ ਜੂਨ ਨੂੰ ਕਸ਼ਮੀਰ ਸਿੰਘ, ਅਮਰੀਕ ਸਿੰਘ, ਰਾਜਪਾਲ ਸਿੰਘ ਬਬਰ, ਮਲਕੀਅਤ ਸਿੰਘ, ਵੀਰ ਸਿੰਘ, ਬਲਵਿੰਦਰ ਸਿੰਘ ਅਤੇ ਅੱਠ ਹੋਰ, ਦੋ ਜੂਨ ਨੂੰ ਅਮਰੀਕ ਸਿੰਘ ਕੌਲੀ, ਪਰਮਜੀਤ ਸਿੰਘ ਕਾਸ਼ਨੀਵਾਲਾ, ਹਰਮੀਤ ਸਿੰਘ ਭਾਓਵਾਲ, ਪਰਗਟ ਸਿੰਘ, ਜੱਸਾ ਸਿੰਘ, ਮੰਨਾ ਸਿੰਘ, ਧਰਮ ਸਿੰਘ ਅਤੇ ਚਾਰ ਹੋਰ, ਤਿੰਨ ਜੂਨ ਨੂੰ ਜਸਵਿੰਦਰ ਸਿੰਘ ਉਰਫ਼ ਘੋੜਾ, ਬਲਵਿੰਦਰ ਸਿੰਘ ਉਰਫ਼ ਬਿੰਦਾ ਅਤੇ ਸਤ ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।ਚਾਰ ਜੂਨ ਨੂੰ ਰਣਜੀਤ ਸਿੰਘ ਢਿਲਵਾਂ (ਰਾਮਪੁਰਾ ਫੂਲ ਕੋਲ) ਅਤੇ ਚਾਰ ਹੋਰ, ਪੰਜ ਜੂਨ ਨੂੰ ਮਨਜੀਤ ਸਿੰਘ ਮੰਨਾ

(ਉੱਚਾ, ਨੇੜੇ ਪੱਟੀ), ਜਗਤਾਰ ਸਿੰਘ, ਸਰਵਣ ਸਿੰਘ, ਸਤਨਾਮ ਸਿੰਘ (ਸਾਖੀ ਪਿੰਡ, ਅੰਮ੍ਰਿਤਸਰ) ਅਤੇ ਸੱਤ ਹੋਰ, ਛੇ ਜੂਨ ਨੂੰ ਲਖਵਿੰਦਰ ਸਿੰਘ ਉਰਫ਼ ਲੱਖਾ (ਕਪੂਰਥਲਾ), ਸੁਖਦੇਵ ਸਿੰਘ (ਹੁਸ਼ਿਆਰਪੁਰ), ਸ਼ਿੰਗਾਰਾ ਸਿੰਘ (ਲਹਿਰਾ ਬੇਗਾ), ਰਣਜੀਤ ਸਿੰਘ ਉਰਫ਼ ਗੁਰਦੀਪ ਸਿੰਘ (ਝੀਤੇ ਕਲਾਂ), ਨਿਰਮਲ ਸਿੰਘ ਨਿੰਮਾ (ਪੰਡੋਰੀ ਮਹਿਮਾ), ਸੀਟਾ ਉਰਫ਼ ਝੱਖੜ, ਸੱਤ ਮਈ ਨੂੰ ਸਤਨਾਮ ਸਿੰਘ ਸੱਤਾ ਤੇ ਚਾਰ ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਪਿੰਡ ਬਹਿਲਾ 'ਚ ਖਾੜਕੂਆਂ ਅਤੇ ਫ਼ੋਰਸਿਜ਼ ਵਿਚਕਾਰ ਅਸਲ ਮੁਕਾਬਲਾ: ਪੁਲਸ ਨੇ 6 ਬੰਦੇ 'ਢਾਲ' ਬਣਾ ਕੇ ਸ਼ਹੀਦ ਕੀਤੇ

ਅੱਠ ਜੂਨ 1992 ਦੀ ਸਵੇਰ ਨੂੰ ਜ਼ਾਲਮ ਪੁਲਸ ਐਸ.ਐਸ.ਪੀ. ਅਜੀਤ ਸੰਧੂ ਅਤੇ ਐਸ.ਪੀ. ਅਪਰੇਸ਼ਨਜ਼ ਖੂਬੀ ਰਾਮ ਨੇ ਭਾਰੀ ਪੁਲਸ ਫ਼ੋਰਸ, ਸੀ.ਆਰ.ਪੀ. ਅਤੇ ਫ਼ੌਜ ਲੈ ਕੇ ਤਰਨਤਾਰਨ ਕੋਲ ਪਿੰਡ ਬਹਿਲਾ ਨੂੰ ਘੇਰ ਲਿਆ। ਉਸ ਕੋਲ ਖ਼ਬਰ ਸੀ ਕਿ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਭਿੰਡਰਾਂਵਾਲਾ ਟਾਈਗਰ ਫ਼ੋਰਸਿਜ਼ ਨਾਲ ਸਬੰਧਤ ਕੁਝ ਖਾੜਕੂ ਮਨਜਿੰਦਰ ਸਿੰਘ ਬਹਿਲਾ (ਸਾਬਕਾ ਐਮ. ਐਲ.ਏ.) ਦੇ ਬੇਅਬਾਦ ਘਰ ਵਿਚ ਮੌਜੂਦ ਹਨ। ਛੇਤੀ ਹੀ ਖਾੜਕੂਆਂ ਅਤੇ ਫ਼ੋਰਸਿਜ਼ ਵਿਚਕਾਰ ਮੁਕਾਬਲਾ ਸ਼ੁਰੂ ਹੋ ਗਿਆ। ਇਹ ਅਸਾਵਾਂ (ਇਕ ਪਾਸੇ ਸਿਰਫ਼ ਦੋ ਖਾੜਕੂ ਤੇ ਦੂਜੇ ਪਾਸੇ ਸੈਂਕੜੇ ਫ਼ੋਰਸਿਜ਼) ਮੁਕਾਬਲਾ 36 ਘੰਟੇ ਚੱਲਦਾ ਰਿਹਾ। ਇਸ 'ਅਸਲ ਮੁਕਾਬਲੇ ਵਿਚ' ਸੁਰਜੀਤ ਸਿੰਘ ਬਹਿਲਾ (ਲੈਫ਼ਟੀਨੈਂਟ ਭਿੰਡਰਾਂਵਾਲਾ ਟਾਈਗਰ ਫ਼ੋਰਸਿਜ਼) ਤੇ ਮਦਨ ਸਿੰਘ ਮੱਦੀ (ਉਰਫ਼ ਸੰਤੋਖ ਸਿੰਘ ਉਰਫ਼ ਛੋਟਾ ਬਹਿਲਾ) ਅਤੇ ਅਤੇ 6 ਪਿੰਡ ਵਾਸੀ ਸਿੱਖ ਸ਼ਹੀਦ ਕਰ ਦਿੱਤੇ ਗਏ। ਪੁਲੀਸ ਨੇ ਪਿੰਡ ਦੇ ਕਰਤਾਰ ਸਿੰਘ (ਪੁੱਤਰ ਆਸਾ ਸਿੰਘ), ਸਕੱਤਰ ਸਿੰਘ (ਪੁੱਤਰ ਨਿਰੰਜਨ ਸਿੰਘ), ਉਸ ਦਾ ਪਿਤਾ ਨਿਰੰਜਨ ਸਿੰਘ (ਪੁੱਤਰ ਬੂੜ ਸਿੰਘ), ਲਖਵਿੰਦਰ ਸਿੰਘ (ਪੁੱਤਰ ਚੰਨਣ ਸਿੰਘ), ਅਜੀਤ ਸਿੰਘ (ਪੁੱਤਰ ਮੰਗਲ ਸਿੰਘ) ਤੇ ਗੁਰਮੇਜ ਸਿੰਘ ਨੂੰ ਢਾਲ ਬਣਾ ਕੇ ਅੱਗੇ ਖੜੇ ਕੀਤਾ ਗਿਆ ਤਾਂ ਜੋ ਉਨ੍ਹਾਂ ਨੂੰ ਵੇਖ ਕੇ ਖਾੜਕੂ ਗੋਲੀ ਨਾ ਚਲਾਉਣ। ਇੰਞ ਇਨ੍ਹਾਂ ਦੇ ਮਾਰੇ ਜਾਣ ਦਾ ਕਾਰਨ ਵੀ ਪੁਲੀਸ ਹੀ ਸੀ। ਮਾਰੇ ਜਾਣ ਵਾਲੇ ਪਿੰਡ ਵਾਸੀਆਂ ਵਿਚੋਂ ਇਕ ਅਜੀਤ ਸਿੰਘ ਇਕ ਰੇੜ੍ਹਾ ਚਲਾਉਣ ਵਾਲਾ ਗ਼ਰੀਬ ਸਿੱਖ ਸੀ ਜਿਸ ਦੇ 7 ਬੱਚੇ ਸਨ। ਪੁਲਸ ਨੇ ਹੋਰ ਜ਼ੁਲਮ ਇਹ ਕੀਤਾ ਕਿ ਮਾਰੇ ਗਏ ਬਹਿਲਾ ਵਾਸੀਆਂ ਦਾ ਸਸਕਾਰ ਅਣਪਛਾਤੀਆਂ ਲਾਸ਼ਾਂ ਕਹਿ ਕੇ ਕਰ ਦਿੱਤਾ ਤੇ ਉਨ੍ਹਾਂ ਦੇ ਘਰ ਵਾਲਿਆਂ ਨੂੰ ਵੀ ਸ਼ਾਮਿਲ ਨਾ ਹੋਣ ਦਿੱਤਾ। (ਇਸ ਜ਼ੁਲਮ ਦੇ ਖ਼ਿਲਾਫ਼ ਪ੍ਰੋਟੈਸਟ ਕਰਨ ਵਾਸਤੇ ਸਿੱਖਾਂ ਵੱਲੋਂ 25 ਜੂਨ ਨੂੰ ਪਿੰਡ ਬਹਿਲਾ ਵਿਚ ਰੈਲੀ ਦਾ ਐਲਾਨ ਕੀਤਾ ਗਿਆ ਪਰ ਹਜ਼ਾਰਾਂ ਪੁਲਸੀਆਂ ਨੇ ਕਈ-ਕਈ ਕਿਲੋਮੀਟਰ ਵਿਚ ਘੇਰਾ ਪਾ ਕੇ ਕਿਸੇ ਵੀ ਸਿੱਖ ਨੂੰ ਵੀ ਉੱਧਰ ਨਾ ਜਾਣ ਦਿੱਤਾ ਤੇ ਰੈਲੀ ਨਾ ਹੋਣ ਦਿੱਤੀ)। ਦਸ ਜੂਨ ਨੂੰ ਅਰਮਿੰਦਰ ਸਿੰਘ ਮੌਲਵੀ ਤੇ ਸੱਤ ਹੋਰ, ਗਿਆਰਾਂ ਜੂਨ ਨੂੰ ਜਾਗੀਰ ਸਿੰਘ ਉਰਫ਼ ਦੀਨਾ, ਕੁਲਦੀਪ ਸਿੰਘ, ਅਮਰਜੀਤ ਸਿੰਘ, ਰਾਜਿੰਦਰ ਸਿੰਘ ਅਤੇ ਨੌਂ ਹੋਰ ਸਿੱਖ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤੇ।

ਰਛਪਾਲ ਸਿੰਘ ਛੰਦੜਾ ਤੇ ਜਗਦੀਸ਼ ਸਿੰਘ ਦੀਸ਼ਾ ਸ਼ਹੀਦ

ਬਾਰਾਂ ਜੂਨ ਦੇ ਦਿਨ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਦੇ ਜਰਨੈਲ ਰਛਪਾਲ ਸਿੰਘ ਛੰਦੜਾ (ਪੁੱਤਰ ਰਣਜੀਤ ਸਿੰਘ, ਵਾਸੀ ਛੰਦੜਾ) ਤੇ ਜਗਦੀਸ਼ ਸਿੰਘ ਦੀਸ਼ਾ (ਪੁੱਤਰ ਗੁਰਭੇਜ ਸਿੰਘ, ਵਾਸੀ

ਜਹੂਰਾ, ਹੁਸ਼ਿਆਰਪੁਰ) ਜੋ ਸੁਖਵਿੰਦਰ ਸਿੰਘ ਸੰਘਾ ਤੇ ਰਛਪਾਲ ਸਿੰਘ ਛੰਦੜਾ ਦਾ ਸਾਥੀ ਸੀ। ਇਕੱਠੇ ਸਾਈਕਲ 'ਤੇ ਆ ਰਹੇ ਸਨ। ਪੁਲਸ ਦਾ ਘੇਰਾ ਪੈ ਜਾਣ 'ਤੇ ਦੀਸ਼ਾ ਨੇ ਸਾਇਆਨਾਈਡ ਦਾ ਕੈਪਸੂਲ ਚੱਬ ਲਿਆ, ਪਰ ਛੰਦੜਾ ਅਜਿਹਾ ਨਾ ਕਰ ਸਕਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਉਸ 'ਤੇ ਬਹੁਤ ਤਸ਼ੱਦਦ ਕੀਤਾ ਪਰ ਕੁਝ ਨਾ ਬੁਲਵਾ ਸਕੇ; ਫਿਰ ਸ਼ਹੀਦ ਕਰ ਦਿੱਤਾ। (ਸਾਲ ਮਗਰੋਂ 31 ਜੂਨ 1993 ਦੇ ਦਿਨ ਝਬਾਲ ਦਾ ਐਸ.ਐਚ.ਓ. ਸੁਰਿੰਦਰਪਾਲ ਸਿੰਘ ਦੀਸ਼ੇ ਦਾ ਭਰਾ ਕੰਵਲਜੀਤ ਸਿੰਘ ਤੇ 7 ਹੋਰ ਨੌਜਵਾਨਾਂ ਨੂੰ ਚੁੱਕ ਕੇ ਲੈ ਗਿਆ ਅਤੇ 7 ਜੁਲਾਈ ਦੇ ਦਿਨ ਉਸ ਨੂੰ ਤੇ ਸੁਰਜੀਤ ਸਿੰਘ ਵਾਸੀ ਠਰੂ ਪਿੰਡ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕਰ ਦਿੱਤਾ)।

12 ਜੂਨ ਦੇ ਦਿਨ ਬੂਟਾ ਸਿੰਘ ਅਤੇ ਤਿੰਨ ਹੋਰ, ਤੇਰ੍ਹਾਂ ਜੂਨ ਨੂੰ ਦਸ, ਚੌਦਾਂ ਜੂਨ ਨੂੰ ਸੁਖਵਿੰਦਰ ਸਿੰਘ ਹਸਨਪੁਰਾ ਤੇ ਜਸਵੰਤ ਸਿੰਘ ਭਰੋਵਾਲਾ (ਬਟਾਲਾ ਕੋਲ), ਜਗਰੂਪ ਸਿੰਘ ਰੂਪਾ ਚੰਡੋਕੇ ਵੀ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਸੁਖਦੇਵ ਸਿੰਘ ਸੁੱਖਾ ਤੇ ਪੁਲੀਸ ਘੇਰੇ ਵਿਚ ਆ ਜਾਣ ਕਰਕੇ ਸਾਇਆਨਾਈਡ ਖਾ ਕੇ ਜਾਨ ਦੇ ਦਿੱਤੀ। ਪੰਦਰਾਂ ਜੂਨ ਨੂੰ ਦਰਸ਼ਨ ਸਿੰਘ ਕੋਟਲੀ, ਦਲਬੀਰ ਸਿੰਘ ਬੀਰਾ ਉਰਫ਼ ਬੱਗਾ, ਮਨਦੀਪ ਸਿੰਘ ਬਿੰਦਾ ਅਤੇ ਸੱਤ ਹੋਰ, ਸੋਲਾਂ ਜੂਨ ਨੂੰ ਦਿਲਾਵਰ ਸਿੰਘ, ਜਸਪਾਲ ਸਿੰਘ ਤੇ ਤਿੰਨ ਹੋਰ, ਉੱਨੀ ਜੂਨ ਨੂੰ ਸੁਖਵਿੰਦਰ ਸਿੰਘ ਸੁੱਖਾ, ਬਲਬੀਰ ਸਿੰਘ ਬੀਰਾ, ਜੁਗਿੰਦਰ ਸਿੰਘ ਮੱਲਾ, ਬਲਬੀਰ ਸਿੰਘ ਪਾਲੀ, ਬਲਦੇਵ ਸਿੰਘ ਉਰਫ਼ ਬੱਲੀ ਅਤੇ ਤਿੰਨ ਹੋਰ, ਇੱਕੀ ਜੂਨ ਨੂੰ ਬਲਦੇਵ ਸਿੰਘ ਸ਼ੇਖ ਦੌਲਤ, ਸਰਮੁਖ ਸਿੰਘ ਉਰਫ਼ ਰੀਠਾ, ਬਲਵਿੰਦਰ ਸਿੰਘ ਉਰਫ਼ ਕਾਕਾ, ਜਸਵਿੰਦਰ ਸਿੰਘ ਉਰਫ਼ ਭੁੱਟਾ ਹਾਮਜ਼ਾ ਦਸੂਹਾ ਵਾਸੀ, ਬਲਬੀਰ ਸਿੰਘ ਛੇਹਰਟਾ ਮਾਰ ਦਿੱਤੇ ਗਏ। 29 ਜੂਨ ਨੂੰ ਕੁਲਦੀਪ ਸਿੰਘ ਦੀਪਾ ਅਤੇ ਪੰਜ ਹੋਰ ਕਤਲ ਕੀਤੇ ਗਏ। 30 ਜੂਨ ਨੂੰ ਦਿਲਸ਼ੇਰ ਸਿੰਘ ਸ਼ੇਰਾ, ਜਸਮੇਰ ਸਿੰਘ ਲਾਲੀ ਖੰਟ ਅਤੇ ਯਾਰਾਂ ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਹਰਪਿੰਦਰ ਸਿੰਘ ਗੋਲਡੀ ਤੇ ਚਾਰ ਸਾਥੀ ਅਸਲ ਪੁਲਸ ਮੁਕਾਬਲੇ ਵਿਚ ਸ਼ਹੀਦ

25 ਜੂਨ 1992 ਦੇ ਦਿਨ ਹਰਪਿੰਦਰ ਸਿੰਘ ਗੋਲਡੀ (ਜਿਸ ਦੀ ਭੈਣ ਅਮਨਦੀਪ ਕੌਰ ਨੂੰ, ਪੁਲਸੀਆਂ ਨੇ, 21 ਜਨਵਰੀ 1992 ਦੇ ਦਿਨ, ਉਸ ਦੇ ਘਰ ਵਿਚ ਕਤਲ ਕਰ ਦਿੱਤਾ ਹੋਇਆ ਸੀ) ਲਹਿਰਾ ਮੁਹੱਬਤ ਪਿੰਡ ਵਿਚ ਸੀ। ਉਸ ਵੇਲੇ ਉਸ ਦੇ ਨਾਲ ਦਰਸ਼ਨ ਸਿੰਘ ਕੋਟਲੀ, ਜਸਬੀਰ ਸਿੰਘ ਲਟਾਲਾ, ਜਸਬੀਰ ਸਿੰਘ ਭਾਗੀਬੰਦਰ ਵੀ ਸਨ। ਇਸ ਮੌਕੇ 'ਤੇ ਭਾਰੀ ਪੁਲਸ ਫ਼ੋਰਸ ਨੇ ਉਨ੍ਹਾਂ ਨੂੰ ਘੇਰ ਲਿਆ। ਇਸ ਮਗਰੋਂ ਹੋਈ ਜ਼ਬਰਦਸਤ ਜੰਗ ਵਿਚ ਹਰਪਿੰਦਰ ਸਿੰਘ ਗੋਲਡੀ ਤੇ ਉਸ ਦੇ ਚਾਰ ਸਾਥੀ ਸ਼ਹੀਦ ਹੋ ਗਏ।

25 ਜੂਨ 1992 ਦੇ ਦਿਨ ਹੀ ਪੁਲਸ ਨੇ ਹਰਪ੍ਰੀਤ ਕੌਰ ਰਾਣੋ (ਪੁੱਤਰੀ ਅਜੀਤ ਸਿੰਘ, ਵਾਸੀ ਸੁਲਤਾਨਵਿੰਡ, ਜ਼ਿਲ੍ਹਾ ਅੰਮ੍ਰਿਤਸਰ), ਗੁਰਬਲਜੀਤ ਸਿੰਘ ਉਰਫ਼ ਗੁਰਜੀਤ ਸਿੰਘ (ਪੁੱਤਰ ਸੇਵਾ ਸਿੰਘ, ਵਾਸੀ ਲੋਹਗੜ੍ਹ, ਨੇੜੇ ਬਿਆਸ, ਜ਼ਿਲ੍ਹਾ ਅੰਮ੍ਰਿਤਸਰ) ਤੇ ਜਸਵਿੰਦਰ ਸਿੰਘ (ਪੁੱਤਰ ਮਹਿੰਦਰ ਸਿੰਘ, ਵਾਸੀ ਤਲਵੰਡੀ ਸ਼ਿੱਪੀਮਾਲ) ਨੂੰ ਨਕਲੀ ਪੁਲਸ ਮੁਕਾਬਲਿਆਂ ਵਿਚ ਸ਼ਹੀਦ ਕਰ ਦਿੱਤਾ।

ਜੁਲਾਈ 1992 ਵਿਚ ਸਿੱਖਾਂ ਦੇ ਕਤਲ

ਦੋ ਜੁਲਾਈ ਨੂੰ ਕੁਲਵੰਤ ਸਿੰਘ ਕੰਤਾ, ਬਲਜੀਤ ਸਿੰਘ ਤੇ ਇਕ ਹੋਰ, ਤਿੰਨ ਜੁਲਾਈ ਨੂੰ ਸ਼ਮਸ਼ੇਰ ਸਿੰਘ ਸ਼ੇਰਾ, ਕੁਲਵੰਤ ਸਿੰਘ ਕਾਕਾ ਤੇ ਛੇ ਹੋਰ, ਚਾਰ ਜੁਲਾਈ ਨੂੰ ਡਾਕਟਰ ਜਗਤਾਰ

ਸਿੰਘ, ਬਿੰਦਰ ਸਿੰਘ, ਮੁਖਤਿਆਰ ਸਿੰਘ ਮੁੱਖਾ, ਕਮਲਜੀਤ ਸਿੰਘ ਹਰਗਨਾ, ਬਲਦੇਵ ਸਿੰਘ ਭੰਗਣਾ, ਪੰਜ ਜੁਲਾਈ ਨੂੰ ਅੰਗਰੇਜ਼ ਸਿੰਘ ਲਾਡੀ ਤੇ ਬਲਦੇਵ ਸਿੰਘ ਦੇਬਾ (ਗਗੜੇਵਾਲ, ਕਪੂਰਥਲਾ ਨੇੜੇ), ਸੁੱਚਾ ਸਿੰਘ ਤੇ ਸੁਖਵਿੰਦਰ ਸਿੰਘ ਚੂਚਕਵਾਲ ਵਿਚ, ਜਸਕਰਨ ਸਿੰਘ ਜੱਸਾ ਤੇ ਹਰਬੰਤ ਸਿੰਘ ਬੰਤਾ (ਬਗਸਰ, ਫ਼ਰੀਦਕੋਟ ਵਿਚ) ਤੇ ਅੱਠ ਹੋਰ, ਛੇ ਜੁਲਾਈ ਨੂੰ ਪਰਮਜੀਤ ਸਿੰਘ ਸਹਿਸਰਾ, ਹਰਭਜਨ ਸਿੰਘ ਭਜਨਾ, ਬੱਗਾ ਉਰਫ਼ ਬੱਗੀ ਮੇਲੀਆਂ ਅੱਕਾਂਵਾਲੀ, ਵਰਿਆਮ ਸਿੰਘ ਬਬਰ, ਕਰਮਜੀਤ ਸਿੰਘ ਉਰਫ਼ ਕਾਲਾ ਬੂੜੇ ਨੰਗਲ, ਸੁਖਦੇਵ ਸਿੰਘ (ਧਰਮਕੋਟ ਕੋਲ) ਅਤੇ ਤਿੰਨ ਹੋਰ, ਸੱਤ ਜੁਲਾਈ ਨੂੰ ਭੁਪਿੰਦਰ ਸਿੰਘ ਤੇ ਰਣਜੀਤ ਸਿੰਘ (ਜਲਾਲਾਬਾਦ, ਤਰਨਤਾਰਨ ਕੋਲ) ਜਰਨੈਲ ਸਿੰਘ ਤੇ ਕੁੰਦਨ ਸਿੰਘ ਕੁੰਦੀ (ਸ਼ਾਹਪੁਰਾ ਫ਼ੀਰੋਜ਼ਪੁਰ ਕੋਲ), ਬਲਕਾਰ ਸਿੰਘ (ਦੀਵਾਲੀਵਾਲ, ਬਟਾਲਾ ਕੋਲ), ਅੱਠ ਜੁਲਾਈ ਨੂੰ ਨਰਿੰਦਰ ਸਿੰਘ ਉਰਫ਼ ਵਿੱਕੀ, ਗੁਰਿੰਦਰ ਸਿੰਘ ਉਰਫ਼ ਸਾਹਿਬਾ (ਲੋਹੀਆਂ ਵਾਸੀ), ਗੁਰਦੀਪ ਸਿੰਘ ਫੀਰੋਜ਼ਪੁਰ ਵਿਚ ਮਾਰ ਦਿੱਤੇ ਗਏ, ਨੌਂ ਜੁਲਾਈ ਨੂੰ ਕੁਲਵੰਤ ਸਿੰਘ ਕੰਤਾ, ਲੱਖਾ ਸਿੰਘ, ਚਰਨਜੀਤ ਸਿੰਘ ਚੰਨੀ ਅਤੇ ਦਸ ਹੋਰ, ਦਸ ਜੁਲਾਈ ਨੂੰ ਸਵਰਨ ਸਿੰਘ ਸੰਮਾ ਸਰਹਾਲੀ, ਗੁਰਦਰਸ਼ਨ ਸਿੰਘ ਬਿੱਟਾ, ਸੁਖਦੇਵ ਸਿੰਘ ਕੁੱਕੂ, ਅਵਤਾਰ ਸਿੰਘ, ਬਲਰਾਜ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਵਿਚ ਵੱਖ-ਵੱਖ ਥਾਂਵਾਂ 'ਤੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਪਰਮਜੀਤ ਸਿੰਘ ਬਠਿੰਡਾ ਨੂੰ ਨਕਲੀ ਮੁਕਾਬਲੇ ਵਿਚ ਸ਼ਹੀਦ ਕੀਤਾ

11 ਜੁਲਾਈ 1992 ਦੇ ਦਿਨ ਪੰਜਾਬ ਪੁਲਸ ਨੇ ਬਠਿੰਡਾ ਦੇ ਬੀਬੀਵਾਲਾ ਚੌਕ ਵਿਚ ਇਕ ਆਟਾ ਚੱਕੀ ਤੋਂ ਇਕ ਸਿੱਖ ਨੌਜਵਾਨ ਪਰਮਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਮਗਰੋਂ ਉਸ ਦਾ ਨਕਲੀ ਮੁਕਾਬਲਾ ਬਣਾ ਕੇ ਉਸ ਨੂੰ ਸ਼ਹੀਦ ਕਰ ਦਿੱਤਾ। ਮਗਰੋਂ ਉਸ ਦਾ ਨਕਲੀ ਮੁਕਾਬਲਾ ਬਣਾਉਣ ਵਾਲੇ ਪੁਲਸੀਆਂ 'ਤੇ ਮੁਕੱਦਮਾ ਚਲਾਇਆ ਗਿਆ। 17 ਜਨਵਰੀ 2014 ਦੇ ਦਿਨ ਅਦਾਲਤ ਨੇ ਇੰਸਪੈਕਟਰ ਬਲਜਿੰਦਰ ਸ਼ਰਮਾ, ਗੁਰਬਚਨ ਸਿੰਘ ਏ.ਐਸ.ਆਈ., ਮੱਲ ਸਿੰਘ ਹਵਾਲਦਾਰ, ਹਰਿੰਦਰ ਸਿੰਘ, ਕਮਲਜੀਤ ਸਿੰਘ, ਤਰਲੋਕ ਸਿੰਘ ਤੇ ਜਰਨੈਲ ਸਿੰਘ (ਹੋਮ ਗਾਰਡ ਸਿਪਾਹੀਆਂ) ਅਤੇ ਡੀ.ਐਸ.ਪੀ. ਗੁਰਜੀਤ ਸਿੰਘ, 8 ਪੁਲਸੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਇਨ੍ਹਾਂ ਵਿਚੋਂ ਡੀ.ਐਸ.ਪੀ. ਗੁਰਜੀਤ ਸਿੰਘ ਅਜੇ ਵੀ ਭਗੌੜਾ ਸੀ।

ਗਿਆਰਾਂ ਜੁਲਾਈ ਨੂੰ ਦਲਬੀਰ ਸਿੰਘ ਬੀਰਾ ਉੱਬੋਕੇ, ਲੀਲ੍ਹਾ ਸਿੰਘ ਠੁੱਲੀਵਾਲ, ਸੁਖਵਿੰਦਰ ਸਿੰਘ ਉਰਫ਼ ਬੱਗੋ, ਕਾਲਾ ਸਿੰਘ ਦੈਂਤ ਗਾਂਧਰ ਪੱਤੀ ਤੇ ਪੰਜ ਹੋਰ, ਬਾਰਾਂ ਜੁਲਾਈ ਨੂੰ ਮਨਜੀਤ ਸਿੰਘ ਉਰਫ਼ ਪਵਿੱਤਰ ਸਿੰਘ, ਬਲਵਿੰਦਰ ਸਿੰਘ ਖੱਸਣ, ਗੁਰਮੀਤ ਸਿੰਘ ਮੀਤਾ ਅਤੇ ਯਾਰਾਂ ਹੋਰ ਮਾਰ ਦਿੱਤੇ ਗਏ। ਇਸੇ ਦਿਨ ਧੂਲਕੋਟ ਹਰਿਆਣਾ ਵਿਚ ਤਿੰਨ ਸਿੱਖ ਜਸਬੀਰ ਸਿੰਘ, ਜਸਵਿੰਦਰ ਸਿੰਘ ਤੇ ਤਿੰਨ ਸਾਲ ਦਾ ਬੱਚਾ ਹਰਵਿੰਦਰ ਸਿੰਘ ਪੁਲੀਸ ਨੇ ਕਾਰ 'ਚੋਂ ਕੱਢ ਕੇ ਮਾਰ ਦਿੱਤੇ। ਚੌਦਾਂ ਜੁਲਾਈ ਨੂੰ ਬਲਵਿੰਦਰ ਸਿੰਘ, ਸੁਬੇਗ ਸਿੰਘ, ਪ੍ਰਿਥੀਪਾਲ ਸਿੰਘ ਕਾਉਂਕੇ ਅਤੇ ਵੀਹ ਹੋਰ ਸਿੱਖ ਮਾਰ ਦਿੱਤੇ ਗਏ। ਇਸੇ ਦਿਨ ਪ੍ਰਕਾਸ਼ ਸਿੰਘ ਪਾਸੀ, ਅਮਰਜੀਤ ਸਿੰਘ, ਦਰਸ਼ਨ ਸਿੰਘ ਵਾਸੀ ਕੁੱਤਿਆਂਵਾਲੀ ਵੀ ਮਾਰ ਦਿੱਤੇ ਗਏ। ਸੋਲ੍ਹਾਂ ਜੁਲਾਈ ਨੂੰ ਪਰਮਜੀਤ ਸਿੰਘ ਪੰਮਾ ਬਬਰ ਅਤੇ ਦਸ ਹੋਰ, ਸਤਾਰਾਂ ਜੁਲਾਈ ਨੂੰ ਜਗੀਰ ਸਿੰਘ ਬਬਰ ਤੇ ਨੌਂ ਹੋਰ, ਅਠਾਰਾਂ ਜੁਲਾਈ ਨੂੰ ਪੰਜ, ਉੱਨੀ ਜੁਲਾਈ ਨੂੰ ਸੁਰਿੰਦਰ ਸਿੰਘ ਛਿੰਦਾ, ਜੋਗਾ ਸਿੰਘ ਘੱਦੂਵਾਲਾ, ਕਸ਼ਮੀਰ ਸਿੰਘ ਸ਼ੇਰਾ ਤਖ਼ਤੂਵਾਲਾ ਤੇ ਦੋ ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਵੀਹ ਜੁਲਾਈ ਨੂੰ ਸੁੱਖਰਾਮ ਸਿੰਘ ਕੁਲਾਰਾਂ, ਅਵਤਾਰ ਸਿੰਘ ਤਾਰੀ ਮਾਜਰੀ, ਸੁਖਚੈਨ ਸਿੰਘ, ਬਲਜੀਤ ਸੁਖਰਾਮ ਸਿੰਘ ਤੇ ਤਿੰਨ ਹੋਰ, ਇੱਕੀ ਜੁਲਾਈ ਨੂੰ ਜਸਪਾਲ ਸਿੰਘ ਪਾਲਾ, ਬਲਬੀਰ ਸਿੰਘ ਘੁਰਕਾਣੀ, ਮੱਖਣ ਸਿੰਘ ਹਰਦੋਵਾਲ ਮਾਰ ਦਿੱਤੇ ਗਏ। ਇਸੇ ਦਿਨ ਜਸਪਾਲ ਸਿੰਘ ਭੱੜੀ ਪੁਲੀਸ ਘੇਰੇ ਵਿਚ ਆ ਗਿਆ ਤਾਂ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਬਾਈ ਜੁਲਾਈ ਨੂੰ ਜਸਬੀਰ ਸਿੰਘ ਉਰਫ਼ ਡਾਕਟਰ ਬਲਵਿੰਦਰ ਸਿੰਘ, ਤਰਲੋਚਨ ਸਿੰਘ ਉਰਫ਼ ਹੁਸਨਾ, ਸਤਨਾਮ ਸਿੰਘ ਸੱਤਾ ਉਰਫ਼ ਹਿੰਮਤ ਸਿੰਘ ਤੂਫ਼ਾਨ, ਹਰਿੰਦਰ ਸਿੰਘ ਬਿੱਟੂ (ਸਾਰੇ ਸਖੋਵਾਲ ਵਾਸੀ) ਤੇ ਸੱਤ ਹੋਰ ਮਾਰ ਦਿੱਤੇ ਗਏ। ਤੇਈ ਜੁਲਾਈ ਨੂੰ ਅਮਰੀਕ ਸਿੰਘ, ਹਰਜਿੰਦਰ ਸਿੰਘ ਰੰਧਾਵਾ, ਨਿਸ਼ਾਨ ਸਿੰਘ ਕਾਕੂ ਤੇ ਦੋ ਹੋਰ, ਚੌਵੀ ਜੁਲਾਈ ਦੇ ਦਿਨ ਦਿਆਲ ਸਿੰਘ, ਬਾਬਾ ਬੋਹੜ ਸਿੰਘ ਉਰਫ਼ ਜ਼ੁਬੇਰ ਅਹਿਮਦ, ਮਨਸੂਰ ਅਹਿਮਦ, ਪਰਮਜੀਤ ਸਿੰਘ ਵਾਸੀ ਰਮਦਾਸ (ਦੂਨੋਵਾਲ ਵਿਚ), ਬਲਵਿੰਦਰ ਸਿੰਘ (ਸਠਿਆਲਾ ਵਿਚ), ਗੁਰਦਿਆਲ ਸਿੰਘ, ਅਜੀਤ ਸਿੰਘ ਉਰਫ਼ ਤਾਰੀ, ਗੁਰਮਿੰਦਰ ਸਿੰਘ (ਫੇਰੂਮਾਨ ਕੋਲ) ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਪੰਝੀ ਜੁਲਾਈ ਨੂੰ ਨਸਰਾਲੀ (ਅੰਮ੍ਰਿਤਸਰ) ਨੇੜੇ ਜਸਪਾਲ ਸਿੰਘ ਕਤਲ ਹੋਇਆ। ਛੱਬੀ ਜੁਲਾਈ ਨੂੰ ਅੱਠ ਸਿੱਖ, ਸਤਾਈ ਜੁਲਾਈ ਨੂੰ ਕਸ਼ਮੀਰ ਸਿੰਘ ਸ਼ੀਰਾ ਬਬਰ ਤੇ ਸੱਤ ਹੋਰ ਸਿੱਖ, ਅਠਾਈ ਜੁਲਾਈ ਨੂੰ ਕਮਲਜੀਤ ਸਿੰਘ ਉਰਫ਼ ਭੋਲਾ, ਉਨੱਤੀ ਜੁਲਾਈ ਨੂੰ ਬਲਕਾਰ ਸਿੰਘ ਉਰਫ਼ ਚੇਲਾ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਗੁਰਜੰਟ ਸਿੰਘ ਬੁੱਧਸਿੰਘਵਾਲਾ ਦੀ ਸ਼ਹੀਦੀ

ਉਨੱਤੀ-ਤੀਹ ਜੁਲਾਈ ਦੀ ਰਾਤ ਨੂੰ ਮਾਡਲ ਟਾਊਨ ਐਕਸਟੈਨਸ਼ਨ ਲੁਧਿਆਣਾ ਵਿਚ ਕੌਰ ਸਿੰਘ ਦੇ ਘਰ 'ਤੇ ਹਮਲਾ ਕਰ ਕੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜਰਨੈਲ ਗੁਰਜੰਟ ਸਿੰਘ ਬੁਧਸਿੰਘਵਾਲਾ ਨੂੰ ਕਤਲ ਕਰ ਦਿੱਤਾ ਗਿਆ ਤੇ ਕੌਰ ਸਿੰਘ ਦੀ ਪਤਨੀ ਅਤੇ 20, 17 ਤੇ 14 ਸਾਲ ਦੀਆਂ ਤਿੰਨ ਧੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੀ ਕੋਠੀ ਸੀਲ ਕਰ ਦਿੱਤੀ ਗਈ। ਪੁਲੀਸ ਨੇ ਇਕ ਪ੍ਰੈੱਸ ਰਿਲੀਜ਼ ਜਾਰੀ ਕਰ ਕੇ ਕਿਹਾ ਕਿ ਉਹ ਇਕ ਹਜ਼ਾਰ ਕਤਲਾਂ ਦਾ ਜ਼ਿੰਮੇਦਾਰ ਸੀ ਅਤੇ ਉਸ ਦੇ ਸਿਰ 'ਤੇ ਚਾਲ੍ਹੀ ਲੱਖ ਦਾ ਇਨਾਮ ਸੀ। ਗੁਰਜੰਟ ਸਿੰਘ ਦੇ ਕਤਲ 'ਤੇ ਪੰਜਾਬ ਵਿਚ ਤਿੰਨ ਤੇ ਚਾਰ ਅਗੱਸਤ ਦੇ ਦਿਨ ਮੁਕੰਮਲ 'ਪੰਜਾਬ ਬੰਦ' ਕੀਤਾ ਗਿਆ। ਇਕੱਤੀ ਜੁਲਾਈ ਨੂੰ ਨਿਰਮਲ ਸਿੰਘ ਵਾਸੀ ਮਲਕਪੁਰ ਕਪੂਰਥਲਾ, ਸ਼ਿੰਦਰਪਾਲ ਸਿੰਘ ਵਾਸੀ ਗੁਰਦਾਸ ਨੰਗਲ ਤੇ ਤਿੰਨ ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਅਗਸਤ 1992 ਵਿਚ ਸਿੱਖਾਂ ਦੇ ਕਤਲ

ਦੋ ਅਗਸਤ ਨੂੰ ਬਲਦੇਵ ਸਿੰਘ ਬਠਿੰਡਾ, ਤੇਜਿੰਦਰ ਸਿੰਘ ਗੋਰਾ ਨਥਾਨਾ, ਲਖਵਿੰਦਰ ਸਿੰਘ, ਸਲਵਿੰਦਰ ਸਿੰਘ, ਨਿਰਮਲ ਸਿੰਘ ਨਿੰਮਾ ਅਤੇ ਦੋ ਹੋਰ, ਤਿੰਨ ਅਗਸਤ ਨੂੰ ਰਾਮ ਰਜਿੰਦਰ ਸਿੰਘ ਜਾਮਾਰਾਏ, ਮਨਜੀਤ ਸਿੰਘ ਠੱਠਾ ਅਤੇ ਦਸ ਹੋਰ, ਪੰਜ ਅਗਸਤ ਨੂੰ ਰਣਜੀਤ ਸਿੰਘ ਨਿੰਮਾ, ਮੇਜਰ ਸਿੰਘ ਜਵੰਦਾ, ਡਾਕਟਰ ਕਸ਼ਮੀਰ ਸਿੰਘ, ਮਨਜੀਤ ਸਿੰਘ ਗੁਰਦਾਸਪੁਰ, ਛੇ ਅਗਸਤ ਨੂੰ ਬਖ਼ਸ਼ੀਸ਼ ਸਿੰਘ, ਬੰਤਾ ਸਿੰਘ ਤੇ ਈਸ਼ਰ ਸਿੰਘ, ਸੱਤ ਅਗਸਤ ਨੂੰ ਡਾਕਟਰ ਪ੍ਰਤਾਪ ਸਿੰਘ ਬੱਬਰ ਵਾਸੀ ਰੰਸੀਕੇ ਭੋਲਾ, ਮਨਜੀਤ ਸਿੰਘ ਵਾਸੀ ਜੋੜਾ ਛਤਰਾ, ਸੁਖਦੀਪ ਸਿੰਘ ਰਾਜੋਮਾਜਰਾ, ਭੂਪਿੰਦਰ ਸਿੰਘ, ਅੱਛਰ

ਸਿੰਘ, ਦਵਿੰਦਰ ਸਿੰਘ, ਬਾਵਾ ਸਿੰਘ ਮੋਮੀਆ, ਤਰਲੋਕ ਸਿੰਘ ਪੈਂਦ, ਹਰਦੀਪ ਸਿੰਘ ਵਗ਼ੈਰਾ ਮਾਰੇ ਗਏ। ਪੁਲੀਸ ਦੇ ਘੇਰੇ ਵਿਚ ਆ ਜਾਣ ਕਰਕੇ ਨੌਨਿਹਾਲ ਸਿੰਘ ਵਿੱਕੀ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

ਅੱਠ ਅਗਸਤ ਨੂੰ ਸੁਖਪਾਲ ਸਿੰਘ ਪਾਲਾ, ਬਲਦੀਪ ਸਿੰਘ ਫੂਲ, ਗੁਰਮੁਖ ਸਿੰਘ ਦੇਵੀਦਾਸਪੁਰ ਅੰਮ੍ਰਿਤਸਰ, ਮਨਜੀਤ ਸਿੰਘ ਬਿੱਟੂ ਛੇਹਰਟਾ, ਪਰਮਿੰਦਰ ਸਿੰਘ ਲਾਡੀ ਨੌਸ਼ਹਿਰਾ ਪੰਨੂਆਂ, ਕੁਲਵਿੰਦਰ ਸਿੰਘ ਫ਼ੌਜੀ, ਸਰਬਜੀਤ ਸਿੰਘ ਸਾਹਬਾ, ਕੁਲਵੰਤ ਸਿੰਘ, ਹਰਮੇਸ਼ ਸਿੰਘ ਉਰਫ਼ ਮਹੇਸ਼ੀ ਵਾਸੀ ਲਹਿਰਾ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਬਬਰ ਸੁਖਦੇਵ ਸਿੰਘ ਦਾਸੂਵਾਲ ਦੀ ਸ਼ਹੀਦੀ

ਨੌਂ ਅਗਸਤ ਨੂੰ ਬੱਬਰ ਸੁਖਦੇਵ ਸਿੰਘ ਦਾਸੂਵਾਲ (ਪੁੱਤਰ ਜਿੰਦਾ ਸਿੰਘ) (ਬਬਰ ਖ਼ਾਲਸਾ ਦੇ ਇਕ ਗਰੁੱਪ ਦਾ ਆਗੂ) ਨੂੰ ਇਕ ਨਕਲੀ ਮੁਕਾਬਲੇ ਵਿਚ ਕਤਲ ਕਰ ਦਿੱਤਾ ਗਿਆ। ਸੁਖਦੇਵ ਸਿੰਘ ਨੂੰ ਪਟਿਆਲਾ ਵਿਚ ਅਰਬਨ ਅਸਟੇਟ ਤੋਂ ਗ੍ਰਿਫ਼ਤਾਰ ਕਰ ਕੇ ਤਸੀਹੇ ਦੇਣ ਮਗਰੋਂ ਗੋਲੀ ਮਾਰ ਦਿਤੀ ਗਈ। ਪੁਲੀਸ ਨੇ ਉਸ ਨੂੰ ਇਕ ਹਜ਼ਾਰ ਕਤਲਾਂ ਦਾ ਜ਼ਿਮੇਦਾਰ ਕਰਾਰ ਦਿਤਾ। ਪ੍ਰੈੱਸ ਨੁਮਾਇੰਦਿਆਂ ਨੂੰ ਉਸ ਦੇ ਨਕਲੀ ਮੁਕਾਬਲੇ ਵਾਲੀ ਥਾਂ ’ਤੇ ਇਕ ਵੀ ਛਿੱਟਾ ਖ਼ੂਨ ਦਾ ਨਜ਼ਰ ਨਾ ਆਇਆ। ਇਸੇ ਦਿਨ ਇੰਦਰਜੀਤ ਸਿੰਘ ਡੋਗਰਾ ਨੂੰ ਵੀ ਮਾਰ ਦਿਤਾ ਗਿਆ।

ਬਾਰਾਂ ਜੂਨ ਨੂੰ ਰਛਪਾਲ ਸਿੰਘ ਛੰਦੜਾ, ਉਨੱਤੀ ਜੁਲਾਈ ਨੂੰ ਗੁਰਜੰਟ ਸਿੰਘ ਬੁੱਧਸਿੰਘਵਾਲਾ ਅਤੇ ਨੌਂ ਅਗਸਤ ਨੂੰ ਸੁਖਦੇਵ ਸਿੰਘ ਬਬਰ ਦੇ ਨਕਲੀ ਮੁਕਾਬਲਿਆਂ ਵਿਚ ਕਤਲ ਦੀ ਸਜ਼ਾ ਵਜੋਂ ਖਾੜਕੂਆਂ ਨੇ ਦਸ ਅਗਸਤ ਨੂੰ ਸੰਗਰੂਰ ਜ਼ਿਲ੍ਹੇ ਵਿਚ ਕਾਤਲ ਪੁਲਸੀਆਂ ਦੇ 26 ਰਿਸ਼ਤੇਦਾਰ ਕਤਲ ਕਰ ਦਿਤੇ। ਅਗਲੇ ਦਿਨ ਉਨ੍ਹਾਂ ਨੇ 16 ਹੋਰ ਕਤਲ ਕੀਤੇ। ਬਾਰਾਂ ਤੇ ਤੇਰਾਂ ਅਗਸਤ ਨੂੰ 9 ਹੋਰ ਕਤਲ ਕੀਤੇ ਗਏ)

ਦਸ ਅਗਸਤ ਨੂੰ ਬਲਵਿੰਦਰ ਸਿੰਘ ਵਾਸੀ ਸੁਰਜਨ ਭੈਣੀ, ਮੱਖਣ ਸਿੰਘ ਮਾਣਕੇ ਮਾਰੇ ਗਏ। ਇਸੇ ਦਿਨ ਦਿੱਲੀ ਵਿਚ ਪੁਲੀਸ ਨੇ ਮਲਕੀਅਤ ਸਿੰਘ ਫ਼ੌਜੀ ਤੇ ਉਸ ਦੀ ਪਤਨੀ ਹਰਜਿੰਦਰ ਕੌਰ ਵਾਸੀ ਲਟਾਲਾ ਨੂੰ ਮਾਰ ਦਿਤਾ। ਯਾਰਾਂ ਅਗਸਤ ਨੂੰ ਨਿਰਵੈਰ ਸਿੰਘ, ਜਸਬੀਰ ਸਿੰਘ ਜੱਸਾ ਅਤੇ ਨੌਂ ਹੋਰ, ਬਾਰਾਂ ਅਗਸਤ ਨੂੰ ਗੁਰਦਿਆਲ ਸਿੰਘ ਤੇ ਕਰਮਜੀਤ ਸਿੰਘ ਵਾਸੀ ਲਹਿਰਾ ਗਾਗਾ ਤੇ ਜਗਤ ਸਿੰਘ ਵਾਸੀ ਲਹਿਰਾ ਖਾਨਾ ਤੇ ਇਕ ਹੋਰ, ਚੌਦਾਂ ਅਗਸਤ ਨੂੰ ਕੁਲਵਿੰਦਰ ਸਿੰਘ ਕਿੰਦਾ, ਜਸਵੰਤ ਸਿੰਘ ਉਰਫ਼ ਜੱਸਾ, ਰਾਜਵੰਤ ਸਿੰਘ ਤੇ ਛੇ ਹੋਰ, ਸਤਾਰਾਂ ਅਗਸਤ ਨੂੰ ਬਘੇਲ ਸਿੰਘ ਵਾਸੀ ਸੇਹ, ਸਮਰਾਲਾ, ਬਹਾਦਰ ਸਿੰਘ ਖੀਰਨੀਆਂ, ਅੱਛਰ ਸਿੰਘ ਗੰਡਾਸਿੰਘਵਾਲਾ ਤੇ ਤਿੰਨ ਹੋਰ, ਉੱਨੀਂ ਅਗਸਤ ਨੂੰ ਬਚਿੱਤਰ ਸਿੰਘ ਤੇ ਇਕ ਹੋਰ ਸਿੱਖ ਨਕਲੀ ਮੁਕਾਬਲਿਆਂ ਵਿਚ ਮਾਰੇ ਗਏ।

ਬੇਅੰਤ ਤੇ ਕੇ.ਪੀ.ਗਿੱਲ ਦਾ ਇਕ ਹੋਰ ਜਬਰ: ਬਹਿਲਾ ਵਿਚ ਕਰਫ਼ਿਊ

ਸਿੱਖਾਂ ਨੂੰ ਨਕਲੀ ਪੁਲੀਸ ਮੁਕਾਬਲਿਆਂ ਵਿਚ ਕਤਲ ਕਰਨ ਮਗਰੋਂ ਪੁਲੀਸ ਅਤੇ ਫ਼ੌਜ ਉਨ੍ਹਾਂ ਨੂੰ ਪਿੰਡਾਂ ਵਿਚ ਅਖੰਡ ਪਾਠ ਦੇ ਭੋਗਾਂ ਵਿਚ ਲੋਕਾਂ ਨੂੰ ਸ਼ਾਮਿਲ ਨਹੀਂ ਸੀ ਹੋਣ ਦੇਂਦੀ। ਜਦੋਂ ਨੌਂ ਜੂਨ 1992 ਨੂੰ ਬਹਿਲਾ ਪਿੰਡ ਵਿਚ ਪੁਲੀਸ ਨੇ ਢਾਲ ਬਣਾਉਣ ਦੀ ਕੋਸ਼ਿਸ਼ ਵਿਚ ਪੰਜ ਪਿੰਡ ਵਾਸੀ

ਮਰਵਾਏ ਤਾਂ ਅਠਾਰਾਂ ਜੂਨ ਨੂੰ ਪੰਜਾਬ ਮੁਕੰਮਲ ਤੌਰ 'ਤੇ ਬੰਦ ਰਿਹਾ। ਪਰ 25 ਜੂਨ ਨੂੰ ਪਿੰਡ ਵਿਚ ਫ਼ੌਜ ਤੇ ਪੁਲੀਸ ਨੇ ਘੇਰਾ ਪਾ ਕੇ ਰੈਲੀ ਨਾ ਹੋਣ ਦਿਤੀ। ਇੰਵ ਹੀ ਤੀਹ ਜੁਲਾਈ ਨੂੰ ਗੁਰਜੰਟ ਸਿੰਘ ਬੁਧਸਿੰਘਵਾਲਾ ਦਾ ਨਕਲੀ ਮੁਕਾਬਲਾ ਬਣਾਉਣ ਮਗਰੋਂ ਤਿਨ ਤੇ ਚਾਰ ਅਗਸਤ ਨੂੰ ਮੁਕੰਮਲ ਪੰਜਾਬ ਬੰਦ ਰਿਹਾ ਪਰ ਅੱਠ ਅਗਸਤ ਨੂੰ ਉਸ ਦੇ ਭੋਗ ਦੇ ਦਿਨ ਪਿੰਡ ਤੋਂ 20 ਕਿਲੋਮੀਟਰ ਤਕ ਨਾਕੇ ਲਾ ਕੇ ਲੋਕ ਰੋਕੇ ਅਤੇ ਬੁੱਧਸਿੰਘ ਵਾਲਾ ਪਿੰਡ ਦੇ ਆਲੇ-ਦੁਆਲੇ ਚਾਰ ਕਿਲੋਮੀਟਰ ਤਕ ਅਣ-ਐਲਾਨਿਆ ਕਰਫਿਊ ਲਾ ਦਿਤਾ ਗਿਆ। ਨੌਂ ਅਗਸਤ ਨੂੰ ਸੁਖਦੇਵ ਸਿੰਘ ਬੱਬਰ ਤੇ ਨਕਲੀ ਮੁਕਾਬਲੇ ਮਗਰੋਂ 12 ਅਗਸਤ ਨੂੰ ਪੰਜਾਬ ਅੱਧ-ਪਚੱਧਾ ਬੰਦ ਰਿਹਾ। ਦਸ ਅਗਸਤ ਨੂੰ ਦਿੱਲੀ ਵਿਚ ਮਾਰੇ ਮਲਕੀਅਤ ਸਿੰਘ ਫ਼ੌਜੀ ਦੇ ਵੀਹ ਅਗਸਤ ਨੂੰ ਭੋਗ ਤੇ ਲਟਾਲਾ ਪਿੰਡ ਦੇ ਦੁਆਲੇ ਕਰਫ਼ਿਊ ਲਾ ਦਿੱਤਾ ਗਿਆ।

ਅਗਸਤ 1992 ਵਿਚ ਹੋਰ ਸਿੱਖਾਂ ਦੇ ਕਤਲ

ਵੀਹ ਅਗਸਤ ਨੂੰ ਸੁਖਦੇਵ ਸਿੰਘ ਸੁੱਖ ਲਲਤੋਂ, ਸੁੱਚਾ ਸਿੰਘ ਜੋਗਾ, ਇੱਕੀ ਅਗੱਸਤ ਨੂੰ ਪੰਜ ਸਿੱਖ, ਬਾਈ ਅਗਸਤ ਨੂੰ ਜਗਤਾਰ ਸਿੰਘ ਕੁੱਕੜ ਵਾਸੀ ਕਾਉਂਕੇ ਖੁਰਦ, ਬਲਦੇਵ ਸਿੰਘ ਬਿੱਲੂ ਘੁਮਾਣ ਕਲਾਂ, ਰਾਜ ਸਿੰਘ ਰਾਜੀ ਅਤੇ ਚੌਵੀ ਹੋਰ, ਤੇਈ ਅਗਸਤ ਨੂੰ ਬਲਵਿੰਦਰ ਸਿੰਘ ਮੰਡ, ਗੁਰਦਰਸ਼ਨ ਸਿੰਘ, ਸ਼ੇਰ ਸਿੰਘ, ਦਰਸ਼ਨ ਸਿੰਘ, ਸਤਬੀਰ ਸਿੰਘ ਅਤੇ ਅੱਠ ਹੋਰ, ਚੌਵੀ ਅਗਸਤ ਨੂੰ ਜਰਨੈਲ ਸਿੰਘ ਟੁੰਡਾ ਬਬਰ, ਅਮਰੀਕ ਸਿੰਘ ਤੇ ਧਰਮਵੀਰ ਸਿੰਘ (ਮੱਖਣ ਮੰਡੀ ਮਜੀਠਾ ਵਿਚ), ਸਤਾਈ ਅਗਸਤ ਨੂੰ ਮਲੂਕ ਸਿੰਘ, ਮੱਸਾ ਸਿੰਘ, ਕੁਲਵੰਤ ਸਿੰਘ ਤੇ ਦੋ ਹੋਰ, ਅਠਾਈ ਅਗਸਤ ਨੂੰ ਗੁਰਮੀਤ ਸਿੰਘ ਕਾਲਾ, ਬਲਜੋਰ ਸਿੰਘ ਉਰਫ ਬਲਜੀਤ ਸਿੰਘ, ਸਤਦੇਵ ਸਿੰਘ ਬਬਰ ਤੇ ਚਾਰ ਹੋਰ, ਉਨੱਤੀ ਅਗਸਤ ਨੂੰ ਬਾਪੂ ਬਚਿੱਤਰ ਸਿੰਘ, ਤੀਹ ਅਗਸਤ ਨੂੰ ਹਰਜਿੰਦਰ ਸਿੰਘ ਉਰਫ਼ ਜਲੰਧਰੀ, ਸੁਖਵਿੰਦਰ ਸਿੰਘ ਉਰਫ਼ ਹੀਰਾ, ਕਸ਼ਮੀਰ ਸਿੰਘ (ਚਾਹਲ ਕਲਾਂ, ਬਟਾਲਾ ਵਿਚ) ਮਾਰੇ ਗਏ। ਇਕੱਤੀ ਅਗੱਸਤ ਨੂੰ ਹਰਬੰਸ ਸਿੰਘ, ਜੰਟਾ ਸਿੰਘ, ਗੁਰਮੇਜ ਸਿੰਘ, ਗੁਰਪਾਲ ਸਿੰਘ ਉਰਫ਼ ਲਾਲੀ, ਚਰਨਜੀਤ ਸਿੰਘ ਘੁੱਲੂ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਸਤੰਬਰ 1992 ਵਿਚ ਸਿੱਖਾਂ ਦੇ ਕਤਲ

ਦੋ ਸਤੰਬਰ ਨੂੰ ਬਲਵਿੰਦਰ ਸਿੰਘ ਬਿੱਲਾ, ਦਲਜੀਤ ਸਿੰਘ ਤੇ ਇਕ ਹੋਰ, ਤਿੰਨ ਸਤੰਬਰ ਨੂੰ ਗੁਰਨੈਬ ਸਿੰਘ, ਗੁਰਦੇਵ ਸਿੰਘ ਸਰਪੰਚ, ਕੇਵਲ ਸਿੰਘ ਉਰਫ਼ ਜੱਟ ਤੇ ਚਾਰ ਹੋਰ, ਚਾਰ ਸਤੰਬਰ ਨੂੰ ਗੁਲਾਬ ਸਿੰਘ ਗੁਲਾਬਾ, ਗੁਰਮੀਤ ਸਿੰਘ ਤੇ ਤਿੰਨ ਹੋਰ, ਪੰਜ ਸਤੰਬਰ ਨੂੰ ਅੰਮ੍ਰਿਤਪਾਲ ਸਿੰਘ, ਰਣਜੀਤ ਸਿੰਘ ਹੈਪੀ ਤੇ ਉਸ ਦੀ ਪਤਨੀ, ਸ਼ਮਸ਼ੇਰ ਸਿੰਘ (ਜਲਾਲ, ਬਠਿੰਡਾ ਵਿਚ), ਛੇ ਸਤੰਬਰ ਨੂੰ ਵਿਜੈਪਾਲ ਸਿੰਘ ਤੇ ਗੁਰਜਿੰਦਰ ਸਿੰਘ ਜਲੰਧਰ, ਅੱਠ ਸਤੰਬਰ ਨੂੰ ਮਨਜਿੰਦਰ ਸਿੰਘ ਉਰਫ਼ ਬਿੱਲਾ ਮਾਰੇ ਗਏ। ਨੌ ਸਤੰਬਰ ਨੂੰ ਜਦ ਤਸਬੀਰ ਸਿੰਘ ਤਸਬੀਰਾ ਵਾਸੀ ਪੁਲੀਸ ਘੇਰੇ ਵਿਚ ਆ ਗਿਆ ਤਾਂ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਇਸੇ ਦਿਨ ਜਤਿੰਦਰ ਸਿੰਘ ਉਰਫ਼ ਰਾਜੂ, ਕਰਮਜੀਤ ਸਿੰਘ, ਯਾਰ੍ਹਾਂ ਸਤੰਬਰ ਨੂੰ ਨਿਸ਼ਾਨ ਸਿੰਘ ਬਬਰ ਵਾਸੀ ਰਸੀਕੇ ਕਲਾਂ, ਗੁਰਬਚਨ ਸਿੰਘ ਮਾਨੋਚਹਲ ਦਾ ਨਿੱਕਾ ਵੀਰ ਨਿਰਵੈਰ ਸਿੰਘ (ਜੋ ਇਕ ਮਹੀਨਾ ਪਹਿਲਾਂ ਫੜਿਆ ਸੀ) ਤੇ ਮਨਜੀਤ ਸਿੰਘ ਵਾਸੀ ਰਾਮਨਗਰ ਨਕਲੀ ਮੁਕਾਬਲਿਆਂ ਵਿਚ ਕਤਲ ਕਰ ਦਿੱਤੇ ਗਏ।

ਬਾਰ੍ਹਾਂ ਸਤੰਬਰ ਨੂੰ ਖ਼ਜ਼ਾਨ ਸਿੰਘ ਸੱਤੋਵਾਲ, ਚੌਦਾਂ ਸਤੰਬਰ ਨੂੰ ਸਾਹਿਬ ਸਿੰਘ, ਦਲਬੀਰ ਸਿੰਘ ਉਰਫ਼ ਕਾਲਾ, ਬਲਵਿੰਦਰ ਸਿੰਘ ਤੇ ਦਸ ਹੋਰ, ਪੰਦਰਾਂ ਸਤੰਬਰ ਨੂੰ ਵਰਿੰਦਰਪਾਲ ਸਿੰਘ ਲੱਕੀ ਬਬਰ ਵਾਸੀ ਦਿੱਲੀ, ਅਵਤਾਰ ਸਿੰਘ ਉਰਫ਼ ਨੀਟਾ, ਨਿਸ਼ਾਨ ਸਿੰਘ ਉਰਫ਼ ਰੱਬ ਵਾਸੀ ਸਰਹਾਲੀ ਤੇ ਸੱਤ ਹੋਰ, ਸੋਲਾਂ ਸਤੰਬਰ ਨੂੰ ਸ਼ਾਮ ਸਿੰਘ ਮੱਤੇਵਾਲ, ਲਖਵਿੰਦਰ ਸਿੰਘ ਉਰਫ਼ ਲੱਖਾ, ਪੰਥਜੀਤ ਸਿੰਘ ਦਿੱਲੀ, ਮਨਜਿੰਦਰ ਸਿੰਘ ਮਾਨੋਚਾਹਲ, ਅਵਤਾਰ ਸਿੰਘ ਉਰਫ਼ ਠਾਕਰ ਸਿੰਘ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਸੋਲਾਂ ਸਤੰਬਰ ਨੂੰ ਜਦ ਦਰਸ਼ਨ ਸਿੰਘ ਲਸੋਈ ਪੁਲੀਸ ਘੇਰੇ ਵਿਚ ਆ ਗਿਆ ਤਾਂ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ।

ਸਤਾਰਾਂ ਸਤੰਬਰ ਨੂੰ ਰਛਪਾਲ ਸਿੰਘ ਗੁਰਦਾਸਪੁਰ, ਰਾਮਸਰੂਪ ਪੰਡਤ ਉਰਫ਼ ਸੁਰਜੀਤ ਸਿੰਘ ਵਾਸੀ ਚਮੰਡਾ (ਜੋ ਪੰਡਤ ਤੋਂ ਸਿੱਖ ਸੱਜਿਆ ਸੀ), ਰਾਜਵਿੰਦਰ ਸਿੰਘ ਰਾਜੂ ਵਾਸੀ ਧੂਰੀ, ਜਗਤਾਰ ਸਿੰਘ ਵਾਸੀ ਸ਼ੇਰਪੁਰ, ਨੇੜੇ ਕਾਦੀਆਂ, ਤੇ ਚਾਰ ਹੋਰ ਸਿੱਖ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਕਤਲ ਕਰ ਦਿੱਤੇ। ਅਠਾਰਾਂ ਸਤੰਬਰ ਨੂੰ ਬਲਵੰਤ ਸਿੰਘ ਨੂੰ ਵੀ ਪੁਲੀਸ ਨੇ ਮਾਰ ਦਿੱਤਾ ਤੇ ਉਸ ਨੂੰ ਇਕ ਹਜ਼ਾਰ ਕਤਲਾਂ ਦਾ ਜ਼ਿਮੇਵਾਰ ਗਰਦਾਨਿਆ।

ਅਠਾਰਾਂ ਸਤੰਬਰ ਨੂੰ ਸੁਖਦੇਵ ਸਿੰਘ ਸੁੱਖਾ (ਪੰਜ ਸੌ ਕਤਲਾਂ ਦਾ ਜ਼ਿਮੇਦਾਰ ਆਖ ਕੇ) ਤੋਂ ਇਲਾਵਾ ਪਰਮਜੀਤ ਸਿੰਘ ਪੰਮਾ ਖੰਨਾ, ਜੋਗਿੰਦਰ ਸਿੰਘ, ਹਰਪਾਲ ਸਿੰਘ ਉਰਫ਼ ਨਿੱਕੂ ਵੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ। ਇਸੇ ਦਿਨ ਪੁਲੀਸ ਦੇ ਘੇਰੇ ਵਿਚ ਆ ਜਾਣ ਕਰਕੇ ਮਨਜੀਤ ਸਿੰਘ ਵਾਸੀ ਕਲਿਆਣਪੁਰ ਸੁੱਖਾ ਬਠਿੰਡਾ ਨੇ ਸਾਇਆਨਾਈਡ ਖਾ ਕੇ ਜਾਨ ਦੇ ਦਿੱਤੀ। ਉਨੀ ਸਤੰਬਰ ਨੂੰ ਮਨਜੀਤ ਸਿੰਘ (ਫ਼ਰੀਦਕੋਟ ਜ਼ਿਲ੍ਹੇ ਵਿਚ), ਗੁਰਇੰਦਰ ਸਿੰਘ ਵਾਸੀ ਕੁੰਭੜਵਾਲਾ (ਧਨੌਲੇ ਨੇੜੇ ਗੁਮਟੀ ਪਿੰਡ ਵਿਚ) ਅਤੇ ਸੱਤ ਹੋਰ ਸਿੱਖ ਮਾਰ ਦਿਤੇ ਗਏ। ਵੀਹ ਸਤੰਬਰ ਨੂੰ ਦਰਸ਼ਨ ਸਿੰਘ ਦਰਸ਼ੀ, ਬਲਬੀਰ ਸਿੰਘ ਉਰਫ਼ ਬੀਰਾ ਵਾਸੀ ਨੰਗਲ ਖੁਰਦ ਲੁਧਿਆਣਾ ਤੇ ਤਿੰਨ ਹੋਰ, ਬਾਈ ਸਤੰਬਰ ਨੂੰ ਕੁਲਵਿੰਦਰ ਸਿੰਘ ਕੁੱਬੇ, ਡਾਕਟਰ ਗੁਰਮੇਲ ਸਿੰਘ ਮਿੰਗੋ, ਹਰਬੰਸ ਸਿੰਘ, ਡਾਕਟਰ ਦਰਸ਼ਨ ਸਿੰਘ, ਜਸਬੀਰ ਸਿੰਘ ਤੇ ਛੇ ਹੋਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਕਮਾਲੂ ਵਿਚ ਨਕਲੀ ਮੁਕਾਬਲੇ ਵਿਚ ਮਾਰ ਦਿੱਤੇ ਗਏ। ਇਸੇ ਦਿਨ ਜਸਵੰਤ ਸਿੰਘ ਮੁੰਢਾਲੀ (ਭਾਈ ਮਨਜੀਤ ਸਿੰਘ ਅਕਾਲੀ ਦਲ ਦਾ ਪ੍ਰੈੱਸ ਸਕੱਤਰ), ਬਲਦੀਪ ਸਿੰਘ ਉਰਫ਼ ਕੁੱਕੂ, ਬਲਦੇਵ ਸਿੰਘ ਤੇ ਕੇਵਲ ਸਿੰਘ (ਪਿੰਡ ਭਿੰਡੀ ਔਲਖ ਵਿਚ) ਵੀ ਕਤਲ ਕੀਤੇ ਗਏ।

ਤੇਈ ਸਤੰਬਰ ਨੂੰ ਸਾਬਕ ਕਾਂਸਟੇਬਲ ਗੁਰਦੀਪ ਸਿੰਘ ਵੀ ਕਤਲ ਕਰ ਦਿੱਤਾ ਗਿਆ। ਪੁਲੀਸ ਘੇਰੇ ’ਚ ਆ ਜਾਣ ’ਤੇ ਸੁਖਵੀਰ ਸਿੰਘ ਉਰਫ਼ ਰਣਜੀਤ ਸਿੰਘ ਝੱਖੜ ਨੇ ਸਾਇਆਨਾਈਡ ਖਾ ਲਿਆ। ਚੌਵੀ ਸਤੰਬਰ ਨੂੰ ਗੁਰਜੀਤ ਸਿੰਘ ਜੇਠੂ ਨੰਗਲ, ਹਰਜੀਤ ਸਿੰਘ ਉਰਫ਼ ਲਾਡੀ ਦਾਦੂਪੁਰ, ਸੁਖਦੇਵ ਸਿੰਘ ਸੁੱਖਾ ਨੰਗਲ ਪੰਨੂਆਂ, ਸੁਖਵਿੰਦਰ ਸਿੰਘ ਛਿੰਦਾ ਠੱਠੀਆਂ, ਮਲੂਕ ਸਿੰਘ, ਮਨਜੀਤ ਸਿੰਘ ਬਿੱਟੂ ਉਰਫ਼ ਛੋਟਾ ਕਲਯੁਗ ਵਾਸੀ ਘਸੀਟਪੁਰ, ਜਸਵੰਤ ਸਿੰਘ ਵਾਸੀ ਨਿੱਕੀ ਮਾਨੋਚਾਹਲ; ਪੰਝੀ ਸਤੰਬਰ ਨੂੰ ਗੁਰਮੁਖ ਸਿੰਘ (ਭਿੱਟੇਵੱਢ ਵਿਚ), ਸੁਬੇਗ ਸਿੰਘ (ਦੋਬੁਰਜੀ ਵਿਚ), ਛਬੀ ਸਤੰਬਰ ਨੂੰ ਬਗੀਚਾ ਸਿੰਘ ਵਾਸੀ ਬਾਠ, ਹੀਰਾ ਸਿੰਘ ਉਰਫ਼ ਨਾਮੀ, ਜੋਗਾ ਸਿੰਘ ਵਾਸੀ ਲੱਖਣ ਤੱਤਾ, ਗੁਰਨਾਮ ਸਿੰਘ ਵਾਸੀ ਕਾਲਾ ਬਕਰਾ, ਗੁਰਕੀਰਤ ਸਿੰਘ, ਬਲਜਿੰਦਰ ਸਿੰਘ ਬੁੱਧੂ (ਜੰਡਿਆਲਾ ਨੇੜੇ, ਪਿੰਡ ਭਾਨੀਆਂ ਵਿਚੇ), ਜੱਸਾ ਸਿੰਘ (ਬੁੱਟਰ ਪਿੰਡ, ਜ਼ਿਲ੍ਹਾ ਫ਼ਿਰੋਜ਼ਪੁਰ ਵਿਚ)

ਮਾਰੇ ਗਏ। ਮਸਤੂਆਣਾ ਕੋਲ ਹੋਏ ਮੁਕਾਬਲੇ ਵਿਚ ਨਿਰਮਲ ਸਿੰਘ ਭੈਣੀ ਮਹਿਰਾਜ, ਲਖਵਿੰਦਰ ਸਿੰਘ ਲੱਖਾ ਮੰਡਵੀ ਤੇ ਕੌਰ ਸਿੰਘ ਹੁੰਬਣਵਾਲ, ਧੂਰੀ ਨਕਲੀ ਮੁਕਾਬਲਿਆਂ ਵਿਚ ਮਾਰੇ ਗਏ।

ਸਤਾਈ ਸਤੰਬਰ ਨੂੰ ਕੁਲਵੰਤ ਸਿੰਘ ਕੰਤਾ ਵਾਸੀ ਯਾਦਪੁਰ, ਅਵਤਾਰ ਸਿੰਘ ਉਰਫ਼ ਬਿੱਲੂ (ਦੋ ਸੌ ਕਤਲਾਂ ਦਾ ਜ਼ਿਮੇਦਾਰ ਗਰਦਾਨ ਕੇ), ਰਣਜੀਤ ਸਿੰਘ ਤੇ ਕੁਲਵੰਤ ਸਿੰਘ (ਬਹਿਲਾ, ਅੰਮ੍ਰਿਤਸਰ ਵਿਚ) ਕਤਲ ਕੀਤੇ ਗਏ। ਉੱਨਤੀ ਸਤੰਬਰ ਨੂੰ ਖਜਾਲਾ ਕੋਲ ਹੋਏ 18 ਘੰਟੇ ਦੇ 'ਅਸਲ ਪੁਲੀਸ ਮੁਕਾਬਲੇ' ਵਿਚ ਲਾਭ ਸਿੰਘ, ਪ੍ਰਭਜੋਤ ਸਿੰਘ, ਹਰਪਾਲ ਸਿੰਘ ਪਾਲਾ, ਮੰਗਲ ਸਿੰਘ ਰੌਂਤਾ ਤੇ ਦੋ ਹੋਰ, ਨੱਥਾ ਸਿੰਘ, ਭੂਪਿੰਦਰ ਸਿੰਘ ਉਰਫ਼ ਬਿੱਟੂ (ਖੰਨਾ ਕੋਲ ਭਗੌਰ ਵਿਚ), ਨੱਥਾ ਸਿੰਘ ਤੇ ਰਣਜੀਤ ਸਿੰਘ ਉਰਫ਼ ਬੁਰਜ (ਹਰਿਆਣੇ ਦੇ ਕੁਰੂਕਸ਼ੇਤਰ ਜ਼ਿਲ੍ਹਾ ਵਿਚ) ਕਤਲ ਕੀਤੇ ਗਏ। ਤੀਹ ਸਤੰਬਰ ਨੂੰ ਬਲਵਿੰਦਰ ਸਿੰਘ ਸ਼ਾਹਪੁਰ (ਅੰਮ੍ਰਿਤਸਰ ਵਿਚ) ਤੇ ਗੁਰਦੀਪ ਸਿੰਘ ਫ਼ੌਜੀ (ਬਟਾਲਾ ਵਿਚ) ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਖਾੜਕੂਆਂ ਦੇ ਖ਼ਿਲਾਫ਼ ਝੂਠਾ ਪ੍ਰਚਾਰ ਤੇ ਇਨਾਮਾਂ ਦੀ ਠੱਗੀ

ਇਨ੍ਹੀਂ ਦਿਨੀਂ ਪੁਲੀਸ ਚੀਫ਼ ਕੇ.ਪੀ.ਐਸ. ਗਿੱਲ ਨੇ ਪਬਲਿਕ ਰੀਲੇਸ਼ਨਜ਼ ਦਾ ਇਕ ਜੂਨੀਅਰ ਮੁਲਾਜ਼ਮ ਭਰਤਇੰਦਰ ਸਿੰਘ ਚਾਹਲ (ਜੋ ਮਗਰੋਂ 2002 ਵਿਚ ਕੈਪਟਨ ਅਮਰਿੰਦਰ ਸਿੰਘ ਦਾ 'ਮੀਡੀਆ ਐਡਵਾਈਜ਼ਰ' ਬਣਿਆ) ਪੁਲੀਸ ਦੀਆਂ ਰਲੀਜ਼ ਜਾਰੀ ਕਰਨ ਵਾਸਤੇ ਲਾਇਆ ਹੋਇਆ ਸੀ। ਉਹ ਗੱਪਾਂ ਲਿਖਣ ਵਿਚ ਮਾਹਿਰ ਸੀ। ਉਹ ਹਰ ਇਕ ਖਾੜਕੂ ਨੂੰ ਇਕ ਸੌ ਤੋਂ ਇਕ ਹਜ਼ਾਰ 'ਕਤਲਾਂ' ਦਾ ਜ਼ਿਮੇਦਾਰ ਆਖ ਕੇ ਪ੍ਰੈੱਸ ਨੂੰ ਬਿਆਨ ਰਲੀਜ਼ ਕਰਿਆ ਕਰਦਾ ਸੀ। ਜੇ ਉਸ ਦੇ ਗਪੌੜੇ ਇਕੱਠੇ ਕਰ ਲਏ ਜਾਣ ਤਾਂ ਪੰਜਾਬ ਵਿਚ ਖਾੜਕੂਆਂ ਨੇ ਇਕ ਲੱਖ ਤੋਂ ਵਧ ਬੰਦੇ ਮਾਰੇ ਸਨ। ਹਾਂ ਇਕ ਗੱਲ ਸਹੀ ਸੀ ਕਿ ਇਨ੍ਹਾਂ ਵਾਸਤੇ ਪੰਜ ਲੱਖ ਤੋਂ ਚਾਲ੍ਹੀ ਲੱਖ ਤਕ ਦੇ ਇਨਾਮ ਸਹੀ ਹੁੰਦੇ ਸਨ। ਕਿਉਂਕਿ ਇਹ ਰਕਮ ਪੁਲੀਸ ਨੇ ਸਰਕਾਰੀ ਖ਼ਜ਼ਾਨੇ ਵਿਚੋਂ ਹਾਸਿਲ ਕਰਨੀ ਹੁੰਦੀ ਸੀ। ਇਸ ਕਰ ਕੇ ਹਰ ਇਕ ਨੂੰ ਵੱਡਾ ਖਾੜਕੂ ਸਾਬਿਤ ਕਰਨਾ ਤੇ ਪ੍ਰਚਾਰਨਾ ਹੁੰਦਾ ਸੀ।

ਅਕਤੂਬਰ 1992 ਵਿਚ ਸਿੱਖਾਂ ਦੇ ਕਤਲ

ਪਹਿਲੀ ਅਕਤੂਬਰ ਨੂੰ ਰਣਧੀਰ ਸਿੰਘ ਧੀਰਾ ਵਾਸੀ ਰਕਬਾ ਜਗਰਾਓਂ ਤੇ ਦਸ ਹੋਰ ਸਿੱਖ ਮਾਰੇ ਗਏ। ਦੋ ਅਕਤੂਬਰ ਨੂੰ ਗੁਰਮੁਖ ਸਿੰਘ ਨਾਗੋਕੇ ਤੇ ਉਸ ਦੀ ਪਤਨੀ ਤੇਜਿੰਦਰ (ਰਾਜਬੀਰ) ਕੌਰ, ਭੂਪਿੰਦਰ ਸਿੰਘ ਭਿੰਦਾ ਥਾਂਦੇ (ਦੋ ਸੌ ਕਤਲਾਂ ਦਾ ਜ਼ਿਮੇਦਾਰ ਆਖ ਕੇ), ਅਮੀਰ ਸਿੰਘ ਪਟਿਆਲਾ ਵੀ ਕਤਲ ਕੀਤੇ ਗਏ। ਚਾਰ ਅਕਤੂਬਰ ਨੂੰ ਬਲਵਿੰਦਰ ਸਿੰਘ ਕਾਲੀ, ਦਲਬੀਰ ਸਿੰਘ ਤੇ ਪੰਜ ਹੋਰ, ਪੰਜ ਅਕਤੂਬਰ ਨੂੰ ਅਜੀਤ ਸਿੰਘ ਜੀਤਾ, ਰਾਜਿੰਦਰ ਸਿੰਘ ਰਾਜੂ ਤੇ ਦਰਸ਼ਨ ਸਿੰਘ, ਛੇ ਅਕਤੂਬਰ ਨੂੰ ਅਮਰੀਕ ਸਿੰਘ, ਸੱਤ ਅਕਤੂਬਰ ਨੂੰ ਨਰੈਣ ਸਿੰਘ ਨਰੈਣਾ ਉਰਫ਼ ਛੋਟਾ ਗੁਰੀਲਾ, ਅਵਤਾਰ ਸਿੰਘ ਤਾਰੀ ਉਰਫ਼ ਚਿੜੀ, ਹਰਵਿੰਦਰ ਸਿੰਘ ਬਿੱਟੂ ਮੌਲੀਵਾਲਾ, ਸੁਖਵਿੰਦਰ ਸਿੰਘ ਤੇ ਨਵਤੇਜ ਸਿੰਘ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ।

ਦਸ ਅਕਤੂਬਰ ਨੂੰ ਅਵਤਾਰ ਸਿੰਘ ਉਰਫ਼ ਰਾਜੂ (ਭੈਣੀ ਗਿੱਲ ਅੰਮ੍ਰਿਤਸਰ ਵਿਚ), ਗੁਰਭੇਜ ਸਿੰਘ ਉਰਫ਼ ਭੇਜਾ, ਜਸਵਿੰਦਰ ਸਿੰਘ (ਲੱਧੂ, ਤਰਨਤਾਰਨ ਵਿਚ) ਤੇ ਤਿੰਨ ਹੋਰ, ਯਾਰ੍ਹਾਂ ਅਕਤੂਬਰ ਨੂੰ ਜਸਵਿੰਦਰ ਸਿੰਘ (ਦੋ ਸੌ ਕਤਲਾਂ ਦਾ ਜ਼ਿਮੇਦਾਰ ਗਰਦਾਨ ਕੇ), ਤੇਰ੍ਹਾਂ ਅਕਤੂਬਰ ਨੂੰ ਕਾਕਾ

ਸਿੰਘ ਕਾਲੇਕੇ ਪੁਲੀਸ ਨੇ ਮਾਰ ਦਿੱਤੇ। ਚੌਦਾਂ ਅਕਤੂਬਰ ਨੂੰ ਨਾਇਬ ਸਿੰਘ ਨੈਬਾ ਰੂੜੇਕੇ ਕਲਾਂ, ਹਰਮਨਜੀਤ ਸਿੰਘ ਤਾਜੋਕੇ, ਘੋਗਾ ਸਿੰਘ ਰੂੜੇਕੇ ਕਲਾਂ ਨੂੰ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤਾ।

ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਫ਼ਾਂਸੀ

9 ਅਕਤੂਬਰ 1992 ਦੇ ਦਿਨ (ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲੇ ਵੈਦਯ ਨੂੰ ਮਾਰਨ ਕਰ ਕੇ) ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੂੰ ਪੂਨਾ ਵਿਚ ਫ਼ਾਂਸੀ ਦਿੱਤੀ ਗਈ। ਪਰ ਉਨ੍ਹਾਂ ਦੀ ‘ਆਖ਼ਰੀ’ ਖ਼ਾਹਿਸ਼ ਕਿ ਉਨ੍ਹਾਂ ਨੂੰ ਖੰਡੇ ਦੀ ਪਾਹੁਲ ਦਿਵਾਈ ਜਾਵੇ ਪੂਰੀ ਨਾ ਕੀਤੀ ਗਈ। ਫ਼ਾਂਸੀ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੇ ਮਠਿਆਈ ਵੰਡੀ ਤੇ ਹੱਸ-ਹੱਸ ਕੇ ਫ਼ਾਂਸੀ ਦਾ ਰੱਸਾ ਗਲ ਵਿਚ ਪਾਇਆ। ਉਨ੍ਹਾਂ ਦੀਆਂ ਲਾਸ਼ਾਂ ਵੀ ਪਰਿਵਾਰ ਨੂੰ ਨਾ ਦਿੱਤੀਆਂ ਗਈਆਂ। ਇਸ ਦੇ ਜਵਾਬ ਵਿਚ ਦਸ ਤੇ ਗਿਆਰਾਂ ਅਕਤੂਬਰ ਨੂੰ ਮੁਕੰਮਲ ਪੰਜਾਬ ਬੰਦ ਰਿਹਾ। *ਤੇਰਾਂ ਅਕਤੂਬਰ ਨੂੰ ਜਨਤਾ ਦਲ ਦੇ ਨੈਸ਼ਨਲ ਜਨਰਲ ਸਕੱਤਰ ਰਾਮਵੀਰ ਸਿੰਘ ਬਿਧੂੜੀ ਨੇ ਕਿਹਾ ਕਿ ਜੇ ਜਿੰਦਾ ਤੇ ਸੁੱਖਾ ਨੂੰ ਫ਼ਾਂਸੀ ਦਿੱਤੀ ਹੈ ਤਾਂ ਉਨ੍ਹਾਂ ਵਾਂਗ 1984 ਨਵੰਬਰ ਦੇ ਕਾਤਲਾਂ ਨੂੰ ਵੀ ਫ਼ਾਂਸੀ ਦਿੱਤੀ ਜਾਣੀ ਚਾਹੀਦੀ ਹੈ।*

ਜਿੰਦਾ ਤੇ ਸੁੱਖਾ ਨੂੰ ਫ਼ਾਂਸੀ ਦੇਣ ਮਗਰੋਂ ਉਨ੍ਹਾਂ ਨਮਿਤ ਭੋਗ ਅਠਾਰਾਂ ਅਕਤੂਬਰ ਨੂੰ ਅਕਾਲ ਤਖ਼ਤ ’ਤੇ ਪਾਉਣ ਦਾ ਐਲਾਨ ਕੀਤਾ ਗਿਆ। ਗਿਆਰਾਂ ਅਕਤੂਬਰ ਨੂੰ ਚੀਫ਼ ਮਨਿਸਟਰ ਬੇਅੰਤ ਨੇ ਐਲਾਨ ਕੀਤਾ ਕਿ ਇਹ ਭੋਗ ਅਕਾਲ ਤਖ਼ਤ ’ਤੇ ਨਹੀਂ ਪੈਣ ਦਿੱਤਾ ਜਾਵੇਗਾ। ਇਸ ਐਲਾਨ ਮਗਰੋਂ ਤੇਰ੍ਹਾਂ ਤਾਰੀਖ਼ ਨੂੰ ਪੁਲੀਸ ਨੇ ਦਰਬਾਰ ਸਾਹਿਬ ਨੂੰ ਘੇਰਾ ਪਾ ਲਿਆ। ਅਗਲੇ ਦਿਨ ਟੌਹੜਾ ਅਤੇ ਸੈਂਕੜੇ ਹੋਰ ਗ੍ਰਿਫ਼ਤਾਰ ਕਰ ਲਏ ਗਏ। ਸਤਾਰਾਂ ਅਕਤੂਬਰ ਦੀ ਰਾਤ ਨੂੰ ਦਸ ਵਜੇ ਬਾਰਾਂ ਸੌ ਪੁਲਸੀਏ ਦਰਬਾਰ ਸਾਹਿਬ ਵਿਚ ਜਾ ਵੜੇ ਅਤੇ ਸਾਰੇ ਯਾਤਰੂਆਂ ਨੂੰ ਸਰਾਵਾਂ ਅਤੇ ਪਰਕਰਮਾ ਵਿਚੋਂ ਕੱਢ ਦਿੱਤਾ। ਇਸ ਦੇ ਬਾਵਜੂਦ ਬਹੁਤ ਸਾਰੇ ਸਿੱਖ ਆਗੂ ਤੇ ਵਰਕਰ ਦਰਬਾਰ ਸਾਹਿਬ ਪਹੁੰਚ ਗਏ। ਅਗਲੇ ਦਿਨ ਭੋਗ ਵੇਲੇ ਤਲਵੰਡੀ, ਮਨਜੀਤ ਸਿੰਘ, ਹਰਮਿੰਦਰ ਸਿੰਘ ਗਿੱਲ, ਗੁਲਜ਼ਾਰ ਸਿੰਘ ਰਣੀਕੇ, ਓਂਕਾਰ ਸਿੰਘ ਮੱਤੇਨੰਗਲ ਤੇ ਬਹੁਤ ਸਾਰੇ ਸਿੱਖ ਹਾਜ਼ਿਰ ਸਨ। ਇਸ ਮੌਕੇ ’ਤੇ ਜਿੰਦਾ ਸੁੱਖਾ ਪਰਿਵਾਰ ਦੇ ਮੈਂਬਰਾਂ ਨੂੰ ਗੋਲਡ ਮੈਡਲ ਦਿੱਤੇ ਗਏ।

ਪੁਲੀਸ ਚੀਫ਼ ਕੇ.ਪੀ.ਐੱਸ. ਗਿੱਲ ਭਿੰਡਰਾਂ-ਮਹਿਤਾ ਡੇਰੇ ਗਿਆ

ਚੌਦਾਂ ਅਕਤੂਬਰ 1992 ਨੂੰ ਪੁਲੀਸ ਚੀਫ਼ ਕੇ.ਪੀ.ਐਸ. ਗਿੱਲ, ਲੇਖਕ ਖ਼ੁਸ਼ਵੰਤ ਸਿੰਘ ਤੇ ਹੋਰ ਕਈ ਸਰਕਾਰੀ ਬੰਦੇ ਭਿੰਡਰਾਂਵਾਲਿਆਂ ਦੇ ਹੈੱਡ-ਕੁਆਟਰ ਚੌਕ ਮਹਿਤਾ ਗਏ। ਇਹ ਸਾਰੀ ਖੇਡ ਪ੍ਰੋ: ਸਰੂਪ ਸਿੰਘ (ਪੰਜਾਬ ਯੂਨੀਵਰਸਿਟੀ ਈਵਨਿੰਗ ਕਾਲਜ, ਚੰਡੀਗੜ੍ਹ) ਦੀ ਸੀ ਜੋ ਭਿੰਡਰਾਂ-ਮਹਿਤਾ ਜੱਥਾ ਨੂੰ ਬਦਨਾਮ ਕਰਨ ਵਾਸਤੇ ਗਿੱਲ ਨੂੰ ਉੱਥੇ ਲੈ ਗਿਆ ਸੀ। ਇਹ ਸਰੂਪ ਸਿੰਘ ਉਸ ਮਨਜੀਤ ਸਿੰਘ ਸਿੱਧੂ *(ਜੋ ਨਾਰਥ ਅਮਰੀਕਾ ਦੇ ਸਿੱਖਾਂ ਨੂੰ ਕਈ ਸਾਲ ਮੂਰਖ ਬਣਾ ਕੇ ਸਟਾਕਟਨ ਤੋਂ ਛਪਦੀ ਵਰਲਡ ਸਿੱਖ ਨਿਊਜ਼ ਦਾ ਐਡੀਟਰ ਬਣਿਆ ਰਿਹਾ; ਇਸ ਅਖ਼ਬਾਰ ਵਿਚ ਕੇ.ਪੀ.ਐੱਸ. ਗਿੱਲ ਦੇ ਖ਼ਿਲਾਫ਼ ਕਦੇ ਵੀ ਇਕ ਵੀ ਲਫ਼ਜ਼ ਨਹੀਂ ਸੀ ਛਪਦਾ)* ਦਾ ਯਾਰ ਸੀ ਜਿਸ ਨੇ ਆਪਣੀ ਧੀ ਜ਼ਾਲਮ ਡੀ.ਜੀ.ਪੀ. ਕੇ.ਪੀ.ਐੱਸ. ਗਿੱਲ ਦੇ ਪੁੱਤਰ ਨਾਲ ਵਿਆਹੀ ਸੀ।

14 ਅਕਤੂਬਰ 1992 ਦੇ ਦਿਨ ਚੌਕ ਮਹਿਤਾ ਡੇਰੇ ਵਿਚ ਠਾਕਰ ਸਿੰਘ ਤੇ ਭਾਈ ਮੋਹਕਮ ਸਿੰਘ ਹਾਜ਼ਰ ਨਹੀਂ ਸਨ। ਉਨ੍ਹਾਂ ਦੀ ਗ਼ੈਰ ਹਾਜ਼ਰੀ ਵਿਚ ਹਰਨਾਮ ਸਿੰਘ ਧੁੰਮਾ (ਹੁਣ ਮੁਖੀ 'ਜੱਥਾ ਭਿੰਡਰਾਂ-ਮਹਿਤਾ'), ਧਰਮ ਸਿੰਘ (ਉਦੋਂ ਖ਼ਜ਼ਾਨਚੀ ਚੌਕ ਮਹਿਤਾ ਡੇਰਾ) ਨੇ ਕਮਰਾ ਨੰਬਰ 7 ਵਿਚ ਖ਼ੁਸ਼ਵੰਤ ਸਿੰਘ ਤੇ ਕੇ.ਪੀ.ਐਸ. ਗਿੱਲ ਨਾਲ ਖ਼ੁਫ਼ੀਆ ਮੀਟਿੰਗ ਕੀਤੀ। ਇਸ ਮੀਟਿੰਗ ਵਿਚ ਇਨ੍ਹਾਂ ਦੀ ਆਪਸ ਵਿਚ ਕੀ ਗੰਢ-ਤਰੁਪ ਹੋਈ ਜਾਂ ਆਪਸ ਵਿਚ ਕੀ ਸੌਦਾ ਹੋਇਆ ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਹਾਂ, ਖ਼ੁਸ਼ਵੰਤ ਸਿੰਘ ਤੇ ਕੇ.ਪੀ.ਐਸ. ਗਿੱਲ ਨੂੰ ਜਾਣ ਤੋਂ ਪਹਿਲਾਂ ਸਿਰੋਪਾਓ ਨਾਲ ਨਿਵਾਜਿਆ ਗਿਆ (ਹਾਲਾਂ ਕਿ ਉਨ੍ਹੀਂ ਦਿਨੀਂ ਕੇ.ਪੀ.ਐਸ. ਗਿੱਲ ਦੇ ਹੁਕਮਾਂ ਹੇਠ ਹਰ ਰੋਜ਼ ਦਰਜਨਾਂ ਸਿੱਖ ਨਕਲੀ ਮੁਕਾਬਲਿਆਂ ਵਿਚ ਮਾਰੇ ਜਾ ਰਹੇ ਸਨ)। ਇਸ ਸਮੇਂ ਇਸ ਤੋਂ ਕੁਝ ਦਿਨ ਮਗਰੋਂ ਹੀ ਹਰਨਾਮ ਸਿੰਘ ਧੁੰਮਾ ਤੇ ਧਰਮ ਸਿੰਘ ਦੇ ਪਾਸਪੋਰਟ ਬਣ ਗਏ ਤੇ ਉਹ ਕਨੇਡਾ ਤੇ ਫਿਰ ਅਮਰੀਕਾ ਵੀ ਪਹੁੰਚ ਗਏ।

(ਇਸ ਮਗਰੋਂ ਚੌਕ ਮਹਿਤਾ ਡੇਰਾ ਵਿਚ ਟਰੈਵਲ ਏਜੰਟ ਵਾਲੀਆਂ ਕਾਰਵਾਈਆਂ ਵੀ ਸ਼ੁਰੂ ਹੋ ਗਈਆਂ; ਲੋਕਾਂ ਨੂੰ ਪਾਸਪਰਟ ਤੇ ਵੀਜ਼ੇ ਵੀ ਮਿਲਣ ਲਗ ਪਏ। ਮਗਰੋਂ ਸਰਕਾਰ ਦੀ ਸਾਜ਼ਸ਼ ਨਾਲ ਹਰਨਾਮ ਸਿੰਘ ਧੁੰਮਾ ਨੂੰ ਭਾਰਤ ਵਾਪਿਸ ਲਿਆ ਕੇ ਚੌਕ ਮਹਿਤਾ ਦੇ ਡੇਰੇ ਦਾ ਮੁਖੀ ਬਣਾ ਦਿੱਤਾ ਗਿਆ)। *ਵਧੇਰੇ ਤਫ਼ਸੀਲ ਵਾਸਤੇ ਵੇਖੋ: ਮਹਿੰਦਰ ਸਿੰਘ ਪਤਰਕਾਰ ਦੀ ਕਿਤਾਬ 'ਨੀਂਹ ਰੱਖੀ ਗਈ', ਸਫ਼ਾ 302। (ਮਗਰੋਂ ਹਰਨਾਮ ਸਿੰਘ ਧੁੰਮਾ ਨੂੰ ਸਰਕਾਰੀ ਸਾਜ਼ਸ਼ ਹੇਠ ਭਾਰਤ ਲਿਆ ਕੇ ਚੌਕ ਮਹਿਤਾ ਡੇਰੇ ਦਾ ਮੁਖੀ ਬਣਾ ਦਿੱਤਾ ਗਿਆ)।*

ਬੱਬਰ ਖਾਲਸਾ ਦੇ ਮੋਢੀ ਜੱਥੇਦਾਰ ਤਲਵਿੰਦਰ ਸਿੰਘ ਦੀ ਸ਼ਹੀਦੀ

ਪੰਦਰਾਂ ਅਕਤੂਬਰ 1992 ਦੇ ਦਿਨ ਬੱਬਰ ਖਾਲਸਾ ਦੇ ਬਾਨੀ ਜਥੇਦਾਰ ਤਲਵਿੰਦਰ ਸਿੰਘ ਨੂੰ ਪੁਲੀਸ ਥਾਣੇਦਾਰ ਕੰਵਲਜੀਤ ਸਿੰਘ ਫਿਲੌਰ ਨੇ ਨਕਲੀ ਮੁਕਾਬਲੇ ਵਿਚ ਪਿੰਡ ਕੰਗ ਅਰਾਈਆਂ ਵਿਚ ਕਤਲ ਕਰ ਦਿੱਤਾ। ਪੁਲੀਸ ਨੇ ਕੁਝ ਮੁਸਲਮਾਨਾਂ ਨੂੰ ਵੀ ਮਾਰ ਕੇ ਇਹ ਕਿਹਾ ਕਿ ਇਹ ਸਾਰੇ ਪਾਕਿਸਤਾਨ ਦੇ ਜਾਸੂਸ ਸਨ ਜੋ ਤਲਵਿੰਦਰ ਸਿੰਘ ਦੇ ਨਾਲ ਹੀ (ਨਕਲੀ) ਮੁਕਾਬਲੇ ਵਿਚ ਮਾਰੇ ਗਏ ਸਨ। ਜੱਥੇਦਾਰ ਤਲਵਿੰਦਰ ਸਿੰਘ ਨੂੰ ਦਸ ਦਿਨ ਪਹਿਲਾਂ ਗ੍ਰਿਫ਼ਤਾਰ ਕਰ ਕੇ ਉਸ 'ਤੇ ਬਹੁਤ ਜ਼ਿਆਦਾ ਤਸ਼ੱਦਦ ਕੀਤਾ ਸੀ।

ਅਕਤੂਬਰ 1992 ਦੇ ਦੂਜੇ ਅੱਧ ਵਿਚ ਸਿੱਖਾਂ ਦੇ ਕਤਲ

ਸੋਲ੍ਹਾਂ ਅਕਤੂਬਰ ਨੂੰ ਮਨਜੀਤ ਸਿੰਘ ਧਮਾਕਾ (ਕੋਟਲੀ ਵਸਾਵਾ ਸਿੰਘ, ਨੇੜੇ ਤਰਨਤਾਰਨ ਵਿਚ), ਸਤਾਰਾਂ ਅਕਤੂਬਰ ਨੂੰ ਜੋਗਿੰਦਰ ਸਿੰਘ ਖੋਜਕੀਪੁਰ, ਸਤਨਾਮ ਸਿੰਘ ਉਰਫ਼ ਸੱਤਾ (ਤਰਤੀਬਵਾਰ ਤਿੰਨ ਸੌ ਤੇ ਦੋ ਸੌ ਕਤਲਾਂ ਦੇ ਜ਼ਿੰਮੇਦਾਰ ਆਖ ਕੇ), ਹਰਜਿੰਦਰ ਸਿੰਘ ਜਿੰਦਾ ਵਾਸੀ ਸੀਤਲਵਾਦ (ਤਿੰਨ ਸੌ ਦਾ ਕਾਤਲ ਆਖ ਕੇ) ਤੇ ਤਰਸੇਮ ਸਿੰਘ ਨੂੰ ਵੀ ਨਕਲੀ ਮੁਕਾਬਲਾ ਬਣਾ ਕੇ ਮਾਰ ਦਿੱਤਾ ਗਿਆ। ਅਠਾਰਾਂ ਅਕਤੂਬਰ ਨੂੰ ਸੁਰਜੀਤ ਸਿੰਘ, ਕੁਲਦੀਪ ਸਿੰਘ, ਨਿਸ਼ਾਨ ਸਿੰਘ ਤੇ ਦਿਲਬਾਗ ਸਿੰਘ (ਪੰਜਵੜ ਨੇੜੇ), ਉਨੀ ਅਕਤੂਬਰ ਨੂੰ ਹਰੀ ਸਿੰਘ (ਧਿਆਨੀ ਖੁਰਦ, ਲੁਧਿਆਣਾ ਵਿਚ), ਵੀਹ ਅਕਤੂਬਰ ਨੂੰ ਗੁਰਸੇਵਕ ਸਿੰਘ ਉਰਫ਼ ਸੋਨੂੰ, ਇੱਕੀ ਅਕਤੂਬਰ ਨੂੰ ਕਸ਼ਮੀਰਾ ਸਿੰਘ ਉਰਫ਼ ਛੋਟਾ ਉੱਪਲ, ਬਾਈ ਅਕਤੂਬਰ ਨੂੰ ਸੰਤੋਖ ਸਿੰਘ ਉਰਫ਼ ਸੁਖਦੇਵ ਸਿੰਘ ਸੁੱਖਾ

ਵਾਸੀ ਦਾਨੇਵਾਲ, ਬਲਵਿੰਦਰ ਸਿੰਘ ਉਰਫ਼ ਬਿੰਦਰ ਵਾਸੀ ਅਰਜਨਪੁਰਾ ਨਕਲੀ ਮੁਕਾਬਲੇ ਬਣਾ ਕੇ ਮਾਰ ਦਿੱਤੇ ਗਏ। ਚੌਵੀ ਅਕਤੂਬਰ ਨੂੰ ਜਸਬੀਰ ਸਿੰਘ ਉਰਫ਼ ਜੱਸਾ ਉਰਫ਼ ਛੋਟਾ ਭੋਲਾ, ਬਲਬੀਰ ਸਿੰਘ ਬੀਰਾ (ਦਸ ਲੱਖੀ ਤੇ ਪੰਜ ਲੱਖੀ ਈਨਾਮੀ ਗਰਦਾਨ ਕੇ) ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਇਸੇ ਦਿਨ ਬੱਬਰ ਖ਼ਾਲਸਾ ਦਾ ਰਘਬੀਰ ਸਿੰਘ ਸਾਹਲੋਂ ਉਰਫ਼ ਟੈਂਕ ਜੋ 'ਰਬੈਰੋ ਮਿਸ਼ਨ' ਵਾਸਤੇ ਵਿਦੇਸ਼ ਗਿਆ ਸੀ ਤੇ ਪੂਰਾ ਨਾ ਹੋਣ ਮਗਰੋਂ ਵਾਪਿਸ ਪੰਜਾਬ ਆ ਗਿਆ ਸੀ, ਨੂੰ ਵੀ 15 ਦਿਨ ਤਸ਼ੱਦਦ ਕਰਨ ਮਗਰੋਂ ਨਕਲੀ ਮੁਕਾਬਲੇ ਵਿਚ ਮਾਰ ਦਿਤਾ ਗਿਆ। ਬਖ਼ਸ਼ੀਸ਼ ਸਿੰਘ ਬਲ ਹੁਕਮੀ, ਜੋ ਫ਼ਰਾਂਸ ਤੋਂ ਪੰਜਾਬ ਵਾਪਿਸ ਜਾ ਕੇ ਜੱਦੋਜਹਿਦ ਵਿਚ ਸ਼ਾਮਿਲ ਹੋ ਗਿਆ ਸੀ, ਨੂੰ ਵੀ ਇਕ ਮਹੀਨਾ ਤਸ਼ੱਦਦ ਕਰਨ ਮਗਰੋਂ ਫ਼ਿਲੌਰ ਨੇੜੇ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ।

ਬਾਈ ਅਕਤੂਬਰ ਨੂੰ ਹਰਕਿਸ਼ਨ ਸੁਰਜੀਤ (ਮਾਰਕਸਵਾਦੀ ਕਮਿਊਨਿਸਟ) ਨੇ ਇਕ ਬਿਆਨ ਵਿਚ ਕਿਹਾ ਕਿ ਚੀਫ਼ ਮਨਿਸਟਰ ਬੇਅੰਤ ਪੰਜਾਬ ਮਸਲੇ ਦਾ ਸਿਆਸੀ ਹੱਲ ਨਹੀਂ ਚਾਹੁੰਦਾ। ਪੰਝੀ ਅਕਤੂਬਰ ਨੂੰ ਬੇਅੰਤ ਨੇ ਧਮਕੀ ਦਿਤੀ ਕਿ ਦਿੱਲੀ, ਕਲਕੱਤਾ, ਤਰਾਈ ਇਲਾਕੇ ਦੇ ਸਿੱਖ ਖਾੜਕੂਆਂ ਨੂੰ ਪੈਸੇ ਭੇਜਣੇ ਤੇ ਪਨਾਹ ਦੇਣੀ ਬੰਦ ਕਰਨ ਵਰਨਾ ਪਛਤਾਉਣਗੇ। ਇਸੇ ਦਿਨ ਟੌਹੜਾ ਨੇ ਕਿਹਾ ਕਿ ਪੰਜਾਬੋਂ ਬਾਹਰ ਹਰਿਆਣਾ, ਯੂ.ਪੀ. ਵਗ਼ੈਰਾ ਵਿਚ ਸਿੱਖਾਂ 'ਤੇ ਜ਼ੁਲਮ ਢਾਹਿਆ ਜਾ ਰਿਹਾ ਹੈ।

ਦਰਬਾਰ ਸਾਹਿਬ ਵਿਚ ਦੀਵਾਲੀ ਦਾ ਮਨਾਇਆ ਜਾਣਾ ਬੰਦ

ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ ਜਿੰਦਾ ਤੇ ਸੁੱਖਾ ਦੀਆਂ ਸ਼ਹੀਦੀਆਂ ਕਾਰਨ ਅਗੋਂ ਤੋਂ ਦੀਵਾਲੀ ਵਾਲੇ ਦਿਨ ਦਰਬਾਰ ਸਾਹਿਬ ਵਿਚ ਦੀਪਮਾਲਾ ਨਹੀਂ ਕੀਤੀ ਜਾਇਆ ਕਰੇਗੀ ਅਤੇ 'ਕਾਲੀ ਦੀਵਾਲੀ' ਮਨਾਈ ਜਾਇਆ ਕਰੇਗੀ *(ਦਰਬਾਰ ਸਾਹਿਬ ਵਿਚ ਦੀਵਾਲੀ ਦੋਬਾਰਾ ਮਨਾਏ ਜਾਣ ਦੀ ਹਰਕਤ ਮਨਜੀਤ ਸਿੰਘ ਕੇਸਗੜ੍ਹੀਏ ਨੇ 1993 ਵਿਚ, 14 ਨਵੰਬਰ ਤੋਂ, ਸ਼ੁਰੂ ਕਰਵਾਈ ਸੀ)।*

ਸਤਾਈ ਅਕਤੂਬਰ ਨੂੰ ਸੁਖਵਿੰਦਰ ਸਿੰਘ ਮਲ੍ਹੀ ਅਤੇ ਅੱਠ ਹੋਰ, ਅਠਾਈ ਅਕਤੂਬਰ ਨੂੰ ਰਣਜੀਤ ਸਿੰਘ ਰਾਣਾ ਤੇ ਪੰਜ ਹੋਰ, ਉਨੱਤੀ ਅਕਤੂਬਰ ਨੂੰ ਲਖਬੀਰ ਸਿੰਘ ਲੱਖਾ, ਜਗਤਾਰ ਸਿੰਘ ਉਰਫ਼ ਜੱਗਾ ਵਗ਼ੈਰਾ ਨੂੰ ਨਕਲੀ ਮੁਕਾਬਲਿਆਂ ਵਿਚ ਕਤਲ ਕਰ ਦਿੱਤਾ ਗਿਆ। ਇਸੇ ਦਿਨ ਪੁਲੀਸ ਦੇ ਘੇਰੇ ਵਿਚ ਆ ਜਾਣ 'ਤੇ ਅਮਰਜੀਤ ਸਿੰਘ ਉਰਫ਼ ਝੱਖੜ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਇਸੇ ਦਿਨ ਪਿੰਡ ਰੱਤਾ ਖੁੱਡਾ ਵਿਚ ਅਠਤਾਲੀ ਘੰਟੇ ਦਾ 'ਅਸਲ ਮੁਕਾਬਲਾ' ਹੋਇਆ ਜਿਸ ਵਿਚ ਮਨਜੀਤ ਸਿੰਘ ਠੱਠੀਆਂ, ਬਲਵਿੰਦਰ ਸਿੰਘ ਭਿੰਦਾ ਤੇ ਇਕ ਹੋਰ ਮਾਰੇ ਗਏ। ਤੀਹ ਅਕਤੂਬਰ ਨੂੰ ਵਿਰਸਾ ਸਿੰਘ ਉਰਫ਼ ਜੱਜ ਵਾਸੀ ਜਲਾਲਪੁਰ ਮਜੀਠਾ, ਜਸਕਰਨ ਸਿੰਘ ਉਰਫ਼ ਰਾਣਾ ਵਾਸੀ ਮੂਲ ਕੇ (ਅਜਨਾਲਾ), ਪਰਗਟ ਸਿੰਘ ਉਰਫ਼ ਸ਼ੂਟਾ, ਤਰਸੇਮ ਸਿੰਘ ਤੇ ਅਣੋਖ ਸਿੰਘ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਕਤਲ ਕਰ ਦਿਤੇ।

ਬੇਗੁਨਾਹ ਸਿੱਖਾਂ ਦੇ ਕਤਲੇਆਮ ਦੇ ਜਵਾਬ ਵਜੋਂ ਇਕ ਖਾੜਕੂ ਗਰੁੱਪ ਨੇ ਇਕੱਤੀ ਅਕਤੂਬਰ ਨੂੰ ਲੁਧਿਆਣਾ ਵਿਚ ਪੰਝੀ ਬਿਹਾਰੀ ਮਜ਼ਦੂਰ ਕਤਲ ਕਰ ਦਿਤੇ (ਜਿਹੜੇ ਕਿ ਪੰਜਾਬ ਦਾ ਪਾਣੀ ਹਰਿਆਣਾ ਨੂੰ ਦੇਣ ਵਾਸਤੇ ਸਤਲੁਜ-ਯਮਨਾ ਲਿੰਕ ਨਹਿਰ ਬਣਾ ਰਹੇ ਸਨ)। ਬੇਅੰਤ ਸਿੰਘ ਨੇ ਉਸੇ

ਦਿਨ ਉਨ੍ਹਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪੈ ਨਕਦ ਤੇ ਪੰਦਰਾਂ ਸੌ ਰੁਪੈ ਮਹੀਨਾ ਪੈਨਸ਼ਨ ਦੇਣ ਦਾ ਐਲਾਨ ਕਰ ਦਿਤਾ (ਪਰ ਦਿੱਤੀ ਨਹੀਂ)। ਖਾੜਕੂ ਉਸ ਦਿਨ ਉਸ ਥਾਂ ਦੇ ਨੇੜੇ ਤਾਕ 'ਤੇ ਬੈਠੇ ਰਹੇ ਤੇ ਆਸ ਕਰਦੇ ਰਹੇ ਕਿ ਬੇਅੰਤ ਜਾਂ ਕੇ.ਪੀ.ਐੱਸ. ਗਿੱਲ ਉੱਥੇ ਪੁੱਜਣਗੇ ਤੇ ਉਨ੍ਹਾਂ ਨੂੰ 'ਚੁੱਕ' ਲਿਆ ਜਾਵੇਗਾ ਪਰ ਇਨ੍ਹਾਂ ਵਿਚੋਂ ਕੋਈ ਵੀ ਵਕੂਏ ਵਾਲੀ ਥਾਂ 'ਤੇ ਨਾ ਗਿਆ।

ਨਵੰਬਰ 1992 ਵਿਚ ਸਿੱਖਾਂ ਦੇ ਕਤਲ

ਪਹਿਲੀ ਨਵੰਬਰ ਨੂੰ ਗੁਰਦਾਸ ਸਿੰਘ ਮਨਸੂਰਵਾਲ ਤੇ ਚਾਰ ਹੋਰ, ਵਸਣ ਸਿੰਘ ਭੈਣੀ ਪਟਿਆਲਾ, ਅੰਗਰੇਜ਼ ਸਿੰਘ, ਰਘਬੀਰ ਸਿੰਘ ਤੇ ਗੁਰਦੇਵ ਸਿੰਘ ਪੁਲੀਸ ਨੇ ਮਾਰ ਦਿਤੇ। ਦੋ ਨਵੰਬਰ ਨੂੰ ਰਾਣਾ ਪ੍ਰਤਾਪ ਸਿੰਘ ਵਾਸੀ ਖਡੂਰ ਸਾਹਿਬ ਨੂੰ ਪੰਜਾਬ ਪੁਲੀਸ ਨੇ ਬੰਬਈ ਵਿਚ ਜਾ ਕੇ ਮਾਰ ਦਿਤਾ। ਇਸੇ ਦਿਨ ਇਕ ਅਸਲ ਮੁਕਾਬਲੇ ਵਿਚ ਮਲਕੀਅਤ ਸਿੰਘ ਮੀਤਾ ਤਲਵੰਡੀ ਸਾਬੋ, ਰਣਜੀਤ ਸਿੰਘ ਮੱਲ੍ਹੀਆਂ ਵਾਲਾ, ਨੇੜੇ ਬਾਘਾ ਪੁਰਾਣਾ, ਮਾਰੇ ਗਏ। ਇਸ ਮੁਕਾਬਲੇ ਵਿਚ ਵੀ ਬਹੁਤ ਸਾਰੇ ਪੁਲਸੀਏ ਮਾਰੇ ਗਏ ਸਨ। ਇਸੇ ਦਿਨ ਮਲਕੀਅਤ ਸਿੰਘ ਕੋਹਾਲਾ ਤੇ ਉਸ ਦੀ ਪਤਨੀ ਗੁਰਮੀਤ ਕੌਰ, ਦਰਸ਼ਨ ਸਿੰਘ, ਸੁਖਦੇਵ ਸਿੰਘ, ਤਰਸੇਮ ਸਿੰਘ ਉਰਫ਼ ਪਿਆਰਾ ਸਾਂਸੀ ਵੀ ਨਕਲੀ ਮੁਕਾਬਲਿਆਂ ਵਿਚ ਕਤਲ ਕੀਤੇ ਗਏ।

ਤਿੰਨ ਨਵੰਬਰ ਨੂੰ ਜਗਰੂਪ ਸਿੰਘ ਰੂਪਾ ਨੇ ਪੁਲੀਸ ਘੇਰੇ ਵਿਚ ਆਉਣ 'ਤੇ ਸਾਇਆਨਾਈਡ ਖਾ ਕੇ ਜਾਨ ਦੇ ਦਿਤੀ। ਇਸੇ ਦਿਨ ਰਣਧੀਰ ਸਿੰਘ ਉਰਫ਼ ਧੀਰਾ, ਕਰਨੈਲ ਸਿੰਘ ਤੇ ਬਲਜੀਤ ਸਿੰਘ, ਚਾਰ ਨਵੰਬਰ ਨੂੰ ਪਰਮਜੀਤ ਸਿੰਘ ਪੰਮਾ, ਪਰਗਟ ਸਿੰਘ (100 ਕਤਲਾਂ ਦਾ ਜ਼ਿਮੇਦਾਰ ਗਰਦਾਨ ਕੇ), ਕੁਲਜੀਤ ਸਿੰਘ, ਜਗਪਾਲ ਸਿੰਘ ਤੇ ਗੁਰਪਿੰਦਰ ਸਿੰਘ ਮਾਣਕ, ਪੰਜ ਨਵੰਬਰ ਨੂੰ ਗੁਰਚਰਨ ਸਿੰਘ ਜਿੰਦੀ ਵਾਸੀ ਰਸੂਲਪੁਰ, ਸੁਰਜੀਤ ਸਿੰਘ ਵਾਸੀ ਰੋਮੀ, ਅਰਵਿੰਦਰ ਸਿੰਘ ਵਾਸੀ ਵਿੱਝਲ, ਛੇ ਨਵੰਬਰ ਨੂੰ ਜਸਵੰਤ ਸਿੰਘ ਵਾਸੀ ਚੱਕਲਾਂ, ਗੁਲਜ਼ਾਰ ਸਿੰਘ ਵਾਸੀ ਦੁੱਘਰੀ, ਬੰਤਾ ਸਿੰਘ ਵਾਸੀ ਚੱਕਲਾਂ, ਮਹਿੰਦਰ ਸਿੰਘ ਤੇ ਪਿਆਰਾ ਸਿੰਘ ਵਾਸੀ ਗੰਗਾਨਗਰ, ਸੰਤੋਖ ਸਿੰਘ ਸੁੱਖਾ, ਭਜਨ ਸਿੰਘ ਉਰਫ਼ ਨਿੱਕਾ ਚਾਹਲ ਵੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ।

ਸੱਤ ਨਵੰਬਰ ਨੂੰ ਕਾਰਜ ਸਿੰਘ ਉਰਫ਼ ਕਾਠੀ ਵਾਸੀ ਲਖਣਾ ਤਪ (ਦਸ ਲੱਖੀ ਗਰਦਾਨ ਕੇ), ਖ਼ਜਾਨ ਸਿੰਘ ਵਾਸੀ ਠੱਠਾ (ਦੋ ਲੱਖੀ ਗਰਦਾਨ ਕੇ), ਸੁਖਵਿੰਦਰ ਸਿੰਘ ਸਖੀਰਾ (ਪੰਜ ਸੌ ਕਤਲਾਂ ਦਾ ਜ਼ਿਮੇਦਾਰ ਕਹਿ ਕੇ ਤੇ ਪੰਜ ਲੱਖੀ ਆਖ ਕੇ), ਸੁਖਦੇਵ ਸਿੰਘ ਚੈਨਾ (ਤਿੰਨ ਸੌ ਦਾ ਕਤਲ ਤੇ ਪੰਜ ਲੱਖੀ ਆਖ ਕੇ), ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ। ਇਸੇ ਦਿਨ ਦੀਦਾਰ ਸਿੰਘ ਉਰਫ਼ ਛਾਪਾ, ਗੁਰਮੇਲ ਸਿੰਘ ਕਾਲਾ ਵਾਸੀ ਲਹਿਰਾ ਬੇਗਾ, ਬਠਿੰਡਾ, ਭੂਪਿੰਦਰ ਸਿੰਘ ਭਿੰਦਾ ਵਾਸੀ ਧੂਲਕੋਟ, ਗੰਗਾਨਗਰ, ਜਗਮੋਹਣ ਸਿੰਘ, ਕੁਲਦੀਪ ਸਿੰਘ ਕਾਲਾ ਤੇ ਅਨੂਪ ਸਿੰਘ ਕਾਲਾ ਸਣੇ ਇੱਕੀ ਸਿੱਖ ਪੁਲੀਸ ਨੇ ਮਾਰ ਦਿੱਤੇ। ਇਸੇ ਦਿਨ ਹਰਦਿਆਲ ਸਿੰਘ ਛੱਜਾਵਾਲ ਨੇ ਪੁਲੀਸ ਘੇਰੇ ਵਿਚ ਆਉਣ ਕਰ ਕੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। *ਬਠਿੰਡਾ ਪੁਲੀਸ ਮੁਤਾਬਿਕ ਉਸ ਜ਼ਿਲ੍ਹੇ ਵਿਚ ਅਪ੍ਰੈਲ ਤੋਂ ਅਕਤੂਬਰ ਤਕ ਪੁਲੀਸ ਨੇ ਅੱਸੀ ਖਾੜਕੂ ਮਾਰੇ ਸਨ ਜਿਨ੍ਹਾਂ ਵਿਚੋਂ ਸਤਵੰਜਾ ਖਾਲਿਸਤਾਨ ਕਮਾਂਡੋ ਫ਼ੋਰਸ ਦੇ ਸਨ।*

ਨੌ ਨਵੰਬਰ ਨੂੰ ਨਿਸ਼ਾਨ ਸਿੰਘ, ਵਿਰਸਾ ਸਿੰਘ ਬੂਹ, ਸ਼ਿੰਗਾਰਾ ਸਿੰਘ ਦੰਦੂਪੁਰ ਮਾਰੇ ਗਏ।

ਦਸ ਨਵੰਬਰ ਨੂੰ ਗੁਰਦੀਪ ਸਿੰਘ ਨੇ ਪੁਲੀਸ ਘੇਰੇ ਵਿਚ ਆਉਣ ਕਰ ਕੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਗਿਆਰਾਂ ਨਵੰਬਰ ਨੂੰ ਸਤਵਿੰਦਰ ਸਿੰਘ ਆਡਲੂ, ਸੁਖਦੇਵ ਸਿੰਘ ਸੱਜਾਵਾਲ, ਬਲਬੀਰ ਸਿੰਘ ਸੱਜਾਵਾਲ, ਕੁਲਵਿੰਦਰ ਸਿੰਘ ਉਰਫ਼ ਟੀਟਾ, ਬਲਵਿੰਦਰ ਸਿੰਘ ਉਰਫ਼ ਬਿੱਟੂ (ਦੋਵੇਂ ਵਾਸੀ ਰਾਮਗੜ੍ਹ), ਬਾਰਾਂ ਨਵੰਬਰ ਨੂੰ ਬੂਆ ਸਿੰਘ, ਤਰਸੇਮ ਸਿੰਘ, ਪਰਗਟ ਸਿੰਘ ਉਰਫ਼ ਭੋਲਾ, ਤੇਰ੍ਹਾਂ ਦਸੰਬਰ ਨੂੰ ਜਗਜੀਤ ਸਿੰਘ, ਚੌਦਾਂ ਨਵੰਬਰ ਨੂੰ ਸਰੂਪ ਸਿੰਘ ਰੂਪੀ ਵੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ।

ਪੰਦਰਾਂ ਨਵੰਬਰ ਨੂੰ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਜਰਨੈਲ ਨਿਸ਼ਾਨ ਸਿੰਘ ਮਖੂ (ਜਿਸ ਨੂੰ ਇਕ ਦਿਨ ਪਹਿਲੋਂ ਫੜਿਆ ਸੀ) ਨੂੰ ਇਕ ਹਜ਼ਾਰ ਕਤਲਾਂ ਦਾ ਜ਼ਿੰਮੇਦਾਰ ਤੇ ਵੀਹ ਲੱਖ ਦਾ ਇਨਾਮੀ ਕਹਿ ਕੇ, ਰਜਿੰਦਰ ਸਿੰਘ ਉਰਫ਼ ਡਾਕਟਰ ਅਮੋਲਕ ਸਿੰਘ, ਅਮੋਲਕ ਸਿੰਘ ਬੌਬੀ ਉਰਫ਼ ਪੀ.ਟੀ. ਮਾਸਟਰ, ਕੁਲਦੀਪ ਸਿੰਘ ਫ਼ੌਜੀ ਬਬਰ ਵਾਸੀ ਭਾਮ (ਹਰਗੋਬਿੰਦਪੁਰ), ਰਾਜਬੀਰ ਸਿੰਘ ਉਰਫ਼ ਰਾਜੂ ਵਾਸੀ ਧਮਾਣਾ (ਚਾਰ ਸੌ ਕਤਲਾਂ ਦਾ ਜ਼ਿੰਮੇਦਾਰ ਗਰਦਾਨ ਕੇ) ਤੇ ਬਲਵਿੰਦਰ ਸਿੰਘ ਵਾਸੀ ਸੈਦੇ ਲਹਿਲ ਨੂੰ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ। ਸੋਲ੍ਹਾਂ ਨਵੰਬਰ ਨੂੰ ਮੇਜਰ ਸਿੰਘ ਉਰਫ਼ ਜੱਗਾ ਸਿੰਘ ਵਾਸੀ ਮਾਜਰੀ (ਤਿੰਨ ਸੌ ਕਤਲਾਂ ਦਾ ਜ਼ਿੰਮੇਦਾਰ ਗਰਦਾਨ ਕੇ), ਸਤਵੰਤ ਸਿੰਘ ਮੁੰਡੀਆਂ ਥਾਣਾ, ਕਾਕਾ ਸਿੰਘ, ਬਘੇਲ ਸਿੰਘ ਤੇ ਜੀਤ ਸਿੰਘ ਤੇ ਛੇ ਹੋਰ ਵੀ ਨਕਲੀ ਮੁਕਾਬਲਿਆਂ ਵਿਚ ਮਾਰੇ ਗਏ।

ਸਤਾਰਾਂ ਨਵੰਬਰ ਨੂੰ ਭੁਪਿੰਦਰ ਸਿੰਘ ਭਿੰਦਾ (ਚਾਲ੍ਹੀ ਲੱਖੀ ਗਰਦਾਨ ਕੇ), ਜਗਦੇਵ ਸਿੰਘ ਜੱਗਾ, ਗੁਰਜੀਤ ਸਿੰਘ, ਸੁਰਿੰਦਰ ਸਿੰਘ ਵੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ। ਪੁਲੀਸ ਘੇਰੇ ਵਿਚ ਆ ਜਾਣ ਕਰ ਕੇ ਸੰਗਤ ਸਿੰਘ ਭਿਵਾਨੀ ਨੇ ਸਾਇਆਨਾਈਡ ਖਾ ਕੇ ਜਾਨ ਦੇ ਦਿਤੀ। ਇਸੇ ਦਿਨ ਖੁੱਡੇ ਹਲਾਲ ਵਿਚ ਅਸਲ ਮੁਕਾਬਲੇ ਵਿਚ ਨੌਂ ਖਾੜਕੂ ਤੇ ਸੀ.ਆਰ.ਪੀ.ਐਫ਼. ਦੇ ਤਿੰਨ ਸਿਪਾਹੀ ਮਾਰੇ ਗਏ। ਇਸ ਮੁਕਾਬਲੇ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਖੜਕ ਸਿੰਘ, ਰਾਜਵਿੰਦਰ ਸਿੰਘ ਰਾਜੂ, ਜਸਵਿੰਦਰ ਸਿੰਘ ਜੌਹਲ (ਪੰਜ ਲੱਖੀ), ਨਿਸ਼ਾਨ ਸਿੰਘ ਖਾਪੜ ਖੇੜੀ ਵੀ ਸ਼ਾਮਿਲ ਸਨ। ਅਠਾਰਾਂ ਨਵੰਬਰ ਨੂੰ ਹਰਨਾਮ ਸਿੰਘ ਸਾਂਙਣਾ, ਜਸਪਾਲ ਸਿੰਘ, ਸੁਰਜੀਤ ਸਿੰਘ, ਅਮਰੀਕ ਸਿੰਘ, ਜਰਨੈਲ ਸਿੰਘ, ਜੋਗਿੰਦਰ ਸਿੰਘ, ਬਲਜੀਤ ਸਿੰਘ ਵੀ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ ਗਏ।

ਵੀਹ ਨਵੰਬਰ ਨੂੰ ਮਨਜਿੰਦਰ ਸਿੰਘ ਉਰਫ਼ ਪੁਲਸੀਆ ਵਾਸੀ ਬਿੰਜਲ, ਡਾਕਟਰ ਸ਼ਿੰਗਾਰਾ ਸਿੰਘ ਤੇ ਦੋ ਹੋਰ, ਕੁਲਦੀਪ ਸਿੰਘ ਉਰਫ਼ ਪ੍ਰਦੀਪ ਕੁਮਾਰ, ਤੇਈ ਨਵੰਬਰ ਨੂੰ ਰੇਸ਼ਮ ਸਿੰਘ ਤੋਲਾ ਤੇ ਦੋ ਹੋਰ, ਚੌਵੀ ਨਵੰਬਰ ਨੂੰ ਜੀਵਨ ਸਿੰਘ ਵਾਸੀ ਮਲੂਕਾ, ਬਠਿੰਡਾ, ਅਵਤਾਰ ਸਿੰਘ ਉਰਫ਼ ਸੋਢੀ, ਛੱਬੀ ਨਵੰਬਰ ਨੂੰ ਬਲਵੰਤ ਸਿੰਘ ਉਰਫ਼ ਬੰਟੀ ਤੇ ਗੁਰਮੁੱਖ ਸਿੰਘ ਵਾਸੀ ਅਲੂਵਾਲ, ਅੰਮ੍ਰਿਤਸਰ ਤੇ ਕੁਰਾਲੀ ਕੋਲ ਛੇ ਸਿੱਖ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ।

ਸਤਾਈ ਨਵੰਬਰ ਨੂੰ ਵਰਿਆਮ ਸਿੰਘ ਬਾਬਾ ਅਕਾਲ ਉਰਫ਼ ਬਲਜਿੰਦਰ ਸਿੰਘ ਵਾਸੀ ਸਰਹਾਲੀ ਕਲਾਂ ਨੂੰ ਚਾਰ ਸੌ ਕਤਲਾਂ ਦਾ ਜ਼ਿੰਮੇਦਾਰ ਆਖ ਕੇ ਪੁਲੀਸ ਨੇ ਮਾਰ ਦਿੱਤਾ। ਇਸੇ ਦਿਨ ਉਂਕਾਰ ਸਿੰਘ ਤੇ ਅਮਰੀਕ ਸਿੰਘ (ਡਰੋਲੀ ਕਲਾਂ ਜਲੰਧਰ ਵਿਚ) ਮਾਰ ਦਿਤੇ ਗਏ। ਇਸੇ ਦਿਨ ਬਲਵਿੰਦਰ ਸਿੰਘ ਬਿੰਦਰਾ ਨੇ ਪੁਲੀਸ ਘੇਰੇ ਵਿਚ ਆ ਜਾਣ ਕਰ ਕੇ ਸਾਇਆਨਾਈਡ ਦਾ ਕੈਪਸੂਲ

ਖਾ ਕੇ ਜਾਨ ਦੇ ਦਿਤੀ। ਅਠਾਈ ਨਵੰਬਰ ਨੂੰ ਬਲਜੀਤ ਸਿੰਘ ਤੋਤੀ ਤੇ ਸਤ ਹੋਰ ਅਤੇ ਇਸੇ ਦਿਨ ਕਰਮਜੀਤ ਸਿੰਘ, ਸਤਪਾਲ ਸਿੰਘ ਰਾਣਾ ਵਾਸੀ ਜਲਾਲਾਬਾਦ, ਮੋਗਾ, ਉਨੱਤੀ ਨਵੰਬਰ ਨੂੰ ਪਰਮਜੀਤ ਸਿੰਘ ਤੇ ਬਲਵਿੰਦਰ ਸਿੰਘ, ਤੀਹ ਨਵੰਬਰ ਨੂੰ ਕੁਲਵਿੰਦਰ ਸਿੰਘ, ਗੁਰਨਾਮ ਸਿੰਘ ਉਰਫ਼ ਪਾਲੀ ਤੇ ਇਕ ਹੋਰ ਵੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ।

ਦਸੰਬਰ 1992 ਵਿਚ ਸਿੱਖਾਂ ਦੇ ਕਤਲ

ਪਹਿਲੀ ਦਸੰਬਰ ਦੀ ਰਾਤ ਨੂੰ ਪੁਲੀਸ ਨੇ ਉੱਨੀ ਸਿੱਖ ਨਿਜ਼ਾਮੁਦੀਨ, ਮਖੂ ਕੋਲ, ਬੰਨ੍ਹ ਕੇ ਮਾਰ ਦਿੱਤੇ। ਇਸੇ ਦਿਨ ਸਵਰਨਜੀਤ ਸਿੰਘ ਨੂੰ ਵੀ ਪੁਲੀਸ ਨੇ ਨਕਲੀ ਮੁਕਾਬਲੇ ਵਿਚ ਮਾਰ ਦਿਤਾ। ਦੋ ਦਸੰਬਰ ਦੇ ਦਿਨ ਬਲਵਿੰਦਰ ਸਿੰਘ ਰਾਮਦੀਵਾਲੀ ਉਰਫ਼ ਮਿਨੀ ਬਾਬਾ ਤੇ ਜਸ਼ਵੰਤ ਸਿੰਘ ਜੱਸਾ ਵੀ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਤਿੰਨ ਦਸੰਬਰ ਨੂੰ **ਹਰਮਿੰਦਰ ਸਿੰਘ ਸੁਲਤਾਨਵਿੰਡ, ਨਵਰੂਪ ਸਿੰਘ ਢੋਟੀਆਂ** ਤੇ ਚੌਦਾਂ ਹੋਰ ਸਿੱਖ ਵੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ। ਨੌਂ ਦਸੰਬਰ ਨੂੰ ਜੋਰਾ ਸਿੰਘ ਉਰਫ਼ ਰਵਿੰਦਰ ਸਿੰਘ ਤੇ ਅੱਠ ਹੋਰ, ਦਸ ਦਸੰਬਰ ਨੂੰ ਗੁਰਨਾਮ ਸਿੰਘ ਧਮਾਕਾ ਤੇ ਨਿਰਮਲ ਸਿੰਘ (ਦੋਵੇਂ ਵਾਸੀ ਰਾਮ ਦੀਵਾਲੀ) ਤੇ ਨਿਸ਼ਾਨ ਸਿੰਘ ਸਿਪਾਹੀ, ਤੇਰ੍ਹਾਂ ਦਸੰਬਰ ਨੂੰ ਊਧਮ ਸਿੰਘ ਉਰਫ਼ ਪਿਸਤੌਲ, ਹਰਜਿੰਦਰ ਸਿੰਘ, ਹਰਭਜਨ ਸਿੰਘ, ਪਰਮਜੀਤ ਸਿੰਘ ਉਰਫ਼ ਮਾਸਟਰ ਤੇ ਤਿੰਨ ਹੋਰ, ਚੌਦਾਂ ਦਸੰਬਰ ਨੂੰ ਮੱਖਣ ਸਿੰਘ ਖਿਆਲਾ ਤੇ ਚਾਰ ਹੋਰ, ਪੰਦਰਾਂ ਦਸੰਬਰ ਨੂੰ ਸਵਰਨ ਸਿੰਘ ਸੰਮਾ ਵਾਸੀ ਕੋਟ ਮਹਿਤਾਬ ਤੇ ਦੋ ਹੋਰ, ਸੋਲ੍ਹਾਂ ਦਸੰਬਰ ਨੂੰ ਸਵਰਨ ਸਿੰਘ ਦਲੇਰ, ਸੁੱਚਾ ਸਿੰਘ (ਵਾਸੀ ਧਾਰੀਵਾਲ, ਲੋਹੀਆਂ), ਡਾਕਟਰ ਸੁਖਦੇਵ ਸਿੰਘ, ਪਿਆਰ ਸਿੰਘ; ਸੋਲਾਂ ਦਸੰਬਰ ਨੂੰ ਹੀ ਓਂਕਾਰ ਸਿੰਘ ਉਰਫ਼ ਡਾਕਟਰ ਰਣਬੀਰ ਸਿੰਘ ਘਰਿਆਲਾ, ਸਤਾਰਾਂ ਦਸੰਬਰ ਨੂੰ ਹੰਸਾ ਸਿੰਘ ਹਥੋੜਾ, ਲਾਭ ਸਿੰਘ ਊਦੋਕੇ, ਘੁੱਕਰ ਸਿੰਘ ਆਲੋਵਾਲ, ਜਥੇਦਾਰ ਸਰਬਜੀਤ ਸਿੰਘ (ਵਾਸੀ ਸੈਦਪੁਰ), ਚਰਨ ਸਿੰਘ (ਵਾਸੀ ਚੀਮਾ), ਜਥੇਦਾਰ ਬਚਿੱਤਰ ਸਿੰਘ ਕਾਲਾ, ਦਰਬਾਰਾ ਸਿੰਘ ਕਾਲਖ ਤੇ ਗੁਰਮੇਲ ਸਿੰਘ ਪੱਪੀ ਵੀ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ।

ਅਠਾਰਾਂ ਦਸੰਬਰ ਨੂੰ ਅਮਰ ਸਿੰਘ, ਇੱਕੀ ਦਸੰਬਰ ਨੂੰ ਜੋਗਿੰਦਰ ਸਿੰਘ, ਭੂਪਿੰਦਰ ਸਿੰਘ ਭਿੰਡ, ਸੁਰਜੀਤ ਸਿੰਘ ਤੇ ਚਾਰ ਹੋਰ, ਤੇਈ ਦਸੰਬਰ ਨੂੰ ਲਖਵਿੰਦਰ ਸਿੰਘ ਉਰਫ਼ ਬਘਿਆੜ, ਗੁਰਮੇਜ ਸਿੰਘ ਗੇਜਾ ਤੇ ਜੋਗਾ ਸਿੰਘ, ਚੌਵੀ ਦਸੰਬਰ ਨੂੰ ਸਰਵਨ ਸਿੰਘ ਉਰਫ਼ ਸ਼ਹੀਦ, ਪੰਝੀ ਦਸੰਬਰ ਨੂੰ ਲਖਵਿੰਦਰ ਸਿੰਘ ਲੱਖਾ, ਮਨਜਿੰਦਰ ਸਿੰਘ ਬੱਬੂ, ਉਸ ਦੀ ਪਤਨੀ ਹਰਪਾਲ ਕੌਰ ਤੇ ਤਰਸੇਮ ਸਿੰਘ (ਰੁੜਕਾ ਕਲਾਂ), ਛੱਬੀ ਦਸੰਬਰ ਨੂੰ ਚੈਂਚਲ ਸਿੰਘ ਊਦੋਕੇ, ਹਰਮਿੰਦਰਪਾਲ ਸਿੰਘ ਉਰਫ਼ ਡੋਗਰ, ਸੁਖਦੇਵ ਸਿੰਘ ਸੁੱਖਾ ਕੋਟ ਅਹਿਮਦ ਖ਼ਾਨ ਤੇ ਚਾਰ ਹੋਰ ਅਤੇ ਰਾਕੇਸ਼ ਸਿੰਘ, ਬਾਜ਼ ਸਿੰਘ ਤੇ ਹਰਪਾਲ ਸਿੰਘ ਪਾਲਾ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ। ਸਤਾਈ ਦਸੰਬਰ ਨੂੰ ਅਣੋਖ ਸਿੰਘ ਉੱਬੋਕੇ, ਜਸਬੀਰ ਸਿੰਘ ਮਾਹਲਾਂ, ਉਨੱਤੀ ਦਸੰਬਰ ਨੂੰ ਗੁਰਬਚਨ ਸਿੰਘ ਮੁਦਕੀ, ਗੁਰਸੇਵਕ ਸਿੰਘ, ਜਥੇਦਾਰ ਕਾਬਲ ਸਿੰਘ, ਮਿੰਦਰ ਸਿੰਘ ਧਾਰੀਵਾਲ ਤੇ ਇਕ ਹੋਰ, ਤੀਹ ਦਸੰਬਰ ਨੂੰ ਦਲਜੀਤ ਸਿੰਘ ਤੇ ਜਗੀਰ ਸਿੰਘ, ਇਕੱਤੀ ਦਸੰਬਰ ਨੂੰ ਇੰਦਰਜੀਤ ਸਿੰਘ ਬਾਸਰਕੇ ਬਬਰ ਤੇ ਸੱਤ ਹੋਰ, ਇਸੇ ਦਿਨ ਕੁਲਦੀਪ ਸਿੰਘ, ਜਸਪਾਲ ਸਿੰਘ ਉਰਫ਼ ਜੁਗਨੂੰ ਸੰਗਰੂਰ ਤੇ ਪ੍ਰਗਟ ਮਸੀਹ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ। *(ਉੱਪਰ ਦਿਤੇ ਨਾਂ ਉਹ ਹਨ ਜਿਹੜੇ ਅਖ਼ਬਾਰਾਂ ਵਿਚ ਛਪੇ ਸਨ ਤੇ ਸੈਂਕੜਿਆਂ ਹੋਰਾਂ ਦੇ ਨਾਂ ਇਨ੍ਹਾਂ ਵਿਚ ਸ਼ਾਮਿਲ ਨਹੀਂ ਹਨ)।*

ਧਰਮ ਸਿੰਘ ਕਾਸ਼ਤੀਵਾਲ ਸ਼ਹੀਦ

ਅਠਾਈ ਦਸੰਬਰ 1992 ਦੇ ਦਿਨ ਬੱਬਰ ਖਾਲਸਾ ਦੇ ਜਰਨੈਲ ਭਾਈ ਧਰਮ ਸਿੰਘ ਕਾਸ਼ਤੀਵਾਲ ਪੁਲੀਸ ਦੇ ਘੇਰੇ ਵਿਚ ਆ ਗਿਆ। ਜਦ ਉਸ ਨੇ ਮਹਿਸੂਸ ਕੀਤਾ ਕਿ ਉਹ ਘੇਰੇ ਵਿਚ ਬਚ ਕੇ ਨਿਕਲ ਨਹੀਂ ਸਕੇਗਾ ਅਤੇ ਜੇ ਉਹ ਗ੍ਰਿਫ਼ਤਾਰ ਹੋ ਗਿਆ ਤਾਂ ਉਸ ਨੂੰ ਪੁਲਸ ਦੇ ਜ਼ੁਲਮ ਦਾ ਸ਼ਿਕਾਰ ਹੋਣ ਮਗਰੋਂ ਵੀ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਜਾਵੇਗਾ ਤਾਂ ਉਸ ਨੇ ਸਾਇਆਨਾਈਡ ਦਾ ਕੈਪਸੂਲ ਖਾ ਕੇ ਜਾਨ ਦੇ ਦਿਤੀ। ਭਾਈ ਧਰਮ ਸਿੰਘ ਕਾਸ਼ਤੀਵਾਲ ਖਾੜਕੂ ਲਹਿਰ ਦਾ ਇਕ ਵੱਡਾ ਥੰਮ੍ਹ ਸੀ। ਪਿਛਲੇ ਕੁਝ ਕੂ ਦਿਨਾਂ ਵਿਚ ਹੀ ਜਥੇਦਾਰ ਤਲਵਿੰਦਰ ਸਿੰਘ ਬਬਰ, ਸੁਖਦੇਵ ਸਿੰਘ ਦਾਸੂਵਾਲ ਬੱਬਰ, ਰਘਬੀਰ ਸਿੰਘ ਸਾਹਲੋਂ ਉਰਫ਼ ਟੈਂਕ, ਬਖ਼ਸ਼ੀਸ਼ ਸਿੰਘ ਬਲ ਹੁਕਮੀ, ਜਗਰੂਪ ਸਿੰਘ ਰੂਪਾ, ਨਿਸ਼ਾਨ ਸਿੰਘ ਮਖੂ, ਭੂਪਿੰਦਰ ਸਿੰਘ ਭਿੰਦਾ, ਹਰਮਿੰਦਰ ਸਿੰਘ ਸੁਲਤਾਨਵਿੰਡ, ਨਵਰੂਪ ਸਿੰਘ ਢੋਟੀਆਂ ਦੇ ਸ਼ਹੀਦ ਹੋਣ ਅਤੇ ਹੁਣ ਭਾਈ ਧਰਮ ਸਿੰਘ ਦੀ ਸ਼ਹੀਦੀ ਨਾਲ ਖਾੜਕੂ ਲਹਿਰ ਦਾ ਲੱਕ ਟੁੱਟ ਗਿਆ।

ਇੰਵ ਸਾਰਾ 1992 ਸਾਲ ਸਿੱਖਾਂ ਦਾ ਕਤਲੇਆਮ ਕੀਤਾ ਜਾਂਦਾ ਰਿਹਾ। ਮਾਰੇ ਜਾਣ ਵਾਲਿਆਂ ਵਿਚੋਂ ਸਿਰਫ਼ ਕੁਝ ਕੂ ਹੀ ਖਾੜਕੂ ਸਨ ਪਰ ਬਹੁਤੇ ਮਾਸੂਮ ਸਿੱਖ ਸਨ ਜਿਨ੍ਹਾਂ ਨੂੰ ਘਰਾਂ ਵਿਚੋਂ ਜਾਂ ਬਾਹਰੋਂ ਫੜ ਕੇ ਗਿਣਤੀ ਪੂਰੀ ਕਰਨ ਜਾਂ ਇਨਾਮ ਲੈਣ ਵਾਸਤੇ ਪੁਲੀਸ ਖਾੜਕੂ ਆਖ ਕੇ ਨਕਲੀ ਮੁਕਾਬਲਿਆਂ ਵਿਚ ਮਾਰ ਦੇਂਦੀ ਸੀ। ਬੇਅੰਤ ਸਿੰਘ ਨੇ ਚੀਫ਼ ਮਨਿਸਟਰ ਬਣਨ ਮਗਰੋਂ ਪੁਲੀਸ ਚੀਫ਼ ਕੇ.ਪੀ.ਐੱਸ.ਐੱਸ. ਗਿੱਲ ਹੱਥੋਂ ਹਜ਼ਾਰਾਂ ਸਿੱਖ ਨੌਜਵਾਨ, ਸਿਰਫ਼ 9 ਮਹੀਨੇ ਵਿਚ (ਮਾਰਚ ਤੋਂ ਦਸੰਬਰ 1992) ਹੀ, ਮਰਵਾ ਦਿਤੇ ਸਨ।

ਇਸ ਸਬੰਧ ਵਿਚ ਪ੍ਰੋ: ਕੁਲਵੰਤ ਸਿੰਘ ਗਰੇਵਾਲ ਪਟਿਆਲਾ ਨੇ ਇਕ ਵਾਰ ਟਿੱਪਣੀ ਦੇਂਦਿਆਂ ਕਿਹਾ ਸੀ ਕਿ ***“ਕੇ.ਪੀ.ਐੱਸ. ਗਿਲ ਕੋਈ ਪਾਪ ਹੀ ਸੀ ਜਿਸ ਨੂੰ ਕਿਸੇ ਅਭਾਗੀ ਮਾਂ ਨੇ ਜੰਮਿਆ ਸੀ।”***

ਉਂਜ਼ ਖਾੜਕੂਆਂ ਦੀ ਸੂਝ ਦੀ ਵੀ ਬੇਹੱਦ ਹੈਰਾਨੀ ਹੁੰਦੀ ਹੈ। ਜਦੋਂ ਉਨ੍ਹਾਂ ਵੇਖ ਲਿਆ ਸੀ ਕਿ ਚੋਣਵੇਂ ਖਾੜਕੂ ਮਾਰੇ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਇਹ ਸਮਝ ਜਾਣਾ ਚਾਹੀਦਾ ਸੀ ਕਿ ਉਨ੍ਹਾਂ ਦਾ ਨੈੱਟ-ਵਰਕ, ਉਨ੍ਹਾਂ ਦਾ ਖ਼ੁਫ਼ੀਆ ਸਿਸਟਮ ਤੇ ਉਨ੍ਹਾਂ ਦੇ ਅੰਦਰੂਨੀ ਰਾਜ਼ ਪੁਲੀਸ ਤਕ ਪੁੱਜ ਚੁਕੇ ਹਨ ਤੇ ਉਨ੍ਹਾਂ ਨੂੰ ਕੁਝ ਚਿਰ ਵਾਸਤੇ ਬਿਲਕੁਲ ਗ਼ਾਇਬ ਹੋ ਜਾਣਾ ਚਾਹੀਦਾ ਸੀ, ਪਰ ਉਨ੍ਹਾਂ ਅਜਿਹਾ ਨਹੀਂ ਕੀਤਾ। ਉਨ੍ਹਾਂ ਵਿਚੋਂ ਪੁਲੀਸ ਨੇ ਕਈ ਬੰਦੇ ‘ਕੈਟ’ ਬਣਾ ਲਏ ਸਨ ਪਰ ਖਾੜਕੂਆਂ ਨੇ ਇਸ ਬਾਰੇ ਚੌਕਸੀ ਨਾ ਵਰਤੀ। ਕੇ.ਪੀ.ਐੱਸ. ਗਿੱਲ ਦੇ ਬਿਆਨਾਂ ਤੋਂ ਹੀ ਇਕ ਆਮ ਆਦਮੀ ਵੀ ਸਮਝ ਸਕਦਾ ਸੀ ਕਿ ਪੁਲੀਸ ਉਨ੍ਹਾਂ ਤਕ ਪੁੱਜ ਚੁੱਕੀ ਹੈ। ਪੰਜ ਜੁਲਾਈ ਨੂੰ ਕੇ.ਪੀ.ਐੱਸ. ਗਿੱਲ ਨੇ ਇਕ ਬਿਆਨ ਵਿਚ ਐਲਾਨ ਕੀਤਾ ਸੀ ਕਿ *“ਮੈਂ ਪ੍ਰਮੁੱਖ ਖਾੜਕੂਆਂ ਨੂੰ ਸਤੰਬਰ ਤਕ ਖ਼ਤਮ ਕਰ ਦਿਆਂਗਾ।”* ਫਿਰ ਉਸ ਨੇ ਤੀਹ ਜੁਲਾਈ ਨੂੰ ਇਕ ਹੋਰ ਬਿਆਨ ਵਿਚ ਕਿਹਾ ਕਿ *“ਹੁਣ ਪਰਮਜੀਤ ਸਿੰਘ ਪੰਜਵੜ, ਦਲਜੀਤ ਸਿੰਘ ਬਿੱਟੂ, ਗੁਰਬਚਨ ਸਿੰਘ ਮਾਨੋਚਾਹਲ, ਵੱਸਣ ਸਿੰਘ ਜ਼ਫ਼ਰਵਾਲ, ਸੁਖਦੇਵ ਸਿੰਘ ਬੱਬਰ ਹੀ ਬਾਕੀ ਰਹਿ ਗਏ ਹਨ ਤੇ ਸਤੰਬਰ ਤਕ ਇਹ ਵੀ ਖ਼ਤਮ ਕਰ ਦਿਆਂਗਾ।”*

ਗਿੱਲ ਨੇ 25 ਅਗਸਤ ਨੂੰ “ਰਾਤਰੀ ਗਲਬਾ ਸਕੀਮ” ਹੇਠ ਖਾੜਕੂਆਂ ਦਾ ਰਾਤ ਵੇਲੇ ਨਿਕਲਣਾ ਵੀ ਬੰਦ ਕਰ ਦਿਤਾ ਸੀ। ਭਾਰਤ ਸਰਕਾਰ ਨੇ ਅਰਬਾਂ ਰੁਪੈ ਸਿੱਖਾਂ ਦੇ ਖ਼ਿਲਾਫ਼ ਵਰਤਣ

ਵਾਸਤੇ ਖਰਚੇ। ਹੋਰ ਤਾਂ ਹੋਰ ਗਵਰਨਰਾਂ ਨੂੰ ਵੀ ਕਰੋੜਾਂ ਰੁਪੈ ਖਾੜਕੂਆਂ ਦੇ ਖ਼ਿਲਾਫ਼ ਤੇ ਸਿੱਖ ਧਰਮ ਦੇ ਖ਼ਿਲਾਫ਼ ਪ੍ਰਚਾਰ ਵਾਸਤੇ ਦਿੱਤੇ ਹੋਏ ਸਨ। ਪੰਜਾਬ ਦਾ ਗਵਰਨਰ ਸੁਰਿੰਦਰ ਨਾਥ ਜਦ ਹਵਾਈ ਹਾਦਸੇ ਵਿਚ ਮਰਿਆ ਤਾਂ ਉਸ ਦੇ ਘਰੋਂ ਅਜਿਹੇ ਕਰੋੜਾਂ ਰੁਪਿਆਂ ਦੇ ਬੈਗ ਨਿਕਲੇ ਸਨ। ਇਸ ਵੇਲੇ ਕਾਂਗਰਸੀ, ਕਮਿਊਨਿਸਟ, ਭਾਜਪਾ ਵਾਲੇ ਤੇ ਬਹੁਤ ਸਾਰੇ ਅਕਾਲੀ ਵੀ ਪੁਲੀਸ ਦੇ ਟਾਊਟ ਬਣੇ ਹੋਏ ਸਨ। ਪੁਲੀਸ ਤੇ ਖ਼ੁਫ਼ੀਆ ਏਜੰਸੀਆਂ ਦਾ ਵਾਹਗਾ ਤੋਂ ਨੇਪਾਲ ਤੇ ਢਾਕਾ ਤਕ ਜਾਲ ਵਿਛਿਆ ਹੋਇਆ ਸੀ।

ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਦਵਿੰਦਰ ਸਿੰਘ ਪੌਡ (ਮਈ 1992) ਅਤੇ ਇੰਗਲੈਂਡ ਵਾਸੀ ਗੁਰਦੀਪ ਸਿੰਘ ਬਬਰ (ਜੁਲਾਈ-ਅਗਸਤ 1992) ਤੇ ਕਈ ਹੋਰ ਪੁਲਸ ਕੈਟਾਂ ਨੇ ਵੀ ਰਾਜ਼ ਦੇ ਕੇ ਬੜੇ ਬੰਦੇ ਮਰਵਾਏ ਹੋਣਗੇ। ਕਈਆਂ ਨੇ ਆਪਸੀ ਦੁਸ਼ਮਣੀ ਵਿਚ ਪੁਲੀਸ ਦੀ ਮੁਖ਼ਬਰੀ ਵੀ ਕੀਤੀ ਸੀ। ਇਸ ਸਾਰੀ ਬੇਸਮਝੀ, ਸੂਝ ਦੀ ਬਾਰੀਕੀ ਦੀ ਕਮੀ, ਹੂੜ-ਮੱਤ ਅਤੇ ਲਾਪਰਵਾਹੀ ਦੇ ਨਤੀਜੇ ਉਹੀ ਹੋਣੇ ਸਨ ਜੋ ਹੋਏ। ਖਾੜਕੂਆਂ ਵਿਚ ਖ਼ੁਫ਼ੀਆ ਏਜੰਸੀਆਂ ਦਾ ਦਾਖ਼ਲਾ ਬੇਰੋਕ ਹੋਣ ਨਾਲ ਵੀ ਵੱਡਾ ਨੁਕਸਾਨ ਹੋਇਆ। ਵਿਦਵਾਨਾਂ ਤੋਂ ਦੂਰੀ, ਵਿਦੇਸ਼ੀ ਸਿੱਖਾਂ ਤੋਂ ਪੈਸੇ ਲੈ ਕੇ ਉਨ੍ਹਾਂ ਦੀਆਂ ਨਿੱਜੀ ਕਿੜਾਂ ਮੁਤਾਬਿਕ ਕਾਰਵਾਈਆਂ ਕਰਨਾ ਅਤੇ ਗ਼ਲਤ ਫ਼ੈਸਲੇ ਕਰਵਾਉਣਾ ਵੀ ਚੋਖਾ ਘਾਟੇਵੰਦਾ ਰਿਹਾ। ਵਿਦੇਸ਼ੀ ਪੈਸਿਆਂ ਨੇ ਤਾਂ ਪੰਜਾਬ ਵਿਚ ਵੀ ਧੜੇ ਖੜ੍ਹੇ ਕੀਤੇ (ਜਿਹੜੇ ਅੱਜ 2015 ਵਿਚ ਵੀ ਕੌਮ ਵਿਚ ਵੰਡੀਆਂ ਪਾ ਕੇ ਕੌਮ ਦਾ ਨੁਕਸਾਨ ਕਰ ਰਹੇ ਹਨ)।

ਸੈਂਕੜੇ ਸਿੱਖਾਂ ਦਾ ਕਤਲ ਕਰ ਕੇ ਲਾਸ਼ਾਂ ਦਰਿਆਵਾਂ, ਨਹਿਰਾਂ ਵਿਚ ਰੋੜ੍ਹੀਆਂ

ਬੇਅੰਤ ਤੇ ਕੇ.ਪੀ.ਐੱਸ. ਗਿੱਲ ਨੇ ਤਾਂ ਸਿੱਖ ਨੌਜਵਾਨਾਂ ਦਾ ਕਤਲੇਆਮ ਕਰ ਕੇ ਉਨ੍ਹਾ ਦੀਆਂ ਲਾਸ਼ਾਂ ਨੂੰ ਦਰਿਆਵਾਂ ਤੇ ਨਹਿਰਾਂ ਵਿਚ ਰੋੜ੍ਹਨਾ ਵੀ ਸ਼ੁਰੂ ਕਰ ਦਿੱਤਾ ਸੀ (ਪੰਜਾਬ ਤੋਂ ਹਰਿਆਣਾ ਤੇ ਰਾਜਸਥਾਨ ਜਾਂਦੀਆਂ ਨਹਿਰਾਂ ਵਿਚੋਂ ਰੋਜ਼ ਕਈ-ਕਈ ਲਾਸ਼ਾਂ ਨਿਕਲਦੀਆਂ ਸਨ)। ਹਜ਼ਾਰਾਂ ਲਾਸ਼ਾਂ ਇੰਵ ਸੁੱਟੀਆਂ ਗਈਆਂ ਜਾਂ ਲਾਵਾਰਿਸ ਕਹਿ ਕੇ ਸਾੜ ਦਿੱਤੀਆਂ ਗਈਆਂ। ਜਦ ਜਸਵੰਤ ਸਿੰਘ ਖਾਲੜਾ ਨੇ ਪੰਝੀ ਹਜ਼ਾਰ ਲਾਸ਼ਾਂ ਬਾਰੇ ਕਿਹਾ ਤਾਂ ਉਸ ਨੂੰ ਵੀ ਘਰੋਂ ਚੁੱਕ ਕੇ ਖ਼ਤਮ ਕਰ ਦਿੱਤਾ ਗਿਆ। ਬੇਅੰਤ ਤੇ ਕੇ.ਪੀ.ਗਿੱਲ ਨੇ ਤਾਂ ਇੱਥੋਂ ਤਕ ਜ਼ੁਲਮ ਕੀਤਾ ਕਿ ਖਾੜਕੂ ਪਰਿਵਾਰਾਂ ਦੀਆਂ ਧੀਆਂ ਨੂੰਹਾਂ ਵੀ ਚੁੱਕ ਲਈਆਂ। ਜਸਟਿਸ ਅਜੀਤ ਸਿੰਘ ਬੈਂਸ ਨੇ ਸਿੱਖ ਬੀਬੀਆਂ ਦੇ ਅਜਿਹੇ ਸੈਂਕੜੇ ਕੇਸ ਜ਼ਾਹਰ ਕੀਤੇ ਸਨ।

ਬੇਅੰਤ ਸਿੰਘ ਨੇ ਸਤਾਈ ਮਈ ਨੂੰ ਅਖ਼ਬਾਰਾਂ 'ਤੇ ਖਾੜਕੂਆਂ ਦੇ ਬਿਆਨ ਛਾਪਣ 'ਤੇ ਪਾਬੰਦੀ ਲਾ ਦਿਤੀ। ਅਗਲੇ ਦਿਨ ਹੀ ਅਜੀਤ ਅਖ਼ਬਾਰ ਦੀ ਇਕ ਲੱਖ ਕਾਪੀ ਜ਼ਬਤ ਕਰ ਲਈ।

ਬੇਅੰਤ ਸਿੰਘ ਦਾ ਅਕਾਲੀਆਂ 'ਤੇ ਵਾਰ

ਇਸੇ ਸਮੇਂ ਦੌਰਾਨ ਬੇਅੰਤ ਸਿੰਘ ਨੇ ਖਾੜਕੂਆਂ ਹੀ ਨਹੀਂ, ਅਕਾਲੀਆਂ ਨਾਲ ਵੀ ਬੜਾ ਧੱਕਾ ਕੀਤਾ। ਉਸ ਨੇ ਅਕਾਲੀਆਂ ਨੂੰ ਪੁਰਅਮਨ ਤੇ ਖ਼ਾਮੋਸ਼ ਮੁਜ਼ਾਹਰੇ, ਧਰਨੇ ਅਤੇ ਰੈਲੀਆਂ ਵੀ ਨਹੀਂ ਕਰਨ ਦਿੱਤੀਆਂ। ਸਰਕਾਰ ਨੇ ਅਕਾਲੀਆਂ ਨੂੰ, ਬਾਈ ਅਪ੍ਰੈਲ ਉੱਨੀ ਸੌ ਬਾਨਵੇਂ ਨੂੰ, ਬੁਟਰਸ ਘਾਲੀ (ਸੈਕਟਰੀ ਜਨਰਲ ਯੂ.ਐਨ.ਓ.) ਨੂੰ ਮੈਮੋਰੰਡਮ ਵੀ ਨਹੀਂ ਦੇਣ ਦਿੱਤਾ ਤੇ ਮਾਨ, ਟੋਹੜਾ ਬਾਦਲ ਤੇ ਤਿੰਨ ਹੋਰ ਗ੍ਰਿਫ਼ਤਾਰ ਕਰ ਲਏ। ਫਿਰ ਜਦੋਂ ਉਹ ਬਹਿਲਾ ਕਾਂਡ (ਚੌਵੀ ਜੂਨ), ਗੁਰਜੰਟ

ਸਿੰਘ (ਅੱਠ ਅਗਸਤ), ਜਿੰਦਾ-ਸੁੱਖਾ (ਤੇਰ੍ਹਾਂ ਅਕਤੂਬਰ) ਦੇ ਭੋਗ 'ਤੇ ਜਾਣ ਲਗੇ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਜਦੋਂ ਉਨ੍ਹਾਂ ਤੀਹ ਅਗਸਤ ਨੂੰ ਗੁਰਦੁਆਰਾ ਆਲਮਗੀਰ ਵਿਚ ਮੀਟਿੰਗ ਬੁਲਾਈ ਤਾਂ ਪੁਲੀਸ ਨੇ ਗੁਰਦੁਆਰੇ ਵਿਚ ਦਾਖ਼ਲ ਹੋ ਕੇ ਟੌਹੜਾ, ਵਡਾਲਾ, ਕਮਿੱਕਰ ਸਿੰਘ ਘਸੀਟ ਕੇ ਗ੍ਰਿਫ਼ਤਾਰ ਕੀਤੇ ਤੇ ਗੁਰਦੁਆਰੇ ਦਾ ਸਪੀਕਰ ਤੋੜ ਦਿਤਾ।

ਅਜਿਹਾ ਜ਼ੁਲਮ ਬੇਅੰਤ ਦੀ ਪੁਲੀਸ ਨੇ ਵਾਰ-ਵਾਰ ਕੀਤਾ। ਅਗਲੇ ਸਾਲ ਵੀ ਬੇਅੰਤ ਨੇ ਅਕਾਲੀਆਂ ਨੂੰ ਪੁਰਅਮਨ ਤਰੀਕੇ ਨਾਲ ਧਰਨੇ ਤਕ ਨਹੀਂ ਲਾਉਣ ਦਿੱਤੇ। ਗੱਲ ਕੀ ਉਸ ਨੇ ਲਗਾਤਾਰ ਦਹਿਸ਼ਤ ਦਾ ਮਾਹੌਲ ਬਣਾਈ ਰੱਖਿਆ ਤੇ ਲੋਕ ਤਰਾਹ-ਤਰਾਹ ਕਰ ਉਠੇ। **ਲੋਕ ਮੀਰ ਮੰਨੂ ਤੇ ਜ਼ਕਰੀਆ ਦੇ ਜ਼ੁਲਮਾਂ ਨੂੰ ਵੀ ਭੁਲ ਗਏ।** ਪਰ, ਉਸ ਦੀ ਇਸ ਕਾਰਵਾਈ ਨੇ ਅਕਾਲੀਆਂ ਨੂੰ ਗਰਮ ਲਾਈਨ ਅਖ਼ਤਿਆਰ ਕਰਨ ਦੇ ਰਸਤੇ 'ਤੇ ਲੈ ਆਂਦਾ। ਹੁਣ ਕੁਝ ਖੱਬੇ-ਪੱਖੀ ਕਮਿਊਨਿਸਟ ਤੇ ਕਾਂਗਰਸ ਦਾ ਜਗਮੀਤ ਸਿੰਘ ਬਰਾੜ ਵੀ ਪੁਲੀਸ ਦੇ ਖ਼ਿਲਾਫ਼ ਬੋਲਣ ਲੱਗ ਪਏ। ਕਾਮਰੇਡ ਐਸ.ਐਸ. ਦੁਸਾਂਝ ਨੇ ਉੱਨੀ ਅਪ੍ਰੈਲ ਨੂੰ ਖਾੜਕੂਆਂ ਦੀ ਅਸਿੱਧੀ ਹਿਮਾਇਤ ਕੀਤੀ। ਉਸ ਨੇ ਖਾਲਿਸਤਾਨ ਦੀ ਥਾਂ 'ਤੇ 'ਆਜ਼ਾਦ ਪੰਜਾਬ' ਦੀ ਹਿਮਾਇਤ ਵੀ ਕੀਤੀ।

ਬਾਦਲ ਵੱਲੋਂ ਵਿਧਾਨ 'ਤੇ ਬੇਭਰੋਸਗੀ ਦਾ ਐਲਾਨ

ਪੰਜ ਮਈ ਉੱਨੀ ਸੌ ਬਾਨਵੇ ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਵਿਧਾਨ ਤੇ ਬੇਭਰੋਸਗੀ ਦਾ ਇਜ਼ਹਾਰ ਕੀਤਾ *(ਮਗਰੋਂ ਇਹੀ ਬਾਦਲ ਇਸੇ ਵਿਧਾਨ ਦਾ ਮਹਾਂ ਵਫ਼ਾਦਾਰ ਬਣ ਗਿਆ)*। ਸੋਲਾਂ ਮਈ ਨੂੰ ਟੌਹੜਾ ਅਤੇ ਮਾਨ ਨੇ ਕਿਹਾ, "**ਕੇਂਦਰ ਬਿਨਾਂ ਕੁੜੱਤਣ ਦੇ ਸਿੱਖ ਰਾਜ ਦਾ ਐਲਾਨ ਕਰੇ।**" ਸਤਾਈ ਅਗਸਤ ਨੂੰ ਬਾਦਲ ਨੇ ਕਿਹਾ "**ਅਸੀਂ ਆਜ਼ਾਦ ਸਿੱਖ ਰਾਜ ਦੇ ਮਤੇ ਉੱਤੇ ਕਾਇਮ ਹਾਂ।**" **ਪੰਜੀ ਅਕਤੂਬਰ ਨੂੰ ਦਰਬਾਰ ਸਾਹਿਬ 'ਚ 'ਕਾਲੀ ਦੀਵਾਲੀ' ਮਨਾਈ ਗਈ।** ਬਾਈ ਅਕਤੂਬਰ ਨੂੰ ਹਰਕਿਸ਼ਨ ਸਿੰਘ ਸੁਰਜੀਤ (ਸੀ.ਪੀ.ਐਮ.) ਨੇ ਕਿਹਾ '**ਬੇਅੰਤ ਪੰਜਾਬ ਮਸਲੇ ਦਾ ਸਿਆਸੀ ਹੱਲ ਨਹੀਂ ਚਾਹੁੰਦਾ।**' ਨੌਂ ਨਵੰਬਰ ਨੂੰ ਬਾਦਲ ਨੇ ਕਿਹਾ, "**ਸਿੱਖਾਂ ਕੋਲ ਹੁਣ ਜਨਤਕ ਜੰਗ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ *(ਮਗਰੋਂ ਇਹੀ ਬਾਦਲ ਸਭ ਕੁਝ ਭੁਲ ਕੇ ਸਿਰਫ਼ ਦੌਲਤ ਦਾ ਪੁਜਾਰੀ ਬਣ ਗਿਆ)*।**"

ਸਵਿਟਜ਼ਰਲੈਂਡ ਵਿਚ ਖਾਲਿਸਤਾਨ ਦਾ ਝੰਡਾ ਲਹਿਰਾਇਆ

24 ਜਨਵਰੀ 1993 ਦੇ ਦਿਨ ਕੌਂਸਲ ਆਫ਼ ਖਾਲਿਸਤਾਨ ਨੂੰ 'ਅਨਰਿਪਰਜ਼ੈਂਟਿਡ ਨੇਸ਼ਨਜ਼ ਆਫ਼ ਦ ਵਰਲਡ' (ਯੂ.ਐਨ.ਪੀ.ਓ.) ਵਿਚ ਮੈਂਬਰਸ਼ਿਪ ਦਿੱਤੀ ਗਈ। ਇਸ ਮੌਕੇ 'ਤੇ ਡਾ: ਗੁਰਮੀਤ ਸਿੰਘ ਔਲਖ, ਪਰਮਜੀਤ ਸਿੰਘ ਅਜਰਾਵਤ ਅਤੇ ਭੁਪਿੰਦਰ ਸਿੰਘ ਸ਼ਾਮਿਲ ਹੋਏ ਤੇ ਉਨ੍ਹਾਂ ਨੇ ਚਾਰਟਰ 'ਤੇ ਦਸਤਖ਼ਤ ਕੀਤੇ ਅਤੇ ਉਨ੍ਹਾਂ ਦੇ ਸਕਤਰੇਤ ਵਿਚ ਖਾਲਿਸਤਾਨ ਦਾ ਝੰਡਾ ਲਹਿਰਾਇਆ। ਕੁਝ ਮਹੀਨੇ ਮਗਰੋਂ ਗੁਰਮੇਜ ਸਿੰਘ ਗਿੱਲ ਤੇ ਉਸ ਦੇ ਸਾਥੀਆਂ ਨੇ ਸਾੜੇ ਵਿਚ ਆ ਕੇ ਇਸ ਪਾਰਲੀਮੈਂਟ ਦੇ ਦਫ਼ਤਰ ਨੂੰ ਚਿੱਠੀ ਲਿਖ ਕੇ ਖਾਲਿਸਤਾਨ ਦੀ ਮੈਂਬਰਸ਼ਿਪ ਖ਼ਤਮ ਕਰਵਾਈ।

1993 ਵਿਚ ਸਿੱਖਾਂ ਦੇ ਕਤਲ

1992 ਦੇ ਆਖ਼ਰੀ ਦਸ ਮਹੀਨਿਆਂ ਵਾਂਗ, 1993 ਵਿਚ ਵੀ, ਸਿੱਖ ਨੌਜਵਾਨਾਂ ਉੱਤੇ ਬੇਅੰਤ

ਤੇ ਕੇ.ਪੀ.ਐੱਸ. ਗਿੱਲ ਦਾ ਬੇਪਨਾਹ ਕਹਿਰ ਜਾਰੀ ਰਿਹਾ। ਬੇਗੁਨਾਹ ਸਿੱਖ ਨੌਜਵਾਨ ਪੁਲਸੀਆਂ ਨੇ ਇਨਾਮ ਹਾਸਿਲ ਕਰਨ ਅਤੇ ''ਤਰੱਕੀਆਂ'' ਲੈਣ ਵਾਸਤੇ ਨਕਲੀ ਪੁਲੀਸ ਮੁਕਾਬਲੇ ਬਣਾ-ਬਣਾ ਕੇ ਮਾਰੇ। ਸੈਂਕੜੇ ਸਿੱਖ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਵੀ ਸੁੱਟੇ।

ਪਹਿਲੀ ਅਤੇ ਦੋ ਜਨਵਰੀ ਦੀ ਰਾਤ ਨੂੰ ਗੁਰਦੇਵ ਸਿੰਘ ਕਾਓਂਕੇ ਨੂੰ ਮਾਰ ਦਿੱਤਾ ਗਿਆ ਸੀ। ਦੋ ਜਨਵਰੀ ਉੱਨੀ ਸੌ ਤਰਿਆਨਵੇਂ ਨੂੰ ਨਸੀਬ ਸਿੰਘ ਤੇ ਹਰਿੰਦਰ ਸਿੰਘ ਭਿੰਦਾ ਨੂੰ ਨਕਲੀ ਮੁਕਾਬਲੇ ਵਿਚ ਖ਼ਤਮ ਕੀਤਾ ਗਿਆ। ਇਸੇ ਦਿਨ ਦਰਸ਼ਨ ਸਿੰਘ ਤਖਾਣਵੱਧ; ਪੰਜ ਜਨਵਰੀ ਨੂੰ ਅਵਤਾਰ ਸਿੰਘ ਤਾਰੀ, ਸਰਬਜੀਤ ਸਿੰਘ, ਬਲਜੀਤ ਸਿੰਘ ਤੇ ਜਗਬੀਰ ਸਿੰਘ; ਛੇ ਜਨਵਰੀ ਨੂੰ ਬਲਵਿੰਦਰ ਸਿੰਘ ਉਰਫ਼ ਗੁਲਾਬਾ, ਜਸਵੰਤ ਸਿੰਘ ਤੇ ਤਿੰਨ ਹੋਰ 'ਅਸਲ ਮੁਕਾਬਲੇ' ਵਿਚ (ਇਸ ਵਿਚ ਦੋ ਪੁਲਸੀਏ ਮਰੇ ਤੇ ਤਿੰਨ ਫੱਟੜ ਹੋਏ); ਇਸੇ ਦਿਨ ਹਾਕਮ ਸਿੰਘ ਫ਼ੌਜੀ ਉਰਫ਼ ਬਘੇਲ ਸਿੰਘ ਗੌਂਸਗੜ੍ਹ; ਸੱਤ ਜਨਵਰੀ ਨੂੰ ਬਾਰ੍ਹਾਂ ਸਿੱਖ ਨੋਜਵਾਨ, ਅਠ ਜਨਵਰੀ ਨੂੰ ਛਿਛਰੇਵਾਲ ਤੇ ਫਤਹਿਗੜ੍ਹ ਚੂੜੀਆਂ ਵਿਚਕਾਰ ਜਸਵਿੰਦਰ ਸਿੰਘ ਉਰਫ ਗੰਡਾਸਾ ਦਾਦੋਵਾਲੀ, ਬਲਵਿੰਦਰ ਸਿੰਘ ਸੰਧੂ ਘਣੀਏਕੇ ਬਾਂਗਰ, ਕੁਲਵਿੰਦਰ ਸਿੰਘ, ਲਖਵਿੰਦਰ ਸਿੰਘ ਲੱਖਾ ਯੂ.ਪੀ., ਜਗੀਰ ਸਿੰਘ ਫ਼ੌਜੀ ਕਾਲਾ ਅਫ਼ਗਾਨਾ ਤੇ ਕਈ ਹੋਰ; ਇਸੇ ਦਿਨ ਗੁਲਜ਼ਾਰ ਸਿੰਘ ਉਰਫ ਬਾਬਾ ਬੁੱਲਟ, ਸਿਕੰਦਰ ਸਿੰਘ ਬਿੱਲਾ, ਸਤਨਾਮ ਸਿੰਘ, ਬਿਕਰਮ ਸਿੰਘ ਦੁੱਲਾ, ਸੁਰਜੀਤ ਸਿੰਘ ਉਰਫ਼ ਪੈਂਟਾ, ਮੰਗੂ ਸਿੰਘ ਤੇ ਦੋ ਹੋਰ; ਨੌਂ ਜਨਵਰੀ ਨੂੰ ਅਣੋਖ ਸਿੰਘ ਕਾਲਾ, ਦਸ ਜਨਵਰੀ ਨੂੰ ਤਿੰਨ ਸਿੱਖ ਨੌਜਵਾਨ, ਯਾਰਾਂ ਜਨਵਰੀ ਨੂੰ ਸੋਫੀ ਸਿੰਘ ਉਰਫ਼ ਜਸਬੀਰ ਸਿੰਘ ਤੇ ਦੋ ਹੋਰ ਸਿੱਖ ਨੋਜਵਾਨ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ।

ਤੇਰਾਂ ਜਨਵਰੀ ਨੂੰ ਬਗੀਚਾ ਸਿੰਘ ਕਾਲੀਆ (ਤਿੰਨ ਸੌ ਦਾ ਕਾਤਿਲ ਕਹਿ ਕੇ), ਗੁਰਭੇਜ ਸਿੰਘ ਭੇਜਾ (ਦੋ ਸੌ ਦਾ ਕਾਤਿਲ ਕਹਿ ਕੇ), ਦਲਬੀਰ ਸਿੰਘ ਉਰਫ਼ ਸੁਬੇਗ ਸਿੰਘ (ਇਕ ਸੌ ਦਾ ਕਾਤਿਲ ਕਹਿ ਕੇ) ਤੇ ਅਜਾਇਬ ਸਿੰਘ ਕਲਾਨੌਰ, ਚੌਦਾਂ ਜਨਵਰੀ ਨੂੰ ਗੁਰਮੀਤ ਸਿੰਘ ਛੋਟਾ ਫ਼ੌਜੀ, ਬਿੰਦਰ ਸਿੰਘ ਉਰਫ਼ ਗੋਰਖਾ ਵਾਸੀ ਗੁਰਥਲੀ, ਭਾਦਸੋਂ, ਹਰਬੰਸ ਸਿੰਘ ਉਰਫ਼ ਬਿਜਲੀ ਵਾਸੀ ਸਰਾਭਾ, ਸ਼ਮਸ਼ੇਰ ਸਿੰਘ ਲਾਲੀ ਤੇ ਬਲਵਿੰਦਰ ਸਿੰਘ ਕਾਲਾ; ਸੋਲਾਂ ਜਨਵਰੀ ਨੂੰ ਸਾਧੂ ਸਿੰਘ ਉਰਫ਼ ਛੋਟਾ ਭਾਊ, ਸਤਾਰਾਂ ਜਨਵਰੀ ਨੂੰ 'ਅਸਲ ਮੁਕਾਬਲੇ' ਵਿਚ ਕਰਤਾਰਪੁਰ ਨੇੜੇ ਸੱਤੋਵਾਲੀ ਪਿੰਡ ਵਿਚ ਬਲਜਿੰਦਰ ਸਿੰਘ, ਇੰਦਰਜੀਤ ਸਿੰਘ (ਇਸ ਮੁਕਾਬਲੇ ਵਿਚ ਇਕ ਪੁਲਸੀਆ ਤੇ ਦੋ ਫ਼ੌਜੀ ਮਰੇ ਤੇ ਕਈ ਜ਼ਖ਼ਮੀ ਹੋਏ), ਇਸੇ ਦਿਨ ਜਸਬੀਰ ਸਿੰਘ ਬੀਰੀ ਤੇ ਕੁਲਵਿੰਦਰ ਸਿੰਘ ਡਮੰਡਾ; ਅਠਾਰਾਂ ਜਨਵਰੀ ਨੂੰ ਨਿਰਮਲ ਸਿੰਘ, ਮਨਜੀਤ ਸਿੰਘ ਤੇ ਦੋ ਹੋਰ, ਉੱਨੀ ਜਨਵਰੀ ਨੂੰ ਹਰਨੇਕ ਸਿੰਘ ਨੇਕਾ ਤੇ ਇਕ ਹੋਰ, ਚੌਵੀ ਜਨਵਰੀ ਨੂੰ 'ਬਾਬਾ' ਠਾਕਰ ਸਿੰਘ ਦੀ ਗੱਡੀ 'ਚੋਂ ਲਾਹ ਕੇ ਫੜੇ ਹਰਜਿੰਦਰ ਸਿੰਘ ਜਿੰਦਾ ਨੂੰ ਅਗਲੇ ਦਿਨ; ਸਤਾਈ ਜਨਵਰੀ ਨੂੰ ਨਿਸ਼ਾਨ ਸਿੰਘ ਤੇ ਕੁਲਵੰਤ ਸਿੰਘ ਕੰਤਾ; ਅਠਾਈ ਜਨਵਰੀ ਨੂੰ ਗੁਰਦੇਵ ਸਿੰਘ ਦੇਬਾ ਨਕਲੀ ਮੁਕਾਬਲਿਆਂ 'ਚ ਕਤਲ ਕੀਤੇ ਗਏ।

ਫ਼ਰਵਰੀ 1993 ਵਿਚ ਸਿੱਖਾਂ ਦੇ ਕਤਲ

ਪਹਿਲੀ ਫਰਵਰੀ ਨੂੰ ਦਿਲਰਾਜ ਸਿੰਘ ਬੱਬਰ, ਇੰਦਰਜੀਤ ਸਿੰਘ, ਸੁਖਵਿੰਦਰ ਸਿੰਘ ਤੇ ਤਿੰਨ ਹੋਰ; ਦੋ ਫਰਵਰੀ ਨੂੰ ਜਸਵੀਰ ਸਿੰਘ ਲਾਹੌਰੀ ਨਾਰਲੀ, ਸੇਵਾ ਸਿੰਘ ਫੌਜੀ ਢਿਲਵਾਂ, ਤਿੰਨ ਫਰਵਰੀ ਨੂੰ ਮੇਜਰ ਸਿੰਘ ਉਰਫ਼ ਸ਼ਹੀਦ, ਹਰਜੀਤ ਸਿੰਘ, ਸਾਹਿਬ ਸਿੰਘ ਉਰਫ਼ ਜਗੀਰ ਸਿੰਘ ਤੇ ਅੱਠ ਹੋਰ;

ਚਾਰ ਫਰਵਰੀ ਨੂੰ ਮਨਿੰਦਰ ਸਿੰਘ, ਰਜਿੰਦਰ ਸਿੰਘ ਲਾਡੀ, ਪੰਜ ਫਰਵਰੀ ਨੂੰ ਨਰਿੰਦਰ ਸਿੰਘ ਨਿੰਦੀ; ਸਤ ਫਰਵਰੀ ਨੂੰ ਲੱਖਾ ਸਿੰਘ ਸ਼ਹੀਦ ਕਰ ਦਿੱਤੇ।

ਕੁਲਵੰਤ ਸਿੰਘ ਸੈਣੀ, ਉਸ ਦੀ ਪਤਨੀ ਤੇ ਮਾਸੂਮ ਬੱਚੇ ਦਾ ਕਤਲ

8 ਫ਼ਰਵਰੀ 1993 ਦੇ ਦਿਨ ਪੁਲਸ ਨੇ ਅਸਿੱਧੇ ਤੌਰ ’ਤੇ ਮੰਨਿਆ ਕਿ ਰੋਪੜ ਦੇ ਵਕੀਲ ਸ: ਕੁਲਵੰਤ ਸਿੰਘ ਸੈਣੀ ਨੂੰ ਉਸ ਦੀ ਪਤਨੀ ਅਮਰਜੀਤ ਕੌਰ ਅਤੇ 18 ਮਹੀਨੇ ਦੇ ਮਾਸੂਮ ਬੱਚੇ ਕਰਨਬੀਰ ਸਿੰਘ ਸਣੇ 25 ਜਨਵਰੀ ਨੂੰ ਅਗਵਾ ਕੀਤਾ ਅਤੇ ਤਸੀਹੇ ਦੇਣ ਮਗਰੋਂ 28 ਜਨਵਰੀ ਨੂੰ ਸ਼ਹੀਦ ਕਰ ਦਿੱਤਾ ਸੀ। ਪੁਲਸ ਨੇ ਇਸ ਦੀ ਜ਼ਿਮੇਦਾਰੀ ਖਾੜਕੂਆਂ ਦੇ ਸਿਰ ਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਪੁਲਸ ਨੇ ਆਪਣੇ ਜ਼ੁਲਮ ’ਤੇ ਪਰਦਾ ਪਾਉਣ ਵਾਸਤੇ ਇਨ੍ਹਾਂ ਦੀਆਂ ਲਾਸ਼ਾਂ ਨੂੰ ਇਨ੍ਹਾਂ ਦੀ ਕਾਰ ਸਮੇਤ ਭਾਖੜਾ ਮੇਨ ਨਹਿਰ ਵਿਚ ਸੁੱਟ ਦਿੱਤਾ। ਸ: ਕੁਲਵੰਤ ਸਿੰਘ ਸੈਣੀ ਦਾ ਗੁਨਾਹ ਇਹ ਸੀ ਕਿ ਉਹ ਸਿੱਖ ਕੈਦੀਆਂ ਦੇ ਮੁਕੱਦਮੇ ਲੜਿਆ ਕਰਦਾ ਸੀ। ਸ: ਕੁਲਵੰਤ ਸਿੰਘ ਸੈਣੀ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਰੋਪੜ ਜ਼ਿਲ੍ਹੇ ਦਾ ਪ੍ਰਧਾਨ ਵੀ ਸੀ। ਇਸ ਅਗਵਾ ਅਤੇ ਕਤਲ ਦੇ ਖ਼ਿਲਾਫ਼ ਰੋਪੜ ਦੇ ਅਤੇ ਫਿਰ ਸਾਰੇ ਪੰਜਾਬ ਦੇ ਵਕੀਲਾਂ ਨੇ ਜ਼ਬਰਦਸਤ ਹੜਤਾਲ ਕੀਤੀ। ਪੰਜਾਬ ਪੁਲਸ ਨੇ ਉਸ ਸਮੇਂ ਦੌਰਾਨ ਜਸਵੰਤ ਸਿੰਘ ਖਾਲੜਾ, ਕੁਲਵੰਤ ਸਿੰਘ ਸੈਣੀ ਰੋਪੜ, ਸੁਖਵਿੰਦਰ ਸਿੰਘ ਭੱਟੀ ਸੰਗਰੂਰ, ਜਗਵਿੰਦਰ ਸਿੰਘ ਹੈਪੀ ਕਪੂਰਥਲਾ, ਰਣਬੀਰ ਸਿੰਘ ਮਾਨਸ਼ਾਹੀਆ (ਬਠਿੰਡਾ), ਧਰਮਵੀਰ ਸਿੰਘ ਜਲੰਧਰ, ਆਤਮਜੀਤ ਸਿੰਘ ਮਾਵੀ ਲੁਧਿਆਣਾ ਅਤੇ ਹੋਰ ਬਹੁਤ ਸਾਰੇ ਵਕੀਲ ਤੇ ਇਨਸਾਨੀ ਹਕੂਕ ਦੇ ਅਲੰਬਰਦਾਰ ਮਾਰੇ ਸਨ ਅਤੇ ਜਸਟਿਸ ਅਜੀਤ ਸਿੰਘ ਬੈਂਸ ਵਰਗੀਆਂ ਸ਼ਖ਼ਸੀਅਤਾਂ ਨੂੰ ਝੂਠੇ ਕੇਸ ਬਣਾ ਕੇ ਕੈਦ ਕੀਤਾ ਸੀ

ਨੌਂ ਫਰਵਰੀ ਨੂੰ ਡਾਕਟਰ ਜਸਵੰਤ ਸਿੰਘ ਉਰਫ਼ ਹਰਵੰਤ ਸਿੰਘ, ਸੁਖਚੈਨ ਸਿੰਘ ਬੱਬੂ, ਦਿਲਬਾਗ ਸਿੰਘ ਕਾਕੂ, ਭਜਨ ਕੌਰ ਤੇ ਸੁਰਿੰਦਰ ਕੌਰ ਤੇ ਲਖਵੀਰ ਸਿੰਘ, ਦਸ ਫਰਵਰੀ ਨੂੰ ਜਤਿੰਦਰ ਸਿੰਘ ਬਾਬੂ ਤੇ ਇਕ ਹੋਰ, ਬਾਰਾਂ ਫਰਵਰੀ ਨੂੰ ਨਿਰਮਲ ਸਿੰਘ, ਜਸਵਿੰਦਰ ਸਿੰਘ ਸੰਜੂ, ਕਮਲਜੀਤ ਸਿੰਘ ਤੇ ਦੋ ਹੋਰ ਨਕਲੀ ਮੁਕਾਬਲਿਆਂ ਵਿਚ ਮਾਰ ਦਿਤੇ ਗਏ।

ਤੇਰ੍ਹਾਂ ਫਰਵਰੀ ਨੂੰ ਸੁਖਵਿੰਦਰ ਸਿੰਘ ਗੋਲਡੀ ਬਰਾੜ, ਗੁਰਨਾਮ ਸਿੰਘ ਉਰਫ਼ ਭੂਚਾਲ, ਜਗੀਰ ਸਿੰਘ ਅਬੋਹਰ, ਦਲਜਿੰਦਰ ਸਿੰਘ ਮਖੂ, ਗੁਰਮੇਲ ਸਿੰਘ ਗੇਜਾ ਉਰਫ਼ ਸਰਬਨ ਬੋਦਲਾ, ਬਲਬੀਰ ਸਿੰਘ, ਜਲਾ ਸਿੰਘ, ਜਗਤਾਰ ਸਿੰਘ, ਕੁਲਬੀਰ ਸਿੰਘ ਹਰੀਕੇ; ਚੌਦਾਂ ਫਰਵਰੀ ਨੂੰ ਭੋਲਾ ਸਿੰਘ ਤੇ ਚਰਨ ਕੌਰ, ਸੋਲ੍ਹਾਂ ਫਰਵਰੀ ਨੂੰ ਬਲਬੀਰ ਸਿੰਘ ਲਾਡੀ; ਸਤਾਰਾਂ ਫਰਵਰੀ ਨੂੰ ਜਸਵੰਤ ਸਿੰਘ ਜੱਸਾ ਉਰਫ਼ ਮਾਸਟਰ, ਬਲਵਿੰਦਰ ਸਿੰਘ ਜਗਜੀਤਪੁਰਾ ਤੇ ਛੇ ਹੋਰ, ਅਠਾਰਾਂ ਫਰਵਰੀ ਨੂੰ ਮਹਿੰਦਰ ਸਿੰਘ ਮਿੰਟਾ, ਮੁਖਤਿਆਰ ਸਿੰਘ, ਜਸਬੀਰ ਸਿੰਘ ਜੱਸੀ, ਰਣਜੀਤ ਸਿੰਘ ਉਰਫ਼ ਅਜੀਤ ਸਿੰਘ, ਪਰਗਟ ਸਿੰਘ, ਵੀਰ ਸਿੰਘ, ਸਤਨਾਮ ਸਿੰਘ ਸੱਤਾ ਤੇ ਦੋ ਹੋਰ, ਉੱਨੀਂ ਫਰਵਰੀ ਨੂੰ ਸੁਖਵੰਤ ਸਿੰਘ ਉਰਫ਼ ਸੁਖਦੇਵ ਸਿੰਘ ਉਰਫ਼ ਬੱਬ, ਹਰਪ੍ਰੀਤ ਸਿੰਘ ਉਰਫ਼ ਦਵਿੰਦਰ ਸਿੰਘ, ਵੀਹ ਫਰਵਰੀ ਨੂੰ ਵਿਰਸਾ ਸਿੰਘ, ਗੁਰਮੁੱਖ ਸਿੰਘ ਮੋਫੀਵਾਲ, ਗੁਰਦੇਵ ਸਿੰਘ ਕੱਚਾ ਮਲਕ ਰੋਡ ਜਗਰਾਓਂ, ਬਾਈ ਫਰਵਰੀ ਨੂੰ ਸ਼ਾਮ ਸਿੰਘ ਸ਼ਾਮਾ ਚੂਹੜੀਆਂ (ਬਠਿੰਡਾ) ਅਤੇ ਗੁਰਚਰਨ ਸਿੰਘ ਚਰਨਾਗੁੜਾ (ਸਿਰਸਾ) ਪੁਲੀਸ ਨੇ ਮਾਰ ਦਿੱਤੇ। ਤੇਈ ਫਰਵਰੀ ਨੂੰ ਮੰਦਰ ਸਿੰਘ ਬਿਲਾਸਪੁਰ, ਪਰਮਜੀਤ ਸਿੰਘ ਰਾਣੀਆਂ ਤੇ ਦੋ ਹੋਰ, ਸਤਾਈ ਫਰਵਰੀ ਨੂੰ ਦਵਿੰਦਰ ਸਿੰਘ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ।

ਇਨ੍ਹੀਂ ਦਿਨੀਂ ਹੀ ਪੁਲੀਸ ਨੇ ਇਕ ਨਾਮਾਲੂਮ ਸਿੱਖ ਨੂੰ ਮਾਰ ਕੇ ਸੁਖਵਿੰਦਰ ਸਿੰਘ ਸੁੱਖੀ ਨੂੰ ਮਰਿਆ ਐਲਾਨ ਦਿੱਤਾ। ਦਰਅਸਲ ਸੁਖਵਿੰਦਰ ਸਿੰਘ ਨੂੰ 'ਕੈਟ' ਬਣਾ ਲਿਆ ਗਿਆ ਸੀ, ਜਿਸ ਦਾ ਖੁਲਾਸਾ 2007 ਵਿਚ ਸਾਬਕਾ ਡੀ.ਜੀ.ਪੀ. ਵਿਰਕ ਨੇ ਕਰਦਿਆਂ ਮੰਨਿਆ ਕਿ ਸੁੱਖੀ ਅਤੇ ਲਵਸ਼ਿੰਦਰ ਡਲੇਵਾਲ ਵਰਗੇ ਅਜਿਹੇ ਤਿੰਨ ਸੌ ਤੋਂ ਵਧ ਕੈਟ ਪੁਲੀਸ ਨੇ ਛੱਡੇ ਹੋਏ ਸਨ।

ਗੁਰਬਚਨ ਸਿੰਘ ਮਾਨੋਚਾਹਲ ਨਕਲੀ ਪੁਲਿਸ ਮੁਕਾਬਲੇ ਵਿਚ ਸ਼ਹੀਦ

ਅਠਾਈ ਫਰਵਰੀ ਨੂੰ ਭਿੰਡਰਾਂਵਾਲਾ ਟਾਈਗਰ ਫ਼ੋਰਸ ਦੇ ਮੁਖੀ ਜਥੇਦਾਰ ਗੁਰਬਚਨ ਸਿੰਘ ਮਾਨੋਚਾਹਲ (ਜਿਸ ਨੂੰ ਪਿਛਲੇ ਦਿਨ ਫੜਿਆ ਸੀ) ਨੂੰ 28 ਫ਼ਰਵਰੀ 1993 ਦੇ ਦਿਨ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਗਿਆ। ਮਾਨੋਚਾਹਲ ਤਿੰਨ ਵਾਰ ਪੁਲਸ ਦੇ ਘੇਰੇ ਵਿਚੋਂ ਬਚ ਕੇ ਨਿਕਲ ਚੁੱਕਾ ਸੀ; ਇਸ ਵਿਚ ਦੋ ਵਾਰ 1985 ਵਿਚ ਅਤੇ ਤੀਜੀ ਵਾਰ ਅਜੇ ਕੁਝ ਦਿਨ ਪਹਿਲਾਂ ਹੀ ਰਟੌਲ ਵਿਚ ਹੋਏ ਪੁਲਸ ਹਮਲੇ ਵਿਚੋਂ ਮਸਾਂ ਬਚਿਆ ਸੀ (ਰਟੌਲ ਵਿਚ 100 ਦੇ ਕਰੀਬ ਸਿਪਾਹੀ ਤੇ ਫ਼ੌਜੀ ਮਾਰੇ ਗਏ ਸਨ)। ਉਸ ਅਸਲ ਮੁਕਾਬਲੇ ਵਿਚ ਬਹੁਤ ਸਾਰੇ ਪੁਲਸੀਏ ਮਾਰੇ ਗਏ ਸਨ। ਮਗਰੋਂ ਮਾਨੋਚਾਹਲ ਦਾ ਸਾਰਾ ਟੱਬਰ (ਪਿਤਾ, ਦੋ ਭਰਾ, ਮਾਤਾ ਤੇ ਕਈ ਹੋਰ) ਪੁਲੀਸ ਨੇ ਇਕ-ਇਕ ਕਰ ਕੇ ਮਾਰ ਦਿੱਤਾ ਸੀ। ਉਸ ਦੇ ਪਰਿਵਾਰ ਦੇ ਅਤੇ ਉਸ ਦੇ ਦੂਜੇ ਰਿਸ਼ਤੇਦਾਰਾਂ ਵਿਚ 42 ਜਣਿਆਂ ਨੂੰ ਪੁਲਸ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ।

ਜੱਥੇਦਾਰ ਗੁਰਬਚਨ ਸਿੰਘ ਮਾਨੋਚਾਹਲ ਸ਼ਾਇਦ ਇਸ ਵਾਰ ਵੀ ਗ੍ਰਿਫ਼ਤਾਰ ਨਾ ਹੋ ਸਕਦਾ ਜੇ ਕਰ ਕਿਸੇ ਸਾਥੀ ਨੇ ਉਸ ਨਾਲ ਦਗ਼ਾ ਨਾ ਕੀਤਾ ਹੁੰਦਾ। ਉਸ ਨੂੰ ਇਕ ਦਗ਼ਾਬਾਜ਼ ਨੇ ਦੁੱਧ ਵਿਚ ਨੀਂਦ ਦੀ ਗੋਲੀ ਪਾ ਕੇ ਬੇਹੋਸ਼ ਕਰ ਕੇ ਫੜਵਾ ਦਿੱਤਾ ਵਰਨਾ ਉਹ ਆਖ਼ਰੀ ਸਾਹ ਤਕ ਪੁਲਸ ਨਾਲ ਲੜਦਾ ਅਤੇ ਸ਼ਹੀਦ ਹੁੰਦਾ। ਮਾਨੋਚਾਹਲ ਖਾੜਕੂ ਲਹਿਰ ਦੇ ਸਭ ਤੋਂ ਵੱਡੇ ਥੰਮਾਂ ਵਿਚੋਂ ਇਕ ਸੀ। ਉਸ ਤੋਂ ਪਹਿਲਾਂ ਬੱਬਰ ਖਾਲਸਾ ਦੇ ਬਾਨੀ ਜਥੇਦਾਰ ਤਲਵਿੰਦਰ ਸਿੰਘ, ਧਰਮ ਸਿੰਘ ਕਾਸ਼ਤੀਵਾਲ, ਅਵਤਾਰ ਸਿੰਘ ਬ੍ਰਹਮਾ, ਗੁਰਜੰਟ ਸਿੰਘ ਬੁਧ ਸਿੰਘ ਵਾਲਾ, ਗੁਰਦੇਵ ਸਿੰਘ ਕਾੳਿੰਕੇ, ਗੁਰਜੰਟ ਸਿੰਘ ਰਾਜਸਥਾਨੀ, ਸੁਖਦੇਵ ਸਿੰਘ ਮਾਰੇ ਜਾ ਚੁੱਕੇ ਸਨ ਅਤੇ ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਫ਼ਾਂਸੀ ਦਾ ਰੱਸਾ ਚੁੰਮ ਚੁੱਕੇ ਸਨ। ਜੱਥੇਦਾਰ ਮਾਨੋਚਾਹਲ ਦੇ ਮਾਰੇ ਜਾਣ ਨਾਲ ਖਾੜਕੂ ਲਹਿਰ ਦਾ ਬਹੁਤ ਵੱਡਾ ਨੁਕਸਾਨ ਹੋਇਆ।

ਮਾਰਚ-ਅਪ੍ਰੈਲ-ਮਈ 1993 ਵਿਚ ਸਿੱਖਾਂ ਦੇ ਕਤਲ

ਪਹਿਲੀ ਮਾਰਚ ਨੂੰ ਬਲਵਿੰਦਰ ਸਿੰਘ ਗੰਗਾ, ਪੰਜਾਬ ਸਿੰਘ ਮਨਾਵਾਂ ਤੇ ਚਾਰ ਹੋਰ, ਦੋ ਮਾਰਚ ਨੂੰ ਗੁਰਮੇਲ ਸਿੰਘ ਉਰਫ਼ ਤਾਰਾ, ਚਾਰ ਮਾਰਚ ਨੂੰ ਸੁਖਦੇਵ ਸਿੰਘ ਉਰਫ਼ ਬਿੱਲਾ, ਜਸਪਾਲ ਸਿੰਘ, ਤਸਬੀਰ ਸਿੰਘ, ਛੇ ਮਾਰਚ ਨੂੰ ਦਰਸ਼ਨ ਸਿੰਘ ਅਕਲੀਆ, ਗੁਰਮੀਤ ਸਿੰਘ ਮੁਕਤਸਰ, ਜਗਤਾਰ ਸਿੰਘ, ਬਿੱਕਰ ਸਿੰਘ, ਅਠ ਮਾਰਚ ਨੂੰ ਨਿਰਮਲਜੀਤ ਸਿੰਘ ਨਿੰਮਾ; ਦਸ ਮਾਰਚ ਨੂੰ ਲਖਵਿੰਦਰ ਸਿੰਘ ਲੱਖਾ ਉਰਫ਼ ਕੇਹਰ ਸਿੰਘ, ਸਤਾਰਾਂ ਮਾਰਚ ਨੂੰ ਰਣਧੀਰ ਸਿੰਘ ਧੀਰਾ; ਇੱਕੀ ਮਾਰਚ ਨੂੰ ਕੇ.ਐਲ.ਐਫ਼ ਜਰਨੈਲ ਦਿਲਬਾਗ ਸਿੰਘ ਬਾਘਾ (ਰਾਜਿਸਥਾਨ ਵਿਚ), ਨਵਰੂਪ ਸਿੰਘ ਢੋਟੀਆਂ, ਰਤਨ ਸਿੰਘ ਰੱਤੂ, ਜਗਦੀਸ਼ ਸਿੰਘ ਦੀਸ਼ਾ ਕਾੳਿੰਕੇ, ਗੁਰਦੀਪ ਸਿੰਘ ਭੋਲਾ ਅਬੂਵਾਲ, ਦਰਸ਼ਨ ਸਿੰਘ ਮਾਨਕੀ, ਕਿਰਨਦੀਪ ਸਿੰਘ ਮੋਗਾ ਤੇ ਉਸ ਦੀ ਪਤਨੀ ਜੋਤੀ ਉਰਫ਼ ਮੋਹਣੀ ਅਤੇ

ਪੰਜ ਹੋਰ; ਬਾਈ ਮਾਰਚ ਨੂੰ ਬਲਵਿੰਦਰ ਸਿੰਘ ਮੂਲਾਵਾਲਾ, ਬਲਜਿੰਦਰ ਸਿੰਘ, ਗੁਰਮੀਤ ਸਿੰਘ ਮੀਤਾ, ਨਸੀਬ ਸਿੰਘ ਜਥੇਦਾਰ, ਗੁਰਮੇਲ ਸਿੰਘ ਉਰਫ਼ ਗੋਖਾ, ਤੀਹ ਮਾਰਚ ਨੂੰ ਬਲਵਿੰਦਰ ਸਿੰਘ ਰਬੈਰੋ ਤੇ ਦੋ ਹੋਰ ਨਕਲੀ ਮੁਕਾਬਲੇ ਬਣਾ ਕੇ ਕਤਲ ਕਰ ਦਿੱਤੇ ਗਏ।

ਮਾਰਚ ਵਿਚ ਹੀ ਅਜੀਤ ਸੰਧੂ ਪੁਲਸੀਏ ਨੇ ਕਾਰ ਸੇਵਾ ਵਾਲੇ ਬਾਬਾ ਚਰਨ ਸਿੰਘ ਨੂੰ ਚੁੱਕ ਲਿਆ ਅਤੇ ਉਸ ਦੇ ਪਰਿਵਾਰ ਦੇ ਪੰਜ ਮੈਂਬਰ ਵੀ। ਸੰਧੂ ਨੇ ਉਸ ਦੇ ਲੱਖਾਂ ਰੁਪੈ ਵੀ ਖਾ ਲਏ ਪਰ ਫਿਰ ਵੀ ਉਸ ਨੂੰ ਤੇ ਸਾਥੀਆਂ ਨੂੰ ਕਤਲ ਕਰ ਦਿਤਾ ਤੇ ਲਾਸ਼ਾਂ ਖੁਰਦ ਬੁਰਦ ਕਰ ਦਿੱਤੀਆਂ। ਮਗਰੋਂ ਅਗਸਤ 2001 ਵਿਚ ਸੰਧੂ ਤੇ 14 ਪੁਲਸੀਆਂ ਦੇ ਖ਼ਿਲਾਫ਼ ਕੇਸ ਚੱਲਿਆ।

ਰਮਿੰਦਰ ਸਿੰਘ ਟੈਨੀ ਤੇ ਉਸ ਦੀ ਪਤਨੀ ਮਨਜੀਤ ਕੌਰ ਸ਼ਹੀਦ

ਪੰਜ ਮਾਰਚ 1993 ਦੇ ਦਿਨ ਖਾੜਕੂ ਰਮਿੰਦਰਜੀਤ ਸਿੰਘ ਟੈਨੀ ਤੇ ਉਸ ਦੀ ਦਲੇਰ ਪਤਨੀ ਮਨਜੀਤ ਕੌਰ ਜਦ ਪਟਿਆਲਾ ਤੋਂ ਲੁਧਿਆਣਾ ਜਾਂਦਿਆਂ ਬੱਸ ਵਿਚ ਸਫ਼ਰ ਕਰ ਰਹੇ ਸਨ, ਪੁਲਿਸ ਨੂੰ ਇਸ ਦੀ ਮੁਖ਼ਬਰੀ ਮਿਲ ਚੁਕੀ ਸੀ। ਖੰਨਾ ਕੋਲ ਪੁਲਿਸ ਨੇ ਉਨ੍ਹਾਂ ਦੀ ਬੱਸ ਨੂੰ ਰੋਕ ਲਿਆ। ਰਮਿੰਦਰ ਸਿੰਘ ਤੇ ਮਨਜੀਤ ਕੌਰ ਨੇ ਪਿਸਤੌਲਾਂ ਤਾਣ ਲਈਆਂ ਅਤੇ ਸਾਰੀਆਂ ਸਵਾਰੀਆਂ ਨੂੰ ਥੱਲੇ ਉਤਰਨ ਵਾਸਤੇ ਕਹਿ ਦਿੱਤਾ। ਇਸ ਮਗਰੋਂ ਉਨ੍ਹਾਂ ਨੇ ਪੁਲਸ ’ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪਰ ਅਸਲਾ ਮੁੱਕ ਜਾਣ ਮਗਰੋਂ ਪੋਟਾਸ਼ੀਅਮ ਸਾਇਆਨਾਈਡ ਦੇ ਕੈਪਸੂਲ ਖਾ ਕੇ ਜਾਨ ਦੇ ਦਿੱਤੀ। ਰਮਿੰਦਰ ਸਿੰਘ ਟੈਨੀ ਖਾਲਿਸਤਾਨ ਲਹਿਰ ਦਾ ਬਹੁਤ ਸਰਗਰਮ ਕਾਰਕੁੰਨ ਸੀ। ਉਹ ਪਹਿਲਾਂ ਵੀ ਦੋ ਵਾਰ ਗ੍ਰਿਫ਼ਤਾਰ ਹੋ ਚੁੱਕਾ ਸੀ। ਉਸ ਦੀ ਆਖ਼ਰੀ ਗ੍ਰਿਫ਼ਤਾਰੀ 28 ਫ਼ਰਵਰੀ 1991 ਦੀ ਸੀ ਤੇ ਉਹ 25 ਫ਼ਰਵਰੀ 1992 ਦੇ ਦਿਨ ਪੁਲਸ ਹਿਰਾਸਤ ਵਿਚੋਂ ਦੌੜ ਗਿਆ ਸੀ ਤੇ ਮਫ਼ਰੂਰ ਸੀ।

ਪਹਿਲੀ ਅਪ੍ਰੈਲ ਨੂੰ ਜਗਤਾਰ ਸਿੰਘ ਜੱਗਾ; ਚਾਰ ਅਪ੍ਰੈਲ ਨੂੰ ਹਰਬੰਸ ਸਿੰਘ ਤੇ ਸੱਤ ਹੋਰ; ਛੇ ਅਪ੍ਰੈਲ ਨੂੰ ਬਿਕਰਮਜੀਤ ਸਿੰਘ ਫ਼ੌਜੀ ਤੇ ਦੋ ਹੋਰ, ਸੱਤ ਅਪ੍ਰੈਲ ਨੂੰ ਫ਼ੌਜਾ ਸਿੰਘ ਉਰਫ਼ ਬਾਬਾ ਤੇ ਪੰਜ ਹੋਰ; ਦੱਸ ਅਪ੍ਰੈਲ ਨੂੰ ਮਥਰਾ ਸਿੰਘ ਉਰਫ਼ ਸੁਰਦੀਪ ਸਿੰਘ ਵਾਸੀ ਸ਼ਿਕਾਰ ਮਾਛੀਆਂ; ਤੇਰਾਂ ਅਪ੍ਰੈਲ ਨੂੰ ਮਨਜੀਤ ਸਿੰਘ ਭੋਲਾ ਤੇ ਅਮਰੀਕ ਸਿੰਘ ਬੀਰੂ; ਪੰਦਰਾਂ ਅਪ੍ਰੈਲ ਨੂੰ ਹਰਜਿੰਦਰ ਸਿੰਘ ਜਿੰਦਾ ਉਰਫ਼ ਰਣਜੀਤ ਸਿੰਘ ਬਾਬਾ; ਅਠਾਰਾਂ ਅਪ੍ਰੈਲ ਨੂੰ ਬਲਦੇਵ ਸਿੰਘ ਦੋਰਾਂਗਲਾ, ਛੱਬੀ ਅਪ੍ਰੈਲ ਨੂੰ ਕਮਲਜੀਤ ਸਿੰਘ ਬਬਰ; ਸਤਾਈ ਅਪ੍ਰੈਲ ਨੂੰ ਰੇਸ਼ਮ ਸਿੰਘ, ਸੁਖਦੇਵ ਸਿੰਘ ਤੇ ਗੁਲਜ਼ਾਰ ਸਿੰਘ ਨਕਲੀ ਮੁਕਾਬਲਿਆਂ ਵਿਚ ਕਤਲ ਕੀਤੇ ਗਏ।

ਪਰਗਟ ਸਿੰਘ ਫ਼ੌਜੀ ਸੰਗਤਪੁਰ ਤੇ ਮਨਜਿੰਦਰ ਸਿੰਘ ਤਲਵੰਡੀ ਰਾਇ ਸ਼ਹੀਦ

ਤੇਈ ਅਪ੍ਰੈਲ 1993 ਦੇ ਦਿਨ ਪਰਗਟ ਸਿੰਘ ਫ਼ੌਜੀ (ਪੁੱਤਰ ਖ਼ੁਸ਼ੀ ਮੁਹੰਮਦ, ਵਾਸੀ ਸੰਗਤਪੁਰ, ਜ਼ਿਲ੍ਹਾ ਫ਼ਰੀਦਕੋਟ) ਅਤੇ ਮਨਜਿੰਦਰ ਸਿੰਘ (ਵਾਸੀ ਤਲਵੰਡੀ ਰਾਇ), ਜੋ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਭਾਈ ਗੁਰਜੰਟ ਸਿੰਘ ਦੇ ਸਾਥੀ ਸਨ, ਨੇ ਬਠਿੰਡਾ ਦੇ ਡਿਪਟੀ ਕਮਿਸ਼ਨਰ ਦੀ ਕਾਰ ਨੂੰ ਬੰਬ ਨਾਲ ਉਡਾਇਆ ਸੀ। ਪਰ ਇਸ ਹਮਲੇ ਵਿਚ ਡੀ.ਸੀ ਬਚ ਗਿਆ। ਇਸ ਮਗਰੋਂ ਪੁਲਿਸ ਤੇ ਸੀ.ਆਰ.ਪੀ.ਐਫ਼. ਨੇ ਇਲਾਕੇ ਨੂੰ ਘੇਰਾ ਪਾ ਲਿਆ। ਦੋਹਾਂ ਖਾੜਕੂਆਂ ਨੇ ਡਟ ਕੇ ਮੁਕਾਬਲਾ ਕੀਤਾ ਤੇ ਕਈ ਪੁਲਸੀਆਂ ਨੂੰ ਮਾਰ ਮੁਕਾਇਆ। ਅਖ਼ੀਰ ਜਦ ਉਨ੍ਹਾਂ ਦਾ ਅਮਲਾ ਮੁੱਕ ਗਿਆ ਤਾਂ ਉਨ੍ਹਾਂ

ਨੇ ਸਾਇਆਨਾਈਡ ਦੇ ਕੈਪਸੂਲ ਖਾ ਕੇ ਜਾਨਾਂ ਦੇ ਦਿੱਤੀਆਂ। ਜਦ ਪੁਲਸ ਨੂੰ ਗੋਲੀ ਦੀ ਆਵਾਜ਼ ਸੁਣਾਈ ਦੇਣੀ ਬੰਦ ਹੋ ਗਈ ਤਾਂ ਪੁਲਸ ਉਨ੍ਹਾਂ ਵੱਲ ਵਧੀ। ਭਾਵੇਂ ਉਹ ਖ਼ਤਮ ਹੋ ਚੁਕੇ ਸਨ ਪਰ ਪੁਲਿਸ ਨੇ ਆਪਨਾ ਗੁੱਸਾ ਕੱਢਣ ਵਾਸਤੇ ਉਨ੍ਹਾਂ ਦੀਆਂ ਦੇਹਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ।

ਦੋ ਮਈ ਨੂੰ ਰਛਪਾਲ ਸਿੰਘ ਫ਼ੌਜੀ ਤੇ ਪੰਜ ਹੋਰ, ਤਿੰਨ ਮਈ ਨੂੰ ਲਛਮਣ ਸਿੰਘ ਮਲਕਾਣਾ ਤੇ ਇਕ ਹੋਰ; ਸਤ ਮਈ ਨੂੰ ਜੋਗਿੰਦਰ ਸਿੰਘ ਦਿੱਲੀ ਤੇ ਤਿੰਨ ਹੋਰ; ਨੌਂ ਮਈ ਨੂੰ ਕੁਲਵੰਤ ਸਿੰਘ ਬੱਬਰ ਉਰਫ਼ ਡਾਕਟਰ ਖੇਮ ਸਿੰਘ, ਪੰਦਰਾਂ ਮਈ ਨੂੰ ਜਸਕਰਨ ਸਿੰਘ ਰੁਪਾਣਾ ਤੇ ਹਰਮਿੰਦਰ ਸਿੰਘ ਗਰੇਵਾਲ; ਸੋਲਾਂ ਮਈ ਨੂੰ ਸ਼ੇਰਜੰਗ ਸਿੰਘ ਸ਼ੇਰ; ਸਤਾਰਾਂ ਮਈ ਨੂੰ ਜਸਪਾਲ ਸਿੰਘ ਫ਼ੌਜੀ ਤੇ ਚਾਰ ਹੋਰ, ਵੀਹ ਮਈ ਨੂੰ ਮਾਨੋਚਾਹਲ ਦਾ ਭਤੀਜਾ ਸੁਰਜੀਤ ਸਿੰਘ, ਲਛਮਣ ਸਿੰਘ ਗੋਰਾ, ਰਣਜੀਤ ਸਿੰਘ, ਮਹਿਲ ਸਿੰਘ ਕੰਡਕਟਰ ਤੇ ਛੇ ਹੋਰ; ਤੇਈ ਮਈ ਨੂੰ ਸੁਰਿੰਦਰ ਸਿੰਘ ਛਿੰਦਾ ਤੇ ਚਾਰ ਹੋਰ, ਚੌਵੀ ਜੂਨ ਨੂੰ ਇਕਬਾਲ ਸਿੰਘ ਬਾਬਾ, ਅਠਾਈ ਜੂਨ ਨੂੰ ਅਮਰਜੀਤ ਸਿੰਘ ਬਿੱਲਾ, ਸ਼ਮਸ਼ੇਰ ਸਿੰਘ ਸ਼ੇਰਾ; ਦਸ ਅਗਸਤ ਨੂੰ ਦੀਦਾਰ ਸਿੰਘ ਦਾਰੀ ਵਗ਼ੈਰਾ ਪੁਲੀਸ ਨੇ ਨਕਲੀ ਮੁਕਾਬਲਿਆਂ ਵਿਚ ਮਾਰ ਦਿੱਤੇ।

ਬੱਬਰ ਖਾਲਸਾ ਦੇ ਗੁਰਮੇਲ ਸਿੰਘ ਦੀ ਸ਼ਹੀਦੀ

29 ਮਈ 1993 ਦੇ ਦਿਨ ਬੱਬਰ ਖਾਲਸਾ ਦੇ ਗੁਰਮੇਲ ਸਿੰਘ (ਪੁੱਤਰ ਕੇਹਰ ਸਿੰਘ, ਵਾਸੀ ਥਾਂਦੇਵਾਲਾ, ਜ਼ਿਲ੍ਹਾ ਮੁਕਤਸਰ) ਨੇ ਸ਼ਹੀਦੀ ਹਾਸਿਲ ਕੀਤੀ। ਖਾਲਿਸਤਾਨ ਦੀ ਜੱਦੋਜਹਿਦ ਦੌਰਾਨ, 29 ਮਈ 1993 ਦੇ ਦਿਨ, ਜਦ ਉਹ ਭੁੱਲਰ ਪਿੰਡ ਵਿਚ ਇਕ ਖੇਤ ਵਿਚ ਆਰਾਮ ਕਰ ਰਿਹਾ ਸੀ ਤਾਂ ਕਿਸੇ ਦੁਸ਼ਮਣ ਦੀ ਇਤਲਾਹ 'ਤੇ ਪੰਜਾਬ ਪੁਲਸ ਨੇ ਉਸ ਨੂੰ ਘੇਰਾ ਪਾ ਲਿਆ। ਪਰ ਉਸ ਨੇ ਹਥਿਆਰ ਸੁੱਟਣ ਦੀ ਬਜਾਇ ਮੁਕਾਬਲਾ ਸ਼ੁਰੂ ਕਰ ਦਿੱਤਾ। ਦੋ ਘੰਟੇ ਦੀ ਲੜਾਈ ਪਿੱਛੋਂ ਜਦ ਉਸ ਕੋਲ ਕਾਰਤੂਸ ਮੁੱਕ ਗਏ, ਤਾਂ ਉਸ ਨੇ ਪੁਲਸ ਦੇ ਹੱਥ ਆ ਕੇ ਤਸੀਹੇ ਸਹਿਣ ਮਗਰੋਂ ਨਕਲੀ ਮੁਕਾਬਲੇ ਵਿਚ ਮਾਰੇ ਜਾਣ ਦੀ ਬਜਾਇ, ਸਾਇਆਨਾਈਡ ਦਾ ਕੈਪਸੂਲ ਖਾ ਕੇ ਆਪਣੀ ਜਾਨ ਦੇ ਦਿੱਤੀ।

ਨਵਨੀਤ ਸਿੰਘ ਕਾਦੀਆਂ (ਖਾਲਿਸਤਾਨ ਲਿਬਰੇਸ਼ਨ ਫ਼ੋਰਸ) ਦੀ ਸ਼ਹੀਦੀ

25 ਫ਼ਰਵਰੀ 1994 ਦੇ ਦਿਨ ਪੁਲਸ ਨੇ ਖਾਲਿਸਤਾਨ ਲਿਬਰੇਸ਼ਨ ਫ਼ੋਰਸ ਦੇ ਚੀਫ਼ ਨਵਨੀਤ ਸਿੰਘ ਕਾਦੀਆਂ ਨੂੰ ਜੈਪੁਰ (ਰਾਜਿਸਥਾਨ) ਵਿਚ ਇਕ ਘਰ ’ਤੇ ਹਮਲਾ ਕਰ ਕੇ ਸ਼ਹੀਦ ਕਰ ਦਿੱਤਾ। 17 ਫ਼ਰਵਰੀ 1994 ਦੇ ਦਿਨ ਪਹਿਲਾਂ ਨਵਨੀਤ ਸਿੰਘ ਕਾਦੀਆਂ, ਦਯਾ ਸਿੰਘ ਲਾਹੌਰੀਆ, ਉਸ ਦੀ ਪਤਨੀ ਕੰਵਲਜੀਤ ਕੌਰ (ਉਰਫ਼ ਸੁਮਨ ਸੂਦ) ਅਤੇ ਹਰਨੇਕ ਸਿੰਘ ਨੇ ਕਾਂਗਰਸੀ ਆਗੂ ਰਾਮ ਨਿਵਾਸ ਮੀਰਧਾ ਦੇ ਪੁੱਤਰ ਰਜਿੰਦਰ ਮੀਰਧਾ ਨੂੰ ਅਗਵਾ ਕੀਤਾ ਸੀ ਅਤੇ ਉਸ ਦੀ ਰਿਹਾਈ ਵਾਸਤੇ ਡਾ: ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾ ਕਰਨ ਦੀ ਸ਼ਰਤ ਰੱਖੀ ਸੀ। ਇਸ ਮੌਕੇ ’ਤੇ ਨਵਨੀਤ ਸਿੰਘ ਸ਼ਹੀਦ ਹੋ ਗਿਆ ਪਰ ਦਯਾ ਸਿੰਘ ਲਾਹੌਰੀਆ, ਉਸ ਦੀ ਪਤਨੀ ਕੰਵਲਜੀਤ ਕੌਰ ਅਤੇ ਹਰਨੇਕ ਸਿੰਘ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ।

◆

1992-93 ਦੇ ਕੁਝ ਅਸਲ ਪੁਲੀਸ ਮੁਕਾਬਲੇ

ਖਜਾਲਾ ਵਿਚ ਖਾੜਕੂਆਂ ਅਤੇ ਪੁਲੀਸ ਵਿਚ ਅਸਲ ਮੁਕਾਬਲਾ

ਉਂਨਤੀ ਸਤੰਬਰ 1992 ਦੇ ਦਿਨ ਖਜਾਲਾ ਕੋਲ ਭਾਰੀ ਪੁਲਿਸ ਫ਼ੋਰਸ ਅਤੇ ਸਿਰਫ਼ 6 ਖਾੜਕੂਆਂ ਵਿਚ ਇਕ 'ਅਸਲ ਮੁਕਾਬਲਾ' ਹੋਇਆ। ਤਕਰੀਬਨ 18 ਘੰਟੇ ਖਾੜਕੂਆਂ ਨੇ ਭਾਰੀ ਪੁਲਸ ਫ਼ੋਰਸ ਨਾਲ ਟੱਕਰ ਲਈ।ਅਖ਼ੀਰ ਜਦ ਉਨ੍ਹਾਂ ਕੋਲ ਅਸਲਾ ਮੁੱਕ ਗਿਆ ਤਾਂ ਉਹ ਸ਼ਹੀਦੀਆਂ ਪਾ ਗਏ। ਸ਼ਹੀਦ ਹੋਣ ਵਾਲੇ ਖਾੜਕੂ ਸਨ: ਲਾਭ ਸਿੰਘ, ਪ੍ਰਭਜੋਤ ਸਿੰਘ, ਹਰਪਾਲ ਸਿੰਘ ਪਾਲਾ, ਮੰਗਲ ਸਿੰਘ ਰੌਂਤਾ ਤੇ ਦੋ ਹੋਰ।

ਰੱਤਾ ਖੁੱਡਾ ਪਿੰਡ ਵਿਚ ਖਾੜਕੂਆਂ ਅਤੇ ਫ਼ੋਰਸਿਜ਼ ਦਾ ਅਸਲ ਮੁਕਾਬਲਾ

1982 ਤੇ 1995 ਵਿਚਕਾਰ, ਖ਼ਾਸ ਕਰ ਕੇ 1992 ਵਿਚ, ਪੰਜਾਬ ਪੁਲਿਸ ਤੇ ਹੋਰ ਸਰਕਾਰੀ ਫ਼ੋਰਸਿਜ਼ ਨੇ ਹਜ਼ਾਰਾਂ ਸਿੱਖ ਨੌਜਵਾਨ ਨਕਲੀ ਮੁਕਾਬਲਿਆਂ ਵਿਚ ਸ਼ਹੀਦ ਕੀਤੇ ਸਨ; ਦਰਅਸਲ ਕਦੇ ਕੋਈ ਮੁਕਾਬਲਾ ਨਹੀਂ ਸੀ ਹੋਇਆ ਤੇ ਪੁਲਿਸ ਸਿੱਖਾਂ ਨੂੰ ਸ਼ਹੀਦ ਕਰ ਕੇ ਮੁਕਾਬਲੇ ਦੀ ਖ਼ਬਰ ਰਲੀਜ਼ ਕਰ ਦੇਂਦੀ ਸੀ। ਪਰ ਖਾੜਕੂਆਂ ਅਤੇ ਸਰਕਾਰੀ ਫ਼ੋਰਸਿਜ਼ ਵਿਚਕਾਰ ਕੁਝ ਕੁ ਅਸਲ ਮੁਕਾਬਲੇ ਵੀ ਹੋਏ ਸਨ। ਇਨ੍ਹਾਂ ਮੁਕਾਬਲਿਆਂ ਵਿਚ ਗਿਣਤੀ ਦੇ ਖਾੜਕੂਆਂ ਦਾ ਮੁਕਾਬਲਾ ਸੈਂਕੜੇ ਤੇ ਹਜ਼ਾਰਾਂ ਫ਼ੋਰਸਿਜ਼ ਨਾਲ ਹੁੰਦਾ ਸੀ ਜੋ ਕਈ-ਕਈ ਘੰਟੇ ਚੱਲਿਆ ਕਰਦਾ ਸੀ। ਇਨ੍ਹਾਂ ਅਸਾਵੀਆਂ ਜੰਗਾਂ ਵਿਚ ਸਿਰਫ਼ ਦੋ-ਚਾਰ ਖਾੜਕੂ ਸ਼ਹੀਦ ਹੋਣ ਤੋਂ ਪਹਿਲਾਂ ਦਰਜਨਾਂ ਸਿਪਾਹੀ/ਫ਼ੌਜੀ ਮਾਰ ਦਿਆ ਕਰਦੇ ਸਨ। ਇਹੋ ਜਿਹਾ ਇਕ ਅਸਲ ਮੁਕਾਬਲਾ ਪਿੰਡ ਰੱਤਾ ਖੇੜਾ ਵਿਚ ਵੀ ਹੋਇਆ ਸੀ।

29 ਅਕਤੂਬਰ 1992 ਦੇ ਦਿਨ ਪੁਲਸ ਨੂੰ ਮੁਖਬਰੀ ਮਿਲੀ ਕਿ ਕੁਝ ਖਾੜਕੂ ਪਿੰਡ ਰੱਤਾ ਖੁੱਡਾ ਵਿਚ ਮੌਜੂਦ ਹਨ। ਇਸ 'ਤੇ ਪੁਲਿਸ, ਸੀ. ਆਰ. ਪੀ. ਐਫ਼ ਅਤੇ ਹੋਰ ਸਰਕਾਰੀ ਫ਼ੋਰਸਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਸਾਰੇ ਇਲਾਕੇ ਨੂੰ ਘੇਰ ਲਿਆ। ਇਸ ਮੌਕੇ 'ਤੇ ਸਿਰਫ਼ ਤਿੰਨ ਖਾੜਕੂਆਂ ਅਤੇ ਸੈਂਕੜੇ ਸਰਕਾਰੀ ਫ਼ੋਰਸਿਜ਼ ਵਿਚਕਾਰ ਅਠਤਾਲੀ ਘੰਟੇ ਦਾ 'ਅਸਲ ਮੁਕਾਬਲਾ' ਹੋਇਆ ਜਿਸ ਵਿਚ ਅਗਲੇ ਦਿਨ 30 ਅਕਤੂਬਰ ਨੂੰ ਇਹ ਤਿੰਨੇ ਖਾੜਕੂ: ਭਾਈ ਮਨਜੀਤ ਸਿੰਘ ਠੱਠੀਆਂ, ਬਲਵਿੰਦਰ ਸਿੰਘ ਭਿੰਦਾ ਤੇ ਇਕ ਹੋਰ ਸਿੱਖ ਸ਼ਹੀਦ ਹੋ ਗਏ; ਫ਼ੋਰਸਾਂ ਵਿਚੋਂ ਬਹੁਤ ਸਾਰੇ ਸਿਪਾਹੀ ਵੀ ਮਾਰੇ ਗਏ।

ਖੁੱਡਾ ਹਲਾਲ ਵਿਚ ਖਾੜਕੂਆਂ ਤੇ ਪੁਲਿਸ ਵਿਚ ਮੁਕਾਬਲੇ 'ਚ 9 ਖਾੜਕੂ ਸ਼ਹੀਦ

17 ਨਵੰਬਰ 1992 ਦੇ ਦਿਨ ਖੁੱਡਾ ਹਲਾਲ ਪਿੰਡ ਵਿਚ ਖਾੜਕੂਆਂ ਤੇ ਪੁਲਿਸ ਵਿਚ ਅਸਲ ਮੁਕਾਬਲਾ ਹੋਇਆ। ਇਸ ਮੁਕਾਬਲੇ ਵਿਚ ਨੌਂ ਖਾੜਕੂ ਤੇ ਸੀ.ਆਰ.ਪੀ. ਐਫ਼. ਦੇ ਤਿੰਨ ਸਿਪਾਹੀ

ਮਾਰੇ ਗਏ। ਇਸ ਮੁਕਾਬਲੇ ਵਿਚ ਸ਼ਹੀਦ ਹੋਣ ਵਾਲਿਆਂ ਵਿਚ ਖੜਕ ਸਿੰਘ, ਰਾਜਵਿੰਦਰ ਸਿੰਘ ਰਾਜੂ, ਜਸਵਿੰਦਰ ਸਿੰਘ ਜੋਹਲ (ਪੰਜ ਲੱਖੀ), ਨਿਸ਼ਾਨ ਸਿੰਘ ਖਾਪੜ ਖੇੜੀ ਵੀ ਸ਼ਾਮਿਲ ਸਨ।

ਗੱਟਾ ਬਾਦਸ਼ਾਹ ਕੋਲ ਅਸਲ ਮੁਕਾਬਲਾ

ਦੋ ਦਸੰਬਰ 1992 ਦੇ ਦਿਨ ਪਿੰਡ ਗੱਟਾ ਬਾਦਸ਼ਾਹ ਕੋਲ ਖਾੜਕੂਆਂ ਅਤੇ ਸਰਕਾਰੀ ਫ਼ੋਰਸਾਂ ਵਿਚਕਾਰ ਜ਼ਬਰਦਸਤ ਟੱਕਰ ਹੋਈ। ਇਸ **'ਅਸਲ ਮੁਕਾਬਲੇ'** ਵਿਚ ਉੱਨੀ ਖਾੜਕੂ ਸ਼ਹੀਦ ਹੋ ਗਏ। ਇਨ੍ਹਾਂ ਵਿਚ ਸ਼ਾਮਿਲ ਸਨ: ਨਿਰਮਲ ਸਿੰਘ ਵਾਸੀ ਨੌਰੰਗਾਬਾਦ, ਜਗਜੀਤ ਸਿੰਘ ਫ਼ੌਜੀ ਕੋਟ ਕੱਟੜ ਮਲ, ਸਤਨਾਮ ਸਿੰਘ ਸੱਤਾ ਵਾਸੀ ਜੰਡ, ਬਲਬੀਰ ਸਿੰਘ ਬੀਰ ਭੂਰਾ ਕੋਹਨਾ, ਪਰਗਟ ਸਿੰਘ ਉਰਫ਼ ਰਵਿੰਦਰਬੀਰ ਵਾਸੀ ਨੰਗਲੀ, ਅਵਤਾਰ ਸਿੰਘ ਉਰਫ਼ ਬਲਬੀਰ ਸਿੰਘ ਵਾਸੀ ਮੋੜ ਕੋਜਾਬਾਦ, ਸੱਜਣ ਸਿੰਘ ਵਾਸੀ ਤਖਤੂਵਾਲੀ। ਇਸ ਮੌਕੇ 'ਤੇ ਬਹੁਤ ਸਾਰੇ ਪੁਲਸੀਏ ਵੀ ਮਾਰੇ ਗਏ।

ਸੱਤੋਵਾਲੀ (ਜਲੰਧਰ) ਵਿਚ ਖਾੜਕੂਆਂ ਅਤੇ ਪੁਲਿਸ ਵਿਚ ਅਸਲ ਮੁਕਾਬਲਾ

17 ਜਨਵਰੀ 1993 ਦੇ ਦਿਨ ਕਰਤਾਰਪੁਰ (ਜਲੰਧਰ) ਦੇ ਨੇੜੇ ਸੱਤੋਵਾਲੀ ਪਿੰਡ ਵਿਚ ਖਾੜਕੂਆਂ ਅਤੇ ਪੁਲਿਸ ਵਿਚ ਹੋਏ ਇਕ 'ਅਸਲ ਮੁਕਾਬਲੇ' ਵਿਚ ਬਲਜਿੰਦਰ ਸਿੰਘ, ਇੰਦਰਜੀਤ ਸਿੰਘ ਸ਼ਹੀਦ ਹੋ ਗਏ। ਇਸ ਜ਼ਬਰਦਸਤ ਮੁਕਾਬਲੇ ਵਿਚ ਇਕ ਪੁਲਸੀਆ ਤੇ ਦੋ ਫ਼ੌਜੀ ਵੀ ਮਰੇ ਤੇ ਕਈ ਜਵਾਨ ਜ਼ਖ਼ਮੀ ਵੀ ਹੋਏ।

ਭਾਈ ਕੰਵਰ ਸਿੰਘ ਨੇ ਕੇ.ਪੀ.ਐੱਸ. ਗਿੱਲ ਦੇ ਪੈਰੀਂ ਹੱਥ ਲਾਉਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ: 'ਮੈਂ ਔਰੰਗਜ਼ੇਬ ਦੇ ਪੈਰੀਂ ਹੱਥ ਨਹੀਂ ਲਾਵਾਂਗਾ'

30 ਮਾਰਚ 1993 ਦੇ ਦਿਨ ਅਕਾਲ ਫ਼ੈਡਰੇਸ਼ਨ ਦੇ ਮੁਖੀ ਭਾਈ ਕੰਵਰ ਸਿੰਘ ਨੂੰ ਉਸ ਦੀ ਸਿੰਘਣੀ ਬੀਬੀ ਕੁਲਬੀਰ ਕੌਰ ਧਾਮੀ ਅਤੇ ਉਨ੍ਹਾਂ ਦੇ ਬੱਚੇ ਸਣੇ ਨੇਪਾਲ ਵਿਚੋਂ ਗ੍ਰਿਫ਼ਤਾਰ ਕਰ ਕੇ ਪੁਲੀਸ ਨੇ ਤਕਰੀਬਨ ਇਕ ਸਾਲ ਨਾਜਾਇਜ਼ ਕੈਦ ਵਿਚ ਰੱਖਿਆ ਅਤੇ ਪੁਲੀਸ ਦੀ ਵੱਡੀ ਕਾਮਯਾਬੀ ਦਿਖਾਉਣ ਵਾਸਤੇ ਉਸ ਵੱਲੋਂ ਖਾੜਕੂ ਲਹਿਰ ਤੋਂ ਅਲਹਿਦਗੀ ਤੇ ਪੁਲੀਸ ਅੱਗੇ ਹਥਿਆਰ ਸੁੱਟਣ ਦਾ ਡਰਾਮਾ ਕਰਨ ਵਾਸਤੇ ਤਿਆਰ ਕੀਤਾ। ਦਰਅਸਲ ਕੰਵਰ ਸਿੰਘ ਚਾਲਾਕੀ ਕਰ ਰਿਹਾ ਸੀ ਕਿਉਂਕਿ ਜੇ ਉਹ ਇਸ ਵਾਸਤੇ ਹਾਂ ਨਾ ਕਰਦਾ ਤਾਂ ਉਸ ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ ਜਾਣਾ ਸੀ। ਪਰ ਜਦ 29 ਮਾਰਚ 1992 ਦੇ ਦਿਨ ਇਕ ਉਚੇਚੀ ਪ੍ਰੈਸ ਕਾਨਫ਼ਰੰਸ ਕਰ ਕੇ ਕੰਵਰ ਸਿੰਘ ਨੂੰ ਲਿਆਂਦਾ ਗਿਆ ਤੇ ਜ਼ਾਲਮ ਪੁਲੀਸ ਚੀਫ਼ ਕੇ.ਪੀ. ਗਿੱਲ ਦੇ ਪੈਰੀਂ ਹੱਥ ਲਾਉਣ ਵਾਸਤੇ ਕਿਹਾ ਗਿਆ ਤਾਂ ਉਸ ਨੇ ਦਰਜਨਾਂ ਪ੍ਰੈਸ ਨੁਮਾਇੰਦਿਆਂ ਸਾਹਮਣੇ ਮਾਈਕ ਫੜ ਕੇ ਕਿਹਾ ਕਿ 'ਮੈਂ ਔਰੰਗਜ਼ੇਬ ਕੇ.ਪੀ.ਐੱਸ. ਗਿੱਲ ਦੇ ਪੈਰੀਂ ਹੱਥ ਨਹੀਂ ਲਾਵਾਂਗਾ ਤੇ ਇਹ ਸਾਰਾ ਡਰਾਮਾ ਇਨ੍ਹਾਂ ਨੇ ਰਚਿਆ ਹੈ ਮੈਂ ਕੋਈ ਹਥਿਆਰ ਨਹੀਂ ਸੁੱਟ ਰਿਹਾ; ਇਨ੍ਹਾਂ ਨੇ ਮੈਨੂੰ ਇਕ ਸਾਲ ਪਹਿਲਾਂ ਗ੍ਰਿਫ਼ਤਾਰ ਕਰ ਕੇ ਨਾਜਾਇਜ਼ ਹਿਰਾਸਤ ਵਿਚ ਰੱਖਿਆ ਹੋਇਆ ਸੀ।' ਦਰਅਸਲ ਭਾਈ ਕੰਵਰ ਸਿੰਘ ਨੂੰ ਪਤਾ ਸੀ ਕਿ ਪ੍ਰੈੱਸ ਦੇ ਸਾਹਮਣੇ ਇਹ ਐਲਾਨ ਹੋ ਜਾਣ ਮਗਰੋਂ ਪੁਲਿਸ ਉਸ ਨੂੰ ਨਕਲੀ ਮੁਕਾਬਲੇ ਵਿਚ ਮਾਰ ਨਹੀਂ ਸਕੇਗੀ ਇਸ ਕਰ ਕੇ ਉਸ ਨੇ ਚਾਲਾਕੀ ਖੇਡ ਕੇ ਪੁਲੀਸ ਦੀ ਸਾਜ਼ਿਸ਼ ਨਾਕਾਮ ਕਰ ਦਿੱਤੀ।

ਪੰਥਕ ਕਮੇਟੀ ਦਾ ਚੌਧਰੀ ਡਾ. ਸੋਹਨ ਸਿੰਘ 'ਗ੍ਰਿਫ਼ਤਾਰ'

13 ਅਕਤੂਬਰ 1993 ਦੇ ਦਿਨ ਨੇਪਾਲ ਦੀ ਰਾਜਧਾਨੀ ਕਠਮੰਡੂ ਵਿਚ ਡਾ. ਸੋਹਨ ਸਿੰਘ (ਪੰਥਕ ਕਮੇਟੀ) ਨੂੰ ਚਾਰ ਸਾਥੀਆਂ ਸਣੇ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਭਾਰਤ ਲੈ ਆਂਦਾ ਗਿਆ। ਮਗਰੋਂ ਡਾ ਸੋਹਨ ਸਿੰਘ ਨੂੰ ਪੁਲਸ ਨੇ ਜ਼ਮਾਨਤ 'ਤੇ ਛੱਡ ਦਿੱਤਾ ਤੇ ਬਾਕੀ ਚਾਰਾਂ ਨੂੰ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਕਈ ਖਾੜਕੂਆਂ ਦਾ ਦਾਅਵਾ ਹੈ ਕਿ ਡਾ. ਸੋਹਨ ਸਿੰਘ ਸ਼ੁਰੂ ਤੋਂ ਹੀ ਸਰਕਾਰ ਦਾ ਏਜੰਟ ਸੀ; 29 ਅਪ੍ਰੈਲ 1986 ਦਾ ਖਾਲਿਸਤਾਨ ਦਾ ਐਲਾਨਨਾਮਾ ਉਸੇ ਦੀ ਹਰਕਤ ਸੀ; ਉਹ ਪੰਥਕ ਕਮੇਟੀ ਦਾ ਮੈਂਬਰ ਹੀ ਨਹੀਂ ਬਲਕਿ ਮੁੱਖ ਸਪੋਕਸਮੈਨ ਵੀ ਸੀ ਪਰ ਸਰਕਾਰ ਨੇ ਉਸ ਨੂੰ ਕੁਝ ਵੀ ਨਹੀਂ ਕਿਹਾ। ਮਹਿੰਦਰ ਸਿੰਘ ਪੱਤਰਕਾਰ *(ਕਿਤਾਬ ਨੀਂਹ ਰੱਖੀ ਗਈ)* ਦਾ ਵਿਚਾਰ ਹੈ ਕਿ ਸੋਹਨ ਸਿੰਘ ਨੂੰ ਭਾਰਤ ਸਰਕਾਰ ਨੇ ਪਲਾਂਟ ਕੀਤਾ ਹੋਇਆ ਸੀ ਤੇ ਭੋਲੇ ਸਿੱਖ ਆਗੂਆਂ ਤੇ ਖਾੜਕੂਆਂ ਨੂੰ ਉਸ ਦੀਆਂ ਕਾਰਵਾਈਆਂ ਦੀ ਸਮਝ ਹੀ ਨਾ ਪੈ ਸਕੀ।

ਜੀਵਨ ਸਿੰਘ ਉਮਰਾਨੰਗਲ ਦੀ ਸਿੱਖ ਦੁਸ਼ਮਣੀ ਦੀ ਹੱਦ

ਜਦ ਖਾੜਕੂਆਂ ਦਾ ਕਤਲੇਆਮ ਹੋ ਰਿਹਾ ਸੀ ਤਾਂ ਜੀਵਨ ਸਿੰਘ ਉਮਰਾਨੰਗਲ ਨੇ ਇਕ ਵਾਰ ਇਹ ਬਿਆਨ ਵੀ ਦਿੱਤਾ ਸੀ ਕਿ ਇਨ੍ਹਾਂ ਨੂੰ ਖ਼ਤਮ ਕਰਨ ਨਾਲ ਕੁਝ ਨਹੀਂ ਬਣਨਾ। ਇਨ੍ਹਾਂ ਦੇ ਟੱਬਰਾਂ ਨੂੰ ਵੀ ਜੰਗਲਾਂ ਵਿਚ ਛੱਡ ਆਉਣਾ ਚਾਹੀਦਾ ਹੈ।

ਪੰਜਾਬ ਦੇ ਗਵਰਨਰ ਸੁਰਿੰਦਰ ਨਾਥ ਦੇ ਘਰੋਂ ਕਰੋੜਾਂ ਗ਼ੈਰ-ਕਾਨੂੰਨੀ ਰੁਪੈ ਨਿਕਲੇ; ਹਾਈ ਕੋਰਟ ਨੇ ਰਿਕਾਰਡ ਸਮਨ ਕੀਤੇ

9 ਜੁਲਾਈ 1994 ਦੇ ਦਿਨ ਪੰਜਾਬ ਦਾ ਗਵਰਨਰ ਸੁਰਿੰਦਰ ਨਾਥ ਆਪਣੀ ਇਕ ਹਵਾਈ ਹਾਦਸੇ ਵਿਚ ਪਰਿਵਾਰ ਸਣੇ ਮਾਰਿਆ ਗਿਆ (ਇਸ ਹਾਦਸੇ ਵਿਚ 14 ਜਣੇ ਮਰੇ ਸਨ)। ਜਦ ਉਸ ਦਾ ਸਾਮਾਨ ਪੜਤਾਲਿਆ ਗਿਆ ਤਾਂ ਉਸ ਦੀਆਂ ਸੇਫ਼ਾਂ ਵਿਚੋਂ ਕਰੋੜਾਂ ਰੁਪੈ ਨਕਦੀ ਮਿਲੀ। ਮਗਰੋਂ ਪਤਾ ਲੱਗਾ ਕਿ ਇਹ ਰਕਮ ਵਿਚ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਮਾਰਨ ਵਾਲੇ ਪੁਲਸੀਆਂ ਨੂੰ ਇਨਾਮ ਦਿੱਤੇ ਜਾਂਦੇ ਸਨ। ਇਸ ਸਬੰਧੀ ਹਾਈ ਕੋਰਟ ਵਿਚ ਰਿੱਟ ਕੀਤੀ ਗਈ ਤਾਂ ਹਾਈ ਕੋਰਟ ਨੇ ਸਰਕਾਰ ਨੂੰ ਸੰਮਨ ਜਾਰੀ ਕਰ ਕੇ ਇਸ ਦੇ ਰਿਕਾਰਡ ਤਲਬ ਕੀਤੇ ਪਰ ਸਰਕਾਰ ਨੇ ਨੈਸ਼ਨਲ ਸਕਿਉਰਿਟੀ ਦੇ ਬਹਾਨੇ ਨਾਲ ਇਸ ਨੂੰ ਗੁਪਤ ਰੱਖਣ ਦੇ ਨਾਂ 'ਤੇ ਮਾਮਲਾ ਖ਼ਤਮ ਕਰ ਦਿੱਤਾ।

ਬੇਅੰਤ ਦਾ ਕਤਲ ਤੇ ਉਸ ਦੇ ਜ਼ੁਲਮਾਂ ਦੇ ਦੌਰ ਦਾ ਖ਼ਾਤਮਾ

ਚੀਫ਼ ਮਨਿਸਟਰ ਬੇਅੰਤ ਤੇ ਪੁਲਸ ਚੀਫ਼ ਕੇ.ਪੀ.ਐੱਸ ਗਿੱਲ ਹੱਥੋਂ ਬੇਗੁਨਾਹ ਸਿੱਖਾਂ ਦੇ ਕਤਲੇਆਮ ਦਾ ਦੌਰ ਮਾਰਚ 1992 ਤੋਂ ਮਈ 1993 ਤਕ ਤੇਜ਼ੀ ਨਾਲ ਚੱਲਦਾ ਰਿਹਾ ਤੇ ਬੇਪਨਾਹ ਜ਼ੁਲਮ ਹੋਏ। **ਸਿੱਖਾਂ ਦੇ ਕਤਲੇਆਮ ਦਾ ਇਹ ਦੌਰ ਜੂਨ 1993 ਤੋਂ ਮਗਰੋਂ ਕੁਝ ਘੱਟ ਗਿਆ ਸੀ। ਪਰ ਹੁਣ ਪੁਲੀਸ ਦੇ ਮੂੰਹ ਨੂੰ ਲਹੂ ਲੱਗ ਚੁੱਕਾ ਸੀ ਤੇ ਉਹ ਹੁਣ ਆਮ ਲੋਕਾਂ ਤੋਂ ਵੀ ਪੈਸੇ ਬਟੋਰਨ ਵਲ ਲੱਗ ਪਈ। ਪੁਲੀਸ ਦੀ ਦਹਿਸ਼ਤਗਰਦੀ ਦੀ ਸੋਚ ਨੇ ਇਕ ਨਵੀਂ ਜੁਰਮ ਲਹਿਰ ਕਾਇਮ ਕੀਤੀ। ਪੁਲੀਸ ਵਾਲੇ ਖ਼ੂੰਖਾਰ, ਦਹਿਸ਼ਤਗਰਦ, ਲੁਟੇਰੇ, ਠੱਗ ਬਣਨ ਵੱਲ ਟੁਰ ਪਏ। ਇੰਵ ਕਈ ਪੁਲਸੀਆਂ ਨੇ ਹਜ਼ਾਰਾਂ ਬੇਗੁਨਾਹ ਲੋਕ ਮਾਰੇ, ਜੇਲ੍ਹਾਂ ਵਿਚ ਸੁੱਟੇ ਅਤੇ ਲੁੱਟ ਕੇ ਕੰਗਾਲ ਕੀਤੇ। ਇਸ ਵੇਲੇ ਪੰਜਾਬ ਵਿਚ ਕੋਈ ਕਾਨੂੰਨ, ਅਪੀਲ, ਦਲੀਲ**

ਨਹੀਂ ਸੀ। ਇਹੋ ਜਿਹਾ ਤਾਂ ਹਿਟਲਰ ਨੇ ਯਹੂਦੀਆਂ ਜਾਂ ਇਸਰਾਈਲ ਨੇ ਫ਼ਿਲਸਤੀਨੀਆਂ ਨਾਲ ਵੀ ਨਹੀਂ ਕੀਤਾ ਸੀ।

ਬੇਅੰਤ ਤੇ ਕੇ.ਪੀ.ਐੱਸ ਗਿੱਲ ਨੇ ਤਾਂ ਇੱਥੋਂ ਤਕ ਜ਼ੁਲਮ ਕੀਤਾ ਕਿ ਖਾੜਕੂ ਪਰਵਾਰਾਂ ਦੀਆਂ ਧੀਆਂ-ਨੂੰਹਾਂ ਵੀ ਚੁੱਕ ਲਈਆਂ। ਜਸਟਿਸ ਅਜੀਤ ਸਿੰਘ ਬੈਂਸ ਨੇ ਸਿੱਖ ਬੀਬੀਆਂ ਦੇ ਅਜਿਹੇ ਸੈਂਕੜੇ ਕੇਸ ਜ਼ਾਹਰ ਕੀਤੇ ਸਨ। ਹਾਈ ਕੋਰਟ ਦੇ ਇਕ ਸਾਬਕਾ ਜੱਜ ਜਸਟਿਸ ਬੈਂਸ ਨੂੰ ਲੋਕਾਂ ਵਾਸਤੇ ਇਨਸਾਫ਼ ਮੰਗਣ ਦੀ ਸਜ਼ਾ ਦੇਣ ਵਾਸਤੇ ਪੰਜਾਬ ਪੁਲਿਸ ਨੇ ਉਨ੍ਹਾਂ ਨੂੰ ਤਿੰਨ ਅਪ੍ਰੈਲ 1992 ਦੇ ਦਿਨ ਹੱਥਕੜੀ ਲਾ ਕੇ ਗ੍ਰਿਫ਼ਤਾਰ ਕਰ ਕੇ ਜ਼ਲੀਲ ਕੀਤਾ। ਜਸਟਿਸ ਬੈਂਸ ਨੇ ਜ਼ਮਾਨਤ ਕਰਵਾਉਣ ਤੋਂ ਨਾਂਹ ਕਰ ਦਿੱਤੀ ਅਤੇ ਬੁੜੈਲ ਜੇਲ੍ਹ ਵਿਚ ਰਹੇ। ਤਕਰੀਬਨ ਇਕ ਸਾਲ ਕੇਸ ਚਲਣ ਮਗਰੋਂ ਜਸਟਿਸ ਬੈਂਸ ਬਰੀ ਹੋਏ।

ਬੇਅੰਤ ਤੇ ਕੇ.ਪੀ.ਐੱਸ ਗਿੱਲ ਨੇ ਤਾਂ ਸਿੱਖ ਨੌਜਵਾਨਾਂ ਦਾ ਕਤਲੇਆਮ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਦਰਿਆਵਾਂ ਤੇ ਨਹਿਰਾਂ ਵਿਚ ਰੋੜ੍ਹਨਾ ਵੀ ਸ਼ੁਰੂ ਕਰ ਦਿੱਤਾ ਸੀ (ਪੰਜਾਬ ਤੋਂ ਹਰਿਆਣਾ ਤੇ ਰਾਜਸਥਾਨ ਜਾਂਦੀਆਂ ਨਹਿਰਾਂ ਵਿਚੋਂ ਰੋਜ਼ ਕਈ-ਕਈ ਲਾਸ਼ਾਂ ਨਿਕਲਦੀਆਂ ਸਨ)। ਹਜ਼ਾਰਾਂ ਲਾਸ਼ਾਂ ਇੰਞ ਸੁੱਟੀਆਂ ਗਈਆਂ ਜਾਂ ਲਾਵਾਰਿਸ ਕਹਿ ਕੇ ਸਾੜ ਦਿੱਤੀਆਂ ਗਈਆਂ।

ਤਿੰਨ ਸਾਲ ਪੰਜ ਮਹੀਨੇ, ਮਾਰਚ 1992 ਤੋਂ ਬੇਅੰਤ ਦੇ ਕਤਲ (31 ਅਗਸਤ 1995) ਤਕ, ਪੰਜਾਬ ਵਿਚ ਹਜ਼ਾਰਾਂ ਬੇ.ਗੁਨਾਹ ਸਿੱਖ ਨਕਲੀ ਪੁਲੀਸ ਮੁਕਾਬਲੇ ਵਿਚ ਮਾਰ ਦਿੱਤੇ ਗਏ। ਖਾੜਕੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਤਸੀਹੇ ਦੇ-ਦੇ ਕੇ ਕਤਲ ਕੀਤਾ ਗਿਆ। ਉਂਞ ਬੇਅੰਤ ਦਾ ਆਪਣਾ ਹਸ਼ਰ ਵੀ ਰਾਜੀਵ ਗਾਂਧੀ ਵਾਂਗ ਮਾੜਾ ਹੀ ਹੋਇਆ। ਉਸ ਨੂੰ ਦਿਲਾਵਰ ਸਿੰਘ (ਪੁੱਤਰ ਹਰਨੇਕ ਸਿੰਘ ਤੇ ਸੁਰਜੀਤ ਕੌਰ, ਵਾਸੀ ਗੁਰੂ ਨਾਨਕ ਨਗਰ, ਪਟਿਆਲਾ) ਨੇ 'ਇਨਸਾਨੀ ਬੰਬ' ਬਣ ਕੇ, ਉਡਾ ਦਿੱਤਾ ਤੇ ਉਸ ਦੀ ਲਾਸ਼ ਦਾ ਤੂੰਬਾ-ਤੂੰਬਾ ਹੋ ਗਿਆ। ਉਸ ਦੇ ਨਾਲ ਹੀ 17 ਹੋਰ ਜਣੇ ਵੀ ਮਾਰੇ ਗਏ।

(ਪੁਲੀਸ ਨੇ ਇਸ ਕੇਸ ਵਿਚ 8 ਸਿੱਖਾਂ ਨੂੰ ਚਾਰਜ ਕੀਤਾ। 31 ਜੁਲਾਈ 2007 ਦੇ ਦਿਨ, ਜੇਲ੍ਹ ਵਿਚ ਲੱਗਦੀ ਅਦਾਲਤ ਨੇ ਬਲਵੰਤ ਸਿੰਘ ਰਾਜੋਆਣਾ ਅਤੇ ਜਗਤਾਰ ਸਿੰਘ ਹਵਾਰਾ ਨੂੰ ਫ਼ਾਂਸੀ; ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਨੂੰ ਉਮਰ ਕੈਦ ਅਤੇ ਨਸੀਬ ਸਿੰਘ ਨੂੰ 10 ਸਾਲ ਕੈਦ ਦੀ ਸਜ਼ਾ ਸੁਣਾਈ (ਨਸੀਬ ਸਿੰਘ ਕੈਦ ਭੁਗਤ ਚੁੱਕਾ ਸੀ; ਇਸ ਕਰ ਕੇ ਉਸ ਨੂੰ ਰਿਹਾ ਕਰ ਦਿੱਤਾ ਗਿਆ) ਅਤੇ ਨਵਜੋਤ ਸਿੰਘ ਨੂੰ ਬਰੀ ਕਰ ਦਿੱਤਾ ਗਿਆ। ਜਗਤਾਰ ਸਿੰਘ ਹਵਾਰਾ ਨੇ ਹਾਈ ਕੋਰਟ ਵਿਚ ਅਪੀਲ ਦਾਇਰ ਕਤਿੀ। 10 ਅਕਤੂਬਰ 2010 ਦੇ ਦਿਨ ਅਦਾਲਤ ਨੇ ਉਸ ਦੀ ਸਜ਼ਾ ਉਮਰ ਕੈਦ (ਮਰਨ ਤਕ ਜੇਲ੍ਹ ਵਿਚ) ਵਿਚ ਬਦਲ ਦਿੱਤੀ। ਬਲਵੰਤ ਸਿੰਘ ਰਾਜੋਆਣਾ ਨੇ ਇਸ ਸਜ਼ਾ ਦੇ ਖ਼ਿਲਾਫ਼ ਅਪੀਲ ਕਰਨ ਤੋਂ ਨਾਂਹ ਕੀਤੀ ਸੀ। ਇਸ ਕੇਸ ਵਿਚ ਨਾਮਜ਼ਦ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ ਤੇ ਪਰਮਜੀਤ ਸਿੰਘ ਭਿਓਰਾ, ਇਕ ਹੋਰ ਕੈਦੀ ਨਾਲ 22 ਜਨਵਰੀ 2004 ਦੇ ਦਿਨ ਜੇਲ੍ਹ ਵਿਚੋਂ ਸੁਰੰਗ ਬਣਾ ਕੇ ਨਿਕਲ ਗਏ ਸਨ।* ਮਗਰੋਂ ਜਗਤਾਰ ਸਿੰਘ ਹਵਾਰਾ ਜੂਨ 2005 ਵਿਚ ਤੇ ਪਰਮਜੀਤ ਸਿੰਘ ਭਿਓਰਾ ਮਾਰਚ 2006 ਵਿਚ ਫੜੇ ਗਏ ਸਨ। 30 ਮਾਰਚ 2010 ਦੇ ਦਿਨ ਪਰਮਜੀਤ ਸਿੰਘ ਭਿਓਰਾ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।

*(*22 ਜਨਵਰੀ 2004 ਦੇ ਦਿਨ ਚੰਡੀਗੜ੍ਹ ਦੀ ਬੁੜੈਲ ਜੇਲ੍ਹ ਵਿਚ ਸੁਰੰਗ ਬਣਾ ਕੇ 3 ਖਾੜਕੂ ਫ਼ਰਾਰ ਹੋਣ ਵਿਚ ਕਾਮਯਾਬ ਹੋ ਗਏ। ਇਹ ਖਾੜਕੂ ਬੇਅੰਤ ਕਤਲ ਕੇਸ ਵਿਚ ਗ੍ਰਿਫ਼ਤਾਰ ਕੀਤੇ*

ਹੋਏ ਸਨ: ਜਗਤਾਰ ਸਿੰਘ ਹਵਾਰਾ (ਵਾਸੀ ਹਵਾਰਾ ਕਲਾਂ, ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ), ਜਗਤਾਰ ਸਿੰਘ ਤਾਰਾ (ਵਾਸੀ ਪਿੰਡ ਦੇਗਵਾਲਾ ਰੋਪੜ) ਅਤੇ ਪਰਮਜੀਤ ਸਿੰਘ ਭਿਓਰਾ (ਵਾਸੀ ਪਿੰਡ ਭਿਓਰਾ, ਰੋਪੜ)। ਉਨ੍ਹਾਂ ਨਾਲ ਇਕ ਇਖ਼ਲਾਕੀ ਕੈਦੀ ਦੇਵ ਸਿੰਘ ਵੀ ਫ਼ਰਾਰ ਹੋ ਗਿਆ। ਉਨ੍ਹਾਂ ਨੇ ਢਾਈ ਫੁੱਟ ਚੌੜੀ, 14 ਫੁੱਟ ਡੂੰਘੀ ਅਤੇ 94 ਫੁੱਟ (ਇਕ ਸੋਮੇ ਮੁਤਾਬਿਕ 108 ਫੁੱਟ) ਲੰਮੀ ਸੁਰੰਗ ਇਕ ਸਾਲ ਵਿਚ ਬਣਾਈ ਸੀ। ਪਰ ਇਨ੍ਹਾਂ ਵਿਚੋਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਇਕ ਮਹੀਨੇ ਮਗਰੋਂ ਹੀ ਗ੍ਰਿਫ਼ਤਾਰ ਕਰ ਲਏ ਗਏ, ਪਰ ਜਗਤਾਰ ਸਿੰਘ ਤਾਰਾ ਕਦੇ ਵੀ ਗ੍ਰਿਫ਼ਤਾਰ ਨਾ ਕੀਤਾ ਜਾ ਸਕਿਆ)।

ਬੇਅੰਤ ਸਿੰਘ ਦਾ ਰਾਜ ਸੀ- ਖ਼ਾਤਮਾ ਖਾੜਕੂ ਦੌਰ ਦਾ, ਖਾੜਕੂਆਂ ਦੇ ਚੜ੍ਹਾਅ ਅਤੇ ਉਨ੍ਹਾਂ ਦੇ ਜ਼ਵਾਲ ਦਾ; ਜੁਝਾਰਵਾਦ ਦੀ ਸ਼ਾਨ ਦਾ, ਖਾਲਿਸਤਾਨ ਦੀ ਜਦੋਜਹਿਦ ਦੇ ਇੱਕ ਵੱਡੇ ਦੌਰ ਦਾ; ਅਤੇ 31 ਅਗਸਤ 1995 ਦੇ ਦਿਨ ਬੇਅੰਤ ਦਾ ਖ਼ਾਤਮਾ ਸੀ- ਸਿੱਖਾਂ 'ਤੇ ਹੋਏ ਜ਼ੁਲਮ ਦੀ ਤਵਾਰੀਖ਼ ਦੇ ਖ਼ਾਤਮੇ ਦਾ।

ਪੰਜਾਬ ਦੀ ਧਰਤੀ 'ਤੇ ਹੀ ਨਹੀਂ ਬਲਕਿ ਦੁਨੀਆਂ ਭਰ ਵਿਚ ਬੇਅੰਤ ਤੇ ਕੇ.ਪੀ.ਐੱਸ. ਗਿੱਲ ਵਰਗਾ ਪਾਪ ਸ਼ਾਇਦ ਹੀ ਮੁੜ ਕੇ ਕਦੇ ਪੈਦਾ ਹੋਵੇ।

ਪੁਲਿਸ ਨੇ ਜਸਵੰਤ ਸਿੰਘ ਖਾਲੜਾ ਨੂੰ ਅਗਵਾ ਕਰ ਕੇ, ਉਸ 'ਤੇ ਬੇਪਨਾਹ ਜ਼ੁਲਮ ਕਰ ਕੇ, ਉਸ ਨੂੰ ਸ਼ਹੀਦ ਕੀਤਾ

ਜਸਵੰਤ ਸਿੰਘ ਖਾਲੜਾ ਅੰਮ੍ਰਿਤਸਰ 'ਚ ਇਕ ਬੈਂਕ ਦਾ ਡਾਇਰੈਕਟਰ ਸੀ। ਇਕ ਵਾਰ ਇਕ ਗੁੰਮ ਹੋ ਚੁੱਕੇ ਦੋਸਤ ਦੀ ਭਾਲ ਕਰਨ ਵਾਸਤੇ ਜਦ ਉਸ ਨੇ ਅੰਮ੍ਰਿਤਸਰ ਮਿਊਂਸਪਲ ਕਮੇਟੀ ਦੇ ਰਿਕਾਰਡ ਫਰੋਲੇ ਤਾਂ ਉਸ ਨੇ ਵੇਖਿਆ ਕਿ ਉਨ੍ਹਾਂ ਵਿਚ ਸੈਂਕੜੇ ਬੰਦਿਆਂ ਦੀਆਂ ਲਾਸ਼ਾਂ ਨੂੰ ਅਣਪਛਾਤੇ ਕਹਿ ਕੇ ਸਸਕਾਰਿਆ ਦਿਖਾਇਆ ਹੋਇਆ ਸੀ। ਘੋਖ ਕਰਨ 'ਤੇ ਉਸ ਨੂੰ ਪਤਾ ਲੱਗਾ ਕਿ ਇਹ ਸਭ ਉਨ੍ਹਾਂ ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਦੇ ਸਸਕਾਰ ਸਨ ਜਿਨ੍ਹਾਂ ਨੂੰ 1984 ਤੋਂ 1995 ਦੇ ਸਮੇਂ ਦੌਰਾਨ ਪੰਜਾਬ ਵਿਚ ਨਕਲੀ ਮੁਕਾਬਲਿਆਂ ਦੇ ਨਾਂ ਹੇਠ ਕਤਲ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਨੂੰ 'ਅਣਪਛਾਤੀਆਂ' ਕਹਿ ਕੇ ਸਸਕਾਰ ਦਿੱਤਾ ਗਿਆ ਸੀ। ਅੰਮ੍ਰਿਤਸਰ ਮਿਊਂਸਪਲ ਕਮੇਟੀ ਦੇ ਰਿਕਾਰਡ ਵੇਖਣ ਮਗਰੋਂ ਉਸ ਨੇ ਤਿੰਨ ਹੋਰ ਜ਼ਿਲ੍ਹਿਆਂ ਦੇ ਰਿਕਾਰਡ ਇਕੱਠੇ ਕੀਤੇ ਤੇ ਵੇਖਿਆ ਕਿ ਹਜ਼ਾਰਾਂ ਸਿੱਖਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਸਕਾਰਿਆ ਦਿਖਾਇਆ ਹੋਇਆ ਸੀ। ਉਸ ਨੇ ਇਹ ਸਾਰੇ ਸਬੂਤ ਇਕੱਠੇ ਕਰ ਕੇ ਇਸ ਜ਼ੁਲਮ ਦਾ ਪਰਦਾ ਫ਼ਾਸ਼ ਕੀਤਾ ਸੀ। ਉਸ ਨੇ ਕੈਨੇਡਾ ਵਿਚ ਜਾ ਕੇ ਵੀ ਇਸ ਸਬੰਧੀ ਵਿਦੇਸ਼ੀ ਸਰਕਾਰਾਂ ਤੇ ਲੋਕਾਂ ਨੂੰ ਵੀ ਜਾਣਕਾਰੀ ਦਿੱਤੀ ਸੀ। ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਜੂਨ 1984 ਤੋਂ ਦਸੰਬਰ 1994 ਤਕ ਅੰਮ੍ਰਿਤਸਰ, ਮਜੀਠਾ ਤੇ ਤਰਨਤਾਰਨ ਵਿਚ ਅਜਿਹੇ ਜ਼ੁਲਮ ਦੀ (2097 ਅਣਪਛਾਤੀਆਂ ਲਾਸ਼ਾਂ ਦੇ ਸਸਕਾਰ) ਦੀ ਲਿਸਟ ਰਿਲੀਜ਼ ਕੀਤੀ ਤਾਂ ਪੰਜਾਬ ਪੁਲਿਸ ਦੇ ਚੀਫ਼ ਕੇ.ਪੀ.ਐੱਸ. ਗਿੱਲ, ਅੰਮ੍ਰਿਤਸਰ ਦੇ ਜ਼ਾਲਮ ਐਸ.ਐਸ.ਪੀ. ਅਜੀਤ ਸੰਧੂ ਤੇ ਹੋਰ ਜ਼ਾਲਮ ਅਫ਼ਸਰਾਂ ਦੇ ਪਾਪ ਕੰਬਣ ਲੱਗ ਪਏ ਤੇ ਉਨ੍ਹਾਂ ਨੇ ਜਸਵੰਤ ਸਿੰਘ ਖਾਲੜਾ ਨੂੰ ਹੀ ਖ਼ਤਮ ਕਰ ਦੇਣ ਦਾ ਫ਼ੈਸਲਾ ਕਰ ਲਿਆ।

6 ਸਤੰਬਰ 1995 ਦੇ ਦਿਨ ਅਜੀਤ ਸੰਧੂ ਦੇ ਭੇਜੇ ਪੁਲਸੀਆਂ ਨੇ (ਜਿਨ੍ਹਾਂ ਵਿਚ ਅਸ਼ੋਕ ਕੁਮਾਰ ਡੀ.ਐਸ.ਪੀ., ਸੁਰਿੰਦਰਪਾਲ ਸਿੰਘ ਐਸ.ਐਚ.ਓ, ਸਰਹਾਲੀ ਤੇ ਪ੍ਰਿਥੀਪਾਲ ਸਿੰਘ ਹੈਡ ਕਾਂਸਟੇਬਲ

ਮਾਨੋਚਾਹਲ ਪੁਲਸ ਸਟੇਸ਼ਨ ਵੀ ਸ਼ਾਮਿਲ ਸਨ) ਜਸਵੰਤ ਸਿੰਘ ਕਾਲੜਾ ਨੂੰ ਉਸ ਦੇ ਘਰ, ਕਬੀਰ ਪਾਰਕ ਅੰਮ੍ਰਿਤਸਰ, ਦੇ ਮੂਹਰਿਓਂ ਆਪਣੀ ਕਾਰ ਨੂੰ ਧੋਂਦੇ ਨੂੰ ਚੁੱਕ ਲਿਆ ਅਤੇ ਝਬਾਲ ਥਾਣੇ ਵਿਚ ਲੈ ਗਏ। ਉਥੇ ਡੀ.ਐਸ.ਪੀ. ਜਸਪਾਲ ਦੀ ਨਿਗਰਾਨੀ ਵਿਚ ਨੇ 7 ਸਿਪਾਹੀਆਂ ਨੇ ਉਸ ਦੀਆਂ ਲੱਤਾਂ ਦੋਹੀਂ ਪਾਸੀਂ ਖਿੱਚ ਕੇ ਉਸ ਦੀ ਛਾਤੀ ਵਿਚ ਠੁੱਡੇ ਮਾਰੇ। ਉਸ ਨੂੰ ਅਗਲੇ 48 ਦਿਨ ਇਕ ਵੀਰਾਨ ਈਮਾਰਤ ਵਿਚ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ ਤੇ ਉਸ ’ਤੇ ਕਈ ਵਾਰ ਤਸ਼ੱਦਦ ਕੀਤਾ ਗਿਆ। ਇਸ ਦੌਰਾਨ ਜ਼ਾਲਮ ਪੁਲਿਸ ਮੁਖੀ ਕੇ.ਪੀ.ਐੱਸ. ਗਿੱਲ ਵੀ ਦੋ ਵਾਰ ਉਥੇ ਆਇਆ। ਅਖ਼ੀਰ 24 ਅਕਤੂਬਰ ਦੀ ਰਾਤ ਨੂੰ ਉਸ ਨੂੰ ਗੋਲੀਆਂ ਮਾਰ ਕੇ ਖ਼ਤਮ ਕਰ ਦਿੱਤਾ ਗਿਆ ਅਤੇ ਉਸ ਦੀ ਲਾਸ਼ ਹਰੀਕੇ ਨਹਿਰ ਵਿਚ ਸੁੱਟ ਦਿੱਤੀ ਗਈ।

ਮਗਰੋਂ, ਬਹੁਤ ਰੌਲਾ ਪਾਉਣ, ਕੌਮਾਂਤਰੀ ਦਬਾਅ ਅਤੇ ਕਾਨੂੰਨੀ ਲੜਾਈ ਲੜਨ ਮਗਰੋਂ ਇਸ ਦੀ ਪੜਤਾਲ ਸੀ.ਬੀ.ਆਈ. ਹੱਥੋਂ ਹੋਈ ਅਤੇ ਨੌਂ ਪੁਲਸੀਆਂ ’ਤੇ ਮੁਕੱਦਮਾ ਚਲਾਇਆ ਗਿਆ। ਇਸ ਕਤਲ ਦੇ 10 ਸਾਲ ਮਗਰੋਂ ਸੈਸ਼ਨ ਅਦਾਲਤ ਨੇ 18 ਨਵੰਬਰ 2005 ਨੂੰ ਇਨ੍ਹਾਂ ਵਿਚੋਂ ਛੇ ਮੁਜਰਮਾਂ ਨੂੰ ਸੱਤ-ਸੱਤ ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਮਗਰੋਂ ਹਾਈ ਕੋਰਟ ਨੇ 16 ਅਕਤੂਬਰ 2007 ਦੇ ਦਿਨ ਇਨ੍ਹਾਂ ਵਿਚੋਂ ਚਾਰਾਂ ਸਤਨਾਮ ਸਿੰਘ, ਸੁਰਿੰਦਰਪਾਲ ਸਿੰਘ, ਜਸਬੀਰ ਸਿੰਘ (ਤਿੰਨੇ ਸਬ ਇੰਸਪੈਕਟਰ) ਤੇ ਪ੍ਰਿਥੀਪਾਲ ਸਿੰਘ (ਹੈਡ ਕਾਂਸਟੇਬਲ) ਦੀ ਸਜ਼ਾ ਵਧਾ ਕੇ ਉਮਰ ਕੈਦ ਕਰ ਦਿੱਤੀ। ਪਰ ਇਸ ਕਤਲ ਕੇਸ ਦੇ ਦੋ ਮੁਜਰਿਮ (ਕੇ.ਪੀ.ਐੱਸ. ਗਿੱਲ ਡੀ.ਜੀ.ਪੀ. ਅਤੇ ਅਜੀਤ ਸੰਧੂ ਐਸ.ਐਸ.ਪੀ.) ਸਜ਼ਾ ਤੋਂ ਬਚ ਗਏ। ਅਜੀਤ ਸੰਧੂ ਬਾਰੇ ਇਹ ਖ਼ਬਰ ਛਪੀ ਸੀ ਕਿ ਉਸ ਨੇ ਕੈਦ ਦੇ ਡਰ ਤੋਂ 23 ਮਈ 1997 ਦੇ ਦਿਨ ਗੱਡੀ ਅੱਗੇ ਛਾਲ ਮਰ ਕੇ ਖ਼ੁਦਕੁਸ਼ੀ ਕਰ ਲਈ ਸੀ। ਪਰ ਇਹ ਵੀ ਚਰਚਾ ਰਿਹਾ ਕਿ ਉਸ ਨੇ ਕਿਸੇ ਹੋਰ ਨੂੰ ਆਪਣੇ ਕਪੜੇ ਪਾ ਕੇ ਮਾਰ ਦਿੱਤਾ ਸੀ ਤੇ ਉਹ ਡੁਪਲੀਕੇਟ ਪਾਸਪੋਰਟ ’ਤੇ ਆਪ ਅਮਰੀਕਾ ਦੌੜ ਗਿਆ ਸੀ ਤੇ ਉਥੇ ਲੁਕ ਕੇ ਰਹਿਣ ਲਗ ਪਿਆ; ਇਸ ਕਤਲ ਦੇ ਦੂਜੇ ਮੁਜਰਿਮ ਕੇ.ਪੀ.ਐੱਸ ਗਿੱਲ ’ਤੇ ਮੁਕੱਦਮਾ ਕਦੇ ਵੀ ਨਾ ਚਲਾਇਆ ਗਿਆ।

ਖਾੜਕੂ ਦੌਰ ਵਿਚ ਜਿੱਥੇ ਸਿੱਖਾਂ ਨੇ ਜ਼ੁਲਮ ਦੇ ਖ਼ਿਲਾਫ਼ ਲੜਨ, ਆਪਣੇ ਹੱਕਾਂ ਵਾਸਤੇ ਜੂਝਣ, ਆਪਣੀ ਕੌਮ ਲਈ ਕੁਰਬਾਨ ਹੋਣ ਦੇ ਸਿਰੜ ਦਾ ਇਜ਼ਹਾਰ ਕੀਤਾ; ਉੱਥੇ ਇਸ ਦੌਰ ਨੇ ਬੁਰਛਾਗਰਦੀ, ਬੇਯਕੀਨੀ, ਬੇਸਮਝੀ, ਕਬਾਇਲੀ, ਧਾੜਵੀ, ਮਾਫ਼ੀਆ ਸੋਚ ਨੂੰ ਵੀ ਉਭਾਰਿਆ। ਇਸ ਦੌਰ ਵਿਚ ਜਿੱਥੇ ਸਿੱਖਾਂ ਵਿਚ ਪਾਹੁਲੀਏ (ਅੰਮ੍ਰਿਤਧਾਰੀ) ਹੋਣ ਦੀ ਲਹਿਰ ਨੇ ਸਿਖਰਾਂ ਛੋਹੀਆਂ ਉੱਥੇ ਸਾਧੂ-ਡੰਮ ਤੇ ਜੱਥਾ-ਪ੍ਰਸਤੀ ਦਾ ਵੀ ਬੋਲਬਾਲਾ ਹੋਇਆ ਜਿਸ ਨਾਲ ਧੜੇਬੰਦਕ-ਟੱਕਰ (ਅਖੰਡ ਕੀਰਤਨੀ ਜੱਥਾ ਬਨਾਮ ਭਿੰਡਰਾ-ਮਹਿਤਾ ਜੱਥਾ) ਵੀ ਵਧੀ ਅਤੇ ਖਾੜਕੂ ਜੱਥਿਆਂ ਵਿਚੋਂ ਬਹੁਤਿਆਂ ਨੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੀ ਬੇਅਸੂਲੀ ਮੁਖ਼ਾਲਫ਼ਤ ਵੀ ਕੀਤੀ। ਇੰਞ ਹੀ ਸਿੱਖਾਂ ਵਿਚ ਹੀਰੋ ਪੂਜਾ ਨੇ ਵੀ ਥਾਂ ਬਣਾਈ। ਕੁਝ ਲੋਕ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ‘ਗੁਰੂ’ ਵਰਗਾ ਹੀ ਨਹੀਂ ਉਸ ਤੋਂ ਵਧ ਦਰਜਾ ਵੀ ਦੇਣ ਲਗ ਪਏ। ਉਹ ਤਾਂ ਇੱਥੋਂ ਤਕ ਵੀ ਕਹਿਣ ਲਗ ਪਏ ਕਿ “ਗੁਰੂ ਗ੍ਰੰਥ ਸਾਹਿਬ ਵਿਚ ਜੋ ਵੀ ਲਿਖਿਆ ਹੈ ਉਹ ਠੀਕ ਹੈ ਪਰ (ਸੰਤ) ਜਰਨੈਲ ਸਿੰਘ ਜੀ ‘ਇੰਞ’ ਕਹਿੰਦੇ/ਕਰਦੇ ਸੀ ਸੋ ਅਸੀਂ ਤਾਂ ਉਹੀ ਮੰਨਾਂਗੇ।” ਇੰਞ ਹੀ “ਸਾਡਾ ਜੱਥਾ (ਭਿੰਡਰਾਂ-ਮਹਿਤਾ ਜਾਂ ਅਖੰਡ ਕੀਰਤਨੀ ਜੱਥਾ) ‘ਇੰਞ’ ਕਹਿੰਦਾ ਹੈ, ‘ਅੰਞ’ ਕਹਿੰਦਾ ਹੈ ਸੋ ਅਸੀਂ ਇਹੀ ਮੰਨਾਂਗੇ”। ਇਸ ਸੋਚ ਨੇ ਵੀ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਪੈਦਾ ਕੀਤੇ। ਸੋ,

ਖਾੜਕੂ ਦੌਰ ਦੇ ਜਿੱਥੇ ਜਮ੍ਹਾਂ-ਪੱਖੀ ਨੁਕਤੇ ਹਨ ਉੱਥੇ ਨਾਂਹ-ਪੱਖੀ ਨੁਕਤੇ ਵੀ ਹਨ।

ਉਪਰਲੇ ਨੁਕਤੇ ਨੂੰ ਛੱਡ ਕੇ ਖਾੜਕੂ ਲਹਿਰ ਦਾ ਬਾਕੀ ਨੁਕਤਿਆਂ ਦੀ ਸਭ ਤੋਂ ਵਧੀਆ ਤਨਕੀਹ ਸ੍ਰ: ਸੁਰਜੀਤ ਸਿੰਘ ਛਦੌੜੀ ਨੇ ਸੰਨ 2000 ਵਿਚ ਕੀਤੀ ਸੀ। ਹੇਠਾਂ ਉਸ ਨੂੰ ਹੂ-ਬ-ਹੂ ਦਿੱਤਾ ਜਾ ਰਿਹਾ ਹੈ:

''1985 ਤੋਂ ਲੈ ਕੇ 1992 ਤੱਕ ਸਿੱਖ ਖਾੜਕੂ (ਖਾਲਿਸਤਾਨੀ) ਲਹਿਰ ਆਪਣੇ ਜੋਬਨ ਤੇ ਸੀ। ਖਾੜਕੂਆਂ ਨੇ ਸੰਸਾਰ ਦੀ ਪੰਜਵੀਂ ਤਾਕਤ ਹਿੰਦੁਸਤਾਨ ਨਾਲ, ਖਾਲਿਸਤਾਨ ਲਈ, ਆਪਣੀ ਹਿੱਕ ਦੇ ਜ਼ੋਰ 'ਤੇ ਟੱਕਰ ਲਈ ਹੋਈ ਸੀ। ਸਿੱਖ ਖਾੜਕੂਆਂ ਨੇ ਆਪਣੇ ਦੌਰ ਦੌਰਾਨ, ਸਿੱਖਾਂ ਦੇ ਅਨੇਕ ਨਾਮਵਰ ਕਾਤਲਾਂ, ਪੰਥ ਦੋਖੀਆਂ, ਪੰਥਕ ਗ਼ੱਦਾਰਾਂ, ਮੁਖ਼ਬਰਾਂ, ਨਕਲੀ ਗੁਰੂ-ਡੰਮਾਂ, ਮਿਲਟਰੀ, ਪੁਲੀਸ ਅਤੇ ਪੰਜਾਬ 'ਚ ਤਾਇਨਾਤ ਫ਼ੋਰਸਾਂ ਦੇ ਉੱਚ ਪੱਧਰ ਦੇ ਅਫ਼ਸਰਾਂ ਤੋਂ ਲੈ ਕੇ ਹੇਠਲੇ ਅਮਲੇ ਤੱਕ ਵੱਡੀ ਪੱਧਰ 'ਤੇ ਉਨ੍ਹਾਂ ਦੇ ਬਹੁਤ ਹੀ ਸੁਰੱਖਿਅਤ ਥਾਵਾਂ 'ਤੇ ਧਾਵੇ ਬੋਲ ਕੇ ਐਕਸ਼ਨ ਕੀਤੇ। ਇਨ੍ਹਾਂ 'ਚ ਪ੍ਰਮੁੱਖ ਹਿੰਦੁਸਤਾਨੀ ਫ਼ੌਜ ਦਾ ਸਾਬਕ ਮੁਖੀ ਜਨਰਲ ਵੈਦਯਾ (ਪੂਨਾ ਵਿਚ), ਅਰਜਨ ਦਾਸ, ਲਲਿਤ ਮਾਕਨ (ਜੁਆਈ ਰਾਸ਼ਟਰਪਤੀ ਸ਼ਰਮਾ), ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਨਾਕਾਮ ਕੋਸ਼ਿਸ਼ (ਦਿਲੀ ਵਿਚ) ਅਤੇ ਪੰਜਾਬ ਵਿਚ ਪੁਲਿਸ ਫ਼ੋਰਸਾਂ ਦੇ ਡੀ.ਜੀ.ਪੀ., ਆਈ.ਜੀ., ਡੀ.ਆਈ.ਜੀ., ਐਸ.ਐਸ.ਪੀ., ਐਸ.ਪੀ., ਅਣਗਿਣਤ ਹੇਠਲੇ ਰੈਂਕ ਦੇ ਅਮਲੇ; ਕਾਂਗਰਸ, ਅਕਾਲੀ, ਕਮਿਊਨਿਸਟ, ਭਾਰਤੀ ਜਨਤਾ ਪਾਰਟੀ, ਸ਼ਿਵ ਸੈਨਾ ਦੇ ਸੀਨੀਅਰ ਅਹੁਦੇਦਾਰ; ਮੀਡੀਏ ਨਾਲ ਸਬੰਧਤ ਦੂਰਦਰਸ਼ਨ (ਜਲੰਧਰ, ਦਿਲੀ, ਪਟਿਆਲਾ), ਮਹਾਸ਼ਾ ਪ੍ਰੈੱਸ (ਜਲੰਧਰ) ਵਗ਼ੈਰਾ ਨੂੰ ਸਿੱਖ ਖਾੜਕੂਆਂ ਦੇ ਰੋਹ ਦਾ ਵੱਡੀ ਪੱਧਰ 'ਤੇ ਸ਼ਿਕਾਰ ਹੋਣਾ ਪਿਆ।

ਸਿੱਖ ਖਾੜਕੂ ਸਮੇਂ-ਸਮੇਂ ਮੁਤਾਬਿਕ ਆਪਣੀ ਆਜ਼ਾਦੀ ਦੀ ਹਥਿਆਰਬੰਦ ਲਹਿਰ ਦੌਰਾਨ ਅਨੇਕਾਂ ਮਾਡਰਨ ਹਥਿਆਰਾਂ, ਸਣੇ ਏ. ਕੇ.-47, ਐਲ.ਐਮ.ਜੀ., ਮਾਰਟਰ, ਬਾਰੂਦੀ ਛੜੀਆਂ, ਰਾਕਟ ਲਾਂਚਰ, ਰਿਮੋਟ ਕੰਟਰੋਲ ਬੰਬਾਂ, ਘਾਤ ਲਾ ਕੇ ਹਮਲੇ; ਪੁਲਿਸ ਫ਼ੋਰਸਿਜ਼ ਦੇ ਸੰਚਾਰ ਸਾਧਨ ਆਪਣੇ ਪਾਵਰਫੁੱਲ ਟਰਾਂਸਮੀਟਰਾਂ ਰਾਹੀਂ ਜਾਮ ਕਰਨੇ; 4 ਵਾਰ ਹਿੰਦੁਸਤਾਨ ਦੀ ਇੰਡੀਅਨ ਏਅਰਲਾਈਨਜ਼ ਦੇ ਹਵਾਈ ਜਹਾਜ਼ ਹਾਈਜੈਕ ਕਰਨੇ; ਪੰਜਾਬ 'ਚ ਤਾਇਨਾਤ ਮਿਲਟਰੀ ਫ਼ੋਰਸਿਜ਼ ਨਾਲ ਆਪਣੀਆਂ ਛੁਪਣਗਾਹਾਂ ਤੋਂ ਕਈ-ਕਈ ਦਿਨ ਲਗਾਤਾਰ ਹਥਿਆਰਬੰਦ ਮੁਕਾਬਲੇ ਕਰਨੇ; ਦੋ ਵਾਰ ਅਕਾਲ ਤਖ਼ਤ ਸਾਹਿਬ 'ਤੇ ਮਿਲਟਰੀ ਫੋਰਸਿਜ਼ ਦੇ ਸੁਰੱਖਿਆ ਨਾਕੇ ਤੋੜ ਕੇ ਸਰਬੱਤ ਖਾਲਸਾ ਦੀਵਾਨ ਕਰਨੇ ਸ਼ਾਮਿਲ ਹਨ।

1981 ਤੋਂ ਲੈ ਕੇ 92 ਤੱਕ ਜਿਨ੍ਹਾਂ ਪ੍ਰਮੁੱਖ ਸਿੱਖ ਖਾੜਕੂ ਫ਼ੋਰਸਾਂ ਨੇ ਹਥਿਆਰਬੰਦ ਜੱਦੋਜਹਿਦ 'ਚ ਹਿੱਸਾ ਲਿਆ ਉਨ੍ਹਾਂ ਵਿਚ ਬੱਬਰ ਖਾਲਸਾ (ਮੋਢੀ ਜਥੇਦਾਰ ਤਲਵਿੰਦਰ ਸਿੰਘ ਕਨੇਡਾ) ਦਸ਼ਮੇਸ਼ ਰੈਜਿਮੈਂਟ, ਬੱਬਰ ਖਾਲਸਾ (ਸੁਖਦੇਵ ਸਿੰਘ), ਦਲ ਖਾਲਸਾ, ਅਕਾਲ ਫ਼ੈਡਰੇਸ਼ਨ, ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਖਾਲਿਸਤਾਨ ਕਮਾਂਡੋ ਫ਼ੋਰਸ, ਖਾਲਿਸਤਾਨ ਲਿਬਰੇਸ਼ਨ ਫ਼ੋਰਸ, ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਆਫ਼ ਖਾਲਿਸਤਾਨ, ਦੁਸ਼ਟ ਸੋਧ ਕਮਾਂਡੋ ਫ਼ੋਰਸ ਆਫ ਖਾਲਿਸਤਾਨ ਅਤੇ ਹੋਰ ਇਲਾਕਾ ਪੱਧਰ ਤੇ ਵਿਚਰਦੀਆਂ ਖਾੜਕੂ ਫ਼ੋਰਸਾਂ ਹਨ।

ਪ੍ਰਮੁੱਖ ਖਾੜਕੂ ਜਰਨੈਲ 'ਚ ਜਥੇਦਾਰ ਤਲਵਿੰਦਰ ਸਿੰਘ ਬੱਬਰ, ਅਮਰਜੀਤ ਸਿੰਘ ਖੇਮਕਰਨ, ਗੁਰਨਾਮ ਸਿੰਘ, ਸੇਵਾ ਸਿੰਘ ਹਵਾਲਦਾਰ, ਸੁਰਿੰਦਰ ਸਿੰਘ ਸੋਢੀ, ਸੁਖਦੇਵ ਸਿੰਘ ਦਾਸੂਵਾਲ, ਮਨਬੀਰ ਸਿੰਘ ਚਹੇੜੂ, ਜਨਰਲ ਅਵਤਾਰ ਸਿੰਘ ਬ੍ਰਹਮਾ, ਗੁਰਦਿਆਲ ਸਿੰਘ ਉਰਫ

ਜਨਰਲ ਅਰੂੜ ਸਿੰਘ, ਬਾਬਾ ਗੁਰਬਚਨ ਸਿੰਘ ਮਾਨੋਚਾਹਲ, ਸੁਖਦੇਵ ਸਿੰਘ ਉਰਫ਼ ਜਨਰਲ ਲਾਭ ਸਿੰਘ, ਸੁਖਦੇਵ ਸਿੰਘ ਸਖੀਰਾ, ਗੁਰਜੰਟ ਸਿੰਘ ਬੁੱਧਸਿੰਘਵਾਲਾ, ਗੁਰਜੰਟ ਸਿੰਘ ਰਾਜਸਥਾਨੀ, ਭਾਈ ਗੁਰਜੀਤ ਸਿੰਘ (ਹਰੀਹਰ ਝੋਕ), ਰਘਬੀਰ ਸਿੰਘ ਟੈਂਕ (ਸਾਹਲੋਂ), ਜਸਬੀਰ ਸਿੰਘ ਲਾਲੀ, ਡਾ: ਗੁਰਨਾਮ ਸਿੰਘ ਬੁੱਟਰ, ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸੁੱਖਾ, ਰਛਪਾਲ ਸਿੰਘ ਛੰਦੜਾ, ਜਰਨੈਲ ਸਿੰਘ ਹਲਵਾਰਾ, ਕੰਵਲਜੀਤ ਸਿੰਘ ਸੁਲਤਾਨਵਿੰਡ, ਅਣੋਖ ਸਿੰਘ ਬਬਰ, ਪਰਮਜੀਤ ਸਿੰਘ ਪੰਜਵੜ, ਸਤਨਾਮ ਸਿੰਘ ਛੀਨਾ, ਕਰਮਜੀਤ ਸਿੰਘ ਸੁਨਾਮ, ਗਿਆਨ ਸਿੰਘ ਲੀਲਾਂ, ਕੰਵਰ ਸਿੰਘ ਧਾਮੀ ਅਤੇ ਹੋਰ ਅਨੇਕਾਂ ਨਾਮਵਰ ਖਾੜਕੂਆਂ ਨੇ ਇਸ ਲੜਾਈ 'ਚ ਆਪਣਾ ਘਰ-ਘਾਟ ਉਜਾੜ ਕੇ ਹਿੱਸਾ ਪਾਇਆ ਤੇ ਇਨ੍ਹਾਂ ਵਿਚੋਂ ਬਹੁਤੇ ਜਾਨਾਂ 'ਤੇ ਖੇਡ ਗਏ। ਬੀਬੀਆਂ ਚੋਂ ਪ੍ਰਮੁੱਖ ਸਨ ਬੀਬੀ ਉਪਕਾਰ ਕੌਰ, ਬੀਬੀ ਕੁਲਬੀਰ ਕੌਰ ਧਾਮੀ, ਬੀਬੀ ਜਸਮੀਤ ਕੌਰ ਛੀਨਾ, ਬੀਬੀ ਭੁਪਿੰਦਰ ਕੌਰ, ਬੀਬੀ ਸੰਦੀਪ ਕੌਰ ਕਾਸ਼ਤੀਵਾਲ ਤੇ ਹੋਰ ਵੀ ਬਹੁਤ ਗੁਰਸਿੱਖ ਬੀਬੀਆਂ ਨੇ ਇਸ ਜੱਦੋਜਹਿਦ 'ਚ ਖਾੜਕੂਆਂ ਦਾ ਸਾਥ ਦਿੱਤਾ ਤੇ ਕਈਆਂ ਨੇ ਸ਼ਹੀਦੀਆਂ ਵੀ ਪ੍ਰਾਪਤ ਕੀਤੀਆਂ, ਕਈਆਂ ਨੇ ਪੁਲਿਸ ਫੋਰਸਿਜ਼ ਦੇ ਅਸਹਿ ਤਸ਼ੱਦਦ ਆਪਣੇ ਪਿੰਡੇ 'ਤੇ ਸਹਾਰੇ।

ਇੱਥੇ ਇਕ ਗੱਲ ਕਾਬਲੇ-ਜ਼ਿਕਰ ਹੈ ਕਿ ਆਪਣੇ ਆਪ ਨੂੰ 'ਗੁਰੂ ਦੀਆਂ ਲਾਡਲੀਆਂ ਫ਼ੌਜਾਂ' ਕਹਾਉਣ ਵਾਲੇ (ਨਿਹੰਗ ਸਿੰਘਾਂ) ਵੱਲੋਂ ਸਿੱਖ ਖਾੜਕੂਆਂ ਦਾ ਜਦੋਜਹਿਦ 'ਚ ਕੋਈ ਸਾਥ ਨਾ ਦਿੱਤਾ, ਬਲਕਿ ਕੁਝ ਜ਼ਲੀਲ ਨਿਹੰਗ ਟੋਲਿਆਂ ਨੇ ਖਾੜਕੂਆਂ ਦੇ ਖ਼ਿਲਾਫ਼ ਸਰਕਾਰੀ ਫ਼ੋਰਸਾਂ ਦਾ ਸਾਥ ਦਿੱਤਾ। ਇਥੋਂ ਤਕ ਕਿ 'ਸਰਕਾਰੀ ਨਿਹੰਗਾਂ' ਨੇ ਫ਼ੋਰਸਿਜ਼ ਦੀ ਮਦਦ ਦੇ ਨਾਲ ਨਾਮਵਰ ਖਾੜਕੂਆਂ ਨੂੰ ਥਾਂ ਅਤੇ ਸਮਾਂ ਨੀਅਤ ਕਰ ਕੇ ਮੁਕਾਬਲਾ ਕਰਨ ਦੀ ਪੇਸ਼ਕਸ਼ ਵੀ ਕੀਤੀ। ਨਿਹੰਗ ਟੋਲਿਆਂ ਦੇ ਕੁਝ ਗਰੁਪ ਸੰਤਾ ਸਿੰਘ, ਅਜੀਤ ਸਿੰਘ ਪੂਹਲਾ, ਹਰਜਿੰਦਰ ਸਿੰਘ ਨਿਹੰਗ, ਕਾਹਨ ਸਿੰਘ (ਤਰਨਤਾਰਨ) ਅਤੇ ਕਈ ਹੋਰਾਂ ਨੇ ਸਿੱਖ ਖਾੜਕੂਆਂ ਦੇ ਪਰਿਵਾਰਾਂ ਦੇ ਪਰਿਵਾਰ ਮਾਰ ਮੁਕਾਏ।

ਦੂਜੇ ਪਾਸੇ ਹਿੰਦੁਸਤਾਨ ਸਰਕਾਰ ਵਲੋਂ ਸਿੱਖ ਖਾੜਕੂਆਂ ਦੀ ਜੱਦੋਜਹਿਦ ਨੂੰ ਖ਼ਤਮ ਕਰਨ ਲਈ, ਨੈਸ਼ਨਲ ਤੇ ਇੰਟਰਨੈਸ਼ਨਲ ਕਾਨੂੰਨਾਂ ਨੂੰ ਛਿੱਕੇ ਟੰਗ ਕੇ, ਕਰੋੜਾਂ ਰੁਪਏ ਖਰਚ ਕੇ, ਖਾੜਕੂਆਂ ਦੇ ਮੁਕਾਬਲੇ 'ਚ ਮਹਿੰਗੇ 'ਤੋਂ ਮਹਿੰਗੇ ਤੇ ਸਭ ਤੋਂ ਵਧ ਮਾਡਰਨ ਹਥਿਆਰਾਂ ਨਾਲ ਲੈਸ, ਪੰਜਾਬ ਪੁਲੀਸ, ਸੀ.ਆਰ.ਪੀ.ਐਫ., ਬੀ.ਐਸ.ਐਫ., ਇੰਡੋ-ਤਿਬਤੀਅਨ ਪੋਲੀਸ, ਸਪੈਸ਼ਲ ਗਾਰਡਜ਼, ਸਪੈਸ਼ਲ ਕਰਾਈਮ ਕਿੱਲਰ, ਮਿਲਟਰੀ ਫ਼ੋਰਸਿਜ਼ ਦੇ ਸਪੈਸ਼ਲ ਕਮਾਂਡੋ, ਸਕਿਊਰਟੀ ਦਸਤੇ, ਹੋਮ ਗਾਰਡਜ਼, ਐਸ.ਪੀ.ਓਜ਼, ਰਾਅ ਵਲੋਂ ਹੋਰ ਗੁਪਤ ਤੌਰ ਤੇ ਬਣਾਈਆਂ ਸਪੈਸ਼ਲ ਏਜੰਸੀਆਂ, ਕੁਝ ਬੁੱਚੜ ਜਾਣੇ ਜਾਂਦੇ ਪੁਲੀਸ ਅਫ਼ਸਰਾਂ ਵੱਲੋਂ ਇਲਾਕਾ ਪੱਧਰ 'ਤੇ ਬਲੈਕ-ਕੈਟ ਮੁਖ਼ਬਰਾਂ ਦੇ ਅਧਾਰ 'ਤੇ ਬਣਾਈਆਂ ਹੋਈਆਂ ਫ਼ੋਰਸਾਂ ਅਤੇ ਹੋਰ ਅਨੇਕਾਂ ਸਾਧਨਾਂ ਨੂੰ ਜੱਦੋਜਹਿਦ ਖ਼ਤਮ ਕਰਨ ਲਈ ਝੋਕ ਦਿੱਤਾ ਗਿਆ। ਪੰਜਾਬ 'ਚ ਅਨੇਕਾਂ ਖ਼ੁਫ਼ੀਆ ਤਸੀਹਾ ਕੇਂਦਰ ਖੋਲ੍ਹੇ ਗਏ, ਜਿਨ੍ਹਾਂ 'ਚੋਂ ਮਸ਼ਹੂਰ ਸਨ: ਬੀਕੋ ਕੰਪਨੀ ਬਟਾਲਾ, ਮਾਲ ਮੰਡੀ (ਅੰਮ੍ਰਿਤਸਰ), ਲੱਧਾ ਕੋਠੀ (ਸੰਗਰੂਰ), 32 ਬਟਾਲੀਅਨ (ਜਲੰਧਰ), ਸੀ.ਆਈ.ਏ. ਸਟਾਫ਼ (ਲੁਧਿਆਣਾ)। ਹਜ਼ਾਰਾਂ ਨਕਲੀ ਪੁਲੀਸ ਮੁਕਾਬਲੇ ਬਣਾਏ ਗਏ। ਖਾੜਕੂਆਂ ਦੇ ਸਿਰਾਂ ਦੇ ਇਨਾਮ 50 ਹਜ਼ਾਰ ਤੋਂ ਲੈ ਕੇ 50 ਲੱਖ ਰੁਪੈ ਤਕ ਰੱਖੇ ਗਏ। ਕੁਝ ਸੋਮਿਆਂ ਮੁਤਾਬਿਕ ਰਾਅ ਨੇ ਸਿੱਖ ਖਾੜਕੂਆਂ ਨੂੰ ਮਾਰ ਖਪਾਉਣ ਲਈ ਦੁਨੀਆਂ 'ਚ ਮਸ਼ਹੂਰ ਇਸਰਾਈਲ ਦੀ ਖ਼ੁਫ਼ੀਆ ਏਜੰਸੀ 'ਮੌਸਾਦ' ਦੀਆਂ ਸੇਵਾਵਾਂ ਵੀ ਹਾਸਿਲ ਕੀਤੀਆਂ। ਕਈ

ਗਵਰਨਰ, ਪੁਲੀਸ ਅਫ਼ਸਰ, ਮਿਲਟਰੀ ਅਫ਼ਸਰ, ਡੈਪੂਟੇਸ਼ਨ ਦੇ ਨਾਂਅ ਥੱਲੇ ਪੰਜਾਬ 'ਚ ਲਿਆਂਦੇ ਗਏ। ਕਈ ਬਾਹਰਲੇ ਮੁਲਕਾਂ ਨਾਲ, ਸਿੱਖ ਖਾੜਕੂਆਂ ਨੂੰ ਵਾਪਸ ਲਿਆਉਣ ਲਈ, ਅਹਿਦਨਾਮੇ ਕੀਤੇ ਗਏ, ਜਿਨ੍ਹਾਂ 'ਚ ਅਮਰੀਕਾ, ਕਨੈਡਾ, ਇੰਗਲੈਂਡ, ਜਰਮਨੀ ਅਤੇ ਏਸ਼ੀਆ ਦੇ ਕਈ ਮੁਲਕ ਸ਼ਾਮਲ ਹਨ। ਪੂਰੇ ਭਾਰਤ 'ਚ ਸਪੈਸ਼ਲ ਫ਼ੋਰਸਾਂ ਸਿੱਖ ਖਾੜਕੂਆਂ ਨੂੰ ਲੱਭਣ ਲਈ ਹਲਕਾਈਆਂ ਫਿਰਦੀਆਂ ਸਨ। ਖਾੜਕੂਆਂ ਨੂੰ ਸਪੈਸ਼ਲ ਸਕਿਊਰਟੀ ਜੇਲ੍ਹਾਂ 'ਚ ਰੱਖਿਆ ਗਿਆ, ਜਿਨ੍ਹਾਂ 'ਚੋਂ ਮਸ਼ਹੂਰ ਬੁੜੈਲ ਜੇਲ੍ਹ (ਚੰਡੀਗੜ੍ਹ), ਨਾਭਾ, ਸੰਗਰੂਰ, ਪਟਿਆਲਾ ਅਤੇ ਕਈ ਹੋਰ, ਜਿਨ੍ਹਾਂ 'ਚ ਸਖ਼ਤ ਪਹਿਰਿਆਂ ਹੇਠ ਅੰਦਰ ਹੀ ਅਦਾਲਤਾਂ ਲੱਗਦੀਆਂ ਸਨ। ਅਨੇਕਾਂ ਵਾਰ ਕਾਨੂੰਨ ਦਾ ਬਹਾਨਾ ਬਣਾ ਕੇ ਜੇਲ੍ਹਾਂ ਅੰਦਰ ਗੋਲੀ ਚਲਾਈ ਗਈ, ਕਈ ਖਾੜਕੂਆਂ ਨੂੰ ਮਾਰ ਮੁਕਾਇਆ ਗਿਆ। ਖਾੜਕੂਆਂ ਵਲੋਂ ਪ੍ਰਮੁੱਖ ਬੁੱਚੜਾਂ ਦੇ ਤੌਰ 'ਤੇ ਜਾਣੇ ਜਾਂਦੇ ਸਨ: ਦਰਬਾਰਾ ਸਿੰਘ (ਮੁੱਖ ਮੰਤਰੀ), ਸੁਰਿੰਦਰ ਨਾਥ (ਗਵਰਨਰ), ਐਸ.ਐਸ. ਰੇਅ (ਗਵਰਨਰ), ਬੀ.ਐਨ. ਛਿੱਬਰ (ਗਵਰਨਰ), ਅਰਜਨ ਸਿੰਘ (ਗਵਰਨਰ) ਓ.ਪੀ. ਮਲਹੋਤਰਾ (ਗਵਰਨਰ)।

ਪੁਲੀਸ ਫ਼ੋਰਸਿਜ਼ 'ਚ ਰਿਬੈਰੋ, ਕੇ.ਪੀ.ਐਸ. ਗਿੱਲ, ਡੀ.ਐਸ. ਮਾਂਗਟ, ਇਜ਼ਹਾਰ ਆਲਮ, ਗੋਬਿੰਦ ਰਾਮ, ਸਵਰਨ ਘੋਟਣਾ, ਸ਼ਰਮਾ, ਸੁਮੇਧ ਸੈਣੀ, ਸੁਰੇਸ਼ ਅਰੋੜਾ, ਕੰਵਲਜੀਤ ਢਿੱਲੋਂ, ਅਨਿਲ ਸ਼ਰਮਾ ਅਤੇ ਅਨੇਕਾਂ ਹੋਰ, ਜੋ ਖਾੜਕੂਆਂ ਨੂੰ ਮਾਰ ਖਪਾਉਣ ਅਤੇ ਤਸੀਹਿਆਂ ਲਈ ਮਸ਼ਹੂਰ ਸਨ।

ਜਦੋਂ ਹਿੰਦੁਸਤਾਨ ਦੀ ਮਿਲਟਰੀ ਫ਼ੋਰਸਿਜ਼ ਵਲੋਂ ਸਿੱਖ ਖਾੜਕੂਆਂ ਨੂੰ ਖ਼ਤਮ ਕਰਨ ਦੇ ਨਾਂਅ ਹੇਠ, ਆਮ ਸਿੱਖਾਂ 'ਤੇ ਜ਼ੁਲਮਾਂ ਦੀ ਹਨੇਰੀ ਝੁੱਲ ਗਈ, ਪੰਜਾਬ 'ਚ ਅਪੀਲ, ਵਕੀਲ, ਦਲੀਲ, ਅਦਾਲਤ ਅਤੇ ਕਾਨੂੰਨ ਨਾਂਅ ਦੀ ਸ਼ੈਅ ਖੰਭ ਲਾ ਕੇ ਉੱਡ ਗਈ। ਇਸ ਹਾਲਤ ਦਾ ਸਾਹਮਣਾ ਕਰਨ ਲਈ, ਬੁੱਚੜ ਪੁਲੀਸ ਅਫ਼ਸਰਾਂ, ਸਿਆਸੀ ਲੀਡਰਾਂ ਨੂੰ ਦੁਨੀਆਂ ਸਾਹਮਣੇ ਕੌਮਾਂਤਰੀ ਪੱਧਰ 'ਤੇ ਹਿਊਮਨ ਰਾਈਟਸ ਦੀ ਗੱਲ ਕਰ ਰਹੀਆਂ ਜੱਥੇਬੰਦੀਆਂ ਤਕ, ਪੰਜਾਬ ਦੀ ਅਸਲ ਤਸਵੀਰ ਪੇਸ਼ ਕਰਨ ਲਈ, ਕੁਝ ਨਾਮਵਰ ਸਿੱਖ ਸ਼ਖ਼ਸੀਅਤਾਂ ਨੇ ਆਪਣਾ ਖ਼ਾਸ ਹਿੱਸਾ ਪਾਇਆ ਜੋ ਕਾਬਲੇ-ਜ਼ਿਕਰ ਹੈ। ਇਨ੍ਹਾਂ 'ਚ ਜਸਟਿਸ ਅਜੀਤ ਸਿੰਘ ਬੈਂਸ ਵੱਲੋਂ ਬਣਾਈ ਗਈ ਆਈ.ਐਚ.ਆਰ.ਓ. ਤੇ ਉਸ ਦੇ ਸਾਥੀ ਪ੍ਰੋ: 'ਮਾਵੀ' ਲੁਧਿਆਣਾ, ਨਵਕਿਰਨ ਸਿੰਘ (ਚੰਡੀਗੜ੍ਹ), ਰੰਜਨ ਲੱਖਣਪਾਲ, ਸੁਖਵਿੰਦਰ ਸਿੰਘ ਭੱਟੀ ਸੰਗਰੂਰ, ਅਮਰ ਸਿੰਘ ਚਾਹਲ (ਚੰਡੀਗੜ੍ਹ) ਅਤੇ ਅਨੇਕਾਂ ਹੋਰ ਨਾਮਵਰ ਵਕੀਲਾਂ, ਸ੍ਰ: ਸਿਮਰਨਜੀਤ ਸਿੰਘ ਮਾਨ ਤੇ ਉਸ ਦੇ ਸਾਥੀ ਸਰਦਾਰ ਜਸਵੰਤ ਸਿੰਘ 'ਖਾਲੜਾ' ਨੇ ਤਾਂ 25000 ਸਿੱਖ ਨੌਜਵਾਨਾਂ ਦੀਆਂ ਲਾਸ਼ਾਂ ਜੋ ਇਕੱਲੇ ਅੰਮ੍ਰਿਤਸਰ ਦੀਆਂ ਤਿੰਨ ਚਾਰ ਤਹਿਸੀਲਾਂ 'ਚ ਲਾਵਾਰਸ ਕਹਿ ਕੇ ਸਾੜਨ ਦਾ ਮਾਮਲਾ ਉਠਾਇਆ, ਉਹ ਵੀ ਕਾਬਲੇ-ਜ਼ਿਕਰ ਹੈ। ਐਮਨੈਸਟੀ ਇੰਟਰਨੈਸ਼ਨਲ, ਏਸ਼ੀਆ ਵਾਚ, ਜਿਹੀਆਂ ਨਿਰਪੱਖ ਕੌਮਾਂਤਰੀ ਜਥੇਬੰਦੀਆਂ ਨੇ ਭਾਰਤ ਸਰਕਾਰ ਦੀ ਲਾਹ-ਪਾਹ ਕੀਤੀ। ਜਸਟਿਸ ਬੈਂਸ ਤੇ ਸਾਥੀਆਂ ਵੱਲੋਂ 950 ਸਿੱਖ ਬੀਬੀਆਂ, ਜੋ ਪੁਲੀਸ ਫੋਰਸਿਜ਼ ਨੇ ਅਗਵਾ ਕਰ ਕੇ ਤਸੀਹਿਆਂ ਮਗਰੋਂ ਗ਼ਾਇਬ ਕਰ ਦਿੱਤੀਆਂ, ਦੀ ਹੈਰਤ-ਅੰਗੇਜ਼ ਰਿਪੋਰਟ ਪੇਸ਼ ਕੀਤੀ। ਹਿਊਮਨ ਰਾਈਟਸ ਦੀ ਗੱਲ ਕਰਨ ਵਾਲੀਆਂ ਸਾਰੀਆਂ ਹੀ ਨਾਮਵਰ ਸ਼ਖ਼ਸੀਅਤਾਂ ਨੂੰ ਵੀ ਪੁਲੀਸ ਜਬਰ ਦਾ ਸ਼ਿਕਾਰ ਹੋਣ ਪਿਆ ਜਿਨ੍ਹਾਂ 'ਚ ਜਸਟਿਸ ਬੈਂਸ, ਸਰਦਾਰ ਮਾਨ ਅਤੇ ਹੋਰ ਵਕੀਲਾਂ ਨੂੰ ਪੁਲੀਸ ਨੇ ਅਨੇਕਾਂ ਵਾਰ ਗ੍ਰਿਫ਼ਤਾਰ ਕੀਤਾ ਤੇ ਇਨ੍ਹਾਂ ਨੂੰ ਤਸ਼ੱਦਦ ਦਾ ਦੌਰਾ ਵੀ ਝੱਲਣਾ ਪਿਆ। ਸ: ਜਸਵੰਤ ਸਿੰਘ ਖਾਲੜਾ, ਕੁਲਵੰਤ ਸਿੰਘ ਸੈਣੀ (ਵਕੀਲ ਰੋਪੜ) ਸਮੇਤ ਉਸ ਦੇ ਪਰਿਵਾਰ, ਸੁਖਵਿੰਦਰ ਸਿੰਘ ਭੱਟੀ (ਵਕੀਲ ਸੰਗਰੂਰ), ਰੰਜਨ ਲਖਨਪਾਲ (ਵਕੀਲ) ਦੇ ਇਕਲੌਤੇ ਬੇਟੇ, ਪ੍ਰੋ: ਮਾਵੀ

(ਲੁਧਿਆਣਾ) ਦੇ ਇਕਲੌਤੇ ਲੜਕੇ ਨੂੰ ਪੁਲੀਸ ਵਲੋਂ ਅਗਵਾ ਕਰ ਕੇ ਮਾਰ ਮੁਕਾ ਦਿੱਤਾ ਗਿਆ।

ਇਸੇ ਹੀ ਸਬੰਧ 'ਚ ਪੰਜਾਬ ਦੀ 1997 ਵਿਚ ਬਣੀ ਬਾਦਲ ਸਰਕਾਰ, ਜੋ ਚੋਣਾਂ ਸਮੇਂ ਇਹ ਵਾਅਦਾ ਕਰ ਕੇ ਆਈ ਸੀ ਕਿ ਖਾੜਕੂ ਲਹਿਰ ਦੌਰਾਨ ਪੰਜਾਬ 'ਚ ਕਤਲੋ-ਗਾਰਤ ਮਚਾਉਣ ਵਾਲੇ ਪੁਲਿਸ ਅਫ਼ਸਰਾਂ ਤੇ ਹੋਰ ਸਰਕਾਰੀ ਕਰਿੰਦਿਆਂ ਤੱਕ ਪਹੁੰਚਣ ਲਈ ਇਕ ਸਪੈਸ਼ਲ ਕਮਿਸ਼ਨ ਬਿਠਾਇਆ ਜਾਵੇਗਾ, ਜੋ ਆਜ਼ਾਦਾਨਾ ਤੌਰ 'ਤੇ ਆਪਣੀ ਰਿਪੋਰਟ ਪੇਸ਼ ਕਰੇਗਾ ਤੇ ਸਬੰਧਤ ਬੁੱਚੜਾਂ ਨੂੰ ਮੁਨਾਸਿਬ ਸਜ਼ਾਵਾਂ ਦਿੱਤੀਆਂ ਜਾਣਗੀਆਂ। ਪਰ ਉਦੋਂ ਹੈਰਾਨੀ ਦੀ ਹੱਦ ਨਾ ਰਹੀ, ਕਿ ਸਰਕਾਰ ਬਣਨ ਤੋਂ ਕਈ ਮਹੀਨੇ ਬੀਤ ਜਾਣ ਬਾਅਦ ਮਾਨ, ਜਸਟਿਸ ਬੈਂਸ ਤੇ ਨਾਮਵਰ ਸਿੱਖ ਸ਼ਖਸ਼ੀਅਤਾਂ ਨੇ ਜਦੋਂ ਬਾਦਲ ਤੋਂ ਆਪਣੇ ਕੀਤੇ ਵਾਅਦੇ ਮੁਤਾਬਿਕ ਕਮਿਸ਼ਨ ਬਿਠਾਉਣ ਦੀ ਮੰਗ ਕੀਤੀ ਤਾਂ ਬਾਦਲ ਨੇ ਇਹ ਆਖਿਆ ਕਿ 'ਅਜਿਹਾ ਕਮਿਸ਼ਨ ਬਿਠਾਉਣ ਨਾਲ ਨਵੇਂ ਵਿਵਾਦ ਖੜ੍ਹੇ ਹੋਣਗੇ, ਸਿੱਖਾਂ ਨੂੰ ਚਾਹੀਦਾ ਹੈ, ਕਿ ਬੀਤੇ ਹੋਏ ਦੌਰ ਨੂੰ ਭੁੱਲ ਜਾਣ ਅਤੇ ਆਉਣ ਵਾਲੇ ਸਮੇਂ ਲਈ ਸੋਚਿਆ ਜਾਵੇ।' ਬਾਦਲ ਦੇ ਇਸ ਬਿਆਨ ਨਾਲ ਸਿੱਖ ਹਲਕਿਆਂ 'ਚ ਤਰਥੱਲੀ ਮੱਚ ਗਈ। ਬਾਦਲ ਦੇ ਇਸ ਨਾਂਹ-ਪੱਖੀ ਵਤੀਰੇ ਤੋਂ ਅੱਕ ਕੇ ਸਿੱਖਾਂ ਨੇ ਆਪਣੇ ਤੌਰ ਤੇ ਪਬਲਿਕ ਕਮਿਸ਼ਨ ਬਣਾਉਣ ਦੀ ਗੱਲ ਸੋਚੀ।

ਇਸ ਮਿਸ਼ਨ 'ਚ ਪਹਿਲ ਜਸਟਿਸ ਕੁਲਦੀਪ ਸਿੰਘ ਨੇ ਕੀਤੀ। ਉਸ ਨੇ ਕੁਝ ਨਾਮਵਰ ਸਿੱਖ ਸ਼ਖ਼ਸੀਅਤਾਂ ਨੂੰ ਨਾਲ ਲੈ ਕੇ ਇਕ ਤਿੰਨ-ਮੈਂਬਰੀ (ਰਿਟਾਇਰਡ ਜੱਜਾਂ ਤੇ ਅਧਾਰਿਤ ਕਮਿਸ਼ਨ) ਯੂ.ਐਨ.ਓ. ਦੀ ਇਕ ਧਾਰਾ ਤਹਿਤ ਬਣਾਇਆ। ਇਸ ਕਮਿਸ਼ਨ ਦੇ ਤਿੰਨੋਂ ਮੁੱਖੀ ਜੱਜ ਵੀ ਪੰਜਾਬ ਤੋਂ ਬਾਹਰਲੇ, ਗ਼ੈਰ-ਸਿੱਖ ਲਏ। ਇਨ੍ਹਾਂ ਨੇ ਚੰਡੀਗੜ੍ਹ 'ਚ ਆਪਣਾ ਬਾਕਾਇਦਾ ਦਫ਼ਤਰ ਖੋਲ੍ਹ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਕਮਿਸ਼ਨ ਦਾ ਸਾਥ ਦੇਣ ਲਈ ਸ: ਸਿਮਰਨਜੀਤ ਸਿੰਘ 'ਮਾਨ', ਸ: ਕੁਲਦੀਪ ਸਿੰਘ ਵਡਾਲਾ, ਜਸਟਿਸ ਬੈਂਸ ਅਤੇ ਹੋਰ ਸਿੱਖ ਸ਼ਖ਼ਸੀਅਤਾਂ ਨੇ ਵਾਅਦਾ ਕੀਤਾ ਅਤੇ ਇਸ ਨੂੰ ਅਮਲ 'ਚ ਲਿਆਉਣ ਲਈ ਸਬੰਧਤ ਅਫ਼ਸਰਾਂ ਨੂੰ ਸਮਨ ਜਾਰੀ ਕੀਤੇ ਜਾਣ ਲੱਗੇ। ਕਾਤਲ ਪੁਲੀਸ ਅਫ਼ਸਰਾਂ ਨੂੰ ਭਾਜੜਾਂ ਪੈ ਗਈਆਂ। ਇਨ੍ਹਾਂ ਪੁਲੀਸ ਵਾਲੀਆਂ ਨੇ ਬਾਦਲ ਤੱਕ ਪਹੁੰਚ ਕੀਤੀ। ਬਾਦਲ ਸਰਕਾਰ ਨੇ ਕਤਲੇਆਮ ਨਾਲ ਸਬੰਧਤ ਪੁਲਸੀਆਂ ਲਈ, ਐਡਵੋਕੇਟ ਜਨਰਲ ਗੁਰਦਰਸ਼ਨ ਗਰੇਵਾਲ ਦੀ ਅਗਵਾਈ 'ਚ, ਸਰਕਾਰੀ ਖ਼ਰਚੇ 'ਤੇ, ਇਕ ਵਕੀਲਾਂ ਦਾ ਪੈਨਲ ਬਣਾ ਦਿੱਤਾ, ਤਾਂ ਜੋ ਪੁਲੀਸ ਅਫ਼ਸਰਾਂ ਨੂੰ ਕਾਨੂੰਨ ਦੇ ਸ਼ਿਕੰਜੇ ਚੋਂ ਬਚਾਇਆ ਜਾ ਸਕੇ।

ਜਸਟਿਸ ਕੁਲਦੀਪ ਸਿੰਘ ਵਲੋਂ ਵਾਰ-ਵਾਰ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਉਹ ਇਸ ਪਬਲਿਕ ਕਮਿਸ਼ਨ ਨੂੰ ਮਦਦ ਦੇਵੇ, ਥੋੜ੍ਹਾ ਬਹੁਤਾ ਫ਼ੰਡ ਮੁਹੱਈਆ ਕਰੇ। ਪਰ ਸ਼੍ਰੋਮਣੀ ਕਮੇਟੀ (ਟੌਹੜਾ) ਨੇ ਵੀ ਆਪਣੇ ਮੂੰਹ ਨੂੰ ਤਾਲਾ ਲਾ ਲਿਆ।

ਹੋਰ ਤਾਂ ਹੋਰ ਉਦੋਂ ਦੇ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਰਣਜੀਤ ਸਿੰਘ ਨੇ ਵੀ ਕੋਈ ਲਫ਼ਜ਼ "ਪਬਲਿਕ ਕਮਿਸ਼ਨ" ਦੇ ਸਬੰਧ ਵਿਚ ਆਪਣੇ ਮੂੰਹ ਵਿਚੋਂ ਨਾ ਕੱਢਿਆ। ਐਲਾਨ ਵੱਡੇ ਵੱਡੇ ਕੀਤੇ ਕਿ ਅਕਾਲੀ ਫੂਲਾ ਸਿੰਘ ਦੇ ਪਦ-ਚਿਨ੍ਹਾਂ ਤੇ ਚਲਾਂਗਾ। ਉਸ ਤੋਂ ਬਾਅਦ 300 ਸਾਲਾ ਖਾਲਸਾ ਪ੍ਰਗਟ ਦਿਨ ਦੇ ਸਮਾਰੋਹਾਂ, ਟੌਹੜਾ ਤੇ ਬਾਦਲ ਦੀ ਟੱਕਰ ਕਾਰਨ ਇਹ ਉੱਦਮ ਖਟਾਈ 'ਚ ਪੈ ਗਿਆ, ਜਿਸ ਦਾ ਮੁੜ ਕਿਸੇ ਨੂੰ ਚਿੱਤ-ਚੇਤਾ ਵੀ ਨਹੀਂ ਰਿਹਾ। ਨਾ ਹੀ ਜਸਟਿਸ ਕੁਲਦੀਪ ਸਿੰਘ ਨੇ ਦੁਬਾਰਾ ਇਸ ਵਿਸ਼ੇ ਤੇ ਕਾਰਵਾਈ ਸ਼ੁਰੂ ਕੀਤੀ। ਇਹ ਸਾਰਾ ਢਾਂਚਾ ਢਹਿ-ਢੇਰੀ ਹੋ ਕੇ ਰਹਿ ਗਿਆ।

1985 ਤੋਂ ਲੈ ਕੇ 1992 ਤੱਕ ਚੱਲੀ ਖਾੜਕੂ ਲਹਿਰ ਦੀਆਂ ਮੁੱਖ ਕਮਜ਼ੋਰੀਆਂ ਇਹ ਸਨ: ਸਿੱਖ ਖਾੜਕੂ ਅਖੀਰ ਤੱਕ ਆਪਣੀ ਗੋਲੀ ਦੀ ਨੀਤੀ ਨੂੰ ਮੁੱਖ ਰੱਖਦੇ ਰਹੇ। ਅਕਾਲੀਆਂ ਨੂੰ ਉਹ

ਸਿਆਸੀ ਵਿੰਗ ਵਜੋਂ ਮਾਨਤਾ ਨਹੀਂ ਸੀ ਦੇਣਾ ਚਾਹੁੰਦੇ ਪਰ ਆਪਣੇ ਵਲੋਂ ਵੀ ਉਨ੍ਹਾਂ ਨੇ ਕੋਈ ਸਿਆਸੀ ਵਿੰਗ ਕਾਇਮ ਨਾ ਕੀਤਾ। ਇਥੋਂ ਤੱਕ ਕਿ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਜੋ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਸਰਕਲ ਪੱਧਰ ਤੇ ਸਿੱਖ ਨੌਜਵਾਨਾਂ ਨੂੰ ਇਕ ਨੀਲੇ ਨਿਸ਼ਾਨ ਸਾਹਿਬ ਥੱਲੇ ਇਕੱਤਰ ਕਰਦੀ ਸੀ ਇਕ ਕਿਸਮ ਦਾ ਖਾੜਕੂਆਂ ਦਾ ਬੁਲਾਰਾ ਸੀ। ਇਹ ਖਾੜਕੂਆਂ ਜਥੇਬੰਦੀਆਂ ਨੂੰ ਨਵਾਂ ਕੇਡਰ ਮੁਹੱਈਆ ਕਰਦੀ ਸੀ। ਉਸ ਨੂੰ ਵੀ ਇਕ ਗਰੁਪ ਨੇ ਹਥਿਆਰਬੰਦ ਲਹਿਰ 'ਚ ਸ਼ਾਮਲ ਕਰ ਲਿਆ। ਜਿਸ ਦਾ ਨੁਕਸਾਨ ਫ਼ੈਡਰੇਸ਼ਨ ਦੇ ਸਾਰਿਆਂ ਗਰੁੱਪਾਂ ਨੂੰ ਸਹਿਣਾ ਪਿਆ, ਪੁਲੀਸ ਦੀਆਂ ਨਜ਼ਰਾਂ ਪਬਲਿਕ 'ਚ ਵਿਚਰਦੇ ਸਿੱਖ ਨੌਜਵਾਨਾਂ ਤੇ ਜਾ ਪਈਆਂ, ਪੁਲੀਸ ਨੇ ਤਸ਼ੱਦਦ ਦਾ ਐਸਾ ਦੌਰ ਚਲਾਇਆ, ਕਿ ਫ਼ੈਡਰੇਸ਼ਨ ਦੇ ਸਾਰੇ ਯੂਨਿਟ ਦਿਨਾਂ 'ਚ ਸਾਫ਼ ਕਰ ਦਿੱਤੇ ਗਏ।

ਖਾੜਕੂਆਂ ਵਲੋਂ ਸਿੱਖ ਵਿਦਵਾਨਾਂ ਦਾ ਰੋਲ ਵੀ ਮਨਫ਼ੀ ਕਰ ਦਿੱਤਾ। ਸਿਰਫ਼ ਚਾਪਲੂਸਾਂ ਨੂੰ ਲਾਗੇ ਰੱਖਿਆ। ਉਹ ਆਪਣੀ ਆਵਾਜ਼ ਲੋਕਾਂ ਤੱਕ ਨਾ ਪਹੁੰਚਾ ਸਕੇ। ਪ੍ਰਦੇਸਾਂ 'ਚ ਕੁਝ ਵੀਕਲੀ ਤੇ ਕੁਝ ਮਹੀਨੇ-ਵਾਰ ਰਸਾਲੇ, ਜਿਵੇਂ ਇੰਗਲੈਂਡ ਚੋਂ 'ਪੰਜਾਬ ਟਾਈਮਜ਼' ਤੇ 'ਦੇਸ ਪ੍ਰਦੇਸ', ਬੈਲਜੀਅਮ ਤੋਂ 'ਜੱਦੋਜਹਿਦ' ਤੇ ਕੁਝ ਅਮਰੀਕਾ ਕਨੈਡਾ ਚੋਂ ਵੀ ਨਿਕਲਦੇ ਰਹੇ। ਪਰ ਕਈਆਂ 'ਚ ਸਮੱਗਰੀ ਐਂਟੀ-ਖਾੜਕੂ ਵੀ ਹੁੰਦੀ ਸੀ।

ਸਿੱਖ ਖਾੜਕੂਆਂ ਨੇ ਅਖੀਰ 'ਚ ਆ ਕੇ ਹਰੇਕ ਛੋਟੇ ਤੋਂ ਛੋਟੇ ਦੋਸ਼ੀ ਨੂੰ ਵੱਡੇ ਦੋਸ਼ੀਆਂ ਦੀ ਕਤਾਰ ਵਿਚ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ। ਸਮਾਜ ਸੁਧਾਰ ਦੀ ਲਹਿਰ 'ਚ ਲੋਕਾਂ ਦੇ ਖਾਣ, ਪੀਣ, ਪਹਿਨਣ, ਵਿਆਹ, ਮੌਤਾਂ, ਗੱਲ ਕੀ ਹਰ ਗੱਲ 'ਤੇ ਪਾਬੰਦੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਹਰ ਹਫ਼ਤੇ ਪੰਜਾਬ ਬੰਦ ਦੇ ਸੱਦੇ; ਅੰਨ੍ਹੇ-ਵਾਹ ਨਵੀਂ ਭਰਤੀ; ਪੰਚਾਇਤਾਂ ਤੋਂ ਜਬਰੀ ਅਸਤੀਫ਼ੇ; ਦੁਸ਼ਮਣ ਨਾਲ ਗੁਰੀਲਾ ਜੰਗ ਦੀ ਬਜਾਏ ਹਰੇਕ ਖਾਲਿਸਤਾਨੀ ਫ਼ੋਰਸ ਨੇ ਇਕ ਦੂਜੇ ਤੋਂ ਅੱਗੇ ਵੱਧ ਜ਼ਿਲ੍ਹਾ ਪੱਧਰ, ਤਹਿਸੀਲ ਪੱਧਰ, ਬਲਾਕ ਪੱਧਰਾਂ ਤੇ ਆਪਣੇ ਆਪਣੇ ਜਨਰਲ, ਕਰਨਲ, ਕਮਾਂਡਰ, ਜਨਰਲ ਅਸਲੀ ਨਾਵਾਂ ਤੇ ਐਲਾਨਣੇ ਸ਼ੁਰੂ ਕਰ ਦਿੱਤੇ। ਇਸ ਬਚਕਾਨਾ ਸੋਚ ਦਾ ਪੁਲੀਸ ਫ਼ੋਰਸਿਜ਼ ਨੇ ਭਰਪੂਰ ਫ਼ਾਇਦਾ ਉਠਾਇਆ। ਉਨ੍ਹਾਂ ਨੂੰ ਹੁਣ ਬੰਦੇ ਪਛਾਣ ਕਰਨ 'ਚ ਕੋਈ ਦਿੱਕਤ ਨਹੀਂ ਸੀ ਆਉਂਦੀ। ਪੁਲੀਸ ਦੀ ਇਸ ਸਹੂਲਤ ਨੂੰ ਪੰਜਾਬ ਹੋਮਗਾਰਡਜ਼, ਸਪੈਸ਼ਲ ਪੁਲੀਸ ਅਫ਼ਸਰ (ਐਸ.ਪੀ.ਓ.) ਨਾਮੀ ਫ਼ੋਰਸ ਨੇ ਬ-ਖੂਬੀ ਨਿਭਾਇਆ। ਇਨ੍ਹਾਂ ਦੋਹਾਂ ਫ਼ੋਰਸਾਂ 'ਚ ਹਾਕਮ ਸਰਕਾਰਾਂ ਨੇ ਪਿੰਡਾਂ ਚੋਂ ਕਈ ਬੇਰੁਜ਼ਗਾਰ, ਮੁਖ਼ਬਰ ਕੈਟਾਂ ਅਤੇ ਕਈ ਨਸ਼ਈ ਕਿਸਮ ਦੇ ਲੋਕਾਂ ਨੂੰ ਭਰਤੀ ਕੀਤਾ ਸੀ।

ਖਾੜਕੂਆਂ ਵਲੋਂ ਸਖ਼ਤ ਸਿਆਸੀ ਪ੍ਰੋਗਰਾਮ ਦੇਣ ਲਈ ਪੰਜ ਮੈਂਬਰੀ 'ਪੰਥਕ ਕਮੇਟੀ' (ਬਾਅਦ 'ਚ ਤਿੰਨ ਚਾਰ 'ਪੰਥਕ ਕਮੇਟੀਆਂ' ਹੋਂਦ ਚ ਆ ਗਈਆਂ) ਦੇ ਸਾਰੇ ਮੈਂਬਰ ਪੁਲੀਸ ਫ਼ੋਰਸਿਜ਼ ਦੇ ਇਨਾਮੀ ਭਗੌੜੇ ਕਰਾਰ ਦਿੱਤੇ ਗਏ ਸਨ। ਜੇ ਕਿਸੇ ਖਾੜਕੂ ਲੀਡਰ ਜਿਵੇਂ ਬਾਬਾ ਮਾਨੋਚਾਹਲ ਜਾਂ ਜ: ਤਲਵਿੰਦਰ ਸਿੰਘ ਵਰਗਿਆਂ ਨੇ ਸੁਝਾਅ ਦਿੱਤਾ ਕਿ ਸਾਨੂੰ ਲੋਕ ਲਹਿਰ ਪੈਦਾ ਕਰਨ ਲਈ ਸਿਆਸੀ ਵਿੰਗ ਖੜ੍ਹਾ ਕਰਨਾ ਚਾਹੀਦਾ ਹੈ ਤਾਂ ਉਨ੍ਹਾਂ ਤੇ 'ਸਰਕਾਰੀਆ' ਹੋਣ ਦੇ ਠੱਪੇ ਲੱਗਣ ਲੱਗ ਪਏ। ਖਾੜਕੂ ਫੋਰਸਾਂ ਦੀ 50% ਲੜਾਈ ਭਾਰਤ ਸਰਕਾਰ ਦੀਆਂ ਫ਼ੋਰਸਿਜ਼ ਨਾਲ ਅਤੇ 50% ਆਪਸ ਵਿਚ ਚਲਦੀ ਰਹਿੰਦੀ ਸੀ। ਅਨੇਕਾਂ ਨਾਮਵਰ ਖਾੜਕੂ ਆਪਸੀ ਲੜਾਈ 'ਚ ਮਾਰੇ ਗਏ। ਹਾਲਾਤ ਇੱਥੋਂ ਤੱਕ ਪਹੁੰਚ ਗਏ ਕਿ ਜਥੇਬੰਦੀਆਂ ਦੇ ਬਾਨੀਆਂ ਤੇ ਖਾਲਿਸਤਾਨ ਲਹਿਰ ਦੇ ਮੋਢੀਆਂ ਨੂੰ ਗੋਲ ਕਰਨ ਦੀਆਂ ਸਕੀਮਾਂ ਤੱਕ ਸ਼ੁਰੂ ਹੋ ਗਈਆਂ। ਖਾੜਕੂਆਂ ਵਲੋਂ ਕੋਈ ਅਜਿਹਾ ਵਿੰਗ ਨਾ ਖੜ੍ਹਾ ਕੀਤਾ ਗਿਆ, ਜੋ ਸ਼ਹੀਦ ਹੋਏ ਖਾੜਕੂਆਂ ਦੇ ਬੱਚਿਆਂ ਦੀ ਪੜ੍ਹਾਈ-ਲਿਖਾਈ, ਪਰਿਵਾਰਕ

ਜ਼ਿਮੇਵਾਰੀਆਂ, ਜੇਲ੍ਹਾਂ 'ਚ ਨਜ਼ਰਬੰਦ ਸਿੱਖਾਂ ਦੇ ਪਰਿਵਾਰਾਂ ਦੀ ਪੈਰਵੀ ਲਈ ਕੋਈ ਠੋਸ ਪ੍ਰੋਗਰਾਮ ਉਲੀਕਦਾ। ਨਾ ਹੀ ਇਸ ਮੁੱਦੇ ਤੇ ਪ੍ਰਦੇਸਾਂ 'ਚ ਬੈਠੇ ਖਾੜਕੂਆਂ ਦੀਆਂ ਹਿਮਾਇਤੀ ਜਥੇਬੰਦੀਆਂ ਵਲੋਂ ਪ੍ਰੋਗਰਾਮ ਉਲੀਕਿਆ ਗਿਆ।

ਪ੍ਰਦੇਸਾਂ 'ਚ ਬੈਠੇ ਖਾੜਕੂਆਂ ਦੇ ਹਿਮਾਇਤੀਆਂ ਦੀ ਅਕਲ ਦਾ ਉਦੋਂ ਹੋਰ ਦਿਵਾਲਾ ਨਿਕਲ ਗਿਆ, ਜਦੋਂ ਸ਼ਰੇਆਮ ਗੁਰੂ ਘਰ ਦੀ ਸਟੇਜਾਂ ਤੋਂ ਇਹ ਲੈਕਚਰ ਦਿੰਦੇ ਸੁਣੇ ਕਿ ਤਾਮਿਲਾਂ ਦੀ ਤਰਜ਼ 'ਤੇ ਖਾੜਕੂਆਂ ਦਾ ਇਕ ਤਕੜਾ ਗਰੁੱਪ ਹੀ ਹੋਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ 'ਲਿਟੇ' ਨੇ ਛੋਟੇ-ਮੋਟੇ ਸਾਰੇ ਗਰੁੱਪ ਖ਼ਤਮ ਕਰ ਦਿੱਤੇ ਹਨ, ਇਵੇਂ ਸਿੱਖ ਫੋਰਸਾਂ 'ਚ ਹੋਵੇ, ਤਾਂ ਜੋ ਇਕ ਤਕੜਾ ਗਰੁੱਪ ਹਾਕਮ ਸਰਕਾਰ ਨਾਲ ਮੱਥਾ ਲਾਏ। ਕਿਸੇ ਨੇ ਇਹ ਸਲਾਹ ਨਾ ਦਿੱਤੀ, ਕਿ ਆਇਰਲੈਂਡ ਦੀ ਤਰ੍ਹਾਂ ਆਈ.ਆਰ.ਏ. ਦੇ ਸਿਆਸੀ ਵਿੰਗ (ਸਿਨ ਫੇਨ) ਵਾਂਗ ਖਾੜਕੂ ਵੀ ਆਪਣਾ ਪੁਲੀਟੀਕਲ ਵਿੰਗ ਤਿਆਰ ਕਰਨ, ਹਾਲਾਂਕਿ ਉਸ ਵਕਤ ਉਹ ਸ: ਮਾਨ ਦੇ ਗਲ ਵਿਚ ਇਹ ਪੰਜਾਲੀ ਪਾ ਸਕਦੇ ਸਨ।

ਇਕ ਹਾਦਸਾ ਉਦੋਂ ਸ਼ਰਮਨਾਕ ਰੂਪ ਧਾਰਨ ਕਰ ਗਿਆ, ਜਦੋਂ ਸੰਸਾਰ ਦੀ ਦੋ ਕਰੋੜ ਦੀ ਆਬਾਦੀ ਵਾਲੇ ਸਿੱਖਾਂ ਵਲੋਂ ਕੁਝ ਸਿੱਖ ਖਾੜਕੂਆਂ ਦੀਆਂ ਵਿਧਵਾਵਾਂ ਤੇ ਪਰਿਵਾਰਕ ਬੀਬੀਆਂ ਵਲੋਂ ਪੰਜਾਬ ਦੇ ਗਵਰਨਰ ਅੱਗੇ ਅਰਜ਼ੋਈ ਕਰਨੀ ਪਈ ਕਿ ਸਾਡੇ ਘਰ-ਘਾਟ ਉਜੜ ਗਏ ਹਨ। ਸਾਨੂੰ ਵੀ ਖਾੜਕੂਆਂ ਵਲੋਂ ਮਾਰੇ ਗਏ ਪੁਲੀਸ ਵਾਲਿਆਂ ਦੀ ਤਰ੍ਹਾਂ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਅਸੀਂ ਆਪਣੇ ਬੱਚਿਆਂ ਦਾ ਪਾਲਣ ਕਰ ਸਕੀਏ। ਇਹ ਖਾੜਕੂਆਂ ਦੇ ਹਿਮਾਇਤੀਆਂ ਲਈ ਬੜੀ ਵੱਡੀ ਸ਼ਰਮਨਾਕ ਗੱਲ ਸੀ, ਕਿ ਉਹ ਪ੍ਰਦੇਸਾਂ 'ਚ ਗੁਰਦਵਾਰਿਆਂ 'ਚ ਜ਼ਿੰਦਾਬਾਦ-ਮੁਰਦਾਬਾਦ ਕਰਨ ਤੇ ਇਕ ਦੂਜੇ ਦੀਆਂ ਪੱਗਾਂ ਲਾਹੁਣ 'ਚ ਹੀ ਮਸਤ ਰਹੇ।

ਅਖ਼ੀਰ ਜਦੋਂ ਕਿਸੇ ਪਾਸਿਉਂ ਵੀ ਕੋਈ ਮਦਦ ਨਾ ਮਿਲੀ ਤਾਂ ਕੁਝ ਸਿੱਖ ਬੀਬੀਆਂ ਨੇ ਇਹ ਬੀੜਾ ਚੁੱਕਿਆ। ਖਾੜਕੂਆਂ ਦੀ ਵਿਧਵਾਵਾਂ ਅਤੇ ਹੋਰ ਕੁਝ ਖਾੜਕੂ ਲਹਿਰ ਦੀ ਅਗਵਾਈ ਕਰਨ ਵਾਲੀਆਂ ਬੀਬੀਆਂ ਜਸਮੀਤ ਕੌਰ ਛੀਨਾ, ਬੀਬੀ ਸੰਦੀਪ ਕੌਰ ਕਾਸ਼ਤੀਵਾਲ ਅਤੇ ਉਨ੍ਹਾਂ ਦੀਆਂ ਹੋਰ ਸਾਥਨਾਂ ਵਲੋਂ ਪਟਿਆਲਾ ਚ ਮਾਤਾ ਭਾਗੋ ਟਰੱਸਟ, ਬੀਬੀ ਕੁਲਬੀਰ ਕੌਰ ਧਾਮੀ ਵਲੋਂ ਗੁਰ ਆਸਰਾ ਟਰੱਸਟ ਮੋਹਾਲੀ ਵਿਖੇ ਕਾਇਮ ਕੀਤਾ ਗਿਆ। ਇਸ ਟਰੱਸਟ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜ: ਟੌਹੜਾ ਵਲੋਂ 16000 ਰੁ: ਮਹੀਨਾ ਫ਼ੰਡਜ਼ ਲਈ ਦਿਤੇ ਜਾਂਦੇ ਸਨ। ਇਕ ਸ਼ਰਮਨਾਕ ਮੁਕਾਮ ਉਦੋਂ ਵਾਪਰਿਆ ਜਦੋਂ ਆਪਣੇ ਆਪ ਨੂੰ 'ਖਾਲਸੇ ਦੀ ਮਾਂ' ਕਹਾਉਣ ਵਾਲੀ ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਵਲੋਂ ਜਾਰੀ ਕੀਤੀ ਇਸ ਰਕਮ ਦੀ ਮਹੀਨੇਵਾਰ ਕਿਸ਼ਤ 'ਤੇ ਸਦਾ ਲਈ ਰੋਕ ਲਾ ਦਿੱਤੀ।

ਇਥੋਂ ਤੱਕ ਕਿ 84 ਦੇ ਫ਼ੌਜੀ ਹਮਲੇ ਦੇ ਰੋਸ ਵਜੋਂ ਜੋ ਧਰਮੀ ਫ਼ੌਜੀ ਆਪਣੀ ਨੌਕਰੀ ਨੂੰ ਲੱਤ ਮਾਰ ਕੇ ਆਏ, ਕੋਰਟ ਮਾਰਸ਼ਲ ਕਰਵਾਇਆ, ਜੇਲ੍ਹਾਂ ਕੱਟੀਆਂ, ਉਨ੍ਹਾਂ ਨੂੰ ਵੀ ਸਾਂਭਣ ਦਾ ਕਿਸੇ ਨੇ ਉਦਮ ਨਾ ਕੀਤਾ। ਅਖ਼ੀਰ ਉਨ੍ਹਾਂ ਚੋਂ ਕਈਆਂ ਨੂੰ ਘਰ ਦੀਆਂ ਮਾਲੀ ਮਜਬੂਰੀਆਂ ਕਰ ਕੇ ਹਿੰਦੁਸਤਾਨ ਦੇ ਰਾਸ਼ਟਰਪਤੀ ਅੱਗੇ ਰਹਿਮ ਦੀ ਅਪੀਲ ਲਈ ਹੱਥ ਅੱਡਣੇ ਪਏ, ਜਿਨ੍ਹਾਂ ਚੋਂ ਕਈ ਧਰਮੀ ਫ਼ੌਜੀਆਂ ਨੂੰ ਮਹੀਨੇ ਦਾ 1000 ਰੁ: ਖਰਚਾ ਮਿਲਦਾ ਹੈ।

ਇਵੇਂ ਹੀ 84 ਨਵੰਬਰ 'ਚ ਦਿੱਲੀ ਅਤੇ ਹਿੰਦੁਸਤਾਨ ਦੇ ਹੋਰ ਥਾਵਾਂ 'ਤੇ, ਸਿੱਖਾਂ ਦੇ ਕਤਲੇਆਮ ਤੋਂ ਬਾਅਦ ਯਤੀਮ ਹੋਏ ਪਰਿਵਾਰਾਂ, ਬੱਚਿਆਂ ਲਈ ਕੋਈ ਯੋਜਨਾਬਧ ਤਰੀਕੇ ਨਾਲ ਉਦਮ ਨਾ ਕੀਤਾ ਗਿਆ। ਬੰਗਾਲ ਤੋਂ ਮਦਰ ਟਰੇਸਾ ਕਈ ਯਤੀਮ ਹੋਏ ਬੱਚਿਆਂ ਨੂੰ ਆਪਣੇ ਨਾਲ ਲੈ ਗਈ, ਜੋ ਕਿ ਯਕੀਨਨ ਵੱਡੇ ਹੋ ਕੇ ਇਸਾਈ ਹੀ ਤਾਂ ਬਣਨਗੇ।

ਕਿਸੇ ਨੇ ਖਾਲਿਸਤਾਨ ਦੀ ਲਹਿਰ ਦਾ ਰਿਕਾਰਡ ਸਾਂਭਣ ਦੀ ਕੋਸ਼ਿਸ਼ ਨਹੀਂ ਕੀਤੀ ਤਾਂ ਜੋ ਆਉਣ ਵਾਲੀ ਪੀੜ੍ਹੀ ਨੂੰ ਪਤਾ ਲੱਗ ਸਕੇ ਕਿ ਕਿਹੜੀਆਂ ਕਮਜ਼ੋਰੀਆਂ ਕਰ ਕੇ ਇਹ ਲਹਿਰ ਫੇਲ੍ਹ ਹੋਈ। ਕੁਝ ਇਕ ਵਿਦਵਾਨਾਂ ਨੇ ਆਪਣੇ ਤੌਰ 'ਤੇ ਉਦਮ ਕੀਤਾ ਪਰ ਉਨ੍ਹਾਂ ਨੂੰ ਕੋਈ ਕਿਸੇ ਤਰੀਕੇ ਨਾਲ ਮਿਲਵਰਤਣ ਨਾ ਦਿੱਤਾ ਗਿਆ। ਇਸ ਲਹਿਰ ਦਾ ਕਾਫ਼ੀ ਹੱਦ ਤਕ ਮਸਾਲਾ ਸਾਂਭਣ ਦੀ ਇਕੋ-ਇਕ ਸਿੱਖ ਵਿਦਵਾਨ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਨੇ ਆਪਣੇ ਤੌਰ 'ਤੇ ਕੋਸ਼ਿਸ਼ ਕੀਤੀ ਹੈ।

ਇਥੋਂ ਤੱਕ ਕਿ 1984 ਦੇ ਘੱਲੂਘਾਰੇ ਤੋਂ ਫੌਰਨ ਬਾਅਦ ਭਾਰਤ ਸਰਕਾਰ ਨੇ ਝੂਠ ਦਾ ਪੁਲੰਦਾ 'ਵਾਈਟ ਪੇਪਰ' ਸਿੱਖਾਂ ਦੇ ਖ਼ਿਲਾਫ਼ ਛਾਪਿਆ। ਸਿੱਖਾਂ ਵਲੋਂ ਉਸ ਦੇ ਜਵਾਬ 'ਚ ਕੋਈ 'ਵਾਈਟ ਪੇਪਰ' ਨਾ ਕੱਢਿਆ। ਕਿਸੇ ਸਿੱਖ ਜਥੇਬੰਦੀ ਨੇ ਇਸ ਚੈਲਿੰਜ ਨੂੰ ਕਬੂਲ ਨਾ ਕੀਤਾ ਇਸ ਦਾ ਸਿਹਰਾ ਵੀ ਡਾ: ਹਰਜਿੰਦਰ ਸਿੰਘ ਦਿਲਗੀਰ ਸਿਰ ਜਾਂਦਾ ਹੈ। ਜਿਸ ਨੇ ਆਪਣੇ ਤੌਰ 'ਤੇ ਇੰਗਲਿਸ਼ 'ਚ 'ਵਾਈਟ ਪੇਪਰ' ਤਿਆਰ ਕੀਤਾ ਤੇ ਆਪਣੇ ਤੌਰ 'ਤੇ ਹੀ ਜਾਰੀ ਕੀਤਾ।"

* * *

ਬੇਅੰਤ ਸਰਕਾਰ ਅਤੇ ਅਕਾਲੀ ਦਲ

ਫ਼ਰਵਰੀ 1992 ਵਿਚ ਬੇਅੰਤ ਦੇ ਚੀਫ਼ ਮਨਿਸਟਰ ਬਣਨ ਤੋਂ ਉਸ ਦੀ ਮੌਤ (31 ਅਗਸਤ 1995) ਤੱਕ ਖਾੜਕੂਆਂ ਦਾ ਜ਼ਵਾਲ ਆਪਣੇ 'ਸਿਖਰ' ਤੇ ਸੀ। ਇੱਕ-ਇੱਕ ਕਰ ਕੇ ਸਾਰੇ ਖਾੜਕੂ ਆਗੂ ਕਤਲ ਕਰ ਦਿੱਤੇ ਗਏ। ਉਹ ਵੇਲਾ ਵੀ ਆ ਗਿਆ, ਜਦੋਂ ਖਾੜਕੂ ਪੰਜਾਬ 'ਚ ਹੀ ਨਹੀਂ ਬਲਕਿ ਭਾਰਤ ਵਿਚ ਵੀ ਰਹਿਣਾ ਨਹੀਂ ਚਾਹੁੰਦੇ ਸਨ, ਕਿਉਂਕਿ ਹਰ ਪਾਸੇ ਉਨ੍ਹਾਂ ਦੀ ਭਾਲ 'ਚ ਜ਼ਾਲਮ ਬੇਅੰਤ ਤੇ ਬੁੱਚੜ ਗਿੱਲ ਦੀ ਪੁਲੀਸ ਇਨਾਮਾਂ ਦੇ ਲਾਲਚ ਵਿਚ ਆਦਮ-ਬੋਅ ਆਦਮ-ਬੋਅ ਕਰਦੀ ਫਿਰਦੀ ਸੀ। ਖਾੜਕੂਆਂ ਵਿਚ ਦਾਖ਼ਿਲ ਹੋ ਚੁੱਕੇ ਸਰਕਾਰੀ ਏਜੰਟਾਂ ਅਤੇ ਆਮ ਮੁਜਰਿਮਾਂ ਨੇ ਕਤਲਾਂ, ਫਿਰੌਤੀਆਂ, ਜਬਰ ਜ਼ਨਾਹ, ਧੱਕੇ-ਸ਼ਾਹੀ, ਬੁਰਛਾਗਰਦੀ ਅਤੇ ਹੋਰ ਸਿੱਖ-ਦੁਸ਼ਮਣ ਕਾਰਵਾਈਆਂ ਕਰ ਕੇ ਮਾਫ਼ੀਆ ਵਰਗਾ ਜਾਲ ਬੁਣ ਲਿਆ ਸੀ। ਇਸ ਮਾਫ਼ੀਆ ਪੈਟਰਨ ਨੇ ਸੱਚੇ-ਸੁੱਚੇ ਖਾਲਿਸਤਾਨੀ ਜੁਝਾਰੂਆਂ ਦਾ ਇਤਬਾਰ ਵੀ ਆਮ ਲੋਕਾਂ ਵਿਚ ਖ਼ਤਮ ਕਰ ਦਿੱਤਾ ਸੀ, ਕਿਉਂਕਿ ਆਮ ਲੋਕਾਂ ਵਾਸਤੇ ਸਹੀ ਤੇ ਗ਼ਲਤ ਦੀ ਪਛਾਣ ਕਰਨੀ ਔਖੀ ਹੋ ਗਈ ਸੀ। ਨਤੀਜਾ ਇਹ ਹੋਇਆ ਕਿ ਬੇਅੰਤ-ਕੇ.ਪੀ.ਐੱਸ. ਗਿੱਲ ਵਲੋਂ ਕੀਤੇ ਗਏ ਹਜ਼ਾਰਾਂ ਬੇਗ਼ੁਨਾਹ ਸਿੱਖਾਂ ਦੇ ਕਤਲ ਦੇ ਖ਼ਿਲਾਫ਼ ਲੋਕਾਂ ਵਿਚ ਕੋਈ ਵੱਡਾ ਜਵਾਬੇ-ਅਮਲ ਨਾ ਹੋ ਸਕਿਆ। ਹੌਲੀ-ਹੌਲੀ ਜਦੋਂ ਇਹ ਲਹਿਰ ਕਮਜ਼ੋਰ ਹੁੰਦੀ ਗਈ ਅਤੇ ਬਚੇ-ਖੁਚੇ ਖਾੜਕੂ ਆਪਣੀਆਂ ਪਨਾਹਗਾਰਾਂ ਵਿਚ ਮਹਿਦੂਦ ਹੋ ਗਏ। ਇਸ ਵੇਲੇ ਤੱਕ ਪਹਿਲੀ ਸਫ਼ 'ਚੋਂ ਸਿਰਫ਼ ਪਰਮਜੀਤ ਸਿੰਘ ਪੰਜਵੜ, ਵਧਾਵਾ ਸਿੰਘ, ਵਸਣ ਸਿੰਘ, ਮਹਿਲ ਸਿੰਘ ਵਗੈਰਾ ਹੀ ਬਚੇ ਸਨ ਤੇ ਉਨ੍ਹਾਂ ਦੇ ਨਾਲ ਗਿਣਤੀ ਦੇ ਚੰਦ ਇਕ ਸਾਥੀ ਸਨ।

ਖਾੜਕੂਆਂ ਨੇ ਆਪਣੇ ਬੋਲ-ਬਾਲੇ ਦੇ ਵੇਲਿਆਂ ਵਿਚ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਮੁੱਠ ਵਿਚ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਇਸ ਕੋਸ਼ਿਸ਼ ਵਿਚ ਸਿਰਫ਼ ਕੁਝ ਹੱਦ ਤਕ ਭਿੰਡਰਾਂ-ਮਹਿਤਾ ਜੱਥਾ ਹੀ ਕਾਮਯਾਬ ਹੋ ਸਕਿਆ ਸੀ। ਉਨ੍ਹਾਂ ਕੁਝ ਚਿਰ ਵਾਸਤੇ ਅਕਾਲ ਤਖ਼ਤ ਤੇ ਕਬਜ਼ਾ ਜਮਾਇਆ ਅਤੇ ਖ਼ਾਸ ਕਰ ਕੇ ਜਸਬੀਰ ਸਿੰਘ ਨੂੰ ਤਾਂ 'ਬਾਦਸ਼ਾਹ' ਵਾਂਗ ਲਿਆਂਦਾ ਗਿਆ (ਉਸ ਦੀ ਤਾਂ 'ਤਾਜਪੋਸ਼ੀ' ਵੀ ਕੀਤੀ ਗਈ), ਪਰ ਉਸ ਨੂੰ ਵੀ ਜ਼ਲੀਲ ਕਰ ਕੇ ਹਟਾਇਆ ਗਿਆ। ਰੋਡੇ ਤੋਂ ਇਲਾਵਾ ਰਾਗੀ ਦਰਸ਼ਨ ਸਿੰਘ ਵੀ ਖਾੜਕੂਆਂ ਦੀ ਮਰਜ਼ੀ ਨਾਲ ਹੀ ਸਹੀ, ਉਨ੍ਹਾਂ ਤੋਂ ਡਰ ਕੇ, ਜਾਂ ਘੱਟੋ-ਘੱਟ ਸੰਭਲ ਕੇ, ਚਲਦਾ ਰਿਹਾ। ਸ਼ਾਇਦ ਕੋਈ ਵੀ ਬੰਦੂਕਾਂ ਤੋਂ ਡਰਦਿਆਂ ਆਪਣੀ ਮਰਜ਼ੀ ਕਰਨ ਵਾਸਤੇ ਤਿਆਰ ਨਹੀਂ ਸੀ। ਉਦੋਂ ਅਕਾਲੀਆਂ ਨੂੰ ਵੀ ਇਹ ਸਾਰਾ ਮਾਹੌਲ ਸੁਖਾਂਦਾ ਸੀ। ਉਹ ਖਾੜਕੂਆਂ ਨਾਲ ਟੱਕਰ ਲੈਣ ਦੀ ਬਜਾਏ ਉਨ੍ਹਾਂ ਨਾਲ ਦਿਖਾਵੇ ਦੀ ਹਮਦਰਦੀ ਵਾਲਾ ਸਲੂਕ ਕਰਦੇ ਸਨ ਤਾਂ ਜੋ ਖਾੜਕੂ ਵੀ ਅਕਾਲੀਆਂ ਦੀ ਮੁਖ਼ਾਲਫ਼ਤ ਘੱਟ ਕਰਨ ਅਤੇ ਸੰਗਤਾਂ ਵਿਚ ਵੀ ਅਕਾਲੀਆਂ ਵਾਸਤੇ ਹਮਦਰਦੀ ਪੈਦਾ ਹੋਵੇ। ਇਸ ਦੌਰਾਨ ਅਕਾਲੀਆਂ ਨੇ ਕੋਈ ਮੋਰਚਾ ਵੀ ਨਹੀਂ ਲਾਇਆ, ਇਸ ਕਰ ਕੇ ਸਰਕਾਰ ਦੀ ਟੱਕਰ ਖਾੜਕੂਆਂ ਨਾਲ ਰਹੀ ਪਰ ਉਨ੍ਹਾਂ 'ਤੇ ਹੋਣ

ਵਾਲੇ ਜ਼ੁਲਮ ਅਤੇ ਖਾੜਕੂਆਂ ਦੀ ਕਾਮਯਾਬੀ ਦੋਹਾਂ ਦਾ ਫ਼ਾਇਦਾ ਅਸਿੱਧੇ ਤੌਰ 'ਤੇ ਅਕਾਲੀਆਂ ਨੂੰ ਹੁੰਦਾ ਰਿਹਾ।

ਜਦੋਂ ਬੇਅੰਤ ਅਤੇ ਗਿੱਲ ਨੇ ਖਾੜਕੂਆਂ ਅਤੇ ਉਨ੍ਹਾਂ ਦੇ ਹਮਦਰਦਾਂ ਤੇ ਬੇਪਨਾਹ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ ਅੰਨ੍ਹੇ-ਵਾਹ ਕਤਲੇਆਮ ਸ਼ੁਰੂ ਕਰ ਦਿੱਤਾ ਤਾਂ ਪੰਜਾਬ ਵਿਚ ਅਕਾਲੀ ਪਾਰਟੀ 'ਤੇ ਖਾੜਕੂਆਂ ਦਾ ਦਬਾਅ ਵੀ ਘੱਟ ਗਿਆ। ਹੁਣ ਖਾੜਕੂ ਵੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਨੂੰ ਦਬਕੇ ਮਾਰਨ ਜੋਗੇ ਵੀ ਨਹੀਂ ਰਹੇ ਸਨ।

ਅਕਾਲ ਤਖ਼ਤ ਸਾਹਿਬ 'ਤੇ ਪੁਲੀਸ ਦੀ ਹੁੱਲੜਬਾਜ਼ੀ

31 ਅਕਤੂਬਰ 1993 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ ਤੇ ਭਾਈ ਕੇਹਰ ਸਿੰਘ ਦੀ ਯਾਦ ਵਿਚ ਅਖੰਡ ਪਾਠ ਰੱਖਿਆ ਹੋਇਆ ਸੀ। ਇਸ ਮੌਕੇ 'ਤੇ ਬੇਅੰਤ ਸਰਕਾਰ ਦੇ ਹੁਕਮ 'ਤੇ ਗਿੱਲ ਨੇ ਦਰਬਾਰ ਸਾਹਿਬ ਦੇ ਚਾਰੇ ਪਾਸੇ ਪੁਲੀਸ ਤਾਈਨਾਤ ਕਰ ਦਿੱਤੀ। ਸਿਰਫ਼ ਬਾਹਰ ਹੀ ਨਹੀਂ, ਸਾਰੀ ਪਰਿਕਰਮਾ ਅਤੇ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਵੀ ਪੁਲੀਸ ਨੇ ਕਬਜ਼ਾ ਕਰ ਲਿਆ। ਪਹਿਲੀ ਨਵੰਬਰ ਦੇ ਦਿਨ ਵੀ ਪੁਲੀਸ ਉੱਥੇ ਹਾਜ਼ਿਰ ਰਹੀ ਸੀ ਤਾਂ ਜੋ ਸ਼ਹੀਦਾਂ ਦੀ ਯਾਦ ਵਿਚ ਅਕਾਲ ਤਖ਼ਤ ਸਾਹਿਬ 'ਤੇ ਸਮਾਗਮ ਨਾ ਹੋ ਸਕੇ।

ਇਸ ਮੌਕੇ 'ਤੇ ਗੁਰਿੰਦਰ ਢਿਲੋਂ ਨਾਂ ਦੇ ਇਕ ਪੁਲੀਸ ਅਫ਼ਸਰ ਨੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੇ ਮੂਹਰੇ ਦਹਿਸ਼ਤ ਵਾਲਾ ਮਾਹੌਲ ਬਣਾਈ ਰਖਿਆ ਇਕ ਵਾਰ ਤਾਂ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁਖ ਸੇਵਾਦਾਰ ਮਨਜੀਤ ਸਿੰਘ ਨੇ ਏਥੋਂ ਤਕ ਆਖਿਆ ਕਿ ''ਪੁਲੀਸ ਨੂੰ ਦਰਬਾਰ ਸਾਹਿਬ 'ਚ ਬਾਹਰ ਲੈ ਜਾਓ ਵਰਨਾ ਮੈਂ ਕੌਮ ਨੂੰ ਕੋਈ ਨਵਾਂ ਪ੍ਰੋਗਰਾਮ ਦੇ ਦੇਵਾਂਗਾ।'' ਇਸ ਤੇ ਗੁਰਿੰਦਰ ਢਿਲੋਂ ਨੇ ਜਵਾਬ ਦਿੱਤਾ, ''ਤੁਹਾਡੇ ਪ੍ਰੋਗਰਾਮਾਂ ਦੀ ਕੌਣ ਪਰਵਾਹ ਕਰਦਾ ਏ?'' ਨਾਲ ਹੀ ਗੁਰਿੰਦਰ ਢਿਲੋਂ ਨੇ ਕੰਟਰੋਲ ਰੂਮ ਨੂੰ ਵਾਇਰਲੈਸ ਕੀਤੀ ਤੇ ਆਖਿਆ, ''ਇਹ ਜਥੇਦਾਰ ਬਹੁਤ ਬੋਲਦਾ ਏ, ਮੈਂ ਇਸ ਦਾ ਕੀ ਕਰਾਂ।'' ਇਸ ਤੇ ਦੂਜੇ ਪਾਸਿਓਂ ਆਵਾਜ਼ ਆਈ ਕਿ ਇਸ ਨੂੰ ਨਜ਼ਰ-ਅੰਦਾਜ਼ ਕਰੋ। ਇਸ ਮਗਰੋਂ ਵੀ ਸਾਰਾ ਦਿਨ ਪੁਲੀਸ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰੀ ਰੱਖਿਆ। ਇਸ ਤੋਂ ਬਾਅਦ ਮਨਜੀਤ ਸਿੰਘ ਨੇ ਗੁਰਿੰਦਰ ਢਿਲੋਂ 'ਤੇ ਕਦੇ ਕੋਈ ਐਕਸ਼ਨ ਨਹੀਂ ਲਿਆ ਅਤੇ ਉਸ ਦੇ ਖ਼ਿਲਾਫ਼ ਕੋਈ 'ਹੁਕਮਨਾਮਾ' ਜਾਰੀ ਨਾ ਕੀਤਾ ਗਿਆ।

ਗੁੱਜਰਵਾਲ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਾਠ ਰੋਕਿਆ

15 ਸਤੰਬਰ 1993 ਦੇ ਦਿਨ ਪੁਲੀਸ ਨੇ ਗੁੱਜਰਵਾਲ ਵਿੱਚ ਹੋ ਰਹੇ ਇਕ ਅਖੰਡ ਪਾਠ ਨੂੰ ਰੋਕ ਦਿੱਤਾ। ਇਸ ਸਮੇਂ ਪੁਲੀਸ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਕਰਨ ਦੀ ਕੋਸ਼ਿਸ਼ ਵੀ ਕੀਤੀ। ਇਸ ਦੇ ਖ਼ਿਲਾਫ਼ ਚਾਰੇ ਪਾਸੇ ਰੋਸ ਜ਼ਾਹਿਰ ਕੀਤਾ ਗਿਆ। ਇਸ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ-ਟੌਹੜਾ) ਨੇ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ। ਇਹ ਮੋਰਚਾ ਕੁਝ ਦਿਨ ਚੱਲਿਆ। ਜਦੋਂ ਪੁਲੀਸ ਅਕਾਲੀ ਵਰਕਰਾਂ 'ਤੇ ਜ਼ੁਲਮ ਕਰਨ ਲੱਗ ਪਈ ਤਾਂ ਅਕਾਲੀ ਦਲ (ਬਾਦਲ-ਟੌਹੜਾ) ਨੇ 14 ਨਵੰਬਰ ਨੂੰ ਇਹ ਮੋਰਚਾ 'ਮੁਲਤਵੀ' (ਦਰਅਸਲ ਬੰਦ) ਕਰਨ ਦਾ ਐਲਾਨ ਕਰ ਦਿੱਤਾ। ਦੂਜੇ ਪਾਸੇ ਅਕਾਲੀ ਦਲ (ਮਾਨ) ਨੇ ਇਹ ਮੋਰਚਾ ਜਾਰੀ ਰੱਖਣ ਦਾ ਫ਼ੈਸਲਾ ਕੀਤਾ। ਪਰ, 15 ਨਵੰਬਰ ਨੂੰ, ਜਦੋਂ ਮਾਨ ਅਕਾਲੀ ਦਲ ਦਾ ਜੱਥਾ ਅਕਾਲ ਤਖ਼ਤ ਸਾਹਿਬ 'ਤੇ

ਅਰਦਾਸ ਕਰਨ ਗਿਆ ਤਾਂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਪੁਜਾਰੀਆਂ (ਗ੍ਰੰਥੀਆਂ) ਨੇ ਜੱਥੇ ਨੂੰ ਸਿਰੋਪਾਓ ਦੇਣ ਤੋਂ ਨਾਂਹ ਕਰ ਦਿੱਤੀ। ਇਸ ਦਾ ਮਤਲਬ ਸਾਫ਼ ਇਹ ਸੀ ਕਿ ਅਕਾਲ ਤਖ਼ਤ ਤੋਂ ਸਿਰਫ਼ ਕਾਬਜ਼ ਧੜੇ ਵਲੋਂ ਲਾਏ ਗਏ ਮੋਰਚੇ ਵਿਚ ਜਾਣ ਵਾਲੇ ਜੱਥਿਆਂ ਨੂੰ ਹੀ ਸਿਰੋਪਾਓ ਬਖ਼ਸ਼ਿਸ਼ ਕੀਤੇ ਜਾਂਦੇ ਹਨ।

ਇੱਥੇ ਇਕ ਹੋਰ ਗੱਲ ਵੀ ਕਾਬਲੇ-ਜ਼ਿਕਰ ਹੈ ਕਿ 1923 ਵਿਚ ਜੈਤੋ ਵਿਚ ਅਖੰਡ ਪਾਠ ਰੋਕਣ ਦੀ ਹਰਕਤ ਵਿਚ ਸ਼ਾਮਿਲ ਹੋਣ ਦੇ ਜੁਰਮ ਵਿਚ ਗੁਰਦਿਆਲ ਸਿੰਘ ਨੂੰ ਪੰਥ 'ਚੋਂ ਖਾਰਿਜ ਕੀਤਾ ਗਿਆ ਸੀ, ਪਰ ਗੁੱਜਰਵਾਲ ਦੇ ਮਾਮਲੇ ਵਿਚ ਬੇਅੰਤ ਜਾਂ ਗਿੱਲ ਨਾਲ ਅਜਿਹਾ ਨਹੀਂ ਸੀ ਕੀਤਾ ਗਿਆ।

14 ਨਵੰਬਰ 1993 ਦੇ ਦਿਨ ਹਿੰਦੂ ਦੀਵਾਲੀ ਦਾ ਤਿਉਹਾਰ ਮਨਾ ਰਹੇ ਸਨ। ਸਿੱਖਾਂ ਦਾ ਦੀਵਾਲੀ ਦੇ ਤਿਉਹਾਰ ਨਾਲ ਕੋਈ ਸਬੰਧ ਨਹੀਂ ਸੀ। (ਮਹਾਰਾਜਾ) ਰਣਜੀਤ ਸਿੰਘ ਵੇਲੇ ਦਰਬਾਰ ਸਾਹਿਬ ਤੇ ਕਾਬਜ਼ ਨਿਰਮਲੇ ਮਹੰਤਾਂ ਨੇ ਦਰਬਾਰ ਸਾਹਿਬ 'ਚ ਹਿੰਦੂ ਦੀਵਾਲੀ ਦਾ ਤਿਉਹਾਰ ਮਨਾਉਣਾ ਸ਼ੁਰੂ ਕਰ ਦਿੱਤਾ ਸੀ ਤਾਂ ਜੋ ਇਸ ਦਿਨ ਦੇ ਨਾਂ 'ਤੇ ਉਨ੍ਹਾਂ ਨੂੰ ਵਧੇਰੇ ਚੜ੍ਹਾਵਾ ਆ ਸਕੇ। ਉਨ੍ਹਾਂ ਨੇ ਇਸ ਮਕਸਦ ਵਾਸਤੇ ਬਹਾਨਾ ਵੀ ਲੱਭ ਲਿਆ ਕਿ ਗਵਾਲੀਅਰ ਵਿਚੋਂ ਰਿਹਾ ਹੋ ਕੇ ਗੁਰੂ ਹਰਿਗੋਬਿੰਦ ਸਾਹਿਬ ਇਸ ਦਿਨ ਅੰਮ੍ਰਿਤਸਰ ਪੁੱਜੇ ਸਨ। (ਉਂਵ ਇਹ ਗੱਲ ਵੀ ਗ਼ਲਤ ਹੈ। ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਕਿਲ੍ਹੇ 'ਚੋਂ ਰਿਹਾਈ ਮਗਰੋਂ ਪਹਿਲੀ ਮਾਘ 1677 ਬਿਕਰਮੀ, ਯਾਨਿ 28 ਦਸੰਬਰ 1620, ਦੇ ਦਿਨ ਅੰਮ੍ਰਿਤਸਰ ਆਏ ਸਨ, ਨਾ ਕਿ ਦੀਵਾਲੀ ਵਾਲੇ ਦਿਨ)। ਸਿੱਖਾਂ ਨੇ 1984 ਤੋਂ ਦਰਬਾਰ ਸਾਹਿਬ 'ਚ ਦੀਵਾਲੀ ਮਨਾਉਣਾ ਬੰਦ ਕੀਤਾ ਹੋਇਆ ਸੀ। ਪਿਛਲੇ 13 ਸਾਲਾਂ ਤੋਂ ਕੌਮ ਏਨਾ ਦਰਦ ਹੰਡਾ ਰਹੀ ਸੀ ਕਿ ਕਿਸੇ ਨੂੰ (ਤੇ ਉਹ ਵੀ ਹਿੰਦੂਆਂ ਦੀ) ਦੀਵਾਲੀ ਮਨਾ ਕੇ 'ਖ਼ੁਸ਼ੀਆਂ' ਦਾ ਦਿਖਾਵਾ ਕਰਨ ਦਾ ਖ਼ਿਆਲ ਤੱਕ ਨਹੀਂ ਸੀ ਆ ਸਕਦਾ। ਫਿਰ ਇਹ ਵੀ ਨਹੀਂ ਸੀ ਕਿ ਉਹ ਦਰਦ ਖ਼ਤਮ ਜਾਂ ਘੱਟ ਹੋ ਗਿਆ ਸੀ। ਬੇਅੰਤ ਬੇਗੁਨਾਹ ਸਿੱਖਾਂ ਨੂੰ ਕਤਲ ਕੀਤਾ ਜਾ ਰਿਹਾ ਸੀ। ਅਜੇ ਸਿਰਫ਼ 13 ਦਿਨ ਪਹਿਲਾਂ, ਭਾਈ ਬੇਅੰਤ ਸਿੰਘ ਦੀ ਯਾਦ 'ਚ ਰੱਖੇ ਸਮਾਗਮ ਨੂੰ ਰੋਕਣ ਵਾਸਤੇ, ਗੁਰਿੰਦਰ ਢਿਲੋਂ ਦੀ ਅਗਵਾਈ ਹੇਠ ਪੰਜਾਬ ਪੁਲੀਸ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਕੇ ਕਰਫ਼ਿਊ ਵਾਲੀ ਹਾਲਤ ਪੈਦਾ ਕਰ ਦਿੱਤੀ ਸੀ ਅਤੇ ਦਰਬਾਰ ਸਾਹਿਬ ਦੀ ਬੇਅਦਬੀ ਕੀਤੀ ਸੀ। (ਇਸ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਕੌਮ ਨੂੰ ਕੋਈ ਪੈਗ਼ਾਮ ਦਿੱਤਾ ਜਾਣਾ ਚਾਹੀਦਾ ਸੀ ਨਾ ਕਿ ਹਿੰਦੂਆਂ ਦੇ ਤਿਉਹਾਰ ਦੀ ਖ਼ੁਸ਼ੀ 'ਚ ਦੀਵੇ ਜਗਾਣੇ)।

1993 ਦੇ ਸ਼ੁਰੂ ਵਿਚ ਹੀ ਅਕਾਲੀ ਆਗੂਆਂ ਨੇ ਵੀ ਹੌਲੀ-ਹੌਲੀ ਖਾੜਕੂਆਂ ਨਾਲ ਫੋਕੀ ਹਮਦਰਦੀ ਕਰਨੀ ਵੀ ਬੰਦ ਕਰ ਦਿੱਤੀ ਸੀ। ਜਿਉਂ-ਜਿਉਂ ਸੀਨੀਅਰ ਖਾੜਕੂ ਆਗੂ ਕਤਲ ਹੁੰਦੇ ਗਏ ਅਕਾਲੀ ਲੀਡਰਸ਼ਿਪ ਨੇ ਉਨ੍ਹਾਂ ਤੋਂ ਕਿਨਾਰਾ ਕਰ ਕੇ ਆਪਣੇ ਆਪ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਕਿਉਂਕਿ ਉਨ੍ਹਾਂ 'ਤੇ ਖਾੜਕੂ-ਡਾਂਗ ਦਾ ਡਰ ਘਟ ਰਿਹਾ ਸੀ ਅਤੇ ਉਨ੍ਹਾਂ ਵਲੋਂ ਪੰਥ 'ਚ ਆਪਣੀ ਥਾਂ ਬਣਾਉਣੀ ਸੌਖੀ ਹੋ ਰਹੀ ਸੀ। ਪਰ ਇਸ ਨਾਲ ਅਕਾਲੀਆਂ ਦੀ ਤਾਕਤ ਵੀ ਘਟ ਰਹੀ ਸੀ ਕਿਉਂਕਿ ਪਹਿਲੋਂ ਖਾੜਕੂਆਂ ਦੇ ਡੰਡੇ ਕਾਰਨ ਕਾਂਗਰਸੀ, ਭਾਜਪਾ ਆਗੂ, ਕਮਿਊਨਿਸਟ ਤੇ ਪੁਲੀਸ ਵੀ ਡਰ ਕੇ ਰਹਿੰਦੇ ਸਨ। ਪਰ ਜਿਉਂ-ਜਿਉਂ ਖਾੜਕੂ ਖ਼ਤਮ ਹੁੰਦੇ ਗਏ ਤਿਉਂ-ਤਿਉਂ ਹੀ ਗਰਮ ਅਕਾਲੀਆਂ ਦਾ ਰੋਅਬ ਵੀ ਘਟਦਾ ਗਿਆ (ਨਰਮ ਤੇ ਕੁਰਸੀ ਦੇ ਭੁੱਖਿਆਂ

ਦੀ ਤਾਂ ਪਹਿਲਾਂ ਵੀ ਕੋਈ ਪਰਵਾਹ ਨਹੀਂ ਸੀ ਕਰਦਾ)।

ਪਹਿਲੋਂ ਅਕਾਲੀ ਇਹ ਰੌਲਾ ਪਾਉਂਦੇ ਰਹੇ ਸਨ ਕਿ ਬੇਅੰਤ ਸਰਕਾਰ ਪੰਜਾਬ ਦੀ ਨੁਮਾਇੰਦਾ ਸਰਕਾਰ ਨਹੀਂ ਕਿਉਂਕਿ ਇਹ ਸਰਕਾਰ ਸਿਰਫ਼ 10-15 ਫ਼ੀ ਸਦੀ ਵੋਟਾਂ ਨਾਲ ਚੁਣੀ ਹੋਈ ਹੈ (ਕੁਲ 15-20 ਫ਼ੀ ਸਦੀ ਪੋਲਿੰਗ 'ਚੋਂ ਕਾਂਗਰਸ ਦੀਆਂ 10 ਕੁ ਫ਼ੀ ਸਦੀ ਵੋਟਾਂ ਹੀ ਸਨ)। ਕੁਝ ਚਿਰ ਵਾਸਤੇ ਤਾਂ ਅਜਿਹਾ ਜਾਪਦਾ ਸੀ ਕਿ ਪੰਜਾਬ 'ਚ ਦੋਬਾਰਾ ਪੋਲਿੰਗ ਕਰਵਾਈ ਜਾਏਗੀ। ਖਾੜਕੂਆਂ ਦੀਆਂ ਬੰਦੂਕਾਂ ਦੇ ਡਰ ਹੇਠ ਨਵੀਆਂ ਚੋਣਾਂ ਦੇ ਬੜੇ ਆਸਾਰ ਸਨ ਪਰ ਖਾੜਕੂ ਲਹਿਰ ਦੇ ਜ਼ਵਾਬ ਨਾਲ ਹੁਣ ਨਰਸਿਮ੍ਹਾ ਰਾਓ ਤੇ ਬੇਅੰਤ ਹੀ ਨਹੀਂ ਬਲਕਿ ਖਾੜਕੂਆਂ ਦੇ ਕਤਲੇਆਮ ਦੀ ਖੁਸ਼ੀ 'ਚ ਭਾਜਪਾ ਵਾਲੇ ਅਤੇ ਕਮਿਊਨਿਸਟ ਵੀ ਹੁਣ ਨਵੀਆਂ ਚੋਣਾਂ ਦਾ ਨਾਂ ਨਹੀਂ ਸਨ ਲੈਂਦੇ। ਸਿਰਫ਼ ਅਕਾਲੀ ਦਲ ਹੀ ਇਸ ਚੋਣ ਨੂੰ ਰੱਦ ਕਰ ਕੇ ਨਵੀਆਂ ਚੋਣਾਂ ਦੀ ਮੰਗ ਕਰਦਾ ਸੀ। ਪਰ ਖਾੜਕੂਆਂ ਦਾ ਦਬਕਾ ਮੁੱਕਣ ਦੇ ਨਾਲ ਹੀ ਇਹ ਮੰਗ ਸਿਰਫ਼ ਕਾਗਜ਼ੀ ਹੀ ਰਹਿ ਗਈ।

ਅਕਾਲੀਆਂ 'ਤੇ ਸਖ਼ਤੀ ਦਾ ਨਵਾਂ ਦੌਰ

ਖਾੜਕੂਆਂ ਦੇ ਕਤਲੇਆਮ ਦੀ ਲਹਿਰ ਮਗਰੋਂ ਬੇਅੰਤ ਨੇ ਅਕਾਲੀਆਂ ਨੂੰ ਦਬਾਉਣ ਲਈ ਜ਼ਿਹਾਦ ਛੇੜ ਲਿਆ ਸੀ। ਬੇਅੰਤ ਨੇ ਸਾਰੇ ਜਮਹੂਰੀ ਅਸੂਲਾਂ ਨੂੰ ਛਿੱਕੇ ਟੰਗ ਕੇ ਅਕਾਲੀਆਂ ਦੀ ਹਰ ਸਿਆਸੀ ਕਾਰਵਾਈ ਨੂੰ ਬੰਦ ਕਰਨ ਵਾਸਤੇ ਘਟੀਆ ਤੋਂ ਘਟੀਆ ਤਰੀਕੇ ਵਰਤਣੇ ਸ਼ੁਰੂ ਕਰ ਦਿੱਤੇ। ਖਾੜਕੂਆਂ ਦੇ ਕਤਲੇਆਮ ਦੀ ਦਹਿਸ਼ਤ ਤੋਂ ਡਰਦੇ ਅਕਾਲੀ ਵਰਕਰ ਵੀ ਇਸ ਮਾਹੌਲ ਵਿਚ ਦਹਿਲ ਕੇ ਘਰੀਂ ਬੈਠ ਗਏ ਸਨ।

ਬੇਅੰਤ ਦੇ ਇਸ ਧੱਕੇ ਦਾ ਦੌਰ ਦਸੰਬਰ 1993 ਵਿਚ ਸ਼ੁਰੂ ਹੋਇਆ। ਚਾਰ ਦਸੰਬਰ 1993 ਦੇ ਦਿਨ ਬਾਦਲ ਨੇ ਐਲਾਨ ਕੀਤਾ ਸੀ ਕਿ ਉਹ ਆਪਣੀਆਂ ਮੰਗਾਂ ਦੇ ਹੱਕ ਵਿਚ ਪੰਜਾਬ ਦੇ ਹਰ ਜ਼ਿਲ੍ਹਾ ਹੈਡਕੁਆਰਟਰਜ਼ 'ਤੇ ਧਰਨੇ ਮਾਰਨਗੇ। ਇਹ ਧਰਨੇ 7 ਦਸੰਬਰ ਨੂੰ ਜਲੰਧਰ, 8 ਨੂੰ ਰੋਪੜ, 9 ਨੂੰ ਫਤਹਿਗੜ੍ਹ, 10 ਨੂੰ ਸੰਗਰੂਰ, 11 ਨੂੰ ਗੁਰਦਾਸਪੁਰ, 13 ਨੂੰ ਲੁਧਿਆਣਾ, 14 ਨੂੰ ਅੰਮ੍ਰਿਤਸਰ, 15 ਨੂੰ ਬਟਾਲਾ ਤੇ ਮਾਨਸਾ, 16 ਨੂੰ ਫ਼ੀਰੋਜ਼ਪੁਰ ਤੇ ਫ਼ਰੀਦਕੋਟ 'ਚ ਮਾਰੇ ਜਾਣੇ ਸਨ। ਇਨ੍ਹਾਂ ਧਰਨਿਆਂ ਦੇ ਸਬੰਧ ਵਿਚ ਹੇਠ ਲਿਖੀਆਂ ਮੰਗਾਂ ਪੇਸ਼ ਕੀਤੀਆਂ ਗਈਆਂ ਸਨ:

1. ਨਵੰਬਰ 1984 ਦੇ ਕਤਲੇਆਮ ਦੇ ਮੁਜਰਿਮਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ।
2. ਪੰਜਾਬ 'ਚ ਇਨਸਾਨੀ ਹੱਕਾਂ ਦਾ ਘਾਣ ਬੰਦ ਕੀਤਾ ਜਾਵੇ।
3. ਬਿਜਲੀ ਦੇ ਰੇਟ ਘਟਾਏ ਜਾਣ। ਝੋਨਾ ਤੇ ਨਰਮਾ ਦੇ ਵਾਜਿਬ ਰੇਟ ਮਿਲਣ ਅਤੇ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ।
4. ਚੁੰਗੀ, ਪਾਣੀ ਤੇ ਹਾਊਸ ਟੈਕਸ ਦੀਆਂ ਦਰਾਂ ਦਾ ਵਾਧਾ ਵਾਪਿਸ ਹੋਵੇ।
5. ਵਿਦਿਆਰਥੀਆਂ, ਪਟਵਾਰੀਆਂ ਤੇ ਟੀਚਰਾਂ ਦੇ ਮਸਲੇ ਹਲ ਕੀਤੇ ਜਾਣ।
6. ਕੁਰੱਪਸ਼ਨ ਤੇ ਨਿੱਜੀਕਰਣ ਨੂੰ ਖ਼ਤਮ ਕੀਤਾ ਜਾਵੇ।

ਇਨ੍ਹਾਂ ਮੰਗਾਂ ਵਿਚੋਂ ਪਹਿਲੀਆਂ ਤਿਨ ਹੀ ਮੁੱਖ ਸਨ, ਦੋ ਸਿੱਖਾਂ ਤੇ ਤੀਜੀ ਸਮੁੱਚੇ ਪੰਜਾਬ ਨਾਲ ਸਬੰਧ ਰੱਖਦੀ ਸੀ ਤੇ ਬਾਕੀ ਨੁਕਤੇ ਤਾਂ ਵੱਖ-ਵੱਖ ਲੋਕਾਂ ਤੇ ਮੁਲਾਜ਼ਮਾਂ ਦੀ ਹਮਦਰਦੀ ਹਾਸਿਲ ਕਰਨ ਵਾਸਤੇ ਸ਼ਾਮਿਲ ਕੀਤੇ ਗਏ ਸਨ।

ਅਕਾਲੀ ਦਲ ਵੱਲੋਂ 7 ਤੋਂ 16 ਦਸੰਬਰ ਤਕ ਦੇ ਧਰਨਿਆਂ ਨਾਲ ਪਾਰਟੀ ਨੂੰ ਕੁਝ ਹਿਮਾਇਤ/ਹਮਦਰਦੀ ਜ਼ਰੂਰ ਮਿਲਣੀ ਸੀ ਪਰ ਖਾੜਕੂਆਂ ਦੇ ਲਹੂ ਦਾ ਸੁਆਦ ਚੱਖਣ ਮਗਰੋਂ ਬੇਅੰਤ ਤੇ (ਪੁਲੀਸ ਚੀਫ਼) ਕੇ.ਪੀ. ਗਿੱਲ, ਦਿਓ ਵਾਂਗ, ਨਸ਼ੇ ’ਚ ਹੰਕਾਰੇ ਹੋਏ ਅਤੇ ਗੁੰਡਾਗਰਦੀ ਨਾਲ ‘ਜਮਹੂਰੀ’ ਜਦੋਜਹਿਦ ਨੂੰ ਵੀ ਰੋਕਣਾ ਚਾਹੁੰਦੇ ਸਨ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਪੰਜਾਬ ਵਿਚ ਅਕਾਲੀ ਦਲ ਨੂੰ ਸਿਆਸੀ ਕਾਰਵਾਈ ਵੀ ਨਹੀਂ ਕਰਨ ਦੇਣੀ। ਨਤੀਜੇ ਵਜੋਂ ਬੇਅੰਤ ਨੇ ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਕਰਨ ਦਾ ਹੁਕਮ ਦੇ ਦਿੱਤਾ।

ਅਕਾਲੀਆਂ ਦਾ ਪਹਿਲਾਂ ਰੋਸ ਧਰਨਾ 7 ਦਸੰਬਰ 1993 ਦੇ ਦਿਨ ਜਲੰਧਰ ਵਿਚ ਹੋਣਾ ਸੀ। 6 ਦਸੰਬਰ ਦੇ ਦਿਨ ਜਲੰਧਰ ’ਚ 47 ਸੀਨੀਅਰ ਅਕਾਲੀ ਵਰਕਰ ਗ੍ਰਿਫ਼ਤਾਰ ਕਰ ਲਏ ਗਏ। 7 ਦਸੰਬਰ ਨੂੰ ਪੁਲੀਸ ਨੇ ਬਾਦਲ ਸਣੇ 125 ਵਰਕਰ ਗ੍ਰਿਫ਼ਤਾਰ ਕਰ ਲਏ ਅਤੇ ਧਰਨਾ ਨਾ ਲੱਗਣ ਦਿੱਤਾ। 8 ਦਸੰਬਰ ਨੂੰ ਪਟਿਆਲਾ ਵਿਚ ਗੁਰਚਰਨ ਸਿੰਘ ਟੌਹੜਾ ਸਣੇ ਡੇਢ ਸੌ ਅਕਾਲੀ ਵਰਕਰ ਗ੍ਰਿਫ਼ਤਾਰ ਕਰ ਲਏ ਤੇ ਉੱਥੇ ਵੀ ਧਰਨਾ ਨਾ ਲੱਗਣ ਦਿੱਤਾ ਗਿਆ। ਇੰਵ ਹੀ 9 ਤਾਰੀਖ਼ ਨੂੰ ਫ਼ਤਹਿਗੜ, 10 ਨੂੰ ਸੰਗਰੂਰ, 11 ਨੂੰ ਗੁਰਦਾਸਪੁਰ ’ਚ ਵੀ ਧਰਨਾ ਨਾ ਲੱਗਣ ਦਿੱਤਾ ਗਿਆ ਤੇ ਸੈਂਕੜੇ ਅਕਾਲੀ ਵਰਕਰ ਗ੍ਰਿਫ਼ਤਾਰ ਕਰ ਲਏ ਗਏ। 13 ਦਸੰਬਰ ਨੂੰ ਲੁਧਿਆਣਾ ਵਿਚ ਸੁਰਜਨ ਸਿੰਘ ਠੇਕੇਦਾਰ ਅਤੇ ਦਰਜਨਾਂ ਅਕਾਲੀ ਗ੍ਰਿਫ਼ਤਾਰ ਕੀਤੇ ਗਏ। 14 ਨੂੰ ਅੰਮ੍ਰਿਤਸਰ ’ਚ ਮਨਜੀਤ ਸਿੰਘ ਕਲਕੱਤਾ ਤੇ 100 ਦੇ ਕਰੀਬ ਅਕਾਲੀ ਵਰਕਰ ਫੜ ਕੇ ਧਰਨਾ ਰੋਕਿਆ ਗਿਆ। ਇੰਵ ਹੀ 15 ਨੂੰ ਬਠਿੰਡਾ ਤੇ ਮਾਨਸਾ ਅਤੇ 16 ਨੂੰ ਫ਼ਰੀਦਕੋਟ ਤੇ ਫ਼ਿਰੋਜ਼ਪੁਰ ’ਚ ਵੀ ਅਕਾਲੀਆਂ ਨੂੰ ਗ੍ਰਿਫ਼ਤਾਰ ਕਰ ਕੇ ਧਰਨਾ ਲਗਾਉਣੋਂ ਰੋਕਿਆ ਗਿਆ।

ਬੇਅੰਤ ਨੇ ਸਿਰਫ਼ ਏਨਾ ਹੀ ਨਹੀਂ ਕੀਤਾ ਬਲਕਿ ਹੋਰ ਧੱਕੇਸ਼ਾਹੀ ਇਹ ਵੀ ਕੀਤੀ ਕਿ ਅਕਾਲੀਆਂ ਨੂੰ ਜੇਲ੍ਹੀਂ ਸੁਟ ਕੇ ਅਕਾਲੀਆਂ ਦੇ ਜੱਦੀ ਪਿੰਡਾਂ ਵਿਚ ਜਲਸੇ ਕਰ ਕੇ, ਅਕਾਲੀਆਂ ਦੇ ਖ਼ਿਲਾਫ਼ ਤਕਰੀਰਾਂ ਕਰ ਕੇ, ਉਨ੍ਹਾਂ ਨੂੰ ‘ਗਾਲ੍ਹਾਂ’ ਕੱਢੀਆਂ ਗਈਆਂ। ਇਸ ਦਾ ਆਗ਼ਾਜ਼ 17 ਦਸੰਬਰ ਨੂੰ ਟੌਹੜਾ ਪਿੰਡ ਵਿਚ ਕੀਤਾ ਗਿਆ। ਉਂਵ ਇਸ ਜਲਸੇ ਵਿਚ ਪਿੰਡ ਦਾ ਇੱਕ ਵੀ ਸਿੱਖ ਸ਼ਾਮਿਲ ਨਹੀਂ ਸੀ ਹੋਇਆ। ਇਹ ਵੇਖ ਕੇ ਸ਼ਰਮ ਦੇ ਮਾਰੇ ਬੇਅੰਤ ਨੇ 22-23 ਦਸੰਬਰ ਨੂੰ ਟੌਹੜਾ, ਬਾਦਲ ਅਤੇ ਹੋਰ ਬਹੁਤ ਸਾਰੇ ਅਕਾਲੀ ਆਗੂ ਰਿਹਾ ਕਰ ਦਿੱਤੇ।

25 ਦਸੰਬਰ 1993 ਦੇ ਦਿਨ ਫ਼ਤਹਿਗੜ੍ਹ ਸਾਹਿਬ ’ਚ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਨ ਮਨਾਇਆ ਗਿਆ। ਇਸ ਮੌਕੇ ’ਤੇ ਚਾਰ ਲੱਖ ਸਿੱਖ ਇਕੱਠੇ ਹੋਏ। ਇਸ ਕਾਨਫ਼ਰੰਸ ਵਿਚ ਬੇਅੰਤ ਦੇ ਜ਼ੁਲਮਾਂ ਦੀ ਨਿੰਦਾ ਕੀਤੀ ਗਈ। ਪਿਛਲੇ ਇਕ ਸਾਲ ਵਿਚ ਪਹਿਲਾ ਮੌਕਾ ਸੀ ਕਿ ਅਕਾਲੀ ਕੋਈ ਦੀਵਾਨ ਕਰ ਸਕੇ ਸਨ। ਜੇ ਇਹ ਧਾਰਮਿਕ ਕਾਨਫ਼ਰੰਸ ਨਾ ਹੁੰਦੀ ਤਾਂ ਹੁਣ ਵੀ ਬੇਅੰਤ ਨੇ ਅਕਾਲੀਆਂ ਨੂੰ ਜਲਸਾ ਤਕ ਨਹੀਂ ਸੀ ਕਰਨ ਦੇਣਾ। 29 ਦਸੰਬਰ ਨੂੰ ਬਾਦਲ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਜਮਹੂਰੀਅਤ ਦੀ ਬਹਾਲੀ ਵਾਸਤੇ ਅਗਲੇ ਮਹੀਨੇ ਤੋਂ ਜੱਦੋ-ਜਹਿਦ ਸ਼ੁਰੂ ਕੀਤੀ ਜਾਵੇਗੀ।

ਸਿਰਫ਼ ਪੰਜਾਬ ਹੀ ਨਹੀਂ ਦਿੱਲੀ ਵਿਚ ਵੀ ਕਾਂਗਰਸ ਸਰਕਾਰ ਨੇ ਸਿੱਖਾਂ ’ਤੇ ਬੇਹੱਦ ਸਖ਼ਤੀ ਜਾਰੀ ਰੱਖੀ। ਬਾਦਲ ਨੇ 20 ਦਸੰਬਰ ਨੂੰ ‘84 ਦੇ ਕਾਤਲਾਂ ਨੂੰ ਸਜ਼ਾ ਦਿਵਾਉਣ, ਪੰਜਾਬ ’ਚ ਇਨਸਾਨੀ ਹੱਕਾਂ ਦਾ ਘਾਣ ਰੋਕਣ, ਕਾਲੇ ਕਾਨੂੰਨ ਖ਼ਤਮ ਕਰਨ, ਦੋਸ਼ੀ ਪੁਲਸੀਆਂ ਨੂੰ ਸਜ਼ਾ

ਦਿਵਾਉਣ, ਸਿੱਖਾਂ ਦੇ ਧਰਾਮਿਕ ਹੱਕਾਂ ਦੀ ਬਹਾਲੀ, ਪੰਜਾਬ ਮਸਲੇ ਦੇ ਹੱਲ' ਵਾਸਤੇ ਪਾਰਲੀਮੈਂਟ ਦੇ ਬਾਹਰ ਧਰਨੇ ਦਾ ਐਲਾਨ ਕੀਤਾ ਹੋਇਆ ਸੀ। *(ਉਂਞ ਤਿੰਨ ਸਾਲ ਮਗਰੋਂ, 1997 ਵਿਚ, ਹਕੂਮਤ ਹਾਸਿਲ ਕਰਨ ਮਗਰੋਂ ਬਾਦਲ ਖ਼ੁਦ ਇਨ੍ਹਾਂ ਮੰਗਾਂ ਨੂੰ ਨਫ਼ਰਤ ਕਰਨ ਲੱਗ ਪਿਆ ਸੀ)।*

ਸਮੁੱਚੇ ਤੌਰ 'ਤੇ ਬੇਅੰਤ ਅਤੇ ਕੇ.ਪੀ.ਐੱਸ. ਗਿੱਲ ਨੇ ਪੰਜਾਬ ਵਿਚ ਸਿੱਖਾਂ ਦੇ ਦਿਲਾਂ 'ਤੇ ਦਹਿਸ਼ਤ ਤੇ ਜ਼ੁਲਮ ਦਾ ਡਰ ਪਾਈ ਰੱਖਿਆ। ਨਤੀਜੇ ਵਜੋਂ ਕੁਝ ਚਿਰ ਵਾਸਤੇ ਤਾਂ ਅਕਾਲੀ ਵਰਕਰ ਡਰ ਕੇ ਘਰੀਂ ਬੈਠ ਗਏ। ਦਰਅਸਲ, ਪੁਲੀਸ ਨੇ ਕਈ ਅਕਾਲੀ ਵਰਕਰਾਂ ਨੂੰ ਖਾੜਕੂ ਆਖ ਕੇ ਨਕਲੀ ਮੁਕਾਬਲੇ ਵਿਚ ਮਾਰ ਵੀ ਦਿੱਤਾ ਸੀ ਅਤੇ ਕਈਆਂ ਨੂੰ ਟਾਡਾ ਹੇਠ ਕੈਦੀ ਬਣਾ ਕੇ ਦੂਰ-ਦੁਰਾਡੀਆਂ ਜੇਲ੍ਹਾਂ ਵਿਚ ਡੱਕ ਦਿੱਤਾ ਸੀ। ਇਸ ਕਰ ਕੇ ਕਤਲ ਤੇ ਗ੍ਰਿਫ਼ਤਾਰ ਹੋਣੋਂ ਡਰਦੇ ਅਕਾਲੀ ਵਰਕਰ ਦਹਿਲ ਗਏ ਤੇ ਕਿੰਨਾ ਚਿਰ ਹੀ ਆਮ ਸਿੱਖ ਅਕਾਲੀ ਦਲ ਦੇ ਨਾਲ ਨਾ ਟੁਰਿਆ। ਇਹ ਮਾਹੌਲ ਮਾਰਚ 1994 ਤਕ ਜਾਰੀ ਰਿਹਾ।

ਬਾਦਲ ਵਲੋਂ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦਾ ਮੈਂਬਰ ਬਣਨਾ

ਫ਼ਰਵਰੀ 1994 ਵਿਚ ਫ਼ਿਰਕੂ ਮੂਲਵਾਦੀ ਹਿੰਦੂ ਜਮਾਤ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਨੇ ਸਿੱਖ ਲੀਡਰਸ਼ਿਪ ਨੂੰ ਆਪਣੀ ਮੁੱਠ ਵਿਚ ਲੈਣ ਦੀ ਸਕੀਮ ਬਣਾਈ। ਆਰ.ਐਸ.ਐਸ. ਦੇ ਇਕ ਸੀਨੀਅਰ 'ਅਧਿਕਾਰੀ' ਨੇ ਪ੍ਰਕਾਸ਼ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ। ਉਸ ਅਧਿਕਾਰੀ ਨੇ ਬਾਦਲ ਨੂੰ ਪੇਸ਼ਕਸ਼ ਕੀਤੀ ਕਿ ਜੇ ਉਹ ਆਰ.ਐਸ.ਐਸ. ਵਿਚ ਸ਼ਾਮਿਲ ਹੋ ਜਾਵੇ ਤਾਂ ਸਦਾ ਵਾਸਤੇ ਪੰਜਾਬ ਦੀ ਚੀਫ਼ ਮਨਿਸਟਰੀ ਉਸ ਦੇ ਘਰ ਵਿਚ ਰਹੇਗੀ ਅਤੇ ਉਸ ਦੀ ਮੈਂਬਰਸ਼ਿਪ ਨੂੰ ਵੀ ਗੁਪਤ ਰੱਖਿਆ ਜਾਵੇਗਾ। ਪਰ ਇਸ ਵਾਸਤੇ ਬਾਦਲ ਨੂੰ ਆਰ.ਐਸ.ਐਸ. ਦਾ ਪੂਰਾ ਵਫ਼ਾਦਾਰ ਬਣਨਾ ਪਵੇਗਾ। ਉਹ ਕੋਈ ਵੀ ਬਿਆਨ ਆਰ. ਐਸ. ਐਸ. ਦੇ ਖ਼ਿਲਾਫ਼, ਕਦੇ ਵੀ, ਨਹੀਂ ਦੇਵੇਗਾ ਅਤੇ ਸਿੱਖ ਮਸਲਿਆਂ ਬਾਰੇ ਜ਼ੁਬਾਨ ਬੰਦ ਰੱਖਿਆ ਕਰੇਗਾ। ਜਦ ਉਸ ਅਧਿਕਾਰੀ ਨੇ ਦੇਖਿਆ ਕਿ ਬਾਦਲ ਸਦਾ ਦੀ ਚੀਫ਼ ਮਨਿਸਟਰੀ 'ਤੇ ਦਿਲੋਂ ਖ਼ੁਸ਼ ਹੋ ਗਿਆ ਹੈ ਤਾਂ ਉਸ ਨੇ ਆਪਣੇ ਨਾਲ ਲਿਆਂਦੀ 'ਭਗਵਤ ਗੀਤਾ' 'ਤੇ ਹੱਥ ਰੱਖ ਕੇ ਸਹੁੰ ਖਾਧੀ ਕਿ ਉਹ ਇਸ ਸਮਝੌਤੇ ਨੂੰ ਰੱਬ ਦੇ ਹੁਕਮ ਵਾਂਗ ਨਿਭਾਉਣਗੇ ਤੇ ਉਨ੍ਹਾਂ ਦੀ ਜਮਾਤ ਬਾਦਲ ਦੀ ਵਫ਼ਾਦਾਰੀ ਦਾ ਹਮੇਸ਼ਾ ਪੂਰਾ ਇਨਾਮ ਦੇਵੇਗੀ। ਹਾਲਾਂ ਕਿ ਇਸ ਸਮੇਂ ਬਾਦਲ ਨੇ ਬਹੁਤ ਗਰਮ ਰੁਖ ਅਖ਼ਤਿਆਰ ਕੀਤਾ ਹੋਇਆ ਸੀ। 'ਖ਼ਾਲਿਸਤਾਨ ਤੋਂ ਘਟ ਕੁਝ ਵੀ ਨਹੀਂ' ਅਤੇ 'ਵਿਧਾਨ ਤੇ ਬੇਭਰੋਸਗੀ' ਵਰਗੇ ਬਿਆਨ ਦਿਆ ਕਰਦਾ ਸੀ; ਪਰ, ਸਦਾ ਵਾਸਤੇ ਚੀਫ਼ ਮਨਿਸਟਰੀ ਨੇ ਉਸ ਦਾ ਦਿਮਾਗ਼ ਹੀ ਬਦਲ ਦਿੱਤਾ ਤੇ ਉਹ ਆਪਣਾ ਇਮਾਨ ਆਰ.ਐਸ.ਐਸ. ਕੋਲ ਵੇਚਣ ਵਾਸਤੇ ਤਿਆਰ ਹੋ ਗਿਆ। ਉਸ ਨੇ ਬਹਾਨਾ ਤਾਂ ਪਰਿਵਾਰ ਨਾਲ ਸਲਾਹ ਕਰਨ ਦਾ ਲਾਇਆ ਪਰ ਉਹ ਅੰਦਰੋ-ਅੰਦਰੀ ਪੂਰੀ ਤਰ੍ਹਾਂ ਮੰਨ ਗਿਆ। ਆਰ.ਐਸ.ਐਸ. ਦਾ ਸ਼ਾਤਰ 'ਅਧਿਕਾਰੀ' ਇਹ ਗੱਲ ਇਕ-ਦਮ ਤਾੜ ਗਿਆ। ਆਰ.ਐਸ.ਐਸ. ਇਸ ਤੋਂ ਪਹਿਲਾਂ ਗੁਰਚਰਨ ਸਿੰਘ ਟੌਹੜਾ ਨੂੰ ਮਿਲ ਕੇ ਵੀ ਇਹ ਪੇਸ਼ਕਸ਼ ਕਰ ਚੁੱਕੀ ਸੀ। ਪਰ ਟੌਹੜਾ ਹਰਕਿਸ਼ਨ ਸੁਰਜੀਤ ਦਾ ਦੋਸਤ ਸੀ ਤੇ ਉਹ ਇਸ ਦਾ ਨਤੀਜਾ ਜਾਣਦਾ ਸੀ; ਇਸ ਕਰ ਕੇ ਚੀਫ਼ ਮਨਿਸਟਰੀ ਟੌਹੜਾ ਨੂੰ ਖਿੱਚ ਨਾ ਪਾ ਸਕੀ। ਜਗਦੇਵ ਸਿੰਘ ਤਲਵੰਡੀ ਨੂੰ ਆਰ.ਐਸ.ਐਸ. ਨੇ ਇਸ ਸਾਜ਼ਿਸ਼ ਵਿਚ ਸ਼ਾਮਿਲ ਨਹੀਂ ਕੀਤਾ ਕਿਉਂਕਿ ਆਰ.ਐਸ.ਐਸ. ਦੇ ਅਧਿਕਾਰੀ ਦੇ ਲਫ਼ਜ਼ਾਂ ਵਿਚ ਉਹ ਬੜਬੋਲਾ ਸੀ ਅਤੇ ਕਦੇ ਵੀ ਜ਼ਬਾਨ

ਖੋਲ੍ਹ ਸਕਦਾ ਸੀ। ਇਸ ਕਰ ਕੇ ਉਹ ਕਾਬਲੇ ਇਤਬਾਰ ਨਹੀਂ ਸੀ। ਬਾਦਲ ਨੂੰ ਉਹ 13 ਅਪ੍ਰੈਲ 1978 ਦੀ ਘਟਨਾ ਵੇਲੇ ਅਜ਼ਮਾ ਚੁਕੇ ਸਨ, ਜਦ ਉਸ ਨੇ 13 ਸਿੱਖਾਂ ਦੇ ਕਤਲ ਤੋਂ ਬਾਅਦ ਨਿਰੰਕਾਰੀ ਮੁਖੀ ਨੂੰ ਪੰਜਾਬ ਵਿਚੋਂ ਮਹਿਫ਼ੂਜ਼ ਕੱਢ ਦਿੱਤਾ ਸੀ।ਆਰ.ਐਸ.ਐਸ. ਨੇ ਦੇਖ ਲਿਆ ਸੀ ਕਿ ਬਾਦਲ ਦੌਲਤ ਤੇ ਤਾਕਤ ਦਾ ਲਾਲਚੀ ਹੈ ਅਤੇ ਉਹ ਇਸ ਮਕਸਦ ਵਾਸਤੇ ਕਿਸੇ ਵੀ ਪੱਧਰ ਤਕ ਡਿੱਗ ਸਕਦਾ ਸੀ ਤੇ ਆਪਣੇ ਧਰਮ, ਅਕੀਦੇ ਤੇ ਹਰ ਇਕ ਨਾਲ ਗ਼ੱਦਾਰੀ ਕਰਨ ਵਾਸਤੇ ਤਿਆਰ ਹੋ ਸਕਦਾ ਸੀ।

ਭਾਵੇਂ ਬਾਦਲ ਨੇ ਆਰ.ਐਸ.ਐਸ. ਦੀ ਪੇਸ਼ਕਸ਼ 'ਤੇ ਫ਼ੈਸਲਾ ਕਰਨ ਵਾਸਤੇ ਕੁਝ ਦਿਨ ਦੀ ਮੁਹਲਤ ਮੰਗ ਲਈ ਸੀ, ਪਰ, ਉਹ ਦਿਲੋਂ ਇਸ ਨੂੰ ਮਨਜ਼ੂਰੀ ਦੇ ਚੁੱਕਾ ਸੀ। ਇਸ ਕਰ ਕੇ ਅਗਲੇ ਦਿਨ ਤੋਂ ਹੀ ਉਸ ਦੀ ਬੋਲੀ ਬਦਲ ਗਈ; ਉਸ ਨੇ ਸਿੱਖ ਮਸਲਿਆਂ ਤਾਂ ਕੀ ਪੰਜਾਬ ਦੇ ਹੱਕ ਵਿਚ ਬੋਲਣਾ ਵੀ ਬੰਦ ਕਰ ਦਿੱਤਾ। ਅਗਲੇ ਹਫ਼ਤੇ ਆਰ.ਐਸ.ਐਸ. ਦੇ ਉਸ ਅਧਿਕਾਰੀ ਦੇ ਨਾਲ ਇਕ ਹੋਰ ਅਧਿਕਾਰੀ ਵੀ ਬਾਦਲ ਨੂੰ ਮਿਲਿਆ ਤੇ ਬਾਦਲ ਨੂੰ ਦਿੱਲੀ ਬੁਲਾਇਆ। ਮਿੱਥੇ ਦਿਨ ਦਿੱਲੀ ਵਿਚ ਆਰ.ਐਸ.ਐਸ. ਮੁਖੀ ਸੁਦਰਸ਼ਨ ਤੋਂ ਇਲਾਵਾ ਵਾਜਪਾਈ ਤੇ ਲਾਲ ਕ੍ਰਿਸ਼ਨ ਅਡਵਾਨੀ ਵੀ ਹਾਜ਼ਰ ਸਨ। ਇਸ ਮੀਟਿੰਗ ਵਾਲੇ ਦਿਨ ਹੀ ਬਾਦਲ ਨੇ ਆਰ.ਐਸ.ਐਸ. ਦੀ ਮੈਂਬਰਸ਼ਿਪ ਲੈ ਲਈ। ਉਸ ਦੀ ਇਹ ਸ਼ਰਤ ਕਿ ਇਸ ਗੱਲ ਨੂੰ ਉਸ ਦੀ ਜ਼ਿੰਦਗੀ ਤਕ ਗੁਪਤ ਰੱਖਿਆ ਜਾਵੇਗਾ, ਮਨਜ਼ੂਰ ਕਰ ਲਈ ਗਈ। ਗੀਤਾ ਦੀ ਸਹੁੰ ਖਾਣ ਮਗਰੋਂ ਬਾਦਲ ਨੇ ਹਵਨ ਕਰ ਕੇ ਆਪਣੇ ਆਪ ਨੂੰ ਆਰ.ਐਸ.ਐਸ. ਦਾ ਵਫ਼ਾਦਾਰ ਐਲਾਨਿਆ।

ਇਸ ਮਗਰੋਂ ਬਾਦਲ ਨੇ ਆਪਣੇ ਆਪ ਨੂੰ ਅਕਾਲੀ ਦਲਾਂ ਦੀ ਏਕਤਾ ਤੋਂ ਦੂਰ ਰੱਖਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਪੰਜ ਵੱਡੇ ਅਕਾਲੀ ਦਲ ਕਾਇਮ ਸਨ: ਬਾਦਲ-ਟੌਹੜਾ ਦਾ ਰਿਵਾਇਤੀ ਅਕਾਲੀ ਦਲ, ਬਾਬਾ ਜੋਗਿੰਦਰ ਸਿੰਘ-ਸਿਮਰਨਜੀਤ ਸਿੰਘ ਮਾਨ ਦਾ ਸੰਯੁਕਤ ਅਕਾਲੀ ਦਲ, ਭਾਈ ਮਨਜੀਤ ਸਿੰਘ, ਸੁਰਜੀਤ ਬਰਨਾਲਾ ਅਤੇ ਕਰਤਾਰ ਸਿੰਘ ਨਾਰੰਗ ਦਾ ਬੱਬਰ ਅਕਾਲੀ ਦਲ।

ਅਕਾਲ ਤਖ਼ਤ ਤੋਂ ਨਵਾਂ ਅਕਾਲੀ ਦਲ ਕਾਇਮ ਕਰਨ ਦੀ ਕਵਾਇਦ

ਜਿਵੇਂ ਫ਼ਰਵਰੀ 1987 ਰਾਗੀ ਦਰਸ਼ਨ ਸਿੰਘ ਨੇ ਸਾਰੇ ਅਕਾਲੀ ਦਲਾਂ ਨੂੰ ਇੱਕਠਾ ਕਰ ਕੇ ਅਕਾਲ ਤਖ਼ਤ ਸਾਹਿਬ ਤੋਂ ਇਕ ਸਾਂਝਾ ਅਕਾਲੀ ਦਲ ਬਣਾਉਣ ਦੀ ਕੋਸ਼ਿਸ਼ ਕੀਤੀ ਸੀ, ਉਵੇਂ ਹੀ (ਪ੍ਰੋ:) ਮਨਜੀਤ ਸਿੰਘ ਨੇ ਵੀ ਅਪ੍ਰੈਲ 1994 ਵਿਚ ਇਕ ਸਾਂਝਾ ਅਕਾਲੀ ਦਲ ਬਣਾਨ ਵਾਸਤੇ ਕਾਰਵਾਈ ਕੀਤੀ। ਉਸ ਨੇ ਇਹ ਕਾਰਵਾਈ ਕਰਨ ਤੋਂ ਪਹਿਲਾਂ 12 ਅਪ੍ਰੈਲ ਨੂੰ ਸੁਲਤਾਨਪੁਰ ਤੋਂ ਤਲਵੰਡੀ ਸਾਬੋ ਤਕ ਇਕ ਮਾਰਚ ਕਰਵਾਇਆ। ਇਸ ਮਾਰਚ ਦੇ ਖ਼ਤਮ ਹੋਣ 'ਤੇ 13 ਅਪ੍ਰੈਲ ਨੂੰ ਸਾਰੇ ਅਕਾਲੀ ਦਲਾਂ ਨੇ ਇਕ ਸਾਂਝੀ ਸਟੇਜ 'ਤੇ ਇੱਕਠੇ ਹੋਣਾ ਸੀ। ਬੇਅੰਤ ਸਰਕਾਰ ਨੂੰ ਇਹ ਖ਼ਦਸ਼ਾ ਸੀ ਕਿ ਜੇ ਸਾਰੇ ਅਕਾਲੀ ਧੜੇ ਇਕ ਪਲੇਟਫ਼ਾਰਮ 'ਤੇ ਆ ਕੇ ਖੜ੍ਹੇ ਹੋ ਗਏ ਤਾਂ ਇਹ ਇਕ ਵੱਡੀ ਤਾਕਤ ਬਣ ਜਾਣਗੇ। ਉਸ ਨੂੰ ਇਹ ਵੀ ਡਰ ਸੀ ਕਿ ਇਹ ਸਾਰੇ ਮਿਲ ਕੇ ਮੋਰਚਾ ਲਾ ਕੇ ਉਸ ਦੀ 15 ਫ਼ੀ ਸਦੀ ਵੋਟਾਂ ਨਾਲ ਬਣੀ ਸਰਕਾਰ ਤੋੜ ਕੇ ਮੁੜ ਅਸੈਂਬਲੀ ਚੋਣਾਂ ਦੀ ਮੰਗ ਕਰਨਗੇ (ਇਸ ਸਮੇਂ ਬੇਅੰਤ ਸਿੰਘ ਨੂੰ ਬਾਦਲ ਤੇ ਆਰ.ਐਸ.ਐਸ. ਦੇ ਖ਼ੁਫ਼ੀਆ ਸਮਝੌਤੇ ਦੀ ਜ਼ਰਾ ਵੀ ਭਿਣਕ ਨਹੀਂ ਸੀ)। ਇਹ ਸੋਚ ਕੇ ਬੇਅੰਤ ਨੇ 12 ਅਪ੍ਰੈਲ ਨੂੰ ਜਸਬੀਰ ਸਿੰਘ ਰੋਡੇ ਨੂੰ ਰਿਹਾਅ

ਕਰ ਦਿੱਤਾ। (ਜਸਵੀਰ ਸਿੰਘ ਨੂੰ ਨਾਜਾਇਜ਼ ਅਸਲੇ ਦੇ ਵਪਾਰ ਸਬੰਧੀ ਗ੍ਰਿਫ਼ਤਾਰ ਕੀਤਾ ਹੋਇਆ ਸੀ)। ਜਸਬੀਰ ਸਿੰਘ ਨੂੰ ਰਿਹਾਅ ਕਰਨ ਪਿੱਛੇ ਬੇਅੰਤ ਦਾ ਨਿਸ਼ਾਨਾ ਅਕਾਲੀ ਦਲ ਵਿਚ ਟਕਰਾਅ ਕਰਵਾਉਣਾ ਸੀ। ਪਰ, ਜਸਬੀਰ ਸਿੰਘ ਕੋਲ ਸੰਗਤਾਂ ਦੀ ਜ਼ਰਾ ਵੀ ਹਿਮਾਇਤ ਨਹੀਂ ਸੀ, ਇਸ ਕਰ ਕੇ ਉਹ ਕੁਝ ਵੀ ਨਾ ਕਰ ਸਕਿਆ।

13 ਅਪ੍ਰੈਲ 1994 ਦੇ ਦਿਨ ਇਕ ਡਰਾਮਾਈ ਤਰੀਕੇ ਨਾਲ ਮਨਜੀਤ ਸਿੰਘ ਨੇ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਨੂੰ ਆਪੋ ਆਪਣੇ ਅਸਤੀਫ਼ੇ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਾਉਣ ਵਾਸਤੇ ਹੁਕਮ ਜਾਰੀ ਕੀਤਾ। ਅਗਲੇ ਦਿਨ ਮਨਜੀਤ ਸਿੰਘ ਨੇ ਆਖਿਆ ਕਿ ਮੈਂ ਅਸਤੀਫ਼ੇ ਨਹੀਂ ਮੰਗੇ ਸੀ, ਬਲਕਿ ਅਕਾਲ ਤਖ਼ਤ ਸਾਹਿਬ ਦੀ ਵਫ਼ਾਦਾਰੀ ਵਾਸਤੇ ਲਿਖਤ ਦੀ ਮੰਗ ਕੀਤੀ ਸੀ। ਖ਼ੈਰ, ਬਾਕੀ ਅਕਾਲੀ ਪ੍ਰਧਾਨਾਂ ਨੇ ਤਾਂ ਅਸਤੀਫ਼ੇ ਪੇਸ਼ ਕਰ ਦਿੱਤੇ, ਪਰ ਬਾਦਲ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ। ਉਸ ਨੇ 17 ਅਪ੍ਰੈਲ ਨੂੰ ਮਨਜੀਤ ਸਿੰਘ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਅਜਿਹਾ ਨਾ ਕਰਨ ਦਾ ਕਾਰਨ ਲਿਖਿਆ ਸੀ। ਇਹ ਚਿੱਠੀ ਇੰਞ ਸੀ:

''ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਸਦੀਆਂ ਤੋਂ ਮਹਾਨ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਹਰ ਸਿੱਖ ਹਿਰਦੇ ਵਿਚ ਕਾਇਮ ਰਿਹਾ ਹੈ। ਅਨੰਤਕਾਲ ਤੱਕ ਸ਼ਰਧਾਵਾਨ ਇਸ ਅੱਗੇ ਆਪਣਾ ਸਿਰ ਝੁਕਾਉਂਦੇ ਰਹਿਣਗੇ। ਇਹ ਪਵਿੱਤਰ ਅਸਥਾਨ ਹਮੇਸ਼ਾ ਸਮੁੱਚੀ ਕੌਮ ਲਈ ਉਤਸ਼ਾਹ ਦਾ ਸੋਮਾ ਬਣਿਆ ਰਿਹਾ ਹੈ। ਸਾਨੂੰ ਇਸ ਤੋਂ ਹਮੇਸ਼ਾ ਪ੍ਰੇਰਨਾ ਮਿਲਦੀ ਹੈ। ਅਸੀਂ ਇਸ ਰੌਸ਼ਨ ਮਿਨਾਰ ਅੱਗੇ ਨਤਮਸਤਕ ਹਾਂ।

ਵੱਖ ਵੱਖ ਰੂਪ ਵਿਚ ਵਿਚਰਦੇ ਅਕਾਲੀ ਦਲਾਂ ਵਿਚ ਏਕਤਾ ਦੀ ਗੱਲ ਚਲਦੀ ਰਹੀ ਹੈ। ਬਹੁਤੇ ਲੋਕ ਵੀ ਅਕਾਲੀ ਦਲਾਂ ਨੂੰ ਏਕਤਾ ਦੀ ਲੜੀ ਵਿਚ ਪਰੁੱਤਾ ਵੇਖਣ ਦੇ ਚਾਹਵਾਨ ਹਨ। ਵੱਖ ਵੱਖ ਪੱਧਰਾਂ 'ਤੇ ਇਸ ਲਈ ਅਨੇਕਾਂ ਯਤਨ ਵੀ ਹੁੰਦੇ ਹਨ। ਮੈਂ ਅਤੇ ਮੇਰੇ ਸਾਥੀ ਹਮੇਸ਼ਾ ਹੀ ਅਕਾਲੀ ਦਲ ਏਕਤਾ ਦੇ ਚਾਹਵਾਨ ਰਹੇ ਹਾਂ। ਇਸ ਲਈ ਅਸੀਂ ਸਦਾ ਹੀ ਇਨ੍ਹਾਂ ਯਤਨਾਂ ਦੇ ਪ੍ਰਸੰਸਕ ਵੀ ਰਹੇ ਹਾਂ ਅਤੇ ਇਨ੍ਹਾਂ ਦੀ ਪੂਰਤੀ ਲਈ ਆਪਣਾ ਹਿੱਸਾ ਵੀ ਪਾਉਂਦੇ ਰਹੇ ਹਾਂ। ਇਹ ਗੱਲ ਕਿਸੇ ਤੋਂ ਭੁੱਲੀ ਨਹੀਂ ਕਿ ਮੈਂ ਤੇ ਮੇਰੇ ਸਾਥੀਆਂ ਨੇ ਇਸੇ ਏਕਤਾ ਦੀ ਖ਼ਾਤਰ ਆਪਣੇ ਅਹੁਦੇ ਤਿਆਗ ਦਿੱਤੇ ਸਨ ਅਤੇ ਅਕਾਲੀ ਦਲ ਦੀ ਪ੍ਰਧਾਨਗੀ ਸ: ਸਿਮਰਨਜੀਤ ਸਿੰਘ ਨੂੰ ਸੌਂਪ ਦਿੱਤੀ ਸੀ। ਪਰ ਬਾਅਦ ਵਿਚ ਕੁਝ ਵਿਅਕਤੀਆਂ ਦੀ ਹਉਮੈ ਅਤੇ ਸੰਕੁਚਿਤ ਸੋਚ ਕਰ ਕੇ ਇਸ ਪੱਖੋਂ ਕੌਮ ਦੇ ਪੱਲੇ ਨਿਰਾਸ਼ਾ ਹੀ ਪਈ ਸੀ। ਇਸ ਦੇ ਬਾਵਜੂਦ ਅਸੀਂ ਇਸ ਗੱਲ ਲਈ ਆਸਵੰਦ ਰਹੇ। ਅੱਜ ਵੀ ਅਸੀਂ ਇਸ ਸਬੰਧੀ ਨਿਰਾਸ਼ ਨਹੀਂ ਹੋਏ ਸਗੋਂ ਵੱਖ ਵੱਖ ਪੱਧਰਾਂ 'ਤੇ ਕੀਤੇ ਜਾ ਰਹੇ ਯਤਨਾਂ ਦਾ ਅਸੀਂ ਸਵਾਗਤ ਹੀ ਕੀਤਾ ਹੈ। ਆਪ ਵੀ ਇਸ ਸਬੰਧੀ ਕੁਝ ਯਤਨਸ਼ੀਲ ਰਹੇ ਹੋ। ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਆਪ ਦਾ ਇਸ ਬਾਰੇ ਪੱਖ ਕਦੀ ਵੀ ਸਪੱਸ਼ਟ ਨਹੀਂ ਰਿਹਾ। ਆਪ ਵਲੋਂ ਸਮੇਂ ਸਮੇਂ ਅਜਿਹੇ ਬਿਆਨ ਦਿੱਤੇ ਜਾਂਦੇ ਰਹੇ ਜੋ ਭੁਲੇਖਾ ਪਾਊ ਅਤੇ ਆਪਾ-ਵਿਰੋਧੀ ਸਨ। ਉਦਾਹਰਣ ਲਈ 20 ਮਾਰਚ 1994 ਨੂੰ ਲੁਧਿਆਣਾ ਤੋਂ ਜਾਰੀ ਕੀਤੇ ਆਪਣੇ ਇਕ ਬਿਆਨ ਵਿਚ ਆਪ ਨੇ ਕਿਹਾ ਸੀ ਕਿ ਅਕਾਲੀ ਆਗੂ ਏਕਤਾ ਕਰ ਲੈਣ ਨਹੀਂ ਤਾਂ ਅਕਾਲ ਤਖ਼ਤ ਸਾਹਿਬ ਨੂੰ ਸਖ਼ਤ ਕਦਮ ਚੁੱਕਣ ਲਈ ਮਜਬੂਰ ਹੋਣਾ ਪਵੇਗਾ। ਪਰ ਇਸ ਬਿਆਨ ਤੋਂ ਚਾਰ ਦਿਨ ਬਾਅਦ ਹੀ

ਅੰਮ੍ਰਿਤਸਰ ਵਿਚ ਆਪ ਨੇ ਇਸ ਭਾਵਨਾ ਦੇ ਬਿਲਕੁਲ ਉਲਟ ਬਿਆਨ ਦਿੱਤਾ। ਆਪ ਨੇ ਕਿਹਾ ਕਿ ਆਪ ਅਕਾਲੀ ਏਕਤਾ ਤੇ ਪੰਥਕ ਏਕਤਾ ਨੂੰ ਇਕੋ ਨਹੀਂ ਸਮਝਦੇ। ਆਪ ਨੇ ਕਿਹਾ ਕਿ ਅਕਾਲੀ ਪੰਥ ਦਾ ਇਕ ਹਿੱਸਾ ਹਨ, ਪਰ ਸਮੁੱਚਾ ਪੰਥ ਨਹੀਂ ਹਨ। ਆਪ ਨੇ ਇਹ ਕਿਹਾ ਕਿ ਇਸ ਮਸਲੇ 'ਤੇ ਉਹ ਅਕਾਲ ਤਖ਼ਤ ਸਾਹਿਬ ਨੂੰ ਕਿਸੇ ਵਾਦ-ਵਿਵਾਦ ਵਾਲੇ ਘੇਰੇ ਵਿਚ ਖੜ੍ਹਾ ਨਹੀਂ ਕਰਨਾ ਚਾਹੁੰਦੇ। ਇਸੇ ਹੀ ਬਿਆਨ ਵਿਚ ਆਪ ਨੇ ਸਪੱਸ਼ਟ ਰੂਪ ਵਿਚ ਕਿਹਾ ਕਿ ਅਕਾਲੀ ਦਲਾਂ ਦੀ ਏਕਤਾ-ਮੁਹਿੰਮ ਦੀ ਦਲਦਲ ਵਿਚ ਖੁੱਭਣ ਦੀ ਆਪ ਦੀ ਕੋਈ ਮਨਸ਼ਾ ਨਹੀਂ।

10 ਅਪ੍ਰੈਲ 1994 ਤੋਂ 12 ਅਪ੍ਰੈਲ 1994 ਤੱਕ ਹੋਏ ਖਾਲਸਾ ਮਾਰਚ ਨੂੰ ਆਪ ਨੇ ਧਾਰਮਿਕ ਅਤੇ ਸਮਾਜਿਕ ਖੇਤਰ ਤਕ ਹੀ ਸੀਮਤ ਰੱਖਣ ਦਾ ਐਲਾਨ ਕੀਤਾ ਸੀ। ਮੈਨੂੰ ਤੇ ਮੇਰੇ ਸਾਥੀਆਂ ਨੂੰ ਵੀ ਇਸ ਮਾਰਚ ਵਿਚ ਸ਼ਾਮਿਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਆਪ ਨੇ ਇਸ ਸਮੇਂ ਦੌਰਾਨ ਵਾਰ-ਵਾਰ ਇਹ ਸਪੱਸ਼ਟ ਕੀਤਾ ਸੀ ਕਿ ਇਸ ਖਾਲਸਾ ਮਾਰਚ ਦਾ ਉਦੇਸ਼ ਨਿਰੋਲ ਧਾਰਮਿਕ ਹੈ ਅਤੇ ਆਪ ਜੀ ਦਾ ਅਕਾਲੀ ਧੜਿਆਂ ਦੀ ਸਿਆਸਤ ਵਿਚ ਦਖ਼ਲ ਦੇਣ ਦਾ ਕਦਾਚਿਤ ਕੋਈ ਇਰਾਦਾ ਨਹੀਂ ਹੈ। ਪਰ ਇਸ ਮਹਾਨ ਮਾਰਚ ਦੇ 12 ਅਪ੍ਰੈਲ ਨੂੰ ਖ਼ਤਮ ਹੋਣ ਤੋਂ ਬਾਅਦ ਰਾਤ ਨੂੰ ਲੱਗੀ ਧਾਰਮਿਕ ਸਟੇਜ 'ਤੇ ਜੋ ਕੁਝ ਹੋਇਆ, ਜਿਸ ਤਰ੍ਹਾਂ ਇੱਥੇ ਕਿਸੇ ਖ਼ਾਸ ਸਾਜ਼ਿਸ਼ ਤਹਿਤ ਜਬਰੀ ਸਿਆਸਤ ਨੂੰ ਘੁਸੇੜਣ ਦਾ ਯਤਨ ਕੀਤਾ ਗਿਆ, ਉਸ ਨੇ ਬਹੁਤੇ ਸ਼ਰਧਾਵਾਨ ਹਿਰਦਿਆਂ ਨੂੰ ਬੇਹੱਦ ਨਿਰਾਸ਼ ਹੀ ਕੀਤਾ। ਹੋਰ ਵੀ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਆਪ ਦੀ ਮੌਜੂਦਗੀ ਵਿਚ ਵਾਪਰਿਆ ਜਦੋਂ ਕਿ ਆਪ ਨੇ ਇਹ ਸਪੱਸ਼ਟ ਆਦੇਸ਼ ਵੀ ਦਿੱਤੇ ਸਨ ਕਿ ਇਸ ਸਟੇਜ ਤੋਂ ਕੋਈ ਵੀ ਸਿਆਸੀ ਗੱਲ ਨਾ ਕੀਤੀ ਜਾਏ।

ਹੁਣ ਦੀ ਸ਼੍ਰੋਮਣੀ ਕਮੇਟੀ 1979 ਵਿਚ ਹੋਈਆਂ ਚੋਣਾਂ ਰਾਹੀਂ ਹੋਂਦ ਵਿਚ ਆਈ ਸੀ। ਉਸ ਸਮੇਂ ਇਹ ਸਿਰਫ਼ ਪੰਜ ਸਾਲ ਲਈ ਚੁਣੀ ਗਈ ਸੀ। ਸਮੇਂ ਦੀਆਂ ਸਰਕਾਰਾਂ ਦੀ ਬਦਨੀਅਤੀ ਕਾਰਨ ਅਤੇ ਇਸ ਤੋਂ ਇਲਾਵਾ ਕਈ ਹੋਰ ਅਦਿੱਖ ਕਾਰਨਾਂ ਕਰ ਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੂੰ ਲੰਬੇ ਸਮੇਂ ਤਕ ਲਮਕਾਇਆ ਗਿਆ। ਇਸ ਦੌਰਾਨ ਅਨੇਕਾਂ ਸਿੱਖ ਸੰਸਥਾਵਾਂ ਵਲੋਂ ਸਮਾਂ ਬੀਤ ਜਾਣ 'ਤੋਂ ਬਾਅਦ ਕਮੇਟੀ ਦੀ ਵਾਜਬੀਅਤਾ ਨੂੰ ਵੀ ਵੰਗਾਰਿਆ ਗਿਆ। ਇਸ ਆਧਾਰ 'ਤੇ ਇਸ ਵਲੋਂ ਕੀਤੇ ਗਏ ਫ਼ੈਸਲਿਆਂ 'ਤੇ ਕਿੰਤੂ ਪ੍ਰੰਤੂ ਵੀ ਕੀਤਾ ਗਿਆ ਅਤੇ ਇਸ ਦੇ ਪ੍ਰਧਾਨ ਸਮੇਤ ਕਮੇਟੀ ਦੇ ਮੈਂਬਰਾਂ ਨੂੰ ਅਸਤੀਫ਼ੇ ਦੇਣ ਲਈ ਜ਼ੋਰ ਦਿੱਤਾ ਗਿਆ। ਅਸੀਂ ਵੀ ਵਾਰ-ਵਾਰ ਸਰਕਾਰ ਉੱਤੇ ਇਸੇ ਗੱਲ ਲਈ ਜ਼ੋਰ ਦਿੰਦੇ ਰਹੇ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦੀ ਤੋਂ ਜਲਦੀ ਕਰਵਾਈਆਂ ਜਾਣ ਤਾਂ ਜੋ ਇਸ ਦੀ ਸਾਖ ਮੁੜ ਬਹਾਲ ਹੋ ਸਕੇ। ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬ ਭਾਈ ਰਣਜੀਤ ਸਿੰਘ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਨਜ਼ਰਬੰਦ ਹਨ ਇਸ ਲਈ ਅਜਿਹੀ ਅਨਿਸ਼ਚਿਤ ਹਾਲਤ ਵਿਚ ਸ਼੍ਰੋਮਣੀ ਕਮੇਟੀ ਵਲੋਂ ਆਪ ਨੂੰ ਕਾਰਜਕਾਰੀ ਜਥੇਦਾਰ ਜ਼ਿੰਮਵਾਰੀ ਸੌਂਪੀ ਗਈ ਸੀ। ਹੁਣ ਜਦੋਂ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਇਹੀ ਠੀਕ ਹੋਵੇਗਾ ਕਿ ਸਿੱਖ ਲੀਡਰਸ਼ਿਪ ਅਤੇ ਹੋਰ ਅਹਿਮ ਮੁੱਦਿਆਂ ਬਾਰੇ ਕੌਮ ਦੇ ਫ਼ਤਵੇ ਦੀ ਉਡੀਕ ਕੀਤੀ ਜਾਵੇ।

ਮੈਂ ਫ਼ੇਰ 12 ਅਪ੍ਰੈਲ ਤਲਵੰਡੀ ਸਾਬੋ ਦੇ ਧਾਰਮਿਕ ਦੀਵਾਨ, ਜਿਸ ਨੂੰ ਇਕ ਯੋਜਨਾ ਤਹਿਤ ਸਿਆਸੀ ਰੂਪ ਦਿੱਤਾ ਗਿਆ, ਵੱਲ ਆਪ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਮੈਂ ਪਹਿਲਾਂ ਵੀ ਲਿਖ ਚੁੱਕਾ ਹਾਂ ਕਿ ਇਕ ਨੀਤੀ ਤਹਿਤ ਜਿਸ ਤਰ੍ਹਾਂ ਕੁਝ ਵਿਅਕਤੀਆਂ ਵਲੋਂ ਆਪਣੇ ਨਿੱਜੀ ਹਿੱਤਾਂ

ਦੀ ਪੂਰਤੀ ਲਈ ਅਕਾਲੀ ਏਕਤਾ ਦੀ ਗੱਲ ਕੀਤੀ ਗਈ, ਉਸ ਨੇ ਨਾ ਸਿਰਫ਼ ਵੱਡੀ ਪੱਧਰ 'ਤੇ ਨਿਰਾਸ਼ਾ ਹੀ ਪੈਦਾ ਕੀਤੀ, ਸਗੋਂ ਪਹਿਲਾਂ ਹੀ ਕਿਆਸੇ ਜਾ ਰਹੇ ਸ਼ੰਕਿਆਂ ਦੀ ਭਾਵਨਾ ਨੂੰ ਹੋਰ ਵੀ ਮਜ਼ਬੂਤ ਕੀਤਾ। ਇਨ੍ਹਾਂ ਵਿਅਕਤੀਆਂ ਵਲੋਂ ਜਾਣ ਬੁਝ ਕੇ ਓਪਰੀ ਅਤੇ ਸਤੱਹੀ ਏਕਤਾ ਦੀ ਭਾਵਨਾ ਨੂੰ ਇਕ ਤਰ੍ਹਾਂ ਨਾਲ ਦੂਸਰਿਆਂ 'ਤੇ ਜਬਰੀ ਠੋਸਣ ਦਾ ਯਤਨ ਕੀਤਾ ਗਿਆ। ਸਾਡਾ ਉਸ ਸਮੇਂ ਇਹ ਪੱਕਾ ਯਕੀਨ ਸੀ ਕਿ ਅਕਾਲੀ ਏਕਤਾ ਦੇ ਨਾਂ 'ਤੇ ਇਹ ਮਗਰਮੱਛ ਦੇ ਹੰਝੂ ਹੀ ਵਹਾਏ ਜਾ ਰਹੇ ਹਨ। ਅਸਲੀ ਏਕਤਾ ਦਿਲਾਂ ਦੀ ਹੁੰਦੀ ਹੇ। ਇਮਾਨਦਾਰੀ ਵਾਲੀ ਪਹੁੰਚ ਨੂੰ ਅਪਣਾਉਣ ਨਾਲ ਹੁੰਦੀ ਹੈ। ਦੂਸਰਿਆਂ ਨੂੰ ਅੱਗੇ ਵਧਦਾ ਦੇਖ ਕੇ ਕਿਸੇ ਨਾ ਕਿਸੇ ਤਰ੍ਹਾਂ ਠਿੱਬੀ ਲਾਉਣ ਦੀ ਭਾਵਨਾ ਨਾਲ ਨਹੀਂ ਹੁੰਦੀ। ਕੋਈ ਵੀ ਸਥਾਈ ਤੇ ਚਿਰਕਾਲੀ ਕਦਮ ਉਠਾਉਣ ਤੋਂ ਪਹਿਲਾ ਦਿਲ ਸਾਫ਼ ਕੀਤੇ ਜਾਣੇ ਜ਼ਰੂਰੀ ਹੁੰਦੇ ਹਨ ਅਤੇ ਇਨ੍ਹਾਂ 'ਚੋਂ ਸਾੜਿਆਂ ਅਤੇ ਕੀਤਿਆਂ ਭਰੀ ਸਿਆਸੀ ਮੈਲ ਧੋਣੀ ਜ਼ਰੂਰੀ ਹੁੰਦੀ ਹੈ। ਸਾਡਾ ਇਹ ਵਿਸ਼ਵਾਸ ਉਸ ਸਮੇਂ ਹੋਰ ਵੀ ਮਜ਼ਬੂਤ ਹੋਇਆ ਜਦੋਂ ਰਾਤ ਨੂੰ ਇਕ ਧਾਰਮਿਕ ਸਟੇਜ ਨੂੰ ਸਿਆਸੀ ਸਟੇਜ ਵਿਚ ਬਦਲਣ ਵਾਲੇ ਇਸ ਸਟੇਜ ਤੋਂ ਪੰਥ ਦੇ ਭਲੇ ਅਤੇ ਅਕਾਲੀ ਏਕਤਾ ਦੀਆਂ ਟਾਹਰਾਂ ਮਾਰਨ ਵਾਲਿਆਂ ਦੇ ਮਨ ਅੰਦਰ ਛੁਪੀਆਂ ਗੱਲਾਂ ਦੂਸਰੀ ਹੀ ਸਵੇਰ ਸਾਹਮਣੇ ਆ ਗਈਆਂ। ਜਦੋਂ ਨਾ ਸਿਰਫ਼ ਵੱਖ-ਵੱਖ ਸਟੇਜਾਂ ਹੀ ਲੱਗੀਆਂ ਸਗੋਂ ਇਨ੍ਹਾਂ ਤੋਂ ਇਕ ਦੂਸਰੇ ਦੇ ਖ਼ਿਲਾਫ਼ ਪਹਿਲਾਂ ਤੋਂ ਵੀ ਵੱਧ ਭੰਡੀ ਕੀਤੀ ਗਈ। ਕੀ ਕਦੀ ਇਸ ਤਰ੍ਹਾਂ ਦੇ ਦ੍ਰਿਸ਼ ਵਿਚ ਸੱਚੀ ਤੇ ਸੁੱਚੀ ਏਕਤਾ ਦੀ ਗੱਲ ਸਿਰੇ ਚੜ੍ਹ ਸਕਦੀ ਹੈ?

ਇੱਥੇ ਗੱਲ ਆਧਾਰ ਦੀ ਆ ਜਾਂਦੀ ਹੈ। ਅੱਜ ਹਰ ਅਕਾਲੀ ਦਲ ਆਪਣੇ ਵੱਖੋ ਵੱਖਰੇ ਸਿਧਾਂਤਾਂ 'ਤੇ ਚੱਲ ਰਿਹਾ ਹੈ। ਉਨ੍ਹਾਂ ਨੇ ਆਪਣੇ ਵੱਖੋ-ਵੱਖਰੇ ਨਿਸ਼ਾਨੇ ਨਿਸ਼ਚਿਤ ਕੀਤੇ ਹੋਏ ਹਨ। ਕਈ ਮੁੱਢਲੇ ਨਿਸ਼ਾਨੇ ਇਕ ਦੂਸਰੇ ਤੋਂ ਬਹੁਤ ਹੀ ਵੱਖਰੇ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਸਭ ਤੋਂ ਪਹਿਲਾਂ ਵਿਚਾਰਕ ਤੌਰ 'ਤੇ ਇਕ ਦੂਸਰੇ ਦੇ ਨੇੜੇ ਆਉਣ ਤੋਂ ਬਗ਼ੈਰ ਏਕਤਾ ਦਾ ਆਧਾਰ ਕਿਸੇ ਵੀ ਤਰ੍ਹਾਂ ਮਜ਼ਬੂਤ ਨਹੀਂ ਹੋ ਸਕਦਾ। ਇਸ ਤੋਂ ਬਗ਼ੈਰ ਕੋਈ ਵੀ ਠੋਸੀ ਗਈ ਏਕਤਾ ਕੁਝ ਹੀ ਸਮੇਂ ਵਿਚ ਖੱਖੜੀਆਂ ਹੋ ਸਕਦੀ ਹੈ।

ਸਤਿਕਾਰਯੋਗ ਸਿੰਘ ਸਾਹਿਬ! ਅਸੀਂ ਆਪ ਦਾ ਧਿਆਨ ਇਕ ਹੋਰ ਪਹਿਲੂ ਵੱਲ ਵੀ ਦਿਵਾਉਣਾ ਚਾਹੁੰਦੇ ਹਾਂ। ਬਿਨਾਂ ਸ਼ੱਕ ਸਿੱਖ ਕੌਮ ਧਰਮ ਅਤੇ ਸਿਆਸਤ ਦੇ ਸੁਮੇਲ ਵਿਚ ਯਕੀਨ ਰੱਖਦੀ ਹੈ। ਅਕਾਲੀ ਸਿੱਖ ਸਮਾਜ ਦਾ ਇਕ ਅਹਿਮ ਹਿੱਸਾ ਹਨ। ਪਰ ਆਪ ਲਈ ਸੋਚਣ ਅਤੇ ਵਿਚਾਰਨ ਵਾਲੀ ਗੱਲ ਇਹ ਹੈ ਕਿ ਅਕਾਲ ਤਖ਼ਤ ਸਿਰਫ਼ ਅਕਾਲੀਆਂ ਦਾ ਹੀ ਨਹੀਂ ਸਗੋਂ ਸਮੁੱਚੇ ਸਿੱਖ ਜਗਤ ਦੀ ਪ੍ਰਤੀਨਿਧਤਾ ਕਰਦਾ ਹੈ। ਇਸ ਮਹਾਨ **ਤਖ਼ਤ ਦੀ ਸਾਂਭ ਸੰਭਾਲ ਕਰਨ ਵਾਲੇ ਸੇਵਾਦਾਰ** ਨੂੰ ਇਸੇ ਭਾਵਨਾ ਅਧੀਨ ਹੀ ਕੰਮ ਕਰਨਾ ਚਾਹੀਦਾ ਹੈ। ਅਸੀਂ ਆਪ ਜੀ ਤੋਂ ਇਹੀ ਉਮੀਦ ਰੱਖਦੇ ਹਾਂ ਕਿ ਆਪ ਸਮੁੱਚੀ ਕੌਮ ਲਈ ਸਰਬ ਸਾਂਝੇ ਹੋਣ ਦਾ ਪ੍ਰਭਾਵ ਦਿਓਗੇ। ਸਾਨੂੰ ਆਪ ਤੋਂ ਇਹ ਵੀ ਪੂਰੀ ਉਮੀਦ ਹੈ ਕਿ ਆਪ ਇਸ **ਮਹਾਨ ਤਖ਼ਤ ਦੇ ਸੇਵਾਦਾਰ** ਹੁੰਦੇ ਹੋਏ ਇਸ ਦੀ ਆਨ ਤੇ ਸ਼ਾਨ ਦੀ ਕਾਇਮੀ ਲਈ ਕਿਸੇ ਵੀ ਵਾਦ-ਵਿਵਾਦ ਵਿਚ ਪੈਣ ਤੋਂ ਗੁਰੇਜ਼ ਕਰੋਗੇ।

12 ਅਪ੍ਰੈਲ ਦੀ ਧਾਰਮਿਕ ਸਟੇਜ 'ਤੇ ਜੋ ਕੁਝ ਉੱਥੇ, ਜਿਸ ਤਰ੍ਹਾਂ, ਆਪ ਦੀ ਮੌਜੂਦਗੀ ਵਿਚ ਚਾਲਾਂ ਚੱਲਣ ਦਾ ਯਤਨ ਕੀਤਾ ਗਿਆ। ਉਸ ਤੋਂ ਭਾਵੁਕ ਹੋ ਕੇ ਅਤੇ ਉਸ ਤੇ ਰੋਸ ਵਜੋਂ ਮੈਂ ਆਪ ਨੂੰ ਕੋਰੇ ਕਾਗਜ਼ 'ਤੇ ਦਸਤਖ਼ਤ ਕਰ ਕੇ ਦਿੱਤੇ, ਪਰ ਆਪ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ

ਅਤੇ ਭਰੀ ਸੰਗਤ ਵਿਚ ਮੇਰੀ ਇਸ ਗੱਲ ਨੂੰ ਨਾ-ਮਨਜ਼ੂਰ ਕਰ ਦਿੱਤਾ ਤੇ ਮੇਰੇ ਦਸਤਖ਼ਤਾਂ ਵਾਲੇ ਕਾਗਜ਼ ਨੂੰ ਸਟੇਜ 'ਤੇ ਹੀ ਸੁਟ ਦਿੱਤਾ ਸੀ। ਆਪ ਪਹਿਲਾਂ ਵੀ ਵਾਰ-ਵਾਰ ਅਤੇ 14 ਅਪ੍ਰੈਲ 1994 ਦੇ ਲਿਖਤੀ ਬਿਆਨ ਵਿਚ ਕਿਹਾ ਹੈ ਕਿ ਆਪ ਨੇ ਅਕਾਲੀ ਆਗੂਆਂ ਤੋਂ ਕਦੀ ਵੀ ਅਸਤੀਫ਼ੇ ਨਹੀਂ ਮੰਗੇ ਬਲਕਿ ਸਪੱਸ਼ਟ ਕੀਤਾ ਹੈ ਕਿ ਆਪ ਤਾਂ ਹੀ ਮਾਮਲੇ ਉੱਤੇ ਵਿਚਾਰ ਕਰੋਗੇ 'ਜੇ ਅਕਾਲੀ ਆਗੂ ਆਪਣੇ ਏਕਤਾ ਮਸਲੇ ਵਿਚ ਮੇਰਾ ਫੈਸਲਾ ਚਾਹੁੰਦੇ ਹਨ।' ਆਪ ਜੀ ਦੇ ਇਸ ਸਪੱਸ਼ਟ ਬਿਆਨ ਦੀ ਰੌਸ਼ਨੀ ਵਿਚ ਮੈਂ ਆਪਣਾ ਅਸਤੀਫ਼ਾ ਇਸ ਪੱਤਰ ਨਾਲ ਨੱਥੀ ਨਹੀਂ ਕਰ ਰਿਹਾ। ਇਸ ਪੱਤਰ ਵਿਚ ਦਰਜ ਭਾਵਨਾਵਾਂ ਦੇ ਮੱਦੇਨਜ਼ਰ ਅਸੀਂ ਆਪ ਜੀ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਮਸਲੇ ਵਿਚ ਦਖ਼ਲ ਦੇਣ ਦੀ ਖੇਚਲ ਨਾ ਕਰ ਕੇ ਪੰਥਕ ਸੰਘਰਸ਼ ਦੀ ਅਗਵਾਈ ਦਾ ਮਸਲਾ ਪੰਥ ਦੇ ਫ਼ਤਵੇ ਉੱਤੇ ਹੀ ਛੱਡਣ ਦੀ ਕ੍ਰਿਪਾਲਤਾ ਕਰੋ ਜੀ।"

ਗੁਰੂ ਪੰਥ ਦਾ ਦਾਸ

ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ

18 ਅਪ੍ਰੈਲ 1994 ਦੇ ਦਿਨ, ਪੰਜਾਬ ਦੇ ਤਿੰਨ ਸਾਬਕਾ ਐਡਵੋਕੇਟ ਜਨਰਲਾਂ (ਅਜੀਤ ਸਿੰਘ ਸਰਹੱਦੀ, ਹਰਚਰਨ ਸਿੰਘ ਮੱਤੇਵਾਲ, ਗੁਰਦਰਸ਼ਨ ਸਿੰਘ ਗਰੇਵਾਲ) ਨੇ ਮਨਜੀਤ ਸਿੰਘ ਨੂੰ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਪਿਛਲੇ ਦਿਨੀਂ ਦਿੱਤੇ ਫ਼ੈਸਲੇ ਨੂੰ ਮੱਦੇ-ਨਜ਼ਰ ਰੱਖੇ ਤੇ ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ ਨਾ ਬਣਾਵੇ, ਕਿਉਂਕਿ ਸੁਪਰੀਮ ਕੋਰਟ ਦੇ ਫ਼ੈਸਲੇ ਮੁਜਬ ਇੰਵ ਬਣੀ ਪਾਰਟੀ ਚੋਣਾਂ 'ਚ ਹਿੱਸਾ ਨਹੀਂ ਲੈ ਸਕੇਗੀ। ਇਸ ਦਿਨ ਸੁਰਿੰਦਰ ਸਿੰਘ ਨਾਂ ਦੇ ਇਕ ਬੰਦੇ ਨੇ ਅਜਨਾਲਾ ਦੇ ਐਡੀਸ਼ਨਲ ਜ਼ਿਲਾ ਜੱਜ ਦੀ ਅਦਾਲਤ ਵਿਚ ਇਕ ਪਟੀਸ਼ਨ ਦਾਇਰ ਕੀਤੀ ਗਈ ਸੀ। ਅਦਾਲਤ ਨੇ ਮਨਜੀਤ ਸਿੰਘ ਨੂੰ 3 ਮਈ ਨੂੰ ਹਾਜ਼ਿਰ ਹੋਣ ਵਾਸਤੇ ਸੰਮਨ ਜਾਰੀ ਕਰ ਦਿੱਤੇ। ਸੁਰਿੰਦਰ ਸਿੰਘ ਦੀ ਇਸ ਹਰਕਤ ਦੀ ਸਾਰੇ ਪਾਸਿਓਂ ਭਰਪੂਰ ਨਿੰਦਾ ਹੋਈ, ਜਿਸ 'ਤੇ ਉਸ ਨੇ ਆਪਣੀ ਪਟੀਸ਼ਨ 26 ਅਪ੍ਰੈਲ ਨੂੰ ਵਾਪਿਸ ਲੈ ਲਈ।

21 ਅਪ੍ਰੈਲ ਨੂੰ ਬਾਦਲ ਨੇ ਆਪਣੇ ਦਲ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਇਕ ਪੰਜ ਮੈਂਬਰੀ ਪ੍ਰੀਜ਼ੀਡੀਅਮ ਬਣਾ ਦਿੱਤੀ। ਇਹ ਪੰਜ ਸਨ: ਕੁਲਦੀਪ ਸਿੰਘ ਵਡਾਲਾ, ਪ੍ਰਕਾਸ਼ ਸਿੰਘ ਮਜੀਠਾ, ਰਣਜੀਤ ਸਿੰਘ ਬ੍ਰਹਮਪੁਰਾ, ਗੁਰਦੇਵ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਂਡਸਾ। ਇਸ ਪ੍ਰੀਜ਼ੀਡੀਅਮ ਨੇ ਦਲ ਦੀ ਸਿਆਸੀ ਕਾਰਵਾਈ ਅਣਮਿੱਥੇ ਸਮੇਂ ਤੱਕ ਮੁਲਤਵੀ ਕਰਨ ਦਾ ਐਲਾਨ ਕਰ ਦਿੱਤਾ।

25 ਅਪ੍ਰੈਲ ਨੂੰ (ਬਾਦਲ ਧੜਾ ਛੱਡ ਕੇ) ਸਾਰੇ ਅਕਾਲੀ ਧੜਿਆਂ ਦੇ ਆਗੂ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਏ। ਇਸ ਮੌਕੇ 'ਤੇ ਐਕਟਿੰਗ ਮੁਖ ਸੇਵਾਦਾਰ ਮਨਜੀਤ ਸਿੰਘ ਨੇ ਇਕ ਹੋਰ ਡਰਾਮਾ ਖੇਡਿਆ। ਉਸ ਨੇ ਸਾਰੇ ਦੇ ਸਾਰੇ ਆਗੂਆਂ ਨੂੰ 5 ਦਿਨ 'ਆਪਣੀ ਰੂਹ ਦੀ ਪਾਕੀਜ਼ਗੀ ਵਾਸਤੇ ਕੀਰਤਨ ਸੁਣਨ, ਲੰਗਰ ਦੇ ਬਰਤਨ ਸਾਫ਼ ਕਰਨ, ਜੋੜੇ-ਘਰਾਂ ਵਿੱਚ ਜੋੜੇ ਸਾਫ਼ ਕਰਨ, ਦਰਬਾਰ ਸਾਹਿਬ ਦੀ ਪਰਕਰਮਾ 'ਚ ਝਾੜੂ ਦੇਣ' ਦੀ ਤਨਖ਼ਾਹ ਲਾਈ। ਇਨ੍ਹਾਂ ਆਗੂਆਂ ਵਿਚੋਂ ਬਹੁਤਿਆਂ ਨੇ ਇਕ-ਅੱਧ ਦਿਨ ਤਨਖ਼ਾਹ 'ਤੇ ਅਮਲ ਕਰਦਿਆਂ ਫ਼ੋਟੋਆਂ ਖਿਚਵਾਈਆਂ। ਸਿਰਫ਼ ਸਿਮਰਨਜੀਤ ਸਿੰਘ ਨੇ ਇਸ 'ਤੇ ਪੂਰੀ ਤਰ੍ਹਾਂ ਅਮਲ ਕੀਤਾ।

ਨਵਾਂ ਅਕਾਲੀ ਦਲ ਬਣਾਉਣ ਦਾ ਮਾਸਲਾ ਅਜੇ ਵਿਚੇ ਹੀ ਲਟਕਦਾ ਰਿਹਾ। ਕਿਉਂਕਿ ਮਨਜੀਤ ਸਿੰਘ ਬਾਦਲ ਨੂੰ ਉਡੀਕ ਰਿਹਾ ਸੀ। ਉਸ ਨੇ ਬਾਦਲ ਨੂੰ 2 ਮਈ ਨੂੰ ਪੇਸ਼ ਹੋਣ ਵਾਸਤੇ ਫੇਰ ਸੰਮਨ ਭੇਜੇ (ਮਗਰੋਂ ਇਹ ਤਾਰੀਖ਼ 6 ਮਈ ਕਰ ਦਿੱਤੀ)।

ਅਕਾਲੀ ਦਲ (ਅੰਮ੍ਰਿਤਸਰ) ਦੀ ਕਾਇਮੀ

ਜਦ ਬਾਦਲ ਨੇ ਸਿਰ ਝੁਕਾਉਣੋਂ ਨਾਂਹ ਕਰ ਦਿਤੀ ਤਾਂ 2 ਮਈ 1994 ਦੇ ਦਿਨ ਮਨਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ ਕਾਇਮ ਕਰਨ ਦਾ ਐਲਾਨ ਕਰ ਦਿੱਤਾ (ਮਗਰੋਂ ਅਕਾਲ ਤਖ਼ਤ ਦੇ ਸੇਵਦਾਰ ਹੀ ਇਸ ਤੋਂ ਮੁੱਕਰ ਗਏ)। ਇਸ ਅਕਾਲੀ ਦਲ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ)' ਰੱਖਿਆ ਗਿਆ। ਇਸ ਅਕਾਲੀ ਦਲ ਦੀ ਇਕ 6 ਮੈਂਬਰੀ ਐਡਹਾਕ ਕਮੇਟੀ ਬਣਾ ਦਿੱਤੀ ਗਈ। ਇਹ 6 ਸਨ: ਸਿਮਰਨਜੀਤ ਸਿੰਘ ਮਾਨ, ਜਗਦੇਵ ਸਿੰਘ ਤਲਵੰਡੀ, ਮਨਜੀਤ ਸਿੰਘ (ਭਰਾ ਭਾਈ ਅਮਰੀਕ ਸਿੰਘ), ਜਸਮੇਰ ਸਿੰਘ ਬਾਲਾ, ਅਮਰਿੰਦਰ ਸਿੰਘ, ਸੁਰਜੀਤ ਬਰਨਾਲਾ *(ਅਕਾਲੀ ਆਗੂ ਅਤੇ ਪੁਜਾਰੀ, ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ, ਸੁਰਜੀਤ ਬਰਨਾਲਾ ਨੂੰ ਅਜੇ ਵੀ ਪੰਥਕ ਮੰਨ ਰਹੇ ਸਨ)*। ਸੱਤਵੀਂ ਥਾਂ ਬਾਦਲ ਵਾਸਤੇ ਖ਼ਾਲੀ ਰੱਖੀ ਗਈ। (ਮਗਰੋਂ ਬਾਦਲ ਦੇ ਨਾ ਆਉਣ 'ਤੇ ਸੁਖਜਿੰਦਰ ਸਿੰਘ ਨੂੰ ਸਤਵਾਂ ਮੈਂਬਰ ਪਾਇਆ ਗਿਆ)।

ਇਸ ਨਵੇਂ ਅਕਾਲੀ ਦਲ ਦਾ ਨਵਾਂ ਮੈਨੀਫ਼ੈਸਟੋ ਵੀ ਐਲਾਨਿਆ ਗਿਆ। ਇਸ ਮੈਨੀਫ਼ੈਸਟੇ ਵਿਚ ਬੁਨਿਆਦੀ ਨੁਕਤਾ ਸੀ: ''ਭਾਰਤ ਅਤੇ ਸਿੱਖਾਂ ਦੀ ਕਨਫ਼ੈਡਰੇਸ਼ਨ ਕਾਇਮ ਕਰਨਾ।'' ਇਸ ਦਾ ਪੈਟਰਨ ਰੂਸੀ ਸੂਬਿਆਂ ਦੇ ਆਧਾਰ ਵਾਲਾ ਸੀ। ਇਸ ਮੈਨੀਫ਼ੈਸਟੋ ਨੂੰ 'ਅੰਮ੍ਰਿਤਸਰ ਐਲਾਨਨਾਮਾ' ਅਤੇ 'ਖਾਲਸਾ ਪੰਥ ਨਾਲ ਪ੍ਰਣ ਪੱਤਰ' ਵੀ ਆਖਿਆ ਗਿਆ। ਇਸ ਦੇ ਲਫ਼ਜ਼ ਇਹ ਸਨ:

ਸ਼੍ਰੋਮਣੀ ਪੰਥ ਅਕਾਲੀ ਦਲ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿ ਕੇ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਆਧਾਰਿਤ ਪੰਜਾਬੀ ਕੌਮੀ ਸਭਿਆਚਾਰ ਦੇ ਮੋਹਰੀ ਹੋਣ ਵਜੋਂ ਸਿੱਖ ਕੌਮ ਲਈ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜੱਦੋ-ਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ, ਜਿਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਤੋਂ ਪਹਿਲਾਂ ਕਾਂਗਰਸ ਨੇ ਇਕ ਅਜਿਹਾ ਖਿੱਤਾ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਇਹ ਹੋਂਦ ਵਿਚ ਨਹੀਂ ਆਇਆ। ਸਿਰਫ਼ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ ਗਿਣਤੀਆਂ ਦੇ ਜਜ਼ਬਾਤ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ। ਇਤਿਹਾਸ ਦੇ ਇਸ ਮੋੜ 'ਤੇ ਇਕ ਪਾਸੇ ਜੇ ਦੱਖਣ-ਪੂਰਬੀ ਏਸ਼ੀਆ ਬੇਚੈਨ ਹੈ ਤਾਂ ਦੂਜੇ ਪਾਸੇ ਪੱਛਮੀ ਕੌਮਾਂ ਵੀ ਆਪਣੀ ਤਕਦੀਰ ਘੜਣ ਲਈ ਕਦਰਾਂ-ਕੀਮਤਾਂ ਦੇ ਨਵੇਂ ਸਿਰਿਓਂ ਵਿਉਂਤਨ ਲਈ ਵੀ ਕੋਸ਼ਿਸ਼ਾਂ ਕਰ ਰਹੀਆਂ ਹਨ। ਅਜਿਹੀ ਹਾਲਤ ਵਿਚ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਬ੍ਰਹਿਮੰਡੀ ਏਕਤਾ ਅਤੇ ਇਕਸੁਰਤਾ, ਸੰਵਾਦ, ਸ਼ਾਇਰਾਨਾ ਤਰਜ਼ਿ-ਜ਼ਿੰਦਗੀ, ਲੁੱਟ-ਖਸੁੱਟ ਰਹਿਤ ਰਾਜਨੀਤੀ ਅਤੇ ਦੂਜਿਆਂ ਨੂੰ ਅਪੀਲ ਕਰਨ ਵਾਲੀ ਮਾੜੀ ਬਿਰਤੀ ਤੋਂ ਮੁਕਤ ਖਿੱਤਾ, ਹੋਰਨਾਂ ਸਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਹੋਵੇਗਾ। ਇਸ ਖਿੱਤੇ ਵਿਚ ਸਿੱਖੀ ਜੀਵਨ ਜਾਚ ਉਤੇ ਉੱਸਰੀਆਂ, ਵਿਲੱਖਣ ਧਾਰਮਿਕ, ਆਰਥਿਕ, ਰਾਜਸੀ ਅਤੇ ਸਮਾਜਿਕ ਸੰਸਥਾਵਾਂ ਇਕ ਪਾਸੇ ਮੌਲਿਕ ਚੇਤਨਤਾ ਨੂੰ ਸਾਕਾਰ ਕਰਨਗੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਤਿਹਾਸ ਵਿਚ ਇਕ ਅਜਿਹਾ ਮੌਕਾ ਪ੍ਰਦਾਨ

ਕਰਨਗੀਆਂ ਜੋ ਪਿਛਲੇ ਸਮੇਂ ਵਿਚ ਨਹੀਂ ਮਿਲਿਆ। ਅਜਿਹੀ ਪ੍ਰਾਪਤੀ ਨਾਲ ਸਿੱਖੀ ਅਤੇ ਪੰਜਾਬੀਅਤ, ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਇਜ਼ਹਾਰ ਰਾਹੀਂ ਗੌਰਵਸ਼ੀਲ ਯੋਗਦਾਨ ਦੇ ਸਕੇਗੀ।

ਅਕਾਲੀ ਦਲ ਦਾ ਇਹ ਮੱਤ ਹੈ ਕਿ ਹਿੰਦੁਸਤਾਨ ਵੱਖ-ਵੱਖ ਕੌਮੀ ਸਭਿਆਚਾਰਾਂ ਦਾ ਇਕ ਉਪ ਮਹਾਂਦੀਪ ਹੈ, ਜਿਸ ਵਿਚ ਹਰ ਸੱਭਿਆਚਾਰ ਦੀ ਆਪਣੀ ਨਿਵੇਕਲੀ ਵਿਰਾਸਤ ਅਤੇ ਨਿਵੇਕਲੀ ਮੁੱਖ ਧਾਰਾ ਹੈ। ਇਸ ਉਪ ਮਹਾਂਦੀਪ ਨੂੰ ਇਕ ਕਨਫ਼ੈਡਰਲ ਵਿਧਾਨ ਰਾਹੀਂ ਨਵੇਂ ਸਿਰਿਓਂ ਜਥੇਬੰਦਕ ਕਰਨ ਦੀ ਲੋੜ ਹੈ ਤਾਂ ਜੋ ਹਰ ਸਭਿਆਚਾਰ ਆਪਣੀ ਪ੍ਰਤਿਭਾ ਅਤੇ ਆਭਾ ਅਨੁਸਾਰ ਪ੍ਰਫੁਲਿਤ ਹੋਵੇ ਅਤੇ ਆਪਣੀ ਵਿਸ਼ੇਸ਼ ਖ਼ੁਸ਼ਬੂ ਵਿਸ਼ਵ ਸਭਿਆਚਾਰ ਦੇ ਬਾਗ਼ ਨੂੰ ਦੇ ਸਕੇ। ਜੇ ਇਸ ਤਰ੍ਹਾਂ ਦਾ ਕਨਫ਼ੈਡਰਲ ਨਵ-ਸੰਗਠਤ ਢਾਂਚਾ, ਹਿੰਦੁਸਤਾਨੀ ਹੁਕਮਰਾਨਾਂ ਵਲੋਂ ਪਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਪ੍ਰਭੂਸਤਾ ਸੰਪੰਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਜੱਦੋ-ਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ। (ਦਸਤਖ਼ਤ: ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਜਸਮੇਰ ਸਿੰਘ ਬਾਲਾ, ਸੁਰਜੀਤ ਬਰਨਾਲਾ, ਮਨਜੀਤ ਸਿੰਘ)

ਖਾਲਸਾ ਪੰਥ ਨਾਲ ਪ੍ਰਣ ਪੱਤਰ:

ਅਸੀਂ ਅਕਾਲ ਤਖ਼ਤ ਸਾਹਿਬ ਜੀ ਅਤੇ ਦਰਬਾਰ ਸਾਹਿਬ ਦੀ ਪਾਵਨ ਧਰਤੀ 'ਤੇ ਬੈਠ ਕੇ ਪਿਛਲੇ ਦਿਨਾਂ ਤੋਂ ਆਪਸੀ ਏਕਤਾ ਦੀਆਂ ਸਿਧਾਂਤ ਆਧਾਰਿਤ ਵਿਚਾਰਾਂ ਕਰਨ ਮਗਰੋਂ ਇਹ ਪ੍ਰਣ ਅੱਜ ਦੇ ਇਸ ਪੰਥਕ ਇਕੱਠ ਵਿਚ ਗੁਰੂ ਸੰਗਤਾਂ ਦੇ ਸਾਹਮਣੇ ਕਰਦੇ ਹਾਂ।

ਅੱਜ ਤੋਂ ਅਸੀਂ ਸਾਰੇ ਮਤਭੇਦ ਭੁਲਾ ਕੇ ਕੌਮੀ ਹਿੱਤਾਂ ਦੀ ਖ਼ਾਤਰ ਇਕੱਠੇ ਵਿਚਰਾਂਗੇ। ਪੰਥ ਦੋਖੀਆਂ ਦੀਆਂ ਸਾਜ਼ਿਸ਼ਾਂ ਅਧੀਨ ਆਪਸੀ ਖਿੱਚੋਤਾਣ ਦੇ ਸ਼ਿਕਾਰ ਹੋਣ ਤੋਂ ਪੂਰਨ ਤੌਰ 'ਤੇ ਮੁਕਤ ਰਹਾਂਗੇ।

ਸਾਡੀ ਸੋਚ ਅਕਾਲ ਤਖ਼ਤ ਸਾਹਿਬ ਜੀ ਨੂੰ ਸਮਰਪਿਤ ਹੈ। ਅਸੀਂ ਹਰ ਉਸ ਕਾਰਜ ਲਈ ਹਮੇਸ਼ਾ ਯਤਨਸ਼ੀਲ ਹੋਵਾਂਗੇ ਜੋ ਸਾਨੂੰ ਖਾਲਸਾ ਪੰਥ ਦੀਆਂ ਪ੍ਰੇਰਨਾਵਾਂ 'ਚੋਂ ਪ੍ਰਾਪਤ ਹੈ ਅਤੇ ਪ੍ਰਾਪਤ ਹੋਵੇਗਾ। ਖਾਲਸਾਈ ਰਵਾਇਤ ਦੀ ਪਾਲਣਾ ਲਈ ਆਪਣਾ ਤਨ, ਮਨ, ਧਨ ਕੌਮ ਨੂੰ ਸਮਰਪਿਤ ਕਰਦੇ ਹਾਂ। ਅਸੀਂ ਹਰ ਮੁਮਕਿਨ ਯਤਨ ਕਰ ਕੇ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠੇ ਕਰ ਕੇ ਕੌਮੀ ਕਾਰਜ ਲਈ ਜਮਹੂਰੀ ਢੰਗ-ਤਰਕੇ ਨਾਲ ਸਦੀਵੀ ਤੌਰ 'ਤੇ ਜੂਝਦੇ ਰਹਾਂਗੇ। ਕਿਸੇ ਵੀ ਸੂਰਤ ਵਿਚ ਕੌਮ ਨਾਲ ਵਿਸਾਹਘਾਤ ਨਹੀਂ ਕਰਾਂਗੇ ਤੇ ਇਕ ਸੇਵਕ ਦੀ ਹੈਸੀਅਤ ਵਿਚ ਵਿਚਾਰਾਂਗੇ।

ਗੁਰੂ ਪੰਥ ਦੇ ਦਾਸ:

ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ,
ਜਸਮੇਰ ਸਿੰਘ ਬਾਲਾ, ਮਨਜੀਤ ਸਿੰਘ (ਭਾਈ), ਸੁਰਜੀਤ ਬਰਨਾਲਾ

ਬਾਦਲ ਵਲੋਂ ਮਨਜੀਤ ਸਿੰਘ ਦੀ 'ਹੁਕਮ ਅਦੂਲੀ

6 ਮਈ 1994 ਦੇ ਦਿਨ ਬਾਦਲ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਇਆ। ਉਸ ਦੇ ਨਾਲ ਉਸ ਦੇ ਸੈਂਕੜੇ ਹਿਮਾਇਤੀ ਵੀ ਸਨ। ਬਾਦਲ ਦੇ ਹਿਮਾਇਤੀਆਂ ਨੇ ਮਨਜੀਤ ਸਿੰਘ ਦੀ ਬਹੁਤ ਬੇਇੱਜ਼ਤੀ ਕੀਤੀ। ਉਸ ਨੂੰ ਧੱਕੇ ਵੀ ਮਾਰੇ ਤੇ ਇਸ ਦੌਰਾਨ ਉਸ ਦੀ ਪੱਗ ਤਕ ਵੀ ਲੱਥ ਗਈ। ਮਨਜੀਤ ਸਿੰਘ ਤੇ ਬਾਦਲ ਢਾਈ ਘੰਟੇ ਇਕੱਠੇ ਰਹੇ, ਪਰ ਇਸ ਵਿਚੋਂ ਕੁਝ ਵੀ ਨਾ ਨਿਕਲਿਆ। ਬਾਦਲ ਨੇ ਮਨਜੀਤ ਸਿੰਘ ਦੀ ਕੋਈ ਵੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ। ਮਨਜੀਤ ਸਿੰਘ ਵੀ ਕੋਈ ਸਟੈਂਡ ਨਾ ਲੈ ਸਕਿਆ। ਮੀਟਿੰਗ ਮਗਰੋਂ ਮਨਜੀਤ ਸਿੰਘ ਨੇ ਬਾਦਲ ਨੂੰ ਕੋਈ 'ਹੁਕਮ' ਜਾਰੀ ਨਹੀਂ ਕੀਤਾ ਤੇ ਕੋਈ ਐਲਾਨ ਵੀ ਨਾ ਕੀਤਾ ਤੇ ਸਿਰਫ਼ ਏਨਾ ਹੀ ਕਿਹਾ ਕਿ (ਬਾਦਲ ਵਲੋਂ ਸਾਂਝੇ ਅਕਾਲੀ ਦਲ 'ਚ ਸ਼ਾਮਿਲ ਨਾ ਹੋਣ ਦੀ ਕਾਰਵਾਈ ਦਾ) 'ਨਿਬੇੜਾ ਪੰਥ ਹੀ ਕਰੇਗਾ।' ਦੂਜੇ ਪਾਸੇ ਬਾਦਲ ਨੇ ਇਕ ਬਿਆਨ ਵਿਚ ਕਿਹਾ ਕਿ ਮਨਜੀਤ ਸਿੰਘ ਨੇ ਉਸ ਨੂੰ ਆਪਣੇ ਦਲ ਦੀ ਵੱਖਰੀ ਹੋਂਦ ਰੱਖਣ ਦੀ ਇਜਾਜ਼ਤ ਦੇ ਦਿੱਤੀ ਹੈ। ਦਰਅਸਲ ਮਨਜੀਤ ਸਿੰਘ ਬਾਦਲ ਤੇ ਉਸ ਦੇ ਡਾਂਗਾਂ ਵਾਲੇ ਸਾਥੀਆਂ ਤੋਂ ਡਰ ਕੇ ਦਹਿਲ ਗਿਆ ਸੀ। ਉਂਞ ਵੀ ਉਸ ਦੀ ਸ਼ਖ਼ਸੀਅਤ ਵਿਚ 'ਜ਼ੁਰਅਤ' ਵਾਲੀ ਕੋਈ ਗੱਲ ਨਹੀਂ ਸੀ।

ਰਛਪਾਲ ਸਿੰਘ ਦਿੱਲੀ ਦਾ ਡਰਾਮਾ

ਦਿੱਲੀ ਦਾ ਰਛਪਾਲ ਸਿੰਘ, ਜਿਸ ਨੂੰ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਨੇ ਪੰਥ 'ਚੋਂ ਖਾਰਿਜ ਕੀਤਾ ਹੋਇਆ ਸੀ, ਵੀ ਪੰਥ ਤੋਂ ਕੱਟਿਆ ਹੋਣ ਕਰ ਕੇ ਸਿੱਖੀ 'ਚ ਵਾਪਿਸ ਆਉਣ ਨੂੰ ਤਰਲੋ-ਮੱਛੀ ਹੋ ਰਿਹਾ ਸੀ। ਉਸ ਨੇ ਵੇਖਿਆ ਸੀ ਕਿ ਬੂਟਾ ਸਿੰਘ ਨਾਲ ਨਰਮੀ ਵਾਲਾ ਸਲੂਕ ਹੋਇਆ ਸੀ। ਉਨ੍ਹਾਂ ਦਿਨਾਂ ਵਿਚ 11 ਮਈ ਨੂੰ ਮਨਜੀਤ ਸਿੰਘ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਦਾ 'ਸਮਝੌਤਾ' ਕਰਵਾਉਣ ਵਾਸਤੇ ਦਿੱਲੀ ਪੁੱਜਾ ਹੋਇਆ ਸੀ। 15 ਮਈ ਨੂੰ ਉਸ ਨੇ ਕਮੇਟੀ ਦੇ ਕੁਝ ਮੈਂਬਰਾਂ ਨਾਲ ਗੱਲਬਾਤ ਕੀਤੀ। 17 ਮਈ ਨੂੰ ਰਛਪਾਲ ਸਿੰਘ ਵੀ ਉਸ ਨੂੰ ਮਿਲਿਆ ਅਤੇ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਦੀ ਖ਼ਾਹਿਸ਼ ਦਾ ਇਜ਼ਹਾਰ ਕਰਦਿਆਂ ਇਕ ਚਿੱਠੀ ਪੇਸ਼ ਕੀਤੀ। ਮਨਜੀਤ ਸਿੰਘ ਨੂੰ ਉਸ ਨੂੰ 24 ਮਈ 1994 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਹਾਜ਼ਿਰ ਹੋਣ ਵਾਸਤੇ ਆਖਿਆ। ਜਦੋਂ ਰਛਪਾਲ ਸਿੰਘ ਅਕਾਲੀ ਤਖਤ ਸਾਹਿਬ 'ਤੇ ਪੇਸ਼ ਹੋਇਆ ਤਾਂ ਉਸ ਨੂੰ 21 ਦਿਨ ਗੁਰਦੁਆਰਿਆਂ ਵਿਚ ਜੋੜੇ ਝਾੜਨ ਤੇ ਭਾਂਡੇ ਮਾਜਣ ਦੀ ਤਨਖ਼ਾਹ ਲਾਈ ਗਈ। ਰਛਪਾਲ ਸਿੰਘ ਨੇ ਉਸ ਵੇਲੇ ਤਨਖ਼ਾਹ ਪੂਰੀ ਕਰਨ ਦਾ ਪ੍ਰਣ ਕੀਤਾ। ਉਸ ਨੇ 5 ਦਿਨ 'ਤੇ ਅਮਲ ਕੀਤਾ, ਪਰ ਦਿੱਲੀ ਦਰਬਾਰ ਦੀ ਹਦਾਇਤ 'ਤੇ ਪਹਿਲੀ ਜੂਨ ਨੂੰ ਬਗ਼ਾਵਤ ਕਰਨ ਦਾ ਐਲਾਨ ਕਰ ਦਿੱਤਾ। ਉਸ ਨੇ ਆਪਣੇ ਬਾਗ਼ੀ-ਬਿਆਨ ਵਿਚ ਕਿਹਾ ਕਿ ਮਨਜੀਤ ਸਿੰਘ ਸ਼੍ਰੋਮਣੀ ਕਮੇਟੀ ਦਾ ਇਕ ਮੁਲਾਜ਼ਮ ਹੈ ਤੇ ਉਸ ਦਾ ਹੁਕਮਨਾਮਾ ਇਕ 'ਫ਼ਰਾਡ' ਹੈ। ਇਸ 'ਤੇ ਮਨਜੀਤ ਸਿੰਘ ਰਛਪਾਲ ਸਿੰਘ ਨੂੰ ਪੰਥ 'ਚੋਂ 'ਖਾਰਿਜ ਕਰਨ' ਦਾ 'ਹੁਕਮਨਾਮਾ' ਜਾਰੀ ਕਰ ਦਿੱਤਾ। (ਅਕਾਲ ਤਖ਼ਤ ਸਾਹਿਬ ਅਤੇ ਇਸ ਦੇ 'ਅਖੌਤੀ' ਹੁਕਮਨਾਮੇ ਬਾਰੇ ਜਾਣਨ ਵਾਸਤੇ ਵੇਖੋ ਲੇਖਕ ਦੀ ਕਿਤਾਬ: *ਸਿੱਖ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦਾ ਰੋਲ*)।

ਬਾਦਲ ਵੱਲੋਂ ਨਵਾਂ ਅਕਾਲੀ ਦਲ ਬਣਾਉਣ ਦਾ ਫ਼ੈਸਲਾ

ਅਕਾਲ ਤਖ਼ਤ ਸਾਹਿਬ 'ਤੋਂ ਸਾਂਝਾ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ)

ਐਲਾਨੇ ਜਾਣ, ਅਤੇ ਆਰ.ਐਸ.ਐਸ. ਦੇ ਹੁਕਮ ਹੇਠ, ਬਾਦਲ ਵਲੋਂ ਇਸ ਵਿਚ ਸ਼ਾਮਿਲ ਹੋਣ ਦੇ ਹੁਕਮ ਨੂੰ ਨਾ ਮੰਨਣ ਮਗਰੋਂ ਬਾਦਲ ਨੇ ਆਪਣੇ ਅਕਾਲੀ ਦਲ ਨੂੰ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ਬਾਦਲ ਨਾਲ ਪੁਰਾਣੇ ਅਕਾਲੀ ਆਗੂਆਂ ਵਿਚੋਂ ਸਿਰਫ਼ ਥੋੜ੍ਹੇ ਜਿਹੇ ਹੀ ਬਚੇ ਸਨ ਤੇ ਬਹੁਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਜਾ ਮਿਲੇ ਸਨ। ਬਾਦਲ ਦੇ ਨਾਲ ਰਹਿ ਜਾਣ ਵਾਲੇ ਦੋ ਕਿਸਮ ਦੇ ਅਕਾਲੀ ਵਰਕਰ ਸਨ: ਉਸ਼ ਦੇ ਨਿੱਜੀ ਸਾਥੀ ਜਾਂ ਪੈਰੋਕਾਰ (ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਪ੍ਰਕਾਸ਼ ਸਿੰਘ ਮਜੀਠਾ, ਗੁਰਦੇਵ ਸਿੰਘ ਬਾਦਲ ਵਗ਼ੈਰਾ), ਮਾਨ ਤੋਂ ਨਿਰਾਸ਼ ਕੁਝ ਅਕਾਲੀ ਆਗੂ (ਕੁਲਦੀਪ ਸਿੰਘ ਵਡਾਲਾ ਤੇ ਰਣਜੀਤ ਸਿੰਘ ਬ੍ਰਹਮਪੁਰਾ) ਅਤੇ ਜਾਂ ਫਿਰ ਉਹ ਜੋ ਪੰਥਕ ਪਿੜ ’ਚੋਂ ਨਹੀਂ ਸਨ ਆਏ ਤੇ ਕਾਂਗਰਸੀ, ਦੂਜੇ ਗ਼ੈਰ-ਅਕਾਲੀ ਜਾਂ ਜਾਗੀਰਦਾਰ ਸਨ।

ਪਰ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਢਾਂਚਾ ਵੀ ਅਜੀਬ ਸੀ। ਇਸ ਵਿਚ ਇਕ ਤਾਂ ਦਰਬਾਰ ਸਾਹਿਬ ’ਤੇ ਹਮਲਾ ਕਰਨ ਤੇ ਹਜ਼ਾਰਾਂ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿਚ ਕਤਲ ਕਰਵਾਉਣ ਵਾਲਾ ਸੁਰਜੀਤ ਬਰਨਾਲਾ ਅਤੇ ਦੂਜਾ 1984 ਵਿਚ ਦਰਬਾਰ ਸਾਹਿਬ ’ਤੇ ਹਮਲਾ ਕਰਨ ਵਾਲੀ ਭਾਰਤੀ ਫੌਜ ਦਾ ਇਕ ਛੋਟਾ ਜਰਨੈਲ ਜਸਮੇਰ ਸਿੰਘ ਬਾਲਾ ਵੀ ਇਸ ਦੀ ਪੰਚਾਇਤ ਦੇ ਮੈਂਬਰ ਸਨ। ਯਾਨਿ ਦੋਹਾਂ ਅਕਾਲੀ ਦਲਾਂ ਦਾ ਢਾਂਚਾ ਅਜੀਬ ਹੀ ਸੀ।

ਬਾਦਲ ਦਾ ਸਿੱਖ ‘ਬੁੱਧੀਜੀਵੀ’ ਮਿਸ਼ਨ ਦਾ ਡਰਾਮਾ (ਜੂਨ 1994)

ਆਰ.ਐਸ.ਐਸ. ਦੇ ਹੁਕਮ ਹੇਠ ਅਕਾਲ ਤਖ਼ਤ ਦੇ ਪੁਜਾਰੀ ਨੂੰ ਰੱਦ ਕਰਨ ਮਗਰੋਂ ਬਾਦਲ ਨੇ ਅਕਾਲੀ ਦਲ ਦਾ ਵਿਧਾਨ ਬਦਲ ਕੇ ਇਸ ਨੂੰ ‘ਪੰਜਾਬੀ ਪਾਰਟੀ’ ਬਣਾਉਣ ਦਾ ਫ਼ੈਸਲਾ ਕਰ ਲਿਆ। ਪਰ, ਆਪਣੀ ਆਰ.ਐਸ.ਐਸ. ਨਾਲ ਸਾਂਝ ਦਾ ਸ਼ੱਕ ਨਾ ਪੈਣ ਵਾਸਤੇ ਉਸ ਨੇ ਇਕ ਡਰਾਮਾ ਖੇਡਿਆ। ਉਸ ਨੇ ਜੂਨ 1994 ਵਿਚ ਆਪਣੇ ਘਰ ਸੈਕਟਰ 9 ਵਿਚ ਸਿੱਖ ਬੁੱਧੀਜੀਵੀ ਬੁਲਾ ਲਏ। ਇਨ੍ਹਾਂ ਵਿਚ ਜੇ.ਐਸ. ਗਰੇਵਾਲ, ਜਸਬੀਰ ਸਿੰਘ ਆਹਲੂਵਾਲੀਆ, ਪ੍ਰਿਥੀਪਾਲ ਸਿੰਘ ਕਪੂਰ, ਡਾ. ਦਰਸ਼ਨ ਸਿੰਘ ਸ਼ਾਮਿਲ ਸਨ। ਇਨ੍ਹਾ ਨਾਲ ਗੱਲਬਾਤ ਕਰਦਿਆਂ ਬਾਦਲ ਨੇ ਉਨ੍ਹਾਂ ਨੂੰ ਪੁੱਛਿਆ ਕਿ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿਚ ਉਹ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਵਿਚੋਂ ਕਿਸ ਨਾਲ ਸਮਝੌਤਾ ਕਰੇ, ਕਿਉਂਕਿ ਅਕਾਲੀ ਦਲ ਆਪਣੀ ਤਾਕਤ ਨਾਲ ਪੂਰੀ ਅਕਸਰੀਅਤ (ਬਹੁਮਤ) ਵਾਲੀ ਸਰਕਾਰ ਨਹੀਂ ਬਣਾ ਸਕੇਗਾ। ਉਸ ਨੇ ਨਾਲ ਹੀ ਇਹ ਵੀ ਕਹਿ ਦਿੱਤਾ ਕਿ 1984 ਤੋਂ 1993 ਤਕ ਕਾਂਗਰਸ ਨੇ ਸਿੱਖਾਂ ’ਤੇ ਬਹੁਤ ਜ਼ੁਲਮ ਕੀਤਾ ਹੈ, ਕੀ ਸਿੱਖ ਇਸ ਨਾਲ ਸਮਝੌਤਾ ਕਬੂਲ ਕਰ ਲੈਣਗੇ। ਬਾਦਲ ਦੇ ਇਨ੍ਹਾਂ ਲਫ਼ਜ਼ਾਂ ਨੇ ਬੁੱਧੀਜੀਵੀਆਂ ਦਾ ਗੱਲਬਾਤ ਦਾ ਦਾਇਰਾ ਪਹਿਲਾਂ ਹੀ ਮਹਿਦੂਦ ਕਰ ਦਿੱਤਾ ਤੇ ਉਨ੍ਹਾਂ ਕੋਲ ਹੁਣ ਇਕ ਹੀ ਨੁਕਤਾ ਸੀ ਕਿ ਉਹ ਜਾਂ ਤਾਂ ਭਾਰਤੀ ਜਨਤਾ ਪਾਰਟੀ ਨਾਲ ਸਮਝੌਤੇ ਦੀ ਹਿਮਾਇਤ ਕਰਦੇ ਜਾਂ ਮੁਖ਼ਲਾਫ਼ਤ। ਡਾ. ਦਰਸ਼ਨ ਸਿੰਘ ਨੇ ਕਿਸੇ ਨਾਲ ਵੀ ਸਮਝੌਤਾ ਨਾ ਕਰ ਕੇ ਆਜ਼ਾਦ ਰਹਿਣ ਦਾ ਸੁਝਾਅ ਦਿੱਤਾ। ਪ੍ਰਿਥੀਪਾਲ ਸਿੰਘ ਕਪੂਰ ਕਿਉਂਕਿ ਕਾਂਗਰਸ ਦੇ ਅਰਜਨ ਸਿੰਘ ਦਾ ਵਫ਼ਾਦਾਰ ਸੀ, ਉਸ ਨੇ ਕਾਂਗਰਸ ਨਾਲ ਮਿਲਣ ਦੀ ਹਿਮਾਇਤ ਕੀਤੀ। ਆਹਲੂਵਾਲੀਆ ਨੇ ਕਿਹਾ ਕਿ ਕਾਂਗਰਸ ’ਤੇ ਇਤਬਾਰ ਨਹੀਂ ਕੀਤਾ ਜਾ ਸਕਦਾ; ਇਸ ਪਾਰਟੀ ਨੇ ਸੁਰਜੀਤ ਬਰਨਾਲਾ ਨਾਲ ਵਾਰ-ਵਾਰ ਧੋਖਾ ਕੀਤਾ ਸੀ। ਜੇ.ਐਸ, ਗਰੇਵਾਲ, ਜੋ ਬਹੁਤ ਘਾਗ ਕਿਸਮ ਦਾ ਬੰਦਾ ਹੈ, ਨੇ ਕੋਈ ਸਿੱਧਾ ਜਵਾਬ ਨਾ ਦਿੱਤਾ; ਉਹ ਦਰਅਸਲ ਦੂਹਰੀ ਵਫ਼ਾਦਾਰੀ ਰੱਖਦਾ ਸੀ ਕਿਉਂਕਿ 1969 ਵਿਚ ਅਕਾਲੀ ਦਲ

ਨੇ ਉਸ ਨੂੰ ਗੁਰੂ ਨਾਨਕ ਯੂਨੀਵਰਸਿਟੀ ਵਿਚ ਹਿਸਟਰੀ ਮਹਿਕਮੇ ਦਾ ਮੁਖੀ ਬਣਾਇਆ ਸੀ ਤੇ ਮਗਰੋਂ ਦਰਬਾਰਾ ਸਿੰਘ ਦੀ ਸਰਕਾਰ ਨੇ ਉਸ ਨੂੰ ਵਾਈਸ ਚਾਂਸਲਰ ਬਣਾਇਆ ਸੀ। ਦੂਜਾ, ਗਰੇਵਾਲ ਨੇ ਤਾੜ ਲਿਆ ਸੀ ਕਿ ਬਾਦਲ ਅੰਦਰੋਂ ਤਾਂ ਭਾਜਪਾ ਨਾਲ ਸਮਝੌਤੇ ਦੇ ਹੱਕ ਵਿਚ ਹੈ ਇਸ ਕਰ ਕੇ ਉਸ ਕਿਹਾ ਕਿ ‘ਮੈਂ ਅਕਾਲੀ-ਕਾਂਗਰਸ ਸਮਝੌਤੇ ਦੇ ਹੱਕ ਵਿਚ ਹਾ ਪਰ ਮੌਜੂਦਾ ਸੂਰਤ ਵਿਚ ਭਾਜਪਾ ਨਾਲ ਸਮਝੌਤਾ ਠੀਕ ਰਹੇਗਾ। ਹੁਣ ਆਹਲੂਵਾਲੀਆ ਅਤੇ ਗਰੇਵਾਲ ਦੀ ਹਿਮਾਇਤ ਮਿਲਣ ਮਗਰੋਂ ਬਾਦਲ ਦੀ ਸਕੀਮ ਕਾਮਯਾਬ ਹੋ ਚੁਕੀ ਸੀ। ਅਖ਼ੀਰ ਮੀਟਿੰਗ ਵਿਚ ਭਾਜਪਾ ਨਾਲ ਸਮਝੌਤੇ ਦੀ ਹਿਮਾਇਤ ਦਾ ਫ਼ੈਸਲਾ ਹੋ ਗਿਆ। ਇੰਜ ਬਾਦਲ ਨੇ ਆਰ.ਐਸ.ਐਸ. ਨਾਲ ਆਪਣੀ ਗੰਢ-ਸੰਢ ਨੂੰ ਬੁੱਧੀਜੀਵੀਆਂ ਦੇ ਗਲ ਮੜ੍ਹ ਦਿੱਤਾ। ਇਸ ਦੇ ਨਾਲ ਹੀ ਉਸ ਨੇ ਬੁੱਧੀਜੀਵੀਆਂ ਤੋਂ ਇਸ ਗੱਲ ਦੀ ਹਿਮਾਇਤ ਵੀ ਹਾਸਿਲ ਕਰ ਲਈ ਸੀ ਕਿ ਅਕਾਲੀ ਦਲ ਵਿਚ ਗ਼ੈਰ ਸਿੱਖਾਂ ਨੂੰ ਵੀ ਭਰਤੀ ਕੀਤਾ ਜਾਵੇ।

ਬਾਦਲ ਦਲ ‘ਪੰਜਾਬੀ ਦਲ’ ਬਣਿਆ, ਦਲ ’ਚ ਹਿੰਦੂ ਭਰਤੀ ਸ਼ੁਰੂ

24 ਜੁਲਾਈ ਨੂੰ ਬਾਦਲ ਨੇ ਆਪਣੇ ਧੜੇ ਦਾ ਇਕ ਇਕੱਠ ਮੋਗਾ ਵਿਚ ਕੀਤਾ। ਇਸ ਇੱਕਠ ਵਿਚ ਬਾਦਲ ਅਕਾਲੀ ਦਲ ਦੀ ਨਵੀਂ ਭਰਤੀ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਕਾਨਫ਼ਰੰਸ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਅਸੂਲ ਨੂੰ ਵੀ ਬਦਲ ਦਿੱਤਾ ਗਿਆ ਤੇ ਇਸ ਨਵੀਂ ਤਬਦੀਲੀ ਹੇਠ ‘‘ਗ਼ੈਰ-ਸਿੱਖ ਵੀ ਅਕਾਲੀ ਦਲ (ਬਾਦਲ) ’ਚ ਭਰਤੀ ਹੋ ਸਕਣਗੇ” ਦਾ ਮਤਾ ਪਾਸ ਕੀਤਾ ਗਿਆ। ਇਹ ਸੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਅਕਾਲੀ ਦਲ ਦੇ ‘‘ਪੰਥਕ” ਰੋਲ ਨੂੰ ਮਨਫ਼ੀ ਕਰ ਕੇ ਇਸ ਨੂੰ ਅਕਾਲੀ ਦਲ ਦੀ ਥਾਂ ‘ਪੰਜਾਬੀ ਦਲ’ ਬਣਾਉਣ ਦਾ ਐਲਾਨ-ਨਾਮਾ। ਇਸ ਮਗਰੋਂ ਬਾਦਲ ਦੀ ਸਾਰੀ ਸਿਆਸਤ ਤਾਕਤ, ਕੁਰਸੀ, ਦੌਲਤ, ਪਰਿਵਾਰ, ਧੜਾ, ਸਿੰਡੀਕੇਟ ਦੇ ਦੁਆਲੇ ਘੁੰਮਣ ਲੱਗ ਪੈਣੀ ਸੀ। ਅਕਾਲੀ ਦਲ (ਬਾਦਲ) ਹੋਰ ਸਭ ਕੁਝ ਰਹਿਣਾ ਸੀ ਪਰ ‘ਪੰਥਕ ਜਾਂ ‘ਅਕਾਲੀ ਨਹੀਂ ਸੀ ਰਹਿਣਾ।

24 ਜੁਲਾਈ ਨੂੰ ਬਾਦਲ ਅਕਾਲੀ ਦਲ ਨੇ ਐਲਾਨ ਕੀਤਾ ਕਿ ਉਹ ਨਵੰਬਰ ਵਿਚ ਆ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੀ ਚੋਣ ਲੜੇਗਾ। ਇਸ ’ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵੀ 26 ਜੁਲਾਈ ਨੂੰ ਐਲਾਨ ਕਰ ਦਿੱਤਾ ਕਿ ਉਨ੍ਹਾਂ ਦਾ ਦਲ ਗਿੱਦੜਬਾਹਾ ਦੀ ਆ ਰਹੀ ਜ਼ਿਮਨੀ ਚੋਣ ਲੜੇਗਾ। ਇਹ ਬਾਦਲ ਵਾਸਤੇ ਇਕ ਖ਼ਤਰੇ ਦੀ ਘੰਟੀ ਸੀ ਕਿਉਂਕਿ ਉਹ ਗਿੱਦੜਬਾਹਾ ਚੋਣ ਜਿਤਣ ਦੀ ਆਸ ਲਾਈ ਬੈਠਾ ਸੀ ਤੇ ਅੰਮ੍ਰਿਤਸਰ ਅਕਾਲੀ ਦਲ ਵਲੋਂ ਇਸੇ ਸੀਟ ਤੋਂ ਚੋਣ ਲੜਨ ਨਾਲ ਬਾਦਲ ਲਈ ਚੋਣ ਜਿੱਤਣਾ ਜੇ ਨਾਮੁਮਕਿਨ ਨਹੀਂ ਤਾਂ ਘਟੋ-ਘਟ ਬੇਹੱਦ ਮੁਸ਼ਕਿਲ ਹੋ ਜਾਣਾ ਸੀ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਵਰਕਿੰਗ ਕਮੇਟੀ

26 ਜੁਲਾਈ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਵਰਕਿੰਗ ਕਮੇਟੀ ਦਾ ਐਲਾਨ ਕਰ ਦਿੱਤਾ ਗਿਆ। ਇਸ ਵਿਚ ਪ੍ਰੀਜ਼ੀਡੀਅਮ ਦੇ ਛੇ ਤੋਂ ਇਲਾਵਾ ਹੇਠ ਲਿਖੇ 39 ਮੈਂਬਰਾਂ ਨਾਂ ਸ਼ਾਮਿਲ ਸਨ: ਕਰਤਾਰ ਸਿੰਘ ਨਾਰੰਗ (ਦਿੱਲੀ), ਅਮਰ ਸਿੰਘ ਨਲਨੀ ਹਰਿਆਣਾ), ਹਰਿੰਦਰ ਸਿੰਘ ਤਰਨਤਾਰਨੀ, ਜਰਨੈਲ ਸਿੰਘ ਨਾਰੰਗਵਾਲ, ਇੰਦਰਜੀਤ ਸਿੰਘ ਜੀਰਾ, ਰਣਜੀਤ ਸਿੰਘ,

ਮਨਜੀਤ ਖਹਿਰਾ, ਰਵੀ ਇੰਦਰ ਸਿੰਘ, ਜਸਜੀਤ ਸਿੰਘ, ਰਾਜਾ ਨਰਿਦਰ ਸਿੰਘ ਨਾਭਾ, ਠੇਕੇਦਾਰ ਸੁਰਜਨ ਸਿੰਘ, ਬਸੰਤ ਸਿੰਘ ਖਾਲਸਾ, ਸੁਖਦੇਵ ਸਿੰਘ ਢਿਲੋਂ, ਨਿਰਮਲ ਸਿੰਘ ਕਾਹਲੋਂ, ਤੋਤਾ ਸਿੰਘ, ਗੋਪਾਲ ਸਿੰਘ ਮਾਨਸਾ, ਸੂਬਾ ਸਿੰਘ ਮੁਕਤਸਰ, ਬਹਾਲ ਸਿੰਘ ਪੱਟੀ, ਜੋਗਿੰਦਰ ਸਿੰਘ ਬਾਜਵਾ, ਕਾਬਲ ਸਿੰਘ, ਜਾਗੀਰ ਕੌਰ, ਸੁਚਾ ਸਿੰਘ ਛੋਟੇਪੁਰ, ਸਵਰਨ ਸਿੰਘ ਪੰਜਗਰਾਈਂ, ਭਾਈ ਰਾਮ ਸਿੰਘ, ਜਗਮੋਹਨ ਸਿੰਘ ਟੋਨੀ, ਚੰਨਣ ਸਿੰਘ ਡਡਿਆਣਾ, ਗੁਰਦੇਵ ਸਿੰਘ ਬਟਾਲਵੀ, ਤੇਜਾ ਸਿੰਘ ਦਰਦੀ, ਕੁਲਵਿੰਦਰ ਸਿੰਘ ਖੋਜਕੀਪੁਰ, ਸਰਬਜੀਤ ਸਿੰਘ ਜੰਮੂ, ਗੁਰਸੇਵ ਸਿੰਘ ਹਰਪਾਲਪੁਰ, ਸਰਬਜੀਤ ਸਿੰਘ ਸੋਹਲ, ਜਸਵਿੰਦਰ ਸਿੰਘ ਡਰੋਲੀ, ਬਲਵੰਤ ਸਿੰਘ ਟੌਹੜਾ, ਰਖਪਾਲ ਸਿੰਘ ਬਠਿੰਡਾ ਵਗ਼ੈਰਾ।

ਬਾਦਲ ਧੜੇ ਦੀ ਵਰਕਿੰਗ ਕਮੇਟੀ

31 ਜੁਲਾਈ 1994 ਨੂੰ ਬਾਦਲ ਅਕਾਲੀ ਦਲ ਨੇ ਵੀ ਆਪਣੀ ਵਰਕਿੰਗ ਕਮੇਟੀ ਦਾ ਐਲਾਨ ਕਰ ਦਿੱਤਾ। ਇਸ ਵਿਚ ਹੇਠ ਲਿਖੇ ਨਾਂ ਸ਼ਾਮਿਲ ਸਨ: (ਸਰਪਰਸਤ) ਆਤਮਾ ਸਿੰਘ, (ਪ੍ਰਧਾਨ) ਪ੍ਰਕਾਸ਼ ਸਿੰਘ ਬਾਦਲ, (ਸੀਨੀਅਰ ਮੀਤ ਪ੍ਰਧਾਨ) ਕੁਲਦੀਪ ਸਿੰਘ ਵਡਾਲਾ, (ਜੂਨੀਅਰ ਮੀਤ ਪ੍ਰਧਾਨ) ਗੁਰਦੇਵ ਸਿੰਘ ਬਾਦਲ, (ਸਕੱਤਰ ਜਨਰਲ) ਸੁਖਦੇਵ ਸਿੰਘ ਢੀਂਡਸਾ, (ਸਕੱਤਰ) ਬਲਵਿੰਦਰ ਸਿੰਘ ਭੂੰਦੜ ਤੇ ਕੈਪਟਨ ਕੰਵਲਜੀਤ ਸਿੰਘ, (ਦਫ਼ਤਰ ਸਕੱਤਰ) ਸੁਜਾਨ ਸਿੰਘ ਤੇ ਮਨਮੋਹਣ ਸਿੰਘ, (ਵਰਕਿੰਗ ਕਮੇਟੀ): ਮਹਿਦਰ ਸਿੰਘ ਰੋਮਾਨਾ, ਚਰਨਜੀਤ ਸਿੰਘ ਵਾਲੀਆ, ਸਰੂਪ ਸਿਘ ਜਲੰਧਰ, ਮੇਜਰ ਸਿੰਘ ਉੱਬੋਕੇ, ਨੱਥਾ ਸਿੰਘ ਦਾਲਮ, ਹਰੀ ਸਿੰਘ ਜ਼ੀਰਾ, ਮੋਹਣ ਸਿੰਘ ਮਟੀਆ, ਤਾਲਬ ਸਿੰਘ ਸੰਧੂ, ਚਰਨਜੀਤ ਸਿੰਘ ਅਟਵਾਲ, ਰਜਿਦਰ ਸਿੰਘ ਧਾਲੀਵਾਲ, ਜਤਿਦਰ ਸਿੰਘ ਕਰੀਹਾ, ਪ੍ਰੀਤਮ ਸਿੰਘ ਸ਼ਰੀਂਹ, ਬਲਦੇਵ ਸਿੰਘ ਖਿਆਲਾ, ਹਰਿਦਰ ਸਿੰਘ ਖਾਲਸਾ, ਕੁਲਦੀਪ ਸਿੰਘ ਭਾਟੀਆ ਜਲੰਧਰ ਵਗ਼ੈਰਾ।

ਅਕਾਲੀ ਦਲ (ਅੰਮ੍ਰਿਤਸਰ) ਵਿਚ ਫ਼ੁੱਟ

ਪਹਿਲੀ ਅਗਸਤ 1994 ਦੇ ਦਿਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਐਲਾਨ ਕੀਤਾ ਕਿ 15 ਅਗਸਤ ਦਾ ਦਿਨ 'ਕਾਲਾ ਦਿਨ ਵਜੋਂ ਮਨਾਇਆ ਜਾਏਗਾ। ਸੁਰਜੀਤ ਬਰਨਾਲਾ ਨੇ ਇਸ ਦੇ ਖ਼ਿਲਾਫ਼ ਬਿਆਨ ਦੇ ਮਾਰਿਆ। ਬਰਨਾਲਾ ਦੇ ਇਸ ਬਿਆਨ ਦੀ ਅਕਾਲੀ ਦਲ (ਅੰਮ੍ਰਿਤਸਰ) ਕੇ ਕਈ ਸੀਨੀਅਰ ਆਗੂਆਂ ਨੇ ਨਿੰਦਾ ਕੀਤੀ। ਇਨ੍ਹਾਂ ਨੇ 8 ਅਗਸਤ ਦੇ ਦਿਨ ਬਰਨਾਲਾ ਨੂੰ ਮੁਆਫ਼ੀ ਮੰਗਣ ਵਾਸਤੇ ਆਖਿਆ ਨਹੀਂ ਤਾਂ ਅਸਤੀਫ਼ੇ ਦੀ ਧਮਕੀ ਵੀ ਦਿੱਤੀ। ਇਨ੍ਹਾਂ ਸੀਨੀਅਰ ਆਗੂਆਂ ਵਿਚ ਜਗਮੋਹਨ ਸਿੰਘ, ਭਾਈ ਰਾਮ ਸਿੰਘ, ਸੁੱਚਾ ਸਿੰਘ ਛੋਟੇਪੁਰ, ਜਾਗੀਰ ਕੌਰ, ਸਵਰਨ ਸਿੰਘ ਪੰਜਗਰਾਈਂ ਵੀ ਸ਼ਾਮਿਲ ਸਨ। ਇਸ ਮਾਹੌਲ ਵਿਚ ਅਕਾਲੀ ਦਲ ਦੀ ਇਕ ਕਾਨਫ਼ਰਸ 13 ਅਗਸਤ ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਹੋਈ। ਇਸ ਵਿਚ 15 ਅਗਸਤ ਨੂੰ 'ਕਾਲਾ ਦਿਨ' ਵਜੋਂ ਮਨਾਉਣ ਤੇ ਆਜ਼ਾਦੀ ਜਸ਼ਨਾਂ ਦਾ ਬਾਈਕਾਟ ਕਰਨ ਦੀ ਤਾਈਦ ਕੀਤੀ ਗਈ।

20 ਅਗਸਤ ਦੇ ਦਿਨ ਅਕਾਲੀ ਦਲ (ਅੰਮ੍ਰਿਤਸਰ) ਦੀ ਇਕ ਕਾਨਫ਼ਰੰਸ ਪਿੰਡ ਲੌਂਗੋਵਾਲ 'ਚ ਹੋਈ। ਇਸ ਇਕੱਠ ਵਿਚ ਅਕਾਲੀ ਆਗੂਆਂ ਨੇ ਆਜ਼ਾਦ ਸਿੱਖ ਰਾਜ ਦੀ ਮੰਗ ਦੋਹਰਾਈ। 21 ਅਗਸਤ ਨੂੰ ਬਟਾਲਾ ਵਿਚ ਰੱਖੜ ਪੁੰਨਿਆ ਦੇ ਸਮਾਗਮ ਵਿਚ ਸਿਮਰਨਜੀਤ ਸਿੰਘ ਮਾਨ ਨੇ

ਖਾਲਿਸਤਾਨ ਦੀ ਮੰਗ ਫੇਰ ਕੀਤੀ। ਪਰ ਇਨ੍ਹਾਂ ਦਿਨਾਂ ਵਿਚ ਹੀ ਬਾਦਲ ਨੇ ਕਰਨਲ ਹਰਬੰਤ ਸਿੰਘ ਕਾਹਲੋਂ ਵਰਗਾ (ਸਾਬਕਾ) ਖਾੜਕੂ ਹਿਮਾਇਤੀ ਆਪਣੇ ਦਲ ਵਲ ਖਿੱਚ ਲਿਆ। 18 ਸਤੰਬਰ ਦੇ ਦਿਨ ਬੀ.ਐਨ. ਛਿੱਬਰ ਨੇ ਪੰਜਾਬ ਦੇ ਗਵਰਨਰ ਵਜੋਂ ਸਹੁੰ ਚੁੱਕ ਲਈ। ਟੌਹੜਾ ਤੇ ਮਾਨ ਨੇ ਇਸ ਦੀ ਜ਼ਬਰਦਸਤ ਨਿੰਦਾ ਕੀਤੀ ਤੇ ਕਿਹਾ ਕਿ ਛਿੱਬਰ ਦਰਬਾਰ ਸਾਹਿਬ 'ਤੇ ਹਮਲੇ (ਜੂਨ 84) 'ਚ ਸ਼ਾਮਿਲ ਸੀ (ਉਸ ਨੂੰ ਦਰਬਾਰ ਸਾਹਿਬ ਗਏ ਨੂੰ ਰਸਮੀ ਸਿਰੋਪਾ ਵੀ ਨਾ ਦਿੱਤਾ ਗਿਆ)।

ਬਲਾਕ ਸੰਮਤੀ ਚੋਣਾਂ ਵਿਚ ਦੋਹਾਂ ਧੜਿਆਂ ਦੀ ਬਰਾਬਰ ਦੀ ਟੱਕਰ

27 ਸਤੰਬਰ 1994 ਦੇ ਦਿਨ ਪੰਜਾਬ ਵਿਚ ਪੰਚਾਇਤ ਤੇ ਬਲਾਕ ਸੰਮਤੀ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਬੇਅੰਤ ਨੇ ਸਾਰੀ ਸਰਕਾਰੀ ਮਸ਼ੀਨਰੀ ਵੀ ਵਰਤੀ ਅਤੇ ਧੱਕੇਸ਼ਾਹੀ ਤੇ ਗੁੰਡਾਗਰਦੀ ਵੀ ਕੀਤੀ। ਨਤੀਜੇ ਵਜੋਂ ਉਸ ਨੇ 1464 ਸੀਟਾਂ ਵਿਚੋਂ 330 ਸੀਟਾਂ 'ਤੇ ਜਾਂ ਤਾਂ ਅਕਾਲੀ ਉਮੀਦਵਾਰ ਹੀ ਖੜ੍ਹੇ ਨਾ ਹੋਣ ਦਿਤੇ ਤੇ ਜਾਂ ਉਨ੍ਹਾਂ ਦੇ ਕਾਗਜ਼ ਰੱਦ ਕਰਵਾ ਦਿਤੇ। ਇੰਞ 330 ਕਾਂਗਰਸੀ ਬਿਨਾ ਮੁਕਾਬਲਾ ਜਿੱਤਣ ਦਾ ਐਲਾਨ ਕਰਵਾ ਲਿਆ। ਬਾਕੀ ਸੀਟਾਂ 'ਤੇ ਹੋਈਆਂ ਚੋਣਾਂ ਵਿਚ ਵੀ ਉਹ ਕਾਫ਼ੀ ਸੀਟਾਂ ਧੱਕੇ ਨਾਲ ਲੈ ਗਿਆ। ਪੰਚਾਇਤ ਸੰਮਤੀਆਂ ਦੀਆਂ 976 ਸੀਟਾਂ ਵਿਚੋਂ ਕਾਂਗਰਸ ਦੇ 402, ਬਾਦਲ ਧੜੇ ਦੇ 188, ਅਕਾਲੀ ਦਲ (ਅੰਮ੍ਰਿਤਸਰ) ਦੇ 88 ਤੇ ਬਸਪਾ ਦੇ 85 ਉਮੀਦਵਾਰ ਜਿੱਤੇ। ਇੰਞ ਹੀ ਜ਼ਿਲਾ ਪ੍ਰੀਸ਼ਦਾਂ ਵਿਚ 272 ਸੀਟਾਂ ਵਿਚੋਂ ਕਾਂਗਰਸ ਨੇ 119, ਬਾਦਲ ਧੜੇ ਨੇ 59, ਅਕਾਲੀ ਦਲ (ਅੰਮ੍ਰਿਤਸਰ) ਨੇ 43 ਤੇ ਬਸਪਾ ਨੇ 19 ਸੀਟਾਂ ਜਿੱਤੀਆਂ। ਜੇਤੂ ਅਕਾਲੀ ਉਮੀਦਵਾਰਾਂ ਵਿਚੋਂ ਬਾਦਲ ਧੜੇ ਨੂੰ ਕੁਝ ਸੀਟਾਂ ਵਧ ਇਸ ਕਰ ਕੇ ਮਿਲੀਆਂ ਸਨ ਕਿ ਅਕਾਲੀ ਦਲ (ਅੰਮ੍ਰਿਤਸਰ) ਅਜੇ ਤਕ ਜਥੇਬੰਦ ਹੀ ਨਹੀਂ ਸੀ ਹੋ ਸਕਿਆ ਵਰਨਾ ਉਹ ਬਾਦਲ ਧੜੇ ਤੋਂ ਦੂਣੀਆਂ ਸੀਟਾਂ ਲਿਜਾ ਸਕਦਾ ਸੀ। ਕਈ ਸੀਟਾਂ 'ਤੇ ਦੋਵੇਂ ਅਕਾਲੀ ਦਲ ਵੀ ਆਪਸ ਵਿਚ ਭਿੜੇ ਸਨ ਤੇ ਉਹ ਸੀਟਾਂ ਕਾਂਗਰਸ ਦੇ ਹੱਥ ਲੱਗ ਗਈਆਂ ਸਨ। ਉਂਞ ਜੇ ਦੋਵੇਂ ਅਕਾਲੀ ਦਲ ਇਕੱਠੇ ਰਹਿੰਦੇ ਤਾਂ ਸਾਰੀ ਸਰਕਾਰੀ ਮਸ਼ੀਨਰੀ ਵਰਤ ਕੇ, ਹੇਰਾ-ਫੇਰੀ ਕਰ ਕੇ, ਵੀ ਬੇਅੰਤ ਕਾਂਗਰਸ ਨੂੰ ਅਕਸਰੀਅਤ ਨਹੀਂ ਸੀ ਦਿਵਾ ਸਕਦਾ।

ਦੋਹਾਂ ਦਲਾਂ ਵਿਚ ਫੇਰ ਹਿਲਜੁਲ

ਪੰਚਾਇਤੀ ਚੋਣਾਂ ਵਿਚ ਆਪਸ ਵਿਚ ਭਿੜ ਕੇ ਨੁਕਸਾਨ ਉਠਾਉਣ ਮਗਰੋਂ ਦੋਹਾਂ ਧੜਿਆਂ ਵਿਚ ਏਕਤਾ ਦੀ ਗੱਲਬਾਤ ਫੇਰ ਚਲ ਪਈ। ਕਈ ਵਰਕਰ ਦੋਹਾਂ ਦਲਾਂ 'ਚ ਏਕੇ ਵਾਸਤੇ ਕੋਸ਼ਿਸ਼ਾਂ ਕਰਦੇ ਰਹੇ। ਪਰ ਦੂਜੇ ਪਾਸੇ ਦੋਹਾਂ ਪਾਸਿਆਂ ਤੋਂ ਇਕ-ਦੂਜੇ ਦੇ ਵਰਕਰ ਤੋੜਨ ਦੀਆਂ ਕਾਰਵਾਈਆਂ ਵੀ ਬ-ਦਸਤੂਰ ਚਲਦੀਆਂ ਰਹੀਆਂ। ਇਸ ਨਾਲ ਏਕਤਾ ਦੀਆਂ ਆਸਾਂ ਤੇ ਨਫ਼ੀ-ਅਸਰ ਪੈਂਦਾ ਸੀ। 7 ਅਕਤੂਬਰ ਦੇ ਦਿਨ ਟੌਹੜਾ ਨੇ ਇਸ ਹਾਲਤ ਬਾਰੇ ਇਕ ਟਿੱਪਣੀ ਦੇਂਦਿਆਂ ਆਖਿਆ ਕਿ 'ਜੇ ਮੂਹਰਲੀ ਕਤਾਰ ਦੇ 5-6 ਅਕਾਲੀ ਆਗੂਆਂ ਨੂੰ ਪਲੇਗ ਹੋ ਜਾਏ ਤਾਂ ਸ਼ਾਇਦ ਏਕਤਾ ਹੋ ਜਾਏ।' ਇਸ ਤੋਂ ਇਹ ਸਾਫ਼ ਪਤਾ ਲਗਦਾ ਹੈ ਕਿ ਕੁਝ ਅਕਾਲੀ ਆਗੂ ਅਤੇ ਵਰਕਰ ਏਕਤਾ ਦੇ ਚਾਹਵਾਨ ਸਨ, ਪਰ ਦੂਜੇ ਪਾਸੇ ਸੀਨੀਅਰ ਚੌਧਰੀ ਏਕਤਾ ਨਹੀਂ ਸਨ ਚਾਹੁੰਦੇ। ਉਨ੍ਹਾਂ ਵਿਚ ਖ਼ੁਦਗਰਜ਼ੀ, ਹੰਕਾਰ ਤੇ ਗੱਦੀ ਦੀ ਭੁੱਖ ਬਹੁਤ ਜ਼ਿਆਦਾ ਸੀ। ਇਨ੍ਹਾਂ ਵਿਚੋਂ ਸਭ ਤੋਂ ਵੱਧ ਨਫ਼ੀ ਰੋਲ ਬਾਦਲ ਦਾ ਸੀ। ਇੰਞ ਹੀ ਕੁਝ ਅਕਾਲੀ ਵਰਕਰਾਂ ਨੂੰ ਇਹ ਵੀ ਆਸ ਸੀ ਕਿ ਹੋ ਸਕਦਾ

ਹੈ ਕਿ ਭਲਕੇ ਬਾਦਲ ਦੇ ਹੱਥ ਹੀ ਹਕੂਮਤ ਆ ਜਾਵੇ ਤੇ ਉਹ ਵੀ ਹਕੂਮਤ 'ਚੋਂ ਹਿੱਸਾ ਹਾਸਿਲ ਕਰ ਸਕਣ। ਅਜਿਹੇ ਅਕਾਲੀ ਵਰਕਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੂੰ ਛੱਡ ਕੇ ਬਾਦਲ ਵੱਲ ਰੁਖ਼ ਕਰੀ ਬੈਠੇ ਸਨ। 16 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਦਾ ਸੀਨੀਅਰ ਮੀਤ ਪ੍ਰਧਾਨ ਉਂਕਾਰ ਸਿੰਘ ਮੱਤੇਨੰਗਲ ਬਾਦਲ ਧੜੇ ਵਿਚ ਸ਼ਾਮਿਲ ਹੋ ਗਿਆ। ਉਸ ਨੂੰ ਸ਼ਾਇਦ ਇਹ ਆਸ ਸੀ ਕਿ ਆਉਂਦੀਆਂ ਚੋਣਾਂ ਵਿਚ ਉਹ ਬਾਦਲ ਧੜੇ ਵਲੋਂ ਪ੍ਰਧਾਨਗੀ ਦਾ ਉਮੀਦਵਾਰ ਬਣ ਜਾਵੇਗਾ। ਇੰਵ ਹੀ 23 ਅਕਤੂਬਰ ਨੂੰ ਰਣਧੀਰ ਸਿੰਘ ਚੀਮਾ ਵੀ ਟੌਹੜਾ ਨਾਲ ਨਿੱਜੀ ਤੇ ਮੁਕਾਮੀ ਮੁਖ਼ਾਲਫ਼ਤ ਕਰ ਕੇ ਬਾਦਲ ਨਾਲ ਜਾ ਰਲਿਆ।

27 ਅਕਤੂਬਰ ਨੂੰ ਬਾਦਲ ਧੜੇ ਦੀ ਮੀਟਿੰਗ ਕੁਲਦੀਪ ਸਿੰਘ ਵਡਾਲਾ ਦੇ ਘਰ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਦੋਹਾਂ ਦਲਾਂ ਵਿਚ ਏਕਤਾ ਸਬੰਧੀ ਬਾਦਲ ਧੜਾ ਆਪਣੀ ਪਹਿਲੀ ਪੁਜ਼ੀਸ਼ਨ ਤੇ ਕਾਇਮ ਰਹੇਗਾ।

ਉਧਰ ਅਕਾਲੀ ਦਲ (ਅੰਮ੍ਰਿਤਸਰ) ਵਿਚ ਵੀ ਫ਼ੁੱਟ ਪੈ ਗਈ। ਸਿਮਰਨਜੀਤ ਸਿੰਘ ਮਾਨ ਨੇ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ। ਉਸ ਦਾ ਇਲਜ਼ਾਮ ਸੀ ਕਿ ਫ਼ਤਹਿਗੜ੍ਹ ਸਾਹਿਬ ਜ਼ਿਲਾ ਪ੍ਰੀਸ਼ਦ ਦੀ ਚੋਣ ਵਿਚ ਉਸ ਦੀ ਪਾਰਟੀ ਦੇ ਦੂਜੇ ਧੜੇ ਦੇ ਕਈ ਸੀਨੀਅਰ ਵਰਕਰਾਂ ਨੇ ਉਸ ਦੇ ਉਮੀਦਵਾਰ ਦੇ ਖ਼ਿਲਾਫ਼ ਵੋਟਾਂ ਪਾ ਕੇ ਉਸ ਨੂੰ ਹਰਵਾਇਆ ਸੀ। ਇਸ ਅਸਤੀਫ਼ੇ ਮਗਰੋਂ ਅਕਾਲੀ ਦਲ (ਅੰਮ੍ਰਿਤਸਰ) ਦੇ ਕਈ ਆਗੂਆਂ ਨੇ ਸਿਮਰਨਜੀਤ ਸਿੰਘ ਮਾਨ ਤੋਂ ਮੁਆਫ਼ੀ ਮੰਗੀ ਤੇ ਬੜੀ ਮੁਸ਼ਕਿਲ ਨਾਲ ਉਸ ਨੂੰ ਅਸਤੀਫ਼ਾ ਵਾਪਿਸ ਲੈਣ ਵਾਸਤੇ ਮਨਾਇਆ।

ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਤੋਂ ਪਹਿਲਾਂ

25 ਨਵੰਬਰ 1994 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੀ ਸਾਲਾਨਾ ਚੋਣ ਹੋਣੀ ਸੀ। ਬਾਦਲ ਨੇ ਐਲਾਨ ਕੀਤਾ ਸੀ ਕਿ ਉਹ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਕਾਬਲੇ 'ਤੇ ਆਪਣਾ ਉਮੀਦਵਾਰ ਖੜ੍ਹੇ ਕਰ ਕੇ ਚੋਣ ਜਿੱਤੇਗਾ। 31 ਅਕਤੂਬਰ ਨੂੰ ਅਕਾਲੀ ਦਲ (ਅੰਮ੍ਰਿਤਸਰ) ਨੇ ਗੁਰਚਰਨ ਸਿੰਘ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵਾਸਤੇ ਆਪਣਾ ਉਮੀਦਵਾਰ ਐਲਾਨ ਕਰ ਦਿੱਤਾ। 6 ਨਵੰਬਰ ਨੂੰ ਬਾਦਲ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਧੜਾ ਪ੍ਰਧਾਨਗੀ ਚੋਣ 'ਚ ਆਪਣਾ ਉਮੀਦਵਾਰ ਖੜ੍ਹਾ ਕਰੇਗਾ ਪਰ ਜੇ ਟੌਹੜਾ ਚੋਣ ਨਾ ਲੜੇ ਤਾਂ ਅਸੀਂ ਮੁਕਾਬਲਾ ਨਹੀਂ ਕਰਾਂਗੇ। 8 ਨਵੰਬਰ ਨੂੰ ਬਾਦਲ ਨੇ ਫੇਰ ਐਲਾਨ ਕੀਤਾ ਕਿ ਮੈਂ ਟੌਹੜਾ ਨੂੰ ਲਾਹੁਣ ਦੀ ਪੱਕੀ ਧਾਰੀ ਹੋਈ ਹੈ। ਇਸੇ ਦਿਨ ਟੌਹੜਾ ਨੇ ਆਖਿਆ ਕਿ ਜੇ ਬਾਦਲ ਅਕਾਲ ਤਖ਼ਤ ਸਾਹਿਬ 'ਤੇ ਆਪਣੀ ਭੁਲ ਬਖਸ਼ਵਾ ਲਵੇ ਤਾਂ ਮੈਂ ਪ੍ਰਧਾਨਗੀ ਚੋਣ ਤੋਂ ਪੱਕਾ ਲਾਂਭੇ ਹੋ ਜਾਵਾਂਗਾ। ਇਸੇ ਦਿਨ ਬਰਨਾਲਾ, ਤਲਵੰਡੀ ਤੇ ਜਸਮੇਰ ਸਿੰਘ ਬਾਲਾ ਨੇ ਵੀ ਬਾਦਲ ਦੇ ਖ਼ਿਲਾਫ਼ ਬਿਆਨ ਦਿਤੇ।

ਮਨਜੀਤ ਸਿੰਘ ਵਲੋਂ ਬਾਦਲ ਨੂੰ ਇੱਕ ਹੋਰ ਖ਼ਤ

10 ਨਵੰਬਰ ਨੂੰ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਮਨਜੀਤ ਸਿੰਘ ਨੇ ਬਾਦਲ ਨੂੰ ਇੱਕ ਹੋਰ ਖ਼ਤ ਲਿਖ ਕੇ ਰਾਜ-ਹਠ ਛੱਡਣ ਤੇ ਤਖ਼ਤ ਸਾਹਿਬ ਤੋਂ ਭਗੌੜੇ ਨਾ ਹੋਣ ਵਾਸਤੇ ਆਖਿਆ। ਇਹ ਚਿੱਠੀ ਇੰਵ ਸੀ:

ਪਿਆਰੇ ਸ: ਪ੍ਰਕਾਸ਼ ਸਿੰਘ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਪਿਛਲੇ ਦਿਨੀਂ ਮੈਂ ਤੁਹਾਨੂੰ ਸਾਰੇ ਅਕਾਲੀ ਸੱਜਣਾਂ ਨੂੰ ਸੰਬੋਧਿਤ ਹੁੰਦਿਆਂ ਇਕ ਪੱਤਰ ਲਿਖਿਆ ਸੀ, ਜਿਸ ਰਾਹੀਂ ਆਪਸ ਵਿਚ ਸਿਰ ਤੋੜਨ ਦੀ ਬਜਾਏ ਸਿਰ ਜੋੜਨ ਦੀ ਗੱਲ ਆਖੀ ਸੀ, ਕਿਉਂਕਿ ਸਿੱਖ ਸੰਗਤਾਂ ਦੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੀ ਇਹ ਅੰਦਰੂਨੀ ਤੜਪ ਹੈ। ਮੈਂ ਸਮਝਦਾ ਹਾਂ ਕਿ ਇਹ ਆਪਣੇ-ਆਪ ਵਿਚ ਵੱਡੀ ਨਮੋਸ਼ੀ ਦੀ ਗੱਲ ਹੈ ਕਿ ਢਾਈ ਕਰੋੜ ਦੀ ਇਹ ਕੌਮ ਲੰਬੇ ਅਰਸੇ ਦੇ ਖ਼ੂਨੀ ਸੰਘਰਸ਼ ਅਤੇ ਬਹੁਤ ਸਾਰਾ ਕੁਝ ਲੁਟਾਉਣ ਮਗਰੋਂ ਏਕਤਾ ਲਿਆਉਣ ਵਿਚ ਸਫ਼ਲ ਨਹੀਂ ਹੋਈ। ਉਹੀ ਪੁਰਾਣੀ ਲੀਡਰਸ਼ਿਪ ਅੱਜ ਫਿਰ ਆਪਣੇ-ਆਪ ਨੂੰ ਪੰਥ ਦੇ ਰਹਿਨੁਮਾ ਕਹਾ ਰਹੀ ਹੈ, ਜਿਨ੍ਹਾਂ ਨੂੰ ਕੌਮ ਵੇਲਾ ਵਿਹਾ ਚੁੱਕੀ ਗਰਦਾਨ ਚੁੱਕੀ ਸੀ। ਹਾਲਾਤ ਵੱਸ ਹੋ ਕੇ ਕੌਮ ਨੇ ਤੁਹਾਨੂੰ ਸਾਰਿਆਂ ਨੂੰ ਫਿਰ ਗਲ ਨਾਲ ਲਾ ਲਿਆ ਪਰ ਤੁਸੀਂ ਦੁਬਾਰਾ ਆਪਣਾ ਖ਼ੁਦਗਰਜ਼ੀ ਅਤੇ ਹਉਮੈ ਭਰਿਆ ਕਰੂਪ ਚਿਹਰਾ ਦਿਖਾਉਣ ਤੋਂ ਬਾਜ਼ ਨਹੀਂ ਆ ਰਹੇ। ਜਿਸ ਦਾ ਪ੍ਰਤੱਖ ਪ੍ਰਮਾਣ ਫ਼ਤਹਿਗੜ ਸਾਹਿਬ ਵਿਖੇ ਵਾਪਰੀ ਘਿਨਾਉਣੀ ਘਟਨਾ ਹੈ।

ਮੇਰਾ ਤੁਹਾਨੂੰ ਸਾਰਿਆਂ ਨੂੰ ਆਵਾਜ਼ ਮਾਰਨ ਦਾ ਇਕੋ ਹੀ ਮਕਸਦ ਸੀ, ਕੌਮ ਦੀਆਂ ਸੁੱਚੀਆਂ ਭਾਵਨਾਵਾਂ ਅਤੇ ਕੁਰਬਾਨੀਆਂ ਜਿਨ੍ਹਾਂ ਨੂੰ ਤੁਸੀਂ ਸਦਾ ਆਪਣੀ ਕੁਰਸੀ ਪ੍ਰਾਪਤੀ ਲਈ ਵਰਤਿਆ, ਦਾ ਕਰਜ਼ਾ ਉਤਾਰਨ ਲਈ ਤੁਸੀਂ ਸੇਵਕਾਂ ਵਾਲੀ ਬਿਰਤੀ ਦੇ ਧਾਰਨੀ ਬਣੋ ਅਤੇ ਕੁਰਸੀਆਂ ਦੀ ਥੋੜ-ਚਿਰੀ ਖੁਸ਼ੀ ਨੂੰ ਮਾਨਣ ਵਾਸਤੇ ਇਕ ਦੂਜੇ ਨੂੰ ਪਛਾੜਨ ਵਾਲੀ ਮਨਮੁਖੀ ਬਿਰਤੀ ਨੂੰ ਤਿਆਗੋ। ਐਸਾ ਕਰਨ ਵਿਚ ਕਿਸੇ ਪ੍ਰਕਾਰ ਦੀ ਵੀ ਦੇਰੀ ਤੁਹਾਡੇ ਸਾਰਿਆਂ ਲਈ ਆਤਮਘਾਤੀ ਸਿੱਧ ਹੋਵੇਗੀ। ਪਰ ਮੈਨੂੰ ਲਗਦਾ ਹੈ ਕਿ ਮੇਰੀ ਪੰਥ ਦੀਆਂ ਭਾਵਨਾਵਾਂ ਦੀ ਕੀਤੀ ਤਰਜਮਾਨੀ ਨੇ ਤੁਹਾਡੀ ਰੂਹ ਨੂੰ ਨਹੀਂ ਝੰਜੋੜਿਆ ਬਲਕਿ ਇਸ ਨੂੰ ਮੇਰੀ ਸਿਆਸਤ ਵਿਚ ਬੇਲੋੜੀ ਦਖਲ-ਅੰਦਾਜ਼ੀ ਕਹਿ ਕੇ ਨਕਾਰਿਆ ਜਾ ਰਿਹਾ ਹੈ। ਮੈਂ ਨਹੀਂ ਸਮਝਦਾ ਕਿ ਮੈਨੂੰ ਬਾਰ-ਬਾਰ ਇਹ ਕਹਿਣ ਦੀ ਲੋੜ ਹੈ ਕਿ ਇਸ **ਤਖ਼ਤ ਦੇ ਸੇਵਾਦਾਰ** ਦੀ ਕਿਸੇ ਵਿਅਕਤੀ, ਧੜੇ ਜਾਂ ਜਮਾਤ ਦੇ ਭੈ ਜਾਂ ਲਾਲਚ ਅਧੀਨ ਕੀਤੀ ਕੋਈ ਵੀ ਕਾਰਵਾਈ ਗੁਰੂ ਗ੍ਰੰਥ ਅਤੇ ਗੁਰੂ ਪੰਥ ਤੋਂ ਬੇਮੁਖ ਹੋਣਾ ਹੈ। ਪੰਥ ਦਰਦੀਆਂ ਦੀ ਰਾਏ ਅਨੁਸਾਰ ਅਤੇ ਕੌਮੀ ਚੇਤਨਾ ਵਿਚ ਇਤਨਾ ਨਿਘਾਰ ਨਹੀਂ ਆਇਆ ਕਿ ਤੁਹਾਡੀ ਅਕਾਲੀ ਸਿਆਸਤ ਦੀ ਬਦਦਿਆਨਤੀ ਦੇ ਮੱਦੇ-ਨਜ਼ਰ ਪੰਥਕ ਰਾਜਨੀਤੀ ਨੂੰ ਅਕਾਲ ਤਖ਼ਤ ਸਾਹਿਬ ਦੀ ਅਧਿਆਤਮਕਤਾ ਨਾਲੋਂ ਨਿਖੇੜ ਕੇ ਦੇਖਿਆ ਜਾ ਸਕੇ ਬਲਕਿ ਸਿੱਖ ਪੰਥ ਇਸ ਪ੍ਰਤੀ ਹੋਰ ਜਾਗਰੂਕ ਹੋ ਰਿਹਾ ਹੈ।

ਇਹ ਗੱਲ ਸੰਤੁਸ਼ਟੀ ਭਰੀ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਤੁਹਾਡੇ ਚੈਲਿੰਜ ਨੂੰ ਪ੍ਰਵਾਨ ਕਰਨ ਦੇ ਬਾਵਜੂਦ ਆਪਣੇ-ਆਪ ਨੂੰ ਪਿਛਲੀ ਕਤਾਰ ਵਿਚ ਖੜੋ ਕੇ ਸੇਵਾ ਕਰਨ ਲਈ ਪੇਸ਼ ਕੀਤਾ ਹੈ। ਤੁਹਾਡੇ ਕੋਲੋਂ ਅਕਾਲ ਤਖ਼ਤ ਰਾਹੀਂ ਗੁਰੂ ਪੰਥ ਦੇ ਸਨਮੁੱਖ ਹੋਣ ਦੀ ਮੰਗ ਕੀਤੀ ਹੈ। ਕੀ ਤੁਹਾਨੂੰ ਅਜੇ ਵੀ ਇਸ ਪੇਸ਼ਕਸ਼ ਦੀ ਰੌਸ਼ਨੀ ਵਿਚ ਆਪਣਾ ਰਾਜ ਹੱਠ ਛੱਡਣ ਵਿਚ ਝਿਜਕ ਹੈ? ਯਾਦ ਰੱਖਿਓ! ਹੋਣੀ ਬਾਰ-ਬਾਰ ਦਸਤਕ ਨਹੀਂ ਦਿੰਦੀ। ਜਦੋਂ ਇਸ ਦੀ ਆਵਾਜ਼ ਅਣਸੁਣੀ ਕੀਤੀ ਜਾਵੇ ਤਾਂ ਇਹ ਅਣਹੋਣੀ ਬਣ ਕੇ ਭਿਆਨਕ ਨਤੀਜਿਆਂ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਖੁਸ਼ਫਹਿਮੀਆਂ ਮਨੁੱਖ ਨੂੰ ਆਪਣੀ ਹਉਮੈ ਦੇ ਖੇਲ ਵਿਚੋਂ ਬਾਹਰ ਨਹੀਂ ਆਉਣ ਦਿੰਦੀਆਂ ਅਤੇ

ਬਾਹਰ ਆਉਣ ਤੋਂ ਬਿਨਾਂ ਸਮੇਂ ਦਾ ਸੱਚ ਪ੍ਰਗਟ ਨਹੀਂ ਹੁੰਦਾ। ਜ਼ਖ਼ਮੀ ਕੌਮੀ ਮਾਨਸਿਕਤਾ ਦੀ ਚੱਕੀ ਵਿਚ ਜਿਹੜਾ ਵੀ ਇਸ ਵੇਲੇ ਨਪੀੜਿਆ ਗਿਆ, ਉਸ ਕੋਲੋਂ ਮੁੜ ਕੇ ਸੰਭਲ ਨਹੀਂ ਹੋਣਾ। ਜਿਸ ਅਕਾਲ ਤਖ਼ਤ ਤੋਂ ਭਗੌੜੇ ਹੋਣ ਦਾ ਧੱਬਾ ਤੁਹਾਡੇ 'ਤੇ ਲੱਗ ਰਿਹਾ ਹੈ। ਉਸ ਤਖ਼ਤ ਦਾ ਮੁੱਖ ਸੇਵਾਦਾਰ ਤੁਹਾਨੂੰ ਚਿਤਾਵਨੀ ਦੇ ਰੂਪ ਵਿਚ ਕਹਿ ਰਿਹਾ ਹੈ। ਫ਼ੈਸਲਾ ਤੁਹਾਡੇ ਹੱਥ 'ਚ ਹੈ।

ਗੁਰੂ ਪੰਥ ਦੀ ਚੜ੍ਹਦੀ ਕਲਾ ਦੀ ਜੋਦੜੀ ਸਹਿਤ

ਗੁਲਾਮ ਗੁਰੂ ਦਾ, ਮਨਜੀਤ ਸਿੰਘ

ਮਨਜੀਤ ਸਿੰਘ ਦੀ ਚਿੱਠੀ ਦੇ ਬਾਵਜੂਦ 12 ਨਵੰਬਰ ਨੂੰ ਬਾਦਲ ਨੇ ਐਲਾਨ ਕਰ ਦਿੱਤਾ ਕਿ ਉਸ ਦੇ ਧੜੇ ਵਲੋਂ ਪ੍ਰੇਮ ਸਿੰਘ ਲਾਲਪੁਰਾ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦਾ ਉਮੀਦਵਾਰ ਹੋਵੇਗਾ (1958 ਵਿਚ ਕਾਂਗਰਸ ਨੇ ਇਸੇ ਲਾਲਪੁਰਾ ਨੂੰ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਖੜ੍ਹਾ ਕੀਤਾ ਸੀ)। 14 ਨਵੰਬਰ ਨੂੰ ਬਾਦਲ ਨੇ ਫੇਰ ਦੁਹਰਾਇਆ ਕਿ 'ਏਕਤਾ ਅਸੂਲੀ ਤੇ ਆਧਾਰਿਤ ਅਤੇ ਦਿਲਾਂ 'ਚੋਂ ਪੈਦਾ ਹੋਣੀ ਚਾਹੀਦੀ ਹੈ।' 15 ਨਵੰਬਰ ਨੂੰ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਦੇ ਦੋਹਾਂ ਉਮੀਦਵਾਰ (ਟੌਹੜਾ ਅਤੇ ਲਾਲਪੁਰਾ) ਤੋਂ ਮੰਗ ਕੀਤੀ ਕਿ ਉਹ ਆਜ਼ਾਦ ਸਿੱਖ ਰਾਜ ਬਾਰੇ ਆਪਣੇ ਵਿਚਾਰ ਪੇਸ਼ ਕਰਨ। 18 ਨਵੰਬਰ ਨੂੰ ਟੌਹੜਾ ਨੇ ਕਿਹਾ ਕਿ ਜੇ ਬਾਦਲ ਅਕਾਲ ਤਖ਼ਤ ਸਾਹਿਬ ਤੋਂ ਕਲੀਨ ਚਿਟ ਲੈ ਲਵੇ ਤਾਂ ਮੈਂ ਪ੍ਰਧਾਨ ਨਹੀਂ ਬਣਾਂਗਾ।

ਮਨਜੀਤ ਸਿੰਘ ਵਲੋਂ ਇਕ ਹੋਰ ਚਿੱਠੀ

ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ 25 ਨਵੰਬਰ ਨੂੰ ਹੋਣੀ ਸੀ। ਇਸ ਤੋਂ ਦੋ ਦਿਨ ਪਹਿਲਾਂ 23 ਨਵੰਬਰ ਨੂੰ ਮਨਜੀਤ ਸਿੰਘ (ਮੁਖ ਸੇਵਾਦਾਰ ਅਕਾਲ ਤਖ਼ਤ ਸਾਹਿਬ) ਨੇ ਅਕਾਲੀਆਂ ਨੂੰ ਇਕ ਹੋਰ ਚਿੱਠੀ ਲਿਖੀ। ਇਸ ਚਿੱਠੀ ਵਿਚ ਮਨਜੀਤ ਸਿੰਘ ਨੇ ਅਕਾਲੀ ਦਲਾਂ ਵਿਚ ਫੁਟ ਪਾਉਣ ਦੇ ਚਾਹਵਾਨਾਂ ਨੂੰ ਵੀ ਵਾਰਨਿੰਗ ਦਿੱਤੀ ਅਤੇ ਨਾਲ ਹੀ ਬਾਦਲ ਨੂੰ ਕੌਮੀ ਭਾਵਨਾਵਾਂ ਤੋਂ ਪਿੱਠ ਨਾ ਮੋੜਨ ਵਾਸਤੇ ਵੀ ਆਖਿਆ। ਇਸ ਚਿੱਠੀ ਦੇ ਲਫ਼ਜ਼ ਇੰਵ ਸਨ:

ਪਿਆਰੇ ਅਕਾਲੀ ਸੱਜਣੋਂ,

ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਪਿਛਲੇ ਕੁਝ ਅਰਸੇ ਤੋਂ ਅਕਾਲੀ ਏਕਤਾ ਦੀ ਚਰਚਾ ਅਤੇ ਸਰਗਰਮੀ ਹੁਣ ਅਤਿ ਨਾਜ਼ੁਕ ਸਥਿਤੀ ਵਿਚ ਨਜ਼ਰ ਆ ਰਹੀ ਹੈ। ਇਸ ਸਬੰਧੀ ਮੇਰੀਆਂ ਅੰਤਰ ਪੀੜਾਂ ਵਿਚੋਂ ਨਿਕਲੀਆਂ ਗੱਲਾਂ ਉਨ੍ਹਾਂ ਨੂੰ ਹੀ ਬੇਲੋੜੀਆਂ, ਆਪਾ ਵਿਰੋਧੀ ਜਾਂ ਪੱਖਪਾਤੀ ਲੱਗ ਸਕਦੀਆਂ ਹਨ, ਜਿਨ੍ਹਾਂ ਨੂੰ ਅਕਾਲ-ਤਖ਼ਤ ਸਾਹਿਬ ਦੇ ਅਧਿਆਤਮਕ, ਨੈਤਿਕ, ਸਮਾਜਿਕ ਅਤੇ ਰਾਜਨੀਤਕ ਪ੍ਰਸੰਗ ਦਾ ਪਤਾ ਨਹੀਂ ਹੈ। ਗੁਰੂ ਖਾਲਸਾ ਪੰਥ ਨੂੰ ਸਿਆਸੀ ਗਰਜ਼ਾਂ ਦਾ ਕੋਈ ਬੰਧਨ ਨਹੀਂ ਹੈ। ਇਸੇ ਲਈ ਮੈਂ ਵੀ ਕਿਸੇ ਖ਼ੁਦਗਰਜ਼ੀ ਭਰੀ ਸਿਆਸੀ ਖੇਡ ਵਿਚ ਹਿੱਸੇਦਾਰ ਨਹੀਂ ਹਾਂ। ਜਦ ਕਿ ਮੈਨੂੰ ਸ਼ਰਾਰਤਪੂਰਨ ਢੰਗ ਨਾਲ ਉੱਥੇ ਖੜ੍ਹਾਉਣ ਦਾ ਕੋਝਾ ਯਤਨ ਨਿਰੰਤਰ ਜਾਰੀ ਹੈ। ਕੁਝ ਕੁ ਅਖੌਤੀ ਵਿਦਵਾਨਾਂ ਅਤੇ ਰਾਜਨੀਤਕਾਂ ਵੱਲੋਂ ਇਸ ਬੇਬੁਨਿਆਦ ਅਤੇ ਅਨੈਤਿਕ ਪੇਸ਼ਕਾਰੀ ਕਰ ਕੇ ਤਮਾਸ਼ਬੀਨ ਦੀ ਹੱਦ ਤਕ ਸੁਆਦ ਲਿਆ ਜਾ ਰਿਹਾ ਹੈ। ਕੌਮ ਦੀ ਚੜ੍ਹਦੀ ਕਲਾ ਅਤੇ ਸਿਰ ਜੋੜ ਕੇ ਸਰਬੱਤ ਦਾ ਭਲਾ ਲੋਚਣ ਵਾਲੀਆਂ ਜ਼ਖ਼ਮੀ ਰੂਹਾਂ ਨਾਲ ਕੀਤਾ ਜਾ ਰਿਹਾ ਇਹ ਕਪਟ, ਘੋਰ ਅਨਿਆਂ ਅਤੇ ਆਤਮਿਕ

ਮਲੀਨਤਾ ਦਾ ਪ੍ਰਤੀਕ ਹੈ। ਗੁਰੂ ਪੰਥ ਨੂੰ ਮੈਂ ਬੇਨਤੀ ਕਰਾਂਗਾ ਕਿ ਅਸੀਂ ਅਗਵਾਈ ਉਪਰੋਕਤ ਕਿਸਮ ਦੇ ਬੰਦਿਆਂ ਕੋਲੋਂ ਨਹੀਂ, ਸਗੋਂ ਗੁਰੂ ਪੰਥ ਸਾਹਿਬ ਕੋਲੋਂ ਅਤੇ ਕੌਮੀ ਭਾਵਨਾਵਾਂ ਵਿਚੋਂ ਲੈਣੀ ਹੈ। ਸਿੱਖ ਸਿਆਸਦਾਨ ਸਿੱਖ ਪੰਥ ਦਾ ਹਿੱਸਾ ਹਨ, ਪਰ ਉਨ੍ਹਾਂ ਵਿਚੋਂ ਵੰਡੀਆਂ ਪਾਉਣ ਵਾਲਿਆਂ ਨੂੰ ਖਾਲਸਾ ਪੰਥ ਦਾ ਹਿੱਸਾ ਨਹੀਂ ਗਿਣਿਆ ਜਾ ਸਕਦਾ। ਇਸੇ ਭਾਵਨਾ ਦਾ ਪ੍ਰਗਟਾਵਾ ਮੈਂ ਤੁਹਾਡੇ ਨਾਮ ਲਿਖੀ ਪਹਿਲੀ ਚਿੱਠੀ ਰਾਹੀਂ ਮੈਂ ਏਕਤਾ ਦੇ ਰਾਹ ਵਿਚ ਰੋੜਾ ਬਣਨ ਵਾਲਿਆਂ ਨੂੰ ਚਿਤਾਵਨੀ ਦਿੱਤੀ ਸੀ। ਇਨ੍ਹਾਂ ਚਿੱਠੀਆਂ ਦੇ ਲਿਖਣ ਦਾ ਪਿਛੋਕੜ ਸਮਾਂ ਆਉਣ 'ਤੇ ਸੰਗਤਾਂ ਦੇ ਸਾਹਮਣੇ ਸਪਸ਼ਟ ਕਰਾਂਗਾ। ਇਸ ਪੱਤਰ ਰਾਹੀਂ ਮੈਂ ਇਕ ਵਾਰ ਫਿਰ ਇਹ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੈਨੂੰ ਅਕਾਲੀ ਰਾਜਨੀਤੀ ਦੀ ਅੰਦਰੂਨੀ ਰੂਪ ਰੇਖਾ ਜਾਂ ਇਸ ਨਾਲ ਸਬੰਧਿਤ ਵਿਅਕਤੀਆਂ ਦੇ ਅੱਗੇ ਪਿੱਛੇ ਹੋਣ ਨਾਲ ਕੋਈ ਲਗਾਉ ਨਹੀਂ। ਹਾਂ! 'ਅਕਾਲੀ' ਅਤੇ 'ਪੰਥ' ਸ਼ਬਦ ਵਰਤ ਕੇ ਅਧਰਮੀ ਸਿਆਸਤ ਰਾਹੀਂ ਸੰਗਤਾਂ ਨੂੰ ਦੁਖੀ ਅਤੇ ਅਪਮਾਨਿਤ ਕੀਤੇ ਜਾਣ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਇਸ ਦੇ ਲਈ ਕੀਮਤ ਕੁਝ ਵੀ ਅਦਾ ਕੀਤੀ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਦੀਆਂ ਅਤੇ ਹੋਰ ਚੋਣਾਂ ਜੰਮ ਜੰਮ ਲੜੋ, ਪਰ ਚੋਣਾਂ ਦੇ ਨਾਂ 'ਤੇ ਲਾਹੀਆਂ ਜਾ ਰਹੀਆਂ ਪੱਗਾਂ ਨੂੰ ਮੈਂ ਮੂਕ ਦਰਸ਼ਕ ਵਜੋਂ ਨਹੀਂ ਵੇਖ ਸਕਦਾ। ਐਸਾ ਤਾਂ ਕੇਵਲ ਗੁਰੂ ਗ੍ਰੰਥ ਦੀਆਂ ਭਾਵਨਾਵਾਂ ਤੋਂ ਬੇਮੁੱਖ ਹੋ ਕੇ ਹੀ ਸੰਭਵ ਹੈ। ਮੈਂ ਇਸ ਪੱਤਰ ਰਾਹੀ ਸਮੁੱਚੀ ਕੌਮ ਨੂੰ ਵੀ ਅਤਿ ਅਧੀਨਗੀ ਸਹਿਤ ਇਹ ਸੱਦਾ ਦੇਣਾ ਚਾਹੁੰਦਾ ਹਾਂ ਕਿ ਸੰਗਤਾਂ ਸਿੱਖ ਕਹਾਉਣ ਵਾਲੇ ਸਿਆਸਤਦਾਨਾਂ ਨੂੰ ਐਸੀਆਂ ਬਦਦਿਆਨਤੀਆਂ ਤੋਂ ਹਟਾ ਕੇ ਇਕ ਥਾਂ ਤੇ ਇਕੱਠੇ ਹੋਣ ਲਈ ਮਜਬੂਰ ਕਰਨ। ਇਕੱਠੇ ਹੋਣ ਵਾਸਤੇ ਗੁਰੂ ਜੁਗਤ ਵਿਚ ਵਿਧੀ ਕੋਈ ਵੀ ਅਪਣਾਈ ਜਾ ਸਕਦੀ ਹੈ। ਇਸ ਸ਼ੁਭ ਅਮਲ ਨੂੰ ਰੋਕਣ ਵਾਲੇ ਗੁਰੂ ਪੰਥ ਦੀਆਂ ਨਿਗਾਹਾਂ ਵਿਚ ਕਸੂਰਵਾਰ ਹਨ। ਖਾਲਸਾ ਪੰਥ ਦੇ ਮਾਨ ਸਨਮਾਨ ਦੇ ਜ਼ਾਮਨ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਕੇਸਗੜ੍ਹ ਸਾਹਿਬ ਦਾ ਮੁੱਖ ਸੇਵਾਦਾਰ ਹੋਣ ਦੇ ਨਾਤੇ ਮੈਂ ਸਿੱਖ ਸਿਆਸਤਦਾਨਾਂ ਨੂੰ ਉਨ੍ਹਾਂ ਦੀਆਂ ਪੰਥ ਪ੍ਰਤੀ ਨੈਤਿਕ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਣਾ ਚਾਹੁੰਦਾ ਹਾਂ, ਜੋ ਕਿ ਮੇਰੇ ਮੁਖ ਫ਼ਰਜ਼ਾਂ ਵਿਚੋਂ ਇਕ ਹੈ। ਕੌਮ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਦੀ ਥਾਂ ਭਰਾ-ਮਾਰੂ ਬਿਰਤੀ ਅਕਾਲੀ ਸਿਆਸਤ ਦਾ ਹਿੱਸਾ ਹੋ ਗਈ ਹੈ। ਇਸ ਦੀ ਆਗਿਆ ਸਿੱਖ ਕਹਾਉਣ ਵਾਲਿਆਂ ਨੂੰ ਨਹੀਂ ਦਿੱਤੀ ਜਾ ਸਕਦੀ। ਅਕਾਲ ਤਖ਼ਤ ਸਾਹਿਬ ਦੇ ਹਾਜ਼ਰ ਖੜ੍ਹੇ ਹੋ ਕੇ ਇਸ ਦਾ ਅਤੇ ਇਸ ਦੇ ਮੁੱਖ ਸੇਵਾਦਾਰ ਦਾ ਸਤਿਕਾਰ ਕਰਨ, ਪਰ ਨਾਲ ਹੀ ਅਕਾਲ ਤਖ਼ਤ ਅਤੇ ਇਸ ਦੇ ਸੇਵਾਦਾਰਾਂ ਖਿਲਾਫ਼ ਮੁਹਿੰਮ ਚਲਾਉਣ ਦੇ ਸਿਆਸੀ ਕਪਟ ਨੂੰ ਨੰਗਾ ਕਰਨ ਦਾ ਸਮਾਂ ਵੀ ਆ ਗਿਆ ਹੈ। ਮੈਂ ਕਿਸੇ ਵੀ ਸਿੱਖ ਨੂੰ ਜ਼ਲੀਲ ਹੁੰਦਾ ਨਹੀਂ ਦੇਖਣਾ ਚਾਹੁੰਦਾ, ਨਾ ਹੀ ਮੈਂ ਕਿਸੇ ਨੂੰ ਭੈ ਅਧੀਨ ਕਰ ਕੇ ਆਪਨੀ ਈਨ ਮੰਨਵਾਉਣੀ ਜਾਂ ਅਪਮਾਨਿਤ ਕਰਨਾ ਚਾਹੁੰਦਾ ਹਾਂ। ਐਸਾ ਕਰਨਾ ਹੁੰਦਾ ਤਾਂ ਛੇ ਕੁ ਮਹੀਨੇ ਪਹਿਲੇ ਅਕਾਲੀ ਏਕਤਾ ਸਬੰਧੀ ਆਰੰਭੇ ਯਤਨਾਂ ਸਮੇਂ ਹੀ ਕਰ ਦਿੰਦਾ। ਹੁਣ ਵੀ ਮੈਂ ਕੇਵਲ ਤੁਹਾਡੀ ਆਪਸੀ ਖਹਿਬਾਜ਼ੀ ਵਿਚੋਂ ਨਿਕਲੀ ਨਮੋਸ਼ੀ ਅਤੇ ਅਪਮਾਨ ਤੋਂ ਹੀ ਤੁਹਾਨੂੰ ਉਠਾਉਣਾ ਲੋਚਦਾ ਹਾਂ। ਭਾਵੇਂ ਐਸਾ ਕਰਦਿਆਂ ਮੈਨੂੰ ਖ਼ੁਦ ਨੂੰ ਪੰਥ ਦੋਖੀਆਂ, ਕੁਝ ਕਪਟੀ ਅਤੇ ਖ਼ੁਦਗਰਜ਼ ਸਿਆਸੀਆਂ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਪਰ ਮੈਂ ਇਸ ਪੱਖੋਂ ਸੁਚੇਤ ਹਾਂ ਕਿ ਐਸੇ ਹਾਲਾਤ ਵਿਚ ਤਾਂ ਮਹਾਂਪੁਰਖ ਕਹੇ ਜਾਣ ਵਾਲਿਆਂ ਨੂੰ ਵੀ ਦੁਨਿਆਵੀ ਨਿੰਦਿਆ, ਬੋਲ-ਕੁਬੋਲਾਂ ਅਤੇ ਹਰ ਤਰ੍ਹਾਂ ਦੀ ਦੁਸ਼ਵਾਰੀ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ। ਸੰਸਾਰ ਇਵੇਂ ਹੀ ਆਪਨੀ ਚਾਲੇ ਚਲਦਾ ਆਇਆ ਹੈ। ਗੁਰੂ

ਦੇ ਤਖ਼ਤ ਦੇ ਸੇਵਾਦਾਰਾਂ ਨੇ ਗੁਰਮਤਿ ਦੀ ਰੌਸ਼ਨੀ ਵਿਚ ਸਮੇਂ-ਸਮੇਂ 'ਤੇ ਸਿੱਖਾਂ ਨੂੰ ਹਰ ਪੱਖੋਂ ਆਪਣੀਆਂ ਮਨੁੱਖੀ ਬਿਰਤੀਆਂ ਨੂੰ ਬੇਲਗਾਮ ਹੋਣ ਤੋਂ ਬਚਾਉਣ ਦੀ ਸਿੱਖਿਆ ਤੇ ਅਗਵਾਈ ਦਿੱਤੀ ਹੈ। ਨਾਲ ਹੀ ਮਨਮੁਖੀ ਖ਼ੁਦਗ਼ਰਜ਼ ਬਿਰਤੀਆਂ ਵਿਚੋਂ ਨਿਕਲਣ ਵਾਲੇ ਭਿਆਨਕ ਨਤੀਜਿਆਂ ਪ੍ਰਤੀ ਚਿਤਾਵਨੀ ਵੀ ਦਿੱਤੀ ਹੈ। ਇਸੇ ਇਤਿਹਾਸਕ ਪ੍ਰਸੰਗ ਵਿਚ ਇਕ ਵਾਰ ਫਿਰ ਆਪਣੇ ਫ਼ਰਜ਼ ਦੀ ਪੂਰਤੀ ਕਰਦਾ ਹੋਇਆ ਪੰਥਕ ਸਿਆਸਤ ਤੋਂ ਥਿੜਕੇ ਸਿੱਖ ਸਿਆਸਤਦਾਨਾਂ ਨੂੰ ਕੌਮ ਦੀਆਂ ਭਾਵਨਾਵਾਂ ਅੱਗੇ ਸਿਰ ਝੁਕਾਉਣ ਲਈ ਆਪਸੀ ਸਹਿਮਤੀ ਵਾਸਤੇ ਇਕੱਠੇ ਹੋਣ ਲਈ ਸੁਚੇਤ ਕਰਦਾ ਹਾਂ। **ਗੁਰੂ ਦੇ ਤਖ਼ਤ ਦੇ ਸੇਵਾਦਾਰ*** ਦੀ ਇਸ ਚੇਤਾਵਨੀ ਨੂੰ ਨਜ਼ਰ ਅੰਦਾਜ਼ ਕਰਨ ਦਾ ਮਤਲਬ ਕੌਮ ਦੀਆਂ ਭਾਵਨਾਵਾਂ ਵਲੋਂ ਪਿੱਠ ਮੋੜਨਾ ਹੋਵੇਗਾ, ਜਿਸ ਵਿਚੋਂ ਪੈਦਾ ਹੋਣ ਵਾਲੀ ਬਦਸੂਰਤੀ ਦੇ ਤੁਸੀਂ ਆਪ ਜ਼ਿੰਮੇਵਾਰ ਹੋਵੋਗੇ। ਗੁਰੂ ਰਾਖਾ।

ਗੁਰੂ ਪੰਥ ਦੀ ਚੜ੍ਹਦੀ ਕਲਾ ਦੀ ਜੋਦੜੀ ਸਹਿਤ
ਗੁਲਾਮ ਗੁਰੂ ਦਾ, ਮਨਜੀਤ ਸਿੰਘ

ਬਾਦਲ ਦੇ ਉਮੀਦਵਾਰ ਦੀ ਨਮੋਸ਼ੀ ਭਰੀ ਹਾਰ

ਮਨਜੀਤ ਸਿੰਘ ਵਲੋਂ ਅਕਾਲ ਤਖ਼ਤ ਸਾਹਿਬ ਦੇ ਨਾਂ ਹੇਠ ਅਕਾਲੀਆਂ ਨੂੰ (ਦਰਅਸਲ ਬਾਦਲ ਨੂੰ) ਲਿਖੀ ਚਿੱਠੀ ਦੇ ਬਾਵਜੂਦ ਬਾਦਲ ਨੇ ਲਾਲਪੁਰਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਾਸਤੇ ਖੜਾ ਕਰ ਦਿੱਤਾ। 25 ਨਵੰਬਰ ਦੇ ਦਿਨ ਚੋਣ ਵਿਚ ਹਿੱਸਾ ਲੈਣ ਵਾਸਤੇ ਟੌਹੜਾ ਬਹੁਤ ਸਾਰੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ, ਇਕ ਬੱਸ ਵਿਚ (ਨੰਬਰ ਪੀ ਬੀ 02 ਸੀ 1855) ਬਿਠਾ ਕੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਪੁੱਜਾ। ਇਸ ਚੋਣ ਵਿਚ ਲਾਲਪੁਰਾ ਸਿਰਫ਼ 28 ਵੋਟਾਂ ਹੀ ਹਾਸਿਲ ਕਰ ਸਕਿਆ। ਟੌਹੜਾ ਨੇ 66 ਵੋਟਾਂ ਲੈ ਕੇ ਵੀਹਵੀਂ ਵਾਰੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹਾਸਿਲ ਕਰ ਲਈ। ਬਾਦਲ ਦਲ ਦੀ ਇਸ ਹਾਰ ਨੇ ਉਸ ਦਾ ਮਾਣ ਤੋੜ ਦਿੱਤਾ।

ਦੋਹਾਂ ਦਲਾਂ ਵਿਚ ਏਕਤਾ ਦੀ ਫੇਰ ਕੋਸ਼ਿਸ਼

ਮਨਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਮਗਰੋਂ ਸਿੱਖ 'ਬੁੱਧੀਜੀਵੀਆਂ ਦਾ ਇਕ ਇਕੱਠ 10 ਦਸੰਬਰ ਨੂੰ ਬੁਲਾ ਲਿਆ। 6 ਘੰਟੇ ਚੱਲੀ ਇਹ ਮੀਟਿੰਗ ਕਿਸੇ ਸਿੱਟੇ 'ਤੇ ਨਾ ਪੁੱਜ ਸਕੀ। ਅਗਲੇ ਦਿਨ 11 ਦਸੰਬਰ ਨੂੰ ਮਨਜੀਤ ਸਿੰਘ ਨੇ ਏਕਤਾ ਕੋਸ਼ਿਸ਼ਾਂ ਵਾਸਤੇ ਇਕ 5 ਮੈਂਬਰੀ ਕਮੇਟੀ ਬਣਾ ਦਿੱਤੀ। ਇਹ ਪੰਜ ਸਨ: ਮੇਜਰ ਜਨਰਲ ਨਰਿੰਦਰ ਸਿੰਘ, ਅਸ਼ੋਕ ਸਿੰਘ ਬਾਗੜੀਆਂ, ਡਾ: ਦਰਸ਼ਨ ਸਿੰਘ ਚੰਡੀਗੜ੍ਹ, ਅਮਰ ਸਿੰਘ ਅੰਬਾਲਵੀ, ਡਾ: ਕੇਹਰ ਸਿੰਘ ਪਟਿਆਲਾ। ਇਸ ਏਕਤਾ ਕਮੇਟੀ ਦੀ ਬਾਦਲ ਨਾਲ 30 ਦਸੰਬਰ ਨੂੰ ਮੀਟਿੰਗ ਹੋਈ ਜਿਸ ਵਿਚ ਬਾਦਲ ਨੇ ਫੇਰ ਆਪਣਾ ਪਹਿਲਾਂ ਸਟੈਂਡ ਦੋਹਰਾਇਆ।

ਇਸ ਪੰਜ ਮੈਂਬਰੀ ਏਕਤਾ ਕਮੇਟੀ ਦੀ 'ਰਿਪੋਰਟ' ਦੇ ਆਧਾਰ ਨੇ ਮਨਜੀਤ ਸਿੰਘ ਨੇ ਬਾਦਲ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਭ ਆਗੂ 10 ਜਨਵਰੀ 1995 ਨੂੰ ਤਲਬ ਕਰ

---

*(ਉਨ੍ਹਾਂ ਦਿਨਾਂ ਵਿਚ ਇਸ ਲੇਖਕ ਦੇ ਲੇਖਾਂ ਦੇ ਅਸਰ ਹੇਠ ਮਨਜੀਤ ਸਿੰਘ ਨੇ ਖ਼ੁਦ ਨੂੰ 'ਜਥੇਦਾਰ' ਦੀ ਥਾਂ 'ਤੇ ਮੁਖ ਸੇਵਾਦਾਰ ਲਿਖਣਾ ਸ਼ੁਰੂ ਕਰ ਦਿੱਤਾ ਸੀ)।

ਲਏ। ਉਸ ਨੇ 8 ਜਨਵਰੀ ਨੂੰ ਇਕ ਸਾਂਝੀ 11 ਮੈਂਬਰੀ ਕਮੇਟੀ ਬਣਾਉਣ ਦੀ ਤਜਵੀਜ਼ ਵੀ ਰੱਖੀ। 11 ਜਨਵਰੀ ਨੂੰ ਮਨਜੀਤ ਸਿੰਘ ਵਲੋਂ ਬੁਲਾਏ 8 ਵਿਚੋਂ 7 ਆਗੂ ਅਤੇ 7 ਹੋਰ ਸੀਨੀਅਰ ਅਕਾਲੀ ਆਗੂ ਅੰਮ੍ਰਿਤਸਰ ਪੁੱਜੇ ਤੇ ਉਨ੍ਹਾਂ 14 ਨੇ ਅਕਾਲ ਤਖ਼ਤ ਸਾਹਿਬ ’ਤੇ ਮੀਟਿੰਗ ਕੀਤੀ। ਉਨ੍ਹਾਂ ਇਸ ਮੀਟਿੰਗ ਵਿਚ ‘ਇਕ ਦੂਜੇ ਦੇ ਖ਼ਿਲਾਫ਼ ਲਫ਼ਜ਼ੀ ਜੰਗ ਬੰਦ ਕਰਨ’ ਦਾ ਪ੍ਰਣ ਕੀਤਾ। ਇਹ 14 ਆਗੂ ਹੇਠ ਲਿਖੇ ਸਨ: ਟੌਹੜਾ, ਬਾਦਲ, ਸੁਰਜੀਤ ਬਰਨਾਲਾ, (ਭਾਈ) ਮਨਜੀਤ ਸਿੰਘ, ਵਡਾਲਾ, ਗੁਰਦੇਵ ਸਿੰਘ ਬਾਦਲ, ਪ੍ਰਕਾਸ਼ ਸਿੰਘ ਮਜੀਠਾ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਤੇ ਰਣਜੀਤ ਸਿੰਘ ਬ੍ਰਹਮਪੁਰਾ। ਅਕਾਲੀ ਦਲ (ਅੰਮ੍ਰਿਤਸਰ) ਦਾ ਕੈਪਟਨ ਅਮਰਿੰਦਰ ਸਿੰਘ ਇਸ ਮੀਟਿੰਗ ਵਿਚ ਨਾ ਪੁੱਜਾ।

ਬਾਦਲ ਵਲੋਂ ਫੇਰ ਅੜੀ

ਆਪਸ ਵਿਚ ਲਫ਼ਜ਼ੀ ਜੰਗ ਕਰਨ ਦਾ ਪ੍ਰਣ ਕਰਨ ਦੇ ਬਾਵਜੂਦ 20 ਜਨਵਰੀ ਨੂੰ ਬਾਦਲ ਨੇ ‘ਅੰਮ੍ਰਿਤਸਰ ਐਲਾਨ ਨਾਮਾ’ ਰੱਦ ਕਰਨ ਬਾਰੇ ਬਿਆਨ ਦਿੱਤਾ ਤੇ ਨਾਲ ਹੀ ਇਕ 6 ਮੈਂਬਰੀ ਕਮੇਟੀ ਵੀ ਬਣਾਈ ਜੋ ਏਕਤਾ ਦੀਆਂ ਗੱਲਾਂ ਚਲਣ ਦੀ ਸੂਰਤ ਵਿਚ ਵਿਚਾਰਾਂ ਕਰੇਗੀ। ਇਹ 6 ਮੈਂਬਰ ਸਨ: ਪ੍ਰਕਾਸ਼ ਸਿੰਘ ਮਜੀਠਾ, ਕੁਲਦੀਪ ਸਿੰਘ ਵਡਾਲਾ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਗੁਰਦੇਵ ਸਿੰਘ ਬਾਦਲ, ਰਣਜੀਤ ਸਿੰਘ ਬ੍ਰਹਮਪੁਰਾ।

ਏਕਤਾ ਵਾਸਤੇ 7 ਮੈਂਬਰੀ ਕਮੇਟੀ

23 ਜਨਵਰੀ ਨੂੰ ਮਨਜੀਤ ਸਿੰਘ ਨੇ ‘ਏਕਤਾ’ ਵਾਸਤੇ ਇਕ 7 ਮੈਂਬਰੀ ਕਮੇਟੀ ਬਣਾ ਦਿੱਤੀ। ਇਹ ਸਤ ਮੰਬਰ ਸਨ: ਅਸ਼ੋਕ ਸਿੰਘ ਬਾਗੜੀਆਂ, ਕੁਲਦੀਪ ਸਿੰਘ ਵਡਾਲਾ, ਰਣਜੀਤ ਸਿੰਘ ਬ੍ਰਹਮਪੁਰਾ, ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ, ਸੁਰਜੀਤ ਬਰਨਾਲਾ, ਭਾਈ ਮਨਜੀਤ ਸਿੰਘ। 5 ਫ਼ਰਵਰੀ ਨੂੰ ਇਸ ‘ਏਕਤਾ ਕਮੇਟੀ’ ਦੀ ਮੀਟਿੰਗ ਹੋਈ, ਪਰ ਇਹ ਕਿਸੇ ਨਤੀਜੇ ਤੇ ਨਾ ਪੁੱਜ ਸਕੀ। ਇਨ੍ਹਾਂ ਦਿਨਾਂ ਵਿਚ ਕੁਝ ਵਕੀਲਾਂ ਨੇ ਅਕਾਲੀ ਏਕਤਾ ਦੇ ਰਾਹ ਵਿਚ ਕਾਨੂੰਨੀ ਅੜਿੱਕੇ ਦਾ ਹਊਆ ਖੜਾ ਕਰਨ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਦੀ ਦਲੀਲ ਸੀ ਕਿ ਅਕਾਲ ਤਖ਼ਤ ਸਾਹਿਬ ਵਲੋਂ ਕਾਇਮ ਕੀਤਾ ਅਕਾਲੀ ਦਲ, ਧਰਮ-ਸਿਆਸਤ ਦੇ ਵਖਰੇਵੇਂ ਦੇ ਕਾਨੂੰਨ ਦੀ ਵਜਹ ਕਰ ਕੇ, ਚੋਣਾਂ ’ਚ ਮਨਜ਼ੂਰ-ਸ਼ੂਦਾ ਪਾਰਟੀ ਨਹੀਂ ਮੰਨਿਆ ਜਾ ਸਕੇਗਾ। ਪਰ ਅਗਲੇ ਦਿਨ ਹੀ ਕੁਝ ਸੀਨੀਅਰ ਵਕੀਲਾਂ ਨੇ ਇਸ ਤੌਖ਼ਲੇ ਨੂੰ ਰੱਦ ਕਰ ਦਿੱਤਾ।

ਅਕਾਲੀਆਂ ਦੀ ਏਕਤਾ ਦਾ ਸਭ ਤੋਂ ਵੱਡਾ ਚਾਹਵਾਨ ਗੁਰਚਰਨ ਸਿੰਘ ਟੌਹੜਾ ਸੀ। ਹਾਲਾਂਕਿ ਉਸ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ’ਚ ਬਾਦਲ ਨੇ ਉਮੀਦਵਾਰ ਨੂੰ ਬੁਰੀ ਤਰ੍ਹਾਂ ਹਰਾਇਆ ਸੀ ਅਤੇ ਪੰਚਾਇਤੀ ਚੋਣਾਂ ਵਿਚ ਵੀ ਅਕਾਲੀ ਦਲ (ਅੰਮ੍ਰਿਤਸਰ) ਨੇ ਜ਼ਬਰਦਸਤ ਕਾਮਯਾਬੀ ਹਾਸਿਲ ਕੀਤੀ ਸੀ, ਪਰ ਫਿਰ ਵੀ ਉਹ (ਟੌਹੜਾ) ਹਰ ਹੀਲੇ ਏਕਤਾ ਹਾਸਿਲ ਕਰਨਾ ਚਾਹੁੰਦਾ ਸੀ ਤਾਂ ਜੋ ਸ਼੍ਰੋਮਣੀ ਕਮੇਟੀ ਸਦਾ ਵਾਸਤੇ ਉਸ ਕੋਲ ਹੀ ਰਹਿ ਸਕੇ। 11 ਫ਼ਰਵਰੀ ਨੂੰ ਟੌਹੜਾ ਨੇ ਇਕ ਬਿਆਨ ਵਿਚ ਆਖਿਆ ਕਿ ਅਕਾਲੀ ਦਲਾਂ ’ਚ ਏਕਤਾ ਹਰ ਹਾਲਤ ਵਿਚ ਹੋਵੇਗੀ। ਟੌਹੜਾ ਤਾਂ ਏਸ ਮਕਸਦ ਵਾਸਤੇ ਅਕਾਲੀ ਦਲ ਦੇ ਪਾਲਸੀ ਪ੍ਰੋਗਰਾਮ ’ਚ ‘ਜ਼ਰਾ-ਮਾਸਾ’ ਤਬਦੀਲੀ ਕਰਨ ਵਾਸਤੇ ਵੀ ਤਿਆਰ ਸੀ। ਪਰ, ਦੂਜੇ ਪਾਸੇ, ਸਿਮਰਨਜੀਤ ਸਿੰਘ ਮਾਨ ਨੇ 16

ਫ਼ਰਵਰੀ ਨੂੰ ਇਕ ਬਿਆਨ ਵਿਚ ਆਖਿਆ ਕਿ **ਅਸੀਂ ਅੰਮ੍ਰਿਤਸਰ ਐਲਾਨਨਾਮੇ ਦਾ ਇਕ ਹਰਫ਼ (ਅੱਖਰ) ਵੀ ਬਦਲਣ ਵਾਸਤੇ ਤਿਆਰ ਨਹੀਂ।**

ਟੌਹੜਾ ਦੀ ਸਮਝੌਤੇ ਵਾਸਤੇ 'ਤੜਫੜਾਹਟ'

ਉਧਰ ਟੌਹੜਾ ਆਪਣੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਨੂੰ ਪੱਕਿਆਂ ਕਰਨ ਵਾਸਤੇ ਬਾਦਲ ਨਾਲ ਸਮਝੌਤਾ ਕਰਨ ਵਾਸਤੇ ਕਿਸੇ ਵੀ ਹੱਦ ਤਕ ਜਾਣ ਵਾਸਤੇ ਮਨ ਬਣਾਈ ਬੈਠਾ ਸੀ।

17 ਫ਼ਰਵਰੀ ਨੂੰ ਮਨਜੀਤ ਸਿੰਘ ਨੇ ਸਾਰੇ ਅਕਾਲੀ ਆਗੂਆਂ ਨੂੰ 22 ਫ਼ਰਵਰੀ ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਪੁੱਜਣ ਵਾਸਤੇ ਆਖਿਆ। 21 ਫ਼ਰਵਰੀ ਨੂੰ ਬਾਦਲ ਨੇ ਮਨਜੀਤ ਸਿੰਘ ਨੂੰ ਕਾਹਲੀ ਨਾ ਕਰਨ ਦਾ ਸੁਝਾਅ ਦਿੱਤਾ। 22 ਫ਼ਰਵਰੀ ਨੂੰ ਸੱਤ ਮੈਂਬਰੀ ਕਮੇਟੀ ਨੇ ਅਕਾਲ ਤਖ਼ਤ ਸਾਹਿਬ ਤੇ ਸੱਤ ਘੰਟੇ ਵਿਚਾਰਾਂ ਕੀਤੀਆਂ ਪਰ ਕਿਸੇ ਸਿੱਟੇ 'ਤੇ ਨਾ ਪੁੱਜ ਸਕੀ। ਇਸ ਕਰ ਕੇ ਫ਼ੈਸਲਾ ਕੀਤਾ ਗਿਆ ਕਿ ਇਸ ਸਤ ਮੈਂਬਰੀ ਕਮੇਟੀ ਵਿਚ ਟੌਹੜਾ ਤੇ ਬਾਦਲ ਨੂੰ ਵੀ ਪਾ ਲਿਆ ਜਾਵੇ। ਹੁਣ ਇਹ ਕਮੇਟੀ 9 ਮੈਂਬਰੀ ਹੋ ਗਈ।

27 ਫ਼ਰਵਰੀ ਨੂੰ ਬਾਦਲ ਨੇ ਇਕ ਬਿਆਨ ਵਿਚ ਆਖਿਆ ਕਿ ਉਨ੍ਹਾਂ ਦੀ ਪਾਰਟੀ ਹੋਰ ਹਮਖਿਆਲੀ ਪਾਰਟੀਆਂ ਨਾਲ ਮਿਲ ਕੇ ਫ਼ੈਡਰਲ ਢਾਂਚੇ ਵਾਸਤੇ ਜਦੋਜਹਿਦ ਕਰੇਗੀ। ਬਾਦਲ ਦੀ ਇਹ ਪਹੁੰਚ ਅੰਮ੍ਰਿਤਸਰ ਐਲਾਨਨਾਮੇ ਦੇ ਅੱਧ ਵਿਚ ਪੁੱਜ ਜਾਂਦੀ ਸੀ। ਉਧਰ ਟੌਹੜਾ ਵੀ ਇਸ ਨੁਕਤੇ ਨੂੰ ਪਾਲਿਸੀ ਮੰਨ ਕੇ ਸਮਝੌਤੇ ਵਾਸਤੇ ਰਾਜ਼ੀ ਹੋ ਚੁੱਕਾ ਸੀ। ਪਰ, ਸਿਮਰਨਜੀਤ ਸਿੰਘ ਮਾਨ ਅੰਮ੍ਰਿਤਸਰ ਐਲਾਨਨਾਮੇ ਤੋਂ ਜ਼ਰਾ-ਮਾਸਾ ਵੀ ਹਿਲਣ ਵਾਸਤੇ ਤਿਆਰ ਨਹੀਂ ਸੀ। ਅਜਿਹਾ ਜਾਪਦਾ ਸੀ ਕਿ ਟੌਹੜਾ ਤੇ ਬਾਦਲ ਇੱਕਠੇ ਹੋ ਜਾਣਗੇ ਤੇ ਮਾਨ ਇਕੱਲਾ ਰਹਿ ਜਾਵੇਗਾ।

17 ਮਾਰਚ 1995 ਦੇ ਦਿਨ ਅਨੰਦਪੁਰ ਸਾਹਿਬ ਵਿਚ ਹੋਲਾ ਮਹੱਲਾ ਮਨਾਇਆ ਗਿਆ। ਇਸ ਮੌਕੇ 'ਤੇ ਬਾਦਲ ਅਕਾਲੀ ਦਲ ਨੇ ਵੱਖਰੀ ਸਟੇਜ ਨਾ ਲਾਈ। ਦੂਜੇ ਪਾਸੇ ਅਕਾਲੀ ਦਲ (ਅੰਮ੍ਰਿਤਸਰ) ਦੀ ਸਟੇਜ ਤੋਂ ਜਥੇਦਾਰ ਟੌਹੜਾ ਨੇ ਐਲਾਨੀਆ ਆਖਿਆ ਕਿ 13 ਅਪ੍ਰੈਲ 1995 ਤਕ ਦੋਹਾਂ ਧੜਿਆਂ ਵਿਚ ਯਕੀਨਨ ਏਕਤਾ ਹੋ ਜਾਵੇਗੀ, ਯਾਨਿ ਉਹ ਤਹੱਈਆ ਕਰੀ ਬੈਠਾ ਸੀ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਵਾਸਤੇ ਅਸੂਲਾਂ ਦੀ ਪਰਵਾਹ ਨਹੀਂ ਕਰਨੀ।

3 ਅਪ੍ਰੈਲ ਨੂੰ 9 ਮੈਂਬਰੀ 'ਏਕਤਾ ਕਮੇਟੀ' ਦੀ ਮੀਟਿੰਗ ਚੰਡੀਗੜ੍ਹ ਵਿਚ ਅਸ਼ੋਕ ਸਿੰਘ ਬਾਗੜੀਆਂ ਦੇ ਘਰ ਵਿਚ ਹੋਈ। ਇਸ ਮੀਟਿੰਗ ਵਿਚ ਪਾਰਟੀ ਦੀ ਪਾਲਿਸੀ (ਐਲਾਨ ਨਾਮੇ) ਬਾਰੇ ਗਰਮਾ-ਗਰਮ ਬਹਿਸ ਹੋਈ। ਬਾਦਲ ਨੇ ਪਾਰਟੀ ਵਿਚ 'ਹਿੰਦੂਆਂ ਦੀ ਭਰਤੀ' ਦੀ ਵਕਾਲਤ ਕੀਤੀ ਪਰ ਅੰਮ੍ਰਿਤਸਰ ਅਕਾਲੀ ਦਲ ਚਾਹੁੰਦਾ ਸੀ ਕਿ ਅਕਾਲੀ ਦਲ ਦਾ ਸਿੱਖ-ਕਿਰਦਾਰ ਕਾਇਮ ਰੱਖਿਆ ਜਾਵੇ। ਚਾਰ ਅਪ੍ਰੈਲ ਨੂੰ ਦੋਬਾਰਾ ਹੋਈ ਮੀਟਿੰਗ ਵਿਚ ਟੌਹੜਾ ਨੇ ਪਾਰਟੀ ਵਾਸਤੇ ਨਵੇਂ ਪ੍ਰੋਗਰਾਮ ਦਾ ਖਰੜਾ ਪੇਸ਼ ਕੀਤਾ। ਇਸ ਵਿਚ ਪੰਜਾਬ ਵਾਸਤੇ ਵਧੇਰੇ ਹਕੂਕ ਦੀ ਮੰਗ ਕੀਤੀ ਹੋਈ ਸੀ। ਦਰਅਸਲ ਇਹ ਅਨੰਦਪੁਰ ਸਾਹਿਬ ਦਾ ਮਤਾ ਹੀ ਸੀ। ਪਰ ਮਾਨ ਦੇ ਸਾਥੀਆਂ ਨੇ ਅੰਮ੍ਰਿਤਸਰ ਐਲਾਨਨਾਮੇ ਵਿਚ ਕਿਸੇ ਤਬਦੀਲੀ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਬਾਦਲ ਨੇ ਅਨੰਦਪੁਰ ਸਾਹਿਬ ਦੇ ਮਤੇ ਦੇ ਆਧਾਰ 'ਤੇ ਪਾਲਿਸੀ ਪ੍ਰੋਗਰਾਮ ਦੀ ਹਿਮਾਇਤ ਕੀਤੀ। ਉਸ ਮੁਤਾਬਿਕ ਭਾਰਤ 'ਚ ਫ਼ੈਡਰਲ ਢਾਂਚਾ ਲਾਗੂ ਕੀਤਾ ਜਾਵੇ। ਸੈਂਟਰ ਕੋਲ ਸਿਰਫ਼ ਚਾਰ ਮਹਿਕਮੇ

ਹੋਣ ਦੇ ਬਾਕੀ ਸਾਰੇ ਸੂਬਿਆਂ ਕੋਲ ਹੋਣ। ਦਫ਼ਾ 356 ਤੇ 365 ਖ਼ਤਮ ਕੀਤੀਆਂ ਜਾਣ। ਰਾਜ ਸਭਾ 'ਚ ਸਾਰੇ ਸੂਬਿਆਂ ਦੀ ਬਰਾਬਰ ਦੀ ਨੁਮਾਇੰਦਗੀ ਹੋਵੇ। ਪੰਜਾਬ ਦੇ ਲੋਕ-ਹੱਕਾਂ ਦੀ ਰਾਖੀ ਕੀਤੀ ਜਾਵੇ। ਪੁਲੀਸ ਦਾ ਜ਼ੁਲਮ ਖ਼ਤਮ ਹੋਵੇ। ਸਿੱਖ ਨੌਜਵਾਨ ਜੇਲ੍ਹਾਂ ਵਿਚੋਂ ਰਿਹਾ ਕੀਤੇ ਜਾਣ।

6 ਅਪ੍ਰੈਲ ਨੂੰ ਟੌਹੜਾ ਨੇ ਇਕ ਬਿਆਨ ਵਿਚ ਆਖਿਆ ਕਿ ਅਕਾਲੀ ਦਲਾਂ ਵਿਚ ਏਕਤਾ ਜ਼ਰੂਰ ਹੋਵੇਗੀ। ਇਸ ਦਾ ਐਲਾਨ ਵਿਸਾਖੀ 'ਤੇ ਤਲਵੰਡੀ ਸਾਬੋ ਵਿਚ ਕੀਤਾ ਜਾਵੇਗਾ। ਬਾਦਲ ਨੇ ਇਕ ਬਿਆਨ ਵਿਚ ਆਖਿਆ ਕਿ ਏਕਤਾ ਸਿਰਫ਼ ਆਗੂਆਂ ਦੀ ਹੀ ਨਹੀਂ ਬਲਕਿ ਲੋਕਾਂ ਦੀ ਵੀ ਜ਼ਰੂਰੀ ਹੈ। 10 ਅਪ੍ਰੈਲ ਨੂੰ 9 ਮੈਂਬਰੀ ਏਕਤਾ ਕਮੇਟੀ ਨੇ ਮੀਟਿੰਗ ਕੀਤੀ ਪਰ ਇਸ ਵਿਚ ਦਲ ਦੀ ਪਾਲਿਸੀ ਬਾਰੇ ਆਖ਼ਰੀ ਫ਼ੈਸਲਾ ਨਾ ਲਿਆ ਜਾ ਸਕਿਆ। ਅਖ਼ੀਰ ਇਸ ਕਮੇਟੀ ਵਲੋਂ 12 ਅਪ੍ਰੈਲ ਨੂੰ ਅਨੰਦਪੁਰ ਸਾਹਿਬ ਦੇ ਮਤੇ ਨੂੰ ਆਧਾਰ ਮੰਨ ਕੇ ਅਕਾਲੀ ਦਲਾਂ ਵਿਚ ਏਕਤਾ ਵਾਸਤੇ ਅਸੂਲੀ ਸਮਝੌਤਾ ਹੋਣ ਸਬੰਧੀ ਐਲਾਨ ਕਰ ਦਿੱਤਾ ਗਿਆ। 13 ਅਪ੍ਰੈਲ ਨੂੰ ਅਕਾਲੀ ਦਲਾਂ ਵਿਚ ਏਕਤਾ ਦਾ ਰਸਮੀ ਐਲਾਨ ਕਾਨਫ਼ਰੰਸ ਦੇ ਮਤਿਆਂ ਨੂੰ ਬੁਨਿਆਦ ਮੰਨ ਕੇ ਅਕਾਲੀ ਦਲ ਦੀ ਪਾਲਿਸੀ ਮਨਜ਼ੂਰ ਕੀਤੀ ਗਈ।

ਸਿਮਰਨਜੀਤ ਸਿੰਘ ਮਾਨ ਗਰੁੱਪ ਨੇ ਇਸ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਬਾਦਲ ਧੜਾ ਤੇ ਟੌਹੜਾ ਧੜਾ ਨੇ ਇਸ ਦੀ ਪਰਵਾਹ ਨਾ ਕਰਦਿਆਂ ਏਕਤਾ ਕਰ ਲਈ ਤੇ ਸਾਂਝੇ ਅਕਾਲੀ ਦਲ ਦਾ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੂੰ ਮੰਨ ਲਿਆ ਗਿਆ।

ਜ਼ਾਹਰਾ ਤੌਰ 'ਤੇ ਭਾਵੇਂ ਦੋਹਾਂ ਦਲਾਂ ਵਿਚ ਏਕਤਾ ਦਾ ਐਲਾਨ ਕਰ ਦਿੱਤਾ ਗਿਆ ਸੀ ਪਰ ਦਰਅਸਲ ਇਹ ਏਕਤਾ ਸਿਰਫ਼ ਬਾਦਲ ਤੇ ਟੌਹੜਾ ਵਿਚਕਾਰ ਹੋਈ ਸੀ। ਮਾਨ ਧੜਾ ਸ਼ਰੇਆਮ ਇਸ ਦੇ ਖ਼ਿਲਾਫ਼ ਸੀ। ਅਮਰਿੰਦਰ ਸਿੰਘ ਤੇ ਬਾਦਲ ਵਿਚਕਾਰ ਇਕਸੁਰਤਾ ਹੋਣ ਦੀ ਕੋਈ ਆਸ ਨਹੀਂ ਸੀ। ਪਰ ਸੁਰਜੀਤ ਬਰਨਾਲਾ ਟੌਹੜਾ ਦੀ ਉਂਗਲ ਫੜ ਕੇ ਨਵੇਂ ਦਲ 'ਚ ਸ਼ਾਮਿਲ ਹੋ ਗਿਆ ਸੀ। ਹੁਣ ਇਹ ਦੋ ਸ਼ਖਸਾਂ ਦੀ ਏਕਤਾ ਸੀ ਨਾ ਕਿ ਸਾਰੇ ਅਕਾਲੀਆਂ ਦੀ। ਦੂਜੇ ਪਾਸੇ ਸਿਮਰਨਜੀਤ ਸਿੰਘ ਮਾਨ ਨੇ ਅਕਾਲੀ ਦਲ (ਅੰਮ੍ਰਿਤਸਰ) ਨੂੰ ਕਾਇਮ ਰੱਖਣ ਦਾ ਐਲਾਨ ਕਰ ਦਿੱਤਾ।

ਅਕਾਲੀ ਦਲ (ਬਾਦਲ-ਟੌਹੜਾ) ਵਿਚ ਏਕਤਾ ਬਾਰੇ ਉੱਚ-ਤਾਕਤੀ (ਹਾਈ ਪਾੱਵਰਡ) ਕਮੇਟੀ

3 ਜੂਨ ਨੰ ਗਿੱਦੜਬਾਹਾ ਵਿਚ ਜ਼ਿਮਨੀ ਚੋਣ ਹੋਈ। ਇਸ ਚੋਣ ਵਿਚ ਬਾਦਲ-ਟੌਹੜਾ ਅਕਾਲੀ ਦਲ ਕਾਂਗਰਸੀ ਉਮੀਦਵਾਰ ਨੂੰ 2115 ਵੋਟਾਂ ਤੇ ਹਰਾ ਕੇ ਜੇਤੂ ਰਿਹਾ। ਪਰ ਇਸ ਦਾ ਨਤੀਜਾ ਨਿਕਲਣ ਤੋਂ ਇਕ ਦਿਨ ਪਹਿਲਾਂ ਤਿੰਨ ਮੈਂਬਰੀ 'ਉੱਚ-ਤਾਕਤੀ ਕਮੇਟੀ' ਦੇ ਕਨਵੀਨਰ ਵਜੋਂ ਅਸ਼ੋਕ ਸਿੰਘ ਬਾਗੜੀਆਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਅਹੁਦੇਦਾਰਾਂ ਅਤੇ 55 ਮੈਂਬਰੀ ਐਗਜ਼ੈਕਟਿਵ ਦਾ ਐਲਾਨ ਕਰ ਦਿੱਤਾ। ਬਾਗੜੀਆਂ ਦੇ ਐਲਾਨ ਮੁਤਾਬਿਕ: ਪ੍ਰਧਾਨ-ਬਾਦਲ, ਸੀਨੀਅਰ ਮੀਤ ਪ੍ਰਧਾਨ-ਸਿਮਰਨਜੀਤ ਸਿੰਘ ਮਾਨ, ਮੀਤ ਪ੍ਰਧਾਨ-ਸੁਖਜਿੰਦਰ ਸਿੰਘ, ਗੁਰਦੇਵ ਸਿੰਘ ਬਾਦਲ ਤੇ (ਭਾਈ) ਮਨਜੀਤ ਸਿੰਘ, ਜਨਰਲ ਸਕੱਤਰ-ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ ਤੇ ਭਰਪੂਰ ਸਿੰਘ, ਖ਼ਜ਼ਾਨਚੀ-ਮਨਜੀਤ ਸਿੰਘ ਕਲਕੱਤਾ, ਸਕੱਤਰ-ਭਾਗ ਸਿੰਘ ਐਮ.ਐਲ.ਏ. ਬਣਾਏ ਗਏ ਸਨ। ਅਜੀਤ ਸਿੰਘ ਸਰਹਦੀ, ਆਤਮਾ ਸਿੰਘ ਤੇ ਅਮਰ ਸਿੰਘ ਅੰਬਾਲਵੀ ਤਿੰਨ ਸਰਪਰਸਤ ਬਣਾਏ ਗਏ ਸਨ। 55 ਮੈਂਬਰੀ ਐਗਜ਼ੈਕਟਿਵ ਵਿਚ ਇਹ ਮੈਂਬਰ

ਸ਼ਾਮਿਲ ਸਨ: 1 ਗੁਰਚਰਨ ਸਿੰਘ ਟੌਹੜਾ 2 ਕਾਬਲ ਸਿੰਘ 3 ਪ੍ਰਕਾਸ਼ ਸਿੰਘ ਮਜੀਠਾ 4 ਗੁਰਦਾਸ ਸਿੰਘ ਬਾਦਲ 5 ਨਿਰਮਲ ਸਿੰਘ ਕਾਹਲੋਂ 6 ਕੁਲਦੀਪ ਸਿੰਘ ਵਡਾਲਾ 7 ਕੈਪਟਨ ਕੰਵਲਜੀਤ ਸਿੰਘ 8 ਗੁਰਦਰਸ਼ਨ ਸਿੰਘ ਗਰੇਵਾਲ 9 ਪ੍ਰੇਮ ਸਿੰਘ ਲਾਲਪੁਰਾ 10 ਚਰਨਜੀਤ ਸਿੰਘ ਅਟਵਾਲ 11 ਠੇਕੇਦਾਰ ਸੁਰਜਨ ਸਿੰਘ 12 ਰਵੀਇੰਦਰ ਸਿੰਘ 13 ਡਾ ਰਤਨ ਸਿੰਘ 14 ਬਲਵਿੰਦਰ ਸਿੰਘ ਭੂੰਦੜ 15 ਅਮਰਜੀਤ ਸਿੰਘ ਭਾਟੀਆ 16 ਚਰਨਜੀਤ ਸਿੰਘ ਵਾਲੀਆ 17 ਸੁਜਾਨ ਸਿੰਘ 18 ਮੇਜਰ ਸਿੰਘ ਉਬੋਕੇ 19 ਰਜਿੰਦਰ ਸਿੰਘ ਧਾਲੀਵਾਲ 20 ਰਣਜੀਤ ਸਿੰਘ ਬ੍ਰਹਮਪੁਰਾ 21 ਕੈਪਟਨ ਅਮਰਿੰਦਰ ਸਿੰਘ 22 ਜਸਦੇਵ ਸਿੰਘ ਸੰਧੂ 23 ਰਾਜਾ ਨਰਿੰਦਰ ਸਿੰਘ 24 ਸੁਖਦੇਵ ਸਿੰਘ ਢਿੱਲੋਂ 25 ਜਸਬੀਰ ਸਿੰਘ 26 ਅਜੀਤ ਸਿੰਘ (ਪਰਿਵਾਰ ਵਿਛੋੜਾ) 27 ਇੰਦਰਜੀਤ ਸਿੰਘ 28 ਕਿਰਪਾਲ ਸਿੰਘ ਲਿਬੜਾ 29 ਪ੍ਰੇਮ ਸਿੰਘ ਚੰਦੂਮਾਜਰਾ 30 ਜਗਦੇਵ ਸਿੰਘ ਤਲਵੰਡੀ 31 ਰਣਧੀਰ ਸਿੰਘ ਚੀਮਾ 32 ਤੋਤਾ ਸਿੰਘ 33 ਬਲਦੇਵ ਸਿੰਘ 34 ਜਗਮੋਹਣ ਸਿੰਘ ਟੋਨੀ 35 ਮੇਜਰ ਜਨਰਲ ਨਰਿੰਦਰ ਸਿੰਘ 37 ਸੇਵਾ ਸਿੰਘ ਸੇਖਵਾਂ 38 ਰਜਿੰਦਰ ਕੌਰ ਬੁਲਾਰਾ 39 ਸਤਵੰਤ ਸਿੰਘ 39 ਸਤਵੰਤ ਕੌਰ ਸੰਧੂ 40 ਬੀਬੀ ਪ੍ਰੀਤਮ ਕੌਰ (ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸਿੰਘਣੀ) 41 ਬਸੰਤ ਸਿੰਘ ਖਾਲਸਾ। ਬਾਕੀ 14 ਵਿਚ ਪੰਜ-ਸਤ ਟੀਚਰ ਤੇ ਵਕੀਲ ਵੀ ਸ਼ਾਮਿਲ ਸਨ। ਇਸ ਤੋਂ ਇਲਾਵਾ ਪਾਰਲੀਮੈਂਟਰੀ ਬੋਰਡ ਦਾ ਐਲਾਨ ਵੀ ਕੀਤਾ ਗਿਆ। ਇਸ ਦਾ ਚੇਅਰਮੈਨ ਅਸ਼ੋਕ ਸਿੰਘ ਬਾਗੜੀਆਂ ਆਪੂੰ ਬਣਿਆ ਤੇ ਇਸ ਦੇ ਮੈਂਬਰ ਸਨ: ਟੌਹੜਾ, ਬਾਦਲ ਸੁਖਜਿੰਦਰ ਸਿੰਘ, ਬਰਨਾਲਾ, ਪ੍ਰਕਾਸ਼ ਸਿੰਘ ਮਜੀਠਾ, ਕੁਲਦੀਪ ਸਿੰਘ ਵਡਾਲਾ, ਸਿਮਰਨਜੀਤ ਸਿੰਘ ਮਾਨ ਅਤੇ ਅਮਰਿੰਦਰ ਸਿੰਘ। ਇਕ ਦਿਲਚਸਪ ਗੱਲ ਇਹ ਸੀ ਕਿ ਸੁਰਜੀਤ ਬਰਨਾਲਾ ਦਾ ਨਾਂ ਦਲ ਦੀ ਵਰਕਿੰਗ ਕਮੇਟੀ ਵਿਚ ਸ਼ਾਮਿਲ ਨਹੀਂ ਸੀ (ਹਾਂ ਪਾਰਲੀਮੈਂਟਰੀ ਬੋਰਡ 'ਚ ਜ਼ਰੂਰ ਸ਼ਾਮਿਲ ਸੀ)।

ਵਰਕਿੰਗ ਕਮੇਟੀ ਦਾ ਐਲਾਨ ਕਰਨ ਵੇਲੇ ਬਾਗੜੀਆਂ ਨੇ ਆਖਿਆ ਕਿ "ਮੈਂ ਇਹ ਐਲਾਨ "ਉੱਚ ਤਾਕਤੀ ਕਮੇਟੀ" ਦੇ ਚੇਅਰਮੈਨ ਵਜੋਂ ਕੀਤਾ ਹੈ। ਕਿਉਂਕਿ ਇਸ ਕਮੇਟੀ ਨੂੰ ਇਸ ਸਬੰਧੀ ਕਿਸੇ ਨੇ ਕੋਈ ਸੁਝਾਅ ਜਾਂ ਸਿਫ਼ਾਰਸ਼ਾਂ ਨਹੀਂ ਸਨ ਕੀਤੀਆਂ ਇਸ ਕਰ ਕੇ ਮੈਨੂੰ ਇਹ ਐਲਾਨ ਆਪੂੰ ਹੀ ਕਰਨਾ ਪਿਆ ਹੈ।" ਉਂਵ ਬਾਗੜੀਆਂ ਵਲੋਂ ਐਲਾਨ ਕਰਨ ਵੇਲੇ ਇਸ 'ਉੱਚ ਤਾਕਤੀ ਕਮੇਟੀ' ਦੇ ਬਾਕੀ ਦੋ ਮੈਂਬਰ ਟੌਹੜਾ ਤੇ ਵਡਾਲਾ ਹਾਜ਼ਿਰ ਨਹੀਂ ਸਨ। ਮਗਰੋਂ ਉਨ੍ਹਾਂ ਦੋਹਾਂ ਨੇ ਇਕ ਬਿਆਨ ਵਿਚ ਇਸ ਐਗਜ਼ੈਕਟਿਵ ਨੂੰ ਨਾਮਨਜ਼ੂਰ ਕਰ ਦਿੱਤਾ। ਸਿਮਰਨਜੀਤ ਸਿੰਘ ਮਾਨ, ਜਿਸ ਨੇ ਏਕਤਾ ਦਾ ਆਧਾਰ ਮੰਨੇ ਗਏ ਨਿਸ਼ਾਨੇ ਤੇ ਪਾਲਿਸੀ ਦੇ ਐਲਾਨ ਨੂੰ ਪਹਿਲੋਂ ਹੀ ਨਾਮਨਜ਼ੂਰ ਕਰਨ ਬਾਰੇ ਬਿਆਨ ਦਿੱਤਾ ਹੋਇਆ ਸੀ, ਨੇ ਵੀ ਇਸ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ। ਮਾਨ ਨੇ ਕਿਹਾ ਕਿ ਉਨ੍ਹਾਂ ਇਸ ਦਲ ਦੇ ਅਹੁਦੇ ਨੂੰ ਕਬੂਲ ਨਹੀਂ ਕਰਦਾ। ਬਾਦਲ ਨੇ ਵੀ ਇਹ ਐਲਾਨ ਨਾਮਨਜ਼ੂਰ ਕਰ ਦਿੱਤਾ। ਇਸ ਮਗਰੋਂ ਤਲਵੰਡੀ ਤੇ (ਭਾਈ) ਮਨਜੀਤ ਸਿੰਘ ਨੇ ਵੀ ਇਸ ਨੂੰ ਰੱਦ ਕਰ ਦਿੱਤਾ। ਇਸ ਮੌਕੇ 'ਤੇ ਇਹ ਚਰਚਾ ਵੀ ਚਲ ਪਿਆ ਕਿ ਸੁਖਜਿੰਦਰ ਸਿੰਘ ਨੇ ਦਲ ਦਾ ਨਵਾਂ ਪ੍ਰਧਾਨ ਬਣਾਉਣ ਦੀ ਮੰਗ ਕੀਤੀ ਸੀ। ਬਾਦਲ ਨੇ ਇਸ ਬਿਆਨ ਦੇ ਸਬੰਧ ਵਿਚ 'ਅਕਾਲੀ ਦਲ ਦੀ ਏਕਤਾ ਵਿਚ ਫੁੱਟ ਪਾਉਣ ਵਾਲਿਆਂ ਨੂੰ ਸਖਤ ਤਾੜਨਾ' ਕਰਨ ਬਾਰੇ ਬਿਆਨ ਜਾਰੀ ਕਰ ਦਿੱਤਾ। ਉਧਰ ਸੁਖਜਿੰਦਰ ਸਿੰਘ ਆਪਣੇ ਬਿਆਨ ਤੋਂ ਬਿਲਕੁਲ ਹੀ ਮੁਕਰ ਗਿਆ। ਦੂਜੇ ਪਾਸੇ ਸਿਮਰਨਜੀਤ ਸਿੰਘ ਮਾਨ ਨੇ ਅਕਾਲੀ ਦਲ (ਅੰਮ੍ਰਿਤਸਰ) ਦੀਆਂ ਕਾਰਵਾਈਆਂ ਫੇਰ ਸ਼ੁਰੂ ਕਰ ਦਿੱਤੀਆਂ।

ਇਨ੍ਹਾਂ ਦਿਨਾਂ ਵਿਚ ਇਕ ਹੋਰ ਅਹਿਮ ਵਾਕਿਆ ਹੋਇਆ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਦਿੱਲੀ ਵਿਚ ਵੋਟਾਂ ਪਾਈਆਂ ਗਈਆਂ। ਚੋਣਾਂ ਵਿਚ ਨਵੇਂ ਸਾਂਝੇ (ਬਾਦਲ-ਟੌਹੜਾ) ਅਕਾਲੀ ਦਲ ਨੇ 35 ਸੀਟਾਂ ਜਿੱਤ ਲਈਆਂ। 8 ਸੀਟਾਂ 'ਤੇ ਆਜ਼ਾਦ (ਜੋ ਮਾਨ ਧੜੇ ਦੇ ਤੇ ਭਾਈ ਰਣਜੀਤ ਸਿੰਘ ਦੇ ਹਿਮਾਇਤ ਸਨ) ਕਾਮਯਾਬ ਹੋਏ। ਅਕਾਲ ਤਖ਼ਤ ਸਾਹਿਬ ਤੋਂ ਬਾਗ਼ੀ, ਪੰਥ ਚੋਂ ਖਾਰਜ ਕੀਤਾ ਹੋਇਆ ਰਛਪਾਲ ਸਿੰਘ ਤੇ ਉਸ ਦੇ ਧੜੇ ਦੇ ਅਖੌਤੀ-ਅਕਾਲੀ ਦਲ ਦੇ ਸਾਰੇ ਉਮੀਦਵਾਰ ਸਿਰਫ਼ ਹਾਰੇ ਹੀ ਨਹੀਂ ਬਲਕਿ ਬਹੁਤਿਆਂ ਦੀਆਂ ਜ਼ਮਾਨਤਾਂ ਹੀ ਜ਼ਬਤ ਹੋ ਗਈਆਂ। ਸਿੱਖ ਸੰਗਤਾਂ ਨੇ ਪੰਥ 'ਚੋਂ ਖਾਰਿਜ ਲੋਕਾਂ ਨੂੰ ਬੁਰੀ ਤਰ੍ਹਾਂ ਰੱਦ ਕਰ ਦਿੱਤਾ ਸੀ। (ਇਨ੍ਹਾਂ ਦਿਨਾਂ ਵਿਚ ਹੀ ਅਸ਼ੋਕ ਸਿੰਘ ਬਾਗੜੀਆਂ ਦੇ ਪੰਜਾਬ ਪੁਲੀਸ ਦੇ ਮੁਖੀ ਕੇ.ਪੀ.ਐਸ. ਗਿੱਲ ਨਾਲ ਦੋਸਤਾਨਾ ਸਬੰਧਾਂ ਦਾ ਚਰਚਾ ਵੀ ਚਲਿਆ। ਬਾਗੜੀਆਂ ਨੇ ਇਕ ਬਿਆਨ ਵਿਚ ਮੰਨਿਆ ਕਿ ਗਿੱਲ ਨਾਲ ਮੇਰੇ ਜ਼ਾਤੀ ਸਬੰਧ ਹਨ ਪਰ ਮੈਂ ਉਸ ਦੇ 'ਸਾਰੇ' ਕੰਮਾਂ ਨੂੰ ਠੀਕ ਨਹੀਂ ਸਮਝਦਾ)। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਮਾਨ ਨੇ ਇਕ ਬਿਆਨ ਵਿਚ ਕਿਹਾ ਕਿ ਬਾਦਲ ਨੇ ਦਿੱਲੀ ਚੋਣਾਂ ਵਿਚ ਭਾਜਪਾ ਦੀ ਮਦਦ ਲੈ ਕੇ ਸਿੱਖ ਹਿੱਤਾਂ ਨੂੰ ਵੇਚਿਆ ਹੈ।

ਹੁਣ ਕਿਉਂਕਿ ਮਾਨ ਨੇ ਐਲਾਨੀਆ ਬਾਦਲ ਦੀ ਮੁਖ਼ਾਲਫ਼ਤ ਕਰਨੀ ਸ਼ੁਰੂ ਕਰ ਦਿੱਤੀ ਸੀ ਅਤੇ ਅਸ਼ੋਕ ਸਿੰਘ ਬਾਗੜੀਆਂ ਦੀ ਸ਼ਖ਼ਸੀਅਤ ਬਾਰੇ ਸ਼ੱਕੀ ਗੱਲਾਂ ਹੋਣ ਲੱਗ ਪਈਆਂ ਸਨ ਇਸ ਕਰ ਕੇ ਬਾਦਲ-ਟੌਹੜਾ ਧੜੇ ਨੇ 15 ਜੁਲਾਈ ਨੂੰ ਤਿੰਨ ਮੈਂਬਰੀ ''ਉੱਚ-ਤਾਕਤੀ ਕਮੇਟੀ'' ਤੋੜ ਦਿੱਤੀ ਤੇ ਸਾਰੇ ਹੱਕ ਪ੍ਰਧਾਨ ਬਾਦਲ ਨੂੰ ਦੇ ਦਿੱਤੇ। ਇਨ੍ਹਾਂ ਦਿਨਾਂ ਵਿਚ ਮਾਨ ਅਜੇ ਜੇਲ੍ਹ ਵਿਚ ਹੀ ਸੀ। ਉਸ ਨੂੰ 5 ਜਨਵਰੀ 1995 ਦੇ ਦਿਨ ਬੱਸੀ ਪਠਾਣਾਂ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹ 18 ਜੁਲਾਈ ਨੂੰ ਜ਼ਮਾਨਤ ਤੇ ਰਿਹਾ ਹੋ ਗਿਆ। ਇਧਰ ਬਾਦਲ-ਟੌਹੜਾ ਧੜਾ ਨੇ ਪਹਿਲੀ ਅਗਸਤ ਨੂੰ 18 ਮੈਂਬਰੀ ਐਗਜ਼ੈਕਟਿਵ ਦਾ ਐਲਾਨ ਕਰ ਦਿੱਤਾ। ਇਸ ਐਲਾਨ ਮੁਤਾਬਿਕ ਆਤਮਾ ਸਿੰਘ ਨੂੰ ਇਸ ਦਲ ਦਾ ਸਰਪਰਸਤ ਬਣਾਇਆ ਗਿਆ। ਐਗਜ਼ੈਕਟਿਵ ਵਿਚ ਟੌਹੜਾ, ਬਰਨਾਲਾ, ਪ੍ਰਕਾਸ਼ ਸਿੰਘ ਮਜੀਠਾ, ਤਲਵੰਡੀ, ਕੁਲਦੀਪ ਸਿੰਘ ਵਡਾਲਾ, (ਭਾਈ) ਮਨਜੀਤ ਸਿੰਘ, ਰਣਜੀਤ ਸਿੰਘ ਬ੍ਰਹਮਪੁਰਾ ਗੁਰਦੇਵ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਠੇਕੇਦਾਰ ਸੁਰਜਨ ਸਿੰਘ, ਬਲਵਿੰਦਰ ਸਿੰਘ ਭੂੰਦੜ, ਕਾਬਲ ਸਿੰਘ, ਕੈਪਟਨ ਕੰਵਲਜੀਤ, ਪ੍ਰੇਮ ਚੰਦੂਮਾਜਰਾ, ਚਰਨਜੀਤ ਸਿੰਘ ਵਾਲੀਆ ਤੇ ਅਮਰਜੀਤ ਸਿੰਘ ਭਾਟੀਆ ਨੂੰ ਸ਼ਾਮਿਲ ਕੀਤਾ ਗਿਆ। ਇਸ ਵਿਚ ਮਾਨ ਧੜੇ ਦਾ ਕੋਈ ਵੀ ਮੈਂਬਰ ਨਹੀਂ ਲਿਆ ਗਿਆ ਸੀ; ਇੰਵ ਹੀ ਅਮਰਿੰਦਰ ਸਿੰਘ ਦਾ ਨਾਂ ਵੀ ਗ਼ਾਇਬ ਸੀ।

ਫਿਰ ਦੋ ਅਕਾਲੀ ਦਲਾਂ ਦਾ ਐਲਾਨ

15 ਅਗਸਤ ਨੂੰ ਸਿਮਰਨਜੀਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਉਹ ਦੋਹਾਂ ਲੀਡਰਾਂ (ਬਾਦਲ ਤੇ ਟੌਹੜਾ) ਦੀ ਏਕਤਾ ਨੂੰ ਕਬੂਲ ਨਹੀਂ ਕਰਦਾ। ਉਸ ਨੇ ਕਿਹਾ ਕਿ ਮੈਂ ਅਕਾਲੀ ਦਲ (ਅੰਮ੍ਰਿਤਸਰ) ਨੂੰ ਕਾਇਮ ਰੱਖਾਂਗਾ। ਇਥੇ ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਇਸ ਹਾਲਤ ਵਿਚ ਅਕਾਲੀ ਦਲ ਅੰਮ੍ਰਿਤਸਰ ਬਣਾਉਣ ਵਾਲੇ ਅਕਾਲ ਤਖ਼ਤ ਸਾਹਿਬ ਤੋਂ ਕੋਈ ਬਿਆਨ, ਅਪੀਲ, ਹੁਕਮਨਾਮਾ, ਚਿੱਠੀ ਜਾਰੀ ਨਹੀਂ ਕੀਤੀ ਗਈ। ਹੁਣ 'ਅਕਾਲ ਤਖ਼ਤ ਸਾਹਿਬ', ਸ਼ਾਇਦ, ਚੁੱਪ ਹੋ ਗਿਆ ਸੀ!

28 ਅਗਸਤ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 21 ਤੋਂ 25 ਸਤੰਬਰ 1995 ਤਕ ਵਰਲਡ ਸਿੱਖ ਕਾਨਫਰੰਸ ਕਰਨ ਦਾ ਐਲਾਨ ਕਰ ਦਿੱਤਾ। ਇਹ ਕਾਨਫਰੰਸ ਭਾਵੇਂ ਕੋਈ ਅਹਿਮ

ਰੋਲ ਤਾਂ ਅਦਾ ਨਾ ਕਰ ਸਕੀ ਪਰ ਇਸ ਵਿਚ ਮੇਲੇ ਵਾਲੀ ਰੌਣਕ ਰਹੀ ਤੇ ਚੰਦ ਇਕ ਦਿਨ ਅਖ਼ਬਾਰਾਂ ਵਿਚ ਕੁਝ ਨਾਂਵਾਂ, ਖ਼ਬਰਾਂ ਅਤੇ ਬਿਆਨਾਂ ਦਾ ਚਰਚਾ ਚਲਦਾ ਰਿਹਾ। ਕੁਝ ਸਹੀ ਤੇ ਕੁਝ ਗ਼ਲਤ ਬੰਦਿਆਂ ਦੇ 'ਸਨਮਾਨ' ਕੀਤੇ ਗਏ। ਹਾਂ ਕੁਝ ਦਿਨ ਮਗਰੋਂ ਮਨਜੀਤ ਸਿੰਘ ਨੇ 'ਵਰਲਡ ਸਿੱਖ ਕੌਂਸਲ" ਦੇ ਨਾਂ ਹੇਠ ਇਕ ਅਦਾਰਾ ਕਾਇਮ ਕਰ ਕੇ ਆਪਣੇ ਰਿਸ਼ਤੇਦਾਰਾਂ ਤੇ ਦੋਸਤਾਂ ਦੀ ਇਕ ਜਮਾਤ ਜ਼ਰੂਰ ਖੜੀ ਕਰਨ ਦੀ ਕੋਸ਼ਿਸ਼ ਕੀਤੀ, ਜੋ ਮਗਰੋਂ ਬੈਕ-ਫ਼ਾਇਰ ਕਰ ਗਈ (ਤੇ ਇਥੋਂ ਮਨਜੀਤ ਸਿੰਘ ਦਾ ਨਿਘਾਰ ਸ਼ੁਰੂ ਹੋ ਗਿਆ)।

ਇਸ ਦੌਰਾਨ, 31 ਅਗਸਤ 1995 ਦੇ ਦਿਨ, ਪੰਜਾਬ ਦਾ ਜ਼ਾਲਮ ਚੀਫ਼ ਮਨਿਸਟਰ ਬੇਅੰਤ ਸਿੰਘ ਮਾਰਿਆ ਜਾ ਚੁਕਾ ਸੀ। ਇਸ ਤੋਂ ਮਗਰੋਂ ਪੰਜਾਬ ਦੀ ਸਿਆਸਤ ਦਾ ਨਕਸ਼ਾ ਬਦਲਣਾ ਲਾਜ਼ਮੀ ਸੀ।

ਲੋਕ ਸਭਾ ਦੀਆਂ ਚੋਣਾਂ (1996)

ਅਪ੍ਰੈਲ-ਮਈ 1996 ਵਿਚ ਭਾਰਤੀ ਲੋਕ ਸਭਾ ਦੀਆਂ ਚੋਣਾਂ ਹੋਈਆਂ। ਇਸ ਵੇਲੇ ਤਕ ਕਾਂਗਰਸ ਬਹੁਤ ਬਦਨਾਮ ਹੋ ਚੁਕੀ ਸੀ। ਇਸ ਕਰ ਕੇ ਚੋਣਾਂ ਵਿਚ ਇਸ ਨੂੰ ਜ਼ਬਰਦਸਤ ਹਾਰ ਮਿਲੀ। 543 ਸੀਟਾਂ ਵਿਚੋਂ ਕਾਂਗਰਸ ਨੂੰ ਸਿਰਫ਼ 140 ਸੀਟਾਂ ਹੀ ਮਿਲੀਆਂ; ਜਦ ਕਿ ਭਾਜਪਾ 161, ਸ਼ਿਵ ਸੈਨਾ 26, ਬਾਦਲ ਦਲ 8 (ਯਾਨਿ ਭਾਜਪਾ ਫ਼ਰੰਟ ਕੋਲ 195 ਸਨ); ਤੀਜੇ ਫ਼ਰੰਟ ਨੂੰ 79 ਸੀਟਾਂ, ਕਮਿਊਨਿਸਟਾਂ ਨੂੰ 52, ਤਾਮਿਲ ਮਨੀਲਾ ਕਾਂਗਰਸ ਨੂੰ 29, ਡੀ.ਐਮ.ਕੇ ਨੂੰ 17, ਬੀ.ਐਸ.ਪੀ. ਨੂੰ 11 ਸੀਟਾਂ ਮਿਲੀਆਂ। ਪਹਿਲਾਂ 15 ਮਈ 1996 ਦੇ ਦਿਨ ਭਾਜਪਾ ਨੇ ਸਰਕਾਰ ਬਣਾਈ ਪਰ ਅਟਲ ਬਿਹਾਰੀ ਵਾਜਪਾਈ 543 ਵਿਚੋਂ ਸਿਰਫ਼ 200 ਮੈਂਬਰਾਂ ਦੀ ਹਿਮਾਇਤ ਲੈ ਸਕਿਆ ਅਤੇ ਅਕਸਰੀਅਤ (ਬਹੁਮਤ) ਹਾਸਿਲ ਨਾ ਕਰ ਸਕਿਆ ਤੇ 13 ਦਿਨ ਮਗਰੋਂ ਅਸਤੀਫ਼ਾ ਦੇ ਦਿੱਤਾ। ਫਿਰ ਤੀਜੇ ਫ਼ਰੰਟ ਨੇ ਸਰਕਾਰ ਬਣਾਈ ਤੇ 1 ਜੂਨ 1996 ਦੇ ਦਿਨ ਐਚ. ਡੀ. ਦੇਵੇਗਊੜਾ ਪ੍ਰਾਈਮ ਮਨਿਸਟਰ ਬਣਿਆ। ਉਹ 21 ਅਪ੍ਰੈਲ 1997 ਤਕ ਰਿਹਾ ਤੇ ਉਸ ਮਗਰੋਂ ਇੰਦਰ ਕੁਮਾਰ ਗੁਜਰਾਲ 19 ਮਾਰਚ 1998 ਤਕ ਪ੍ਰਾਈਮ ਮਨਿਸਟਰ ਰਿਹਾ।

ਮਾਰਚ 1998 ਵਿਚ ਲੋਕ ਸਭਾ ਦੀਆਂ ਨਵੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਭਾਜਪਾ ਨੇ 545 ਵਿਚੋਂ 182 ਸੀਟਾਂ (25.89% ਵੋਟਾਂ) ਜਿੱਤੀਆਂ; ਕਾਂਗਰਸ 141 (25.82%), ਸੀ.ਪੀ.ਐਮ. 32 (5.4%), ਸਮਾਜਵਾਦੀ ਪਾਰਟੀ 20 (4.93%), ਅੰਨਾ ਡੀ.ਐਂ.ਕੇ. 18 (1.83%), ਰਾਸ਼ਟਰੀ ਜਨਤਾ ਦਲ 17 (2.78%), ਤੇਲਗੂ ਦੇਸਮ ਪਾਰਟੀ 12 (2.77%), ਸਮਤਾ ਪਾਰਟੀ 12 (1.76%) ਸੀਟਾਂ 'ਤੇ ਜਿੱਤੇ; ਬੀਜੂ ਜਨਤਾ ਦਲ ਨੂੰ 9, ਬਾਦਲ ਦਲ ਨੂੰ 8, ਤ੍ਰਿਨਾਮੂਲ ਕਾਂਗਰਸ ਨੂੰ 7, ਸ਼ਿਵ ਸੈਨਾ ਨੂੰ 6, ਬੀ.ਐਸ.ਪੀ. ਨੂੰ 5, ਚੌਧਰੀ ਦੇਵੀ ਲਾਲ ਦੀ ਪਾਰਟੀ ਹਰਿਆਣਾ ਲੋਕ ਦਲ ਨੂੰ 4 ਸੀਟਾਂ ਮਿਲੀਆਂ। ਪੰਜਾਬ ਦੀਆਂ 13 ਸੀਟਾਂ ਵਿਚੋਂ ਅਕਾਲੀ ਦਲ ਨੇ 8, ਕਾਂਗਰਸ ਨੇ 2, ਬੀ.ਐਸ.ਪੀ. ਨੇ 3 ਸੀਟਾਂ ਜਿੱਤੀਆਂ। ਪਰ, ਅਕਾਲੀ ਦਲ ਨੂੰ 28.72%, ਕਾਂਗਰਸ ਨੂੰ 35.10% ਅਤੇ ਬੀ.ਐਸ.ਪੀ. ਨੂੰ 9.35% ਤੇ ਭਾਜਪਾ ਨੂੰ 6.48% ਵੋਟਾਂ ਮਿਲੀਆਂ। ਇਸ ਵਾਰ ਫਿਰ ਭਾਜਪਾ ਨੇ ਕੁਲੀਸ਼ਨ ਸਰਕਾਰ ਬਣਾਈ ਤੇ 19 ਮਾਰਚ 1998 ਦੇ ਦਿਨ ਵਾਜਪਾਈ ਪ੍ਰਾਈਮ ਮਨਿਸਟਰ ਬਣਿਆ। ਪਰ, ਇਹ ਕੁਲੀਸ਼ਨ ਵੀ ਥੋੜ੍ਹਾ ਚਿਰ ਚੱਲੀ। ਜੈ ਲਲਿਤਾ ਦੀ ਅੰਨਾ ਡੀ.ਐਮ.ਕੇ. ਵੱਲੋਂ ਸਾਥ ਛੱਡਣ ਕਰ ਕੇ 17 ਅਪ੍ਰੈਲ 1999 ਦੇ ਦਿਨ ਭਰੋਸੇ ਦਾ ਵੋਟ ਨਾ ਲੈ ਸਕਣ ਕਾਰਨ ਵਾਜਪਾਈ ਦੀ ਸਰਕਾਰ ਟੁੱਟ ਗਈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਐਕਟ ਹੇਠ ਪਹਿਲੀਆਂ ਚੋਣਾਂ 1926 ਵਿਚ ਹੋਈਆਂ ਸਨ ਤੇ ਇਹ ਹਰ ਤਿੰਨ ਸਾਲ (ਤੇ ਬਾਅਦ ਵਿਚ ਪੰਜ ਸਾਲ) ਮਗਰੋਂ ਬਾਕਾਇਦਾ ਹੁੰਦੀਆਂ ਰਹੀਆਂ ਸਨ ਪਰ 1965 ਤੋਂ ਬਾਅਦ ਕਾਂਗਰਸ ਨੇ 1979 ਤਕ, 14 ਸਾਲ, ਚੋਣਾਂ ਹੀ ਨਾ ਕਰਵਾਈਆਂ। ਇਸ ਮਗਰੋਂ 16 ਸਾਲ ਫੇਰ ਚੋਣਾਂ ਨਾ ਹੋਈਆਂ ਤਾਂ ਕੁਝ ਸਿੱਖਾਂ ਨੇ ਹਾਈ ਕੋਰਟ ’ਚ ਚੈਲੰਜ ਕਰ ਕੇ ਚੋਣਾਂ ਕਰਵਾਉਣ ਦੇ ਹੁਕਮ ਜਾਰੀ ਕਰਵਾਏ। 17 ਸਾਲ ਮਗਰੋਂ ਅਦਾਲਤੀ ਹੁਕਮਾਂ ਹੇਠ, 13 ਅਕਤੂਬਰ 1996 ਨੂੰ ਹੋਈਆਂ ਚੋਣਾਂ ਵਿਚ ਬਾਦਲ-ਟੌਹੜਾ ਅਕਾਲੀ ਦਲ ਨੇ 170 ਵਿਚੋਂ 161 ਸੀਟਾਂ ਤੇ ਜਿੱਤ ਹਾਸਿਲ ਕੀਤੇ ਤੇ ਸਿਮਰਨਜੀਤ ਸਿੰਘ ਮਾਨ ਧੜੇ ਨੂੰ ਸਿਰਫ਼ 8 ਸੀਟਾਂ ਹੀ ਮਿਲੀਆਂ। ਬਾਕੀ ਧੜਿਆਂ: ਜਸਬੀਰ ਸਿੰਘ ਰੋਡੇ, ਰਾਗੀ ਦਰਸ਼ਨ ਸਿੰਘ, ਬਹੁਜਨ ਸਮਾਜ ਪਾਰਟੀ ਨੂੰ ਇਕ ਵੀ ਸੀਟ ਹਾਸਿਲ ਨਾ ਹੋਈ। ਇਨ੍ਹਾਂ ਚੋਣਾਂ ਵਿਚ ਜਿੱਤੇ ਬਾਦਲ-ਟੌਹੜਾ ਧੜੇ ਦੇ ਕਈ ਮੈਂਬਰ ਤਾਂ ਅੰਮ੍ਰਿਤਧਾਰੀ ਵੀ ਨਹੀਂ ਸਨ ਤੇ ਬਹੁਤ ਸਾਰੇ ਜੇਤੂ ਮੈਂਬਰਾਂ ਦੇ ਬੱਚੇ ਪਤਿਤ ਸਨ। ਦਰਅਸਲ ਸੀਟਾਂ ਦੀ ਵੰਡ ਵੇਲੇ ਬਾਦਲ ਨੇ ਆਪਣੀ ਮਨਮਰਜ਼ੀ ਕੀਤੀ ਸੀ। ਟੌਹੜਾ ਨੇ ਆਪਣੇ ਬੰਦਿਆਂ ਨੂੰ ਟਿਕਟ ਦੇਣ ਲਈ ਕੋਈ ਜ਼ੋਰ ਨਾ ਪਾਇਆ ਜਿਸ ਨਾਲ ਬਾਦਲ ਨੇ ਨਿੱਜੀ ਸਾਥੀਆਂ, ਪਰ ਅਪੰਥਕ ਬੰਦਿਆਂ, ਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸੀਟਾਂ ਦਿੱਤੀਆਂ ਜਿਸ ਦਾ ਖ਼ਮਿਆਜ਼ਾ, ਬਾਅਦ ਵਿਚ, ਟੌਹੜਾ ਨੂੰ, ਟਕਸਾਲੀ ਅਕਾਲੀਆਂ ਨੂੰ, ਸ਼੍ਰੋਮਣੀ ਅਕਾਲੀ ਦਲ ਨੂੰ, ਪੰਥਕ ਜਮਾਤਾਂ ਤੇ ਸਮੁੱਚੇ ਪੰਥ ਨੂੰ ਭੁਗਤਣਾ ਪਿਆ। ਟੌਹੜਾ ਨੇ ਟਿਕਟਾਂ ਦੀ ਵੰਡ ਵੇਲੇ ਸ਼ਾਇਦ ਇਸ ਕਰ ਕੇ ਕੁਝ ਨਾ ਬੋਲਿਆ ਕਿਉਂਕਿ ਉਹ ਇਹ ਸਮਝਦਾ ਸੀ ਕਿ ਬਾਦਲ ਮੌਕਾ ਆਉਣ ’ਤੇ ਯਾਰ-ਮਾਰ ਨਹੀਂ ਕਰੇਗਾ।

ਬਾਦਲ-ਟੌਹੜਾ ਅਕਾਲੀ ਦਲ ਦੀ ਜਿੱਤ ਦੇ ਵੱਡੇ ਕਾਰਨ ਇਹ ਸਨ: (1) ਇਸ ਧੜੇ ਕੋਲ ਟਕਸਾਲੀ ਵਰਕਰ ਬਹੁਤ ਸਨ (2) ਇਸ ਧੜੇ ਨੇ ਵੋਟਾਂ ਬਹੁਤ ਬਣਵਾਈਆਂ ਸਨ। ਬਾਦਲ ਦੇ ਹਿਮਾਇਤੀਆਂ ਨੇ ਤਾਂ ਬਹੁਤ ਸਾਰੀਆਂ ਹਿੰਦੂਆਂ ਤੇ ਯੂ.ਪੀ. ਦੇ ਬੀੜੀ-ਨੋਸ਼ ਭਈਆਂ ਦੀਆਂ ਹਜ਼ਾਰਾਂ ਵੋਟਾਂ ਵੀ ਬਣਵਾਈਆਂ ਹੋਈਆਂ ਸਨ (3) ਬਾਦਲ-ਟੌਹੜਾ ਧੜੇ ਕੋਲ ਫ਼ੰਡ ਬਹੁਤ ਜ਼ਿਆਦਾ ਸਨ (4) ਸ਼੍ਰੋਮਣੀ ਕਮੇਟੀ ’ਤੇ ਪਹਿਲੋਂ ਕਾਬਜ਼ ਹੋਣ ਕਰ ਕੇ ਸਟੇਜ ਅਤੇ ਗੁਰਦੁਆਰਾ ਮੁਲਾਜ਼ਮ ਵੀ ਬਾਦਲ-ਟੌਹੜਾ ਧੜੇ ਦੇ ਉਮੀਦਵਾਰਾਂ ਦੀ ਮਦਦ ਕਰਦੇ ਰਹੇ ਸਨ। ਦੂਜੇ ਪਾਸੇ, ਮਾਨ ਅਕਾਲੀ ਦਲ ਦੇ ਕੋਲ ਆਗੂ ਵਧੇਰੇ ਸਨ ਤੇ ਵਰਕਰ ਘਟ ਤੇ ਉਸ ਦੀ ਪਾਰਟੀ ਚੰਗੀ ਤਰ੍ਹਾਂ ਜਥੇਬੰਦ ਵੀ ਨਹੀਂ ਸੀ। ਰੋਡੇ ਗਰੁੱਪ ਦਾ ਅਸਰ ਸਿਰਫ਼ ਚਾਰ-ਪੰਜ ਸੀਟਾਂ ਤੇ ਹੀ ਸੀ ਜਿਥੋਂ ਉਹ 20-25 ਫ਼ੀ ਸਦੀ ਵੋਟਾਂ ਲਿਜਾ ਸਕਦੇ ਸਨ। ਬਹੁਜਨ ਸਮਾਜ ਪਾਰਟੀ ਨਾਲ ਪੱਛੜੀਆਂ ਜ਼ਾਤਾਂ ਦੇ ਸਿੱਖ ਬਹੁਤ ਹੀ ਥੋੜ੍ਹੇ ਸਨ। ਇਸ ਵਜਹ ਕਰ ਕੇ ਰੋਡੇ ਤੇ ਬਹੁਜਨ ਸਮਾਜ ਪਾਰਟੀ, ਦੋਹਾਂ ਪਾਰਟੀਆਂ, ਦੇ ਬਹੁਤੇ ਉਮੀਦਵਾਰ ਤਾਂ ਜ਼ਮਾਨਤਾਂ ਵੀ ਨਹੀਂ ਬਚਾ ਸਕੇ। ਮਾਨ ਧੜੇ ਨੇ ਭਾਵੇਂ ਸਿਰਫ਼ 8 ਸੀਟਾਂ ਹੀ ਜਿੱਤੀਆਂ ਪਰ ਉਨ੍ਹਾਂ ਨੇ ਇਕ ਦਰਜਨ ਦੇ ਕਰੀਬ ਸੀਟਾਂ ਮਾਮੂਲੀ ਫ਼ਰਕ ਨਾਲ ਹਾਰੀਆਂ ਸਨ। ਇਹ ਗੱਲ ਵੀ ਕਾਬਲੇ-ਜ਼ਿਕਰ ਹੈ ਕਿ ਬਹੁਤੇ ਬਾਦਲ ਵਿਰੋਧੀਆਂ ਨੇ ਆਪੋ-ਆਪਣੀਆਂ ਸੀਟਾਂ ਹੀ ਲੜੀਆਂ ਤੇ ਦੂਜੇ ਧੜਿਆਂ ਦੇ ਉਮੀਦਵਾਰਾਂ ਵਾਸਤੇ ਜ਼ਰਾ-ਮਾਸਾ ਵੀ ਕੰਮ ਨਹੀਂ ਕੀਤਾ ਸੀ।

●

ਪੰਜਾਬ ਵਿਚ ਬਾਦਲ ਦੀ ਸਰਕਾਰ

ਜਨਵਰੀ 1997 ਵਿਚ ਪੰਜਾਬ ਵਿਚ ਅਸੈਂਬਲੀ ਚੋਣਾਂ 6 ਫ਼ਰਵਰੀ ਨੂੰ ਕਰਵਾਏ ਜਾਣ ਦਾ ਐਲਾਨ ਹੋ ਗਿਆ। ਅਕਾਲੀ ਦਲ (ਬਾਦਲ-ਟੌਹੜਾ) ਨੇ ਭਾਰਤੀ ਜਨਤਾ ਪਾਰਟੀ ਨਾਲ ਚੋਣ ਸਮਝੌਤਾ ਕਰ ਲਿਆ। ਇਸ ਵਾਰ ਬਹੁਜਨ ਸਮਾਜ ਪਾਰਟੀ ਨਾਲ ਅਕਾਲੀ ਦਲ ਦਾ ਸਮਝੌਤਾ ਨਾ ਹੋ ਸਕਿਆ। ਬਹੁਜਨ ਸਮਾਜ ਪਾਰਟੀ ਨੇ ਅਕਾਲੀ ਦਲ (ਅੰਮ੍ਰਿਤਸਰ) ਨਾਲ ਗਠਜੋੜ ਕਰ ਲਿਆ।

ਬਾਦਲ-ਟੌਹੜਾ ਅਕਾਲੀ ਦਲ ਦਾ ਚੋਣ ਮੈਨੀਫ਼ੈਸਟੋ

22 ਜਨਵਰੀ ਨੂੰ ਅਕਾਲੀ ਦਲ (ਬਾਦਲ-ਟੌਹੜਾ) ਨੇ ਭਾਜਪਾ ਨਾਲ ਸਾਂਝਾ ਚੋਣ ਮੈਨੀਫ਼ੈਸਟੋ ਜਾਰੀ ਕੀਤਾ। ਇਸ ਮੈਨੀਫ਼ੇਸਟੋ ਵਿਚ ਚੰਡੀਗੜ੍ਹ ਪੰਜਾਬ ਨੂੰ ਮੋੜਨ ਤੇ ਪੰਜਾਬ ਵਾਸਤੇ ਵਧੇਰੇ ਹੁਕੂਕ ਦੀ ਗੱਲ ਕਹੀ ਗਈ ਸੀ।

27 ਜਨਵਰੀ ਨੂੰ ਅਕਾਲੀ ਦਲ (ਬਾਦਲ-ਟੌਹੜਾ) ਨੇ ਆਪਣਾ ਵੱਖਰਾ ਮੈਨੀਫ਼ੈਸਟੋ ਵੀ ਜਾਰੀ ਕੀਤਾ। ਇਸ ਵਿਚ ਪੰਜਾਬ ਦੇ ਕਿਸਾਨਾਂ ਨੂੰ ਮੁਫ਼ਤ ਪਾਣੀ ਤੇ ਬਿਜਲੀ ਦੇਣ, ਮਾਲੀਆ ਮੁਆਫ਼ ਕਰਨ ਦੇ ਐਲਾਨ ਤੋਂ ਇਲਾਵਾ ਫ਼ੌਜ ’ਚ ਪੰਜਾਬੀਆਂ ਦੇ ਤਨਾਸਬ ਵਿਚ ਵਾਧਾ, ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦੀ ਵਾਪਸੀ, ਪੰਜਾਬ ਦੇ ਪਾਣੀਆਂ ਤੇ ਸਿਰਫ਼ ਪੰਜਾਬ ਦਾ ਹੱਕ, ਪੰਜਾਬ ਨੂੰ ਇੰਟਰਨੈਸ਼ਨਲ ਏਅਰਪੋਰਟ ਦੇਣ ਤੇ ਪੰਜਾਬ ਵਿਚ ਇੰਡਸਟਰੀ ਲਾਉਣ ਦੀਆਂ ਮੰਗਾਂ ਕੀਤੀਆਂ ਹੋਈਆ ਸਨ। ਟੌਹੜਾ ਨੇ ਇਹ ਐਲਾਨ ਵੀ ਕੀਤਾ ਸੀ ਕਿ ਪੰਜਾਬ ਨੂੰ ਲੁੱਟਣ ਵਾਲੇ ਕਾਂਗਰਸੀਆਂ ਦੇ ਪਾਸਪੋਰਟ ਜ਼ਬਤ ਕੀਤੇ ਜਾਣਗੇ ਤੇ ਉਨ੍ਹਾਂ ਵਲੋਂ ਵਿਦੇਸ਼ਾਂ ’ਚ ਲਿਜਾਈ ਗਈ ਦੌਲਤ ਵਾਪਿਸ ਲਿਆਂਦੀ ਜਾਵੇਗੀ। ਅਕਾਲੀ ਆਗੂਆਂ ਨੇ ਇਹ ਵੀ ਕਿਹਾ ਕਿ ਪੰਜਾਬ ’ਚ ਕੋਈ ਬੇਗੁਨਾਹ ਜੇਲ੍ਹਾਂ ਵਿਚ ਨਹੀਂ ਰਹਿਣ ਦਿੱਤਾ ਜਾਵੇਗਾ, ਜ਼ਾਲਮ ਪੁਲਸੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ ਤੇ ਪੰਜਾਬ ’ਚ ਦਹਿਸ਼ਤਗਰਦੀ ਦੇ ਕਾਰਨਾਂ ਤੇ ਜ਼ਿੰਮੇਦਾਰਾਂ ਦੀ ਸ਼ਨਾਖ਼ਤ ਕੀਤੀ ਜਾਵੇਗੀ ਅਤੇ ਇਸ ਸਬੰਧੀ ਇਕ ਕਮਿਸ਼ਨ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਹੋਰ ਵਾਅਦੇ ਵੀ ਪੰਜਾਬੀਆਂ, ਤੇ ਖ਼ਾਸ ਕਰ ਕੇ ਸਿੱਖਾਂ, ਨਾਲ ਕੀਤੇ ਗਏ। ਪਰ, ਇਹ ਸਿਰਫ਼ ਦਿਖਾਵੇ ਦਾ ਮੈਨੀਫ਼ੇਸਟੋ ਸੀ; ਬਾਦਲ ਨੇ ਅੰਦਰੋ-ਅੰਦਰੀ ਤਾਂ ਆਰ.ਐਸ.ਐਸ. ਦਾ ਹੁਕਮ ਮੰਨਣਾ ਸੀ।

ਅਮਰਜੀਤ ਕੌਰ ਮੁੜ ਐਮ.ਪੀ. ਬਣਨ ਵਾਸਤੇ ਦਲ ਵਿਚ ਆਈ

ਚੋਣਾਂ ਦਾ ਮਾਹੌਲ ਅਜਿਹਾ ਸੀ ਕਿ ਅਕਾਲੀ ਦਲ ਨੇ ਹਰ ਹਾਲਤ ਵਿਚ 75 ਫ਼ੀ ਸਦੀ ਸੀਟਾਂ ਜਿੱਤ ਲੈਣੀਆਂ ਸਨ। ਇਹ ਵੇਖ ਕੇ ਕਈ ਕਾਂਗਰਸੀ ਅਕਾਲੀ ਦਲ ਵਿਚ ਆਉਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚੋਂ ਬਹੁਤ ਸਾਰੇ ਉਹ ਸਨ ਜੋ ਅਕਾਲੀ ਦਲ ਅਤੇ ਪੰਥਕ ਮੁਫ਼ਾਦ ਦੇ ਹਮੇਸ਼ਾ ਕੱਟੜ

ਮੁਖ਼ਾਲਿਫ਼ ਰਹੇ ਸਨ। ਇਨ੍ਹਾਂ ਵਿਚ ਇਕ ਅਮਰਜੀਤ ਕੌਰ ਵੀ ਸੀ ਜੋ ਇੰਦਰਾ ਨੇ ਰਾਜ ਸਭਾ ਦੀ ਮੈਂਬਰ ਬਣਾਈ ਹੋਈ ਸੀ। ਇਸ ਅਮਰਜੀਤ ਕੌਰ ਨੇ ਹਮੇਸ਼ਾ ਅਕਾਲੀ ਦਲ ਹੀ ਨਹੀਂ ਸਿੱਖ ਪੰਥ ਦੇ ਖ਼ਿਲਾਫ਼ ਵੀ ਬੋਲਿਆ ਸੀ। ਦਰਬਾਰ ਸਾਹਿਬ ’ਤੇ ਹਮਲੇ (ਜੂਨ 1984) ਦੇ ਹੱਕ ਵਿਚ ਵੀ ਇਸ ਨੇ ਸਭ ਤੋਂ ਵਧ ਪ੍ਰਚਾਰ ਕੀਤਾ ਸੀ। ਅਮਰਜੀਤ ਕੌਰ ਨੇ 5 ਜਨਵਰੀ 1997 ਦੇ ਦਿਨ ਅਕਾਲੀ ਦਲ ’ਚ ਇਸ ਆਸ ’ਤੇ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ ਕਿ ਉਹ ਅਕਾਲੀ ਦਲ ਵਲੋਂ ਰਾਜ ਸਭਾ ’ਚ ਭੇਜ ਦਿੱਤੀ ਜਾਵੇਗੀ। ਬਾਦਲ ਨੇ ਉਸ ਨਾਲ, ਸ਼ਾਇਦ, ਵਾਅਦਾ ਵੀ ਕਰ ਲਿਆ ਸੀ। ਪਰ ਜਦ ਸਿੱਖ ਹਲਕਿਆਂ ਵਿਚ ਉਸ ਵੱਲੋਂ 1984 ਵਿਚ ਅਦਾ ਕੀਤੇ ਪੰਥ ਦੁਸ਼ਮਣੀ ਵਾਲੇ ਰੋਲ ਦਾ ਚਰਚਾ ਚੱਲਿਆ ਤਾਂ ਉਸ ਨੂੰ ਅਕਾਲ ਤਖ਼ਤ ’ਤੇ ਪੇਸ਼ ਹੋਣ ਵਾਸਤੇ ਕਿਹਾ ਗਿਆ। (ਸੀਟ ਨਾ ਮਿਲਣ ਕਾਰਨ ਮਗਰੋਂ ਅਮਰਜੀਤ ਕੌਰ ਫਿਰ ਕਾਂਗਰਸ ਵਿਚ ਸ਼ਾਮਿਲ ਹੋ ਗਈ ਸੀ)।

ਉਧਰ, 18 ਜਨਵਰੀ ਨੂੰ ਭਾਈ ਮਨਜੀਤ ਸਿੰਘ ਵੀ ਮਾਨ ਨੂੰ ਛੱਡ ਕੇ ਬਾਦਲ ਨਾਲ ਜਾ ਰਲਿਆ। ਇੰਞ ਹੀ ਸਰਬਜੋਤ ਸਿੰਘ ਬੇਦੀ ਦੀਆਂ ਕੋਸ਼ਿਸ਼ਾਂ ਨਾਲ ‘ਪੰਥਕ ਦਲ’ ਪਾਰਟੀ ਦੇ ਛੇ ਆਗੂ ਵੀ 31 ਜਨਵਰੀ ਨੂੰ ਬਾਦਲ-ਟੌਹੜਾ ਅਕਾਲੀ ਦਲ ਵਿਚ (ਤਾਕਤ ਦਾ ‘ਅਨੰਦ’ ਲੈਣ ਵਾਸਤੇ) ਸ਼ਾਮਿਲ ਹੋ ਗਏ। ਇਨ੍ਹਾਂ ਵਿਚੋਂ ਅਹਿਮ ਸਨ ਅਤਿੰਦਰਪਾਲ ਸਿੰਘ ਸਾਬਕਾ ਐਮ.ਪੀ. ਤੇ ਮਨਜੀਤ ਸਿੰਘ ਤਰਨਤਾਰਨੀ।

16 ਜਨਵਰੀ ਤਕ ਬਾਦਲ ਨੇ ਸਾਰੀਆਂ 94 ਸੀਟਾਂ ਤੋਂ ਅਕਾਲੀ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਸੀ। ਬਾਕੀ 23 ਸੀਟਾਂ ਭਾਰਤੀ ਜਨਤਾ ਪਾਰਟੀ (ਭਾਜਪਾ) ਵਾਸਤੇ ਛੱਡ ਦਿੱਤੀਆਂ ਗਈਆਂ ਸਨ। ਭਾਜਪਾ ਵਾਸਤੇ ਛੱਡੀਆਂ ਕਈ ਸੀਟਾਂ ਪਹਿਲਾਂ ਅਕਾਲੀ ਦਲ ਨੇ ਜਿੱਤੀਆਂ ਹੋਈਆਂ ਸਨ। ਇਸ ’ਤੇ ਕਈ ਅਕਾਲੀ ਵਰਕਰਾਂ ਨੇ ਇਤਰਾਜ਼ ਵੀ ਕੀਤਾ। ਉਨ੍ਹਾਂ ਬਾਦਲ ਵਲੋਂ ਭਾਜਪਾ ਨੂੰ ਏਨੀਆਂ ਸੀਟਾਂ ਦੇਣਾ ਭਾਜਪਾ ਅੱਗੇ ਬੇਵਜਹ ਗੋਡੇ ਟੇਕਣਾ ਗਰਦਾਨਿਆ। ਉਨ੍ਹਾਂ ਆਖਿਆ ਕਿ ਬਾਦਲ ਨੇ ਉਸ ਭਾਜਪਾ ਨੂੰ ਏਨਾ ਵੱਡਾ ਗੱਫਾ ਦਿੱਤਾ ਹੈ ਜਿਸ ਦੇ ਆਗੂਆਂ (ਅਡਵਾਨੀ ਵਗੈਰਾ) ਨੇ 1996 ਵਿਚ ਲੋਕ ਸਭਾ ਚੋਣਾਂ ਵੇਲੇ ਬਾਦਲ ਵਲੋਂ ਭਾਜਪਾ ਨੂੰ ਹਿਮਾਇਤ ਦੇਣ ਦੇ ਐਲਾਨ ਵੇਲੇ ਆਖਿਆ ਸੀ *‘ਬਾਦਲ ਜੀ ਆਪ ਹਮਾਰੀ ਮਦਦ ਬੇਸ਼ਕ ਕਰੋ ਲੇਕਿਨ ਹਮਾਰੀ ਸਟੇਜੋਂ ਪਰ ਤਕਰੀਰ ਕਰਨੇ ਨਾ ਆਨਾ। ਵਰਨਾ ਹਮ ਬਹੁਤ ਸਾਰੀ ਹਿੰਦੂ ਵੋਟੇਂ ਖੋ ਲੇਂਗੇ।’* ਇਸ ਦੇ ਬਾਵਜੂਦ, ਬਾਦਲ ਵਲੋਂ ਭਾਜਪਾ ਦੀ ਏਨੀ ਚਾਪਲੂਸੀ, ਦਰਅਸਲ, ਉਸ ਦੀ ਫ਼ਿਤਰਤ ਦਾ ਹਿੱਸਾ ਹੀ ਹੈ।

ਬਾਦਲ ਵਲੋਂ 16 ਜਨਵਰੀ ਨੂੰ ਐਲਾਨੀ ਉਮੀਦਵਾਰਾਂ ਦੀ ਲਿਸਟ ਵਿਚ ਅਮਰਿੰਦਰ ਸਿੰਘ ਦਾ ਨਾਂ ਸ਼ਾਮਿਲ ਨਹੀਂ ਸੀ। ਉਹ ਪਹਿਲੋਂ ਡਕਾਲਾ ਹਲਕੇ ਤੋਂ ਚੋਣ ਜਿੱਤ ਚੁੱਕਾ ਸੀ। ਦਰਅਸਲ ਬਾਦਲ ਅਮਰਿੰਦਰ ਨੂੰ ਜ਼ਾਤੀ ਤੌਰ ’ਤੇ ਪਸੰਦ ਨਹੀਂ ਕਰਦਾ ਸੀ। ਬਾਦਲ ਵਲੋਂ ਕੀਤੀ ਗਈ ਇਸ ਵਧੀਕੀ ਦੇ ਖ਼ਿਲਾਫ਼ ਰੋਸ ਵਜੋਂ ਅਮਰਿੰਦਰ ਸਿੰਘ ਨੇ 19 ਜਨਵਰੀ ਨੂੰ ਅਕਾਲੀ ਦਲ (ਬਾਦਲ-ਟੌਹੜਾ) ਤੋਂ ਅਸਤੀਫ਼ਾ ਦੇ ਦਿੱਤਾ। 27 ਜਨਵਰੀ ਨੂੰ ਬਾਦਲ ਨੇ ਅਮਰਿੰਦਰ ਸਿੰਘ ਤੇ ਉਸ ਦੇ ਹਮਦਰਦਾਂ ਚਰਨਜੀਤ ਸਿੰਘ ਵਾਲੀਆ, ਗਿ: ਅਰਜਨ ਸਿੰਘ, ਦਵਿੰਦਰ ਸਿੰਘ ਗਰਚਾ, ਬਲਬੀਰ ਸਿੰਘ ਬਰਾੜ, ਰਣਧੀਰ ਸਿੰਘ ਚੀਮਾ, ਮਨਜਿੰਦਰ ਸਿੰਘ ਬਹਿਲਾ, ਸਤਵੰਤ ਸਿੰਘ ਮੋਹੀ ਤੇ ਜਸਮੇਲ ਸਿੰਘ ਨਥਾਣਾ ਨੂੰ ਪਾਰਟੀ ’ਚੋਂ ‘ਕੱਢਣ’ ਦਾ ਐਲਾਨ ਕਰ ਦਿੱਤਾ। ਉਂਞ ਇਹ ਹਾਸੋਹੀਣੀ ਗੱਲ ਸੀ ਕਿਉਂਕਿ ਇਹ ਸਾਰੇ ਪਹਿਲਾਂ ਹੀ ਅਸਤੀਫ਼ਾ ਦੇ ਚੁੱਕੇ ਸਨ।

1997 ਦੀਆਂ ਚੋਣਾਂ ਦੇ ਨਤੀਜੇ

6 ਫ਼ਰਵਰੀ 1997 ਦੇ ਦਿਨ ਹੋਈਆਂ ਚੋਣਾਂ ਵਿਚ, ਜਿਹਾ ਕਿ ਆਸ ਸੀ ਇਸ ਦਿਨ ਰਿਕਾਰਡ ਪੋਲਿੰਗ ਹੋਈ 1 ਕਰੋੜ 52 ਲੱਖ 25395 ਵਿਚੋਂ 1 ਕਰੋੜ 4 ਲੱਖ 53868 (68.73%) ਵੋਟਾਂ ਪੋਲ ਹੋਈਆਂ, ਸ਼੍ਰੋਮਣੀ ਅਕਾਲੀ ਦਲ (ਬਾਦਲ-ਟੌਹੜਾ) ਧੜੇ ਨੇ ਜ਼ਬਰਦਸਤ ਜਿਤ ਹਾਸਿਲ ਕੀਤੀ। ਉਨ੍ਹਾਂ ਨੂੰ 37.64 ਫ਼ੀ ਸਦੀ ਵੋਟਾਂ (1996 ਲੋਕ ਸਭਾ ਵਿਚ ਇਹ 28 ਫ਼ੀ ਸਦੀ ਸਨ) ਹਾਸਿਲ ਹੋਈਆਂ। ਕਾਂਗਰਸ ਪਾਰਟੀ ਨੂੰ 26.38 (1996 ਵਿਚ 35 ਫ਼ੀ ਸਦੀ), ਭਾਰਤੀ ਜਨਤਾ ਪਾਰਟੀ ਨੂੰ 8.33 (1996 ਵਿਚ 6 ਫ਼ੀ ਸਦੀ), ਬਹੁਜਨ ਸਮਾਜ ਪਾਰਟੀ ਨੂੰ 6.37 (1996 ਵਿਚ 9) ਫ਼ੀ ਸਦੀ ਵੋਟਾਂ ਮਿਲੀਆਂ। ਅਕਾਲੀ ਦਲ ਨੇ 75, ਭਾਜਪਾ ਨੇ 18, ਅਕਾਲੀ ਦਲ (ਅੰਮ੍ਰਿਤਸਰ) ਨੇ ਇਕ ਤੇ ਕਾਂਗਰਸ ਨੇ ਸਿਰਫ਼ 13 ਸੀਟਾਂ ਜਿੱਤੀਆਂ। ਇਨ੍ਹਾਂ ਚੋਣਾਂ ਵਿਚ ਅਕਾਲੀ ਦਲ (ਬਾਦਲ-ਟੌਹੜਾ) ਨੂੰ ਮਾਝੇ ਵਿਚ 16 ਫ਼ੀ ਸਦੀ ਵਧ ਵੋਟਾਂ ਹਾਸਿਲ ਹੋਈਆਂ ਸਨ। ਦੁਆਬਾ 'ਚ ਇਹੀ ਵਾਧਾ 12 ਫ਼ੀ ਸਦੀ ਤੇ ਬਾਦਲ ਦੇ ਆਪਣੇ ਗੜ੍ਹ ਮਾਲਵੇ ਵਿਚ ਸਿਰਫ਼ 4 ਫ਼ੀ ਸਦੀ ਸੀ।

ਬਾਦਲ 12 ਫ਼ਰਵਰੀ 1997 ਦੇ ਦਿਨ ਚੀਫ਼ ਮਨਿਸਟਰ ਬਣਿਆ। ਉਸ ਨੇ ਪਹਿਲੇ ਬੈਚ ਵਿਚ ਕੈਪਟਨ ਕੰਵਲਜੀਤ, ਸਰੂਪ ਸਿੰਘ ਜਲੰਧਰ, ਉਪਿੰਦਰਜੀਤ ਕੌਰ (ਆਤਮਾ ਸਿੰਘ ਦੀ ਧੀ), ਰਣਜੀਤ ਸਿੰਘ ਬ੍ਰਹਮਪੁਰਾ, ਪ੍ਰਕਾਸ਼ ਸਿੰਘ ਮਜੀਠਾ, ਗੁਰਦੇਵ ਸਿੰਘ ਬਾਦਲ ਅਤੇ (ਟੌਹੜਾ ਦਾ ਸਾਥ ਛੱਡਣ ਦੀ ਸ਼ਰਤ 'ਤੇ) ਨਿਰਮਲ ਸਿੰਘ ਕਾਹਲੋਂ ਨੂੰ ਵਜ਼ੀਰ ਬਣਾਇਆ। ਭਾਜਪਾ 'ਚੋਂ ਬਲਰਾਮਜੀ ਦਾਸ ਟੰਡਨ ਤੇ ਮਦਨ ਮੋਹਨ ਮਿੱਤਲ ਵਜ਼ੀਰ ਬਣਾਏ ਗਏ।

ਬਾਦਲ ਤੇ ਟੌਹੜਾ ਵਿਚ ਏਕਤਾ ਹੋ ਗਈ ਸੀ ਪਰ ਇਸ ਵਿਚ ਮਨਜੀਤ ਸਿੰਘ (ਕੇਸਗੜ੍ਹ ਸਾਹਿਬ) ਵਾਲੇ ਦਾ ਕੋਈ ਰੋਲ ਨਹੀਂ ਸੀ। ਇਹ ਸਿਰਫ਼ ਟੌਹੜਾ ਦਾ ਨਿੱਜੀ ਲਾਲਚ ਸੀ ਜਿਸ ਨੇ ਦੋਹਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਸੀ।

ਬਾਦਲ ਨੂੰ ਮਨਜੀਤ ਸਿੰਘ ਦੇ ਖ਼ਿਲਾਫ਼ ਗੁੱਸਾ ਸੀ ਇਸ ਕਰ ਕੇ ਉਸ ਨੇ ਆਪਣਾ ਰਸੂਖ਼ ਵਰਤ ਕੇ (ਭਾਈ) ਰਣਜੀਤ ਸਿੰਘ ਨੂੰ ਪੈਰੋਲ 'ਤੇ ਰਿਹਾ ਕਰਵਾ ਲਿਆ ਤੇ ਅਕਾਲ ਤਖ਼ਤ ਸਾਹਿਬ ਦਾ ਚਾਰਜ ਦਿਵਾ ਦਿੱਤਾ। ਇੰਵ ਹੁਣ ਮਨਜੀਤ ਸਿੰਘ ਨੂੰ ਵਾਪਿਸ ਕੇਸਗੜ੍ਹ ਜਾਣਾ ਪੈ ਗਿਆ *(ਇਸ ਮੌਕੇ 'ਤੇ ਟੌਹੜਾ ਵੀ ਕੁਝ ਨਹੀਂ ਸੀ ਕਰ ਸਕਦਾ। ਉਸ ਨੇ ਮਨਜੀਤ ਸਿੰਘ ਨੂੰ ਜਿੰਨਾ ਵਰਤਣਾ ਸੀ ਉਹ ਵਰਤ ਚੁੱਕਾ ਸੀ)।* ਇੰਵ ਬਾਦਲ ਨੇ ਮਨਜੀਤ ਸਿੰਘ ਤੋਂ ਬਦਲਾ ਲੈ ਲਿਆ ਸੀ। ਮਗਰੋਂ 1998 ਦੇ ਅਖ਼ੀਰ ਵਿਚ ਜਦ ਰਣਜੀਤ ਸਿੰਘ ਨੇ ਟੌਹੜੇ ਦਾ ਸਾਥ ਦਿਤਾ ਤਾਂ ਬਾਦਲ ਨੇ ਮਨਜੀਤ ਸਿੰਘ ਨੂੰ ਟੌਹੜਾ ਤੇ ਰਣਜੀਤ ਸਿੰਘ ਦੇ ਖ਼ਿਲਾਫ਼ ਵਰਤ ਲਿਆ ਅਤੇ ਇਸ ਬਦਲੇ ਕਾਫ਼ੀ ਦੇਰ ਤਕ ਉਸ (ਮਨਜੀਤ ਸਿੰਘ) ਦੀ ਮਦਦ ਵੀ ਕੀਤੀ। (ਮਗਰੋਂ ਕੁਝ ਹੋਰ ਗੱਲਾਂ ਕਾਰਨ ਬਾਦਲ ਨੇ ਮਨਜੀਤ ਸਿੰਘ ਨੂੰ ਰੱਦ ਕਰ ਦਿੱਤਾ)।

ਲੰਗਰ ਭੁੰਜੇ ਖਾਣ ਬਾਰੇ 'ਹੁਕਮਨਾਮਾ'

ਇਨ੍ਹਾਂ ਦਿਨਾਂ ਵਿਚ ਕਨੇਡਾ ਦੇ ਇਕ ਖਾੜਕੂ ਗਰੁੱਪ ਨੇ ਸਰੀ ਗੁਰਦੁਆਰੇ ਦੀ ਚੋਣ ਹਾਰਨ ਮਗਰੋਂ ਗੁਰਦੁਆਰਿਆਂ ਵਿਚ ਮੇਜ਼ਾਂ-ਕੁਰਸੀਆਂ 'ਤੇ ਲੰਗਰ ਖਾਣ ਦੇ ਖ਼ਿਲਾਫ਼ ਜਹਾਦ ਸ਼ੁਰੂ ਕਰ ਦਿੱਤਾ। ਇਹ ਕੋਈ ਸਿਧਾਂਤਕ ਮਸਲਾ ਨਹੀਂ ਸੀ ਤੇ ਸਿਰਫ਼ ਉਸ ਗੁਰਦੁਆਰੇ ਦੀ ਚੋਣ ਵਿਚ ਹਾਰ

ਜਾਣ ਕਾਰਨ ਪੈਦਾ ਹੋਇਆ ਨਿੱਜੀ ਗੁੱਸਾ ਹੀ ਸੀ। ਜਦ ਉਹ ਇਸ ਵਿਚ ਬਹੁਤੇ ਕਾਮਯਾਬ ਨਾ ਹੋਏ ਤਾਂ ਉਨ੍ਹਾਂ ਨੇ ਰਣਜੀਤ ਸਿੰਘ ਅਤੇ ਅਕਾਲ ਤਖ਼ਤ ਨੂੰ ਵਰਤਣ ਦੀ ਕੋਸ਼ਿਸ਼ ਕੀਤੀ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਰਣਜੀਤ ਸਿੰਘ ਨੂੰ ਕਾਫ਼ੀ ਪੈਸਾ ਵੀ ਦਿੱਤਾ। ਰਣਜੀਤ ਸਿੰਘ ਨੇ ਉਨ੍ਹਾਂ ਦੀ ਮਦਦ ਕਰਨ ਵਾਸਤੇ ਇਕ 'ਹੁਕਮਨਾਮਾ' ਜਾਰੀ ਕਰ ਦਿੱਤਾ ਜਿਸ ਰਾਹੀਂ ਗੁਰਦੁਆਰਿਆਂ ਵਿਚ ਮੇਜ਼ਾਂ ਕੁਰਸੀਆਂ 'ਤੇ ਲੰਗਰ ਖਾਣ 'ਤੇ ਪਾਬੰਦੀ ਲਾ ਦਿੱਤੀ। ਰਣਜੀਤ ਸਿੰਘ ਦਾ ਇਹ 'ਹੁਕਮਨਾਮਾ' ਇੰਞ ਸੀ:

"ਅੱਜ ਮਿਤੀ 20-4-98 ਨੂੰ ਪਾਵਨ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਪਿਛਲੇ ਲੰਬੇ ਸਮੇਂ ਤੋਂ ਦੇਸ਼-ਵਿਦੇਸ਼ ਵਿਚ ਗੁਰੂ ਘਰ ਦੇ ਲੰਗਰ ਵਿਚ ਕੁਰਸੀਆਂ 'ਤੇ ਬੈਠ ਕੇ ਲੰਗਰ ਛਕਣ ਜਾਂ ਜ਼ਮੀਨ 'ਤੇ ਬੈਠ ਕੇ ਲੰਗਰ ਛਕਣ ਵਾਸਤੇ ਚਲ ਰਹੇ ਬਹਿਸ ਮੁਬਾਹਿਸੇ 'ਤੇ ਬਹੁਤ ਚਰਚਾ ਹੋਈ। ਇਸ ਮਗਰੋਂ ਫ਼ੈਸਲਾ ਲਿਆ ਗਿਆ ਕਿ ਗੁਰੂ ਸਾਹਿਬਾਨ ਵਲੋਂ ਕਾਇਮ ਕੀਤੀ ਗਈ ਸੰਗਤ ਤੇ ਪੰਗਤ ਦੀ ਮਰਿਆਦਾ ਨੂੰ ਸ਼ਰਧਾ ਸਤਿਕਾਰ ਨਾਲ ਹਰ ਹੀਲੇ ਕਾਇਮ ਰੱਖਿਆ ਜਾਵੇ। ਸਮੂਹ ਧਾਰਮਿਕ ਸ਼੍ਰੇਣੀ ਵਿਚ ਸੇਵਾ ਨਿਭਾਉਣ ਵਾਲੇ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਸਮੂੰਹ ਸੰਸਥਾਵਾਂ ਦੇ ਪ੍ਰਬੰਧਕਾਂ ਨੂੰ ਅਕਾਲ ਤਖ਼ਤ ਸਾਹਿਬ ਵਲੋਂ ਇਹ ਹੁਕਮ ਹੈ ਕਿ ਇਹ ਯਕੀਨੀ ਬਣਾਉਣ ਕਿ ਗੁਰੂ ਦੇ ਲੰਗਰ ਦਾ ਪ੍ਰਸ਼ਾਦਾ ਸਿਰਫ਼ ਪੰਗਤ ਵਿਚ ਜ਼ਮੀਨ 'ਤੇ ਬੈਠ ਕੇ ਹੀ ਛਕਣ ਤੇ ਛਕਾਉਣ ਦੀ ਮਰਿਆਦਾ ਕਾਇਮ ਰੱਖੀ ਜਾਵੇ।

ਅਕਾਲ ਤਖ਼ਤ ਸਾਹਿਬ ਜੀ ਦੇ ਇਸ ਹੁਕਮ ਨੂੰ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਪੁਰਬ ਤਕ ਲਾਗੂ ਕਰਨ ਦਾ ਮੁਨਾਸਿਬ ਇੰਤਜ਼ਾਮ ਕਰ ਲਿਆ ਜਾਵੇ। ਇਸ ਹੁਕਮ ਦੀ ਉਲੰਘਣਾ ਹੋਣ 'ਤੇ ਸਬੰਧਿਤ ਰਾਗੀ, ਗ੍ਰੰਥੀ, ਢਾਡੀ, ਪ੍ਰਚਾਰਕ ਤੇ ਪ੍ਰਬੰਧਕ ਬਰਾਬਰ ਦੇ ਜ਼ਿੰਮੇਵਾਰ ਹੋਣਗੇ ਤੇ ਉਨ੍ਹਾਂ ਸਬੰਧੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਥਕ ਮਰਿਆਦਾ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ। ਅਕਾਲ ਤਖ਼ਤ ਸਾਹਿਬ ਵੱਲੋਂ ਸਮੂਹ ਗੁਰਸਿੱਖ ਸੰਗਤਾਂ ਪ੍ਰਤੀ ਨਿਮਰਤਾ ਸਹਿਤ ਸੰਦੇਸ਼ ਹੈ ਕਿ ਇਸ ਮਰਿਆਦਾ ਨੂੰ ਲਾਗੂ ਕਰਨ ਤੇ ਕਰਵਾਉਣ ਲਈ ਹਰ ਤਰ੍ਹਾਂ ਦੀ ਧੜੇਬੰਦੀ ਤੇ ਪੱਖਪਾਤ ਤੋਂ ਉਪਰ ਉਠ ਕੇ ਸਹਿਯੋਗ ਦੇਣ।

ਗੁਰੂ ਪੰਥ ਦਾ ਦਾਸ,

ਰਣਜੀਤ ਸਿੰਘ"

(ਨੋਟ : ਲੰਗਰ ਦਾ ਇਹ 'ਹੁਕਮਨਾਮਾ' ਸਿਰਫ਼ ਰਣਜੀਤ ਸਿੰਘ ਦੇ ਦਸਤਖ਼ਤਾਂ ਹੇਠ ਜਾਰੀ ਹੋਇਆ ਸੀ ਤੇ ਇਸ 'ਤੇ ਚਾਰ ਹੋਰ ਗ੍ਰੰਥੀਆਂ ਦੇ ਦਸਤਖ਼ਤ ਨਹੀਂ ਸਨ। ਪਰ ਮਗਰੋਂ ਇਕ ਵਾਰ ਮਨਜੀਤ ਸਿੰਘ ਨੇ ਇਹ ਕਿਹਾ ਸੀ ਕਿ ਉਸ ਨੇ ਇਸ ਲੰਗਰ ਵਾਲੇ 'ਹੁਕਮਨਾਮੇ' 'ਤੇ ਰਣਜੀਤ ਸਿੰਘ ਤੋਂ ਡਰਦਿਆਂ ਦਸਤਖ਼ਤ ਕੀਤੇ ਸਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਹੜੀ ਕਾਪੀ ਇਸ ਲੇਖਕ ਨੇ ਵੇਖੀ ਹੈ, ਉਸ 'ਤੇ ਸਿਰਫ਼ ਤੇ ਸਿਰਫ਼ ਰਣਜੀਤ ਸਿੰਘ ਦੇ ਹੀ ਦਸਤਖ਼ਤ ਸਨ)।

ਲੰਗਰ ਸਬੰਧੀ ਜਾਰੀ ਹੋਏ ਇਸ ਅਖੌਤੀ ਹੁਕਮਨਾਮੇ ਨੂੰ ਕਨੇਡਾ ਵਿਚ ਸਰੀ ਤੇ ਵੈਨਕੂਵਰ ਦੇ ਦੋ ਗੁਰਦੁਆਰਿਆਂ ਅਤੇ ਕੁਝ ਹੋਰ ਗੁਰਦੁਆਰਿਆਂ ਨੇ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ। ਇੰਗਲੈਂਡ ਅਤੇ ਕਈ ਹੋਰ ਥਾਂਈਂ ਵੀ ਗੁਰਦੁਆਰਾ ਕਮੇਟੀਆਂ ਨੇ ਇਸ ਨੂੰ ਨਾ ਮੰਨਿਆ। ਕਈ ਜਗ੍ਹਾ ਲੜਾਈਆਂ ਵੀ ਹੋਈਆਂ। ਕੁਲ ਮਿਲਾ ਕੇ ਇਸ ਨਾਲ ਸਿੱਖਾਂ ਵਿਚ ਫੁਟ ਪੈ ਗਈ। ਭਾਵੇਂ ਇਸ ਅਖੌਤੀ ਹੁਕਮਨਾਮੇ ਦੇ ਖ਼ਿਲਾਫ਼ ਸ਼ਰੇਆਮ ਖੜ੍ਹਨ ਵਾਲੇ ਥੋੜ੍ਹੇ ਹੀ ਸਨ, ਪਰ ਬਹੁਤੇ ਸਾਰੇ

ਅਕਾਲੀ ਆਗੂ ਅੰਦਰਖਾਤੇ ਇਸ ਨੂੰ ਗ਼ਲਤ ਮੰਨਦੇ ਸਨ। ਜਿਹਾ ਕਿ ਅਕਾਲੀਆਂ ਦਾ ਦਸਤੂਰ ਰਿਹਾ ਹੈ ਕਿ ਉਹ ਕੁਝ ਗੱਲਾਂ ਮੰਨਣਾ ਨਹੀਂ ਵੀ ਚਾਹੁੰਦੇ, ਪਰ ਚੁੱਪ ਵੱਟੀ ਰੱਖਦੇ ਹਨ। ਇਸ ਕਰ ਕੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਵਲੋਂ ਇਕ ਸਟੈਂਡ ਨਾ ਲਏ ਜਾਣ ਕਰ ਕੇ ਇਹ 'ਹੁਕਮਨਾਮਾ' ਪੂਰੀ ਤਰ੍ਹਾਂ ਅਮਲ ਵਿਚ ਨਾ ਆ ਸਕਿਆ। ਇਸ ਦੇ ਨਤੀਜੇ ਵਜੋਂ ਕੁਝ ਕਾਰਕੁੰਨਾਂ ਨੇ ਇਸ 'ਹੁਕਮਨਾਮੇ' ਦੀ ਡਟਵੀਂ ਮੁਖ਼ਾਲਫ਼ਤ ਵੀ ਕੀਤੀ।

'ਜਥੇਦਾਰ-ਮਾਫ਼ੀਆ' ਯੂਨੀਅਨ

ਇਨ੍ਹਾਂ ਦਿਨਾਂ ਵਿਚ ਇਕ ਵਾਰ ਸ਼੍ਰੋਮਣੀ ਕਮੇਟੀ ਨੇ ਭਾਈ ਰਣਜੀਤ ਸਿੰਘ, ਮਨਜੀਤ ਸਿੰਘ ਤੇ ਕੇਵਲ ਸਿੰਘ ਵਲੋਂ ਕਾਰਾਂ ਲਈ ਖ਼ਰਚੇ ਪੈਟਰੋਲ ਦੀ ਵੱਡੀ ਰਕਮ 'ਤੇ ਹੈਰਾਨੀ ਜ਼ਾਹਿਰ ਕਰ ਕੇ ਹਿਸਾਬ ਮੰਗਿਆ ਤਾਂ ਇਹ ਤਿੰਨੇ ਅਖੌਤੀ ਜਥੇਦਾਰ ਇਕੱਠੇ ਹੋ ਗਏ ਤੇ ਹਿਸਾਬ ਦੇਣੋਂ ਨਾਂਹ ਕਰ ਦਿੱਤੀ। ਇਨ੍ਹਾਂ ਤਿੰਨ੍ਹਾਂ ਨੇ ਇਸ ਮਸਲੇ 'ਤੇ ਹੈਂਕੜ ਦਾ ਦਿਖਾਵਾ ਕੀਤਾ। ਰਣਜੀਤ ਸਿੰਘ ਨੂੰ ਉਸ ਵੇਲੇ ਇੰਗਲੈਂਡ ਦੇ ਇਕ ਬਦਨਾਮ ਸਾਧ ਅਮਰ ਸਿੰਘ ਬੜੂੰਦੀ ਤੋਂ ਇਕ ਕੀਮਤੀ ਕਾਰ ਭੇਂਟ ਹੋ ਚੁੱਕੀ ਸੀ, ਸੋ ਉਸ ਨੇ ਤਾਂ ਆਕੜ ਵਿਚ ਸ਼੍ਰੋਮਣੀ ਕਮੇਟੀ ਦੀ ਕਾਰ ਵੀ ਵਾਪਿਸ ਕਰ ਦਿੱਤੀ।

ਅਮਰਜੀਤ ਕੌਰ ਨੂੰ ਤਨਖ਼ਾਹ

ਅਮਰਜੀਤ ਕੌਰ ਸਾਬਕਾ ਐਮ.ਪੀ., ਜਿਸ ਨੇ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦੀ ਭਰਪੂਰ ਹਿਮਾਇਤ ਕੀਤੀ ਸੀ, 9 ਮਈ 1998 ਨੂੰ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਈ ਤੇ ਆਪਣਾ ਗੁਨਾਹ ਕਬੂਲ ਕੀਤਾ (ਦਰਅਸਲ ਉਹ ਬਾਦਲ ਦਲ ਵਿਚ, ਰਾਜ ਸਭਾ ਦੀ ਸੀਟ ਹਾਸਿਲ ਕਰਨ ਵਾਸਤੇ ਸ਼ਾਮਿਲ ਹੋਈ ਸੀ)। ਭਾਈ ਰਣਜੀਤ ਸਿੰਘ ਨੇ ਉਸ ਨੂੰ ਇਕ ਹਫ਼ਤਾ ਕਿਸੇ ਇਤਿਹਾਸਕ ਗੁਰਦੁਆਰੇ ਵਿਚ ਇਕ-ਇਕ ਘੰਟਾ ਰੋਜ਼ ਝਾੜੂ ਲਾਉਣ, 11 ਹਜ਼ਾਰ ਰੁਪਏ ਗੁਰੂ ਰਾਮਦਾਸ ਸਾਹਿਬ ਦੇ ਲੰਗਰ 'ਚ ਦੇਣ ਤੇ 101/- ਰੁਪਏ ਦੀ ਦੇਗ ਕਰਵਾਉਣ ਦੀ ਤਨਖਾਹ ਲਾਈ। ਅਮਰਜੀਤ ਕੌਰ ਨੂੰ ਲਾਈ ਗਈ ਤਨਖ਼ਾਹ ਇੰਵ ਸੀ:

“ਅੱਜ ਮਿਤੀ 9-5-98 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਬੀਬੀ ਅਮਰਜੀਤ ਕੌਰ ਸਾਬਕਾ ਐਮ.ਪੀ. ਦੇ ਰਾਜ ਸਭਾ ਵਿਚ ਸਾਕਾ ਨੀਲਾ ਤਾਰਾ ਸਬੰਧੀ ਦਿੱਤੇ ਬਿਆਨ ਬਾਰੇ ਭੁੱਲ ਬਖ਼ਸ਼ਾਉਣ ਬਾਰੇ ਬੇਨਤੀ ਪੱਤਰ 'ਤੇ ਵਿਚਾਰ ਹੋਈ। ਉਪਰੰਤ ਇਹ ਪ੍ਰਵਾਨ ਹੋਇਆ ਕਿ ਇਕ ਹਫ਼ਤਾ ਇਤਿਹਾਸਕ ਗੁਰਦੁਆਰੇ ਵਿਖੇ ਇਕ-ਇਕ ਘੰਟਾ ਝਾੜੂ ਲਾਉਣ ਤੇ ਭਾਂਡੇ ਮਾਂਜਣ ਦੀ ਸੇਵਾ ਕਰਨ ਉਪਰੰਤ ਗੁਰੂ ਰਾਮਦਾਸ ਜੀ ਦੇ ਲੰਗਰ ਲਈ 11000/- (ਗਿਆਰਾਂ ਹਜ਼ਾਰ) ਰੁਪਏ ਜਮ੍ਹਾ ਕਰਵਾਏ ਜਾਣ ਅਤੇ 101/- (ਇਕ ਸੌ ਇਕ) ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ਼ ਕਰਵਾ ਕੇ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਵਾਈ ਜਾਵੇ।”

{ਮਗਰੋਂ 29 ਜੂਨ 1998 ਦੇ ਦਿਨ ਸਿਮਰਨਜੀਤ ਸਿੰਘ ਮਾਨ ਨੇ ਗੁਰਚਰਨ ਸਿੰਘ ਟੌਹੜਾ ਨੂੰ ਪਟਿਆਲਾ ਨਿਰੰਕਾਰੀ ਕਾਂਡ ਵਿਚ 'ਮੁਆਫ਼' ਕਰਨ ਸਬੰਧੀ ਇਕ ਖ਼ਤ (ਭਾਈ) ਰਣਜੀਤ ਸਿੰਘ ਨੂੰ ਲਿਖਿਆ, ਜਿਸ ਵਿਚ ਉਸ ਨੇ ਹੋਰ ਨੁਕਤਿਆਂ ਦੇ ਨਾਲ ਇਹ ਵੀ ਲਿਖਿਆ: “ਅਮਰਜੀਤ ਕੌਰ ਨੂੰ ਕੇਵਲ ਇਕ ਹਫ਼ਤੇ ਦੀ ਸੇਵਾ ਬਹੁਤ ਥੋੜੀ ਸੇਵਾ ਹੈ। ਬੀਬੀ ਨੇ ਸਿੱਖ ਕੌਮ ਦੇ ਖ਼ਿਲਾਫ਼ ਜ਼ਹਿਰ ਉਗਲਿਆ ਸੀ ਅਤੇ ਸਿੱਖਾਂ ਦੀ ਨਸਲਕੁਸ਼ੀ ਵਿਚ ਸਰਕਾਰ ਦਾ ਸਾਥ ਦਿੱਤਾ ਸੀ}।”

ਚੇਤੇ ਰਹੇ ਕਿ ਬੀਬੀ ਅਮਰਜੀਤ ਕੌਰ ਨੇ ਤਾਂ ਦਰਬਾਰ ਸਾਹਿਬ ’ਤੇ ਹਮਲੇ ਦੀ ਸਿਰਫ਼ ਹਿਮਾਇਤ ਹੀ ਕੀਤੀ ਸੀ, ਪਰ ਸੁਰਜੀਤ ਸਿੰਘ ਬਰਨਾਲਾ ਨੇ ਤਾਂ ਆਪ ਹਮਲਾ ਕੀਤਾ ਸੀ। ਪਰ ਰਣਜੀਤ ਸਿੰਘ ਦੀ ਬਰਨਾਲੇ ਨਾਲ ਏਨੀ ਦੋਸਤੀ ਸੀ ਕਿ ਉਸ ਨੂੰ ਸਜ਼ਾ ਤਾਂ ਕੀ ਦੇਣੀ, ਉਹ ਤਾਂ ਬਰਨਾਲੇ ਨੂੰ ਅਕਾਲ ਤਖ਼ਤ ਸਾਹਿਬ ਤੋਂ ਘੰਟਾ ਘਰ ਦੇ ਬਾਹਰ ਖੜੀ ਉਸ ਦੀ ਕਾਰ ਤਕ ਛੱਡਣ ਵੀ ਆਇਆ ਕਰਦਾ ਸੀ।

ਪ੍ਰਕਾਸ਼ ਸਿੰਘ ਬਾਦਲ ਦੀ ਸਿੱਖ ਪੰਥ ਨਾਲ ਗ਼ੱਦਾਰੀ

ਬਾਦਲ ਨੇ ਚੀਫ਼ ਮਨਿਸਟਰ ਬਣਨ ਮਗਰੋਂ, ਚੋਣਾਂ ਤੋਂ ਪਹਿਲੋਂ ਕੀਤੇ ਵਾਅਦਿਆਂ ਵਿਚੋਂ ਸਿਰਫ਼ ਦੋ (ਕਿਸਾਨਾਂ ਨੂੰ ਬਿਜਲੀ ਤੇ ਪਾਣੀ ਮੁਫ਼ਤ) ਪੂਰੇ ਕੀਤੇ। ਉਹ ਵੀ ਸ਼ਾਇਦ ਇਸ ਕਰ ਕੇ ਕਿ ਇਸ ਦਾ ਫ਼ਾਇਦਾ ਵੱਡੇ ਜ਼ਮੀਦਾਰਾਂ ਅਤੇ ਜਗੀਰਦਾਰਾਂ ਨੂੰ ਵਧੇਰੇ ਹੁੰਦਾ ਸੀ ਤੇ ਆਮ ਕਿਸਾਨਾਂ ਨੂੰ ਘੱਟ। ਇੰਵ ਹੀ ਬਾਦਲ ਸਰਕਾਰ ਨੇ ਕਈ ਹੋਰ ਸਕੀਮਾਂ ਵੀ ਐਲਾਨੀਆਂ। ਇਨ੍ਹਾਂ ਵਿਚ ਬੁਢਾਪਾ ਪੈਨਸ਼ਨ, ਬਜ਼ੁਰਗਾਂ ਵਾਸਤੇ ਮੁਫ਼ਤ ਸਫ਼ਰ, ਪਛੜੀਆਂ ਜ਼ਾਤਾਂ ਦੀਆਂ ਕੁੜੀਆਂ ਦੇ ਵਿਆਹਾਂ ਵਿਚ 5000 ਰੁਪਏ ਸ਼ਗਨ, ਕੁਰੱਪਟ ਮੁਲਾਜ਼ਮਾਂ ਨੂੰ ਸਜ਼ਾਵਾਂ, ਉਨ੍ਹਾਂ ਨੂੰ ਫੜਾਉਣ ਵਾਲਿਆਂ ਨੂੰ ਇਨਾਮ ਵਗ਼ੈਰਾ ਸ਼ਾਮਿਲ ਸਨ। ਇਹ ਸਕੀਮਾਂ ਸ਼ੁਰੂ ਤਾਂ ਕਰ ਲਈਆਂ ਗਈਆਂ ਪਰ ਇਨ੍ਹਾਂ ਨੇ ਸਰਕਾਰ ਦਾ ਖ਼ਜ਼ਾਨਾ ਖਾਲੀ ਕਰ ਦਿੱਤਾ। ਸਰਕਾਰ ਤਕਰੀਬਨ ਦੀਵਾਲੀਆ ਹੋਣ ਦੀ ਹਾਲਤ ਵਿਚ ਪੁੱਜ ਗਈ। (ਮਗਰੋਂ ਹੌਲੀ-ਹੌਲੀ ਇਨ੍ਹਾਂ ’ਚੋਂ ਬਹੁਤੀਆਂ ਸਕੀਮਾਂ ਵਾਪਿਸ ਲੈ ਲਈਆਂ ਗਈਆਂ)।

ਪਰ, ਜੋ ਐਲਾਨ ਬਾਦਲ ਸਰਕਾਰ ਨੇ ਸਿੱਖ ਵੋਟਾਂ ਹਾਸਿਲ ਕਰਨ ਵਾਸਤੇ ਕੀਤੇ ਸਨ ਉਨ੍ਹਾਂ ਵਿਚੋਂ ਕਿਸੇ ਇਕ ’ਤੇ ਵੀ ਅਮਲ ਨਾ ਕੀਤਾ ਗਿਆ। ਕਿਸੇ ਵੀ ਸਿੱਖ ਨੂੰ ਰਿਹਾ ਨਾ ਕੀਤਾ ਗਿਆ। ਜ਼ਾਲਮ ਪੁਲਸੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਜਗ੍ਹਾ ਉਨ੍ਹਾਂ ਨੂੰ ਹਿਫ਼ਾਜ਼ਤ, ਮਦਦ ਤੇ ਤਰੱਕੀਆਂ ਦਿੱਤੀਆਂ ਗਈਆਂ। ਸਿਰਫ਼ ਏਨਾ ਹੀ ਨਹੀਂ ਬਾਦਲ ਦੀ ਹਕੂਮਤ ਵਿਚ ਵੀ ਕਈ ਬੇਗੁਨਾਹ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਸੁੱਟਿਆ ਗਿਆ, ਪੁਲੀਸ ਹਿਰਾਸਤ ਵਿਚ ਤਸੀਹੇ ਦਿੱਤੇ ਗਏ ਤੇ ਨਕਲੀ ਮੁਕਾਬਲੇ ਬਣਾਏ ਗਏ। ਹੋਰ ਤਾਂ ਹੋਰ ਦਰਬਾਰ ਸਾਹਿਬ ਦੇ ਬੂਹਿਆਂ ’ਤੇ ਬਿਠਾਈ ਪੁਲੀਸ ਵੀ ਨਾ ਹਟਾਈ ਗਈ। ਕਿੰਨਾ ਚਿਰ ਹੀ ਦਰਬਾਰ ਸਾਹਿਬ ਕੰਪਲੈਕਸ ’ਚ ਗੁਰੂ ਰਾਮਦਾਸ ਸਰਾਂ ਦੇ ਕਮਰਾ ਨੰਬਰ 206 ਵਿਚ ਪੁਲੀਸ ਦਾ ਦਫ਼ਤਰ ਕਾਇਮ ਰਿਹਾ। 50 ਤੋਂ ਵੱਧ ਪੁਲਸੀਏ ਬਾਕਾਇਦਾ ਦਰਬਾਰ ਸਾਹਿਬ ਵਿਚ ਤਾਇਤਾਨ ਰਹੇ।

ਇਹ ਸਾਰਾ ਕੁਝ ਬਾਦਲ ਦੀ ਅਕਾਲੀ ਸਰਕਾਰ ਵਲੋਂ, ਅਕਾਲੀ ਦਲ (ਬਾਦਲ-ਟੌਹੜਾ) ਵਲੋਂ ਸਿੱਖ ਕੌਮ ਨਾਲ ਬੇਵਫ਼ਾਈ ਹੀ ਨਹੀਂ ਬਲਕਿ ਗ਼ਦਾਰੀ ਸੀ। ਚੋਣਾਂ ਵਿਚ ਕੀਤੇ ਵਾਅਦਿਆਂ ਤੋਂ ਫਿਰ ਜਾਣਾ, ਕੌਮ ਨਾਲ ਅਜਿਹਾ ਫਰੇਬ ਸੀ ਜਿਸ ਨੇ ਸੈਂਕੜੇ ਸੰਜੀਦਾ ਅਕਾਲੀ ਵਰਕਰਾਂ ਤੇ ਲੱਖਾਂ ਨੂੰ ਉਦਾਸ ਕੀਤਾ। ਸਿੱਖਾਂ ਨੇ ਇਸ ਅਕਾਲੀ ਦਲ ਨੂੰ ਉਨ੍ਹਾਂ ਦੇ ਐਲਾਨ ਅਤੇ ਵਾਅਦਿਆਂ ’ਤੇ ਇਸ ਕਰ ਕੇ ਵੋਟਾਂ ਪਾਈਆਂ ਸਨ ਕਿ ਉਹ ਇੰਦਰਾ, ਰਾਜੀਵ, ਬੇਅੰਤ ਅਤੇ ਕੇ.ਪੀ.ਐੱਸ. ਗਿੱਲ ਦੇ ਜ਼ੁਲਮਾਂ ਤੋਂ ਬਚ ਸਕਣਗੇ, ਜ਼ੁਲਮ ਦੇ ਸ਼ਿਕਾਰ ਹੋਏ ਸਿੱਖਾਂ ਨੂੰ ਇਨਸਾਫ਼ ਮਿਲੇਗਾ, ਬੇਗੁਨਾਹ ਸਿੱਖ ਜੇਲ੍ਹਾਂ ’ਚੋਂ ਰਿਹਾ ਕਰ ਦਿੱਤੇ ਜਾਣਗੇ, ਜ਼ਾਲਮ ਪੁਲਸੀਆਂ ਨੂੰ ਸਜ਼ਾਵਾਂ ਮਿਲਣਗੀਆਂ, ਸਿੱਖਾਂ

ਦੇ ਇਨਸਾਨੀ ਹੱਕ ਬਹਾਲ ਹੋਣਗੇ, ਪੁਲੀਸ ਦੇ ਜ਼ੁਲਮ, ਧੱਕਾ-ਸ਼ਾਹੀ, ਕੁਰੱਪਸ਼ਨ ਤੇ ਗੁੰਡਾਗਰਦੀ ਨੂੰ ਨੱਥ ਪਵੇਗੀ, ਪੰਜਾਬ ਅਤੇ ਸਿੱਖਾਂ ਦੀ ਆਜ਼ਾਦ ਹਸਤੀ ਤੇ ਖ਼ੁਦਮੁਖ਼ਤਿਆਰੀ ਨੂੰ ਹਾਸਿਲ ਕਰਨ ਵਲ ਕਦਮ ਪੁੱਟੇ ਜਾਣਗੇ।

ਪਰ, ਹੋਇਆ ਐਨ ਇਸ ਦੇ ਉਲਟ। ਕਾਂਗਰਸੀ ਨਿਜ਼ਾਮ ਵਲੋਂ ਪਿਛਲੇ ਪੰਦਰਾਂ-ਸੋਲਾਂ ਸਾਲਾਂ ਵਿਚ ਗ੍ਰਿਫ਼ਤਾਰ ਕੀਤੇ ਕਿਸੇ ਸਿੱਖ ਨੂੰ ਵੀ ਰਿਹਾ ਨਾ ਕੀਤਾ ਗਿਆ (ਹੋਰ ਤਾਂ ਹੋਰ ਲਾਲਾ ਜਗਤ ਨਾਰਾਇਣ ਕਤਲ ਕੇਸ 'ਚ ਸਜ਼ਾ ਪੂਰੀ ਕਰ ਚੁਕੇ ਨਛੱਤਰ ਸਿੰਘ ਨੂੰ ਵੀ ਰਿਹਾ ਕਰਨੋਂ ਇਨਕਾਰ ਕੀਤਾ ਗਿਆ); ਜ਼ਾਲਮ ਪੁਲਸੀਆਂ ਦੀ ਪੁਸ਼ਤ-ਪਨਾਹੀ ਕੀਤੀ ਗਈ, ਉਨ੍ਹਾਂ ਨੂੰ ਪਹਿਲਾਂ ਤੋਂ ਵੀ ਵਧ ਸਹੂਲਤਾਂ ਦਿੱਤੀਆਂ ਗਈਆਂ ਤੇ ਪੁਲੀਸ ਦਾ ਖਰਚਾ ਹੋਰ ਵੀ ਵਧਾ ਦਿੱਤਾ ਗਿਆ; ਪੁਲੀਸ ਦੀਆਂ ਜ਼ਿਆਦਤੀਆਂ ਪਹਿਲਾਂ ਵਾਂਗ ਹੀ ਜਾਰੀ ਰਹੀਆਂ, ਵੱਡੇ ਗੁਰਦੁਆਰਿਆਂ ਦੇ ਬਾਹਰ ਅਤੇ ਅੰਦਰ ਵੀ ਬਾਵਰਦੀ, ਬਿਨਾਂ-ਵਰਦੀ ਤੇ ਖ਼ੁਫ਼ੀਆ ਪੁਲੀਸ ਤਾਇਨਾਤ ਰਹੀ; ਪੁਲੀਸ ਜ਼ੁਲਮ ਦਾ ਸ਼ਿਕਾਰ ਲੋਕਾਂ ਦੀ ਕੋਈ ਸਾਰ ਨਾ ਲਈ ਗਈ; ਕਿਸੇ ਜ਼ਾਲਮ-ਕਾਤਲ ਪੁਲਸੀਏ 'ਤੇ ਮੁਕਦਮਾ ਨਾ ਚਲਾਇਆ ਗਿਆ; ਪੁਲੀਸ ਵਲੋਂ ਗ਼ਾਇਬ ਕੀਤੇ ਬੇਗੁਨਾਹ ਸਿੱਖਾਂ ਦੀਆਂ ਲਿਸਟਾਂ ਤਕ ਨਾ ਬਣਾਈਆਂ ਗਈਆਂ, ਪੰਥ ਦੀਆਂ ਅਤੇ ਪੰਜਾਬ ਦੀਆਂ ਮੰਗਾਂ ਨੂੰ ਬਿਲਕੁਲ ਹੀ ਭੁਲਾ ਦਿੱਤਾ ਗਿਆ। ਇਸ ਤੋਂ ਇਲਾਵਾ ਬਾਦਲ ਸਰਕਾਰ ਨੇ 1999 ਵਿਚ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਵਿਚੋਂ 177 ਨਵੇਂ ਸਿੱਖਾਂ ਦੇ ਭਾਰਤ ਆਉਣ ਤੇ ਰੋਕ ਲਗਵਾਈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਨਾਂ ਕਾਂਗਰਸ ਦੀ ਹਕੂਮਤ ਵੇਲੇ ਜਾਂ ਇੰਦਰ ਕੁਮਾਰ ਗੁਜਰਾਲ ਦੀ ਹਕੂਮਤ ਵੇਲੇ ਵੀ ਸ਼ਾਮਿਲ ਨਹੀਂ ਸਨ ਕੀਤੇ ਗਏ।

ਦੂਜੇ ਪਾਸੇ ਜਿਸ ਪਾਰਟੀ (ਭਾਜਪਾ) ਨਾਲ ਅਕਾਲੀ ਦਲ (ਬਾਦਲ-ਟੌਹੜਾ) ਨੇ ਭਾਈਵਾਲੀ ਪਾਈ ਸੀ, ਉਸ ਪਾਰਟੀ ਨੇ ਸਿੱਖਾਂ ਅਤੇ ਪੰਜਾਬ ਨਾਲ ਉਹੀ ਸਲੂਕ ਜਾਰੀ ਰੱਖਿਆ ਜਿਹੜਾ ਇੰਦਰਾ, ਰਾਜੀਵ, ਨਰਸਿੰਮ੍ਹਾ ਰਾਓ ਤੇ ਬਾਕੀ ਕਾਂਗਰਸੀ ਕਰਦੇ ਰਹੇ ਸਨ। ਬਹੁਤੇ ਭਾਜਪਾ ਆਗੂਆਂ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਨਾਂਹ ਹੀ ਨਹੀਂ ਕੀਤੀ ਸਗੋਂ ਮੁਖ਼ਾਲਫ਼ਤ ਵੀ ਕੀਤੀ (ਹਾਲਾਂਕਿ 8 ਜਨਵਰੀ 1997 ਨੂੰ, ਪੰਜਾਬ ਅਸੈਂਬਲੀ ਚੋਣ-ਪ੍ਰਚਾਰ ਦੌਰਾਨ, ਮਦਨ ਲਾਲ ਖੁਰਾਨਾ ਨੇ ਸਾਫ਼ ਕਿਹਾ ਸੀ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਨੂੰ ਹੀ ਮਿਲਣਾ ਚਾਹੀਦਾ ਹੈ)। ਭਾਜਪਾ ਆਗੂਆਂ ਨੇ ਪੰਜਾਬ ਦੇ ਪਾਣੀਆਂ ਦਾ ਹੱਕ ਦੇਣੋਂ ਨਾਂਹ ਕੀਤੀ। ਭਾਜਪਾ ਨੇ ਦਿੱਲੀ ਵਿਚ ਪੰਜਾਬੀ ਨੂੰ ਦੂਜੀ ਜ਼ਬਾਨ ਦਾ ਦਰਜਾ ਦੇਣ ਦੀਆਂ ਜ਼ਬਾਨੀ ਗੱਲਾਂ ਕੀਤੀਆਂ (ਇੱਤਫ਼ਾਕਨ ਇਹ ਮੰਗ ਕਾਂਗਰਸ ਪਾਰਟੀ ਨੇ ਦਿਲੀ 'ਚ ਹਕੂਮਤ ਸੰਭਾਲਣ ਮਗਰੋਂ, 1999 ਵਿਚ ਮੰਨੀ)। ਭਾਜਪਾ (ਅਤੇ ਡਿਫ਼ੈਂਸ ਮਨਿਸਟਰ ਜਾਰਜ ਫ਼ਰਨਾਂਡਿਜ਼) ਨੇ ਫ਼ੌਜ ਵਿਚ ਸਿੱਖਾਂ ਜਾਂ ਪੰਜਾਬੀਆਂ ਦੀ ਭਰਤੀ ਦੋ ਫ਼ੀ ਸਦੀ ਤੋਂ ਵਧਾਉਣ ਤੋਂ ਕੋਰੀ ਨਾਂਹ ਕੀਤੀ। ਭਾਜਪਾ ਨੇ ਅੰਮ੍ਰਿਤਸਰ ਨੂੰ ਇੰਟਰਨੈਸ਼ਨਲ ਏਅਰਪੋਰਟ ਦਾ ਦਰਜਾ ਦੇਣੋਂ ਵਾਰ-ਵਾਰ ਨਾਂਹ ਕੀਤੀ ਤੇ ਇਸ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕੀਤੀ। ਭਾਜਪਾ ਨੇ ਨਵੰਬਰ 1984 ਦੇ ਵਹਿਸ਼ੀਆਨਾ ਕਤਲੇਆਮ ਦੇ ਖ਼ਿਲਾਫ਼ ਪਾਰਲੀਮੈਂਟ 'ਚ ਮਤਾ ਤਕ ਪੇਸ਼ ਨਹੀਂ ਕੀਤਾ (ਉਂਵ ਅਕਾਲੀ ਦਲ ਨੇ ਪਾਰਲੀਮੈਂਟ ਤਾਂ ਕੀ ਪੰਜਾਬ ਅਸੈਂਬਲੀ ਵਿਚ ਵੀ ਅਜਿਹਾ ਕੋਈ ਮਤਾ ਨਹੀਂ ਪਾਸ ਕਰਵਾਇਆ)। ਭਾਜਪਾ ਸਰਕਾਰ ਨੇ ਕਸ਼ਮੀਰ ਦੇ ਮੁਜਾਹਦੀਨਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਵਿਚ ਕਈ ਕਸ਼ਮੀਰੀ ਆਗੂ ਤਾਂ ਰਿਹਾ ਕੀਤੇ ਪਰ ਸਿੱਖ

(ਹਾਲਾਂਕਿ ਉਹ ਬੇਗੁਨਾਹ ਸਨ) ਕਦੇ ਵੀ ਰਿਹਾ ਨਾ ਕੀਤੇ। ਇਹ ਤਾਂ ਸੀ ਸੈਂਟਰ ਸਰਕਾਰ ਦੀਆਂ ਗੱਲਾਂ।

ਪੰਜਾਬ ਵਿਚ ਭਾਜਪਾ ਵਜ਼ੀਰਾਂ, ਕਾਰਪੋਰੇਸ਼ਨ ਦੇ ਮੇਅਰਜ਼, ਮਿਊਂਸਪਲ ਕਮੇਟੀਆਂ ਦੇ ਪ੍ਰਧਾਨਾਂ, ਬੋਰਡਜ਼ ਦੇ ਚੇਅਰਮੈਨ ਅਤੇ ਹੋਰ ਸੀਨੀਅਰ ਅਹੁਦੇਦਾਰਾਂ ਅਤੇ ਅਫ਼ਸਰਾਂ ਨੇ ਆਪਣੇ ਅਹਿਦ ਵਿਚ ਸਿੱਖਾਂ ਨਾਲ, ਸਿੱਖ ਮੁਲਾਜ਼ਮਾਂ ਨਾਲ ਅਤੇ ਆਮ ਸਿੱਖਾਂ ਨਾਲ ਜ਼ਿਆਦਤੀ ਕੀਤੀ। ਹੋਰ ਤਾਂ ਹੋਰ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.), ਸ਼ਿਵ ਸੈਨਾ, ਵਿਸ਼ਵ ਹਿੰਦੂ ਪ੍ਰੀਸ਼ਦ ਵਗ਼ੈਰਾ ਦੀਆਂ ਬਹੁਤੀਆਂ ਕਾਰਵਾਈਆਂ ਐਂਟੀ-ਸਿੱਖ ਸਨ। ਇਨ੍ਹਾਂ ਦਿਨਾਂ ਵਿਚ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨਾਜ਼ਇਜ਼ ਮੰਦਰਾਂ ਦੀ ਉਸਾਰੀ ਕੀਤੀ ਗਈ। ਜਿੱਥੇ-ਜਿੱਥੇ ਭਾਜਪਾ ਕਾਬਜ਼ ਸੀ ਉਸ ਨੇ ਕਿਸੇ ਤਵਾਰੀਖ਼ੀ ਸ਼ਹਿਰ ਜਾਂ ਵੱਡੇ ਸ਼ਹਿਰ ਵਿਚ ਕਿਸੇ ਸਿੱਖ ਆਗੂ ਜਾਂ ਸ਼ਹੀਦ ਦੇ ਨਾਂ ’ਤੇ ਕਦੇ ਕੋਈ ਯਾਦਗਾਰ ਨਾ ਬਣਾਈ। ਕਿਸੇ ਚੌਂਕ, ਅਦਾਰਾ, ਪਾਰਕ, ਅਜਾਇਬ ਘਰ, ਸਕੂਲ ਕਾਲਜ, ਮਾਰਕੀਟ, ਕਲੋਨੀ, ਸੜਕ ਦਾ ਨਾਂ ਸਿੱਖ ਹਸਤੀਆਂ ਦੇ ਨਾਂ ’ਤੇ ਕਦੇ ਨਹੀਂ ਰੱਖਿਆ। ਹਾਲਾਂਕਿ ਅੰਮ੍ਰਿਤਸਰ (ਘਟੋ-ਘਟ 13 ਦਰਵਾਜ਼ਿਆਂ ਦੇ ਅੰਦਰ ਦਾ ਸ਼ਹਿਰ) ਗੁਰੂ ਰਾਮਦਾਸ ਸਾਹਿਬ ਨੇ ਜ਼ਮੀਨ ਖਰੀਦ ਕੇ ਵਸਾਇਆ ਸੀ। ਇਸ ਸ਼ਹਿਰ ਦੀ ਉਸਾਰੀ ਤੇ ਹਿਫ਼ਾਜ਼ਤ ਵਾਸਤੇ ਬਾਬਾ ਬੁੱਢਾ, ਭਾਈ ਗੁਰਦਾਸ, ਭਾਈ ਬਿਧੀ ਚੰਦ, ਭਾਈ ਸਿੰਘਾ ਪੁਰੋਹਿਤ, ਭਾਈ ਮਨੀ ਸਿੰਘ, ਭਾਈ ਤਾਰਾ ਸਿੰਘ ਡੱਲ-ਵਾਂ, ਭਾਈ ਬੋਤਾ ਸਿੰਘ-ਗਰਜਾ ਸਿੰਘ, ਭਾਈ ਸੁੱਖਾ ਸਿੰਘ-ਮਹਿਤਾਬ ਸਿੰਘ , ਬਾਬਾ ਦੀਪ ਸਿੰਘ, ਭਾਈ ਗੁਰਬਖ਼ਸ਼ ਸਿੰਘ, ਬਾਬਾ ਦਰਬਾਰਾ ਸਿੰਘ, (ਨਵਾਬ) ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆਂ, ਜੱਸਾ ਸਿੰਘ ਰਾਮਗੜ੍ਹੀਆ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ ਵਗ਼ੈਰਾ ਨੇ ਅਹਿਮ ਰੋਲ ਅਦਾ ਕੀਤਾ ਸੀ। ਮਾਸਟਰ ਤਾਰਾ ਸਿੰਘ ਤੇ ਭਗਤ ਪੂਰਨ ਸਿੰਘ ਇਥੋਂ ਦੀਆਂ ਅਹਿਮ ਸ਼ਖ਼ਸੀਅਤਾਂ ਹੋਈਆਂ ਹਨ। ਪਰ ਇਨ੍ਹਾਂ ਵਿਚੋਂ ਕਿਸੇ ਦੇ ਨਾਂ ਤੇ ਕੋਈ ਯਾਦਗਾਰ ਕਦੇ ਨਹੀਂ ਬਣਾਈ ਗਈ। ਇਹੀ ਹਾਲ ਹਰ ਉਸ ਅਦਾਰੇ ਤੇ ਮਹਿਕਮੇ ਦਾ ਸੀ ਜਿਥੇ ਵੀ ਭਾਜਪਾ ਵਾਲਿਆਂ ਦਾ ਕਬਜ਼ਾ ਸੀ।

ਅਕਾਲੀ ਦਲ ਤਾਂ ਭਾਜਪਾ ਤੋਂ ਏਨਾ ਵੀ ਨਹੀਂ ਕਰਵਾ ਸਕਿਆ ਕਿ ਓਹ ਭਾਜਪਾ ਨੂੰ ਯੂ.ਪੀ. ਦੇ ਜ਼ਿਲ੍ਹਾ, ਸ਼ਹੀਦ ਊਧਮ ਸਿੰਘ ਨਗਰ ਨੂੰ ਨਵੇਂ ਬਣਨ ਵਾਲੇ ਸੂਬੇ ਉਤਰਾਂਚਲ ਵਿਚ ਸ਼ਾਮਿਲ ਕਰਨੋਂ ਰੋਕ ਸਕਦਾ। ਦਰਅਸਲ ਬਾਦਲ ਇਸ ਬਾਰੇ ਸੰਜੀਦਾ ਹੀ ਨਹੀਂ ਸੀ। ਭਾਵੇਂ ਮਾਨ, ਟੌਹੜਾ, ਰਾਮੂਵਾਲੀਆ, ਮੁਲਾਇਮ ਸਿੰਹ ਯਾਦਵ ਅਤੇ ਕਈ ਹੋਰਾਂ ਨੇ ਇਸ ਬਾਰੇ ਡਟ ਕੇ ਸਟੈਂਡ ਲਿਆ ਪਰ ਬਾਦਲ ਤੇ ਉਸ ਦੇ ਸਾਥੀ ਮਗਰਮਛ ਦੇ ਹੰਝੂ ਵਗਾਉਂਦੇ ਰਹੇ। ਬਾਦਲ ਦੀ ਇਹ ਕਾਰਵਾਈ ਯੂ.ਪੀ. ਦੇ ਸਿੱਖਾਂ ਨਾਲ ਖਾਸ ਕਰ ਕੇ ਅਤੇ ਸਮੁੱਚੇ ਪੰਥ ਨਾਲ ਆਮ ਕਰ ਕੇ, ਧੋਖਾ ਤੇ ਗ਼ੱਦਾਰੀ ਸੀ।

ਅਕਾਲੀ ਦਲ (ਬਾਦਲ) ਸੈਂਟਰ ਵਿਚ ਵੀ ਤਾਕਤ ਵਿਚ ਭਾਈਵਾਲ ਸੀ। ਉਹ ਤਾਂ ਏਨਾ ਵੀ ਨਹੀਂ ਕਰਵਾ ਸਕਿਆ ਕਿ ਉਹ ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਕੀਮਤੀ ਖ਼ਜ਼ਾਨਾ ਹੀ ਸੀ.ਬੀ.ਆਈ. ਤੋਂ ਵਾਪਿਸ ਹਾਸਿਲ ਕਰ ਸਕੇ। ਹਾਲਾਂ ਕਿ ਜੂਨ 2000 ਵਿਚ ਸੀ.ਬੀ.ਆਈ. ਦੇ ਕੁਝ ਅਫ਼ਸਰਾਂ ਨੇ ਐਲਾਨੀਆ ਮੰਨਿਆ ਵੀ ਕਿ ਇਹ ਸਾਰੀ ਲਾਇਬਰੇਰੀ ਫ਼ੌਜ ਵਲੋਂ 200 ਤੋਂ ਵਧ ਬਕਸਿਆਂ, ਟਰੰਕਾਂ ਤੇ ਬੋਰੀਆਂ ਵਿਚ ਪਾ ਕੇ ਲਿਜਾਈ ਗਈ ਸੀ। ਇਸ ਲਾਇਬਰੇਰੀ ਵਿਚ ਕੋਈ ਵੀ ਸਿਆਸੀ ਸਮੱਗਰੀ ਨਹੀਂ ਸੀ ਤੇ ਸਿਰਫ਼ ਰੀਸਰਚ ਦਸਤਾਵੇਜ਼ ਸਨ ਪਰ ਬਾਦਲ ਏਨਾ ਵੀ ਨਾ

ਕਰ ਸਕਿਆ। (ਜਾਂ ਕਰਨਾ ਨਹੀਂ ਚਾਹੁੰਦਾ ਸੀ)। ਇਥੋਂ ਪਤਾ ਲਗਦਾ ਹੈ ਕਿ ਅਕਾਲੀ ਆਗੂ ਕੌਮ ਵਾਸਤੇ ਕਿੰਨੇ ਕੂ ਸੰਜੀਦਾ ਰਹਿ ਗਏ ਹਨ।

ਚੰਡੀਗੜ੍ਹ ਦੀ ਮੰਗ

ਕੁਝ ਹੀ ਮਹੀਨਿਆਂ ਵਿਚ ਬਾਦਲ ਨੇ ਚੋਣ ਮੈਨੀਫੈਸਟੋ ਵਿਚ ਕੀਤੇ ਸਾਰੇ ਵਾਅਦੇ ਭੁਲਾ ਦਿੱਤੇ। ਚੰਡੀਗੜ੍ਹ ਪੰਜਾਬ ਨੂੰ ਦਿਵਾਉਣ ਦਾ ਨਾਂ ਲੈਣਾ ਵੀ ਬੰਦ ਕਰ ਦਿੱਤਾ; ਉਧਰ ਹਰਿਆਣਾ ਵਾਲੇ ਚੰਡੀਗੜ੍ਹ ਵਿਚ ਰੱਖੇ ਜਾਣ ਵਾਲੇ ਮੁਲਾਜ਼ਮਾਂ ਅਤੇ ਹੋਰ ਸਟਾਫ਼ ਵਿਚ 75 ਤੋਂ 90% ਹਰਿਆਣਵੀ ਭਰਤੀ ਕਰਵਾਉਣ ਵਿਚ ਕਾਮਯਾਬ ਹੁੰਦੇ ਰਹੇ; ਪੰਜਾਬ ਦਾ 60% ਦਾ ਹੱਕ ਸੀ ਪਰ ਇਹ ਨਿਸਬਤ 30% ਤਕ ਪਹੁੰਚ ਚੁਕੀ ਸੀ। ਚੰਡੀਗੜ੍ਹ ਵਿਚੋਂ ਪੰਜਾਬੀ ਨੂੰ ਤਕਰੀਬਨ ਜਲਾਵਤਨ ਹੀ ਕਰ ਦਿੱਤਾ ਗਿਆ।ਪਰ ਬਾਦਲ ਨੇ ਇਸ ਬਾਰੇ ਕਦੇ ਵੀ ਇਕ ਲਫ਼ਜ਼ ਤਕ ਨਾ ਬੋਲਿਆ। ਉਹ ਆਰ.ਐਸ. ਐਸ. ਦੀ ਇਜਾਜ਼ਤ ਬਿਨਾ ਕੋਈ ਬਿਆਨ ਤਕ ਨਹੀਂ ਸੀ ਦੇਂਦਾ।

1961 ਵਿਚ ਚੰਡੀਗੜ੍ਹ ਵਿਚ 30% ਸਿੱਖ ਆਬਾਦੀ ਸੀ। 1970 ਤੋਂ ਮਗਰੋਂ ਬਿਹਾਰ ਤੇ ਯੂ.ਪੀ. ਵਿਚ 'ਭਈਏ' ਆਉਣੇ ਸ਼ੁਰੂ ਹੋ ਗਏ। ਭਾਜਪਾ ਨੇ ਇਸ ਵਾਸਤੇ ਖ਼ਾਸ ਲਹਿਰ ਚਲਾ ਜੋ ਉਨ੍ਹਾਂ ਨੂੰ ਫ਼ਲੈਟ ਅਤੇ ਪਲਾਟ ਦਿਵਾਉਣ ਦੀ ਕਾਰਵਾਈ ਜਾਰੀ ਰੱਖੀ। ਨਤੀਜਾ ਇਹ ਹੋਇਆ ਕੇ ਚੰਡੀਗੜ੍ਹ ਦੀ ਆਬਾਦੀ ਜੋ 1961 ਵਿਚ 1,19,881 ਸੀ, 1971 ਵਿਚ 2,57,251 ਹੋ ਗਈ; 1981 ਵਿਚ ਇਸ ਵਿਚ 80% ਵਾਧਾ ਹੋਇਆ ਤੇ ਇਹ 4,51, 610 ਹੋ ਗਈ; 1991 ਵਿਚ 6,42,015, 2001 ਵਿਚ 9,00,635 ਅਤੇ 2011 ਵਿਚ 10,55,000 ਹੋ ਗਈ। ਸਿੱਖਾਂ ਦੀ ਗਿਣਤੀ 30% ਤੋਂ ਸਿਰਫ਼ 15% ਰਹਿ ਗਈ।

ਊਧਮ ਸਿੰਘ ਨਗਰ ਦਾ ਮਸਲਾ

ਇਨ੍ਹੀਂ ਦਿਨੀ ਹੀ ਯੂ.ਪੀ. ਦੀ ਵੰਡ ਕਰ ਕੇ ਉਤਰਾਂਚਲ (ਉਤਰਾਖੰਡ) ਪਹਾੜੀ ਸੂਬਾ ਬਣਾਉਣ ਦਾ ਫ਼ੈਸਲਾ ਹੋ ਗਿਆ। ਇਸ ਦੀ ਹੱਦਬੰਦੀ ਵਿਚ ਊਧਮ ਸਿੰਘ ਨਗਰ ਜ਼ਿਲ੍ਹਾ ਦਾ ਮਸਲਾ ਖੜ੍ਹਾ ਹੋ ਗਿਆ। ਇਸ ਇਲਾਕੇ ਵਿਚ ਸਿੱਖਾਂ ਦੀ ਬਹੁਤ ਵੱਡੀ ਆਬਾਦੀ ਸੀ। ਉਹ ਇਸ ਨੂੰ ਯੂ.ਪੀ. ਵਿਚ ਰੱਖਣਾ ਚਾਹੁੰਦੇ ਸਨ ਕਿਉਂ ਕਿ ਉਤਰਾਂਚਲ ਵਿਚ ਜਾਣ ਕਰ ਕੇ ਜ਼ਮੀਨ ਦੀ ਹੱਦਬੰਦੀ ਕਾਰਨ ਉਨ੍ਹਾਂ ਦੀਆਂ ਜ਼ਮੀਨਾਂ ਖੁਸ ਜਾਣੀਆਂ ਸਨ। ਅਕਾਲੀ ਦਲ, ਬਹੁਜਨ ਸਮਾਜ ਪਾਰਟੀ, ਤ੍ਰਿਣਾਮੂਲ ਕਾਂਗਰਸ (ਮਮਤਾ ਬੈਨਰਜੀ), ਅੰਨਾ ਡੀ.ਐਮ.ਕੇ. (ਜੈ ਲਲਿਤਾ), ਸਮਾਜਵਾਦੀ ਪਾਰਟੀ (ਮੁਲਾਇਮ ਸਿੰਘ ਯਾਦਵ) ਸਾਰੇ ਇਸ ਨੂੰ ਯੂ.ਪੀ. ਵਿਚ ਰੱਖਣਾ ਚਾਹੁੰਦੇ ਸਨ। ਪਰ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੋਵੇਂ ਅੰਦਰੋ-ਅੰਦਰੀ ਇਸ ਨੂੰ ਉਤਰਾਂਚਲ ਵਿਚ ਸ਼ਾਮਿਲ ਕਰਨਾ ਚਾਹੁੰਦੇ ਸਨ। ਉਸ ਵੇਲੇ ਸੈਂਟਰ ਵਿਚ ਭਾਜਪਾ ਦੀ ਅਗਵਾਈ ਵਾਲੀ ਕੁਲੀਸ਼ਨ ਸੀ ਤੇ ਵਾਜਪਾਈ ਪ੍ਰਾਈਮ ਮਨਿਸਟਰ ਸੀ। ਇਸ ਮਸਲੇ 'ਤੇ ਅਕਾਲੀ ਦਲ ਅਤੇ ਭਾਜਪਾ ਵਿਚ ਦਰਾੜ ਪੈਦਾ ਹੋ ਗਈ। ਜੁਲਾਈ 1998 ਵਿਚ ਗੁਰਚਰਨ ਸਿੰਘ ਟੌਹੜਾ ਤੇ ਸੁਖਦੇਵ ਸਿੰਘ ਢੀਂਡਸਾ ਨੇ ਇਸ ਮੌਕੇ 'ਤੇ ਕੁਲੀਸ਼ਨ ਵਿਚੋਂ ਬਾਹਰ ਆਉਣ ਤਕ ਦੀ ਧਮਕੀ ਵੀ ਦੇ ਦਿੱਤੀ ਸੀ। ਇਨ੍ਹੀਂ ਦਿਨੀਂ ਹੀ ਸਿਮਰਨਜੀਤ ਸਿੰਘ ਮਾਨ ਵੀ ਊਧਮ ਸਿੰਘ ਨਗਰ ਗਿਆ ਤੇ ਉਸ ਨੇ ਵੀ ਇਸ ਦੇ ਉਤਰਾਂਚਲ ਵਿਚ ਸ਼ਾਮਿਲ ਕੀਤੇ ਜਾਣ ਦੀ ਡਟ ਕੇ ਮੁਖ਼ਾਲਫ਼ਤ ਕੀਤੀ। ਜ਼ਿਲ੍ਹੇ ਦੀਆਂ 327 ਵਿਚੋਂ 280 ਪੰਚਾਇਤਾਂ

ਨੇ ਜ਼ਿਲ੍ਹੇ ਦੇ ਉਤਰਾਂਚਲ ਵਿਚ ਸ਼ਾਮਿਲ ਕੀਤੇ ਜਾਣ ਦੀ ਮੁਖ਼ਾਲ਼ਫਤ ਕੀਤੀ।

ਅਕਤੂਬਰ 1998 ਵਿਚ ਵਾਜਪਾਈ ਨੇ ਇਸ ਮਸਲੇ ਦੇ ਹੱਲ ਵਾਸਤੇ ਇਕ 3 ਮੈਂਬਰੀ ਪੈਨਲ ਬਣਾ ਦਿੱਤਾ; ਜਿਸ ਵਿਚ ਯੂ.ਪੀ. ਦਾ ਚੀਫ਼ ਮਨਿਸਟਰ ਭਾਜਪਾ ਦਾ ਕਲਿਆਣ ਸਿੰਘ, ਪ੍ਰਕਾਸ਼ ਸਿੰਘ ਬਾਦਲ ਤੇ ਸੈਂਟਰ ਦਾ ਵਜ਼ੀਰ ਜਾਰਜ ਫ਼ਰਨਾਂਡਜ਼ ਸ਼ਾਮਿਲ ਸਨ। ਪਰ, ਇਹ ਪੈਨਲ ਕਿਸੇ ਸਿੱਟੇ; ਤੇ ਨਾ ਪੁੱਜ ਸਕਿਆ। ਪਹਿਲੀ ਅਗਸਤ 2000 ਦੇ ਦਿਨ ਲੋਕ ਸਭਾ ਨੇ ਉਤਰਾਂਚਲ ਦੀ ਕਾਇਮੀ ਦਾ ਬਿਲ ਪਾਸ ਕਰ ਦਿੱਤਾ। ਅਖ਼ੀਰ ਭਾਜਪਾ ਨੇ ਆਪਣੇ ਨਵੇਂ 'ਯੈੱਸਮੈਨ' ਜਾਰਜ ਫ਼ਰਨਾਂਡਿਜ਼ ਕੋਲੋਂ ਹਿਮਾਇਤ ਹਾਸਿਲ ਕਰ ਕੇ ਊਧਮ ਸਿੰਘ ਨਗਰ ਦੇ ਸਿੱਖਾਂ ਤੇ ਪੰਜਾਬੀਆਂ ਨਾਲ ਧੋਖਾ ਕੀਤਾ ਅਤੇ ਇਸ ਨੂੰ ਉਤਰਾਂਚਲ ਵਿਚ ਸ਼ਾਮਿਲ ਕਰ ਦਿੱਤਾ। 10 ਅਗਸਤ 2000 ਦੇ ਦਿਨ ਰਾਜ ਸਭਾ ਵਿਚ ਨਵੇਂ ਸੂਬੇ ਦੀ ਹਦਬੰਦੀ ਦਾ ਬਿਲ ਪਾਸ ਹੋ ਗਿਆ। ਇਸ ਮੌਕੇ 'ਤੇ ਭਾਜਪਾ ਤੇ ਕਾਂਗਰਸ ਨੇ ਇਸ ਬਿਲ ਦੀ ਹਿਮਾਇਤ ਕੀਤੀ ਪਰ ਸਮਾਜਵਾਦੀ ਪਾਰਟੀ, ਜਨਤਾ ਦਲ, ਸੀ.ਪੀ.ਐਮ. ਅੰਨਾ ਡੀ.ਐਮ.ਕੇ ਨੇ ਇਸ ਦੀ ਭਰਪੂਰ ਮੁਖ਼ਲਾਫ਼ਤ ਕੀਤੀ।

ਪੰਜਾਬ ਦੀ ਦੌਲਤ ਲੁੱਟਣਾ

ਊਧਮ ਸਿੰਘ ਨਗਰ ਦਾ ਮਸਲਾ ਖ਼ਤਮ ਹੋਣ ਮਗਰੋਂ ਪ੍ਰਕਾਸ਼ ਸਿੰਘ ਬਾਦਲ ਦਾ ਸਾਰਾ ਧਿਆਨ ਵਧ ਤੋਂ ਵਧ ਦੌਲਤ ਇਕੱਠੀ ਕਰਨ ਵੱਲ ਲੱਗ ਗਿਆ। ਇਸ ਵਾਸਤੇ ਉਸ ਨੇ ਕੋਈ ਹੀਲਾ ਨਾ ਛੱਡਿਆ। ਸਰਕਾਰੀ ਸਪਲਾਈ, ਟਰਾਂਸਪੋਰਟ ਤੇ ਹੋਰ ਮਹਿਕਮਿਆਂ ਵਿਚੋਂ ਉਸ ਨੇ ਦੌਲਤ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਆਰ.ਐਸ.ਐਸ. ਨੂੰ ਬਾਦਲ ਦੀ ਇਹ ਪਾਲਸੀ ਰਾਸ ਆਉਂਦੀ ਸੀ ਕਿਉਂਕਿ ਇਸ ਨਾਲ ਬਾਦਲ ਪੰਜਾਬ ਅਤੇ ਸਿੱਖਾਂ ਦੇ ਮਸਲਿਆਂ ਨੂ ਬਿਲਕੁਲ ਹੀ ਛੱਡ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਨੇ ਇਹ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਬਾਦਲ ਨੇ 3500 ਕਰੋੜ ਰੁਪੈ ਦੀ ਜਾਇਦਾਦ ਬਣਾ ਲਈ ਸੀ।

●

ਬਾਦਲ ਦੀ ਸੁਪਰੀਮ ਬਣਨ ਦੀ ਸ਼ੁਰੂਆਤ

12 ਫ਼ਰਵਰੀ 1997 ਦੇ ਦਿਨ ਬਾਦਲ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ। ਬਾਦਲ ਨੂੰ ਚੀਫ਼ ਮਨਿਸਟਰੀ ਤੇ ਅਕਾਲੀ ਦਲ ਨੂੰ ਹਕੂਮਤ ਸਿਰਫ਼ ਤੇ ਸਿਰਫ਼ ਸਿੱਖ ਵੋਟਾਂ ਕਰ ਕੇ ਮਿਲੀ ਸੀ। ਸਿੱਖ ਪੰਥ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇਂਦਾ ਆਇਆ ਹੈ ਅਤੇ ਦੇਂਦਾ ਰਹੇਗਾ। ਇਹ ਵੱਖਰੀ ਗੱਲ ਹੈ ਕਿ ਸਿੱਖ ਕੌਮ ਅਕਾਲੀਆਂ ਵਿਚੋਂ ਕਿਸ ਧੜੇ ਦਾ ਜਾਂ ਕਿਸ ਆਗੂ ਦਾ ਸਾਥ ਦੇਂਦੀ ਹੈ। ਪੰਜਾਬ ਦਾ ਚੀਫ਼ ਮਨਿਸਟਰ ਹਮੇਸ਼ਾ ਹੀ ਉਹ ਹੀ ਬਣੇਗਾ ਜਿਸ ਨੂੰ ਸਿੱਖ ਵੋਟਰਾਂ ਦੀ ਹਿਮਾਇਤ ਹਾਸਿਲ ਹੋਵੇਗੀ ਪਰ ਨਾਲ ਹੀ ਇਹ ਵੀ ਯਕੀਨੀ ਹੈ ਕਿ ਜੇ ਸਿੱਖ ਕੌਮ ਨਾਰਾਜ਼ਗੀ, ਗੁੱਸੇ ਅਤੇ ਰੋਹ ਵਿਚ ਆ ਜਾਵੇ ਤਾਂ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਪਟਕਾਅ ਕੇ ਮਾਰ ਸਕਦੀ ਹੈ ਅਤੇ ਤਾਕਤ ’ਚੋਂ ਲਾਂਭੇ ਕਰ ਸਕਦੀ ਹੈ।

1947 ਤੋਂ ਪਹਿਲਾ ਅਜਿਹੀ ਹਾਲਤ ਨਹੀਂ ਕੀ ਪੰਜਾਬ ਵਿਚ ਸਿੱਖਾਂ ਦੀ ਸਰਕਾਰ ਬਣ ਸਕਦੀ। 1947 ਤੋਂ 1966 ਤਕ ਵੀ ਅਜਿਹਾ ਮੁਮਕਿਨ ਨਹੀਂ ਸੀ। ਪਰ 1967 ਤੋਂ ਪੰਜਾਬ ਦੀ ਸਿਆਸਤ ਦਾ ਫ਼ੈਸਲਾ ਸਿਰਫ਼ ਅਤੇ ਸਿਰਫ਼ ਸਿੱਖ ਹੀ ਕਰਦੇ ਆ ਰਹੇ ਸਨ। ਜੇ ਸਿੱਖਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿੱਤਾ ਹੈ ਤਾਂ ਇਸ ਜਥੇਬੰਦੀ ਦੀ ਸਰਕਾਰ ਬਣੀ ਹੈ ਅਤੇ ਜੇ ਸਿੱਖਾਂ ਨੇ ਅਕਾਲੀ ਦਲ ਦੇ ਆਗੂਆਂ ਵਲੋਂ ਆਪਨੇ ਵਾਅਦੇ ਭੁਲਾਉਣ, ਵਰਕਰ ਦੀ ਬੇਕਦਰੀ ਕਰਨ, ਨਿਜੀ ਮੁਫ਼ਾਦ ਖ਼ਾਤਿਰ ਕੌਮ ਦਾ ਨਿਸ਼ਾਨਾ ਭੁੱਲਣ, ਪੰਥ ਵਲ ਪਿੱਠ ਕਰਨ ਤੇ ਗੁਰੂ ਤੋਂ ਬੇਮੁਖ ਹੋਣ ਦੀ ਸਜ਼ਾ ਦਿਤੀ ਹੈ ਤਾਂ (ਅਕਸਰ ਪੰਜ ਸਾਲ) ਅਕਾਲੀ ਦਲ ਦੇ ਆਗੂ ਮੋਰਚਿਆਂ ਅਤੇ ਜੇਲ੍ਹਾਂ ਜੋਗੇ ਰਹਿ ਜਾਂਦੇ ਰਹੇ ਸਨ। ਤ੍ਵਾਰੀਖ਼ ਇਸ ਦੀ ਗਵਾਹੀ ਦੇਂਦੀ ਹੈ।

1966 ਵਿਚ ਪੰਜਾਬੀ ਸੂਬਾ ਸਿੱਖ ਕੌਮ ਦੀ ਸਾਲਾਂ-ਲੰਬੀ ਜੱਦੋਜਹਿਦ ਮਗਰੋਂ ਵਜੂਦ ਵਿਚ ਆਇਆ ਸੀ। 1967 ਵਿਚ ਅਕਾਲੀ ਦਲ ਨੇ ਹੋਰਨਾਂ ਪਾਰਟੀਆਂ ਨਾਲ ਮਿਲ ਕੇ ਸਾਂਝੀ ਸਰਕਾਰ ਬਣਾਈ ਪਰ ਅਕਾਲੀ ਦਲ ਦੇ ਆਗੂ ਆਪਸ ਵਿਚ ਇਕਸੁਰਤਾ ਕਾਇਮ ਨਾ ਰੱਖ ਸਕੇ। 1968 ਵਿਚ ਅਕਾਲੀ ਗਰੁੱਪ ਫਿਰ ਇਕੱਠੇ ਹੋ ਗਏ ਅਤੇ ਸਿੱਖ ਵੋਟਰਾਂ ਨੇ ਫੇਰ ਇਨ੍ਹਾਂ ਦੇ ਹੱਕ ਵਿਚ ਫ਼ਤਵਾ ਦਿੱਤਾ। ਪਰ ਅਕਾਲੀ ਆਗੂਆਂ ਨੂੰ ਹਕੂਮਤ ਨਾ ਸੁਖਾਈ। ਹਕੂਮਤ ਨੇ ਇਨ੍ਹਾਂ ’ਚੋਂ ਬਹੁਤਿਆਂ ਨੂੰ ਅੱਯਾਸ਼, ਹਾਕਮ-ਸੋਚ ਵਾਲੇ, ਆਕੜ ਖੋਰ, ਹੰਕਾਰੇ ਹੋਏ ਅਤੇ ਅਪੰਥਕ ਬਣਾ ਦਿੱਤਾ। ਫਤਹਿ ਸਿੰਘ ਵਲੋਂ ਚਾਰ ਵਾਰ ਮਰਨ ਵਰਤ ਰੱਖ ਕੇ ਤੋੜਨ ਨਾਲ ਸਿੱਖ ਸਮੁੱਚੀ ਲੀਡਰਸ਼ਿਪ ਦੇ ਖ਼ਿਲਾਫ਼ ਹੋ ਗਏ। ਅਕਾਲੀ ਪਾਰਟੀ ਦੀ ਲੀਡਰਸ਼ਿਪ ਵਿਚ ਤਬਦੀਲੀ ਨਾ ਆਉਂਦੀ ਵੇਖ ਕੇ ਸਿੱਖ ਵੋਟਰਾਂ ਨੇ 1971 ਦੀਆਂ ਚੋਣਾਂ ਵਿਚ ਅਕਾਲੀ ਦਲ ਨੂੰ ਐਸਾ ਪਟਕਾਅ ਕੇ ਮਾਰਿਆ ਕਿ ਇਹ ਬੁਰੀ ਤਰ੍ਹਾਂ ਹਿੱਲ ਗਏ। ਪਰ, ਇਸ ਦੇ ਬਾਵਜੂਦ ਜਦੋਂ ਇਨ੍ਹਾਂ ਨੂੰ ਸੂਝ ਨਾ ਆਈ ਤਾਂ 1972 ਦੀਆਂ ਚੋਣਾਂ ਵਿਚ

ਸਿੱਖ ਵੋਟਰਾਂ ਨੇ ਇਨ੍ਹਾਂ ਦੇ ਫਿਰ ਗੋਡੇ ਲੁਆ ਦਿਤੇ।

1977 ਦੀਆਂ ਚੋਣਾਂ ਵਿਚ, ਉਂਵ ਵੇਖਣ ਨੂੰ ਤਾਂ ਐਮਰਜੰਸੀ ਦੇ ਖ਼ਿਲਾਫ਼ ਵੋਟਾਂ ਪਾਈਆਂ ਗਈਆਂ ਸਨ, ਪਰ ਇਹ ਕਾਰਨ ਪੰਜਾਬ 'ਤੇ ਲਾਗੂ ਨਹੀਂ ਹੁੰਦਾ ਸੀ। ਪੰਜਾਬ ਵਿਚ ਸ਼ਹਿਰੀ ਹਿੰਦੂ ਵੋਟਰਾਂ ਨੇ ਜਨਤਾ ਪਾਰਟੀ ਨੂੰ ਇੰਦਰਾ ਦੇ ਖ਼ਿਲਾਫ਼ ਵੋਟਾਂ ਜ਼ਰੂਰ ਦਿੱਤੀਆਂ ਸਨ। ਪਰ ਇਹ ਗੱਲ ਸਿੱਖ ਵੋਟਰਾਂ 'ਤੇ ਨਹੀਂ ਢੁੱਕਦੀ ਸੀ। ਜਨਵਰੀ 1977 ਦੀਆਂ ਲੋਕ ਸਭਾ ਚੋਣਾਂ ਅਤੇ ਜੂਨ 1977 ਦੀਆਂ ਪੰਜਾਬੀ ਅਸੈਂਬਲੀ ਚੋਣਾਂ ਵਿਚ ਸਿੱਖ ਵੋਟਰਾਂ ਨੇ ਸਿੱਧੀ ਅਕਾਲੀ ਦਲ ਨੂੰ ਵੋਟ ਦਿੱਤੀ ਸੀ। ਅਕਾਲੀ ਆਗੂਆਂ ਵਲੋਂ ਜੇਲ੍ਹਾਂ ਕੱਟਣ ਅਤੇ ਤਸੀਹੇ ਸਹਿਣ ਕਰ ਕੇ ਸਿੱਖ ਸੰਗਤਾਂ ਦੀ ਆਗੂਆਂ ਨਾਲ ਹਮਦਰਦੀ ਸੀ। ਸਿੱਖ ਵੋਟਰ ਮਹਿਸੂਸ ਕਰਦੇ ਸਨ ਕਿ ਅਕਾਲੀ ਆਗੂਆਂ ਨੂੰ ਉਨ੍ਹਾਂ ਦੀਆਂ ਕੁਤਾਹੀਆਂ ਦੀ ਕਾਫ਼ੀ ਸਜ਼ਾ ਮਿਲ ਚੁਕੀ ਹੈ ਤੇ ਉਨ੍ਹਾਂ ਨੂੰ ਅਗੋਂ ਵਾਸਤੇ ਸਮਝ ਆ ਗਈ ਹੋਵੇਗੀ। ਇਸ ਕਰ ਕੇ ਸਿੱਖ ਵੋਟਰਾਂ ਨੇ ਅਕਾਲੀ ਦਲ ਨੂੰ ਇਕ ਵਾਰ ਫੇਰ ਪੰਥਕ ਫ਼ਤਵਾ ਦੇ ਦਿੱਤਾ।

ਪਰ ਹਕੂਮਤ ਵਿਚ ਆਉਂਦਿਆਂ ਹੀ ਅਕਾਲੀ ਆਗੂ ਫੇਰ ਪੰਥ ਨੂੰ ਭੁੱਲ ਗਏ। ਅਕਾਲੀ ਆਗੂਆਂ ਨੂੰ ਹਕੂਮਤ ਦਾ 'ਨਸ਼ਾ' ਆਉਣ ਲਗ ਪਿਆ। ਇਸ ਵਾਰ ਅਕਾਲੀਆਂ ਦੀ ਭਾਈਵਾਲੀ ਜਨਤਾ ਪਾਰਟੀ ਨਾਲ ਸੀ ਅਤੇ ਜਨਤਾ ਪਾਰਟੀ ਵਿਚ ਇਕ ਵੱਡਾ ਹਿੱਸਾ ਜਨਸੰਘ (ਹੁਣ ਭਾਰਤੀ ਜਨਤਾ ਪਾਰਟੀ) ਦਾ ਸੀ। ਜਨਸੰਘ ਵਿਚ ਬਹੁਤ ਸਾਰੇ ਆਗੂਆਂ ਦੇ ਦਿਲਾਂ ਵਿਚ ਸਿੱਖਾਂ ਵਾਸਤੇ ਗ਼ੈਰਸਾਲੀ ਸੀ ਤੇ ਉਨ੍ਹਾਂ ਦੇ ਅੰਦਰ ਦੀ ਐਂਟੀ-ਸਿੱਖ ਸੋਚ ਵੱਖ-ਵੱਖ ਤਰੀਕਿਆਂ ਨਾਲ ਆਪਣਾ ਜੌਹਰ ਦਿਖਾਂਦੀ ਰਹਿੰਦੀ ਸੀ। ਜਿਥੇ ਵੀ ਹੋ ਸਕਿਆ ਜਨਸੰਘ ਵਿਚਲੇ ਫ਼ਿਰਕੂ ਆਗੂ ਸਿੱਖਾਂ ਦੀ ਮੁਖ਼ਾਲਫ਼ਤ ਕਰਦੇ ਰਹਿੰਦੇ ਸਨ। ਪਰ 13 ਅਪਰੈਲ 1978 ਦੇ ਦਿਨ, ਅੰਮ੍ਰਿਤਸਰ ਵਿਚ, ਨਿਰੰਕਾਰੀ ਟੋਲੇ ਹੱਥੋਂ 13 ਸਿੱਖਾਂ ਦੇ ਕਤਲ ਨੇ ਅਕਾਲੀ-ਜਨਸੰਘ ਟੱਕਰ ਦੀ ਬਜਾਏ ਨਵਾਂ ਫ਼ਰੰਟ ਖੋਲ੍ਹ ਦਿੱਤਾ। ਇਸ ਹਾਲਤ ਵਿਚ ਜਨਸੰਘ ਪਾਰਟੀ ਨੇ ਸਿੱਧਾ ਤਾਂ ਕੋਈ ਰੋਲ ਅਦਾ ਨਾ ਕੀਤਾ ਪਰ ਉਨ੍ਹਾਂ ਦੀ ਸਾਥਣ ਪੰਜਾਬ ਦੀ ਮਹਾਸ਼ਾ ਪ੍ਰੈਸ ਨੇ ਐਂਟੀ-ਸਿੱਖ ਜਹਾਦ ਸ਼ੁਰੂ ਕਰ ਦਿੱਤਾ। ਇਸ ਸਾਰੇ ਮਾਹੌਲ ਵਿਚ ਅਕਾਲੀ ਪਾਰਟੀ ਦੇ ਕਈ ਆਗੂਆਂ ਦਾ ਕਿਰਦਾਰ ਬੇਹਦ ਸ਼ੱਕੀ ਰਿਹਾ। ਕੁਝ ਸੰਜੀਦਾ ਅਕਾਲੀ ਨਿਰੰਕਾਰੀ ਟੋਲੇ ਦੇ ਖ਼ਿਲਾਫ਼ ਕਰੜਾ ਐਕਸ਼ਨ ਚਾਹੁੰਦੇ ਸਨ ਪਰ ਚੀਫ਼ ਮਨਿਸਟਰ ਬਾਦਲ ਚਾਹੁੰਦਾ ਸੀ ਕਿ ਉਹ ਆਪਣੀ ਸਰਕਾਰ ਕਾਇਮ ਰੱਖਣ ਵਾਸਤੇ ਟਾਲ-ਮਟੋਲ ਕਰ ਕੇ ਹਰ ਇਕ ਨੂੰ ਖ਼ੁਸ਼ ਕਰੀ ਜਾਵੇ (ਹਾਲਾਂਕਿ ਉਹ ਕਿਸੇ ਨੂੰ ਵੀ ਖ਼ੁਸ਼ ਨਾ ਕਰ ਸਕਿਆ)। ਦੂਜੇ ਪਾਸੇ ਜੀਵਨ ਸਿੰਘ ਉਮਰਾਨੰਗਲ (ਜਿਸ ਨੂੰ ਲੋਕ 'ਉੱਲੂ ਨੰਗਲ' ਆਖਦੇ ਸਨ) ਸ਼ਰੇਆਮ ਨਿਰੰਕਾਰੀ ਟੋਲੇ ਦੀ ਹਿਮਾਇਤ ਕਰ ਰਿਹਾ ਸੀ। ਕਈ ਅਕਾਲੀ ਡਬਲ ਰੋਲ ਪਲੇਅ ਕਰ ਰਹੇ ਸਨ। ਸੁਲਤਾਨਪੁਰ ਦਾ ਬਾਬੂ ਆਤਮਾ ਸਿੰਘ ਅਕਾਲੀ ਕਾਨਫ਼ਰੰਸਾਂ ਵਿਚ ਤਾਂ ਨਿਰੰਕਾਰੀਆਂ ਦੇ ਖ਼ਿਲਾਫ਼ ਉੱਚੀ-ਉੱਚੀ ਬੋਲਿਆ ਕਰਦਾ ਸੀ ਪਰ ਉਸ ਦੀ ਪਬਲਿਕ ਰੀਲੇਸ਼ਨ ਵਜ਼ਾਰਤ ਨਿਰੰਕਾਰੀ ਟੋਲੇ ਦੇ ਨਾਮ-ਨਿਹਾਦ ਰਿਸਾਲੇ 'ਏਕ ਨਜ਼ਰ' ਨੂੰ ਸਰਕਾਰੀ ਇਸ਼ਤਿਹਾਰਾਂ ਦੇ ਗੱਫੇ ਵੀ ਵੰਡਿਆ ਕਰਦੀ ਸੀ (ਜਦਕਿ ਅਕਾਲੀ ਸੋਚ ਵਾਲੇ ਰਿਸਾਲਿਆਂ ਨੂੰ ਇਸ਼ਤਿਹਾਰ ਨਹੀਂ ਮਿਲਿਆ ਕਰਦੇ ਸੀ)। ਸਿਰਫ਼ ਏਨਾ ਹੀ ਨਹੀਂ ਕਈ ਅਕਾਲੀ ਵਰਕਰਾਂ, ਜਿਨ੍ਹਾਂ ਦੇ ਹਿੰਦੂਆਂ ਨਾਲ ਕਿਤੇ-ਕਿਤੇ ਝਗੜੇ ਹੋਏ ਸਨ, ਪੁਲੀਸ ਨੇ ਹਿੰਦੂਆਂ ਦਾ ਨਾਜਾਇਜ਼ ਸਾਥ ਹੀ ਦਿੱਤਾ ਸੀ। (ਮਿਸਾਲ ਵਜੋਂ ਜਲੰਧਰ ਦੇ ਬਸਤੀ ਸ਼ੇਖ਼ ਵਿਚ ਅਕਾਲੀ ਠਾਕਰ ਸਿੰਘ ਅਤੇ ਸੋਢਲ ਗੁਰਦੁਆਰੇ ਦਾ ਕੇਸ)। ਇਹੋ ਜਿਹੀਆਂ ਬੇਹਿਸਾਬ ਮਿਸਾਲਾਂ

ਸਨ। ਅਕਾਲੀ ਸਰਕਾਰ ਆਮ ਸਿੱਖਾਂ ਹੀ ਨਹੀਂ ਬਲਕਿ ਸੰਜੀਦਾ, ਸਿਰਕਰਦਾ ਅਤੇ ਸੀਨੀਅਰ ਅਕਾਲੀ ਵਰਕਰਾਂ ਨਾਲ ਵੀ ਧੱਕਾ ਕਰ ਰਹੀ ਸੀ। ਕੁਝ ਵਿਦਵਾਨਾਂ, ਪੁਰਾਣੇ ਅਕਾਲੀ ਵਰਕਰਾਂ ਤੇ ਸੰਜੀਦਾ ਕਾਰਕੁੰਨਾਂ ਨੇ ਜਦੋਂ ਕੁਝ ਅਕਾਲੀ ਆਗੂਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਅਕਾਲੀ ਆਗੂਆਂ ਦਾ ਜਵਾਬ ਸੀ: 'ਸਾਨੂੰ ਪੰਜ ਸਾਲ ਹਕੂਮਤ ਕਰ ਲੈਣ ਦਿਓ।' ਯਾਨਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਪੰਜ ਸਾਲ ਹਕੂਮਤ ਕਰਨ ਦੇ ਲਾਲਚ ਵਿਚ ਪੰਥਕ ਵਰਕਰਾਂ ਨਾਲ ਹੁੰਦੇ ਜ਼ੁਲਮ ਨੂੰ ਵੀ ਰੋਕਣ ਵਾਸਤੇ ਤਿਆਰ ਨਹੀਂ ਸਨ। ਉਨ੍ਹਾਂ ਵਾਸਤੇ ਕੌਮੀ ਤੇ ਪੰਥਕ ਏਜੰਡੇ ਨਾਲੋਂ 'ਪੰਜ ਸਾਲ ਦੀ ਵਜ਼ਾਰਤ' ਕਿਤੇ ਵੱਡੀ ਸੀ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਚੌਧਰੀਆਂ ਨੂੰ ਸਰਕਾਰ ਬਣਾ ਕੇ ਦਿਤੀ ਸੀ ਉਨ੍ਹਾਂ ਨਾਲ ਹੀ ਹੋ ਰਹੇ ਧੱਕੇ ਨੂੰ ਉਹ ਇਸ ਕਰ ਕੇ ਰੋਕਣ ਵਾਸਤੇ ਤਿਆਰ ਨਹੀਂ ਸਨ ਕਿਉਂਕਿ ਇਸ ਨਾਲ ਜਨਸੰਘ ਜਾਂ ਐਂਟੀ-ਸਿੱਖ ਲੋਕ ਨਾਰਾਜ਼ ਹੋ ਸਕਦੇ ਸਨ।

ਇਸ ਤੋਂ ਇਲਾਵਾ ਅਕਾਲੀ ਆਗੂਆਂ ਨੂੰ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਪੰਜਾਬ ਦੇ ਪਾਣੀ ਤੇ ਸਿੱਖਾਂ ਦੀਆਂ ਹੋਰ ਮੰਗਾਂ ਵੀ ਭੁੱਲ ਗਈਆਂ ਸਨ। ਇਕ ਨਿਗੂਣੀ ਜਿਹੀ ਹਕੂਮਤ ਕਾਇਮ ਰੱਖਣ ਵਾਸਤੇ ਅਕਾਲੀ ਲੀਡਰਸ਼ਿਪ ਕੌਮ ਨਾਲ ਫਰੇਬ ਕਰਨ ਵਾਸਤੇ ਪੇਸ਼-ਪੇਸ਼ ਸੀ। ਅਜਿਹਾ ਕਰ ਕੇ ਅਕਾਲੀ ਲੀਡਰ ਸਿਰਫ਼ ਤੇ ਸਿਰਫ਼ ਅਹਿਸਾਨ-ਫ਼ਰਾਮੋਸ਼ੀ ਤੇ ਪੰਥਕ ਨਿਸ਼ਾਨੇ ਨਾਲ ਗ਼ੱਦਾਰੀ ਕਰ ਰਹੇ ਸਨ।

ਅਕਾਲ ਪੁਰਖ ਨੇ ਅਹਿਸਾਨ-ਫ਼ਰਾਮੋਸ਼ਾਂ ਨੂੰ ਹਮੇਸ਼ਾ ਹੀ ਸਜ਼ਾ ਦਿੱਤੀ ਹੈ। ਅਹਿਸਾਨ-ਫ਼ਰਾਮੋਸ਼ ਨੂੰ ਸ਼ੇਕਸਪੀਅਰ 'ਸਰਦੀਆਂ ਦੀ ਬਰਫ਼ੀਲੀ ਹਵਾ ਤੋਂ ਵੀ ਵਧੇਰੇ ਬੇਰਹਿਮ' ਅਤੇ ਭਾਈ ਗੁਰਦਾਸ 'ਧਰਤੀ 'ਤੇ ਸਭ ਤੋਂ ਵੱਡਾ ਭਾਰ' ਆਖਦਾ ਹੈ। ਅਕਾਲ ਪੁਰਖ ਨੇ ਕੌਮ ਦੇ ਸੰਜੀਦਾ ਵਰਕਰਾਂ ਨਾਲ ਅਹਿਸਾਨ-ਫ਼ਰਾਮੋਸ਼ ਵਜੋਂ ਪੇਸ਼ ਆਉਣ ਵਾਲੀ, ਪੰਥਕ ਅਖਵਾਉਂਦੀ, ਐਂਟੀ-ਪੰਥਕ ਸਰਕਾਰ ਨੂੰ ਵਧੇਰੇ ਸਮਾਂ ਨਾ ਰਹਿਣ ਦਿੱਤਾ। ਉਹੀ ਤਲਵੰਡੀ ਅਤੇ ਟੌਹੜਾ, ਜੋ ਪੰਜਾਬ 'ਚ ਸਰਕਾਰ ਨੂੰ ਪੰਜ ਸਾਲ ਕਾਇਮ ਰੱਖਣ ਵਾਸਤੇ ਸਭ ਤੋਂ ਵੱਧ ਮਦਦਗਾਰ ਹੋਣਾ ਚਾਹੁੰਦੇ ਸਨ, ਵੀ ਪਰੇਸ਼ਾਨ ਹੋ ਗਏ। ਇਸ ਮਾਹੌਲ ਨੇ ਇਨ੍ਹਾਂ ਦੋਹਾਂ ਆਗੂਆਂ ਨੂੰ ਅਕਾਲ ਤਖ਼ਤ ਸਾਹਿਬ ਨੂੰ ਵਰਤਣ ਵਲ ਟੋਰ ਦਿੱਤਾ। ਨਤੀਜਾ, ਅਕਾਲ ਪੁਰਖ ਨੇ ਇਹ ਸਰਕਾਰ ਕਾਇਮ ਨਾ ਰਹਿਣ ਦਿੱਤੀ। ਇਸ ਦੇ ਨਾਲ ਹੀ ਅਕਾਲੀ ਵਰਕਰਾਂ, ਪੰਥਕ ਕਾਰਕੁੰਨਾਂ ਅਤੇ ਸਮੁੱਚੀ ਸਿੱਖ ਕੌਮ ਨੇ ਅਕਾਲੀ ਦਲ ਨੂੰ ਮੁੜ ਹਕੂਮਤ ਸੌਂਪਣ ਤੋਂ ਨਾਂਹ ਕਰ ਦਿੱਤੀ।

ਪੰਥ ਵਲ ਪਿੱਠ ਕਰਨ ਵਾਲੇ ਅਕਾਲੀ ਫੇਰ ਸੰਗਤਾਂ ਦੇ ਦਰਵਾਜ਼ੇ 'ਤੇ ਪੁੱਜਣ ਲਗ ਪਏ। ਹੁਣ 'ਅਕਾਲੀ' ਆਗੂਆਂ ਨੂੰ ਫੇਰ ਪੰਥਕ ਮੰਗਾਂ ਦੀ ਯਾਦ ਆਉਣ ਲਗ ਪਈ। ਹੁਣ ਇਸ ਪਾਰਟੀ ਨੇ ਫੇਰ ਪੰਜਾਬ, ਪੰਥ, ਕੌਮ, ਧਰਮ ਵਗ਼ੈਰਾ ਦਾ ਨਿਸ਼ਾਨਾ ਚੇਤੇ ਆਉਣ ਲਗ ਪਿਆ। ਪਰ ਅਹਿਸਾਨ-ਫ਼ਰਾਮੋਸ਼ ਲੀਡਰਸ਼ਿਪ ਨੂੰ ਹੁਣ ਅਗਲੀਆਂ ਚੋਣਾਂ ਤਕ ਹੀ ਨਹੀਂ ਬਲਕਿ ਹੋਰ ਚੋਖਾ ਚਿਰ ਵਾਸਤੇ ਲੰਬੀ ਜਦੋਜਹਿਦ ਕਰਨੀ ਪੈਣੀ ਸੀ। ਜਿੰਨੀ ਬੇਹੁਰਮਤੀ ਲੀਡਰਸ਼ਿਪ ਨੇ ਸੰਜੀਦਾ ਵਰਕਰ ਦੀ ਕੀਤੀ ਸੀ, ਉਨ੍ਹਾਂ ਨੂੰ ਓਨੀਆਂ ਹੀ ਔਖਿਆਈਆਂ ਅਤੇ ਮੁਸ਼ਕਿਲਾਂ ਵਿਚੋਂ ਲੰਘਣਾ ਪੈਣਾ ਸੀ।

1980 ਦੀ ਹਾਰ ਅਕਾਲੀਆਂ ਵਾਸਤੇ ਇਕ ਸਬਕ ਸੀ। ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਸੀ ਕਿ ਅਗਲੀਆਂ ਚੋਣਾਂ ਵਿਚ ਉਨ੍ਹਾਂ ਦੀ ਜਿੱਤ ਨਹੀਂ ਸੀ ਹੋਣੀ ਬਲਕਿ ਜੇਲ੍ਹਾਂ ਅਤੇ ਸਖ਼ਤੀਆਂ ਦਾ ਦੌਰ ਹੰਢਾਉਣਾ ਪੈਣਾ ਸੀ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਦੀਆਂ ਇਮਾਰਤਾਂ

ਨੇ ਵੀ ਆਪਣੀਆਂ ਛਾਤੀਆਂ ਤੇ ਜ਼ੁਲਮ ਸਹਿਣਾ ਸੀ। ਇੰਵ ਹੀ ਹੋਇਆ; ਅਕਾਲੀ 1982 ਤੋਂ 1985 ਤਕ ਜ਼ਲੀਲ ਹੁੰਦੇ ਰਹੇ।

ਪਰ ਅਕਾਲੀ ਲੀਡਰਸ਼ਿਪ ਅਜੇ ਵੀ ਨਹੀਂ ਸੀ ਸੰਭਲੀ। 1984-85 ਵਿਚ, ਕਈ ਮਹੀਨੇ, ਜੇਲ੍ਹਾਂ ਵਿਚ ਰਹਿ ਕੇ ਬਾਹਰ ਆਉਣ ਮਗਰੋਂ ਉਹ ਫੇਰ ਪੰਜਾਬ ਦੀ ਹਕੂਮਤ ਸੰਭਾਲਣ ਦੇ ਖ਼ਾਹਿਸ਼ਮੰਦ ਹੋ ਗਏ। ਰਿਹਾਈ ਮਗਰੋਂ ਪਹਿਲੋਂ ਤਾਂ ਉਨ੍ਹਾਂ ਨੇ ਬਾਬਾ ਭਿੰਡਰਾਂਵਾਲੇ ਦੇ ਬਾਪ ਦੇ ਲੜ ਲਗਣ ਦਾ ਡਰਾਮਾ ਕੀਤਾ। ਪਰ ਛੇਤੀ ਹੀ ਰਾਜੀਵ ਗਾਂਧੀ ਦੇ ਏਜੰਟਾਂ ਦੇ ਆਖੇ ਲੱਗ ਕੇ, **ਪੰਥਕ-ਏਜੰਡਾ ਛੱਡ ਕੇ, ਚੋਣ-ਏਜੰਡਾ ਚੁਣਨ ਦੀ ਸੋਚ ਧਾਰਨ ਲਗ ਪਏ।** ਪਰ, ਅਕਾਲ ਪੁਰਖ ਨੇ ਉਨ੍ਹਾਂ ਦੀਆਂ ਇਹ ਆਸਾਂ ਪੂਰੀਆਂ ਨਾ ਹੋਣ ਦਿੱਤੀਆਂ। ਇਸ ਦੌਰਾਨ ਚੰਦ ਮਹੀਨੇ ਬਰਨਾਲੇ ਨੇ ਰਾਜੀਵ ਦੀ 'ਪਰਾਕਸੀ' ਸਰਕਾਰ ਜ਼ਰੂਰ ਚਲਾਈ। ਜਿਸ ਦੀ ਹਿਮਾਇਤ ਕਰਨ ਬਦਲੇ ਅਕਾਲੀ ਆਗੂਆਂ ਨੂੰ ਜੇਲ੍ਹਾਂ 'ਚ ਧੱਕੇ ਖਾਣੇ ਪਏ ਤੇ ਅਕਾਲੀ ਪਾਰਟੀ ਦੇ ਨਿਸ਼ਾਨੇ ਦੀ ਬੁਰੀ ਤਰ੍ਹਾਂ ਤੌਹੀਨ ਕਰਵਾਉਣੀ ਪਈ। ਨਾਲ ਹੀ ਦਰਬਾਰ ਸਾਹਿਬ 'ਤੇ ਇੰਦਰਾ ਦਾ ਹਮਲਾ ਵੀ ਹੱਕ-ਬਜਾਨਬ ਕਰਵਾਉਣ ਦੀ ਕੋਸ਼ਿਸ਼ ਕਰਵਾ ਕੇ ਕੌਮ ਦਾ ਹੀ ਨੁਕਸਾਨ ਕੀਤਾ। ਇਸ ਗੁਨਾਹ ਦੀ ਸਜ਼ਾ ਵੀ ਅਕਾਲੀ ਆਗੂਆਂ ਨੂੰ ਮਿਲਣੀ ਹੀ ਸੀ। 1989 ਦੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਦੇ ਬਹੁਤ ਉਮੀਦਵਾਰ ਜ਼ਮਾਨਤਾਂ ਵੀ ਨਾ ਬਚਾਅ ਸਕੇ। ਪੰਥ ਵਲੋਂ ਉਨ੍ਹਾਂ ਨੂੰ ਦੁਰਕਾਰ ਦਿੱਤਾ ਗਿਆ। ਇਹ ਝਟਕਾ ਇਕ ਵੱਡਾ ਇਸ਼ਾਰਾ ਸੀ ਪਰ ਅਕਾਲੀ ਆਗੂ ਸ਼ਾਇਦ ਅਜੇ ਵੀ ਨਹੀਂ ਸਨ ਸਮਝੇ।

ਜੂਨ 1991 ਵਿਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਆ ਗਈਆਂ। ਅਕਾਲੀ ਆਪਣਾ 1989 ਵਾਲਾ ਹਸ਼ਰ ਭੁਲ ਕੇ ਫੇਰ "ਹਾਕਮ" ਬਣਨ ਦੀ ਸੋਚ ਵਲ ਟੁਰ ਪਏ। ਪਰ ਅਕਾਲ ਪੁਰਖ ਨੇ ਉਨ੍ਹਾਂ ਨੂੰ ਫੇਰ ਇਕ ਝਟਕਾ ਦਿੱਤਾ। ਚੋਣਾਂ ਰੱਦ ਹੋ ਗਈਆਂ ਤਾਂ ਜੋ ਉਹ ਪੰਥਕ ਏਜੰਡੇ ਨੂੰ ਇਕ ਵਾਰ ਫੇਰ ਚੇਤੇ ਕਰਨ ਦੀ ਕੋਸ਼ਿਸ਼ ਕਰ ਸਕਣ। ਹੁਣ ਅਕਾਲੀਆਂ ਨੂੰ ਕੁਝ ਸੁਮੱਤ ਆਈ। ਉਨ੍ਹਾਂ ਨੇ ਕੌਮ ਦੇ ਮੁਫ਼ਾਦ ਦੀਆਂ ਗੱਲਾਂ ਮੁੜ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਹ ਖਾੜਕੂਆਂ ਦੀ ਬੋਲੀ ਵੀ ਬੋਲਣ ਲਗ ਪਏ। ਪਰ ਖਾੜਕੂਆਂ ਵਿਚ ਬੈਠੇ ਕੁਝ ਕਮਜ਼ਰਫ਼ ਤੇ ਬੂਝੜ, ਡਾਂਗ-ਬਾਜ਼ ਲੋਕਾਂ ਨੇ ਅਕਾਲੀ ਲੀਡਰਾਂ ਨੂੰ ਐਸਾ ਕੁਰਾਹੇ ਪਾਇਆ ਕਿ ਉਨ੍ਹਾਂ ਤੋਂ 1992 ਵਿਚ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ। ਇਸ ਗੁਨਾਹ ਦਾ ਖ਼ਮਿਆਜ਼ਾ ਅਕਾਲੀਆਂ ਨੂੰ ਤਾਂ ਭੁਗਤਣਾ ਹੀ ਪਿਆ ਪਰ ਖਾੜਕੂਆਂ ਨੂੰ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ। ਬੇਸਮਝੀ, ਧੱਕੇ-ਸ਼ਾਹੀ, ਡਾਂਗ-ਮਾਰ ਸੋਚ ਵਰਤੀ ਤੌਰ 'ਤੇ ਤਾਂ ਮਿੱਠੀ ਲੱਗਦੀ ਹੈ ਪਰ ਇਸ ਦੇ ਨਤੀਜੇ ਅਕਸਰ ਖ਼ਤਰਨਾਕ ਹੋਇਆ ਕਰਦੇ ਹਨ। ਅਜਿਹਾ ਹੀ 1992 ਵਿਚ ਹੋਇਆ। ਖ਼ੈਰ, ਇਸ ਜ਼ੁਲਮ ਨੂੰ ਠੱਲ੍ਹ ਪਾਈ ਅਕਾਲ ਪੁਰਖ ਨੇ ਜ਼ਾਲਮ ਚੀਫ਼ ਮਨਿਸਟਰ ਬੇਅੰਤ ਨੂੰ 31 ਅਗਸਤ 1995 ਦੇ ਦਿਨ ਸਜ਼ਾ ਦੇ ਕੇ। ਸਤੰਬਰ 1995 ਤੋਂ ਮਗਰੋਂ ਹਾਲਤ ਫੇਰ ਬਦਲਣ ਲਗ ਪਏ। ਅਕਾਲੀਆਂ ਵਾਸਤੇ, ਪੰਜਾਬ ਵਾਸਤੇ, ਪੰਥ ਵਾਸਤੇ ਅਤੇ ਕੌਮ ਵਾਸਤੇ ਇਹ ਸੋਚਣ ਦਾ ਸਮਾਂ ਸੀ।

1994 ਵਿਚ ਅਕਾਲੀ ਦਲਾਂ ਵਿਚ ਏਕਤਾ ਦੀਆਂ ਗੱਲਾਂ ਚੱਲਦੀਆਂ ਰਹੀਆਂ ਸਨ। ਇਸ ਦੌਰਾਨ ਅਕਾਲ ਤਖ਼ਤ ਸਾਹਿਬ 'ਤੇ ਅਕਾਲੀ ਦਲ (ਅੰਮ੍ਰਿਤਸਰ) ਕਾਇਮ ਹੋਇਆ ਸੀ। 14 ਦਸੰਬਰ 1920 ਤੋਂ ਬਾਅਦ ਪਹਿਲੀ ਵਾਰ ਅਕਾਲੀ ਦਲ ਦਾ ਨਿਸ਼ਾਨਾ ਇੱਥੋਂ ਐਲਾਨਿਆ ਗਿਆ ਸੀ। ਬਾਦਲ ਤੇ ਉਸ ਦੇ ਚੰਦ ਇਕ ਸਾਥੀਆਂ ਨੇ ਅਕਾਲ ਤਖ਼ਤ ਸਾਹਿਬ ਵੱਲ ਪਿਠ ਕਰ ਲਈ ਸੀ। ਪਰ, ਇਸ ਤੋਂ ਵੀ ਅਜੀਬ ਰੋਲ ਸੀ ਅਕਾਲੀ ਦਲ (ਅੰਮ੍ਰਿਤਸਰ) ਦੀ ਲੀਡਰਸ਼ਿਪ ਦਾ। ਇਸ

ਨਵੇਂ ਅਕਾਲੀ ਦਲ ਦੇ ਆਗੂਆਂ ਵਿਚ 'ਸਰਦਾਰੀ' ਦੀ ਦੌੜ ਲਗੀ ਹੋਈ ਸੀ। ਇਕ ਦੂਜੇ 'ਤੇ ਬੇਇਤਬਾਰੀ ਦਾ ਬੋਲ-ਬਾਲਾ ਸੀ। ਇਕ ਦੂਜੇ ਨੂੰ ਠਿੱਬੀ ਲਾਉਣ, ਨੀਵਾਂ ਦਿਖਾਉਣ ਜਾਂ ਅੱਗੇ ਵੱਧਣ ਵਾਸਤੇ ਹਰ ਕੋਈ ਹਰ ਹਰਬਾ ਵਰਤਣ ਲਈ ਤਿਆਰ ਬੈਠਾ ਸੀ। ਇਸ ਜਥੇਬੰਦੀ ਦੇ ਆਗੂ ਪੰਥਕ ਨਿਸ਼ਾਨੇ ਦੀ ਸੋਚ ਨੂੰ ਭੁੱਲ ਕੇ ਆਪੋ-ਆਪਣੇ ਧੜੇ ਦੀਆਂ ਗੱਲਾਂ ਹੀ ਸੋਚ ਰਹੇ ਸਨ। ਸੰਜੀਦਗੀ ਤੇ ਧਰਮ ਨਾਲੋਂ ਧੜਾ ਪਿਆਰਾ ਸੀ, ਲੀਡਰਸ਼ਿਪ ਦੀ ਖਿੱਚ ਸੀ। ਤੇ ਖ਼ੁਦਗਰਜ਼ੀ ਹਾਵੀ ਸੀ।

1995 ਵਿਚ ਅਕਾਲੀ ਦਲ (ਅੰਮ੍ਰਿਤਸਰ) ਤੇ ਬਾਦਲ ਅਕਾਲੀ ਦਲ ਵਿਚ ਏਕਤਾ ਵਾਸਤੇ ਬੇਮਾਅਨਾ ਮੁਹਿੰਮ ਚਲ ਪਈ। ਦੋਹਾਂ ਵਿਚ ਅਸੂਲੀ ਫ਼ਰਕ ਬੇਹੱਦ ਵੱਡਾ ਸੀ। ਬਾਦਲ ਤਾਂ "ਅਕਾਲੀ ਦਲ" ਨੂੰ "ਪੰਜਾਬੀ ਦਲ" ਬਣਾਉਣਾ ਚਾਹੁੰਦਾ ਸੀ ਜਦਕਿ ਅਕਾਲੀ ਦਲ (ਅੰਮ੍ਰਿਤਸਰ) ਦਾ ਨਿਸ਼ਾਨਾ ਭਾਰਤ ਤੇ ਪੰਜਾਬ ਦੀ 'ਕਨਫ਼ੈਡਰੇਸ਼ਨ' ਬਣਾਉਣਾ ਸੀ। ਦੋਵੇਂ ਵੱਖ-ਵੱਖ ਧੁਰਿਆਂ ਦੀਆਂ ਗੱਲਾਂ ਸਨ। ਸ਼੍ਰੋਮਣੀ ਕਮੇਟੀ 'ਤੇ ਆਪਣਾ ਪੱਕਾ ਕਬਜ਼ਾ ਰੱਖਣ ਦੀ ਸੋਚ ਨਾਲ ਟੌਹੜਾ ਨੇ ਅਕਾਲੀ ਦਲ ਦਾ ਨਿਸ਼ਾਨਾ 'ਨਰਮ' ਕਰਨਾ ਮੰਨ ਕੇ ਬਾਦਲ ਦਲ ਨਾਲ ਏਕਤਾ ਵਾਸਤੇ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਟੌਹੜਾ ਨੇ ਸੋਚਿਆ ਕਿ ਭਾਵੇਂ ਬਾਦਲ ਹੀ ਪੰਜਾਬ ਦਾ ਚੀਫ਼ ਮਨਿਸਟਰ ਬਣ ਜਾਵੇ ਪਰ ਸ਼੍ਰੋਮਣੀ ਕਮੇਟੀ ਤਾਂ ਉਸ ਕੋਲ ਹੀ ਰਹੇਗੀ। ਇਸ ਨਿੱਕੇ ਨਿਸ਼ਾਨੇ ਦੀ ਸੋਚ ਨਾਲ ਟੌਹੜਾ ਨੇ ਬਾਦਲ ਨਾਲ ਏਕਤਾ ਕਰਨ ਨੂੰ ਕਬੂਲ ਕਰ ਲਿਆ। ਬਾਦਲ ਤੇ ਟੌਹੜਾ ਰਲ ਗਏ ਅਤੇ ਨਤੀਜੇ ਵਜੋਂ 1997 ਦੀਆਂ ਚੋਣਾਂ ਵਿਚ ਬਾਦਲ ਚੀਫ਼ ਮਨਿਸਟਰ ਬਣ ਗਿਆ। ਬਾਦਲ ਨੂੰ ਚੀਫ਼ ਮਨਿਸਟਰ ਬਣਾਉਣ ਵਿਚ ਸਭ ਤੋਂ ਵਧੇਰੇ ਰੋਲ ਟੌਹੜਾ ਦਾ ਸੀ ਕਿਉਂਕਿ ਜੇ ਉਹ ਏਕਤਾ ਨਾ ਕਰਦਾ ਤਾਂ ਫ਼ਰਵਰੀ 1997 ਦੀਆਂ ਚੋਣਾਂ ਵਿਚ ਕਾਂਗਰਸ, ਅਕਾਲੀ ਦਲ ਬਾਦਲ ਤੇ ਅਕਾਲੀ ਦਲ (ਅੰਮ੍ਰਿਤਸਰ) ਇਕ ਦੂਜੇ ਦੇ ਖ਼ਿਲਾਫ਼ ਡਟ ਜਾਣੇ ਸਨ ਅਤੇ ਕਾਂਗਰਸ ਨੂੰ ਫੇਰ ਹਕੂਮਤ ਮਿਲ ਜਾਣੀ ਸੀ ਤੇ ਜਾਂ ਅਕਾਲੀ ਧੜਿਆਂ ਦੀ ਕੁਲੀਸ਼ਨ ਸਰਕਾਰ ਬਣਦੀ।

ਖ਼ੈਰ,12 ਫ਼ਰਵਰੀ 1997 ਨੂੰ ਬਾਦਲ ਚੀਫ਼ ਮਨਿਸਟਰ ਬਣ ਗਿਆ। ਪਰ ਇਹ ਗੱਲ ਬੜੀ ਹੈਰਾਨਕੁੰਨ ਸੀ ਕਿ ਬਾਦਲ ਨੇ ਚੀਫ਼ ਮਨਿਸਟਰ ਬਣ ਕੇ ਵੀ ਟੌਹੜਾ, ਤਲਵੰਡੀ, ਬਰਨਾਲਾ ਅਤੇ ਹੋਰਾਂ ਨਾਲ ਆਪਣੀ ਪੁਰਾਣੀ ਕਿੜ ਕਾਇਮ ਰੱਖੀ। ਪਹਿਲੇ ਦਿਨ ਹੀ ਉਸ ਨੇ ਟੌਹੜਾ ਦੇ ਖ਼ਾਸ-ਖ਼ਾਸ ਹਿਮਾਇਤੀਆਂ ਨੂੰ 'ਆਪਣੇ ਖੇਮੇ ਵਿਚ' ਲਿਆਉਣ ਦੀ ਸ਼ੁਰੂਆਤ ਵਿੱਢ ਲਈ। ਟੌਹੜਾ ਨਾਲ ਬੇਵਫ਼ਾਈ ਕਰਨ ਵਾਲਾ ਪਹਿਲਾ ਸ਼ਖ਼ਸ ਨਿਰਮਲ ਸਿੰਘ ਕਾਹਲੋਂ ਸੀ। ਬਾਦਲ ਨੇ ਉਸ ਨੂੰ ਪੂਰੀ ਮਨਿਸਟਰੀ ਇਸ ਸ਼ਰਤ 'ਤੇ ਦੇਣ ਦਾ ਵਾਅਦਾ ਕੀਤਾ ਸੀ ਕਿ ਉਹ ਟੌਹੜਾ ਦਾ ਸਾਥ ਛੱਡ ਜਾਵੇਗਾ। ਬਾਦਲ ਵਲੋਂ ਬਣਾਏ ਗਏ ਪਹਿਲੇ ਵਜ਼ੀਰਾਂ ਵਿਚ ਟੌਹੜਾ ਦਾ ਇਕ ਵੀ ਹਿਮਾਇਤੀ ਨਹੀਂ ਸੀ। ਮਗਰੋਂ ਵਜ਼ਾਰਤ ਵਿਚ ਵਾਧਾ ਕਰਨ ਵੇਲੇ ਬਾਦਲ ਨੂੰ ਮਨਜੀਤ ਸਿੰਘ ਕਲਕੱਤਾ, ਮਹੇਸ਼ਇੰਦਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਜ਼ੀਰਾ, ਸੁਰਜੀਤ ਸਿੰਘ ਕੋਹਲੀ ਅਤੇ ਟੌਹੜਾ ਦੇ ਜੁਆਈ ਹਰਮੇਲ ਸਿੰਘ ਨੂੰ ਸ਼ਾਮਿਲ ਕਰਨਾ ਪਿਆ। ਟੌਹੜਾ ਦੇ ਖੇਮੇ ਵਿਚੋਂ ਬਣਾਏ ਗਏ ਇਨ੍ਹਾਂ ਵਜ਼ੀਰਾਂ ਕੋਲ ਵੀ ਕੋਈ ਵਧੀਆ ਮਹਿਕਮਾ ਨਹੀਂ ਸੀ। ਉਂਞ ਤਾਂ ਸਾਰੀ ਤਾਕਤ ਹੀ ਬਾਦਲ ਕੋਲ ਸੀ ਤੇ ਇਨ੍ਹਾਂ ਵਜ਼ੀਰਾਂ ਦੇ ਹੱਥ ਤਾਂ ਵੈਸੇ ਵੀ ਕੁਝ ਨਹੀਂ ਸੀ ਕਿਉਂ ਕਿ ਸਰਕਾਰ ਦਾ ਖ਼ਜ਼ਾਨਾ ਤਾਂ ਪਹਿਲਾਂ ਹੀ ਖ਼ਾਲੀ ਸੀ ਤੇ ਦੂਜਾ ਬਾਦਲ ਨੇ ਬਿਜਲੀ, ਪਾਣੀ, ਮੁਫ਼ਤ ਬੱਸ ਸਫ਼ਰ, (ਅਖੌਤੀ) ਪੱਛੜੀਆਂ ਜ਼ਾਤਾਂ ਦੀਆਂ ਕੁੜੀਆਂ ਦੇ ਵਿਆਹਾਂ 'ਤੇ ਸ਼ਗਨ, ਪੈਨਸ਼ਨਾਂ ਤੇ ਹੋਰ ਸਕੀਮਾਂ ਨਾਲ ਵੀ ਖ਼ਜ਼ਾਨੇ ਨੂੰ ਵੱਡਾ ਘਾਟਾ ਪਾਇਆ ਸੀ। ਹਾਂ ਇਨ੍ਹਾਂ ਸਾਰੇ ਵਜ਼ੀਰਾਂ ਦੇ ਹੱਥ ਵਿਚ ਸਿਰਫ਼ ਨੀਂਹ-ਪੱਥਰ ਰੱਖਣੇ,

ਪ੍ਰਧਾਨਗੀਆਂ ਕਰਨੀਆਂ ਤੇ ਹੱਦ ਆਪੋ-ਆਪਣੇ ਮਹਿਕਮਿਆਂ ਦੇ ਮੁਲਾਜ਼ਮਾਂ ਦੀਆਂ ਤਬਦੀਲੀਆਂ ਕਰਨੀਆਂ ਹੀ ਰਹਿ ਗਿਆ ਸੀ।

ਬਾਦਲ ਦੀ ਕਿੜ ਟੌਹੜਾ ਨਾਲ ਸਭ ਤੋਂ ਵਧੇਰੇ ਸੀ; ਪਰ ਕੈਪਟਨ ਕੰਵਲਜੀਤ, ਸੁਖਦੇਵ ਸਿੰਘ ਢੀਂਡਸਾ, ਬਰਜਿੰਦਰ ਸਿੰਘ ਹਮਦਰਦ, ਬਲਵਿੰਦਰ ਸਿੰਘ ਭੂੰਦੜ ਤੇ ਜਾਗੀਰ ਕੌਰ ਟੌਹੜਾ ਨਾਲ ਬਾਦਲ ਦੀ ਕਿੜ ਤੋਂ ਵੱਧ ਗ਼ੈਰਸਾਲੀ ਰੱਖਦੇ ਸਨ। ਇਨ੍ਹਾਂ ਨੂੰ ਟੌਹੜਾ ਬਿਲਕੁਲ ਨਹੀਂ ਸੀ ਸੁਖਾਂਦਾ। ਇੱਤਫ਼ਾਕਨ ਇਨ੍ਹੀਂ ਦਿਨੀਂ ਖਾਲਸਾ ਪ੍ਰਗਟ ਕਰਨ ਦਾ ਤਿੰਨ ਸੌ ਸਾਲਾ ਦਿਨ ਮਨਾਉਣ ਦਾ ਚਰਚਾ ਛਿੜ ਪਿਆ। ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਨੇ ਕਈ ਸਮਾਗਮ ਕਰਨ ਅਤੇ ਯਾਦਗਾਰਾਂ ਬਣਾਉਣ ਦਾ ਐਲਾਨ ਕਰ ਦਿੱਤਾ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਟੌਹੜਾ ਕੋਲ ਸੀ। ਇਸ ਕਰ ਕੇ ਇਹ ਸਾਰੇ ਸਮਾਗਮ ਟੌਹੜਾ ਦੀ ਨਿਗਰਾਨੀ ਹੇਠ ਹੀ ਹੋਣੇ ਸਨ। ਇਸ ਗੱਲ ਨੂੰ ਮੱਦੇ-ਨਜ਼ਰ ਰੱਖਦਿਆਂ ਬਾਦਲ ਖੇਮੇ ਦੇ ਕੁਝ ਕਾਰਕੁੰਨਾਂ ਅਤੇ ਬਰਜਿੰਦਰ ਹਮਦਰਦ ਨੇ ਇਕ ਪਲਾਨ ਤਿਆਰ ਕੀਤੀ। ਇਹ ਸੀ 'ਅਨੰਦਪੁਰ ਸਾਹਿਬ ਫ਼ਾਊਂਡੇਸ਼ਨ' ਦੀ ਕਾਇਮੀ। ਇਸ ਦਾ ਚੇਅਰਮੈਨ ਬਰਜਿੰਦਰ ਸਿੰਘ ਹਮਦਰਦ ਨੂੰ ਬਣਾ ਦਿੱਤਾ ਗਿਆ ਸੀ। ਇਸ 'ਫ਼ਾਊਂਡੇਸ਼ਨ' ਵਿਚ ਮਨਜੀਤ ਸਿੰਘ ਮੁਖ ਸੇਵਾਦਾਰ ਕੇਸਗੜ੍ਹ ਸਾਹਿਬ (ਜੋ ਟੌਹੜਾ ਸਾਥ ਛੱਡ ਕੇ ਬਾਦਲ ਨਾਲ ਰਲ ਚੁੱਕਾ ਸੀ) ਅਤੇ ਕੁਝ ਹੋਰ ਮੈਂਬਰ ਵੀ ਸ਼ਾਮਿਲ ਸਨ। ਉਂਞ ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਅੰਮ੍ਰਿਤਧਾਰੀ ਵੀ ਨਹੀਂ ਸਨ। ਇਹ ਗੱਲ ਸਿੱਖ ਵਿਦਵਾਨਾਂ ਤੇ ਧਾਰਮਿਕ ਆਗੂਆਂ ਨੂੰ ਚੁੱਭਦੀ ਸੀ ਪਰ ਮਾਹੌਲ ਅਜਿਹਾ ਸੀ ਕਿ ਬਾਦਲ ਦੀ ਨੁਕਤਾਚੀਨੀ ਕਰਨ ਦੀ ਕੋਈ ਵੀ ਜ਼ੁਰਅਤ ਨਹੀਂ ਸੀ ਕਰਦਾ।

ਪੰਜਾਬ 'ਪੀਪਲਜ਼ ਕਮਿਸ਼ਨ' ਦਾ ਹਸ਼ਰ

26 ਅਪ੍ਰੈਲ 1998 ਦੇ ਦਿਨ ਵਰਲਡ ਸਿੱਖ ਕੌਂਸਲ ਵੱਲੋਂ ਜਸਟਿਸ ਕੁਲਦੀਪ ਸਿੰਘ ਨੇ ਪੰਜਾਬ ਵਿਚ ਗੁੰਮਸ਼ੁਦਾ ਸਿੱਖਾਂ ਬਾਰੇ 'ਪੀਪਲਜ਼ ਕਮਿਸ਼ਨ' ਬਣਾਉਣ ਦਾ ਐਲਾਨ ਕੀਤਾ। ਤਿੰਨ ਸਾਬਕਾ ਜੱਜ ਕੇ.ਰੈਡੀ, ਡੀ. ਐਸ. ਤਿਵਾਤੀਆ, ਐਚ.ਸੁਰੇਸ਼ ਇਸ ਕਮਿਸ਼ਨ ਦੇ ਮੈਂਬਰ ਬਣਾਏ ਗਏ। ਇਸ ਕਮਿਸ਼ਨ ਨੇ ਕੁਝ ਦਿਨ ਵਿਚ ਹੀ ਆਪਣੀ ਕਾਰਵਾਈ ਸ਼ੁਰੂ ਕਰ ਦਿੱਤੀ, ਪਰ ਛੇਤੀ ਹੀ ਬਾਦਲ ਸਰਕਾਰ ਨੇ ਬਹਾਨਾ ਬਣਾ ਕੇ ਇਸ ਕਮਿਸ਼ਨ 'ਤੇ ਪਾਬੰਦੀ ਲਾ ਦਿੱਤੀ।

ਅਕਾਲੀ ਆਗੂ ਜਿਹੜਾ ਫ਼ਤਵਾ ਲੈ ਕੇ ਆਏ ਸਨ, ਉਸ ਨਾਲ ਉਨ੍ਹਾਂ ਨੇ ਫ਼ਰੇਬ ਕਮਾਇਆ ਸੀ। ਫ਼ਰਵਰੀ 1997 ਤੋਂ ਅਕਤੂਬਰ 1998 ਤਕ, ਇਕ ਸਾਲ ਅੱਠ ਮਹੀਨੇ ਤਕ ਇਹ ਮਾਹੌਲ ਚੱਲਦਾ ਰਿਹਾ। ਪਰ, ਨਵੰਬਰ 1998 ਵਿਚ ਪੰਜਾਬ ਦੀ, ਅਕਾਲੀ ਦਲ (ਬਾਦਲ-ਟੌਹੜਾ) ਦੀ ਅਤੇ ਸਿੱਖਾਂ ਦੀ ਤਵਾਰੀਖ਼ ਵਿਚ ਇਕ ਹੋਰ ਘਟਨਾ ਵਾਪਰ ਗਈ ਜਿਸ ਨੇ ਸਾਰੇ ਦਾ ਸਾਰਾ ਨਕਸ਼ਾ ਹੀ ਬਦਲ ਕੇ ਰੱਖ ਦਿੱਤਾ।

ਗੁਰਚਰਨ ਸਿੰਘ ਟੌਹੜਾ ਦਾ ਨਿਰੰਕਾਰੀ ਸਮਾਗਮ ਵਿਚ ਜਾਣਾ

ਫ਼ਰਵਰੀ 1998 ਵਿਚ ਭਾਰਤੀ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਸਨ। ਇਸ ਚੋਣਾਂ ਵਿਚ ਪਟਿਆਲੇ ਤੋਂ ਪ੍ਰੇਮ ਸਿੰਘ ਚੰਦੂਮਾਜਰਾ ਅਕਾਲੀ ਦਲ (ਬਾਦਲ-ਟੌਹੜਾ) ਦਾ ਉਮੀਦਵਾਰ ਸੀ, ਜੋ ਉਨ੍ਹੀਂ ਦਿਨੀਂ ਗੁਰਚਰਨ ਸਿੰਘ ਟੌਹੜਾ ਦੇ ਬਹੁਤ ਨੇੜੇ ਸੀ। ਟੌਹੜਾ ਨੇ ਚੰਦੂਮਾਜਰਾ ਵਾਸਤੇ ਵੋਟਾਂ

ਮੰਗਣ ਲਈ ਨਿਰੰਕਾਰੀਆਂ ਦਾ ਬੂਹਾ ਵੀ ਖੜਕਾਇਆ। 10 ਜੂਨ 1978 ਦੇ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਮੁਤਾਬਿਕ ਇਕ ਸਿੱਖ ਕਿਸੇ ਨਿਰੰਕਾਰੀ ਨਾਲ ਕੋਈ ਸਾਂਝ ਨਹੀਂ ਰੱਖ ਸਕਦਾ ਤੇ ਵੋਟਾਂ ਮੰਗਣ ਦਾ ਤਾਂ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਪਰ ਗੁਰਚਰਨ ਸਿੰਘ ਟੌਹੜਾ ਨੇ ਇਸ ਹੁਕਮਨਾਮੇ ਦੀ ਪਰਵਾਹ ਨਾ ਕਰਦਿਆਂ ਹੋਇਆਂ, ਪਟਿਆਲੇ ਦੇ ਨਿਰੰਕਾਰੀਆਂ ਨਾਲ ਗੱਲਬਾਤ ਕਰ ਲਈ। ਉਹ 15 ਫ਼ਰਵਰੀ 1998 ਦੇ ਦਿਨ ਸਵੇਰੇ ਸਾਢੇ ਯਾਰ੍ਹਾਂ ਵਜੇ ਪੁਸ਼ਪਿੰਦਰ ਬਾਂਸਲ ਦੀ ਦੁਕਾਨ ’ਤੇ ਗਿਆ। ਆਪਣੀ ਪੁਲਿਸ ਸਕਿਉਰਿਟੀ ਨੂੰ ਉਸ ਦੀ ਦੁਕਾਨ ’ਤੇ ਛੱਡ ਕੇ ਉਹ ਬਾਂਸਲ ਨਾਲ ਨਿਰੰਕਾਰੀ ਭਵਨ (ਟੀ.ਬੀ. ਹਸਪਤਾਲ ਦੇ ਸਾਹਮਣੇ) ਵਿਚ ਪੌਣੇ ਬਾਰ੍ਹਾਂ ਵਜੇ ਪੁੱਜ ਗਿਆ। ਉਸ ਵੇਲੇ ਨਿਰੰਕਾਰੀ ਭਵਨ ਵਿਚ ਉਨ੍ਹਾਂ ਦਾ ਕੋਈ ਸਮਾਗਮ ਹੋ ਰਿਹਾ ਸੀ। ਟੌਹੜੇ ਨੇ ਉੱਥੇ ਜਾ ਕੇ ਹੱਥ ਜੋੜ ਕੇ ਸਿਰ ਨਿਵਾਇਆ ਅਤੇ ਬੈਠ ਗਿਆ। ਪੰਜ ਸੱਤ ਮਿੰਟ ਬੈਠਣ ਮਗਰੋਂ ਉਹ ਉੱਠਿਆ ਤੇ ਕਿਹਾ, ‘ਮੇਰੀ ਹਾਜ਼ਰੀ ਪ੍ਰਵਾਨ ਕਰੋ ਮੈਂ ਜਲਦੀ ਵਿਚ ਹਾਂ।’ ਇਸ ’ਤੇ ਜੋਗਿੰਦਰ ਥਿੰਦ ਨੇ ਕਿਹਾ ਕਿ ‘ਪ੍ਰਵਚਨ ਦੋ ਕੁ ਮਿੰਟ ਵਿਚ ਮੁੱਕ ਜਾਵੇਗਾ। ਅਜੇ ਬੈਠ ਜਾਓ।’ ਇਸ ’ਤੇ ਟੌਹੜਾ ਫਿਰ ਬੈਠ ਗਿਆ। ‘ਪ੍ਰਵਚਨ’ ਮਗਰੋਂ ਥਿੰਦ ਨੇ ਕਿਹਾ, ‘ਮੈਂ ਨਿਮਾਣਾ ਜਿਹਾ ਮਨੁੱਖ ਅੱਜ ਕੁਝ ਨਹੀਂ ਬੋਲ ਸਕਦਾ, ਕਿਉਂਕਿ ਪੰਥ ਦੀ ਮਹਾਨ ਹਸਤੀ ਜਥੇਦਾਰ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੇ ਸਤਿਸੰਗ ਵਿਚ ਬਿਰਾਜਮਾਨ ਹਨ, ਕੇਵਲ ਸ੍ਰੀ ਰਾਮ ਲਾਲ ਟੌਹੜਾ ਸਾਹਿਬ ਨੂੰ ਸਿਰੋਪਾ ਦੇਣਗੇ।’ ਇਸ ਮਗਰੋਂ ਰਾਮ ਲਾਲ ਨੇ ਟੌਹੜਾ ਦੇ ਗਲ ਵਿਚ ਇਕ ਚਿੱਟਾ ਪਰਨਾ ਪਾ ਦਿੱਤਾ। ਇਸ ਪੰਦਰਾਂ ਮਿੰਟ ਦੀ ਕਾਰਵਾਈ ਮਗਰੋਂ ਟੌਹੜਾ ਫੇਰ ਬਾਂਸਲ ਦੀ ਦੁਕਾਨ ’ਤੇ ਚਲਾ ਗਿਆ ਅਤੇ ਉੱਥੋਂ ਸਕਿਉਰਿਟੀ ਨਾਲ ਗੁਰਦੁਆਰਾ ਦੁੱਖ ਨਿਵਾਰਨ ਜਾ ਪੁੱਜਾ। ਦੁੱਖ ਨਿਵਾਰਨ ਜਾ ਕੇ ਟੌਹੜਾ ਠੰਡੇ ਏ.ਸੀ. ਕਮਰੇ ਵਿਚ ਜਾ ਬੈਠਾ ਪਰ ਇਥੇ ਵੀ ਉਸ ਨੂੰ ਤਰੇਲੀਆਂ ਆਉਂਦੀਆਂ ਰਹੀਆਂ। ਇਸ ਤੋਂ ਕੁਝ ਚਿਰ ਮਗਰੋਂ ਡਾ: ਬਲਕਾਰ ਸਿੰਘ ਵੀ ਉੱਥੇ ਆ ਗਿਆ। ਉਸ ਨਾਲ ਟੌਹੜੇ ਦੀ ਗੱਲਬਾਤ ਹੋਈ ਤਾਂ ਉਸ ਨੇ ਟੌਹੜਾ ਨੂੰ ਇਕਦਮ ਅਕਾਲ ਤਖ਼ਤ ਸਾਹਿਬ ਹਾਜ਼ਿਰ ਹੋ ਕੇ ਭੁੱਲ ਬਖ਼ਸ਼ਾਉਣ ਦੀ ਸਲਾਹ ਦਿੱਤੀ। ਇਸ ਮਗਰੋਂ ਟੌਹੜਾ ਨਿੰਮੋਝੂਣਾ ਜਿਹਾ ਹੋ ਕੇ ਦੋ ਕੁ ਘੰਟੇ ਇਸ ਕਮਰੇ ਵਿਚ ਬੰਦ ਰਿਹਾ।

ਅਗਲੇ 50 ਦਿਨ ਇਸ ਮਾਮਲੇ ਨੂੰ ਕਿਸੇ ਨੇ ਨਾ ਚੁੱਕਿਆ, ਕਿਉਂਕਿ ਇਸ ਦਾ ਧੂੰਆਂ ਤਕ ਨਹੀਂ ਸੀ ਨਿਕਲਿਆ। ਇਨ੍ਹਾਂ ਦਿਨਾਂ ਵਿਚ ਨਿਰੰਕਾਰੀਆਂ ਨੇ ਟੌਹੜੇ ਨੂੰ ਮਿਲ ਕੇ 10 ਜੂਨ 1978 ਦਾ ‘ਹੁਕਮਨਾਮਾ’ ਵਾਪਿਸ ਕਰਵਾਉਣ ਵਾਸਤੇ ਪਹੁੰਚ ਕੀਤੀ, ਪਰ ਟੌਹੜੇ ਵਿਚ ਏਨੀ ਜ਼ੁਰਅਤ ਨਹੀਂ ਸੀ ਕਿ ਉਹ ਉਨ੍ਹਾਂ ਦੀ ਮਦਦ ਕਰ ਸਕਦਾ। ਨਿਰੰਕਾਰੀਆਂ ਨੇ ਦੋ ਤਿੰਨ ਵਾਰ ਟੌਹੜੇ ਤਕ ਪਹੁੰਚ ਕੀਤੀ। ਅਜਿਹਾ ਜਾਪਦਾ ਹੈ ਕਿ ਜਾਂ ਤਾਂ ਟੌਹੜੇ ਨੇ ਨਿਰੰਕਾਰੀਆਂ ਤੋਂ ਵੋਟਾਂ ਮੰਗਣ ਵੇਲੇ ਇਹੋ-ਜਿਹਾ ਕੋਈ ਇਸ਼ਾਰਾ ਜਿਹਾ ਕੀਤਾ ਹੋਵੇਗਾ ਜਾਂ ਕਿਸੇ ਵਿਚੋਲੇ ਨੇ ਵਾਅਦਾ ਕਰ ਦਿੱਤਾ ਹੋਵੇਗਾ ਤੇ ਜਾਂ ਨਿਰੰਕਾਰੀ ਟੌਹੜੇ ਦੇ ਨਿਰੰਕਾਰੀ ਭਵਨ ਜਾਣ ਦਾ ਨਾਜਾਇਜ਼ ਫ਼ਾਇਦਾ ਉਠਾਉਣਾ ਚਾਹੁੰਦੇ ਹੋਣਗੇ। ਸੋ ਜਦ ਟੌਹੜੇ ਨੇ 10 ਜੂਨ 1978 ਦੇ ਹੁਕਮਨਾਮੇ ਬਾਰੇ ਹੱਥ ਖੜੇ ਕਰ ਦਿੱਤੇ ਤਾਂ ਉਨ੍ਹਾਂ ਨੇ ਟੋਹੜੇ ਦੀ ਨਿਰੰਕਾਰੀ ਭਵਨ ਫੇਰੀ ਬਾਰੇ ਤਫ਼ਸੀਲ (ਅਤੇ ਤਸਵੀਰਾਂ ਵੀ, ਜੇ ਉਹ ਜਾਅਲੀ ਨਹੀਂ ਸਨ) ਕੈਪਟਨ ਅਮਰਿੰਦਰ ਸਿੰਘ ਨੂੰ ਦੇ ਦਿੱਤੀਆਂ ਹੋ ਸਕਦੀਆਂ ਹਨ।

10 ਅਪ੍ਰੈਲ 1998 ਦੇ ਦਿਨ ਅਮਰਿੰਦਰ ਸਿੰਘ ਨੇ ਸ਼ਰੇਆਮ ਦੋਸ਼ ਲਾਇਆ ਕਿ ਟੌਹੜਾ 15 ਫ਼ਰਵਰੀ 1998 ਦਿਨ ਪਟਿਆਲਾ ਦੇ ਨਿਰੰਕਾਰੀ ਭਵਨ ਗਿਆ ਸੀ। ਅਗਲੇ ਦਿਨ ਟੌਹੜਾ ਨੇ ਇਸ

ਦੀ ਤਰਦੀਦ ਨਾ ਕੀਤੀ, ਬਲਕਿ ਨਿਰੰਕਾਰੀਆਂ ਦਾ ਮਸਲਾ ਹੱਲ ਕਰਨ ਬਾਰੇ ਹਿਮਾਇਤ ਦਾ ਇਜ਼ਹਾਰ ਕੀਤਾ। ਟੌਹੜੇ ਨੇ ਇਹ ਵੀ ਕਿਹਾ, 'ਲੋਕਤੰਤਰੀ ਸਮਾਜ ਵਿਚ ਵੋਟਰਾਂ ਦੀ ਬੜੀ ਅਹਿਮੀਅਤ ਹੁੰਦੀ ਹੈ, ਹਰੇਕ ਰਾਜਸੀ ਪਾਰਟੀ ਵੋਟਾਂ ਲਈ ਹਰ ਵਰਗ ਦੇ ਵੋਟਰਾਂ ਤਕ ਪਹੁੰਚ ਕਰਦੀ ਹੈ, ਕਾਂਗਰਸ ਵਾਲਿਆਂ ਨੇ ਪਹਿਲਾਂ ਹਮੇਸ਼ਾ ਹੀ ਨਿਰੰਕਾਰੀਆਂ ਦੀ ਵੋਟ ਨੂੰ ਆਪਣੀ ਇਜਾਰੇਦਾਰੀ ਬਣਾਈ ਰੱਖਿਆ ਸੀ।' ਪਰ ਇਹ ਕਹਿਣ ਮਗਰੋਂ ਟੌਹੜਾ ਫਿਰ ਡਰ ਗਿਆ ਤੇ ਉਹ ਨਿਰੰਕਾਰੀਆਂ ਦੇ ਸਮਾਗਮ ਵਿਚ ਜਾਣ ਤੋਂ ਮੁੱਕਰ ਗਿਆ।

ਅਖ਼ੀਰ ਕੈਪਟਨ ਅਮਰਿੰਦਰ ਸਿੰਘ ਇਹ ਕੇਸ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਕੋਲ ਲੈ ਗਿਆ। ਉਸ ਨੇ ਮੰਗ ਕੀਤੀ ਕਿ ਟੌਹੜਾ ਨੂੰ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਉਲੰਘਣ ਦੀ ਸਜ਼ਾ ਦਿੱਤੀ ਜਾਵੇ।

ਜਦੋਂ ਟੌਹੜੇ ਦੇ ਨਿਰੰਕਾਰੀ ਸਮਾਗਮ ਵਿਚ ਜਾਣ ਬਾਰੇ ਖ਼ਬਰਾਂ ਚਰਚਾ ਵਿਚ ਆਈਆਂ ਤਾਂ ਟੌਹੜੇ ਦੇ ਮੁਖ਼ਾਲਿਫ਼ ਬੜੇ ਖ਼ੁਸ਼ ਹੋਏ। ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਭੂੰਦੜ ਤੇ ਬਰਜਿੰਦਰ ਸਿੰਘ ਹਮਦਰਦ ਨੇ ਇਸ ਮੌਕੇ ਨੂੰ ਇਲਾਹੀ ਬਖ਼ਸ਼ਿਸ਼ ਵਜੋਂ ਲਿਆ ਤੇ ਇਕ ਪ੍ਰਾਈਵੇਟ ਮੀਟਿੰਗ ਵਿਚ ਕਿਹਾ ਕਿ ਹੁਣ ਟੌਹੜਾ "ਫਸ ਗਿਆ ਹੈ ਤੇ ਬਚ ਨਹੀਂ ਸਕਦਾ।" ਬਾਦਲ ਦਲ ਵਿਚ ਟੌਹੜਾ-ਵਿਰੋਧੀ ਧੜਾ ਅਸਿੱਧੇ ਰੂਪ ਵਿਚ ਅਮਰਿੰਦਰ ਸਿੰਘ ਦੀ ਮਦਦ ਕਰ ਰਿਹਾ ਸੀ।

ਕੈਪਟਨ ਅਮਰਿੰਦਰ ਸਿੰਘ ਦੀ ਟੌਹੜੇ ਦੇ ਖ਼ਿਲਾਫ਼ ਦਰਖ਼ਾਸਤ 'ਤੇ ਪਹਿਲਾਂ ਤਾਂ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਭਾਈ ਰਣਜੀਤ ਸਿੰਘ ਨੇ ਅਮਰਿੰਦਰ ਸਿੰਘ ਤੋਂ ਕਈ ਸਪਸ਼ਟੀਕਰਨ ਮੰਗ ਕੇ ਉਲਝਾਉਣ ਦੀ ਕੋਸ਼ਿਸ਼ ਕੀਤੀ ਪਰ ਅਖ਼ੀਰ ਮਜਬੂਰ ਹੋ ਕੇ ਉਸ ਨੇ ਟੌਹੜੇ ਨੂੰ 25 ਜੂਨ 1998 ਦੇ ਦਿਨ ਅਕਾਲ ਤਖ਼ਤ 'ਤੇ ਤਲਬ ਕਰ ਹੀ ਲਿਆ।

ਟੌਹੜਾ ਦਾ ਝੂਠ ਅਤੇ ਰਣਜੀਤ ਸਿੰਘ ਵੱਲੋਂ ਅਕਾਲ ਤਖ਼ਤ ਦੀ ਬੇਅਦਬੀ

ਇਸ ਮੌਕੇ 'ਤੇ (ਭਾਈ) ਰਣਜੀਤ ਸਿੰਘ, ਮੋਹਣ ਸਿੰਘ (ਹੈੱਡ-ਗ੍ਰੰਥੀ ਦਰਬਾਰ ਸਾਹਿਬ), ਕੇਵਲ ਸਿੰਘ ਗਿਆਨੀ (ਤਲਵੰਡੀ ਸਾਬੋ), ਮਨਜੀਤ ਸਿੰਘ (ਕੇਸਗੜ੍ਹ ਸਾਹਿਬ) ਅਤੇ ਭਗਵਾਨ ਸਿੰਘ (ਹੈੱਡ-ਗ੍ਰੰਥੀ ਅਕਾਲ ਤਖ਼ਤ ਸਾਹਿਬ) ਹਾਜ਼ਿਰ ਸਨ। 25 ਜੂਨ ਨੂੰ ਜਦ ਇਹ ਮੀਟਿੰਗ ਅਕਾਲ ਤਖ਼ਤ ਸਾਹਿਬ ਦੀ ਉਪਰਲੀ ਮੰਜ਼ਿਲ 'ਤੇ ਹੋ ਰਹੀ ਸੀ ਤਾਂ ਅਚਾਨਕ ਸਾਬਕਾ ਸੀਨੀਅਰ ਗ੍ਰੰਥੀ (ਗਿਆਨੀ) ਜਗਤਾਰ ਸਿੰਘ ਜਾਚਕ (ਜੋ ਉਨ੍ਹੀਂ ਦਿਨੀਂ ਅਮਰੀਕਾ ਤੋਂ ਵਤਨ ਦੇ ਦੌਰੇ 'ਤੇ ਆਇਆ ਹੋਇਆ ਸੀ), ਉੱਥੇ ਪੁੱਜ ਗਿਆ ਤੇ ਮੀਟਿੰਗ ਵਿਚ ਜਾ ਬੈਠਿਆ। ਇਸ ਮੀਟਿੰਗ ਵਿਚ (ਭਾਈ) ਰਣਜੀਤ ਸਿੰਘ ਨੇ ਕਿਹਾ ਕਿ 'ਟੌਹੜਾ ਸਾਹਿਬ ਬਜ਼ੁਰਗ ਬੰਦੇ ਹਨ ਤੇ ਉਨ੍ਹਾਂ ਦੀ ਮਦਦ ਕਰਨਾ ਸਾਡਾ ਫ਼ਰਜ਼ ਹੈ।' ਜਦੋਂ ਇਕ ਗ੍ਰੰਥੀ ਨੇ ਸਲਾਹ ਦਿੱਤੀ ਕਿ ਥੋੜੀ ਜਿਹੀ ਤਨਖ਼ਾਹ ਲਾ ਦਿਓ ਤਾਂ ਰਣਜੀਤ ਸਿੰਘ ਨੇ ਕਿਹਾ ਕਿ 'ਛੱਡੋ ਬਜ਼ੁਰਗਾਂ ਨੂੰ ਮੁਆਫ਼ ਕਰ ਦੇਈਏ।' ਪਰ (ਗਿਆਨੀ) ਜਗਤਾਰ ਸਿੰਘ ਜਾਚਕ ਨੇ ਟੋਕ ਕੇ ਕਿਹਾ, 'ਅਜਿਹਾ ਗੁਨਾਹ ਨਾ ਕਰਿਓ।' ਇਸ 'ਤੇ ਕੇਵਲ ਸਿੰਘ ਅਤੇ ਮਨਜੀਤ ਸਿੰਘ ਨੇ ਦਸਤਖ਼ਤ ਕਰਨੋਂ ਨਾਂਹ ਕਰ ਦਿੱਤੀ (ਪਰ ਮਗਰੋਂ ਡਰ ਕੇ, ਦਬਾਅ ਹੇਠ ਜਾਂ ਕਿਸੇ ਹੋਰ ਮਜਬੂਰੀ ਜਾਂ ਲਾਲਚ ਵਿਚ ਦਸਤਖ਼ਤ ਕਰ ਦਿੱਤੇ)।

ਇਸ ਮਸਲੇ ਸਬੰਧੀ ਗੁਰਚਰਨ ਸਿੰਘ ਟੌਹੜਾ ਨੇ ਜੋ ਚਿੱਠੀ (ਭਾਈ) ਰਣਜੀਤ ਸਿੰਘ ਨੂੰ ਲਿਖੀ

ਸੀ, ਉਸ ਵਿਚ ਨਿਰੰਕਾਰੀ ਭਵਨ (ਗ਼ਲਤੀ ਨਾਲ) ਜਾਣ ਦੀ ਭੁੱਲ ਮੰਨੀ ਹੋਈ ਸੀ। ਪਰ (ਗਿਆਨੀ) ਜਗਤਾਰ ਸਿੰਘ ਜਾਚਕ ਮੁਤਾਬਿਕ ਉਸ ਦੀ ਥਾਂ ਟੌਹੜੇ ਦੀ ਨਵੀਂ ਚਿੱਠੀ ਫ਼ਾਈਲ ਵਿਚ ਪਾ ਦਿੱਤੀ ਗਈ, ਜਿਸ ਵਿਚ ਟੌਹੜਾ ਨਿਰੰਕਾਰੀ ਭਵਨ ਜਾਣ ਬਾਰੇ ਬਿਲਕੁਲ ਹੀ ਮੁਕਰ ਗਿਆ ਸੀ। ਨਵੀਂ ਚਿੱਠੀ ਇੰਵ ਸੀ:

"ਸ੍ਰੀਮਾਨ ਜੀਓ,

ਮੈਂ ਆਪ ਜੀ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਪੂਰੀ ਦਿਆਨਤਦਾਰੀ ਤੇ ਇਮਾਨਦਾਰੀ ਦੇ ਨਾਲ ਸੱਚੇ-ਸੱਚ ਸਪੱਸ਼ਟੀਕਰਨ ਦੇਂਦਾ ਹਾਂ ਕਿ ਮੈਂ ਨਾ ਤਾਂ ਨਿਰੰਕਾਰੀ ਭਵਨ ਵਿਚ ਗਿਆ, ਨਾ ਹੀ ਨਿਰੰਕਾਰੀਆਂ ਤੋਂ ਵੋਟਾਂ ਮੰਗੀਆ ਹਨ, ਨਾ ਹੀ ਕਿਸੇ ਨਿਰੰਕਾਰੀ ਤੋਂ ਪਾਣੀ-ਧਾਣੀ ਪੀਤਾ ਹੈ ਅਤੇ ਨਾ ਹੀ ਕਿਸੇ ਨਿਰੰਕਾਰੀ ਤੋਂ ਸਿਰੋਪਾਉ ਲਿਆ ਹੈ।

ਮੇਰੇ ਵਿਰੁੱਧ ਇਹ ਵਾਦ-ਵਿਵਾਦ ਖਾਸ ਸਾਜ਼ਿਸ਼ ਅਧੀਨ ਹੈ ਅਤੇ ਰਾਜਨੀਤੀ ਤੋਂ ਪ੍ਰੇਰਿਤ ਹੈ। ਜਿਸ ਬਿਆਨ ਬਾਰੇ ਆਪ ਜੀ ਨੇ ਪੁੱਛਿਆ ਹੈ, ਉਹ ਨਾ ਹੀ ਮੈਂ ਪੜ੍ਹਿਆ ਹੈ ਅਤੇ ਨਾ ਹੀ ਕਿਸੇ ਪ੍ਰੈੱਸ ਨੁਮਾਇੰਦੇ ਨੂੰ ਮੈਂ ਅਜਿਹਾ ਆਖਿਆ ਹੈ।

ਮੈਂ ਵਿਸਾਖੀ ਦੇ ਜੋੜ ਮੇਲੇ ਸਮੇਂ ਤਖ਼ਤ ਦਮਦਮਾ ਸਾਹਿਬ ਆਪਨੇ ਭਾਸ਼ਨ ਦੌਰਾਨ ਇਹ ਜ਼ਰੂਰ ਆਖਿਆ ਸੀ ਮੇਰੇ ਅਤੇ ਸ: ਸਿਮਰਨਜੀਤ ਸਿੰਘ ਸਮੇਤ ਜਾਂ ਕੋਈ ਰਾਜਨੀਤਕ ਆਗੂ, ਜਦੋਂ ਵੋਟਰਾਂ ਨੂੰ ਅਪੀਲ ਕਰਦਾ ਹੈ, ਉਹ ਸਮੁੱਚੀ ਜਨਤਾ ਨੂੰ ਅਪੀਲ ਕਰਦਾ ਹੈ। ਕੀ ਸ: ਮਾਨ ਵੋਟਰਾਂ ਨੂੰ ਅਪੀਲ ਕਰਨ ਸਮੇਂ ਇਹ ਭਾਸ਼ਨ ਦੇਂਦੇ ਸਨ ਕਿ ਮੈਨੂੰ ਨਿਰੰਕਾਰੀ ਵੋਟਾਂ ਨਾ ਪਾਉਣ, ਉਹ ਭੀ ਸਮੁੱਚੇ ਵੋਟਰਾਂ ਨੂੰ ਹੀ ਅਪੀਲ ਕਰਦੇ ਸਨ। ਅਜਿਹਾ ਹੀ ਹਰ ਸਿਆਸੀ ਆਗੂ ਆਖਦਾ ਹੈ। 'ਭੁੱਲ ਚੁੱਕ ਦੀ ਖਿਮਾ'।"

ਖ਼ੈਰ ਟੌਹੜੇ ਤੋਂ ਨਵੀਂ ਚਿੱਠੀ ਲੈ ਕੇ ਪੁਰਾਣੀ ਚਿੱਠੀ ਦੀ ਥਾਂ ਬਦਲ ਦੇਣ ਦਾ ਗੁਨਾਹ ਕਰਨ ਮਗਰੋਂ ਰਣਜੀਤ ਸਿੰਘ ਅਤੇ ਚਾਰ ਗ੍ਰੰਥੀਆਂ ਨੇ ਉਸ (ਟੌਹੜੇ) ਨੂੰ "ਮੁਆਫ਼" ਕਰ ਦਿੱਤਾ। ਇਸ ਨੂੰ 'ਹੁਕਮਨਾਮਾ' ਨਹੀਂ, 'ਫ਼ੈਸਲਾ' ਆਖਿਆ ਗਿਆ। ਇਸ ਦੇ ਲਫ਼ਜ਼ ਇਹ ਸਨ:

"ਅੱਜ ਮਿਤੀ 25 ਜੂਨ 1998 ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੁਣਾਂ ਦੇ ਨਿਰੰਕਾਰੀ ਭਵਨ ਵਿਖੇ ਜਾਣ ਬਾਰੇ ਲਾਏ ਗਏ ਦੋਸ਼ਾਂ ਨੂੰ ਵਿਚਾਰਿਆ ਗਿਆ।

1. ਇਸ ਸਬੰਧੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਪੇਸ਼ ਕੀਤੀ ਗਈ ਫ਼ੋਟੋ ਤੇ ਨੈਗੇਟਿਵ ਨਕਲੀ ਹੋਣ ਕਾਰਨ;
2. 15 ਫ਼ਰਵਰੀ 1998 ਤੋਂ 19 ਅਪ੍ਰੈਲ 1998 ਤਕ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੁੱਪ ਰਹਿਣ ਦਾ ਠੋਸ ਕਾਰਨ ਨਾ ਦੱਸ ਸਕਣ ਕਾਰਨ ਅਤੇ
3. ਜੱਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਨਿਰੰਕਾਰੀ ਭਵਨ ਵਿਚ ਜਾਣ, ਭਾਸ਼ਨ ਕਰਦਿਆਂ ਵੋਟਾਂ ਮੰਗਣ ਤੇ ਜਲ ਪਾਣੀ ਛਕਣ ਅਤੇ ਸਿਰੋਪਾਓ ਪ੍ਰਾਪਤ ਕਰਨ ਬਾਰੇ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਰੂਪ ਵਿਚ ਸਾਫ਼ ਇਨਕਾਰ ਕਰਨ ਅਤੇ ਇਸ ਸਬੰਧੀ ਉਨ੍ਹਾਂ ਦੇ ਨਾਂ 'ਤੇ ਛਪੇ ਅਖ਼ਬਾਰੀ ਬਿਆਨਾਂ ਤੋਂ ਵੀ ਸਾਫ਼ ਇਨਕਾਰ ਕਰਨ ਕਰ

ਕੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੋਰਾਂ ਦੇ ਨਿਰੰਕਾਰੀ ਭਵਨ ਵਿਚ ਜਾਣ ਸਬੰਧੀ ਚੱਲ ਰਹੇ ਵਾਦ-ਵਿਵਾਦ ਨੂੰ ਨਿਰਾਧਾਰ ਜਾਣਦਿਆਂ ਹੋਇਆਂ ਪੰਜ ਸਿੰਘ ਸਾਹਿਬ ਵੱਲੋਂ ਰੱਦ ਕੀਤਾ ਜਾਂਦਾ ਹੈ।"

(ਇਸ 'ਹੁਕਮਨਾਮੇ' ਹੇਠਾਂ ਰਣਜੀਤ ਸਿੰਘ, ਮੋਹਣ ਸਿੰਘ, ਮਨਜੀਤ ਸਿੰਘ, ਕੇਵਲ ਸਿੰਘ ਤੇ ਭਗਵਾਨ ਸਿੰਘ ਦੇ ਦਸਤਖ਼ਤ ਸਨ)।

ਰਣਜੀਤ ਸਿੰਘ ਵੱਲੋਂ ਟੌਹੜਾ ਦੀ ਮਦਦ ਕਰਨ ਨੂੰ ਸੰਜੀਦਾ ਸਿੱਖ ਵਿਦਵਾਨਾਂ ਅਤੇ ਸਿੱਖ ਆਗੂਆਂ ਨੇ ਨਾ-ਪਸੰਦ ਕੀਤਾ। ਇਸ ਨਾਲ ਰਣਜੀਤ ਸਿੰਘ ਦੀ ਸ਼ਖ਼ਸੀਅਤ 'ਤੇ ਵੀ ਮਾੜਾ ਅਸਰ ਪਿਆ। ਜੇ ਕਰ ਉਹ ਟੌਹੜਾ ਨੂੰ ਜ਼ਰਾ ਮਾਸਾ ਵੀ ਤਨਖ਼ਾਹ ਲਾ ਦੇਂਦਾ ਤਾਂ ਟੌਹੜੇ ਦੀ ਇੱਜ਼ਤ ਘਟਣੀ ਨਹੀਂ ਸੀ, ਸਗੋਂ ਉਸ ਦੀ ਨਿਮਰਤਾ ਦੀ ਸਿਫ਼ਤ ਹੋਣੀ ਸੀ। ਪਰ, ਟੌਹੜੇ ਦੀ ਅੜੀ ਤੇ ਬੇਵਕੂਫ਼ੀ ਨੇ ਰਣਜੀਤ ਸਿੰਘ ਅਤੇ ਬਾਕੀ ਚੌਹਾਂ ਗ੍ਰੰਥੀਆਂ ਤੋਂ 'ਪਾਪ' ਵੀ ਕਰਵਾਇਆ ਅਤੇ ਲੋਕਾਂ ਵਿਚ ਅਕਾਲ ਤਖ਼ਤ ਸਾਹਿਬ, ਇਸ ਦੇ ਮੁਖ ਸੇਵਾਦਾਰ ਤੇ 'ਹੁਕਮਨਾਮਾ' ਦਾ ਅਦਬ ਵੀ ਘਟਿਆ। ਇਸ ਮਗਰੋਂ ਅਕਾਲ ਤਖ਼ਤ ਸਾਹਿਬ ਨੂੰ ਵਧੇਰੇ ਚੈਲੇਂਜ ਹੋਣਾ ਸ਼ੁਰੂ ਹੋ ਗਿਆ। ਇਸ ਹਾਲਤ ਵਿਚ ਸਿਮਰਨਜੀਤ ਸਿੰਘ ਮਾਨ ਨੇ 29 ਜੂਨ 1998 ਰਣਜੀਤ ਸਿੰਘ ਨੂੰ ਇਕ ਖ਼ਤ ਲਿਖ ਕੇ ਨਿੰਮ੍ਹਾ ਜਿਹਾ ਪ੍ਰੋਟੈਸਟ ਵੀ ਕੀਤਾ, ਜੋ ਇੰਞ ਸੀ:

"ਭਾਈ ਰਣਜੀਤ ਸਿੰਘ ਜੀ, ਆਪ ਜੀ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਪਿਛਲੇ ਦਿਨੀਂ ਟੌਹੜਾ-ਨਿਰੰਕਾਰੀ ਮਾਮਲੇ ਵਿਚ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੇ ਫ਼ੈਸਲੇ ਨਾਲ ਸਿੱਖ ਕੌਮ ਵਿਚ ਕਾਫ਼ੀ ਹਲਚਲ ਪੈਦਾ ਹੋਈ ਹੈ। ਆਮ ਸਿੱਖਾਂ ਦੇ ਮਨਾਂ ਵਿਚ ਕਈ ਤੌਖ਼ਲੇ ਉਭਰ ਰਹੇ ਹਨ। ਅਸੀਂ ਮਹਿਸੂਸ ਕਰਦੇ ਹਾਂ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਇਨ੍ਹਾਂ ਤੌਖਲਿਆਂ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਬਹਾਲ ਰਹਿ ਸਕੇ।

ਸੰਨ 1978 ਵਿਚ ਨਿਰੰਕਾਰੀਆਂ ਦੇ ਹੱਥੋਂ ਅੰਮ੍ਰਿਤਸਰ ਸਾਹਿਬ ਵਿਖੇ 13 ਸਿੰਘਾਂ ਦੀ ਸ਼ਹਾਦਤ ਤੋਂ ਲੈ ਕੇ ਅੱਜ ਤਕ ਅਨੇਕਾਂ ਸਿੱਖਾਂ ਨੇ ਕੌਮ ਦੀ ਖ਼ਾਤਰ ਸ਼ਹੀਦੀਆਂ ਦਿੱਤੀਆਂ, ਜੇਲ੍ਹਾਂ ਕੱਟੀਆਂ; ਤੁਸੀਂ ਖ਼ੁਦ 14 ਸਾਲ ਕਾਲ-ਕੋਠੜੀ ਵਿਚ ਗੁਜ਼ਾਰੇ ਅਤੇ ਸਮੁੱਚੀ ਕੌਮ ਖੇਰੂੰ-ਖੇਰੂੰ ਹੋਈ। ਨਿਰੰਕਾਰੀ ਜਿਉਂ ਦੇ ਤਿਉਂ ਹਿੰਦੁਸਤਾਨ ਸਰਕਾਰ ਦੀ ਸ਼ਹਿ 'ਤੇ ਆਪਣਾ ਕੁਫ਼ਰ ਤੋਲ ਰਹੇ ਹਨ। ਪੰਜਾਬ ਅਤੇ ਪੰਜਾਬ ਤੋਂ ਬਾਹਰ ਕਈ ਥਾਵਾਂ 'ਤੇ ਸਿੱਖ ਧਰਮ ਦਾ ਮਜ਼ਾਕ ਉਡਾ ਰਹੇ ਹਨ। ਇਨ੍ਹਾਂ ਸਾਰਿਆਂ ਕਾਰਨਾਂ ਕਰ ਕੇ ਕੌਮੀ ਸੋਚ ਦੀ ਆਵਾਜ਼ ਬੁਲੰਦ ਰੱਖਣ ਵਾਲੇ ਸਿੱਖ ਅੱਜ ਬਹੁਤ ਚਿੰਤਾਤੁਰ ਅਤੇ ਦੁਚਿੱਤੀ ਵਿਚ ਹਨ।

ਪਿਛਲੇ ਸਮੇਂ ਵਿਚ ਸਿੱਖ ਮਰਿਆਦਾ ਨੂੰ ਬਹਾਲ ਕਰਨ ਲਈ ਆਪ ਜੀ ਵੱਲੋਂ ਕੀਤੇ ਫ਼ੈਸਲਿਆਂ ਨਾਲ ਸਿੱਖਾਂ ਦੇ ਮਨਾਂ ਵਿਚ ਬਹੁਤ ਆਸਾਂ ਅਤੇ ਉਮੀਦਾਂ ਹਨ। ਐਸੇ ਫ਼ੈਸਲੇ ਅਜੋਕੇ ਸਮੇਂ ਵਿਚ ਬੜੀ ਦੇਰ ਬਾਅਦ ਹੋਏ ਹਨ। ਸਮੁੱਚੀ ਸਿੱਖ ਕੌਮ ਨੂੰ ਆਪ ਜੀ ਤੋਂ ਬਹੁਤ ਉਮੀਦਾਂ ਹਨ। ਇਸੇ ਲਈ ਸਾਡੀ ਆਪ ਜੀ ਅਤੇ ਪੰਜ ਸਿੰਘ ਸਾਹਿਬਾਨ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਟੌਹੜਾ-ਨਿਰੰਕਾਰੀ ਮਸਲੇ ਵਿਚ ਇਸ ਪੱਤਰ ਨੂੰ ਸ਼ਿਕਾਇਤ ਪੱਤਰ ਸਮਝ ਕੇ ਗੁਰਚਰਨ ਸਿੰਘ ਟੌਹੜਾ 'ਤੇ ਲੱਗੇ ਦੋਸ਼ਾਂ ਨੂੰ ਮੁੜ ਵਿਚਾਰਿਆ ਜਾਵੇ।

ਦੁਨੀਆ ਦੇ ਧਾਰਮਿਕ ਅਤੇ ਸਿਆਸੀ ਇਤਿਹਾਸ ਵਿਚ ਅਕਾਲ ਤਖ਼ਤ ਸਾਹਿਬ ਦੀ ਵਿਲੱਖਣ ਥਾਂ ਹੈ। ਸਾਡੀ ਸਮਝ ਅਨੁਸਾਰ ਅਕਾਲ ਤਖ਼ਤ ਸਾਹਿਬ ਦੁਨਿਆਵੀ ਕਚਹਿਰੀ ਨਹੀਂ ਹੈ ਅਤੇ ਨਾ ਹੀ ਇਹ ਦੁਨਿਆਵੀ ਕਚਹਿਰੀਆਂ ਵਾਂਗ ਕੰਮ ਕਰ ਸਕਦੀ ਹੈ। ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਦੁਨਿਆਵੀ ਕਚਹਿਰੀਆਂ ਵਾਂਗ ਕੇਵਲ ਸਬੂਤ 'ਤੇ ਆਧਾਰਿਤ ਨਹੀਂ ਹੋਣਾ ਚਾਹੀਦਾ।

ਟੌਹੜਾ-ਨਿਰੰਕਾਰੀ ਮਾਮਲੇ ਬਾਰੇ ਸਾਡੀ ਨਿਮਰਤਾ ਸਹਿਤ ਬੇਨਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਰਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਸਤੀਫ਼ਾ ਦੇਣ ਲਈ ਕਿਹਾ ਜਾਵੇ। ਉਪਰੰਤ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਕੇ ਸਿੱਖ ਸੰਗਤਾਂ ਦੀ ਖੁੱਲ੍ਹੀ ਹਾਜ਼ਰੀ ਵਿਚ ਹੇਠ ਲਿਖੇ ਸਵਾਲ ਪੁੱਛਣ ਦੀ ਕ੍ਰਿਪਾਲਤਾ ਕਰੋ:

1. ਕੀ ਸ: ਗੁਰਚਰਨ ਸਿੰਘ ਟੌਹੜਾ ਪਟਿਆਲਾ ਵਿਖੇ ਨਿਰੰਕਾਰੀ ਭਵਨ ਗਏ ਸਨ?
2. ਉਨ੍ਹਾਂ ਦੇ ਨਾਲ ਹੋਰ ਕੌਣ-ਕੌਣ ਸਨ?
3. ਕੀ ਉਨ੍ਹਾਂ ਨੇ ਸਿਰੋਪਾ ਜਾਂ ਕੋਈ ਹੋਰ ਤੋਹਫ਼ਾ ਲਿਆ?
4. ਕੀ ਉਨ੍ਹਾਂ ਨੇ ਉੱਥੇ ਤਕਰੀਰ ਕੀਤੀ?
5. ਕੀ ਜਥੇਦਾਰ ਟੌਹੜਾ ਇਸ ਤੋਂ ਪਹਿਲਾਂ ਵੀ ਕਦੀ ਨਿਰੰਕਾਰੀ ਆਗੂਆਂ ਨੂੰ ਗੁਪਤ ਜਾਂ ਖੁੱਲ੍ਹੇ ਤੌਰ 'ਤੇ ਮਿਲੇ ਹਨ?

ਸੱਚ ਨੂੰ ਲੱਭਣ ਲਈ ਉਪਰਲੇ ਸਵਾਲ ਕਾਫ਼ੀ ਹਨ। ਲੋੜ ਪੈਣ 'ਤੇ ਸ: ਗੁਰਚਰਨ ਸਿੰਘ ਟੌਹੜਾ ਦੇ ਨਾਲ ਜੋ ਲੋਕ ਗਏ ਸਨ, ਉਨ੍ਹਾਂ ਨੂੰ ਵੀ ਪੁੱਛਿਆ ਜਾਵੇ। ਅਸੀਂ ਆਸ ਕਰਦੇ ਹਾਂ ਕਿ ਜਥੇਦਾਰ ਟੌਹੜਾ ਨੇ ਅਖ਼ਬਾਰਾਂ ਵਿਚ ਜੋ ਵੀ ਕੁਝ ਕਿਹਾ ਹੋਵੇ, ਵਾਹਿਗੁਰੂ ਦੇ ਡਰ ਤੋਂ ਉਹ ਅਕਾਲ ਤਖ਼ਤ ਸਾਹਿਬ ਤੇ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਸੱਚ ਹੀ ਬੋਲਣਗੇ।

ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਅਨੁਸਾਰ ਨਿਰੰਕਾਰੀਆਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਹੋਣੀ ਚਾਹੀਦੀ, ਜਿਸ ਦਾ ਸਾਫ਼ ਮਤਲਬ ਹੈ ਕਿ ਇਸ ਸਮੁਦਾਇ ਨੂੰ ਸਿੱਖੀ ਨੂੰ ਢਾਹ ਲਾਉਣ ਤੋਂ ਰੋਕਿਆ ਜਾਵੇ। ਮੌਜੂਦਾ ਸਰਕਾਰ ਅਕਾਲੀ ਸਰਕਾਰ ਹੈ, ਮੌਜੂਦਾ ਸਰਕਾਰ ਦੇ ਮੁੱਖੀ ਵੇਲੇ ਹੀ ਨਿਰੰਕਾਰੀਆਂ ਨੇ ਸਾਜ਼ਿਸ਼ ਨਾਲ ਸਿੱਖਾਂ ਦਾ ਘਾਣ ਕੀਤਾ ਸੀ। ਅਸੀਂ ਆਪ ਜੀ ਨੂੰ ਅਪੀਲ ਕਰਦੇ ਹਾਂ ਕਿ ਨਿਰੰਕਾਰੀਆਂ ਦੇ ਝੂਠ ਦੇ ਠੇਕੇ ਅੱਜ ਵੀ ਗੁਰੂਆਂ ਦੀ ਧਰਤੀ ਪੰਜਾਬ ਵਿਚ ਕਈ ਥਾਵਾਂ 'ਤੇ ਨਫ਼ਰਤ ਅਤੇ ਸਿੱਖੀ ਤੋਂ ਉਲਟ ਪ੍ਰਚਾਰ ਕਰ ਰਹੇ ਹਨ। ਇਨ੍ਹਾਂ ਨੂੰ ਬੰਦ ਕਰਨ ਦਾ ਹੁਕਮ ਵੀ ਮੌਜੂਦਾ ਸਰਕਾਰ ਨੂੰ ਦਿੱਤਾ ਜਾਵੇ।

ਅਸੀਂ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਪੰਥ ਦੀ ਸ਼ਾਨ ਖ਼ਾਤਰ ਇਨ੍ਹਾਂ ਮਸਲਿਆਂ 'ਤੇ ਵੀ ਵਿਚਾਰ ਕੀਤਾ ਜਾਵੇ :

1. ਬੀਬੀ ਅਮਰਜੀਤ ਕੌਰ ਨੂੰ ਕੇਵਲ ਇਕ ਹਫ਼ਤੇ ਦੀ ਸੇਵਾ ਬਹੁਤ ਥੋੜੀ ਸੇਵਾ ਹੈ। ਬੀਬੀ ਜੀ ਨੇ ਸਿੱਖ ਕੌਮ ਦੇ ਖ਼ਿਲਾਫ਼ ਜ਼ਹਿਰ ਉਗਲਿਆ ਸੀ ਅਤੇ ਮੌਜੂਦਾ ਸਰਕਾਰ ਦੀ ਸਿੱਖਾਂ ਦੀ ਨਸਲਕੁਸ਼ੀ ਵਿਚ ਸਰਕਾਰ ਦਾ ਸਾਥ ਦਿੱਤਾ ਸੀ।
2. ਸੁਰਜੀਤ ਸਿੰਘ ਬਰਨਾਲਾ ਨੂੰ ਅੱਜ ਤਕ ਦਰਬਾਰ ਸਾਹਿਬ ਵਿਚ ਪੁਲੀਸ ਭੇਜਣ ਦੇ

ਮਾਮਲੇ ਵਿਚ ਤਨਖ਼ਾਹ ਨਹੀਂ ਲਾਈ ਗਈ।

3. ਅੰਮ੍ਰਿਤਸਰ ਐਲਾਨਨਾਮਾ ਘੜਨ ਵੇਲੇ ਅਕਾਲੀ ਆਗੂਆਂ ਤੋਂ ਇਲਾਵਾ ਅਰਦਾਸ ਦੌਰਾਨ ਸਿੰਘ ਸਾਹਿਬਾਨ ਵੀ ਮੌਜੂਦ ਸਨ, ਪਰ ਮੁਕਰਣ ਵਾਲਿਆਂ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ।

ਅਸੀਂ ਆਸ ਕਰਦੇ ਹਾਂ ਕਿ ਤੁਸੀਂ ਸਾਡੇ ਵਿਚਾਰਾਂ ਨੂੰ ਧਿਆਨ ਵਿਚ ਰੱਖ ਕੇ ਯੋਗ ਫ਼ੈਸਲਾ ਕਰੋਗੇ।”

(ਪਰ ਭਾਈ ਰਣਜੀਤ ਸਿੰਘ ਨੇ ਟੌਹੜੇ ਨਾਲ ਯਾਰੀ ਕਾਰਨ ਸਿਮਰਨਜੀਤ ਸਿੰਘ ਮਾਨ ਦੀ ਚਿੱਠੀ ਨੂੰ ਗੌਲਿਆ ਵੀ ਨਹੀਂ)।

ਜੁਲਾਈ 1998 ਵਿਚ (ਭਾਈ) ਰਣਜੀਤ ਸਿੰਘ ਨੇ ਵਰਲਡ ਸਿੱਖ ਕੌਂਸਲ ਨੂੰ ਵੀ ਉਵੇਂ ਹੀ ਆਪਣੀ ਮੁੱਠ ਵਿਚ ਬੰਦ ਕਰਨਾ ਚਾਹਿਆ, ਜਿਵੇਂ ਪਹਿਲੋਂ ਮਨਜੀਤ ਸਿੰਘ ਨੇ ਕੀਤਾ ਸੀ। ਉਸ (ਰਣਜੀਤ ਸਿੰਘ) ਨੇ 16 ਜੁਲਾਈ ਤੇ ਫਿਰ 29 ਜੁਲਾਈ ਨੂੰ ਮਨਜੀਤ ਸਿੰਘ ਨੂੰ ਚਿੱਠੀਆਂ ਲਿਖ ਕੇ ਹਿਸਾਬ-ਕਿਤਾਬ ਮੰਗਿਆ ਤਾਂ ਕੇਵਲ ਸਿੰਘ ਨੇ ਮਨਜੀਤ ਸਿੰਘ ਦਾ ਪੱਖ ਪੂਰਨ ਵਾਸਤੇ ਇਕ ਖ਼ਤ (ਭਾਈ) ਰਣਜੀਤ ਸਿੰਘ ਨੂੰ ਲਿਖ ਦਿੱਤਾ। ਇਸ ’ਤੇ ਰਣਜੀਤ ਸਿੰਘ ਗ਼ੁੱਸੇ ਵਿਚ ਆ ਗਿਆ ਤੇ ਉਸ ਨੇ ਕੇਵਲ ਸਿੰਘ ਨੂੰ ਤਿਨ ਸਫ਼ੇ ਦੀ ਚਿੱਠੀ ਲਿਖ ਕੇ ਆਪਣੇ ਮਨ ਦੀ ਭੜਾਸ ਕੱਢੀ ਤੇ ਸਾਰੀਆਂ ਅਗਲੀਆਂ-ਪਿਛਲੀਆਂ ਗਿਣ ਦਿੱਤੀਆਂ। ਹੁਣ ਕੇਵਲ ਸਿੰਘ ਵੀ ਮੌਕਾ ਲੱਭ ਰਿਹਾ ਸੀ ਕਿ ਉਹ ਰਣਜੀਤ ਸਿੰਘ ਨਾਲ ਹਿਸਾਬ-ਕਿਤਾਬ ਕਰੇ। ਜਦ ਦਸੰਬਰ 1998 ਵਿਚ ਟੌਹੜਾ-ਬਾਦਲ ਟਕਰਾਅ ਸ਼ੁਰੂ ਹੋਇਆ ਤਾਂ ਕੇਵਲ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਰਣਜੀਤ ਸਿੰਘ ਨੇ ਨਿਰੰਕਾਰੀ ਭਵਨ ਜਾਣ ਬਾਰੇ ਟੌਹੜੇ ਦੀ ਚਿੱਠੀ ਬਦਲ ਦਿੱਤੀ ਸੀ। ਪਰ ਕੇਵਲ ਸਿੰਘ ਨੇ ਇਹ ਨਾ ਦੱਸਿਆ ਕਿ ਉਹ ਖ਼ੁਦ 8 ਮਹੀਨੇ ਚੁੱਪ ਕਿਉਂ ਬੈਠਾ ਰਿਹਾ ਸੀ। ਉਂਞ ਕੇਵਲ ਸਿੰਘ ਨੇ ਟੌਹੜੇ ਨੂੰ ਮੁਆਫ਼ ਕਰਨ ਵਾਲੇ 25 ਜੂਨ 1998 ਦੇ ਫ਼ੈਸਲੇ ’ਤੇ ਦਸਤਖ਼ਤ ਵੀ ਤਾਂ ਕੀਤੇ ਸਨ। ਕੀ ਕੇਵਲ ਸਿੰਘ ਤਖ਼ਤ ਸਾਹਿਬ ’ਤੇ ਬੈਠ ਕੇ ਪੱਖਪਾਤ ਕਰਨ ਦੋਸ਼ੀ ਨੂੰ ਮਾਫ਼ ਕਰਨ ਦੀ ਸਾਜ਼ਿਸ਼ ’ਚ ਭਾਈਵਾਲ ਬਣਨ ਕਾਰਨ ਜ਼ਿੰਮੇਦਾਰ ਨਹੀਂ ਸੀ?

ਨਿਸ਼ਾਨੇ-ਖਾਲਸਾ ਵਿਚ ਖੰਡੇ ਦਾ ਮਸਲਾ

ਜੁਲਾਈ 1998 ਵਿਚ ਅਨੰਦਪੁਰ ਸਾਹਿਬ ਵਿਚ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ ਵਲੋਂ ਬਣਨ ਵਾਲੇ ‘ਖਾਲਸਾ ਵਿਰਾਸਤ ਕੰਪਲੈਕਸ’ ਵਿਚ ਇਕ ਖੰਡਾ (ਨਿਸ਼ਾਨ-ਖਾਲਸਾ) ਬਣਾਉਣ ਦਾ ਚਰਚਾ ਚਲ ਪਿਆ। ਇਸ ਸਬੰਧ ਵਿਚ ਫ਼ਾਊਂਡੇਸ਼ਨ ਨੇ ਖੰਡੇ ਦਾ ਇਕ ਨਕਸ਼ਾ ਬਣਾ ਕੇ ਟੌਹੜਾ ਨੂੰ ਭੇਜਿਆ। ਇਸ ਵਿਚ ਖੰਡਾ ਉਲਟਾ (ਦੋ-ਧਾਰਾਂ ਉੱਪਰ ਵੱਲ) ਦਿਖਾਇਆ ਹੋਇਆ ਸੀ। ਟੌਹੜਾ ਨੇ ਇਸ ਬਾਰੇ ਸਿੱਖ ਵਿਦਵਾਨਾਂ ਨਾਲ ਵਿਚਾਰ ਕੀਤੀ। ਵਿਦਵਾਨਾਂ ਨੇ ਇਸ ਨੂੰ ਗ਼ਲਤ ਆਖ ਕੇ ਖੰਡੇ ਦੀ ਦੋ-ਧਾਰ ਦਾ ਮੂੰਹ ਬਾਟੇ ਵਿਚ ਕਰਨ ਵਾਸਤੇ ਮਸ਼ਵਰਾ ਦਿੱਤਾ। ਕਿਉਂਕਿ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ ਦਾ ਚੇਅਰਮੈਨ ਬਰਜਿੰਦਰ ਸਿੰਘ ਸੀ, ਉਸ ਨੇ ਇਸ ਨੂੰ ਆਪਣੀ ਜ਼ਿਦ ਬਣਾ ਲਿਆ ਤੇ ਇਹੀ ਸ਼ਕਲ ਕਾਇਮ ਰੱਖਣ ਦੀ ਅੜੀ ਕੀਤੀ ਤੇ ਇਸ ਨੂੰ ਉਸ ਨੇ ਕਦੇ ਵੀ ਦਿਲ ’ਚੋਂ ਨਾ ਕੱਢਿਆ।

22 ਅਕਤੂਬਰ 1998 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਲਾਨਾ ਪ੍ਰਧਾਨਗੀ ਚੋਣ ਹੋਈ। ਇਸ ਵਿਚ ਟੌਹੜਾ ਨੂੰ 25 ਵੀਂ ਵਾਰੀ ਪ੍ਰਧਾਨ ਚੁਣਿਆ ਗਿਆ ਤੇ 300 ਸਾਲਾ ਦੇ ਸਮਾਗਮਾਂ ਨੂੰ ਸਾਹਵੇਂ ਰੱਖਦਿਆਂ ਪੁਰਾਣੀ ਐਗਜ਼ੈਕਟਿਵ ਨੂੰ ਹੀ ਕਾਇਮ ਰੱਖਣ ਦਾ ਫ਼ੈਸਲਾ ਕਰ ਲਿਆ ਗਿਆ।

ਨਵੰਬਰ 1998 ਵਿਚ ਅਨੰਦਪੁਰ ਸਾਹਿਬ ਵਿਚ ਖਾਲਸਾ ਪ੍ਰਗਟ ਕਰਨ ਦੇ 300 ਸਾਲਾ ਦਿਨ ਦੇ ਸਬੰਧ ਵਿਚ ਹੋਣ ਵਾਲੇ ਸਮਾਗਮਾਂ ਸ਼ੁਰੂਆਤ ਹੋਣੀ ਸੀ। ਇਨ੍ਹੀਂ ਦਿਨੀਂ ਅਖ਼ਬਾਰਾਂ ਵਿਚ ਇਕ ਬਿਆਨ ਆ ਗਿਆ ਕਿ ਤਿੰਨ ਸੌ ਸਾਲਾ ਸਬੰਧੀ ਸਮਾਗਮਾਂ ਦਾ ਉਦਘਾਟਨ, ਪ੍ਰਾਈਮ ਮਨਿਸਟਰ ਵਾਜਪਾਈ, ਖਾਲਸਾ ਵਿਰਾਸਤ ਕੰਪਲੈਕਸ ਦਾ ਨੀਂਹ ਪੱਥਰ ਰੱਖ ਕੇ, ਕਰਨਗੇ। ਸਿੱਖਾਂ ਵਿਚ ਅਟਲ ਬਿਹਾਰੀ ਵਾਜਪਾਈ ਵਾਸਤੇ ਬਹੁਤੀ ਨਫ਼ੀ-ਪੱਖੀ ਸੋਚ ਨਹੀਂ ਰਹੀ ਸੀ ਕਿਉਂਕਿ ਸਿੱਖਾਂ ਦੇ ਖ਼ਿਲਾਫ਼ ਬੋਲਣ ਵਾਲੇ ਫ਼ਿਰਕਾਪ੍ਰਸਤ ਹਿੰਦੂਆਂ ਦੇ ਨਾਲ ਉਹ ‘ਸ਼ਰੇਆਮ’ ਖੜਾ ਨਹੀਂ ਹੋਇਆ ਕਰਦਾ ਸੀ (ਉਂਜ ਅੰਦਰੋਂ ਉਹ ਵੀ ਲਾਲ ਕਿਸ਼ਨ ਅਡਵਾਨੀ ਦੀ ਸੋਚ ਵਾਲਾ ਹੀ ਸੀ ਤੇ ਉਸ ਨੇ ਜੂਨ 1984 ਦੇ ਦਰਬਾਰ ਸਾਹਿਬ ’ਤੇ ਹਮਲੇ ਬਾਰੇ ਕਿਹਾ ਸੀ: “ਇਹ ਐਕਸ਼ਨ ਦੇਰ ਨਾਲ ਕੀਤਾ ਇਕ ਸਹੀ ਫ਼ੈਸਲਾ ਹੈ”)। ਪਰ ਜਿੱਥੋਂ ਤਕ ਖਾਲਸਾ ਪ੍ਰਗਟ ਦਿਨ ਦੇ ਸਬੰਧ ਵਿਚ ਸਮਾਗਮਾਂ ਦੀ ਗੱਲ ਹੈ ਸਿੱਖ ਜਜ਼ਬਾਤ ਇਸ ਗੱਲ ਨੂੰ ਕਬੂਲ ਨਹੀਂ ਸਨ ਕਰ ਸਕਦੇ ਕਿ ਖਾਲਸਾ ਵਿਰਾਸਤ ਕੰਪਲੈਕਸ ਦੀ ਇਮਾਰਤ ਦਾ ਨੀਂਹ ਪੱਥਰ ਕੋਈ ਗ਼ੈਰ-ਸਿੱਖ ਤਾਂ ਕੀ ਕੋਈ ਉਹ ਸਿੱਖ ਵੀ ਕਰੇ ਜਿਸ ਨੇ ਅਜੇ ਪਾਹੁਲ ਨਾ ਲਈ ਹੋਵੇ। ਟੌਹੜਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਈ। ਟੌਹੜਾ ਨੇ ਤਾਂ ਬਿਆਨ ਵੀ ਜਾਰੀ ਕਰ ਦਿੱਤਾ ਕਿ ਸਮਾਗਮਾਂ ਦਾ ਉਦਘਾਟਨ ਭਾਵੇਂ ਵਾਜਪਾਈ ਕਰਨਗੇ ਪਰ ਕੰਪਲੈਕਸ ਦਾ ਨੀਂਹ ਪੱਥਰ ਪੰਜ ਸਿੰਘ ਹੀ ਰੱਖਣਗੇ।

22 ਨਵੰਬਰ 1998 ਦੇ ਦਿਨ ਤਖ਼ਤ ਕੇਸਗੜ੍ਹ ਸਾਹਿਬ ਅਨੰਦਪੁਰ ਸਾਹਿਬ ’ਤੇ ਇਕ ਦੀਵਾਨ ਨਾਲ ਤਿੰਨ ਸੌ ਸਾਲਾ ਦਿਨ ਸਬੰਧੀ ਹੋਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਕੀਤੀ ਗਈ। ਮਗਰੋਂ ਪੰਜ ਸਿੰਘਾਂ ਨੇ ਵਿਰਾਸਤ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ। ਇਸੇ ਦਿਨ ਹੀ ਐਂਟੀ-ਟੌਹੜਾ ਲਾਬੀ ਨੇ ਆਪਣਾ ਜਹਾਦ ਸ਼ੁਰੂ ਕਰ ਦਿੱਤਾ। 23 ਨਵੰਬਰ 1998 ਨੂੰ ਬਰਜਿੰਦਰ ਹਮਦਰਦ ਨੇ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ ਤੋਂ ਅਸਤੀਫ਼ਾ ਦੇ ਦਿੱਤਾ। ਦੋ ਦਿਨ ਮਗਰੋਂ ਮਨਜੀਤ ਸਿੰਘ (ਮੁੱਖ ਸੇਵਾਦਾਰ ਕੇਸਗੜ੍ਹ ਸਾਹਿਬ) ਨੇ ਬਰਜਿੰਦਰ ਦੀ ਹਿਮਾਇਤ ਵਿਚ ਇਕ ਲੰਮਾ ਸਾਰਾ ਬਿਆਨ ਜਾਰੀ ਕਰ ਦਿੱਤਾ। ਇਸ ਵਿਚ ਕਿਹਾ ਗਿਆ ਸੀ ਕਿ ਬਰਜਿੰਦਰ ਅਤੇ ਟੌਹੜਾ ਵਿਚਕਾਰ ਨਿਸ਼ਾਨੇ-ਖਾਲਸਾ (ਖੰਡਾ) ਦੇ ਮਾਡਲ ਸਬੰਧੀ ਵੱਖ-ਵੱਖ ਵਿਚਾਰ ਹੋਣ ਕਰ ਕੇ ਤਫ਼ੱਰਕਾਤ ਆਏ ਹਨ। ਮਨਜੀਤ ਸਿੰਘ ਨੇ ਇਹ ਵੀ ਆਖਿਆ ਕਿ ‘ਟੌਹੜਾ ਸਾਹਿਬ ਨੂੰ ਬਰਜਿੰਦਰ ਸਿੰਘ ਦੇ ਮਨ ਵਿਚ ਪੈਦਾ ਹੋਈਆਂ ਰੰਜਿਸ਼ਾਂ ਦੂਰ ਕਰਨੀਆਂ ਚਾਹੀਦੀਆਂ ਹਨ।’ ਪਰ ਮਨਜੀਤ ਸਿੰਘ ਦੇ ਇਸ ਬਿਆਨ ਤੋਂ ਇਲਾਵਾ ਕਿਸੇ ਨੇ ਵੀ ਬਰਜਿੰਦਰ ਸਿੰਘ ਦੀ ਹਿਮਾਇਤ ਵਿਚ ਕੁਝ ਨਾ ਆਖਿਆ। ਇੰਞ ਬਰਜਿੰਦਰ ਸਿੰਘ ਅਲਗ-ਥਲ ਜਿਹਾ ਹੋ ਕੇ ਰਹਿ ਗਿਆ। ਇਸ ’ਤੇ ਬਰਜਿੰਦਰ ਸਿੰਘ ਨੇ ਵੀ ਆਪਣੀ ਅਖ਼ਬਾਰ ‘ਅਜੀਤ’ ਰਾਹੀਂ ਟੌਹੜਾ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਫ਼ੈਸਲਾ ਕਰ ਲਿਆ।

ਇੱਤਫ਼ਾਕਨ ਉਨ੍ਹੀਂ ਦਿਨੀਂ ਆਦਮਪੁਰ ਅਸੈਂਬਲੀ ਹਲਕੇ ਦੀ ਜ਼ਿਮਨੀ ਚੋਣ ਆਈ ਹੋਈ ਸੀ। ਜਿਸ ਦਿਨ ਬਰਜਿੰਦਰ ਸਿੰਘ ਨੇ ਅਸਤੀਫ਼ਾ ਦਿੱਤਾ ਉਸ ਤੋਂ ਦੋ ਦਿਨ ਬਾਅਦ ਆਦਮਪੁਰ ’ਚ

ਵੋਟਾਂ ਪੈਣੀਆਂ ਸਨ। 25 ਨਵੰਬਰ ਨੂੰ ਹੋਈ ਚੋਣ ਵਿਚ ਅਕਾਲੀ ਉਮੀਦਵਾਰ ਸਿਰਫ਼ 6 ਵੋਟਾਂ 'ਤੇ ਹਾਰ ਗਿਆ ਹਾਲਾਂਕਿ ਬਾਦਲ ਦੇ ਉਮੀਦਵਾਰ ਨੇ ਸਰਕਾਰੀ ਮਸ਼ੀਨਰੀ ਦੀ ਰੱਜ ਕੇ ਵਰਤੋਂ ਕੀਤੀ ਸੀ)। ਟੌਹੜਾ ਦੇ ਸਾਥੀਆਂ ਨੇ ਇਸ ਹਾਰ ਦੀ ਜ਼ਿਮੇਦਾਰੀ ਬਰਜਿੰਦਰ ਸਿੰਘ ਦੇ ਅਸਤੀਫ਼ੇ 'ਤੇ ਪਾਈ। ਦੂਜੇ ਪਾਸੇ ਬਰਜਿੰਦਰ ਸਿੰਘ ਦੇ ਸਾਥੀਆਂ ਨੇ ਟੌਹੜਾ ਦੇ ਖ਼ਿਲਾਫ਼ ਬਿਆਨਬਾਜ਼ੀ ਸ਼ੁਰੂ ਕਰਵਾ ਦਿੱਤੀ। 28 ਨਵੰਬਰ ਨੂੰ ਗਿਆਨੀ ਬਚਿੱਤਰ ਸਿੰਘ ਐਡਵੋਕੇਟ ਨੇ ਟੌਹੜਾ ਨੂੰ ਲਿਖੇ ਇਕ ਖੁੱਲ੍ਹੇ ਖ਼ਤ ਵਿਚ ''ਟੌਹੜਾ ਜੀ ਅਜੀਤ ਨੂੰ ਅਕਾਲੀ ਦਲ ਤੋਂ ਦੂਰ ਧੱਕਣ ਦੀ ਕੋਸ਼ਿਸ਼ ਨਾ ਕਰੋ'' ਦਾ ਤਰਲਾ ਗਿਆ। 2 ਦਸੰਬਰ ਨੂੰ ਭਾਈ ਰਣਜੀਤ ਸਿੰਘ ਨੇ ਬਾਦਲ ਦੀ ਨੁਕਤਾਚੀਨੀ ਕਰਦਿਆਂ ਆਖਿਆ ਕਿ 'ਸਰਕਾਰ ਅਜੂਬੇ ਦੇ ਨਾਂ ਤੇ ਅਨੰਦਪੁਰ ਦਾ ਚੌਗਿਰਦਾ ਵਿਗਾੜ ਰਹੀ ਹੈ।' ਤਿੰਨ ਦਸੰਬਰ ਨੂੰ ਬਾਦਲ ਨੇ ਜ਼ਿਲ੍ਹਾ ਜਥੇਦਾਰਾਂ ਦੀ ਮੀਟਿੰਗ ਬੁਲਾ ਕੇ ਉਨ੍ਹਾਂ ਕੋਲੋਂ ਆਪਣੀ ਅਗਵਾਈ 'ਚ ਭਰੋਸੇ ਦਾ ਮਤਾ ਪਾਸ ਕਰਵਾ ਲਿਆ। ਚਾਰ ਦਸੰਬਰ ਨੂੰ ਅਨੰਦਪੁਰ ਫ਼ਾਊਂਡੇਸ਼ਨ ਨੇ ਬਰਜਿੰਦਰ ਸਿੰਘ ਦਾ ਅਸਤੀਫ਼ਾ ਰੱਦ ਕਰ ਦਿੱਤਾ ਪਰ ਬਰਜਿੰਦਰ ਸਿੰਘ ਨੇ ਅਸਤੀਫ਼ਾ ਵਾਪਿਸ ਲੈਣੋਂ ਨਾਂਹ ਕਰ ਦਿੱਤੀ। ਉਧਰ 'ਸੰਤ ਸਮਾਜ' ਨਾਂ ਦੇ ਜਥੇਬੰਦੀ ਨੇ ਟੌਹੜਾ ਦੀ ਅਗਵਾਈ ਵਿਚ ਕਾਰਵਾਈਆਂ ਸ਼ੁਰੂ ਕਰ ਦਿੱਤੀਆਂ। ਇਸ ਦਾ ਪਹਿਲਾ ਐਕਸ਼ਨ ਸੀ 4-5 ਦਸੰਬਰ 1998 ਦੇ ਦਿਨ ਤਲਵੰਡੀ ਸਾਬੋ ਤੋਂ ਅਨੰਦਪੁਰ ਸਾਹਿਬ ਵਲ ਖਾਲਸਾ ਮਾਰਚ। ਇਸ ਮਾਰਚ ਵਿਚ ਲੱਖਾਂ ਲੋਕਾਂ ਨੇ ਹਿੱਸਾ ਲਿਆ।

ਬਾਦਲ ਧੜੇ ਵੱਲੋਂ ਟੌਹੜਾ ਦੇ ਖ਼ਿਲਾਫ਼ ਵੱਡਾ ਜਹਾਦ

ਇਨ੍ਹਾਂ ਦਿਨਾਂ ਵਿਚ ਬਰਜਿੰਦਰ ਸਿੰਘ ਹਮਦਰਦ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਕੈਪਟਨ ਕੰਵਲਜੀਤ, ਰਣਜੀਤ ਸਿੰਘ ਬ੍ਰਹਮਪੁਰਾ, ਮਨਜੀਤ ਸਿੰਘ (ਕੇਸਗੜ੍ਹ ਸਾਹਿਬ), ਕੇਵਲ ਸਿੰਘ (ਦਮਦਮਾ ਸਾਹਿਬ) ਇਕ ਗਰੁੱਪ ਵਜੋਂ ਵਿਚਰ ਰਹੇ ਸਨ। ਇਹ ਸਾਰੇ ਟੌਹੜਾ ਦੇ ਖ਼ਿਲਾਫ਼ ਜਹਾਦ ਛੇੜਨ ਵਾਸਤੇ ਮੌਕਾ ਢੂੰਢ ਰਹੇ ਸਨ। ਅਖ਼ੀਰ, ਟੌਹੜਾ ਦੇ ਇਕ ਮਾਮੂਲੀ ਜਿਹੇ ਬਿਆਨ 'ਤੇ ਇਨ੍ਹਾਂ ਨੇ ਇਹ ਜਹਾਦ ਸ਼ੁਰੂ ਕਰ ਦਿੱਤਾ।

10 ਦਸੰਬਰ 1998 ਦੇ ਦਿਨ ਟੌਹੜਾ ਨੇ ਅਖ਼ਬਾਰੀ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਇਹ ਵੀ ਆਖਿਆ ਕਿ ਮੈਂ ਚਾਹੁੰਦਾਂ ਹਾਂ ਕਿ 'ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਦੀ ਪ੍ਰਧਾਨਗੀ ਛੱਡ ਕੇ ਸਰਕਾਰੀ ਪ੍ਰਬੰਧਾਂ ਵਿਚ ਪੂਰਾ ਵਕਤ ਦੇਣ।' ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਇਹ ਵੀ ਆਖਿਆ ਕਿ 'ਮੈਂ ਅਕਾਲੀ ਦਲ ਦੀ ਪ੍ਰਧਾਨਗੀ ਸੰਭਾਲਣ ਵਾਸਤੇ ਤਿਆਰ ਨਹੀਂ ਕਿਉਂਕਿ ਮੇਰੇ ਕੋਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਹੀ ਬੜਾ ਹੈ।' ਇਸ ਸਵਾਲ 'ਤੇ ਕਿ ਅਕਾਲੀ ਦਲ ਦੀ ਪ੍ਰਧਾਨਗੀ ਵਾਸਤੇ ਤੁਸੀਂ ਕਿਸ ਦਾ ਨਾਂ ਸੁਝਾਉਣਾ ਚਾਹੋਗੇ, ਜਥੇ: ਟੌਹੜਾ ਨੇ ਆਖਿਆ ਕਿ ''ਇਸ ਦਾ ਫ਼ੈਸਲਾ ਬਾਦਲ ਜੀ ਆਪ ਕਰਨ। ਭਾਵੇਂ ਉਹ ਮੀਤ ਪ੍ਰਧਾਨ ਗੁਰਦੇਵ ਸਿੰਘ ਬਾਦਲ ਨੂੰ ਹੀ ਪ੍ਰਧਾਨ ਬਣਾ ਦੇਣ। ਬਾਦਲ ਨੂੰ ਅਜਿਹੇ ਢੰਗ ਨਾਲ ਰਾਜ ਪ੍ਰਬੰਧ ਚਲਾਉਣਾ ਚਾਹੀਦਾ ਹੈ ਜਿਸ ਨਾਲ ਸਰਕਾਰ ਪੰਜ ਸਾਲ ਚਲਦੀ ਰਹੇ ਤੇ ਕੁਲੀਸ਼ਨ ਦੋਹੀਂ ਥਾਈਂ ਚਲਦੀ ਰਹੇ। ਇਸ ਵੇਲੇ ਸਰਕਾਰ ਦਾ ਪ੍ਰਬੰਧ ਠੀਕ ਨਹੀਂ। ਬਾਦਲ ਨੌਕਰਸ਼ਾਹੀ ਦੀ ਜਕੜ ਨਹੀਂ ਤੋੜ ਸਕਿਆ। ਸਰਕਾਰ ਤੇ ਪਾਰਟੀ ਦੀ ਸਾਰੀ ਤਾਕਤ ਇਕੋ ਕੋਲ ਹੋਣਾ ਨੌਕਰਸ਼ਾਹੀ ਨੂੰ ਸੂਟ ਕਰਦਾ ਹੈ। ਜੇ ਭਾਜਪਾ ਵੱਖਰਾ ਪ੍ਰਧਾਨ ਰੱਖ ਸਕਦੀ ਹੈ ਤਾਂ ਅਕਾਲੀ ਦਲ ਕਿਉਂ ਨਹੀਂ। 1969 ਅਤੇ 1978 ਵਿਚ

ਬਾਦਲ ਸਿਰਫ਼ ਚੀਫ਼ ਮਨਿਸਟਰ ਸੀ, ਪ੍ਰਧਾਨ ਨਹੀਂ।"

ਟੌਹੜਾ ਦੇ ਇਸ ਬਿਆਨ ਵਿਚ ਨਾ ਤਾਂ ਬਾਦਲ ਦੀ ਬੇਮਾਅਨਾ ਨੁਕਤਾਚੀਨੀ ਸੀ ਤੇ ਨਾ ਹੀ ਕੋਈ ਗੱਲ ਪਾਰਟੀ ਦੇ ਖ਼ਿਲਾਫ਼ ਆਖੀ ਹੋਈ ਸੀ। ਇਸ ਵਿਚੋਂ ਤਾਂ ਸਗੋਂ ਨੌਕਰਸ਼ਾਹੀ ਦਾ ਪਾਜ ਉਘਾੜਨ ਦੀ ਗੱਲ ਸੀ, ਪੰਜ ਸਾਲ ਲਗਾਤਾਰ ਸਰਕਾਰ ਚਲਾਉਣ ਦੀ ਖ਼ਾਹਿਸ਼ ਦਾ ਇਜ਼ਹਾਰ ਸੀ, ਪਾਰਟੀ ਦਾ ਭਲਾ ਕਰਨ ਦੀ ਗੱਲ ਸੀ, ਕੁਲੀਸ਼ਨ ਦੀ ਕਾਮਯਾਬੀ ਦੀ ਲੋਚਾ ਸੀ। ਇਹ ਸਾਰਾ ਕੁਝ ਬਾਦਲ ਦੇ ਇਕ 'ਸੱਜਣ' ਦੇ ਬੋਲ ਹੋ ਸਕਦੇ ਸਨ, ਅਕਾਲੀ ਦਲ ਦੇ ਖ਼ੈਰ-ਖ਼੍ਵਾਹ ਦੀ ਖ਼ਾਹਿਸ਼ ਹੋ ਸਕਦੀ ਸੀ। ਇਹ ਤਾਂ ਇਕ ਤਰ੍ਹਾਂ ਨਾਲ ਪਾਰਟੀ ਦੇ ਭਲੇ ਦੀ ਅਰਦਾਸ ਵਰਗੀ ਸੋਚ ਸੀ। ਪਰ, ਟੌਹੜਾ ਦੇ ਮੁਖ਼ਾਲਿਫ਼ਾਂ, ਖਾਸ ਕਰ ਕੇ ਬਰਜਿੰਦਰ, ਭੂੰਦੜ, ਕੈਪਟਨ ਕੰਵਲਜੀਤ, ਢੀਂਡਸਾ ਤੇ ਜਾਗੀਰ ਕੌਰ ਨੇ, ਪਾਰਟੀ ਦਾ ਭਲਾ ਸੋਚਣ ਦੀ ਗੱਲ ਛਿੱਕੇ 'ਤੇ ਟੰਗ ਕੇ ਟੌਹੜਾ ਦੇ ਬਿਆਨ ਨੂੰ ਪਾਰਟੀ ਦੇ ਖ਼ਿਲਾਫ਼ ਬਗ਼ਾਵਤ, ਗੁਨਾਹ ਤੇ ਗ਼ਦਾਰੀ ਆਖ ਕੇ 'ਫ਼ਤਵਾ' ਜਾਰੀ ਕਰ ਦਿੱਤਾ। ਇਹ ਫ਼ਤਵਾ ਜਾਰੀ ਕਰਨ ਦੀ ਕਾਰਵਾਈ ਕੋਈ ਇਕ ਦਮ ਜਾਂ ਅਚਾਨਕ ਜਾਂ ਕਿਸੇ ਹੰਗਾਮੀ ਹਾਲਤ ਵਿਚੋਂ ਪੈਦਾ ਨਹੀਂ ਹੋਈ ਸੀ। ਇਹ ਸਾਰਾ ਕੁਝ ਚਿਰਾਂ ਤੋਂ ਕੀਤੀ ਹੋਈ ਪਲਾਨਿੰਗ ਨੂੰ ਅਮਲ ਵਿਚ ਲਿਆਉਣਾ ਸੀ। ਸਿਰਫ਼ ਬਹਾਨਾ ਲਾ ਕੇ ਜੰਗ ਛੇੜਨਾ ਹੀ ਰਹਿੰਦਾ ਸੀ ਜਿਹੜਾ ਕਿ 11 ਦਸੰਬਰ 1998 ਦੇ ਦਿਨ ਐਂਟੀ-ਟੌਹੜਾ ਸਿੰਡੀਕੇਟ ਨੇ ਕੀਤਾ।

11 ਦਸੰਬਰ ਸ਼ਾਮ ਵੇਲੇ ਬਾਦਲ ਨੇ ਆਪਣੀ ਕੋਠੀ 'ਤੇ ਸਾਰੇ ਵਜ਼ੀਰ (ਜਥੇਦਾਰ ਟੌਹੜਾ ਦੇ 5 ਸਾਥੀ ਛੱਡ ਕੇ), ਜ਼ਿਲ੍ਹਾ ਜਥੇਦਾਰ (ਟੌਹੜਾ ਦੇ ਸਾਥੀ ਛੱਡ ਕੇ) ਅਤੇ ਬਾਦਲ ਦੇ ਵਫ਼ਾਦਾਰ ਹੋਰ ਅਕਾਲੀ ਵਰਕਰ ਇਕੱਠੇ ਕੀਤੇ। ਇਸ ਮੀਟਿੰਗ ਵਿਚ ਫ਼ੈਸਲਾ ਕੀਤਾ ਗਿਆ ਕਿ ਟੌਹੜਾ 'ਤੇ ਇਕ ਭਰਪੂਰ ਵਾਰ ਕੀਤਾ ਜਾਵੇ ਤੇ ਉਸ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਲਾਹ ਦਿੱਤਾ ਜਾਵੇ। ਇਸ ਵੇਲੇ ਬਾਦਲ ਚੀਫ਼ ਮਨਿਸਟਰ ਸੀ। ਉਸ ਵਾਸਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਖ਼ਰੀਦਣਾ ਕੋਈ ਔਖਾ ਨਹੀਂ ਸੀ। ਪੈਸਾ ਵੀ ਉਸ ਕੋਲ ਵੱਡੇ ਜਾਗੀਰਦਾਰਾਂ ਤੋਂ ਵੀ ਵੱਧ ਸੀ। ਫਿਰ, ਕਿਉਂ ਕਿ ਜਥੇਦਾਰ ਟੌਹੜਾ ਨੇ ਨੌਕਰਸ਼ਾਹੀ ਦੇ ਖ਼ਿਲਾਫ਼ ਬਿਆਨ ਵੀ ਦਿਤਾ ਸੀ, ਬਿਊਰੋਕਰੇਟ ਵੀ ਸਾਰੇ ਟੌਹੜਾ ਦੇ ਖ਼ਿਲਾਫ਼ ਸਨ।

ਟੌਹੜਾ ਦੇ ਖ਼ਿਲਾਫ਼ ਪਹਿਲਾ ਵਾਰ ਕੁਲਦੀਪ ਕਾਹਲੋਂ ਅਤੇ ਜਸਬੀਰ ਸਿੰਘ ਬੀਰ (ਜਲੰਧਰ) ਵਰਗੇ ਨਿੱਕੇ ਵਰਕਰਾਂ ਨੇ ਇਕ ਬਿਆਨ ਵਿਚ ਕੀਤਾ ਪਰ ਅਗਲੇ ਦਿਨ ਹੀ ਬਰਜਿੰਦਰ ਨੇ ਅਜੀਤ ਅਖ਼ਬਾਰ ਦੇ ਐਡੀਟੋਰੀਅਲ ਵਿਚ ਟੌਹੜਾ ਦੇ ਖ਼ਿਲਾਫ਼ ਆਪਣੀ ਭੜਾਸ ਕੱਢੀ। ਇੱਥੇ ਇਹ ਦਿਲਚਸਪ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਬਰਜਿੰਦਰ ਸਿੰਘ ਭਾਵੇਂ ਸਿਰਫ਼ ਅਕਾਲੀ ਵੋਟਾਂ ਨਾਲ ਐਮ.ਪੀ. ਬਣਿਆ ਸੀ ਪਰ ਉਸ ਨੇ ਅਕਾਲੀ ਦਲ ਦਾ ਮੈਂਬਰ ਬਣਨ ਤੋਂ ਵੀ ਨਾਂਹ ਕਰ ਦਿੱਤੀ ਸੀ। ਉਂਵ ਇਕ ਅਖ਼ਬਾਰ ਦਾ ਐਡੀਟਰ ਹੋਣ ਦੇ ਨਾਤੇ, ਤੇ ਬਾਦਲ ਦੇ ਨੇੜੇ ਹੋਣ ਕਰ ਕੇ ਉਹ ਬਾਦਲ ਅਕਾਲੀ ਦਲ ਦੇ 'ਬਾੱਸ' ਵਜੋਂ ਵਿਚਰਦਾ ਸੀ।

13 ਦਸੰਬਰ ਨੂੰ ਜਾਗੀਰ ਕੌਰ (ਜਿਸ ਦੇ ਆਖੇ ਟੌਹੜਾ ਨੇ ਕੁਝ ਬੰਦਿਆਂ ਨੂੰ ਸ਼੍ਰੋਮਣੀ ਕਮੇਟੀ 'ਚ ਮੁਲਾਜ਼ਮ ਨਹੀਂ ਰੱਖਿਆ ਸੀ) ਨੇ ਵੀ ਆਪਣੀ ਭੜਾਸ ਕੱਢੀ। ਉਸ ਨੇ ਟੌਹੜਾ 'ਤੇ ਡਸਿਪਲਨਰੀ ਐਕਸ਼ਨ ਲੈਣ ਵਾਸਤੇ ਆਖਿਆ। ਇਸੇ ਦਿਨ ਬਾਦਲ ਨੇ ਟੌਹੜਾ ਦੇ ਹਿਮਾਇਤੀ ਜਸਮੇਰ ਸਿੰਘ ਬਾਲਾ ਨੂੰ ਆਪਣੀ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਕਿਉਂ

ਕਿ ਉਸ ਨੇ ਟੌਹੜਾ ਦੇ ਬਿਆਨ ਦੀ ਹਿਮਾਇਤ ਕੀਤੀ ਸੀ। ਇਸੇ ਦਿਨ ਵਿਰਸਾ ਸਿੰਘ ਵਲਟੋਹਾ, ਸਰਵਨ ਸਿੰਘ ਫ਼ਿਲੌਰ, ਸਿਕੰਦਰ ਸਿੰਘ ਮਲੂਕਾ, ਅਜੀਤ ਸਿੰਘ ਕੋਹਾੜ, ਜਗਦੀਸ਼ ਸਿੰਘ ਵਾਲੀਆ, ਮੱਲ ਸਿੰਘ ਘੁਮਾਣ, ਅਮਰਜੀਤ ਸਿੰਘ ਭਾਟੀਆ, ਜਗਜੀਤ ਸਿੰਘ ਘੁੰਘਰਾਣਾ, ਸਤਨਾਮ ਸਿੰਘ ਭਾਈ ਰੂਪਾ, ਮਨਜੀਤ ਸਿੰਘ ਭੋਮਾ, ਜਨਮੇਜਾ ਸਿੰਘ ਸੇਖੋਂ, ਗੁਰਤੇਜ ਸਿੰਘ ਬੱਲੂਆਣਾ, ਜੋਗਿੰਦਰ ਸਿੰਘ ਪੰਜਰਥ ਨੇ ਵੀ ਟੌਹੜਾ ਦੇ ਖ਼ਿਲਾਫ਼ ਬਿਆਨ ਦਾਗ਼ ਦਿਤੇ।

14 ਦਸੰਬਰ ਨੂੰ ਨਿਰਮਲ ਸਿੰਘ ਕਾਹਲੋਂ ਦੇ ਨਾਲ-ਨਾਲ ਰਤਨ ਸਿੰਘ, ਸੁੱਚਾ ਸਿੰਘ ਲੰਗਾਹ, ਚਿਰੰਜੀ ਲਾਲ ਗਰਗ, ਰਾਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ (ਦੋਵੇਂ ਫ਼ੈਡਰੇਸ਼ਨ) ਅਤੇ ਕੁਝ ਹੋਰਾਂ ਨੇ ਵੀ ਟੌਹੜਾ ਦੇ ਖ਼ਿਲਾਫ਼ ਬਿਆਨ ਜਾਰੀ ਕੀਤੇ।

ਮਨਜੀਤ ਸਿੰਘ ਕਲਕੱਤਾ ਤੇ 4 ਹੋਰ ਵਜ਼ੀਰਾਂ ਦੇ ਅਸਤੀਫ਼ੇ

ਟੌਹੜਾ ’ਤੇ ਲਗਾਤਾਰ ਤਿੰਨ ਦਿਨ ਬੇਵਜਹ ਹਮਲਾ ਕੀਤੇ ਜਾਣ ਕਰ ਕੇ ਉਸ ਦੇ ਸਾਥੀ ਬੜੇ ਔਖੇ ਹੋਏ। ਅਖ਼ੀਰ ਉਨ੍ਹਾਂ ਨੂੰ ਇਕ ਮੀਟਿੰਗ ਬੁਲਾਈ। ਤਿੰਨ ਘੰਟੇ ਚਲੀ ਇਸ ਮੀਟਿੰਗ ਵਿਚ ਪੰਜ ਵਜ਼ੀਰ ਤੇ ਕੁਝ ਐਮ.ਐਲ.ਏ. ਵੀ ਹਾਜ਼ਿਰ ਸਨ। ਇਨ੍ਹਾਂ ਸਾਰਿਆਂ ਨੇ ਟੌਹੜਾ ਦੇ ਖ਼ਿਲਾਫ਼ ਦਿੱਤੇ ਜਾ ਰਹੇ ਬਿਆਨਾਂ ਦੀ ਭਰਪੂਰ ਨਿੰਦਾ ਕੀਤੀ ਅਤੇ ਇਸ ਪ੍ਰਚਾਰ ਨੂੰ ਨੱਥ ਪਾਉਣ ਲਈ ਬਾਦਲ ’ਤੇ ਜ਼ੋਰ ਦੇਣ ਵਾਸਤੇ ਪੰਜ ਵਜ਼ੀਰਾਂ (ਮਨਜੀਤ ਸਿੰਘ ਕਲੱਕਤਾ, ਮਹੇਸ਼ਇੰਦਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਜ਼ੀਰਾ, ਸੁਰਜੀਤ ਸਿੰਘ ਕੋਹਲੀ ਤੇ ਹਰਮੇਲ ਸਿੰਘ ਟੌਹੜਾ) ਨੇ ਆਪਣੇ ਅਸਤੀਫ਼ੇ ਬਾਦਲ ਨੂੰ ਸੌਂਪ ਦਿਤੇ। ਐਂਟੀ-ਟੌਹੜਾ ਸਿੰਡੀਕੇਟ ਨੇ ਬਾਦਲ ’ਤੇ ਜ਼ੋਰ ਪਾ ਕੇ ਇਹ ਅਸਤੀਫ਼ੇ ਇਕ-ਦਮ ਮਨਜ਼ੂਰ ਕਰਵਾ ਲਏ।

16 ਦਸੰਬਰ 1998 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਸੀ। ਬਾਦਲ ਨੇ ਆਪਣੇ ਹਿਮਾਇਤੀ ਐਗਜ਼ੈਕਟਿਵ ਮੈਂਬਰਾਂ ਨੂੰ ਹੁਕਮ ਕੀਤਾ ਕਿ ਉਹ ਮੀਟਿੰਗ ਵਿਚ ਸ਼ਾਮਿਲ ਹੋਣ ਦੀ ਬਜਾਇ ਚੰਡੀਗੜ੍ਹ ਆ ਜਾਣ। ਇਸ ਵੇਲੇ ਤਕ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ 15 ਵਿਚੋਂ 9 ਮੈਂਬਰ ਬਾਦਲ ਧੜੇ ਨਾਲ ਸਨ ਤੇ 6 ਟੌਹੜਾ ਨਾਲ। ਬਾਦਲ ਨੇ ਟੌਹੜਾ ਧੜੇ ਦੇ ਸੂਬਾ ਸਿੰਘ ਡਬਵਾਲਾ ’ਤੇ ਦਬਾਅ ਪਾ ਕੇ ਉਸ ਨੂੰ ਚੰਡੀਗੜ੍ਹ ਆਉਣ ਵਾਸਤੇ ਕਿਹਾ। ਉਹ ਅੰਮ੍ਰਿਤਸਰ ਆਉਣ ਦੀ ਬਜਾਇ ਚੰਡੀਗੜ੍ਹ ਚਲਾ ਗਿਆ।

ਚੰਡੀਗੜ੍ਹ ਵਿਚ ਬਾਦਲ-ਹਿਮਾਇਤੀ ਦਸ ਐਗਜੈਕਟਿਵ ਮੈਂਬਰਾਂ ਨੇ ਟੌਹੜਾ ਤੋਂ ਅਸਤੀਫ਼ੇ ਦੀ ਮੰਗ ਕੀਤੀ। ਇਸ ਬਿਆਨ ’ਤੇ ਦਸਤਖ਼ਤ ਕਰਨ ਵਾਲੇ ਸਨ: ਬਲਬੀਰ ਸਿੰਘ ਪੰਨੂ, ਹਰਦਲਬੀਰ ਸਿੰਘ ਸ਼ਾਹ, ਮੱਲ ਸਿੰਘ ਘੁਮਾਣ, ਭਗਵੰਤ ਸਿੰਘ, ਜੋਗਾ ਸਿੰਘ ਫ਼ਗੂਵਾਲਾ, ਗੁਰਪਾਲ ਸਿੰਘ ਗੋਰਾ, ਸਤਨਾਮ ਸਿੰਘ ਭਾਈ ਰੂਪਾ, ਰਘੂਜੀਤ ਸਿੰਘ, ਕੇਵਲ ਸਿੰਘ ਬਾਦਲ ਅਤੇ ਸੂਬਾ ਸਿੰਘ ਡੱਬਵਾਲਾ। ਉਧਰ ਟੌਹੜਾ, ਸੁਖਦੇਵ ਸਿੰਘ ਭੌਰ, ਸੁਰਜੀਤ ਸਿੰਘ ਚੀਮਾ, ਗੁਰਵਿੰਦਰ ਸਿੰਘ ਸ਼ਾਮਪੁਰ ਤੇ ਬੀਬੀ ਕੁਲਦੀਪ ਕੌਰ (ਪੰਜਾਂ) ਨੇ, ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਕਰ ਲਈ। ਮੀਟਿੰਗ ਵਾਸਤੇ ਘੱਟ-ਘੱਟ ਕੋਰਮ ਪੰਜ ਮੈਂਬਰਾਂ ਦਾ ਚਾਹੀਦਾ ਸੀ ਤੇ ਇੰਵ ਇਹ ਮੀਟਿੰਗ ਕਾਨੂੰਨੀ ਸੀ। ਇਸ ਮੀਟਿੰਗ ਵਿਚ ਮਨਜੀਤ ਸਿੰਘ ਕਲਕੱਤਾ ਨੂੰ ਸ਼੍ਰੋਮਣੀ ਕਮੇਟੀ ਦਾ ਸਕੱਤਰ ਬਣਾ ਦਿੱਤਾ ਗਿਆ।

ਹੁਣ ਬਾਦਲ ਨੇ ਟੌਹੜਾ ਤੇ ਹੋਰ ਕਈ ਪਾਸਿਓਂ ਵਾਰ ਕਰਨੇ ਸ਼ੁਰੂ ਕਰ ਦਿਤੇ। ਪਟਿਆਲੇ ਦੇ ਪੁਲੀਸ ਤੇ ਐਗ਼ਜ਼ੈਕਟਿਵ ਅਫ਼ਸਰਾਂ ਵਿਚੋਂ ਉਹ ਸਾਰੇ ਤਬਦੀਲ ਕਰ ਕੇ ਦੂਰ ਭੇਜ ਦਿਤੇ ਗਏ ਜਿਨ੍ਹਾਂ ਦੀ ਟੌਹੜਾ ਨਾਲ ਜ਼ਰਾ ਜਿੰਨੀ ਵੀ ਨੇੜਤਾ ਸੀ। ਹੋਰ ਤਾਂ ਹੋਰ ਰੋਪੜ ਦਾ ਐਸ.ਐਸ.ਪੀ. ਰਣਬੀਰ ਸਿੰਘ ਖਟੜਾ, ਜੋਂ ਇਕੱਲਾ ਅੰਮ੍ਰਿਤਧਾਰੀ ਸੀਨੀਅਰ ਪੁਲੀਸ ਅਫ਼ਸਰ ਸੀ, ਨੂੰ ਵੀ ਇਥੋਂ ਹਟਾ ਦਿੱਤਾ ਗਿਆ। (ਖਟੜਾ ਖਾਲਸਾ ਪ੍ਰਗਟ ਕਰਨ ਦੇ ਸਮਾਗਮਾਂ ਦੀ ਧਾਰਮਿਕ ਜਜ਼ਬਾਤ ਨਾਲ ਨਿਗਰਾਨੀ ਕਰ ਰਿਹਾ ਸੀ)।

17 ਦਸੰਬਰ ਨੂੰ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੀ 'ਜ਼ਾਬਤਾ ਕਮੇਟੀ' ਵਲੋਂ 'ਕਾਰਨ ਦਸੋ' ਨੋਟਿਸ ਜਾਰੀ ਕਰਵਾ ਦਿੱਤਾ। ਹਾਲਾਂ ਕਿ ਟੌਹੜਾ ਨੇ ਪਾਰਟੀ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਸੀ ਪਰ 'ਬਘਿਆੜ ਅਤੇ ਲੇਲਾ' ਵਾਲੀ ਕਹਾਣੀ ਵਾਂਗ ਐਂਟੀ-ਟੌਹੜਾ ਸਿੰਡੀਕੇਟ ਤਾਂ ਟੌਹੜਾ ਨੂੰ ਹਰ-ਹੀਲੇ 'ਬੰਨੇ ਕਰਨ' ਦਾ ਤਹੱਈਆ ਕਰੀ ਬੈਠੀ ਸੀ। ਉਨ੍ਹਾਂ ਨੂੰ ਕਿਸੇ ਦਲੀਲ ਜਾਂ ਨੁਕਤੇ ਜਾਂ ਅਸੂਲ ਨਾਲ ਕੋਈ ਸਰੋਕਾਰ ਨਹੀਂ ਸੀ। ਉਨ੍ਹਾਂ ਨੂੰ ਨਾ ਤਾਂ ਜਥੇਬੰਦੀ ਨਜ਼ਰ ਆਉਂਦੀ ਸੀ ਤੇ ਨਾ ਹੀ ਕੌਮ ਦਾ ਭਵਿੱਖ। ਉਹ ਇਹ ਗੱਲ ਸੋਚਣ ਵਾਸਤੇ ਤਿਆਰ ਨਹੀਂ ਸਨ ਕਿ ਇਸ ਦੇ ਨਤੀਜੇ ਕੀ ਨਿਕਲਣਗੇ।

16 ਦਸੰਬਰ ਨੂੰ ਭਾਈ ਰਣਜੀਤ ਸਿੰਘ (ਮੁਖ ਸੇਵਾਦਾਰ ਅਕਾਲ ਤਖ਼ਤ) ਨੇ ਇਕ ਬਿਆਨ ਵਿਚ ਆਖਿਆ ਕਿ ਮੈਂ ਬਾਦਲ ਟੌਹੜਾ ਮਾਮਲੇ 'ਚ ਦਖ਼ਲ ਨਹੀਂ ਦਿਆਂਗਾ। 17 ਦਸੰਬਰ ਨੂੰ ਬਾਦਲ ਨੇ ਭਾਈ ਰਣਜੀਤ ਸਿੰਘ ਨਾਲ ਇਕੱਲਿਆਂ ਗੱਲਬਾਤ ਕੀਤੀ। ਰਣਜੀਤ ਸਿੰਘ ਨੇ ਬਾਦਲ ਨੂੰ ਸਮਝਾਇਆ ਕਿ ਇਸ ਮੌਕੇ 'ਤੇ ਪੰਥ ਵਿਚ ਫ਼ੁਟ ਨਾ ਪਾਈ ਜਾਏ, ਪਰ ਬਾਦਲ ਨਾ ਮੰਨਿਆ। ਇਸ ਮਗਰੋਂ ਟੌਹੜਾ ਨੇ ਵੀ ਭਾਈ ਰਣਜੀਤ ਸਿੰਘ ਨਾਲ ਮੁਲਾਕਾਤ ਕੀਤੀ। ਇਨ੍ਹੀਂ ਦਿਨੀਂ ਹੀ ਅਟਲ ਬਿਹਾਰੀ ਵਾਜਪਾਈ ਨੇ ਵੀ ਇਸ ਮਾਮਲੇ ਵਿਚ ਦਖ਼ਲ ਦਿੱਤਾ ਤੇ ਬਾਦਲ ਤੇ ਟੌਹੜਾ ਦੋਹਾਂ ਨਾਲ ਰਾਬਤਾ ਬਣਾਇਆ। ਟੌਹੜਾ ਨਾਲ ਵਾਜਪਾਈ ਨੇ ਅੱਧਾ ਘੰਟਾ ਤੋਂ ਵੱਧ ਫ਼ੋਨ 'ਤੇ ਗਲਬਾਤ ਕੀਤੀ। ਟੌਹੜਾ ਨੇ ਵਾਜਪਾਈ ਨੂੰ ਸਮਝਾਇਆ ਕਿ ਇਹ ਸਾਰੀ ਖੇਡ ਬਾਦਲ ਵਲੋਂ ਆਪਣੇ ਮੁੰਡੇ ਨੂੰ ਚੀਫ਼ ਮਨਿਸਟਰ ਬਣਾਉਣ ਵਾਸਤੇ ਖੇਡੀ ਜਾ ਰਹੀ ਹੈ।

24 ਦਸੰਬਰ ਨੂੰ ਬਾਦਲ ਨੇ ਇਕ ਅਜੀਬ ਬਿਆਨ ਦੇ ਮਾਰਿਆ। ਉਸ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੁਪਰੀਮ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਦਾ ਇਕ ਹਿੱਸਾ ਹੈ। ਵਕੀਲਾਂ ਤੇ ਵਿਦਵਾਨਾਂ ਨੇ ਇਸ ਬਿਆਨ ਗ਼ਲਤ ਦੱਸਿਆ ਕਿਉਂਕਿ ਸ਼੍ਰੋਮਣੀ ਕਮੇਟੀ ਤਾਂ ਇਕ ਸਰਕਾਰੀ ਕਾਨੂੰਨ ਹੇਠ ਬਣੀ ਤੇ ਚੁਣੀ ਹੋਈ ਜਮਾਤ ਹੈ। ਬਾਦਲ ਇਹ ਆਖ ਸਕਣ ਦਾ ਹੱਕਦਾਰ ਜ਼ਰੂਰ ਸੀ ਕਿ ਸ਼੍ਰੋਮਣੀ ਕਮੇਟੀ ਵਿਚ ਬਾਦਲ ਅਕਾਲੀ ਦਲ ਨਾਲ ਸਬੰਧਿਤ ਮੈਂਬਰ ਉਸ ਦੇ ਅਕਾਲੀ ਦਲ ਦਾ ਇਕ ਹਿੱਸਾ ਹਨ।

ਇਨ੍ਹਾਂ ਦਿਨਾਂ ਵਿਚ ਕਈ ਸੰਜੀਦਾ ਸਿੱਖ ਵਿਦਵਾਨਾਂ ਅਤੇ ਹੋਰਨਾਂ ਨੇ ਬਾਦਲ-ਟੌਹੜਾ ਵਿਚ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕੀਤੀ। 26 ਦਸੰਬਰ ਨੂੰ ਫ਼ਤਹਿਗੜ੍ਹ ਸਾਹਿਬ ਵਿਚ ਹੋਈ ਅਕਾਲੀ ਕਾਨਫ਼ਰੰਸ ਵਿਚ ਟੌਹੜਾ ਤੇ ਬਾਦਲ ਇੱਕੋ ਸਟੇਜ ਤੋਂ ਬੋਲੇ। ਟੌਹੜਾ ਨੇ ਆਪਣੀ ਤਕਰੀਰ ਵਿਚ ਕਿਹਾ ਕਿ "ਮੈਂ ਅਕਾਲੀ ਦਲ ਦੋਫਾੜ ਹੋਣ ਨਹੀਂ ਦਿਆਂਗਾ। ਜੇ ਬਾਦਲ ਜੀ ਆਖਣ ਤਾਂ ਮੈਂ ਹੁਣੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇਣ ਵਾਸਤੇ ਤਿਆਰ ਹਾਂ।" ਟੌਹੜਾ ਨੇ ਇੱਥੋਂ ਤਕ

ਆਖਿਆ ਕਿ 'ਜੇ ਮੇਰੇ ਆਖੇ ਲਫ਼ਜ਼ਾਂ ਨਾਲ ਕਿਸੇ ਨੂੰ ਕੋਈ ਤਕਲੀਫ਼ ਹੋਈ ਹੈ ਤਾਂ ਮੈਂ ਮੁਆਫ਼ੀ ਮੰਗਦਾ ਹਾਂ।' (ਟੌਹੜਾ ਇਸ ਤੋਂ ਵਧ 'ਮੁਆਫ਼ੀ' ਨਹੀਂ ਸੀ ਮੰਗ ਸਕਦਾ। ਪਰ ਜੇ ਕਰ ਕੋਈ ਡਸਿਪਲਨ ਦਾ ਮਸਲਾ ਹੁੰਦਾ ਤਾਂ ਇਸ ਮੁਆਫ਼ੀ ਦਾ ਕੋਈ ਫ਼ਾਇਦਾ ਸੀ। ਇੱਥੇ ਤਾਂ ਟੌਹੜਾ ਨਾਲ ਦੁਸ਼ਮਣੀ ਪੁਗਾਉਣ ਦਾ ਐਲਾਨ ਅਮਲ ਵਿਚ ਆ ਰਿਹਾ ਸੀ)। ਇਸ ਮੌਕੇ 'ਤੇ ਬਾਦਲ ਨੇ ਟੌਹੜਾ ਨੂੰ ਸਿਰੋਪਾਓ ਵੀ ਭੇਟ ਕੀਤਾ। ਮਗਰੋਂ ਤਲਵੰਡੀ ਨੇ ਅਖ਼ਬਾਰਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ 'ਬਾਦਲ-ਟੌਹੜਾ ਵਿਚ ਏਕਤਾ ਛੇਤੀ ਹੀ ਹੋ ਜਾਵੇਗੀ।' ਜਦੋਂ ਉਨ੍ਹਾਂ ਇਹ ਪੁੱਛਿਆ ਕਿ 'ਟੌਹੜਾ ਨੂੰ ਦਿੱਤੇ ਸ਼ੋਅ ਕਾਜ਼ (ਕਾਰਨ ਦੱਸੋ) ਨੋਟਿਸ ਦਾ ਕੀ ਹੋਵੇਗਾ?' ਤਾਂ ਤਲਵੰਡੀ ਨੇ ਜਵਾਬ ਦਿਤਾ ਕਿ 'ਉਹ ਵੀ ਹੱਲ ਹੋ ਜਾਵੇਗਾ।'

ਇਸ ਤੋਂ ਅਜਿਹਾ ਜਾਪਿਆ ਕਿ ਮਸਲਾ ਖ਼ਤਮ ਹੋ ਜਾਵੇਗਾ ਪਰ ਉਸੇ ਸ਼ਾਮ ਐਂਟੀ-ਟੌਹੜਾ ਸਿੰਡੀਕੇਟ ਨੇ ਬਾਦਲ 'ਤੇ ਜ਼ੋਰ ਪਾਇਆ ਕਿ ਉਹ ਤਲਵੰਡੀ ਨੂੰ ਅਜਿਹੀ ਹਰਕਤ ਕਰਨ ਤੋਂ ਰੋਕੇ। ਉਸ ਵੇਲੇ ਤਲਵੰਡੀ ਦੇ ਮੁੰਡੇ 'ਤੇ ਚਲ ਰਹੇ ਕਤਲ ਕੇਸ ਦੇ ਮੁਕਦਮੇ ਦਾ ਫ਼ੈਸਲਾ ਹੋਣ ਵਾਲਾ ਸੀ। ਫਸੇ ਹੋਏ ਤਲਵੰਡੀ ਨੇ ਐਂਟੀ-ਟੌਹੜਾ ਸਿੰਡੀਕੇਟ ਦੇ ਦਬਾਅ ਹੇਠ ਆ ਕੇ ਹਥਿਆਰ ਸੁੱਟ ਦਿੱਤੇ। ਇਸ ਮਗਰੋਂ ਤਲਵੰਡੀ ਚੁੱਪ ਹੋ ਗਿਆ। 28 ਦਸੰਬਰ ਨੂੰ ਬਾਦਲ ਨੇ ਇਕ ਬਿਆਨ ਵਿਚ ਆਖਿਆ ਕਿ ਜਿਨ੍ਹਾਂ ਵਜ਼ੀਰਾਂ ਨੇ ਅਸਤੀਫ਼ੇ ਦਿੱਤੇ ਸਨ ਉਹ ਵਜ਼ਾਰਤ ਵਿਚ ਵਾਪਿਸ ਨਹੀਂ ਲਏ ਜਾਣਗੇ।

ਅਕਾਲ ਤਖ਼ਤ ਸਾਹਿਬ ਤੋਂ ਰਣਜੀਤ ਸਿੰਘ ਦਾ 'ਹੁਕਮਨਾਮਾ'

ਜਦੋਂ ਭਾਈ ਰਣਜੀਤ ਸਿੰਘ ਨੇ ਇਹ ਵੇਖਿਆ ਕਿ ਟੌਹੜਾ ਵਲੋਂ ਸ਼ਰੇਆਮ ਅਤੇ ਬਿਨਾਂ ਸ਼ਰਤ ਮੁਆਫ਼ੀ ਮੰਗਣ ਅਤੇ ਫ਼ਤਹਿਗੜ੍ਹ ਸਾਹਿਬ ਕਾਨਫ਼ਰੰਸ ਵਿਚ ਏਕਤਾ ਦੀਆਂ ਗੱਲਾਂ ਕਰਨ ਦੇ ਬਾਵਜੂਦ ਬਾਦਲ ਧੜਾ ਧਿੰਙੋਜ਼ੋਰੀ ਕਰਨ 'ਤੇ ਤੁਲਿਆ ਹੋਇਆ ਹੈ ਤਾਂ ਉਸ ਨੇ 31 ਦਸੰਬਰ 1998 ਦੇ ਦਿਨ ਅਕਾਲ ਤਖ਼ਤ ਸਾਹਿਬ ਤੋਂ ਇਕ 'ਹੁਕਮਨਾਮਾ' ਜਾਰੀ ਕਰ ਕੇ 15 ਅਪ੍ਰੈਲ ਤਕ ਟੌਹੜਾ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨ ਤੋਂ ਰੋਕ ਦਿੱਤਾ। ਇਸ 'ਹੁਕਮਨਾਮੇ' (*ਨੰਬਰ 1782/ੳ/98*) ਵਿਚ ਕਿਹਾ ਗਿਆ ਸੀ:

"ਹੁਕਮਨਾਮਾ

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥

ਅੱਜ ਮਿਤੀ 31 ਦਸੰਬਰ 1998 ਨੂੰ ਅਕਾਲ ਤਖ਼ਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ। ਜਿਸ ਵਿਚ ਸ: ਪ੍ਰਕਾਸ਼ ਸਿੰਘ ਬਾਦਲ ਤੇ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵਾਦ-ਵਿਵਾਦ ਨੂੰ ਨਿਪਟਾਉਣ ਸਬੰਧੀ ਦੇਸ਼-ਵਿਦੇਸ਼ ਤੋਂ ਆਈਆਂ ਸੈਂਕੜੇ ਪੱਤਰਕਾਵਾਂ 'ਤੇ ਵਿਚਾਰ ਹੋਈ ਅਤੇ ਵਾਦ-ਵਿਵਾਦ ਦੇ ਸ਼ੁਰੂ ਤੋਂ ਅੱਜ ਤਕ ਦੇ ਹਾਲਾਤ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਗਿਆ। ਉਪਰੰਤ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਿਰਮੌਰ ਲੀਡਰਾਂ ਦੇ ਆਪਸੀ ਹਿੱਤ ਸੁਰੱਖਿਅਤ ਰੱਖਣ ਦੀ ਬਜਾਏ ਕੌਮ ਦੇ ਹਿਤਾਂ ਨੂੰ ਸੁਰੱਖਿਅਤ ਕੀਤਾ ਜਾਵੇ ਤਾਂ ਜੋ ਖ਼ਾਲਸਾ ਪੰਥ ਦੀ ਤੀਜੀ ਸ਼ਤਾਬਦੀ ਸਿੱਖ ਕੌਮ ਚੜ੍ਹਦੀ ਕਲਾ ਅਤੇ ਉਤਸ਼ਾਹ ਨਾਲ ਮਨਾ ਸਕੇ, ਕਿਉਂਕਿ ਗੁਰੂ ਰੂਪ ਸੰਗਤ ਦੀ ਸੋਚ ਵੀ ਕੁਝ ਇਸੇ ਤਰ੍ਹਾਂ ਉਭਰ ਕੇ ਕੁਝ ਦਿਨਾਂ ਵਿਚ ਸਾਹਮਣੇ

ਆਈ ਹੈ।

ਖਾਲਸੇ ਦੇ ਤਿੰਨ ਸੌ ਸਾਲਾਂ ਦੇ ਇਸ ਮਹਾਨ ਇਤਿਹਾਸਕ ਦਿਹਾੜੇ ਨੂੰ ਇਸ ਹਾਲਾਤ ਵਿਚ ਮਨਾਉਣ ਲਈ ਪੰਜਾਬ ਦੀ ਰਾਜਨੀਤੀ 'ਤੇ ਛਾਏ ਹੋਏ ਕਾਲੇ ਬੱਦਲ ਹਟਾਏ ਜਾਣ ਤੋਂ ਬਿਨਾਂ ਇਹ 300 ਸਾਲਾ ਸ਼ਤਾਬਦੀ ਮਨਾਉਣੀ ਅਸੰਭਵ ਜਾਪਦੀ ਹੈ।

ਅਸੀਂ ਸਿੱਖ ਸੰਗਤ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਅਕਾਲੀ ਹਾਈ ਕਮਾਨ ਨੂੰ ਇਹ ਆਦੇਸ਼ ਦਿੰਦੇ ਹਾਂ ਕਿ ਮਿਤੀ 15 ਅਪ੍ਰੈਲ 1999 ਤਕ ਕੋਈ ਵੀ ਧਿਰ ਇਕ ਦੂਜੇ ਦਾ ਕੋਈ ਵੀ ਨੁਕਸਾਨ ਨਾ ਕਰੇ। ਬਲਕਿ ਆਪਣੇ-ਆਪਣੇ ਅਹੁਦਿਆਂ 'ਤੇ ਇਸੇ ਤਰ੍ਹਾਂ ਬਣੇ ਰਹਿ ਕੇ 300 ਸਾਲਾ ਸ਼ਤਾਬਦੀ ਸਬੰਧੀ ਦਿੱਤੇ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ।

ਜ਼ਾਬਤਾ ਕਮੇਟੀ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਦਿੱਤੇ ਗਏ ਕਾਰਨ ਦੱਸੋ ਨੋਟਿਸ ਦੇ ਜੁਆਬ ਨੂੰ ਲਿਫ਼ਾਫ਼ੇ ਵਿਚ ਸੀਲਬੰਦ ਕਰ ਕੇ ਰੱਖਿਆ ਜਾਵੇ। ਮਿਤੀ 15 ਅਪ੍ਰੈਲ 1999 ਤੋਂ ਬਾਅਦ ਅਕਾਲੀ ਦਲ ਦੇ ਸੰਵਿਧਾਨ ਤੇ ਪੰਥਕ ਰਵਾਇਤਾਂ ਨੂੰ ਧਿਆਨ ਵਿਚ ਰੱਖਦਿਆਂ ਜ਼ਾਬਤਾ ਕਮੇਟੀ ਇਸ ਕਾਰਨ ਦੱਸੋ ਨੋਟਿਸ ਦੇ ਜੁਆਬ 'ਤੇ ਵਿਚਾਰ ਕਰ ਸਕਦੀ ਹੈ। ਅਸੀਂ ਆਸ ਕਰਦੇ ਹਾਂ ਕਿ ਅਕਾਲੀ ਹਾਈਕਮਾਨ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦੀ ਹੋਈ, ਇਸ ਆਦੇਸ਼ 'ਤੇ ਅਮਲ ਕਰੇਗੀ।"

(ਇਸ 'ਹੁਕਮਨਾਮੇ' ਹੇਠਾਂ ਰਣਜੀਤ ਸਿੰਘ, ਮੋਹਣ ਸਿੰਘ, ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ ਦੇ ਦਸਤਖ਼ਤ ਸਨ)।

ਪਹਿਲੀ ਜਨਵਰੀ 1999 ਨੂੰ ਇਕ ਬਿਆਨ ਵਿਚ ਸਿਮਰਨਜੀਤ ਸਿੰਘ ਮਾਨ ਨੇ (ਭਾਈ) ਰਣਜੀਤ ਸਿੰਘ ਤੋਂ ਮੰਗ ਕੀਤੀ ਕਿ ਉਹ ਬਾਦਲ-ਟੌਹੜਾ ਝਗੜੇ ਵਿਚ ਦਖ਼ਲ ਨਾ ਦੇਵੇ। ਤਿੰਨ ਜਨਵਰੀ 1999 ਦੇ ਦਿਨ ਮਨਜੀਤ ਸਿੰਘ (ਕੇਸਗੜ੍ਹ ਸਾਹਿਬ) ਅਤੇ ਕੇਵਲ ਸਿੰਘ (ਤਲਵੰਡੀ ਸਾਬੋ) ਨੇ ਰਣਜੀਤ ਸਿੰਘ ਵੱਲੋਂ ਜਾਰੀ ਕੀਤੇ 'ਹੁਕਮਨਾਮੇ' ਦੀ ਮੁਖ਼ਾਲਫ਼ਤ ਕੀਤੀ। ਇਨ੍ਹਾਂ ਨੇ ਆਖਿਆ ਕਿ ਅਕਾਲ ਤਖ਼ਤ ਸਾਹਿਬ ਨੂੰ ਸਿਆਸੀ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। (ਇਹੀ ਮਨਜੀਤ ਸਿੰਘ 'ਅਕਾਲੀ ਦਲ ਅੰਮ੍ਰਿਤਸਰ' ਬਣਾਉਣ, ਅਕਾਲੀਆਂ ਵਿਚ ਏਕਤਾ ਕਰਵਾਉਣ, ਬਾਦਲ ਨੂੰ ਏਕਤਾ ਨਾ ਕਰਨ 'ਤੇ ਝਿੜਕਾਂ ਮਾਰਨ ਵਾਸਤੇ ਖ਼ਤ ਲਿਖਣ ਵਿਚ, 1995 ਵਿਚ, ਪੇਸ਼-ਪੇਸ਼ ਸੀ)।

ਰਣਜੀਤ ਸਿੰਘ ਦੇ ਹੁਕਮਨਾਮੇ ਮਗਰੋਂ ਬਾਦਲ ਨੇ ਪ੍ਰੋ: ਦਰਸ਼ਨ ਸਿੰਘ ਰਾਗੀ ਨਾਲ ਮੁਲਾਕਾਤ ਕੀਤੀ। ਇਕ ਸੋਮੇ ਮੁਤਾਬਿਕ ਬਾਦਲ ਨੇ ਰਣਜੀਤ ਸਿੰਘ ਨੂੰ ਹਟਾ ਕੇ ਉਸ ਦੀ ਥਾਂ 'ਤੇ ਪ੍ਰੋ: ਨੂੰ ਲਿਆਉਣ ਦੀ ਪੇਸ਼ਕਸ਼ ਕੀਤੀ, ਪਰ ਸ਼ਰਤ ਇਹ ਰੱਖੀ ਸੀ ਕਿ ਰਾਗੀ (ਭਾਈ) ਰਣਜੀਤ ਸਿੰਘ ਵਾਲਾ 'ਹੁਕਮਨਾਮਾ' ਵਾਪਿਸ ਲੈ ਲਵੇ। ਪ੍ਰੋ: ਨੇ ਇਸ ਨੂੰ ਸ਼ਰਤਾਂ ਨਾਲ ਕਬੂਲ ਕਰਨੋਂ ਨਾਂਹ ਕਰ ਦਿੱਤੀ।

2 ਜਨਵਰੀ 1999 ਦੇ ਦਿਨ ਮਨਜੀਤ ਸਿੰਘ ਅਤੇ ਕੇਵਲ ਸਿੰਘ ਨੇ ਇਸ ਹੁਕਮਨਾਮੇ ਦੀ ਕਰੜੀ ਮੁਖ਼ਾਲਫ਼ਤ ਕੀਤੀ ਅਤੇ ਕਿਹਾ ਕਿ 'ਇਸ ਸਮੇਂ ਸਾਨੂੰ ਸਿਆਸੀ ਮਾਮਲਿਆਂ ਵਿਚ ਦਖ਼ਲ ਦੇਣ ਦੀ ਬਜਾਇ ਧਾਰਮਿਕ ਆਗੂਆਂ ਦੀ ਏਕਤਾ ਦੀ ਲੋੜ ਹੈ।' ਇਨ੍ਹਾਂ ਦਾ ਇਸ਼ਾਰਾ ਰਣਜੀਤ ਸਿੰਘ ਦੀ ਇਨ੍ਹਾਂ ਦੋਹਾਂ ਨਾਲ 'ਏਕਤਾ' ਵੱਲ ਸੀ। ਉਨ੍ਹਾਂ ਨੇ ਇਸ ਹੁਕਮਨਾਮੇ 'ਤੇ ਮੁੜ ਵਿਚਾਰ

ਕਰਨ ਵਾਸਤੇ ਵੀ ਕਿਹਾ। 2 ਜਨਵਰੀ 1999 ਨੂੰ ਹੀ ਟੌਹੜਾ ਨੇ 'ਕਾਰਨ ਦਸੋ' ਨੋਟਿਸ ਦਾ ਜਵਾਬ ਭੇਜ ਦਿੱਤਾ।

ਇਨ੍ਹਾਂ ਦਿਨਾਂ ਵਿਚ ਹੀ ਬਾਦਲ ਖੇਮੇ ਦੇ ਕਈ ਵਰਕਰਾਂ ਨੇ ਭਾਈ ਰਣਜੀਤ ਸਿੰਘ ਤੋਂ ਮੰਗ ਕੀਤੀ ਕਿ ਉਹ 'ਹੁਕਮਨਾਮਾ' ਵਾਪਿਸ ਲੈ ਲਵੇ। 3 ਜਨਵਰੀ ਨੂੰ ਰਣਜੀਤ ਸਿੰਘ ਨੇ ਐਲਾਨ ਕੀਤਾ ਕਿ ਮੈਂ ਹੁਕਮਨਾਮਾ ਵਾਪਿਸ ਨਹੀਂ ਲਵਾਂਗਾ। ਦੋਵੇਂ 'ਸਿੰਘ ਸਾਹਿਬ' (ਮਨਜੀਤ ਸਿੰਘ ਤੇ ਕੇਵਲ ਸਿੰਘ) 'ਮੁਰਾਦਾਬਾਦੀ ਲੋਟੇ' ਹਨ। ਬਾਦਲ ਧੜੇ ਦੇ ਹਿਮਾਇਤੀਆਂ ਵਲੋਂ ਕੀਤੀ ਗਈ ਨੁਕਤਾਚੀਨੀ ਦੇ ਸਬੰਧ ਵਿਚ ਉਸ ਨੇ ਆਖਿਆ ਕਿ 'ਮੈਂ ਝੰਡੂਆਂ ਭੰਗੂਆਂ ਦਾ ਜਵਾਬ ਨਹੀਂ ਦੇਵਾਂਗਾ।' ਉਸ ਨੇ ਇਹ ਵੀ ਕਿਹਾ ਕਿ 'ਬਾਦਲ ਕੋਲ ਸ਼੍ਰੋਮਣੀ ਕਮੇਟੀ ਵਿਚ ਅਕਸਰੀਅਤ (ਬਹੁ-ਗਿਣਤੀ) ਹੈ। ਇਸ ਲਈ ਜੇ ਕਰ ਕਮੇਟੀ ਉਸ ਨੂੰ ਜਥੇਦਾਰ ਦੀ ਪਦਵੀ ਤੋਂ ਹਟਾਏਗੀ ਤਾਂ ਉਹ ਬਿਨਾਂ ਕਿਸੇ ਵਿਰੋਧ ਦੇ ਇਹ ਪਦਵੀ ਛੱਡ ਦੇਵੇਗਾ। ਉਹ ਇਸ ਦੇ ਖ਼ਿਲਾਫ਼ ਕੋਈ ਅਪੀਲ ਨਹੀਂ ਕਰੇਗਾ ਅਤੇ ਨਾ ਹੀ ਇਸ ਅਹੁਦੇ 'ਤੇ ਬਣੇ ਰਹਿਣ ਵਾਸਤੇ ਕਿਸੇ ਅਦਾਲਤ ਵਿਚ ਜਾਵੇਗਾ।' *(ਉਂਵ ਜਦ 10 ਫ਼ਰਵਰੀ 1999 ਨੂੰ ਬਾਦਲ ਧੜੇ ਨੇ ਰਣਜੀਤ ਸਿੰਘ ਨੂੰ ਅਕਾਲ-ਤਖ਼ਤ ਸਾਹਿਬ ਦੀ 'ਜਥੇਦਾਰੀ' ਤੋਂ ਹਟਾਇਆ ਤਾਂ ਉਸ ਨੇ ਇਸ ਫ਼ੈਸਲੇ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਆਪਣੇ ਆਪ ਨੂੰ 'ਅਸਲੀ' ਜੱਥੇਦਾਰ ਆਖਣਾ ਜਾਰੀ ਰੱਖਿਆ)।*

ਤਿੰਨ ਜਨਵਰੀ ਨੂੰ ਮਨਜੀਤ ਸਿੰਘ (ਕੇਸਗੜ੍ਹ) ਦੇ ਖ਼ਾਸ ਹਿਮਾਇਤੀਆਂ, ਪਟਿਆਲਾ ਦੇ ਡਾ: ਕਿਹਰ ਸਿੰਘ, ਡਾ: ਕੁਲਵੰਤ ਸਿੰਘ ਗਰੇਵਾਲ, ਡਾ: ਗੁਰਤਾਰਨ ਸਿੰਘ ਵ਼ਗੈਰਾ ਨੇ ਵੀ ਰਣਜੀਤ ਸਿੰਘ ਦੇ 'ਹੁਕਮਨਾਮੇ' ਦੇ ਖ਼ਿਲਾਫ਼ ਬਿਆਨ ਦਿੱਤਾ। ਉਨ੍ਹਾਂ ਤਾਂ ਇਕ ਹੋਰ ਜਗ੍ਹਾ 'ਤੇ ਰਣਜੀਤ ਸਿੰਘ ਨੂੰ 'ਪਾਗਲ' ਵੀ ਆਖਿਆ। ਇਸ ਸਬੰਧ ਵਿਚ ਇਕ ਵਿਦਵਾਨ ਨੇ ਆਖਿਆ ਕਿ 'ਕਿਹਰ ਸਿੰਘ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣਨ ਦੀ ਖ਼ਾਹਿਸ਼ ਵਿਚ ਇਹ ਸਾਰਾ ਕੁਝ ਕਰ ਰਿਹਾ ਹੈ।' ਚਾਰ ਜਨਵਰੀ ਨੂੰ ਕੇਸਗੜ੍ਹ ਵਾਲੇ ਮਨਜੀਤ ਸਿੰਘ ਨੇ ਬਾਦਲ ਦੀ ਹਿਮਾਇਤ ਵਿਚ ਇਕ ਹੋਰ ਬਿਆਨ ਜਾਰੀ ਕਰ ਦਿੱਤਾ।

7 ਜਨਵਰੀ ਨੂੰ ਬਾਦਲ ਨੇ ਅਕਾਲੀ ਪਾਰਟੀ ਨਾਲ ਸਬੰਧਿਤ ਐਮ.ਐਲ.ਏਜ਼, ਐਮ.ਪੀਜ਼., ਸ਼੍ਰੋਮਣੀ ਕਮੇਟੀ ਮੈਂਬਰਾਂ, ਅਕਾਲੀ ਦਲ ਦੇ ਅਹੁਦੇਦਾਰਾਂ ਅਤੇ ਜ਼ਿਲਾ ਜੱਥੇਦਾਰਾਂ ਦੀ ਇਕ ਮੀਟਿੰਗ ਅੰਨਦਪੁਰ ਸਾਹਿਬ ਬੁਲਾ ਲਈ। ਇਸ ਮੀਟਿੰਗ ਵਿਚ ਟੌਹੜਾ ਵੀ ਹਾਜ਼ਿਰ ਸੀ। ਇਸ ਮੀਟਿੰਗ ਵਿਚ ਬਾਦਲ ਨੇ ਖਾਲਸਾ ਪ੍ਰਗਟ ਦੇ ਤਿੰਨ ਸੌ ਸਾਲਾ ਸਬੰਧੀ ਸਮਾਗਮਾਂ ਦੇ ਸਾਰੇ ਹਕੂਕ ਆਪਣੇ ਹੱਥ ਵਿਚ ਲੈਣ ਦਾ ਮਤਾ ਪਾਸ ਕਰਵਾ ਲਿਆ। ਇਸ ਕਾਰਵਾਈ ਪਿੱਛੇ ਬਾਦਲ ਦਾ ਮਕਸਦ ਤਾਂ ਇਨ੍ਹਾਂ ਸਮਾਗਮਾਂ ਵਿਚ ਟੌਹੜਾ ਨੂੰ 'ਬੰਨੇ ਕਰਨਾ' ਅਤੇ ਆਪਣੇ ਨਿੰਜੀ ਸਬੰਧੀਆਂ ਤੇ ਭਾਜਪਾ ਆਗੂਆਂ ਨੂੰ 'ਸਨਮਾਨ' ਵ਼ਗੈਰਾ ਦੇਣ ਦਾ ਸੀ।

ਸੋ, ਇਸ ਮੀਟਿੰਗ ਵਿਚ ਬਾਦਲ ਨੇ 300 ਸਾਲਾ ਦਿਨ ਦੇ ਸਮਾਗਮਾਂ ਦਾ ਸਾਰਾ ਪ੍ਰਬੰਧ ਆਪਣੇ ਹੱਥ ਵਿਚ ਲੈ ਲਿਆ ਸੀ ਤੇ ਹੁਣ ਉਹ ਆਪਣੇ ਅਗਲੇ ਤੇ ਆਖ਼ਰੀ ਐਕਸ਼ਨ ਵੱਲ ਆਉਣਾ ਚਾਹੁੰਦਾ ਸੀ, ਯਾਨਿ ਟੌਹੜੇ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ 'ਬੰਨੇ ਕਰਨਾ'। ਉਸ ਨੇ ਸਾਰੇ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਸਾਫ਼ ਕਹਿ ਦਿੱਤਾ ਕਿ ਜੋ ਟੌਹੜੇ ਨਾਲ ਹਮਦਰਦੀ ਦਿਖਾਵੇਗਾ ਉਸ ਨੂੰ ਵੀ 'ਬੰਨੇ ਕਰ ਦਿੱਤਾ ਜਾਵੇਗਾ'। ਇਸ ਧਮਕੀ ਪਿੱਛੋਂ ਸਾਰੇ ਹੀ ਡਰ ਗਏ ਤੇ ਚੁਪ ਕਰ

ਕੇ ਉਸ ਦਾ ਸਾਥ ਦੇਣ ਲੱਗ ਪਏ।

7 ਜਨਵਰੀ ਨੂੰ ਬਾਦਲ ਨੇ ਟੌਹੜਾ 'ਤੇ ਇਕ ਹੋਰ ਵਾਰ ਕੀਤਾ। ਉਸ ਨੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਮੈਂਬਰਾਂ, ਕਸ਼ਮੀਰ ਸਿੰਘ, ਦਾਰਾ ਸਿੰਘ ਤੇ ਰਘਬੀਰ ਸਿੰਘ ਨੂੰ ਹਟਾ ਦਿੱਤਾ ਅਤੇ ਉਨ੍ਹਾਂ ਦੀ ਥਾਂ ਆਪਣੇ ਖ਼ਾਸ ਹਿਮਾਇਤੀ ਮਨਮੋਹਨ ਸਿੰਘ, ਅਮਰੀਕ ਸਿੰਘ, ਰੰਧਾਵਾ ਅਤੇ ਅਜਵੰਤ ਸਿੰਘ ਮਾਨ ਲਾ ਦਿੱਤੇ। ਅਗਲੇ ਦਿਨ ਸ਼੍ਰੋਮਣੀ ਕਮੇਟੀ ਦੇ 92 ਮੈਂਬਰਾਂ ਦੇ ਨਾਂ ਹੇਠ ਇਕ ਬਿਆਨ ਵਿਚ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੇ ਮੈਂਬਰ ਬਦਲਣ ਦੀ ਮੁਖ਼ਾਲਫ਼ਤ ਕੀਤੀ ਗਈ।

10 ਜਨਵਰੀ ਨੂੰ ਬਾਦਲ ਨੇ ਸ਼੍ਰੋਮਣੀ ਕਮੇਟੀ ਦੇ 185 ਵਿਚੋਂ 140 ਮੈਂਬਰਾਂ ਦੀ ਹਿਮਾਇਤ ਦਾ ਦਾਅਵਾ ਕੀਤਾ। ਉਸ ਨੇ ਅਖ਼ਬਾਰੀ ਨਾਮਾਨਿਗਾਰਾਂ ਸਾਹਮਣੇ ਸ਼੍ਰੋਮਣੀ ਕਮੇਟੀ ਦੇ 47 ਉਹ ਮੈਂਬਰ ਪੇਸ਼ ਕੀਤੇ ਜਿਨ੍ਹਾਂ ਦੇ ਨਾਂ ਟੌਹੜਾ ਦੇ ਹਿਮਾਇਤੀਆਂ ਨੇ ਬੀਤੇ ਦਿਨ 92 ਦੀ ਲਿਸਟ ਵਿਚ ਸ਼ਾਮਿਲ ਕੀਤੇ ਸਨ। ਇਨ੍ਹਾਂ 47 ਤੋਂ ਇਲਾਵਾਂ ਬਾਦਲ ਨੇ 68 ਹੋਰ ਮੈਂਬਰਾਂ ਦੀ ਸ਼ਨਾਖ਼ਤ ਵੀ ਨਾਮਾਨਿਗਾਰਾਂ ਨੂੰ ਕਰਵਾਈ। ਇਸ ਮੌਕੇ 'ਤੇ ਬਾਦਲ ਨੇ ਇਹ ਵੀ ਆਖਿਆ ਕਿ ਇਨ੍ਹਾਂ 115 ਤੋਂ ਇਲਾਵਾ 25 ਹੋਰ ਮੈਂਬਰ ਵੀ ਮੇਰੇ ਨਾਲ ਹਨ।

ਬਾਦਲ ਨੇ ਅਗਲੇ ਐਕਸ਼ਨ ਵਜੋਂ 11 ਜਨਵਰੀ ਨੂੰ ਤਲਵੰਡੀ ਅਤੇ 15 ਜਨਵਰੀ ਨੂੰ ਸੁਰਜੀਤ ਬਰਨਾਲੇ ਨਾਲ ਮੁਲਾਕਾਤਾਂ ਕੀਤੀਆਂ। ਇਨ੍ਹਾਂ ਮੁਲਾਕਾਤਾਂ ਵਿਚ ਬਾਦਲ ਨੇ ਦੋਹਾਂ ਨੂੰ ਟੌਹੜਾ ਜਾਂ ਬਾਦਲ ਵਿਚੋਂ ਇਕ ਚੁਣਨ ਵਾਸਤੇ ਆਖਿਆ। ਬਾਦਲ ਨੇ ਦੋਹਾਂ ਨੂੰ ਖ਼ਬਰਦਾਰ ਕੀਤਾ ਕਿ 'ਮੈਂ ਟੌਹੜਾ ਨੂੰ ਤਾਂ ਹਟਾ ਹੀ ਦੇਣਾ ਹੈ ਤੇ ਜੇ ਤੁਸੀਂ ਮੇਰਾ ਸਾਥ ਨਾ ਦਿੱਤਾ ਤਾਂ ਅਗਲਾ ਵਾਰ ਤੁਹਾਡੇ 'ਤੇ ਵੀ ਹੋ ਜਾਣਾ ਹੈ।' ਦੋਹਾਂ ਨੇ, ਡਰਦਿਆਂ, ਬਾਦਲ ਦੀ ਧਮਕੀ ਅੱਗੇ ਹਥਿਆਰ ਸੁੱਟ ਦਿੱਤੇ।

(ਭਾਈ) ਰਣਜੀਤ ਸਿੰਘ ਦੇ ਖ਼ਿਲਾਫ਼ ਬਾਦਲ ਦੀ 'ਜੰਗ'

ਹੁਣ ਬਾਦਲ ਵਲੋਂ ਟੌਹੜਾ ਨੂੰ ਹਟਾਏ ਜਾਣ ਦੇ ਰਸਤੇ ਵਿਚ ਸਿਰਫ਼ ਇੱਕੋ ਰੁਕਾਵਟ ਸੀ। ਉਹ ਸੀ ਭਾਈ ਰਣਜੀਤ ਸਿੰਘ ਦਾ 'ਹੁਕਮਨਾਮਾ', ਜਿਸ ਮੁਤਾਬਿਕ ਟੌਹੜਾ ਨੂੰ 15 ਅਪ੍ਰੈਲ ਤਕ ਹਟਾਇਆ ਨਹੀਂ ਸੀ ਜਾ ਸਕਦਾ। ਇਸ ਕਰ ਕੇ ਬਾਦਲ ਨੇ ਹੁਣ ਇਸ 'ਹੁਕਮਨਾਮੇ' ਨੂੰ ਖ਼ਤਮ ਕਰਨ ਵਲ ਕਦਮ ਪੁੱਟਿਆ। ਬਾਦਲ ਨੇ ਜ਼ਿਲ੍ਹਾ ਹੈੱਡਕੁਆਰਟਰਜ਼ 'ਤੇ ਜਾ ਕੇ, ਸ਼੍ਰੋਮਣੀ ਕਮੇਟੀ ਦੇ ਮੈਂਬਰ ਤਲਬ ਕਰ ਕੇ, ਉਨ੍ਹਾਂ ਤੋਂ ਕਾਗ਼ਜ਼ਾਂ 'ਤੇ ਦੋ-ਦੋ ਥਾਵਾਂ ਤੇ ਦਸਤਖ਼ਤ ਕਰਵਾਏ ਹੋਏ ਸਨ। ਉਨ੍ਹਾਂ ਵਿਚੋਂ ਇਕ ਸੈੱਟ ਦੇ ਉੱਤੇ ਬਾਦਲ ਨੇ ਇਹ ਲਿਖਵਾ ਲਿਆ ਕਿ 'ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਜਾਂਦੀ ਹੈ ਕਿ 31 ਦਸੰਬਰ 1998 ਨੂੰ ਜਾਰੀ ਕੀਤਾ ਹੁਕਮਨਾਮਾ ਵਾਪਿਸ ਲਿਆ ਜਾਵੇ' ਤੇ ਦੂਜਾ ਸੈਟ ਖ਼ਾਲੀ ਸੀ। ਸ਼੍ਰੋਮਣੀ ਕਮੇਟੀ ਦੇ ਮੈਂਬਰਾਂ 'ਚੋਂ 130 ਮੈਂਬਰਾਂ ਦੇ ਦਸਤਖ਼ਤਾਂ ਦੇ 2 ਸੈੱਟ ਹੁਣ ਬਾਦਲ ਕੋਲ ਮੌਜੂਦ ਸਨ। ਉਸ ਨੇ ਅਕਾਲ ਤਖ਼ਤ ਸਾਹਿਬ ਵਲ ਹੁਕਮਨਾਮਾ ਵਾਪਿਸ ਲੈਣ ਵਾਸਤੇ ਇਨ੍ਹਾਂ 130 ਮੈਂਬਰਾਂ ਦੇ ਦਸਤਖ਼ਤਾਂ ਦੀ ਚਿੱਠੀ ਭਾਈ ਰਣਜੀਤ ਸਿੰਘ ਨੂੰ ਪਹੁੰਚਾਉਣ ਵਾਸਤੇ ਆਪਣੀ ਕੋਠੀ ਤੋਂ ਸ਼੍ਰੋਮਣੀ ਕਮੇਟੀ ਦੀ ਫ਼ੈਕਸ ਨੰਬਰ 553915 'ਤੇ ਫ਼ੈਕਸ ਕਰ ਦਿੱਤੀ। ਇਹ 130 ਮੈਂਬਰ ਹੇਠ ਲਿਖੇ ਸਨ:

ਹਰਿਆਣਾ: 1. ਅਮਰਜੀਤ ਸਿੰਘ ਜੱਗੀ (ਯਮੁਨਾ ਨਗਰ), 2. ਕਰਤਾਰ ਕੌਰ (ਕੁਰੂਕਸ਼ੇਤਰ), 3. ਬਲਕੌਰ ਸਿੰਘ ਕਾਲਿਆਂਵਾਲੀ (ਡੱਬਵਾਲੀ), 4. ਹਰਦਿਆਲ ਸਿੰਘ ਬਰਾੜ

(ਡੱਬਵਾਲੀ), 5. ਹਰਦਮ ਸਿੰਘ ਸ਼ੇਰਗਿੱਲ (ਸਿਰਸਾ), 6. ਸੁਰਜੀਤ ਸਿੰਘ ਨਿਡਰ (ਅੰਬਾਲਾ), 7. ਰਘੂਜੀਤ ਸਿੰਘ ਵਿਰਕ (ਕਰਨਾਲ); **ਹਿਮਾਚਲ ਪ੍ਰਦੇਸ਼** 8. ਸਤਨਾਮ ਸਿੰਘ (ਸ਼ਿਮਲਾ); **ਪੰਜਾਬ:** *ਜ਼ਿਲ੍ਹਾ ਮੁਕਤਸਰ* : 9. ਗੁਰਪਾਲ ਸਿੰਘ ਗੋਰਾ (ਗਿੱਦੜਬਾਹਾ), 10. ਦਿਆਲ ਸਿੰਘ ਕਾਲਿਆਂਵਾਲੀ (ਮਲੋਟ), 11. ਸਰੂਪ ਸਿੰਘ ਸੀਬੀਆ (ਮੁਕਤਸਰ), 12. ਮੁਖਤਿਆਰ ਕੌਰ ਕੋਟ ਭਾਈ (ਦੋਦਾ), 13. ਨਵਤੇਜ ਸਿੰਘ ਕਾਉਣੀ (ਦੋਦਾ), 14. ਮਨਜੀਤ ਕੌਰ ਚਿੜੇਵਾਨ (ਮੁਕਤਸਰ), *ਜ਼ਿਲ੍ਹਾ ਫ਼ਿਰੋਜ਼ਪੁਰ*: 15. ਕੁਲਦੀਪ ਸਿੰਘ ਢੋਸ (ਧਰਮਕੋਟ), 16. ਸਤਪਾਲ ਸਿੰਘ ਤਲਵੰਡੀ (ਤਲਵੰਡੀ ਭਾਈ), 17. ਦਾਰਾ ਸਿੰਘ (ਜ਼ੀਰਾ), 18. ਸੂਬੇਦਾਰ ਤਰਲੋਚਨ ਸਿੰਘ ਸੰਧੂ (ਫ਼ਿਰੋਜ਼ਪੁਰ), 19. ਸੂਬਾ ਸਿੰਘ ਡੱਬਵਾਲਾ (ਫ਼ਾਜ਼ਿਲਕਾ), 20. ਇੰਦਰਜੀਤ ਸਿੰਘ ਗਿੱਲ (ਅਬੋਹਰ), 21. ਦਵਿੰਦਰ ਕੌਰ (ਮਮਦੋਟ), 22. ਹਰਜੀਤ ਕੌਰ (ਧਰਮਕੋਟ), 23. ਜ਼ੋਰਾ ਸਿੰਘ ਚੱਕ ਸੁਹੇਲੇਵਾਲਾ (ਜਲਾਲਾਬਾਦ), *ਜ਼ਿਲ੍ਹਾ ਮੋਗਾ*: 24 ਗੁਰਮੇਲ ਸਿੰਘ ਸੰਗਤਪੁਰਾ (ਨਿਹਾਲ ਸਿੰਘ ਵਾਲਾ), 25. ਕੁਲਵਿੰਦਰ ਕੌਰ ਲੰਗੇਆਣਾ (ਬਾਘਾ ਪੁਰਾਣਾ), 26. ਇੰਦਰਜੀਤ ਸਿੰਘ ਤਲਵੰਡੀ ਭੰਮੇਰੀਆਂ (ਮੋਗਾ), 27. ਰਣਧੀਰ ਸਿੰਘ ਰੋਡੇ (ਬਾਘਾ ਪੁਰਾਣਾ), 28. ਜਗੀਰ ਸਿੰਘ ਖੋਸਾ (ਘੱਲ ਕਲਾਂ), *ਜ਼ਿਲ੍ਹਾ .ਫਰੀਦਕੋਟ*: 29. ਮੱਖਣ ਸਿੰਘ ਨੰਗਲ (ਕੋਟਕਪੁਰਾ), 30. ਜਗਜੀਤ ਸਿੰਘ ਬਰਾੜ (ਜੈਤੋ), 31. ਨਾਜ਼ਰ ਸਿੰਘ ਸਰਾਵਾਂ (ਜੈਤੋ), 32. ਗੁਰਦੇਵ ਕੌਰ ਧਾਲੀਵਾਲ (ਕੋਟਕਪੂਰਾ), 33. ਮਹਿੰਦਰ ਸਿੰਘ ਰੋਮਾਣਾ (ਫ਼ਰੀਦਕੋਟ), *ਜ਼ਿਲ੍ਹਾ ਬਠਿੰਡਾ*: 34. ਗੁਰਤੇਜ ਸਿੰਘ ਜੋਧਪੁਰ ਪਾਖਰ। 35. ਹਰਚਰਨ ਸਿੰਘ ਗਿੱਲ (ਬਠਿੰਡਾ), 36. ਕੇਹਰ ਸਿੰਘ ਰਾਠੌਰ (ਤਲਵੰਡੀ ਸਾਬੋ), 37. ਮੁਖਤਿਆਰ ਸਿੰਘ ਨਥਾਣਾ (ਭਗਤਾ), 38. ਦਰਸ਼ਨ ਕੌਰ ਤੂਫ਼ਾਨ (ਬਠਿੰਡਾ), 39. ਬਲਵੰਤ ਸਿੰਘ ਖਾਲਸਾ (ਬੱਲੂਆਣਾ), 40. ਸਤਿਨਾਮ ਸਿੰਘ ਭਾਈ ਰੂਪਾ (ਰਾਮਪੁਰਾ ਫੂਲ), *ਜ਼ਿਲ੍ਹਾ ਮਾਨਸਾ*: 41. ਜਗਜੀਤ ਸਿੰਘ ਗੁਰਨੇ ਕਲਾਂ (ਬੁਢਲਾਡਾ), 42. ਚਤਿੰਨ ਸਿੰਘ ਸਮਾਓਂ (ਜੋਗਾ), 43. ਕੌਰ ਸਿੰਘ ਖਾਰਾ (ਮਾਨਸਾ), 44. ਕਸ਼ਮੀਰ ਕੌਰ ਝੰਡਾਕਲਾਂ (ਸਰਦੂਲਗੜ੍ਹ) 45. ਬਲਦੇਵ ਸਿੰਘ ਮਾਖਾ ਚਹਿਲਾਂ (ਜੋਗਾ), 46. ਮੁਖਤਿਆਰ ਸਿੰਘ ਟਾਂਡੀਆਂ (ਸਰਦੂਲਗੜ੍ਹ), *ਜ਼ਿਲ੍ਹਾ ਸੰਗਰੂਰ*: 47. ਮਹਿੰਦਰ ਸਿੰਘ ਦੀਵਾਨਾ (ਭਦੌੜ), 48. ਸੁਰਿੰਦਰ ਕੌਰ ਸੇਹਕੇ (ਮਲੇਰਕੋਟਲਾ), 49. ਰਘਬੀਰ ਸਿੰਘ ਜਖੇਪਲ (ਸੁਨਾਮ), 50. ਊਦੈ ਸਿੰਘ ਲੌਂਗੋਵਾਲ (ਲੌਂਗੋਵਾਲ), 51. ਸਾਧੂ ਸਿੰਘ ਰਾਗੀ (ਭਦੌੜ), 52. ਮੁਖਤਿਆਰ ਕੌਰ (ਮੂਣਕ), 53. ਜੋਗਾ ਸਿੰਘ ਫੱਗੂਵਾਲਾ (ਸੰਗਰੂਰ), 54. ਸੀਤਾ ਸਿੰਘ ਮੁਨਸ਼ੀਵਾਲਾ (ਸੰਗਰੂਰ), 55. ਕੌਰ ਸਿੰਘ ਮੌੜ (ਦਿੜ੍ਹਬਾ), *ਜ਼ਿਲ੍ਹਾ ਪਟਿਆਲਾ*: 56. ਰਤਨ ਸਿੰਘ ਅਲਹੋਰਾਂ (ਨਾਭਾ), 57. ਕਿਰਪਾਲ ਸਿੰਘ ਬਡੂੰਗਰ (ਕੋਆਪਟਡ), 58. ਤੇਜਿੰਦਰ ਕੌਰ ਸੇਤੀਆ (ਰਾਜਪੁਰਾ), 59. ਕਮਲੇਸ਼ ਕੌਰ ਖਾਲਸਾ (ਪਟਿਆਲਾ ਸ਼ਹਿਰ), 60. ਜੋਗਿੰਦਰ ਸਿੰਘ ਪੰਜਰਥ (ਸਮਾਣਾ), 61. ਧਿਆਨ ਸਿੰਘ ਝਰਮੜੀ (ਡੇਰਾ ਬੱਸੀ), 62. ਬਚਨ ਸਿੰਘ ਸਫੇੜਾ। *ਜ਼ਿਲ੍ਹਾ ਨਵਾਂ ਸ਼ਹਿਰ*: 63. ਤਰਲੋਚਨ ਸਿੰਘ ਦੁਪਾਲਪੁਰ (ਨਵਾਂਸ਼ਹਿਰ) : 64. ਮਹਿੰਦਰ ਸਿੰਘ ਹੁਸੈਨਪੁਰ (ਬਲਾਚੌਰ), *ਜ਼ਿਲ੍ਹਾ ਜਲੰਧਰ*: 65. ਪ੍ਰਤਾਪ ਸਿੰਘ ਐਡਵੋਕੇਟ (ਜਲੰਧਰ ਸ਼ਹਿਰ), 66. ਗੁਰਦੀਪ ਕੌਰ ਆਨੰਦ (ਜਲੰਧਰ ਸ਼ਹਿਰ), 67. ਸੁਖਬੀਰ ਸਿੰਘ ਅਵਾਦਾਨ (ਕਰਤਾਰਪੁਰ), 68. ਰਣਜੀਤ ਸਿੰਘ ਡਰੋਲੀ ਕਲਾਂ (ਆਦਮਪੁਰ), 69. ਸੁਰਿੰਦਰ ਕੌਰ ਲੱਲੀਆਂ (ਫਿਲੌਰ), 70. ਕੁਲਦੀਪ ਸਿੰਘ ਪਾਸਲਾ (ਨਕੋਦਰ), 71. ਸ਼ਿਗਰਾ ਸਿੰਘ ਲੋਹੀਆਂ (ਸ਼ਾਹਕੋਟ), *ਜ਼ਿਲ੍ਹਾ*

ਕਪੂਰਥਲਾ: 72. ਜੈਮਲ ਸਿੰਘ ਸੁਲਤਾਨਪੁਰ ਲੋਧੀ (ਫਗਵਾੜਾ), 73. ਜੀਵਨ ਸਿੰਘ ਭੰਡਾਲ ਬੇਟ (ਕਪੂਰਥਲਾ), 74. ਭਜਨ ਕੌਰ ਡੋਗਰਾਂਵਾਲਾ (ਕਪੂਰਥਲਾ), 75. ਜਗੀਰ ਕੌਰ ਬੇਗੋਵਾਲ (ਭੁਲੱਥ), *ਜ਼ਿਲ੍ਹਾ ਅੰਮ੍ਰਿਤਸਰ:* 76 ਹਰਭਿੰਦਰਦੀਪ ਸਿੰਘ ਲਾਇਲਪੁਰੀ (ਬਾਬਾ ਬਕਾਲਾ), 77. ਜੋਗਿੰਦਰ ਸਿੰਘ ਫੇਰੂਮਾਨ (ਬਾਬਾ ਬਕਾਲਾ), 78. ਕਸ਼ਮੀਰ ਸਿੰਘ ਗੰਡੀਵਿੰਡ (ਝਬਾਲ), 79. ਪ੍ਰੀਤ ਸਿੰਘ ਬਰਸਾਲ (ਅਜਨਾਲਾ), 80. ਜਸਵਿੰਦਰ ਕੌਰ (ਕੋਟ ਮੱਤੇਵਾਲ), 81. ਬਲਬੀਰ ਸਿੰਘ ਸੁਰ ਸਿੰਘ (ਵਲਟੋਹਾ), 82. ਫ਼ੌਜਾ ਸਿੰਘ ਪੱਟੀ (ਪੱਟੀ), 83. ਪੂਰਨ ਸਿੰਘ ਜੋਸ਼ (ਅੰਮ੍ਰਿਤਸਰ ਸ਼ਹਿਰ ਕੇਂਦਰੀ), 84. ਜਗੀਰ ਸਿੰਘ ਕੰਗ (ਮੱਤੇਵਾਲ), 85. ਸੰਤੋਖ ਸਿੰਘ ਕੋਟਲਾ ਸੁਲਤਾਨ ਸਿੰਘ (ਗੁਰੂ ਦਾ ਬਾਗ), 86. ਬਲਵੰਤ ਸਿੰਘ ਢਿੱਲੋਂ (ਜੰਡਿਆਲਾ ਗੁਰੂ), 87. ਹਰਦਲਬੀਰ ਸਿੰਘ ਸ਼ਾਹ (ਵੇਰਕਾ), 88. ਰਾਜ ਸਿੰਘ ਗਿੱਲ (ਵਲਟੋਹਾ), 89. ਬਲਵੰਤ ਸਿੰਘ ਨਾਗੋਕੇ (ਖਡੂਰ ਸਾਹਿਬ), 90. ਬਲਬੀਰ ਸਿੰਘ ਨੌਸ਼ਹਿਰਾ ਪੰਨੂਆਂ (ਨੌਸ਼ਹਿਰਾ ਪੰਨੂਆਂ), 91. ਸੁਖਵਿੰਦਰ ਸਿੰਘ ਝਬਾਲ (ਝਬਾਲ), 92. ਹਰਬੰਸ ਕੌਰ (ਨੌਸ਼ਹਿਰਾ ਪੰਨੂਆਂ), 93. ਅਲਵਿੰਦਰਪਾਲ ਸਿੰਘ ਪੱਖੋਕੇ (ਤਰਨ ਤਾਰਨ), 94. ਮਨਜੀਤ ਕੌਰ ਅਲਾਵਲਪੁਰ (ਤਰਨ ਤਾਰਨ), 95. ਜਸਵਿੰਦਰ ਸਿੰਘ ਐਡਵੋਕੇਟ (ਅੰਮ੍ਰਿਤਸਰ ਸ਼ਹਿਰ ਪੱਛਮੀ), 96. ਕਿਰਨਜੋਤ ਕੌਰ (ਅੰਮ੍ਰਿਤਸਰ ਸ਼ਹਿਰ ਕੇਂਦਰੀ), *ਜ਼ਿਲ੍ਹਾ ਗੁਰਦਾਸਪੁਰ:* 97. ਅਮਰਜੀਤ ਕੌਰ ਸੇਖਵਾਂ (ਗੁਰਦਾਸਪੁਰ), 98. ਸੁਰਜੀਤ ਕੌਰ ਰਾਜਪੁਰਾ (ਕਾਲਾ ਅਫਗਾਨਾ), 99. ਦਰਸ਼ਨ ਸਿੰਘ ਕੋਟਾਂ (ਗੁਰਦਾਸਪੁਰ), 100. ਬਖਸ਼ੀਸ਼ ਸਿੰਘ ਧਾਰੋਵਾਲੀ (ਡੇਰਾ ਬਾਬਾ ਨਾਨਕ), 101. ਜੋਧ ਸਿੰਘ (ਕੋ-ਆਪਟਡ), 102. ਨਰਿੰਦਰ ਸਿੰਘ ਪਾਹੜਾ (ਕੋ-ਆਪਟਡ), 103. ਸੁੱਚਾ ਸਿੰਘ ਲੰਗਾਹ (ਧਾਰੀਵਾਲ), 104. ਪ੍ਰੀਤਮ ਸਿੰਘ ਭਾਟੀਆ (ਬਟਾਲਾ), 105. ਦਿਲਬਾਗ ਸਿੰਘ ਪਠਾਨਕੋਟ (ਪਠਾਨਕੋਟ), *ਜ਼ਿਲ੍ਹਾ ਹੁਸ਼ਿਆਰਪੁਰ:* 106. ਬਲਦੇਵ ਸਿੰਘ ਮਾਹਿਲਪੁਰੀ (ਹੁਸ਼ਿਆਰਪੁਰ), 107. ਭਗਵੰਤ ਸਿੰਘ ਹਰਦੋਬਲਾ (ਦਸੂਹਾ), 108. ਬਲਬੀਰ ਸਿੰਘ ਕੁਰਾਲਾ (ਦਸੂਹਾ), 109. ਜੰਗ ਬਹਾਦਰ ਸਿੰਘ ਰਾਏ (ਗੜ੍ਹਸ਼ੰਕਰ), *ਜ਼ਿਲ੍ਹਾ ਰੋਪੜ:* 110. ਪ੍ਰੀਤ ਸਿੰਘ ਸੱਲੋਮਾਜਰਾ (ਰੂਪਨਗਰ), 111. ਮੋਖਾ ਸਿੰਘ ਘੜੂੰਆਂ (ਖਰੜ), 112. ਦਲਜੀਤ ਕੌਰ ਕੋਟਲਾ ਨਿਹੰਗ ਖ਼ਾਨ (ਰੂਪਨਗਰ), 113. ਜਰਨੈਲ ਸਿੰਘ ਔਲਖ (ਅਨੰਦਪੁਰ ਸਾਹਿਬ), *ਜ਼ਿਲ੍ਹਾ ਲੁਧਿਆਣਾ:* 114. ਗੁਰਮੇਲ ਸਿੰਘ ਸੰਗੋਵਾਲ (ਦੋਰਾਹਾ), 115. ਹਰਬੰਸ ਕੌਰ ਸੁਖਾਣਾ (ਰਾਏਕੋਟ), 116. ਅਮਰਜੀਤ ਸਿੰਘ ਭਾਟੀਆ (ਲੁਧਿਆਣਾ ਪੱਛਮੀ), 117. ਕੇਵਲ ਸਿੰਘ ਬਾਦਲ (ਸਿਧਵਾਂ ਬੇਟ), 118. ਹਰਸੁਰਿੰਦਰ ਸਿੰਘ ਗਿੱਲ (ਜਗਰਾਉਂ), 119. ਭਗਤ ਸਿੰਘ (ਲੁਧਿਆਣਾ ਸ਼ਹਿਰ ਉੱਤਰੀ), 120. ਜਗਦੇਵ ਸਿੰਘ ਤਲਵੰਡੀ (ਰਾਏਕੋਟ), 121. ਕਿਰਪਾਲ ਸਿੰਘ ਖੀਰਨੀਆਂ (ਸਮਰਾਲਾ), 122. ਦਵਿੰਦਰ ਸਿੰਘ ਚੀਮਾ (ਪਾਇਲ), 123. ਮੱਲ ਸਿੰਘ ਘੁਮਾਣ (ਮੁਲਾਂਪੁਰ ਦਾਖਾ), 124. ਭਗਵਾਨ ਸਿੰਘ ਧਮੋਟ (ਪਾਇਲ), 125. ਸ. ਹਰਜੀਤ ਸਿੰਘ ਮੇਹਲੋਂ (ਲੁਧਿਆਣਾ ਦਿਹਾਤੀ), **ਕੋ-ਆਪਟਡ ਪੰਜਾਬ ਤੋਂ ਬਾਹਰ ਦੇ:** 126. ਸਤਿਆਇੰਦਰ ਸਿੰਘ ਦਿੱਲੀ, 127. ਜਸਵਿੰਦਰ ਸਿੰਘ ਲਖਨਊ, 128. ਇੰਦਰਪਾਲ ਸਿੰਘ ਖਾਲਸਾ ਦਿੱਲੀ, 129. ਅਮਰਜੀਤ ਸਿੰਘ ਚੰਡੋਕ, ਮੁੰਬਈ 130. ਸੁਰਜੀਤ ਸਿੰਘ ਕੰਗ ਗੰਗਾਨਗਰ।

ਬਾਦਲ ਦੇ ਇਸ ਐਕਸ਼ਨ ਮਗਰੋਂ ਟੌਹੜਾ ਦੇ ਕੁਝ ਸਾਥੀਆਂ ਨੇ ਇਕ ਬਿਆਨ ਵਿਚ ਆਖਿਆ ਕਿ ਖਾਲਸਾ ਦੇ 300 ਸਾਲਾ ਦਿਨ ਸਬੰਧੀ ਸਾਰੇ ਸਮਾਗਮ ਅਕਾਲ ਤਖ਼ਤ ਸਾਹਿਬ ਦੀ

ਸਰਪ੍ਰਸਤੀ ਹੇਠ ਕੀਤੇ ਜਾਣੇ ਚਾਹੀਦੇ ਹਨ। ਇਸ ਸਬੰਧ ਵਿਚ ਭਾਈ ਰਣਜੀਤ ਸਿੰਘ ਨੇ ਸਾਰੀਆਂ ਸਿੱਖ ਜਥੇਬੰਦੀਆਂ ਅਤੇ ਸਿਰਕਰਦਾ ਆਗੂਆਂ ਦੀ ਇਕ ਮੀਟਿੰਗ 2 ਫ਼ਰਵਰੀ ਦੇ ਦਿਨ ਅਕਾਲ ਤਖ਼ਤ'ਤੇ ਬੁਲਾ ਲਈ।

20 ਜਨਵਰੀ ਨੂੰ ਸੁਖਦੇਵ ਸਿੰਘ ਭੌਰ ਨੇ ਬਾਦਲ ਦੇ ਖ਼ਿਲਾਫ਼ ਇਕ ਸਖ਼ਤ ਬਿਆਨ ਜਾਰੀ ਕਰ ਦਿੱਤਾ, ਜਿਸ ਨਾਲ ਬਾਦਲ ਨੇ ਅਗਲੇ ਦਿਨ ਹੀ ਉਸ ਨੂੰ ਪਾਰਟੀ 'ਚੋਂ ਮੁਅੱਤਲ ਕਰ ਦਿੱਤਾ।

23 ਜਨਵਰੀ ਨੂੰ ਜਥੇਦਾਰ ਤਲਵੰਡੀ (ਜੋ 26 ਦਸੰਬਰ 1998 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਏਕਤਾ ਦੀ ਗੱਲ ਕਰਦਾ ਸੀ) ਹੁਣ ਖੁੱਲ੍ਹ ਕੇ ਬਾਦਲ ਦੇ ਹੱਕ ਵਿਚ ਆ ਗਿਆ। ਉਸ ਨੇ ਧਮਕੀ ਦਿੱਤੀ ਕਿ ਰਣਜੀਤ ਸਿੰਘ ਵੱਲੋਂ 2 ਫ਼ਰਵਰੀ ਨੂੰ ਬੁਲਾਏ ਇਕੱਠ ਵਿਚ ਖ਼ੂਨ ਖ਼ਰਾਬਾ ਵੀ ਹੋ ਸਕਦਾ ਹੈ।

25 ਜਨਵਰੀ ਨੂੰ ਰਣਜੀਤ ਸਿੰਘ ਨੇ 'ਹੁਕਮਨਾਮਾ ਵਾਪਿਸ ਲੈਣ' ਦੀ ਦਰਖ਼ਾਸਤ 'ਤੇ ਦਸਤਖ਼ਤ ਕਰਨ ਵਾਲੇ 130 ਮੈਂਬਰਾਂ ਤੋਂ 'ਸਪੱਸ਼ਟੀਕਰਨ' ਮੰਗ ਲਿਆ ਕਿ ਉਹ ਦੱਸਣ ਕਿ ਕੀ ਉਸ ਖ਼ਤ 'ਤੇ ਦਸਤਖ਼ਤ ਉਨ੍ਹਾਂ ਦੇ ਹਨ ਅਤੇ ਕੀ ਉਨ੍ਹਾਂ ਨੇ ਆਪਣੀ ਪਾਰਟੀ ਦੇ ਪ੍ਰਧਾਨ ਤੋਂ ਇਹ ਚਿੱਠੀ ਲਿਖਣ ਵਾਸਤੇ ਇਜਾਜ਼ਤ ਲਈ ਸੀ? ਰਣਜੀਤ ਸਿੰਘ ਨੇ ਮੈਂਬਰਾਂ ਨੂੰ 11 ਫ਼ਰਵਰੀ ਤਕ ਦੀ ਮੁਹਲਤ ਦਿੱਤੀ। ਇਹ ਚਿੱਠੀ ਇੰਞ ਸੀ:

"ਚੰਡੀਗੜ੍ਹ ਤੋਂ ਸਪੀਡਪੋਸਟ ਰਾਹੀਂ ਅਤੇ ਮੁੱਖ ਮੰਤਰੀ ਹਾਊਸ ਤੋਂ ਆਈ ਫ਼ੈਕਸ ਰਾਹੀਂ ਅਕਾਲ ਤਖ਼ਤ ਸਾਹਿਬ ਤੋਂ ਮਿਤੀ 31 ਦਸੰਬਰ 1998 ਨੂੰ ਜਾਰੀ ਹੋਏ 'ਹੁਕਮਨਾਮੇ' ਨੂੰ ਫ਼ੌਰੀ ਤੌਰ 'ਤੇ ਵਾਪਸ ਲੈਣ ਲਈ, ਪ੍ਰਬੰਧਕ ਕਮੇਟੀ ਦੇ 131 ਮੈਂਬਰਾਂ ਵੱਲੋਂ ਇਕ ਪੱਤਰ ਮਿਲਿਆ ਹੈ, ਜਿਸ ਵਿਚ ਆਪ ਜੀ ਦੇ ਦਸਤਖ਼ਤ ਹਨ। ਇਸ ਪੱਤਰ ਨੂੰ ਵਿਚਾਰਨ ਤੋਂ ਪਹਿਲਾਂ ਅਸੀਂ ਇਹ ਜ਼ਰੂਰੀ ਸਮਝਦੇ ਹਾਂ ਕਿ ਕੁਝ ਸਪੱਸ਼ਟੀਕਰਨ ਆਪ ਤੋਂ ਨਿੱਜੀ ਤੌਰ 'ਤੇ ਲਏ ਜਾਣ:

1. ਇਹ ਚਿੱਠੀ ਅਕਾਲ ਤਖ਼ਤ ਸਾਹਿਬ ਵੱਲ ਲਿਖਣ ਤੋਂ ਪਹਿਲਾਂ ਤੁਸਾਂ ਆਪਣੇ ਪਾਰਟੀ ਪ੍ਰਧਾਨ ਤੋਂ ਆਗਿਆ ਪ੍ਰਾਪਤ ਕੀਤੀ ਹੈ ਜਾਂ ਨਹੀਂ?
2. ਅਕਾਲ ਤਖ਼ਤ ਸਾਹਿਬ ਨੂੰ ਭੇਜੀ ਜਾਣ ਵਾਲੀ ਚਿੱਠੀ 'ਤੇ ਜੋ ਤੁਸਾਂ ਆਪਣੇ ਦਸਤਖ਼ਤ ਕੀਤੇ ਹਨ, ਕੀ ਤੁਸੀਂ ਕਹਿ ਸਕਦੇ ਹੋ ਕਿ ਇਹ ਚਿੱਠੀ ਤੁਹਾਡੇ ਵੱਲੋਂ ਹੀ ਅਕਾਲ ਤਖ਼ਤ ਸਾਹਿਬ 'ਤੇ ਆਈ ਹੈ?

ਇਹ ਸਪੱਸ਼ਟੀਕਰਨ ਅਕਾਲ ਤਖ਼ਤ ਸਾਹਿਬ 'ਤੇ ਮਿਤੀ 11 ਫ਼ਰਵਰੀ 1999 ਨੂੰ ਤੁਸੀਂ ਡਾਕ ਰਾਹੀਂ, ਫ਼ੈਕਸ ਰਾਹੀਂ ਜਾਂ ਦਸਤੀ ਤੌਰ 'ਤੇ ਭੇਜ ਸਕਦੇ ਹੋ। ਅਜਿਹਾ ਨਾ ਕਰਨ ਦੀ ਸੂਰਤ ਵਿਚ ਪੰਥਕ ਰਵਾਇਤਾਂ ਅਨੁਸਾਰ ਕਾਰਵਾਈ ਹੋ ਸਕਦੀ ਹੈ।"

(ਇਸ ਹੇਠ ਰਣਜੀਤ ਸਿੰਘ, ਮੋਹਨ ਸਿੰਘ, ਭਗਵਾਨ ਸਿੰਘ, ਚਰਨ ਸਿੰਘ, ਗੁਰਬਚਨ ਸਿੰਘ ਦੇ ਦਸਤਖ਼ਤ ਸਨ)।

ਇਸੇ ਦਿਨ (ਭਾਈ) ਰਣਜੀਤ ਸਿੰਘ ਨੇ ਮਨਜੀਤ ਸਿੰਘ (ਕੇਸਗੜ੍ਹ ਸਾਹਿਬ) ਨੂੰ 'ਪੰਥ 'ਚੋਂ ਛੇਕਿਆਂ ਨਾਲ ਮਿਲਣ ਅਤੇ ਗੁਰਮਤਿ ਸਾਗਰ ਟਰਸਟ ਦੇ ਨਾਂ ਹੇਠਾਂ ਵੱਡੀ ਦੌਲਤ 'ਤੇ ਕਬਜ਼ਾ ਕਰਨ' ਦੇ 'ਕਸੂਰ' ਕਰ ਕੇ ਅਤੇ ਬਰਜਿੰਦਰ ਸਿੰਘ ਹਮਦਰਦ ਨੂੰ ਇਕ ਐਂਟੀ-ਸਿੱਖ ਕਿਤਾਬਾਂ 'ਚੋਂ ਹਵਾਲੇ ਛਾਪਣ ਦੇ 'ਕਸੂਰ' ਕਰ ਕੇ 11 ਫ਼ਰਵਰੀ ਵਾਸਤੇ ਤਲਬ ਕਰ ਲਿਆ ਹੋਇਆ ਸੀ।

ਇਸ ਦੇ ਜਵਾਬ ਵਿਚ 29 ਜਨਵਰੀ 1999 ਨੂੰ ਹਜ਼ੂਰ ਸਾਹਿਬ ਦੇ ਮੁਖ ਸੇਵਾਦਾਰ ਨੇ ਰਣਜੀਤ ਸਿੰਘ ਵੱਲੋਂ ਮਨਜੀਤ ਸਿੰਘ ਨੂੰ ਤਲਬ ਕਰਨ ਦੇ ਖ਼ਿਲਾਫ਼ 'ਹੁਕਮਨਾਮਾ' ਜਾਰੀ ਕਰ ਦਿੱਤਾ। 31 ਜਨਵਰੀ ਨੂੰ ਕੇਵਲ ਸਿੰਘ ਨੇ ਦੋਸ਼ ਲਾਇਆ ਕਿ ਰਣਜੀਤ ਸਿੰਘ ਨੇ ਨਿਰੰਕਾਰੀ ਮੀਟਿੰਗ 'ਚ ਜਾਣ ਬਾਰੇ ਜਥੇ: ਟੌਹੜਾ ਦੀ ਚਿੱਠੀ ਬਦਲੀ ਸੀ।

ਹੁਣ ਬਾਦਲ-ਟੌਹੜਾ ਜੰਗ ਦੀ ਆਖ਼ਰੀ ਲੜਾਈ ਸ਼ੁਰੂ ਹੋ ਗਈ। 27 ਜਨਵਰੀ ਨੂੰ ਜਥੇ: ਟੌਹੜਾ ਨੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ 15 ਫ਼ਰਵਰੀ ਵਾਸਤੇ ਬੁਲਾ ਲਈ। ਦੂਜੇ ਪਾਸੇ ਬਾਦਲ ਦੇ ਹਿਮਾਇਤੀ 10 ਐਗਜ਼ੈਕਟਿਵ ਮੈਂਬਰਾਂ ਨੇ 10 ਫ਼ਰਵਰੀ ਨੂੰ ਮੀਟਿੰਗ ਬੁਲਾ ਲਈ। ਦਰਅਸਲ ਬਾਦਲ ਧੜਾ ਰਣਜੀਤ ਸਿੰਘ ਵਲੋਂ 11 ਫ਼ਰਵਰੀ ਨੂੰ ਤਲਬ ਕੀਤੇ ਬਾਦਲ ਦੇ ਸਾਥੀਆਂ ਨੂੰ ਬਚਾਉਣ ਵਾਸਤੇ ਉਸ ਤਾਰੀਖ਼ ਤੋਂ ਇਕ ਦਿਨ ਪਹਿਲਾਂ ਰਣਜੀਤ ਸਿੰਘ ਨੂੰ ਹਟਾਉਣ ਚਾਹੁੰਦਾ ਸੀ। ਬਾਦਲ ਹਿਮਾਇਤੀਆਂ ਨੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਤੋਂ ਮੀਟਿੰਗ 10 ਨੂੰ ਕਰਨ ਵਾਸਤੇ 'ਕਾਨੂੰਨੀ ਹਾਂ' ਕਰਵਾ ਲਈ। ਪਹਿਲੀ ਫ਼ਰਵਰੀ ਨੂੰ ਬਾਦਲ ਹਿਮਾਇਤੀ 10 ਐਗਜ਼ੈਕਟਿਵ ਮੈਂਬਰਾਂ ਨੇ ਭਾਈ ਰਣਜੀਤ ਸਿੰਘ ਅਤੇ ਟੌਹੜਾ ਤੋਂ ਅਸਤੀਫ਼ਿਆਂ ਦੀ ਮੰਗ ਕੀਤੀ।

2 ਫ਼ਰਵਰੀ 1999 ਦੇ ਦਿਨ ਅਕਾਲ ਤਖ਼ਤ ਸਾਹਿਬ 'ਤੇ ਭਾਈ ਰਣਜੀਤ ਸਿੰਘ ਵਲੋਂ ਬੁਲਾਏ ਇਕੱਠ ਵਿਚ ਟੌਹੜਾ ਦੇ ਸਾਰੇ ਹਿਮਾਇਤੀ, ਸੰਤ ਸਮਾਜ, ਨਿਹੰਗਾ ਅਤੇ ਸਿੰਘ ਸਭਾਵਾਂ ਦੇ ਨੁਮਾਇੰਦੇ ਪੁੱਜੇ ਅਤੇ ਉਨ੍ਹਾਂ ਨੇ 300 ਸਾਲਾਂ ਦੇ ਦਿਨ ਦੇ ਸਬੰਧ ਵਿਚ ਸਾਰੇ ਸਮਾਗਮ ਅਕਾਲ ਤਖ਼ਤ ਸਾਹਿਬ ਦੀ ਸਰਪਰਸਤੀ ਹੇਠ ਕਰਨ ਦਾ ਮਤਾ ਪਾਸ ਕੀਤਾ। ਇਸ ਦੌਰਾਨ ਭਾਈ ਰਣਜੀਤ ਸਿੰਘ ਨੇ 13 ਅਪਰੈਲ 1978 ਦਾ ਸਾਕਾ ਵਰਤੇ ਜਾਣ ਦਾ ਖ਼ਦਸ਼ਾ ਵੀ ਜ਼ਾਹਿਰ ਕੀਤਾ। ਚਾਰ ਫ਼ਰਵਰੀ ਨੂੰ ਬਾਦਲ ਨੇ 'ਖ਼ੂਨੀ ਵਿਸਾਖੀ' ਦੋਹਰਾਏ ਜਾਣ ਦੀ ਧਮਕੀ ਦੇ ਜਵਾਬ ਵਿਚ ਆਖਿਆ ਕਿ ਅਸੀਂ ਅਜਿਹਾ ਕਦੇ ਵੀ ਨਹੀਂ ਹੋਣ ਦਿਆਂਗੇ। ਆਪਣੇ ਆਪ ਨੂੰ ਪੁਲੀਸ ਐਕਸ਼ਨ ਤੋਂ ਬਚਾਉਣ ਦੇ ਡਰ ਵਿਚ (ਜਾਂ ਕਿਸੇ ਹੋਰ ਵਜਹ ਕਰ ਕੇ) ਰਣਜੀਤ ਸਿੰਘ ਨੇ ਇਸ ਨੁਕਤੇ ਦੀ ਸਫਾਈ ਪੇਸ਼ ਕਰਨ ਵਾਸਤੇ ਇਕ ਰੋਜ਼ਾਨਾ ਅੰਗਰੇਜ਼ੀ ਅਖ਼ਬਾਰ ਇੰਡੀਅਨ ਐਕਸਪ੍ਰੈਸ ਵਿਚ ਪੂਰੇ ਸਫ਼ੇ ਦੀ ਚਿੱਠੀ ਛਪਵਾਈ।

2 ਫ਼ਰਵਰੀ 1999 ਦੇ ਅਕਾਲ ਤਖ਼ਤ ਸਾਹਿਬ 'ਤੇ ਹੋਏ ਇਕੱਠ ਮਗਰੋਂ ਰਣਜੀਤ ਸਿੰਘ ਨੇ ਬਾਦਲ ਨੂੰ ਇਕ ਚਿਠੀ ਲਿਖੀ:

"ਸਿੱਖ ਪੰਥ ਦੀ ਸਰਵ-ਉੱਚ ਪਾਵਨ ਸੰਸਥਾ ਅਕਾਲ ਤਖ਼ਤ ਸਾਹਿਬ ਵਿਖੇ 2 ਫ਼ਰਵਰੀ 1999 ਨੂੰ ਸਿੱਖ ਸੰਪ੍ਰਦਾਵਾਂ, ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਦੀ ਮੀਟਿੰਗ ਹੋਈ। ਰਿਪੋਰਟ ਆਪ ਨੇ ਅਖ਼ਬਾਰ ਵਿਚ ਪੜ੍ਹ ਹੀ ਲਈ ਹੋਵੇਗੀ।

ਅੱਜ ਮਿਤੀ 4-2-1999 ਦੇ ਅਖ਼ਬਾਰਾਂ ਵਿਚ ਆਪ ਵੱਲੋਂ ਮੇਰਾ ਪੱਤਰ ਨਾ ਮਿਲਣ ਬਾਰੇ ਕਿਹਾ ਗਿਆ ਹੈ। ਮੈਂ ਅਖ਼ਬਾਰਾਂ ਰਾਹੀਂ ਹੇਠ ਲਿਖਿਆ ਬਿਆਨ ਦਿੱਤਾ ਸੀ:

''ਅੱਜ ਤਕ ਸਾਜਿਸ਼ ਅਧੀਨ ਜਥੇਦਾਰ ਅਕਾਲ ਤਖ਼ਤ ਸਾਹਿਬ ਉੱਤੇ ਇਹ ਸ਼ੰਕਾ ਪ੍ਰਚਾਰਿਆ ਜਾ ਰਿਹਾ ਹੈ ਕਿ ਜਦ ਬਾਦਲ ਸਰਕਾਰ ਪੰਥ ਦੀ ਤੀਜੀ ਸ਼ਤਾਬਦੀ ਮਨਾਉਣ ਦੇ ਉਪਰਾਲੇ ਕਰ ਰਹੀ ਹੈ ਤਾਂ ਜੱਥੇਦਾਰ ਅਕਾਲੀ ਸਰਕਾਰ ਨੂੰ ਕਮਜ਼ੋਰ ਕਰਨਾ ਚਾਹੁੰਦਾ ਹੈ। ਅੱਜ ਮੈਂ ਸਪੱਸ਼ਟ ਕਰਦਾ ਹਾਂ ਕਿ ਮੇਰਾ ਸਰਕਾਰ ਜਾਂ ਸਰਕਾਰੀ ਕੰਮਾਂ ਨਾਲ ਕੋਈ ਵਿਰੋਧ ਨਹੀਂ ਹੈ। ਪਰ ਜੋ ਸ: ਪ੍ਰਕਾਸ਼ ਸਿੰਘ ਬਾਦਲ ਅਕਾਲੀ ਸਰਕਾਰ ਵਜੋਂ ਪੁਰਬ ਮਨਾਉਣ ਦਾ ਉਪਰਾਲਾ ਆਪਣੇ

ਹੱਥ ਲੈਣਾ ਚਾਹੁੰਦੇ ਹਨ ਤਾਂ ਦੋ ਦਿਨਾਂ ਵਿਚ ਅਕਾਲ ਤਖ਼ਤ ਸਾਹਿਬ ਨੂੰ ਲਿਖਤੀ ਭਰੋਸਾ ਦੇਣ ਕਿ ਅੱਜ ਤੋਂ ਹੀ ਪੁਰਬ ਸਬੰਧੀ ਹਰ ਸਮਾਗਮ ਸਮੇਂ ਹੁਣ ਤਕ ਕੌਮੀ ਸੰਘਰਸ਼ ਵਿਚ ਹੋਈਆਂ ਅਨੇਕਾਂ ਕੁਰਬਾਨੀਆਂ ਦਾ ਮੁਖ ਵਿਸ਼ਾ ਰਹੇ ਕੌਮੀ ਏਜੰਡੇ ਅੱਜ ਵੀ ਸਮਾਗਮਾਂ ਦਾ ਵਿਸ਼ਾ ਬਣੇ ਰਹਿਣਗੇ, ਜਿਨ੍ਹਾਂ ਲਈ ਕਦੀ ਸ: ਬਾਦਲ ਖ਼ੁਦ ਭਾਰਤੀ ਸੰਵਿਧਾਨ ਦੀ ਧਾਰਾ 25 ਦਿੱਲੀ ਵਿਖੇ ਜਾ ਕੇ ਸਾੜਦੇ ਰਹੇ ਹਨ।

ਕੌਮੀ ਏਜੰਡਾ

ਗੁਰੂ ਸਾਹਿਬ ਵੱਲੋਂ ਸਾਜੀ ਹੋਈ

1. ਸਿੱਖ ਅੱਡਰੀ ਕੌਮ;
2. ਸਿੱਖ ਪਰਸਨਲ ਕੋਡ (ਸਿੱਖ ਰਹਿਤ ਮਰਿਆਦਾ);
3. ਵਿਸਾਖੀ ਤੋਂ ਪਹਿਲਾਂ ਟਾਡਾ ਅਧੀਨ ਜੇਲ੍ਹਾਂ ਵਿਚ ਨਜ਼ਰਬੰਦ ਨੌਜਵਾਨਾਂ ਦੀ ਰਿਹਾਈ।

ਅਕਾਲ ਤਖ਼ਤ ਸਾਹਿਬ ਕੌਮੀ ਹਿੱਤਾਂ ਦੇ ਲਿਖਤੀ ਭਰੋਸੇ ਬਿਨਾਂ ਪੰਥਕ ਸਟੇਜ ਅਤੇ ਪੰਥਕ ਸਮਾਗਮ ਕਿਸੇ ਨੂੰ ਨਹੀਂ ਦੇ ਸਕਦਾ। ਮੈਨੂੰ ਦਿਸਦਾ ਹੈ ਕਿ ਕਿਸੇ ਪੰਥ ਵਿਰੋਧੀ ਸਾਜ਼ਿਸ਼ ਅਧੀਨ ਕੁਝ ਖ਼ੁਦਗਰਜ਼ ਧਾਰਮਿਕ ਪਦਵੀਆਂ 'ਤੇ ਬੈਠੇ ਲੋਕਾਂ ਨੂੰ ਖ਼ਰੀਦ ਕੇ ਕੌਮੀ ਦਿਹਾੜੇ 'ਤੇ ਸਰਕਾਰੀ ਕਬਜ਼ੇ ਨਾਲ ਪੰਥਕ ਹਿੱਤਾਂ ਦੇ ਪਹਿਰੇਦਾਰ 'ਅਕਾਲ ਤਖ਼ਤ ਸਾਹਿਬ' 'ਤੇ ਹਮਲੇ ਕੀਤੇ ਜਾ ਰਹੇ ਹਨ, ਜੋ ਕਿ ਅਕਾਲ ਤਖ਼ਤ ਸਾਹਿਬ ਨਾਲ ਜੁੜਿਆ ਸਮੁੱਚਾ ਪੰਥ ਕਦੀ ਵੀ ਸਹਿਣ ਨਹੀਂ ਕਰੇਗਾ। ਜੇ ਬਾਦਲ ਸਾਹਿਬ ਕੌਮ ਤੋਂ ਸ਼ਕਤੀ ਲੈ ਕੇ ਕੌਮੀ ਹਿੱਤਾਂ ਦੀ ਰਾਖੀ ਦਾ ਭਰੋਸਾ ਵੀ ਨਹੀਂ ਦੇ ਸਕਦੇ ਤਾਂ '300 ਸਾਲਾ ਪੰਥਕ ਸਮਾਗਮ' ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿਚ ਪੰਥ ਮਨਾਵੇਗਾ ਤਾਂ ਕਿ ਸਮੁਚਾ ਪੰਥ ਆਪਣੇ ਜਨਮ ਦਿਹਾੜੇ ਤੇ ਭਵਿੱਖ ਪ੍ਰਤੀ ਕੋਈ ਸਮੁੱਚੇ ਫ਼ੈਸਲੇ ਕਰ ਸਕੇ। ਅਕਾਲ ਤਖ਼ਤ ਸਾਹਿਬ ਪੰਥ ਦੇ ਉੱਜਲੇ ਭਵਿੱਖ ਦਾ ਜਾਮਨ ਰਿਹਾ ਹੈ ਅਤੇ ਰਹੇਗਾ।''

6 ਫ਼ਰਵਰੀ ਨੂੰ ਬਾਦਲ ਨੇ ਰਣਜੀਤ ਸਿੰਘ ਦੀ ਚਿੱਠੀ ਦਾ ਗੋਲ-ਮੋਲ ਜਿਹਾ ਜਵਾਬ ਇਵ ਦਿੱਤਾ:

"ਆਪ ਜੀ ਦਾ ਪੱਤਰ ਕੱਲ ਮਿਤੀ 5-2-1999 ਸ਼ਾਮ ਸੱਤ ਵਜੇ ਪ੍ਰਾਪਤ ਹੋਇਆ ਹੈ। ਜਿਸ ਵਿਚ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਅਤੇ ਕੁਝ ਹੋਰ ਮੁੱਦਿਆਂ ਸਬੰਧੀ ਲਿਖਿਆ ਗਿਆ ਹੈ।

ਇਸ ਸਬੰਧ ਵਿਚ ਦਾਸ ਦੀ ਸਨਿਮਰ ਬੇਨਤੀ ਹੈ ਕਿ 7 ਜਨਵਰੀ 1999 ਨੂੰ ਖਾਲਸਾ ਪੰਥ ਦੇ ਪਾਵਨ ਜਨਮ ਅਸਥਾਨ ਅਨੰਦਪੁਰ ਸਾਹਿਬ ਵਿਖੇ ਪੰਥ ਦੀ ਸਿਰਮੌਰ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ, ਰਾਜਸੀ ਮਾਮਲਿਆਂ ਬਾਰੇ ਕਮੇਟੀ, ਜ਼ਿਲ੍ਹਾ ਪ੍ਰਧਾਨ, ਵਿਧਾਨਕਾਰ, ਮੈਂਬਰਾਨ ਪਾਰਲੀਮੈਂਟ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰਾਨ ਸਮੇਤ ਪ੍ਰਧਾਨ ਸਾਹਿਬ, ਕਾਰਜਕਾਰੀ ਪ੍ਰਧਾਨ ਸਾਹਿਬ, ਜਨਰਲ ਸਕੱਤਰ ਅਤੇ ਹੋਰ ਅਹੁਦੇਦਾਰਾਂ ਦੀ ਇਕ ਵਿਸ਼ਾਲ ਪ੍ਰਤੀਨਿਧ ਇਕੱਤਰਤਾ ਹੋਈ ਸੀ, ਜਿਸ ਵਿਚ ਲੰਮੇ ਵਿਚਾਰ ਵਟਾਂਦਰੇ ਉਪਰੰਤ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਖਾਲਸਾ ਪੰਥ ਦੇ 300 ਸਾਲਾ ਸਮਾਗਮਾਂ ਦੀ ਰੂਪ ਰੇਖਾ ਤਿਆਰ ਕਰਨ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਦੀ ਸੇਵਾ ਦਾਸ ਨੂੰ ਸੌਂਪੀ ਗਈ ਸੀ।

ਉਸ ਤੋਂ ਬਾਅਦ ਇਸ ਦਿਸ਼ਾ ਵਿਚ ਕਾਫ਼ੀ ਪ੍ਰਗਤੀ ਹੋ ਚੁਕੀ ਹੈ, ਜਿਸ ਦੇ ਵੇਰਵੇ ਅਖ਼ਬਾਰਾਂ ਵਿਚ ਵੀ ਛੱਪ ਚੁੱਕੇ ਹਨ।

ਸ਼੍ਰੋਮਣੀ ਅਕਾਲੀ ਦਲ ਇਕ ਜਮਹੂਰੀ ਪਾਰਟੀ ਹੈ। ਆਪ ਜੀ ਦੇ ਪੱਤਰ ਵਿਚ ਉਠਾਏ ਗਏ ਹੋਰ ਮੁੱਦਿਆਂ ਸਬੰਧੀ ਦਾਸ ਨੂੰ ਇਕੱਲਿਆਂ ਤੌਰ 'ਤੇ ਕੋਈ ਵੀ ਫ਼ੈਸਲਾ ਕਰਨ ਦਾ ਵਿਧਾਨਕ ਅਧਿਕਾਰ ਨਹੀਂ ਹੈ। ਇਸ ਲਈ ਸ੍ਰਮੋਣੀ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਮਿਤੀ 11-2-1999 ਨੂੰ ਬੁਲਾ ਲਈ ਗਈ ਹੈ, ਇਸ ਮੀਟਿੰਗ ਵਿਚ ਆਪ ਦਾ ਪੱਤਰ ਰੱਖਿਆ ਜਾਵੇਗਾ।

ਡੂੰਘੇ ਸਤਿਕਾਰ ਸਹਿਤ,
ਗੁਰੂ ਪੰਥ ਦਾ ਦਾਸ,
ਪ੍ਰਕਾਸ਼ ਸਿੰਘ ਬਾਦਲ

ਦਰਅਸਲ ਰਣਜੀਤ ਸਿੰਘ ਚਾਹੁੰਦਾ ਸੀ ਕਿ ਬਾਦਲ ਨਾਲ ਉਸ ਦੀ ਗੱਲਬਾਤ ਹੋ ਜਾਵੇ, ਪਰ ਬਾਦਲ ਨੇ ਗੋਲ-ਮੋਲ ਜਿਹੀ ਚਿੱਠੀ ਵਿਚ ਨਾ ਤਾਂ ਕੁਝ ਮੰਨਿਆ ਅਤੇ ਨਾ ਹੀ ਕਿਸੇ ਗੱਲੋਂ ਇਨਕਾਰ ਕੀਤਾ। ਦੂਜੇ ਪਾਸੇ ਬਾਦਲ ਨੇ ਆਪਣੀ ਪਲਾਨਿੰਗ ਜਾਰੀ ਰੱਖੀ। ਹੁਣ ਰਣਜੀਤ ਸਿੰਘ ਕੋਲ ਦੋ ਹੀ ਤਰੀਕੇ ਬਚਦੇ ਸਨ ਕਿ ਜਾਂ ਤਾਂ ਉਹ ਮਨਜੀਤ ਸਿੰਘ ਤੇ ਬਰਜਿੰਦਰ ਹਮਦਰਦ ਦੀ 11 ਫ਼ਰਵਰੀ ਦੀ 'ਤਲਬੀ' ਨੂੰ ਮੁਲਤਵੀ (15 ਅਪ੍ਰੈਲ ਤਕ) ਕਰ ਦੇਂਦਾ ਤੇ ਜਾਂ ਉਸ ਨਾਲ ਟੱਕਰ ਲੈ ਲੈਂਦਾ ਅਤੇ 'ਰਾਹੀਂ ਪੈ ਕੇ ਕੌਣ ਕਰੇ ਹੁਣ ਪੈੜਾਂ ਦੀ ਪਰਵਾਹ' ਦਾ ਨਿਸ਼ਾਨਾ ਰੱਖ ਕੇ ਡਟ ਜਾਂਦਾ ਤੇ ਇਹ ਰਸਤਾ 'ਸ਼ਹੀਦੀ' (ਖੁਦਕੁਸ਼ੀ/ਕੁਰਬਾਨੀ, ਜੋ ਮਰਜ਼ੀ ਨਾਂ ਰੱਖ ਸਕਦੇ ਹਾਂ) ਵੱਲ ਜਾਂਦਾ ਸੀ। 8 ਫ਼ਰਵਰੀ 1999 ਦੀ ਇਕ ਰਾਤ ਜੱਥੇਦਾਰ ਟੌਹੜਾ ਅੰਮ੍ਰਿਤਸਰ ਵਿਚ ਸੀ। ਉਸ ਵੇਲੇ ਉਸ ਕੋਲ ਡਾਕਟਰ ਦਿਲਗੀਰ, ਰਣਬੀਰ ਸਿੰਘ (ਪੀ.ਏ.), ਗੁਰਦਰਸ਼ਨ ਸਿੰਘ (ਮੀਤ ਸਕੱਤਰ) ਤੇ ਉਸ (ਟੌਹੜਾ) ਦਾ ਡਰਾਈਵਰ ਸਨ। ਟੌਹੜਾ ਨੇ ਦਸਤਾਰ ਲਾਹ ਕੇ ਇਕ ਆਮ ਕਿਸਾਨ ਵਾਲਾ ਸਾਫ਼ਾ (ਚੈੱਕ ਡਿਜ਼ਾਇਨ ਵਾਲਾ) ਸਿਰ 'ਤੇ ਲਪੇਟਿਆ ਅਤੇ ਇਸ ਹੁਲੀਏ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਵਾਲੇ, ਪ੍ਰਧਾਨ ਦੇ ਰੈਸਟ ਹਾਊਸ ਤੋਂ, (ਭਾਈ) ਰਣਜੀਤ ਸਿੰਘ ਦੇ ਘਰ (ਹਸਪਤਾਲ ਵਾਲੀ ਕੋਠੀ) ਗਿਆ ਅਤੇ ਉੱਥੇ ਅੱਧਾ ਪੌਣਾ ਘੰਟਾ ਵਿਚਾਰਾਂ ਕੀਤੀਆਂ। ਇਸ ਮਗਰੋਂ ਰਣਜੀਤ ਸਿੰਘ ਨੇ ਟੌਹੜਾ ਦਾ ਪੂਰਾ ਸਾਥ ਨਿਭਾਉਣ 'ਤੇ ਇਸ ਵਾਸਤੇ 'ਕੁਰਬਾਨੀ' ਕਰਨ ਤਕ ਦਾ ਵੀ ਪ੍ਰਣ ਕਰ ਦਿਤਾ। ਅਗਲੀ ਸਵੇਰ ਨੂੰ (ਭਾਈ) ਰਣਜੀਤ ਸਿੰਘ ਨੇ ਬਾਦਲ ਨੂੰ ਇਕ ਲੰਬੀ ਚਿੱਠੀ ਲਿਖੀ, ਜਿਸ ਵਿਚ ਬੜੇ ਸਖ਼ਤ-ਸਖ਼ਤ ਦਬਕੇ ਜਿਹੇ ਮਾਰੇ ਹੋਏ ਸਨ। ਦਰਅਸਲ, ਇਹ (ਭਾਈ) ਰਣਜੀਤ ਸਿੰਘ ਦਾ ਆਖ਼ਰੀ ਹਥਿਆਰ ਸੀ, ਜ੍ਹਿਸ ਤੋਂ ਉਸ ਨੂੰ ਸ਼ਾਇਦ ਇਹ ਆਸ ਸੀ ਕਿ ਸ਼ਾਇਦ ਬਾਦਲ ਡਰ ਜਾਵੇਗਾ। (ਭਾਈ) ਰਣਜੀਤ ਸਿੰਘ ਦੀ ਚਿੱਠੀ ਇੰਞ ਸੀ :

9 ਫ਼ਰਵਰੀ 1999

ਗੁਰੂ ਸਵਾਰੇ ਸ: ਪਰਕਾਸ਼ ਸਿੰਘ ਬਾਦਲ ਜੀ,
ਮੁੱਖ ਮੰਤਰੀ, ਪੰਜਾਬ
ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪ੍ਰੈੱਸ ਦੇ ਇਕ ਖ਼ਾਸ ਹਿੱਸੇ ਵੱਲੋਂ ਮੈਨੂੰ ਖਾਲਿਸਤਾਨੀ, ਅੱਤਵਾਦੀ ਅਤੇ ਵੱਖਵਾਦੀ ਹਊਏ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। **ਮੈਂ ਨਾ ਕਦੀ ਖਾਲਿਸਤਾਨੀ ਸੀ ਤੇ ਨਾ ਹੁਣ ਹਾਂ।** ਮੈਂ ਕਦੀ ਵੀ ਧਾਰਮਿਕ ਸਟੇਜ ਨੂੰ ਵੱਖਵਾਦ ਦੇ ਨਾਅਰਿਆਂ ਦੇ ਪ੍ਰਚਾਰ ਦਾ ਸਾਧਨ ਨਹੀਂ ਬਣਨ ਦਿੱਤਾ। ਸਿੱਖ ਕੌਮ ਅੱਜ ਪੰਜਾਬ ਤਕ ਹੀ ਸੀਮਤ ਨਹੀਂ ਹੈ। ਪੰਜਾਬ ਤੋਂ ਬਾਹਰ ਦੇਸ਼-ਵਿਦੇਸ਼ ਵਿਚ ਸਿੱਖਾਂ ਦੀ ਵੱਡੀ ਗਿਣਤੀ ਵੱਸਦੀ ਹੈ। ਜਿਸ ਦਾ ਕਿਸੇ ਵੀ ਵੱਖਵਾਦੀ ਨਾਅਰੇ ਨਾਲ ਅਕਸ ਵਿਗੜਦਾ ਹੈ। ਅੱਜ ਦੇ ਵਿਸ਼ਵ ਭਾਈਚਾਰੇ ਵਿਚ ਕਿਸੇ ਕੌਮ ਦਾ ਭਵਿੱਖ ਨਿਸ਼ਚਿਤ ਹੱਦਾਂ ਜਾਂ ਵਲਗਣਾਂ ਵਿਚ ਸੀਮਤ ਕਰਨਾ ਮੁਨਾਸਿਬ ਨਹੀਂ ਹੈ, ਪਰ ਮੈਂ ਖ਼ਾਲਿਸਤਾਨ ਦੀ ਮੰਗ ਨਾਲ ਸਹਿਮਤ ਨਾ ਹੁੰਦਾ ਹੋਇਆ ਵੀ ਪੰਥਕ ਜਾਂ ਖਾਲਸਾਈ ਪਛਾਣ ਦਾ ਮੁੱਦਈ ਹਾਂ। ਜਿਵੇਂ ਬਾਕੀ ਕੌਮਾਂ ਦੀ ਵਿਸ਼ੇਸ਼ ਸਭਿਆਚਾਰਕ ਤੇ ਸੰਵਿਧਾਨਕ ਮਾਨਤਾ ਹੈ, ਤਿਵੇਂ ਦੀ ਮਾਨਤਾ ਸਿੱਖਾਂ ਦੀ ਵੀ ਹੋਵੇ। ਅਸਾਂ ਆਪਣੀ ਹੋਂਦ ਦੀ ਲਕੀਰ ਕਿਸੇ ਹੋਰ ਦੀ ਲਕੀਰ ਨੂੰ ਕੱਟ ਕੇ ਨਹੀਂ, ਸਗੋਂ ਬਾਕੀ ਹੋਰ ਲਕੀਰਾਂ ਦੇ ਸਾਮਨੰਤਰ ਅੱਗੇ ਵਧਾਉਣੀ ਹੈ। 'ਜੀਓ ਤੇ ਜੀਉਣ ਦਿਓ' ਦੀ ਦਿਸ਼ਾ ਵਿਚ ਆਪਣੀ ਪਛਾਣ ਦਾ ਸਰਬ-ਪੱਖ ਵਿਕਾਸ ਕਰਨਾ ਹੈ।

ਮੇਰੇ 1978 ਦੀ ਵਿਸਾਖੀ ਬਾਰੇ ਬਿਆਨ ਨੂੰ ਬਹੁਤ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਮੈਂ ਇਸ ਕਾਂਡ ਦੀ ਅੱਗ ਕਾਰਨ 13 ਸਾਲ ਜੇਲ੍ਹ ਕੱਟੀ ਹੈ। ਇਸ ਸਬੰਧੀ ਆਪਣੇ ਹਿਰਦੇ ਦੀ ਕੜਵੀ ਸੱਚਾਈ ਬਿਆਨ ਕੀਤੀ ਹੈ। ਮੇਰੇ ਕਹਿਣ ਦਾ ਮਕਸਦ ਸੀ ਕਿ ਸਭ ਸੰਪਰਦਾਵਾਂ ਤੇ ਸੰਤ ਸਮਾਜ ਭੈ-ਮੁਕਤ ਹੋ ਕੇ ਖ਼ਾਲਸਾ ਸ਼ਤਾਬਦੀ ਵਿਚ ਸ਼ਾਮਿਲ ਹੋ ਸਕਣ। ਸਾਰੀਆਂ ਸਿੱਖ ਜਥੇਬੰਦੀਆਂ ਆਪਣੇ ਵਿਚਾਰਾਂ ਦੀ ਛੋਟੀ-ਮੋਟੀ ਅਨੇਕਤਾ ਦੇ ਬਾਵਜੂਦ ਪੰਥ-ਏਕਤਾ ਦੀ ਭਾਵਨਾ ਤਹਿਤ ਸ਼ਤਾਬਦੀ ਸਮਾਰੋਹਾਂ ਵਿਚ ਸ਼ਾਮਿਲ ਹੋ ਸਕਣ। ਕਿਸੇ ਨੂੰ ਵੀ ਨਜ਼ਰਅੰਦਾਜ਼ ਹੋਣ ਦਾ ਸ਼ੱਕ ਨਾ ਪਵੇ। ਹੋਰ ਦੂਸਰੀਆਂ ਪਾਰਟੀਆਂ ਦੇ ਸਿੱਖ ਵੀ ਖਾਲਸਾ ਸ਼ਤਾਬਦੀ ਦੇ ਸਮਾਰੋਹਾਂ ਵਿਚ ਹਿੱਸਾ ਲੈ ਸਕਣ। ਖੂਨੀ ਵਿਸਾਖੀ ਬਾਰੇ ਮੇਰਾ ਬਿਆਨ ਕਿਸੇ ਲਈ ਚਿਤਾਵਨੀ ਜਾਂ ਡਰਾਵਾ ਬਿਲਕੁਲ ਨਹੀਂ ਸੀ, ਬਲਕਿ ਇਹ ਇਤਿਹਾਸ ਵਿਚ ਵਾਪਰੇ ਮਾੜੇ ਕਾਂਡ ਤੋਂ ਸਬਕ ਲੈ-ਕੇ ਅਤੇ ਹੁਣ ਸਾਵਧਾਨੀ ਵਰਤ ਕੇ ਸੁਖ ਸ਼ਾਂਤੀ ਦੇ ਵਿਸ਼ਵਾਸ ਭਰੇ ਮਾਹੌਲ ਸਿਰਜਣ ਸਬੰਧੀ ਸੀ।

ਖਾਲਸਾ ਸ਼ਤਾਬਦੀ ਖਾਲਸੇ ਦੀ ਮੂਲ ਭਾਵਨਾ ਨੂੰ ਸਮਰਪਤ ਹੋਵੇ। ਜਿਵੇਂ ਗੁਰੂ ਗ੍ਰੰਥ ਸਾਹਿਬ ਜੀ ਭਾਰਤੀ ਸੱਭਿਆਚਾਰ ਦਾ ਅਮੁੱਲ ਖ਼ਜ਼ਾਨਾ ਹੈ, ਤਿਵੇਂ ਹੀ ਪੰਜ ਪਿਆਰੇ ਵੀ ਸਮੁੱਚੇ ਰਾਸ਼ਟਰ ਦੇ ਅਨਮੋਲ ਰਤਨ ਹਨ। ਖ਼ਾਲਸੇ ਦੀ ਸਿਰਜਣਾ ਵਿਚ ਕਿਰਤੀ ਅਤੇ ਹੇਠਲੀਆਂ ਸ਼੍ਰੇਣੀਆਂ ਨੇ ਸੱਤਾ ਅਤੇ ਜ਼ੁਲਮ ਖ਼ਿਲਾਫ਼ ਖਲੋਣ ਦਾ ਪ੍ਰਣ ਲਿਆ ਸੀ, ਅੱਜ ਇਨ੍ਹਾਂ ਸ਼੍ਰੇਣੀਆਂ ਨੂੰ ਸੱਤਾ ਨਜ਼ਰਅੰਦਾਜ਼ ਨਾ ਕਰੇ, ਇਸ ਦਿਹਾੜੇ ਇਨ੍ਹਾਂ ਦੀ ਸ਼ਮੂਲੀਅਤ ਵਿਸ਼ੇਸ਼ ਹੋਵੇ। ਇਹ ਦਿਹਾੜਾ ਸਭ ਲਈ ਖੁਸ਼ੀ, ਖੇੜੇ ਅਤੇ ਸਮਾਨਤਾ ਦਾ ਕਾਰਨ ਬਣੇ। ਅਕਸਰ ਹੀ ਮਹਾਨ ਵਿਅਕਤੀਆਂ ਦੇ ਜਨਮ ਦਿਹਾੜਿਆਂ ਉੱਤੇ ਕੈਦੀਆਂ ਦੀ ਸਜ਼ਾ ਘੱਟ ਕੀਤੀ ਜਾਂਦੀ ਹੈ ਜਾਂ ਸਰਬੱਤ ਦੇ ਭਲੇ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਖਾਲਸਈ ਦਿਵਸ ਵੀ ਸਭ ਲਈ ਮਲ੍ਹਮ ਜਾਂ ਰਾਹਤ ਦਾ ਦਿਹਾੜਾ ਬਣੇ। ਕੌਮ ਆਪਸ ਵਿਚ ਨਾ ਉਲਝੇ। ਆਪਣਾ ਆਪਸੀ ਮਨ-ਮੁਟਾਵ ਭੁਲਾ ਕੇ ਸਾਂਝ ਤੇ ਏਕਤਾ ਦੀ ਮਿਸਾਲ ਕਾਇਮ ਕਰੇ (ਮੇਰੇ 15 ਅਪ੍ਰੈਲ ਤਕ ਜਾਰੀ ਰਹਿਣ ਵਾਲੇ ਹੁਕਮਨਾਮੇ ਦਾ ਮਕਸਦ ਵੀ ਅਜਿਹੀ ਭਾਵਨਾ ਨੂੰ ਸਮਰਪਿਤ ਸੀ)।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਅਕਾਲ ਤਖ਼ਤ ਸਾਹਿਬ ਉੱਤੇ ਸੰਨ 1920 ਵਿਚ ਹੋਈ ਸੀ। ਦੋਹਾਂ ਜਥੇਬੰਦੀਆਂ ਦਾ ਕੁਰਬਾਨੀਆਂ ਅਤੇ

ਪ੍ਰਾਪਤੀਆਂ ਵਾਲਾ ਇਤਿਹਾਸ ਹੈ। ਪਰ ਪਿਛਲੇ ਕੁਝ ਸਮੇਂ ਤੋਂ ਇਹ ਜਥੇਬੰਦੀਆਂ ਆਪਣੇ ਅਸਲੀ ਮਕਸਦ ਤੋਂ ਥਿੜਕ ਗਈਆਂ ਹਨ। ਪਿਛਲੇ ਸਮੇਂ ਵਿਚ ਪੰਜਾਬ ਅਤੇ ਸਿੱਖਾਂ ਨੇ ਜੋ ਸੰਤਾਪ ਹੰਢਾਇਆ ਹੈ, ਉਹ ਕੁਝ ਸਵਾਰਥੀ ਨੇਤਾਵਾਂ ਦੀਆਂ ਚਾਲਾਂ ਦਾ ਸਿੱਟਾ ਸੀ। ਜਦੋਂ ਰਾਜਸੱਤਾ ਹਾਸਿਲ ਕਰਨੀ ਹੋਵੇ ਤਾਂ ਮੋਰਚਾ ਅਕਾਲ ਤਖ਼ਤ ਸਾਹਿਬ ਤੋਂ ਲਗਦਾ ਹੈ ਅਤੇ ਮੋਰਚੇ ਦਾ ਨਾਮ ਧਰਮਯੁੱਧ ਰੱਖਿਆ ਜਾਦਾ ਹੈ, ਪਰ ਹੁਣ ਧਰਮਯੁਧ ਮੋਰਚੇ ਦੀਆਂ ਮੰਗਾਂ ਕਿੱਥੇ ਗਈਆਂ? ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਤੇ ਪਾਣੀਆਂ ਦੇ ਮਸਲੇ ਕਿੱਧਰ ਗਏ? ਕੀ ਪੰਜਾਬ ਦੇ ਬੈਂਕਾਂ ਵਿਚ ਪੰਜਾਬੀਆਂ ਦੀ ਜਮ੍ਹਾਂ ਪੂੰਜੀ ਪੰਜਾਬ ਵਿਚ ਲੱਗਣੀ ਸ਼ੁਰੂ ਹੋਈ ਹੈ? ਤੁਸਾਂ ਪੰਜਾਬ ਨੂੰ ਹਰ ਪੱਖ ਤੋਂ ਗੁਰਬਤ ਤੇ ਕੰਗਾਲੀ ਦੇ ਮੋੜ ’ਤੇ ਖੜਾ ਕਰ ਦਿੱਤਾ ਹੈ। ਤੁਹਾਡੀ ਸੱਤਾ ਦੇ ਸੇਹਰੇ ਹੇਠ ਪੰਥ ਅਤੇ ਪੰਜਾਬ ਦੀ ਪੱਗ ਰੁਲ ਰਹੀ ਹੈ। ਕੀ ਸਵਾ ਲੱਖ ਮਰਜੀਵੜਿਆਂ ਨੂੰ ਅਕਾਲ ਤਖ਼ਤ ਸਾਹਿਬ ’ਤੇ ਕਸਮਾਂ ਖਵਾਉਣ ਤੇ ਧਰਮਯੁੱਧ ਮੋਰਚੇ ਦਾ ਮਕਸਦ ਕੇਵਲ ਬਾਦਲ ਸਰਕਾਰ ਬਣਾਉਣ ਤਕ ਹੀ ਸੀਮਤ ਸੀ? ਅਗਰ ਉਸ ਸਮੇਂ ਦੇ ਜੱਥੇਦਾਰ ਨੇ ਤੁਹਾਡੇ ਤੋਂ ਲਿਖਤੀ ਪ੍ਰਣ ਲੈ ਕੇ ਅਕਾਲ ਤਖ਼ਤ ਸਾਹਿਬ ਤੋਂ ਧਰਮਯੁੱਧ ਮੋਰਚਾ ਲਾਉਣ ਦੀ ਇਜਾਜ਼ਤ ਦਿੱਤੀ ਹੁੰਦੀ ਤਾਂ ਤੁਹਾਡੇ ਲਈ ਅੱਜ ਮੋਰਚੇ ਦੀਆਂ ਮੰਗਾਂ ਤੋਂ ਭੱਜਣਾ ਸੌਖਾ ਨਾ ਹੁੰਦਾ ਅਤੇ ਤੁਹਾਡਾ ਅਕਾਲ ਤਖ਼ਤ ਸਾਹਿਬ ’ਤੇ ਕੀਤਾ ਪ੍ਰਣ ਤੇ ਕੀਤੀ ਅਰਦਾਸ ਮਹਿਜ਼ ਇਕ ਰਵਾਇਤ-ਮਾਤਰ ਨਾ ਬਣ ਕੇ ਰਹਿ ਜਾਂਦੀ, ਸਗੋਂ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਵਰਗੇ ਕਹਿਣੀ ਤੇ ਕਰਨੀ ਦੇ ਪੂਰੇ ਬਣ ਕੇ ਨਿਭ ਜਾਣ ਵਾਲੇ ਦੀ ਮਹਾਨ ਰਵਾਇਤ ਕਾਇਮ ਰਹਿੰਦੀ।

ਤੁਸਾਂ ਕੁਰਬਾਨੀ ਭਾਵਨਾ ਦਾ ਨਾਮ ਮਾਰ ਕੇ ਅਕਾਲੀ ਦਲ ਨੂੰ ਜੀ-ਹਜ਼ੂਰੀਆਂ ਦੀ ਜੱਦੀ ਜਗੀਰ ਬਣਾ ਲਿਆ ਹੈ। ਸੱਤਾ ਦੀ ਪੌੜੀ ਚੜ੍ਹਦਿਆਂ ਹੀ ਤੁਹਾਡੇ ਲਈ ਧਾਰਮਿਕ ਸੰਸਥਾਵਾਂ ਦਾ ਮਹੱਤਵ ਨਿਗੁਣਾ ਹੋ ਜਾਂਦਾ ਹੈ। ਕਲ੍ਹ ਤੱਕ ਪੁਲਿਸ ਦਾਖ਼ਿਲੇ ਦੀ ਨਿੰਦਾ ਕਰਨ ਵਾਲਾ ਹੁਣ ਖ਼ੁਦ ਹੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ’ਤੇ ਕਬਜ਼ੇ ਲਈ ਅੰਦਰ ਪੁਲਿਸ ਭੇਜ ਰਿਹਾ ਹੈ। ਤੁਸੀਂ ਧਰਮ ਅਤੇ ਧਾਰਮਿਕ ਸੰਸਥਾਵਾਂ ਨੂੰ ਵਰਤਣਾ ਸਿੱਖ ਗਏ ਹੋ। ਜਦ ਤੁਹਾਡੇ ਹੇਠ ਕੁਰਸੀ ਨਾ ਹੋਵੇ ਤਾਂ ਤੁਸੀਂ ਪੰਥ, ਧਰਮ ਅਤੇ ਕੌਮ ਉੱਤੇ ਖ਼ਤਰੇ ਦੀ ਦੁਹਾਈ ਪਾ ਦਿੰਦੇ ਹੋ, ਪਰ ਸਤਾ ਹਾਸਿਲ ਕਰਦਿਆਂ ਹੀ ਧਾਰਮਿਕ ਮੁਖੀਆਂ ਨੂੰ ਆਪਣੀ ਤਾਕਤ ਦੀ ਡੰਗੋਰੀ ਨਾਲ ਆਪਣੇ ਪੈਰੀਂ ਸੁੱਟਣ ਦੀ ਕੋਸ਼ਿਸ਼ ਕਰਦੇ ਹੋ। ਜੋ ਜਥੇਦਾਰ ਤੁਹਾਡੀ ਕੋਠੀ ਦੇ ਗੇੜੇ ਕੱਢਦੇ ਹਨ, ਉਹ ਤੁਹਾਡੇ ਲਈ ਮਹਾਨ ਹਨ। ਤੁਹਾਡੇ ਲਈ ਹਰ ਚੀਜ਼ ਵਿਕਾਊ ਮਾਲ ਹੈ, ਕਿਉਂਕਿ ਤੁਹਾਡੇ ਦੁਆਲੇ ਸਸਤੇ ਅਤੇ ਹੁਦਾਰ ਵਿਕਣ ਵਾਲਿਆਂ ਦੀ ਬੇਸ਼ੁਮਾਰ ਭੀੜ ਹੈ। ਇਸ ਭੀੜ ਦੀ ਕਿਲ੍ਹੇਬੰਦੀ ਹੇਠ ਤੁਸਾਂ ਪਾਪ ਅਤੇ ਪਾਕ ਦਾ ਭੇਤ ਭੁਲਾ ਦਿੱਤਾ ਹੈ। ਜੇ ਕਿਸੇ ਹੋਰ ਰਾਜਨੀਤਕ ਪਾਰਟੀ ਦੇ ਵਿਅਕਤੀ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਲੱਗੇ ਤਾਂ ਖ਼ੁਸ਼ੀ ਮਨਾਉਂਦੇ ਹੋ, ਪਰ ਜੇ ਤੁਹਾਡੀ ਮੰਡਲੀ ਵਿਚੋਂ ਕਿਸੇ ਨਾਲ ਅਜਿਹਾ ਹੋਣ ਲੱਗੇ ਤਾਂ ਤੁਸੀਂ ਲੋਹੇ ਲਾਖੇ ਹੋ ਜਾਂਦੇ ਹੋ ਅਤੇ ਇਸ ਨੂੰ ਆਪਣੀ ਤਾਕਤ ਦੀ ਤੌਹੀਨ ਸਮਝਦੇ ਹੋ। ਮਹਾਰਾਜਾ ਰਣਜੀਤ ਸਿੰਘ ਇਕ ਨਿਮਾਣੇ ਸਿੱਖ ਵਜੋਂ ਸਦਾ ਅਕਾਲ ਤਖ਼ਤ ਸਾਹਿਬ ਦੀ ਤਾਬਿਆ ਵਿਚ ਰਹਿੰਦਾ ਸੀ, ਪਰ ਤੁਸੀਂ ਅਕਾਲ ਤਖ਼ਤ ਸਾਹਿਬ ਨਾਲ ਟਕਰਾਉਣ ਤੇ ਮੱਥਾ ਲਾਉਣ ਦੇ ਲਗਾਤਾਰ ਫੀਲ੍ਹੇ ਛੱਡੀ ਜਾ ਰਹੇ ਹੋ। ਤੁਹਾਡੇ ਕੋਲ ਪੰਥ ਤੇ ਪੰਜਾਬ ਲਈ ਕੋਈ ਪ੍ਰੋਗਰਾਮ ਜਾਂ ਏਜੰਡਾ ਨਹੀਂ ਹੈ। ਅਜਿਹੇ ਪ੍ਰੋਗਰਾਮ ਅਕਸਰ ਲੀਡਰਸ਼ਿਪ ਨੇ ਤੈਅ ਕਰਨੇ ਹੁੰਦੇ ਹਨ। ਜਥੇਦਾਰ

ਤਾਂ ਲੀਡਰਸ਼ਿਪ ਅਤੇ ਸਿੱਖ ਸੰਗਤ ਵਿਚਕਾਰ ਇਕ ਜਾਮਨ-ਕੜੀ ਹੈ। ਏਜੰਡਾ ਪੁੱਛਣ ਦਾ ਮਕਸਦ ਤੁਹਾਡੇ ਵੱਲੋਂ ਕੌਮ ਪ੍ਰਤੀ ਲਈ ਜ਼ਿੰਮੇਵਾਰੀ ਅਤੇ ਇਸ ਉੱਤੇ ਕਾਇਮ ਰਹਿਣ ਦੇ ਭਰੋਸੇ ਨਾਲ ਸਬੰਧਤ ਸੀ। ਖਾਲਸਾ ਸ਼ਤਾਬਦੀ ਮਹਿਜ ਕੋਈ ਸਰਕਾਰੀ ਕਾਰਜ ਨਹੀਂ ਹੈ, ਸਗੋਂ ਇਹ ਸਮੁੱਚੇ ਪੰਥ ਦਾ ਇਤਿਹਾਸਕ ਦਿਹਾੜਾ ਹੈ। ਇਸ ਸਬੰਧ ਵਿਚ ਮਹਾਨ ਸਿੱਖ ਰਵਾਇਤਾਂ ਦੀ ਸੇਧ ਲਾਜ਼ਮੀ ਹੈ। ਇਸ ਨੂੰ ਕੇਵਲ ਪੱਛਮੀ-ਤਰਜ਼ ਦੇ ਗਾਇਕਾਂ ਦੀਆਂ ਭੜਕੀਲੀਆਂ ਸੁਰਾਂ ਨਾਲ ਹੀ ਪੂਰਾ ਨਹੀਂ ਕੀਤਾ ਜਾ ਸਕਦਾ।

ਸਾਡੇ ਕੋਲ ਗੁਰੂ ਸਾਹਿਬਾਨ ਦੀਆਂ ਬਖ਼ਸ਼ੀਆਂ ਮਹਾਨ ਸਿੱਖ ਰਵਾਇਤਾਂ ਹਨ, ਜਿਨ੍ਹਾਂ ਨੂੰ ਕੋਈ ਜਥੇਦਾਰ ਜਾਂ ਨੇਤਾ ਨਾ ਤੋੜ ਸਕਦਾ ਹੈ, ਨਾ ਬਦਲ ਸਕਦਾ ਹੈ। ਕਿਸੇ ਸਰਬੱਤ ਖਾਲਸਾ ਜਾਂ ਸਮੂਹ ਸੰਗਤ ਦੀ ਮਨਜ਼ੂਰੀ ਨਾਲ ਕਿਸੇ ਤਬਦੀਲੀ ਦੀ ਸੰਭਾਵਨਾ ਹੋ ਸਕਦੀ ਹੈ, ਪਰ ਤੁਸੀਂ ਅਕਾਲ ਤਖ਼ਤ ਸਾਹਿਬ ਦੀ ਗ੍ਰਿਫ਼ਤ ਵਿਚ ਆਏ ਆਪਣੇ ਚਹੇਤਿਆਂ ਨੂੰ ਬਚਾਉਣ ਲਈ ਸਰਕਾਰੀ ਤਾਕਤ ਨਾਲ ਮਹਾਨ ਸਿੱਖ ਰਵਾਇਤਾਂ ਉੱਤੇ ਹਮਲਾ ਕਰੀ ਜਾ ਰਹੇ ਹੋ। ਅਕਾਲ ਤਖ਼ਤ ਸਾਹਿਬ ਉੱਤੇ ਧਾਰਮਿਕ ਸੇਵਾ ਰਾਹੀਂ ਕਿਸੇ ਸਿੱਖ ਵਿਚ ਆਏ ਖੋਟ ਨੂੰ ਦੂਰ ਕਰ ਕੇ ਮੁੜ ਕੁੰਦਨ ਬਣਾਇਆ ਜਾਂਦਾ ਹੈ। ਤੁਸੀਂ ਖੋਟ ਜਾਂ ਮੈਲ ਦੂਰ ਕਰਨ ਦੇ ਰਾਹ ਵਿਚ ਲੱਤ ਗੱਡੀ ਖੜ੍ਹੇ ਹੋ। ਪੰਥ ਦੀ ਨੰਗੀ ਅੱਖ ਤੋਂ ਤੁਹਾਡੇ ਗੁਨਾਹ ਹੁਣ ਬੇ-ਪਰਦਾ ਹੋ ਰਹੇ ਹਨ। ਇਕ ਦਿਨ ਪੰਥ ਜ਼ਰੂਰ ਤੁਹਾਡੀਆਂ ਕਾਰਸਤਾਨੀਆਂ ਦਾ ਲੇਖ-ਜੋਖਾ ਕਰੇਗਾ।

ਮੀਰੀ ਪੀਰੀ ਦੇ ਮਾਲਕ ਸਾਹਿਬ ਗੁਰੂ ਹਰਿਗੋਬਿੰਦ ਸਾਹਿਬ ਜੀ ਤੁਹਾਨੂੰ ਅਤੇ ਤੁਹਾਡੇ ਸਲਾਹਕਾਰਾਂ ਨੂੰ ਸੁਮੱਤ ਬਖ਼ਸ਼ਣ...

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਰਣਜੀਤ ਸਿੰਘ ਦੇ ਖ਼ਿਲਾਫ਼ ਐਕਸ਼ਨ

ਪਰ (ਭਾਈ) ਰਣਜੀਤ ਸਿੰਘ ਦੀ ਬਾਦਲ ਨੂੰ ਧਮਕੀਆਂ ਦੇਣ ਵਾਲੀ ਚਿੱਠੀ ਦਾ ਉਲਟਾ ਅਸਰ ਹੋਇਆ। ਹੁਣ ਉਸ ਨੇ ਪਹਿਲਾਂ (ਭਾਈ) ਰਣਜੀਤ ਸਿੰਘ ਨੂੰ ਰਸਤੇ 'ਚੋਂ ਹਟਾਉਣ ਦਾ ਫੈਸਲਾ ਕਰ ਲਿਆ। ਬਾਦਲ ਧੜੇ ਨੇ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਤੋਂ ਤਾਕਤ ਲੈ ਕੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਇਕ ਮੀਟਿੰਗ 10 ਫ਼ਰਵਰੀ 1999 ਨੂੰ ਬੁਲਾ ਲਈ, ਜਿਸ ਦਾ ਏਜੰਡਾ (ਭਾਈ) ਰਣਜੀਤ ਸਿੰਘ ਦੀਆਂ ਕਾਰਵਾਈਆਂ ਤੇ ਵਿਚਾਰ ਕਰਨੀ ਸੀ। ਇਸ ਨੂੰ ਮੱਦੇ-ਨਜ਼ਰ ਰਖਦਿਆਂ, 6 ਫ਼ਰਵਰੀ ਦੇ ਦਿਨ, ਸ਼੍ਰੋਮਣੀ ਕਮੇਟੀ ਨੇ 8 ਫ਼ਰਵਰੀ ਤੋਂ 10 ਫ਼ਰਵਰੀ ਤਕ ਛੁੱਟੀਆਂ ਕਰਨ ਦਾ ਨੋਟਿਸ ਜਾਰੀ ਕਰ ਦੱਤਾ। ਇਸੇ ਦਿਨ ਪ੍ਰੋ: ਦਰਸ਼ਨ ਸਿੰਘ ਨੇ ਸਾਰੇ 'ਜਥੇਦਾਰਾਂ' ਤੋਂ ਅਸਤੀਫ਼ਿਆਂ ਦੀ ਮੰਗ ਕੀਤੀ।

ਇਸ ਹਾਲਤ ਵਿਚੋਂ ਦਲ ਨੂੰ ਕੱਢਣ ਵਾਸਤੇ ਸਿਮਰਨਜੀਤ ਸਿੰਘ ਮਾਨ, ਜਸਬੀਰ ਸਿੰਘ ਰੋਡੇ, ਸਰਬਜੋਤ ਸਿੰਘ ਬੇਦੀ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਤੇ ਪਰਮਜੀਤ ਸਿੰਘ ਮਾਹਿਲਪੁਰ 7 ਫ਼ਰਵਰੀ ਨੂੰ ਬਾਦਲ ਨੂੰ ਮਿਲੇ ਅਤੇ 15 ਅਪ੍ਰੈਲ ਤਕ ਚੁਪ ਰਹਿਣ ਦੀ ਅਪੀਲ ਕੀਤੀ, ਪਰ ਬਾਦਲ ਨੇ ਆਪਣਾ ਐਕਸ਼ਨ ਮੁਲਤਵੀ ਕਰਨ ਤੋਂ ਨਾਂਹ ਕਰ ਦਿੱਤੀ। 8 ਫ਼ਰਵਰੀ ਨੂੰ ਦਰਬਾਰ

ਸਾਹਿਬ ਦੇ ਹੈੱਡ ਗ੍ਰੰਥੀ ਮੋਹਣ ਸਿੰਘ ਨੇ ਰਣਜੀਤ ਸਿੰਘ ਦੇ ਫ਼ੈਸਲਿਆਂ ਦੀ ਮੁਖ਼ਾਲਫ਼ਤ ਕੀਤੀ (ਉਂਞ ਰਣਜੀਤ ਸਿੰਘ ਦੇ ਹਰ ਫ਼ੈਸਲੇ ਵਿਚ ਮੋਹਣ ਸਿੰਘ ਨਾਲ ਹੀ ਰਿਹਾ ਸੀ)

ਇਨ੍ਹਾਂ ਦਿਨਾਂ ਵਿਚ ਵੱਖ-ਵੱਖ ਵਿਦਵਾਨਾਂ ਅਤੇ ਹੋਰ ਆਗੂਆਂ ਨੇ ਮੰਗ ਕੀਤੀ ਕਿ ਤਿੰਨਾਂ 'ਤਖ਼ਤਾਂ' ਦੇ 'ਜਥੇਦਾਰਾਂ' ਨੂੰ ਫ਼ਾਰਿਗ ਕਰ ਦਿੱਤਾ ਜਾਵੇ। ਇਸ ਮੰਗ ਦੇ ਮੁਖ ਹਿਮਾਇਤੀਆਂ ਵਿਚ ਡਾ. ਦਰਸ਼ਨ ਸਿੰਘ ਵੀ ਸਨ, ਜਿਨ੍ਹਾਂ ਵਲੋਂ ਤਖ਼ਤਾਂ ਬਾਰੇ ਚੰਡੀਗੜ੍ਹ ਦੇ ਅਰੋਮਾ ਹੋਟਲ ਵਿਚ ਬੁਲਾਇਆ ਗਿਆ ਵਿਦਵਾਨਾਂ ਦਾ ਇਹ ਇਕੱਠ ਭਰਪੂਰ ਸਿੰਘ ਤੇ ਜਸਮੇਰ ਸਿੰਘ ਬਾਲਾ ਨੇ ਗੜਬੜ ਕਰ ਕੇ ਖ਼ਤਮ ਕਰਵਾ ਦਿੱਤਾ ਸੀ।

ਇਸ ਦੌਰਾਨ ਭਾਈ ਰਣਜੀਤ ਸਿੰਘ ਨੂੰ ਸਮਝੌਤੇ ਦੀ ਰਾਹ 'ਤੇ ਲਿਆਉਣ ਵਾਸਤੇ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਪਰ ਉਹ ਰਤਾ ਵੀ ਟੱਸ ਤੋਂ ਮੱਸ ਨਾ ਹੋਇਆ। ਹੋਰ ਤਾਂ ਹੋਰ ਪ੍ਰਕਾਸ਼ ਸਿੰਘ ਬਾਦਲ ਨਾਲ ਹੋਈ ਖ਼ੁਫ਼ੀਆ ਮੀਟਿੰਗ ਵਿਚ ਵੀ ਰਣਜੀਤ ਸਿੰਘ ਨੇ ਜਥੇਦਾਰ ਟੌਹੜਾ ਨਾਲ ਲੜਾਈ ਦੇ ਰਾਹ 'ਚੋਂ ਹੱਟਣ ਤੋਂ ਨਾਂਹ ਕਰ ਦਿੱਤੀ। ਐਨ ਆਖ਼ਰੀ ਦਿਨ (10 ਫ਼ਰਵਰੀ ਨੂੰ) ਸਵੇਰੇ 10 ਵਜੇ ਤਕ ਪੰਜ ਸਿੰਘ (ਡਾ. ਹਰਜਿੰਦਰ ਸਿੰਘ ਦਿਲਗੀਰ, ਗਿਆਨੀ ਜੋਗਿੰਦਰ ਸਿੰਘ ਤਲਵਾੜਾ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਗਿਆਨੀ ਗੁਰਬਚਨ ਸਿੰਘ ਗ੍ਰੰਥੀ ਦਰਬਾਰ ਸਾਹਿਬ ਤੇ ਗਿਆਨੀ ਮਨਜੀਤ ਸਿੰਘ) ਭਾਈ ਰਣਜੀਤ ਸਿੰਘ ਨਾਲ ਗੱਲਬਾਤ ਕਰਦੇ ਰਹੇ, ਪਰ ਆਕੜੇ ਹੋਏ ਭਾਈ ਰਣਜੀਤ ਸਿੰਘ ਨੇ ਤਾਂ (ਪ੍ਰੋ:) ਮਨਜੀਤ ਸਿੰਘ ਤੇ ਗਿਆਨੀ ਕੇਵਲ ਸਿੰਘ ਨਾਲ ਬੈਠਣ ਤੋਂ ਵੀ ਨਾਂਹ ਕਰ ਦਿੱਤੀ।

ਰਣਜੀਤ ਸਿੰਘ ਦੀ 'ਮੁਅੱਤਲੀ'

ਬਾਦਲ ਧੜੇ ਦੇ 10 ਮੈਂਬਰਾਂ ਨੇ 10 ਫ਼ਰਵਰੀ ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਗੁਰੂ ਨਾਨਕ ਨਿਵਾਸ ਦੀ ਪਹਿਲੀ ਮੰਜ਼ਿਲ ਦੇ ਵਰਾਂਡੇ ਵਿਚ ਕੀਤੀ। ਇਸ ਮੀਟਿੰਗ ਵਿਚ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਅਹੁਦੇ ਤੋਂ 'ਮੁਅੱਤਲ' ਕਰ ਦਿੱਤਾ ਗਿਆ ਅਤੇ ਨਾਲ ਹੀ ਮਨਜੀਤ ਸਿੰਘ ਤੇ ਕੇਵਲ ਸਿੰਘ ਦੀਆਂ ਕਾਰਵਾਈਆਂ ਬਾਰੇ ਪੜਤਾਲ ਕਰਨ ਵਾਸਤੇ ਇਕ ਤਿੰਨ ਮੈਂਬਰੀ ਕਮੇਟੀ (ਮੂੰਹ ਪੂੰਝਣ ਵਾਸਤੇ) ਬਣਾ ਦਿੱਤੀ ਗਈ। (ਇਸ ਕਮੇਟੀ ਨੇ ਅਗਸਤ 2005 ਤਕ, ਛੇ ਸਾਲ ਬੀਤ ਜਾਣ ਮਗਰੋਂ ਵੀ ਆਪਣੀ ਕੋਈ ਮੀਟਿੰਗ ਤਕ ਨਹੀਂ ਸੀ ਕੀਤੀ)।

ਰਣਜੀਤ ਸਿੰਘ ਨੂੰ 'ਮੁਅੱਤਲ' ਕਰਨ ਵਾਲੇ 10 ਬੰਦੇ ਉਹੀ ਸਨ ਜਿਹੜੇ ਉਨ੍ਹਾਂ 131 ਵਿਚ ਸ਼ਾਮਿਲ ਸਨ ਜਿਨ੍ਹਾਂ ਨੂੰ ਰਣਜੀਤ ਸਿੰਘ ਨੇ 11 ਫ਼ਰਵਰੀ ਵਾਸਤੇ ਤਲਬ ਕੀਤਾ ਹੋਇਆ ਸੀ। ਇਹ ਬੇਅਸੂਲੀ ਗੱਲ ਸੀ ਕਿ ਜਿਨ੍ਹਾਂ ਨੂੰ ਇਕ 'ਜੱਜ' ਤਲਬ ਕਰੇ ਉਹ ਉਸ 'ਜੱਜ' ਨੂੰ ਸਿਰਫ਼ ਇਸੇ ਕਰ ਕੇ ਹਟਾ ਦੇਣ ਕਿ ਉਸ ਨੇ ਉਨ੍ਹਾਂ ਦੇ ਖ਼ਿਲਾਫ਼ ਕਾਰਵਾਈ ਕਿਉਂ ਕੀਤੀ ਹੈ। ਇਹ ਤਾਂ ਮੁਲਜ਼ਮਾਂ ਵਲੋਂ ਜੱਜ ਨੂੰ ਹਟਾਉਣ ਵਾਲੀ ਹਰਕਤ ਸੀ। ਇਹ ਅਸੂਲਣ ਵੀ ਗ਼ਲਤ ਸੀ ਅਤੇ ਦਲੀਲ ਤੇ ਫ਼ਲਸਫ਼ੇ ਦੇ ਪੱਖ ਤੋਂ ਵੀ।

ਇਸੇ ਮੀਟਿੰਗ ਨੇ ਦਰਬਾਰ ਸਾਹਿਬ ਦੇ ਹੈੱਡ ਗਰੰਥੀ ਮੋਹਣ ਸਿੰਘ ਜੋ ਤਲਵੰਡੀ ਦਾ ਨਜ਼ਦੀਕੀ ਰਿਸ਼ਤੇਦਾਰ ਹੈ, ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁੱਖ ਸੇਵਾਦਾਰ ਲਾ ਦਿੱਤਾ।

ਪਰ ਉਸ ਨੇ ਆਪਣੇ ਕੈਨੇਡਾ ਵਾਲੇ ਪੁੱਤਰ ਦੀ ਹਦਾਇਤ 'ਤੇ, ਪੰਗਾ ਲੈਣੋਂ ਬਚਣ ਵਾਸਤੇ ਇਹ ਸੇਵਾ ਸੰਭਾਲਣੋਂ ਨਾਂਹ ਕਰ ਦਿੱਤੀ। ਇੱਤਫ਼ਾਕਨ ਸ਼੍ਰੋਮਣੀ ਕਮੇਟੀ ਦੇ ਐਗ਼ਜ਼ੈਕਟਿਵ ਮੈਂਬਰ ਅਜੇ ਅੰਮ੍ਰਿਤਸਰ ਦੇ ਸਰਕਟ ਹਾਊਸ ਵਿਚ ਹੀ ਸਨ। ਜਦੋਂ ਉਨ੍ਹਾਂ ਨੂੰ ਮੋਹਨ ਸਿੰਘ ਵਲੋਂ ਨਾਂਹ ਕੀਤੇ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਪੂਰਨ ਸਿੰਘ ਨੂੰ ਐਕਟਿੰਗ ਮੁਖ ਸੇਵਾਦਾਰ ਲਾਉਣ ਲਈ ਮਨਾ ਲਿਆ। *ਪਰ ਪੂਰਨ ਸਿੰਘ, ਜੋ ਸ਼੍ਰੋਮਣੀ ਕਮੇਟੀ ਦਾ ਇਕ 'ਮੁਜਰਿਮ' ਵੀ ਸੀ, ਨੂੰ 'ਜੱਥੇਦਾਰੀ' ਦਾ ਚਾਰਜ ਲੈਣ ਦੇ ਨਾਲ ਹੀ ਦੌਰਾ ਪੈ ਗਿਆ ਤੇ ਉਹ ਕਈ ਦਿਨ ਬਿਸਤਰੇ 'ਤੇ ਲੰਮਾ ਪਿਆ ਰਿਹਾ।*

ਆਪਣੀ ਮੁਅੱਤਲੀ ਮਗਰੋਂ ਰਣਜੀਤ ਸਿੰਘ ਨੇ ਆਖ਼ਰੀ ਦਬਕਾ ਮਾਰਿਆ ਕਿ 'ਮੈਂ ਅਜੇ ਵੀ ਜਥੇਦਾਰ ਹਾਂ'। ਪਰ ਉਸ ਨੇ ਇਕ ਬਿਆਨ (ਕੌਮ ਦੇ ਨਾਂ ਸੰਦੇਸ਼) ਰਾਹੀਂ 11 ਫ਼ਰਵਰੀ ਦੀਆਂ ਸਾਰੀਆਂ ਤਲਬੀਆਂ (ਮਨਜੀਤ ਸਿੰਘ, ਬਰਜਿੰਦਰ ਸਿੰਘ ਹਮਦਰਦ, ਚਤਰ ਸਿਘ ਜੀਵਨ ਸਿੰਘ) 'ਅਣਮਿੱਥੇ ਸਮੇਂ ਵਾਸਤੇ' ਮੁਲਤਵੀ ਕਰ ਦਿੱਤੀਆਂ। ਰਣਜੀਤ ਸਿੰਘ ਦਾ ਆਖ਼ਰੀ 'ਪੈਗ਼ਾਮ' ਇੰਵ ਸੀ:

ਨੰ: 2013/98-99 11 ਫ਼ਰਵਰੀ 1999

ਕੌਮ ਦੇ ਨਾਂ ਸੰਦੇਸ਼

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

ਅੱਜ ਮਿਤੀ 11 ਫ਼ਰਵਰੀ 1999 ਨੂੰ ਪਾਵਨ ਅਕਾਲ ਤਖ਼ਤ ਸਾਹਿਬ 'ਤੇ 10 ਫ਼ਰਵਰੀ 1999 ਨੂੰ ਬਾਦਲ ਦਲ ਵੱਲੋਂ ਕੀਤੀ ਗਈ ਸ਼ਰਮਨਾਕ ਅਤੇ ਘਿਨਾਉਣੀ ਕਾਰਵਾਈ ਨੂੰ ਵਿਚਾਰਦਿਆਂ ਮੈਂ ਮਹਿਸੂਸ ਕਰਦਾ ਹਾਂ ਕਿ ਪਰਕਾਸ਼ ਸਿੰਘ ਬਾਦਲ ਨੇ ਬਾਬਰ ਬਣ ਕੇ ਪਾਵਨ ਅਕਾਲ ਤਖ਼ਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਅਤੇ ਮੀਰੀ ਪੀਰੀ ਦੇ ਸਿਧਾਂਤ 'ਤੇ ਕਬਜ਼ਾ ਕਰ ਲਿਆ ਹੈ। ਮੈਂ ਸੰਸਾਰ ਭਰ ਦੀਆਂ ਸਿੱਖ ਸੰਗਤਾਂ ਵੱਲੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਾ ਹੋਇਆ ਸਿੱਖ ਕੌਮ ਨੂੰ ਬੜੀ ਨਿਮਰਤਾ ਸਹਿਤ ਅਪੀਲ ਕਰਦਾ ਹਾਂ ਕਿ ਪਰਕਾਸ਼ ਸਿੰਘ ਬਾਦਲ ਅਤੇ ਇਸ ਦੀ ਸਲਾਹਕਾਰ ਜੁੰਡਲੀ ਦਾ ਰਾਜਨੀਤਕ ਅਤੇ ਧਾਰਮਿਕ ਖੇਤਰ ਵਿਚ ਕਦੀ ਵਿਸ਼ਵਾਸ਼ ਨਾ ਕੀਤਾ ਜਾਵੇ। ਪਰਕਾਸ਼ ਸਿੰਘ ਬਾਦਲ ਸਿੱਖੀ ਦੇ ਰੁੱਖ 'ਤੇ ਅਮਰ ਵੇਲ ਬਣ ਕੇ ਛਾਇਆ ਹੋਇਆ ਹੈ, ਜਿਸ ਨੇ ਚਾਰ ਦਹਾਕਿਆਂ ਤੋਂ ਗੁਰੂ ਨਾਨਕ ਸਾਹਿਬ ਜੀ ਵੱਲੋਂ ਲਾਏ ਇਸ ਸਿੱਖੀ ਦੇ ਰੁੱਖ ਨੂੰ ਵੱਧ-ਫੁੱਲਣ ਨਹੀਂ ਦਿੱਤਾ। 'ਪੰਚ ਪ੍ਰਧਾਨੀ' ਮਰਿਆਦਾ ਦੀ ਕਦਰ ਕਰਦਾ ਹੋਇਆ ਅਤੇ ਸਰਬੰਸਦਾਨੀ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਕਿਰਪਾ ਦੁਆਰਾ ਆ ਰਹੇ 300 ਸਾਲਾ ਖਾਲਸਾ ਸ਼ਤਾਬਦੀ ਦਿਵਸ ਨੂੰ ਧਿਆਨ ਵਿਚ ਰੱਖਦਿਆਂ ਮੈਂ ਅੱਜ ਮਿਤੀ 11 ਫ਼ਰਵਰੀ 1999 ਦੀ ਮੀਟਿੰਗ ਅਣਮਿਥੇ ਸਮੇਂ ਲਈ ਮੁਲਤਵੀ ਕਰਦਾ ਹਾਂ।

ਗੁਰੂ ਪੰਥ ਦਾ ਦਾਸ,
ਰਣਜੀਤ ਸਿੰਘ

ਰਣਜੀਤ ਸਿੰਘ ਦਾ ਲੇਖਾ-ਜੋਖਾ

(ਭਾਈ) ਰਣਜੀਤ ਸਿੰਘ ਨੇ 31 ਦਸੰਬਰ 1996 ਦੇ ਦਿਨ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਚਾਰਜ ਲਿਆ। ਉਹ ਸਿਰਫ਼ ਪੰਜ ਕੁ ਮਹੀਨੇ ਹੀ ਸੰਗਤਾਂ ਨੂੰ ਕਬੂਲ ਹੋਇਆ ਤੇ

ਇਸ ਮਗਰੋਂ ਉਹ ਹੌਲੀ ਹੌਲੀ ਬਹਿਸ-ਗੋਚਰਾ ਬਣਦਾ ਗਿਆ ਉਸ ਦਾ 1997 ਦੇ ਦਿਨ ਮਹੰਤ ਮਨਜੀਤ ਸਿੰਘ ਦੀ ਪੇਸ਼ੀ ਵੇਲੇ ਡਾਂਗ ਵਾਹੁਣਾ ਭਾਵੇਂ ਉਸ ਦੀ ਦਲੇਰੀ ਅਤੇ ਜ਼ੁਰਅਤ ਦਾ ਇਜ਼ਹਾਰ ਸੀ ਤੇ ਬਹੁਤੇ ਸਿੱਖਾਂ ਨੇ ਇਸ ਦੀ ਤਾਰੀਫ਼ ਵੀ ਕੀਤੀ ਸੀ, ਪਰ ਉਹ ਇਸ ਨੂੰ ਆਪਣੀ 'ਤਾਕਤ' ਸਮਝ ਕੇ ਹੈਂਕੜ ਵਿਚ ਆ ਗਿਆ। ਇਸ ਕਰ ਕੇ ਉਸ ਦਾ 21 ਅਕਤੂਬਰ 1997 ਦੇ ਦਿਨ ਡਾਕਟਰ ਦਰਸ਼ਨ ਸਿੰਘ ਵਰਗੇ ਵਿਦਵਾਨ 'ਤੇ ਜਿਸਮਾਨੀ ਹਮਲਾ ਕਰਨਾ, ਉਸ (ਰਣਜੀਤ ਸਿੰਘ) ਦੇ ਅਦਬ ਨੂੰ ਘਟਾਉਣ ਦੀ ਸ਼ੁਰੂਆਤ ਬਣਿਆ। ਇੰਵ ਹੀ 20 ਅਪ੍ਰੈਲ 1998 ਦਾ 'ਲੰਗਰ ਹਾਲ ਵਿਚ ਭੁੰਜੇ ਬੈਠਣ' ਦਾ 'ਹੁਕਮਨਾਮਾ' ਵੀ ਉਸ ਨੂੰ ਬਹਿਸ-ਗੋਚਰਾ ਬਣਾ ਗਿਆ (ਤੇ ਇਹ ਵੀ ਚਰਚਾ ਚਲਿਆ ਕਿ ਉਸ ਨੇ ਚੋਖੀ ਰਕਮ ਲੈਣ ਮਗਰੋਂ ਇਹ ਅਖੌਤੀ ਹੁਕਮਨਾਮਾ ਜਾਰੀ ਕੀਤਾ ਸੀ)। ਪਰ ਇਨ੍ਹੀਂ ਦਿਨੀਂ ਹੀ ਇਹ ਚਰਚਾ ਵੀ ਚਲਿਆ ਕਿ ਉਸ ਨੇ ਇੰਗਲੈਂਡ ਦੇ ਇਕ ਬਦਨਾਮ ਡੇਰੇਦਾਰ ਅਮਰ ਸਿੰਘ ਬੜੂੰਦੀ (ਜਿਸ 'ਤੇ ਰੇਪ ਅਤੇ ਠੱਗੀ ਦੇ ਕੇਸ ਚੱਲ ਰਹੇ ਸਨ) ਤੋਂ ਇਕ ਮਹਿੰਗੀ ਕਾਰ ਲੈ ਕੇ ਉਸ ਨੂੰ ਅਕਾਲ ਤਖ਼ਤ ਸਾਹਿਬ ਤੋਂ ਸਿਰੋਪਾ ਦਿੱਤਾ ਸੀ। ਵਰਲੱਡ ਸਿੱਖ ਕੌਂਸਲ ਦੇ ਮਸਲੇ 'ਤੇ ਉਸ ਦੀ ਮਨਜੀਤ ਸਿੰਘ ਅਤੇ ਕੇਵਲ ਸਿੰਘ ਨਾਲ ਖਹਿਬੜ (ਭਾਵੇਂ ਰਣਜੀਤ ਸਿੰਘ ਗ਼ਲਤ ਨਹੀਂ ਸੀ) ਨਾਲ ਵੀ ਉਸ ਦਾ ਅਸਰ ਲੋਕਾਂ ਵਿਚ ਮਾੜਾ ਹੀ ਰਿਹਾ। ਇੰਵ ਹੀ 'ਅਜੀਤ' ਅਖ਼ਬਾਰ ਦੇ ਬਰਜਿੰਦਰ ਸਿੰਘ ਨਾਲ ਪਹਿਲੇ ਚੁੰਝ ਲੜਾਉਣ ਅਤੇ ਫਿਰ ਸ਼ਰੇਆਮ ਟੱਕਰ ਨਾਲ ਹੀ ਰਣਜੀਤ ਸਿੰਘ ਦਾ ਕੱਦ ਨੀਵਾਂ ਹੋਇਆ। ਇੱਥੇ ਵੀ ਬਰਜਿੰਦਰ ਸਿੰਘ ਪੂਰੀ ਤਰ੍ਹਾਂ ਨਿਰਪੱਖ ਜਾਂ ਹੱਕ-ਬਜਾਨਬ ਨਹੀਂ ਸੀ, ਪਰ ਰਣਜੀਤ ਸਿੰਘ ਵੀ ਤਾਂ ਸ਼ਰੇਆਮ ਗੁੱਸੇ ਅਤੇ ਬਦਲੇ ਦੀ ਸੋਚ ਨਾਲ ਚੱਲ ਰਿਹਾ ਸੀ। ਰਣਜੀਤ ਸਿੰਘ ਵੱਲੋਂ ਟੌਹੜਾ ਨੂੰ ਨਿਰੰਕਾਰੀ ਭਵਨ ਪਟਿਆਲਾ ਵਿਖੇ ਜਾਣ ਬਦਲੇ ਸਜ਼ਾ ਦੇਣ ਦੀ ਜਗ੍ਹਾ ਉਸ (ਟੌਹੜਾ) ਦੀ ਇਕਬਾਲੀਆ ਚਿੱਠੀ ਬਦਲਣਾ ਵੀ ਰਣਜੀਤ ਸਿੰਘ ਦੀ ਮਕਬੂਲੀਅਤ, ਇਤਬਾਰ ਅਤੇ ਸ਼ਖ਼ਸੀਅਤ ਨੂੰ ਬੌਣਾ ਕਰ ਗਿਆ। ਸਿੱਖ ਵਿਦਵਾਨ ਹੀ ਨਹੀਂ, ਆਮ ਸਿੱਖ ਵੀ ਮਹਿਸੂਸ ਕਰਦੇ ਸਨ ਕਿ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਨੂੰ ਇਕ 'ਠਾਣੇ' ਵਿਚ ਤਬਦੀਲ ਕਰ ਰੱਖਿਆ ਸੀ। ਪਰ, ਆਪਣੇ ਅਹਿਦ ਦੇ ਆਖ਼ਰੀ ਦਿਨਾਂ ਵਿਚ ਉਹ 'ਤਰਲਿਆਂ' 'ਤੇ ਉਤਰ ਆਇਆ ਸੀ; ਪਰ ਇਹ 'ਤਰਲੇ' ਵੀ ਉਸ ਨੂੰ ਬਚਾਅ ਨਾ ਸਕੇ।

ਗੁਰਚਰਨ ਸਿੰਘ ਟੌਹੜਾ ਦਾ ਅਸਤੀਫ਼ਾ

ਭਾਈ ਰਣਜੀਤ ਸਿੰਘ ਨੂੰ ਆਪਣੇ ਰਾਹ ਵਿਚੋਂ ਹਟਾਉਣ ਮਗਰੋਂ ਬਾਦਲ ਧੜੇ ਨੇ ਟੌਹੜਾ ਦੇ ਖ਼ਿਲਾਫ਼ ਬੇਵਿਸਾਹੀ ਦੇ ਮਤੇ ਦਾ ਨੋਟਿਸ ਦੇ ਦਿੱਤਾ। ਇਸ ਨੋਟਿਸ ਨੂੰ ਮੱਦੇ-ਨਜ਼ਰ ਰੱਖਦੇ ਹੋਏ ਟੌਹੜਾ ਨੇ 25 ਮਾਰਚ ਨੂੰ ਇਜਲਾਸ ਸੱਦ ਲਿਆ। ਇਸ ਇਜਲਾਸ ਵਿਚ ਬੇਵਿਸਾਹੀ ਦੇ ਮਤੇ ਦਾ ਜ਼ਿਕਰ ਨਹੀਂ ਸੀ। ਇਸ 'ਤੇ ਬਾਦਲ ਧੜੇ ਨੇ ਫੇਰ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦੀ ਮਦਦ ਲੈ ਕੇ 17 ਮਾਰਚ ਨੂੰ ਸ਼੍ਰੋਮਣੀ ਕਮੇਟੀ ਦਾ ਸਪੈਸ਼ਲ ਇਜਲਾਸ ਬੁਲਾ ਲਿਆ। ਇਸ ਤੋਂ ਪਹਿਲਾਂ ਟੌਹੜਾ ਨੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੀ ਇਕ ਮੀਟਿੰਗ ਹਰਿਆਣਾ ਦੇ ਸ਼ਹਿਰ ਜੀਂਦ ਵਿਚ ਬੁਲਾ ਲਈ। 15 ਮਾਰਚ ਦੀ ਇਸ ਮੀਟਿੰਗ ਵਿਚ ਬਾਦਲ ਧੜੇ ਦੇ 10 ਮੈਂਬਰ ਵੀ ਪੁੱਜੇ। ਉਸ ਦਿਨ ਉਨ੍ਹਾਂ ਦੇ ਰੌਲੇ-ਰੱਪੇ ਕਰ ਕੇ ਕੋਈ ਫ਼ੈਸਲਾ ਨਾ ਹੋ ਸਕਿਆ। ਟੌਹੜਾ ਨੇ ਮੀਟਿੰਗ ਅਗਲੇ ਦਿਨ 'ਤੇ ਮੁਲਤਵੀ ਕਰ ਦਿੱਤੀ। ਅਗਲੇ ਦਿਨ ਦੀ ਮੀਟਿੰਗ ਵਿਚ ਭਾਵੇਂ ਟੌਹੜਾ ਨੇ ਕੁਝ ਮਤੇ ਪਾਸ ਕੀਤੇ ਅਤੇ ਪਿਛਲੀ ਕਾਰਵਾਈ ਦੀ ਮਨਜ਼ੂਰੀ ਦਿੱਤੀ ਪਰ ਹੁਣ ਖੇਡ ਖ਼ਤਮ ਹੋ ਚੁੱਕੀ ਸੀ। ਬਾਦਲ ਨੇ ਪੈਸਾ,

ਧਮਕੀ, ਲਾਲਚ, ਡਰ, ਰਿਸ਼ਤੇਦਾਰੀਆਂ, ਪਰਿਵਾਰਾਂ ਤੇ ਸਰਕਾਰੀ ਤਾਕਤ ਦੇ ਅਸਰ ਹੇਠ ਬਹੁਤ ਸਾਰੇ ਸ਼੍ਰੋਮਣੀ ਕਮੇਟੀ ਮੈਂਬਰ ਆਪਣੀ 'ਗ੍ਰਿਫ਼ਤ' ਵਿਚ ਕਰ ਲਏ ਸਨ। ਇਨ੍ਹਾਂ ਵਿਚ ਕਈ ਉਹ ਵੀ ਸਨ ਜਿਨ੍ਹਾਂ ਦੀਆਂ ਕਈ ਪੁਸ਼ਤਾਂ ਵੀ ਟੌਹੜਾ ਦੇ ਅਹਿਸਾਨਾਂ ਦਾ ਬਦਲਾ ਨਹੀਂ ਸਨ ਚੁਕਾ ਸਕਦੀਆਂ।

16 ਮਾਰਚ ਨੂੰ ਟੌਹੜਾ ਨੂੰ ਅਹਿਸਾਸ ਹੋ ਗਿਆ ਸੀ ਕਿ ਹੁਣ ਸ਼੍ਰੋਮਣੀ ਕਮੇਟੀ ਨੂੰ ਅਲਵਿਦਾ ਆਖਣ ਦਾ ਵੇਲਾ ਆ ਗਿਆ ਹੈ। ਸੋ, ਉਸ ਨੇ ਅਸਤੀਫ਼ਾ ਦੇਣ ਦਾ ਐਲਾਨ ਕਰ ਦਿੱਤਾ। ਅਗਲੇ ਦਿਨ ਸ਼੍ਰੋਮਣੀ ਕਮੇਟੀ ਦਾ ਇਜਲਾਸ ਹੋਇਆ। ਇਸ ਵਿਚ ਟੌਹੜਾ ਨੂੰ ਹਟਾ ਕੇ ਜਾਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ। ਟੌਹੜਾ ਤੇ ਮਾਨ ਧੜੇ ਨੇ ਇਸ ਸਮਾਗਮ ਦਾ ਬਾਈਕਾਟ ਕੀਤਾ।

ਬਾਦਲ ਨੇ ਆਪਣੇ 'ਦੋਸਤਾਂ', ਖ਼ੈਰ ਖ਼੍ਵਾਹਾਂ, ਚਾਪਲੂਸਾਂ ਦੇ ਆਖੇ 'ਤੇ ਟੌਹੜਾ ਤੋਂ ਸ਼੍ਰੋਮਣੀ ਕਮੇਟੀ ਤਾਂ ਖੋਹ ਲਈ ਪਰ ਇਹ ਉਸ ਦੀ ਸਿਆਸੀ ਖ਼ੁਦਕਸ਼ੀ ਕਰਨ ਵਲ ਇਕ ਵੱਡੀ ਪੁਲਾਂਘ ਸੀ। ਬਾਦਲ ਦੇ ਇਨ੍ਹਾਂ ਸਾਥੀਆਂ ਦੀ ਇਸ ਕਾਰਵਾਈ ਨੂੰ 'ਬੇਵਕੂਫ਼ ਦੋਸਤਾਂ' ਵਾਲੀ ਹਰਕਤ ਗਰਦਾਨਿਆ ਜਾ ਸਕਦਾ ਹੈ। ਕਹਾਵਤ ਹੈ ਕਿ ਇਕ 'ਬੇਵਕੂਫ਼ ਦੋਸਤ' ਤੋਂ ਇਕ 'ਅਕਲਮੰਦ ਦੁਸ਼ਮਣ' ਚੰਗਾ ਹੁੰਦਾ ਹੈ। ਉਂਵ ਟੌਹੜਾ ਬਾਦਲ ਦਾ ਦੁਸ਼ਮਣ ਨਹੀਂ ਸੀ ਪਰ ਬਾਦਲ ਦੇ ਸਾਥੀ ਬੇਵਕੂਫ਼ ਦੋਸਤ ਜ਼ਰੂਰ ਸਨ ਜੋ ਵਕਤੀ ਕਾਮਯਾਬੀ ਨੂੰ ਤਾਂ ਵੇਖ ਸਕਦੇ ਸਨ ਪਰ ਆਉਣ ਵਾਲੀ ਤਬਾਹੀ ਬਾਰੇ ਸੋਚਣ ਵਾਸਤੇ ਨਾ ਤਾਂ ਫ਼ਿਕਰਮੰਦ ਸਨ 'ਤੇ ਨਾ ਸੂਝ ਰੱਖਦੇ ਸਨ।

(ਬਾਦਲ ਨੇ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਤਾਂ ਬਣਾ ਲਿਆ ਪਰ ਬੀਬੀ ਦੀ ਸ਼ਖ਼ਸੀਅਤ ਇਕ ਡੇਰੇਦਾਰ ਤੋਂ ਵੱਖਰੀ ਨਹੀਂ ਸੀ। ਉਸ ਨੇ ਆਉਂਦਿਆਂ ਹੀ ਟੌਹੜਾ ਦੇ ਵਫ਼ਾਦਾਰਾਂ ਨਾਲ ਬਦਲਾ-ਲਊ ਸੋਚ ਹੇਠ ਵਰਤਾਓ ਕਰਨਾ ਸ਼ੁਰੂ ਕਰ ਦਿੱਤਾ। ਕੁਝ ਹੀ ਦਿਨਾਂ ਵਿਚ ਕਾਬਲ ਮੁਲਾਜ਼ਮਾਂ ਨੂੰ ਹਟਾ ਕੇ ਨਾਅਹਿਲ ਅਤੇ ਨਵੇਂ ਬੰਦੇ ਲਾ ਦਿਤੇ ਜਿਸ ਨਾਲ ਸਾਰਾ ਕੰਮ ਤਕਰੀਬਨ ਰੁਕ ਜਿਹਾ ਗਿਆ। ਸਿਰਫ਼ ਇਕ ਮਹੀਨੇ ਮਗਰੋਂ ਹੀ ਸ਼੍ਰੋਮਣੀ ਕਮੇਟੀ ਦੇ 16 ਮੁਲਾਜ਼ਮ ਸਕੱਤਰ ਅਤੇ ਮੀਤ ਸਕੱਤਰ ਬਣ ਚੁਕੇ ਸਨ। ਇਸ ਮਗਰੋਂ ਬੀਬੀ ਨੇ 450 ਤੋਂ ਵਧ ਨਵੇਂ ਮੁਲਾਜ਼ਮ ਭਰਤੀ ਕਰ ਲਏ। ਇਨ੍ਹਾਂ ਵਿਚ ਬਹੁਤੇ ਉਸ ਦੇ ਨਿੱਜੀ ਵਾਕਿਫ਼, ਸੱਜਣ, ਦੋਸਤ, ਬਰਾਦਰੀ ਜਾਂ ਇਲਾਕੇ ਦੇ ਸਨ ਤੇ ਜਾਂ ਬਾਦਲ ਧੜੇ ਦੇ ਮੈਂਬਰਾਂ ਦੀਆਂ ਸਿਫ਼ਾਰਸ਼ਾਂ ਸਨ। (ਮਗਰੋਂ ਜੁਲਾਈ 2000 ਵਿਚ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੇ ਇਨ੍ਹਾਂ 'ਚੋਂ ਬਹੁਤਿਆਂ ਦੀ ਤਨਖ਼ਾਹ ਰੋਕ ਦਿੱਤੀ)।

ਸ਼ੁਰੂ ਸ਼ੁਰੂ ਵਿਚ ਬੀਬੀ ਤੇ ਨਵੇਂ ਬਣੇ ਸਕਤਰ ਕੁਲਵੰਤ ਸਿੰਘ ਰੰਧਾਵਾ ਦੀ ਨਿਭਦੀ ਰਹੀ ਕਿਉਂਕਿ ਬੀਬੀ ਨੂੰ ਕੁਝ ਪਤਾ ਨਹੀਂ ਸੀ ਤੇ ਕੁਲਵੰਤ ਸਿੰਘ 'ਚੰਮ ਦੀਆਂ' ਚਲਾਉਂਦਾ ਰਿਹਾ। ਪਰ, ਛੇਤੀ ਹੀ ਕੁਲਵੰਤ ਸਿੰਘ ਨਾਲ ਟੱਕਰ ਸ਼ੁਰੂ ਹੋ ਗਈ ਜਿਸ ਕਰ ਕੇ ਬੀਬੀ ਨੇ ਉਸ ਦੀ ਥਾਂ 'ਤੇ ਨਵਾਂ ਸਕਤਰ ਗੁਰਬਚਨ ਸਿੰਘ ਬਚਨ ਲੈ ਆਂਦਾ। (ਇਸ ਕੁਲਵੰਤ ਸਿੰਘ ਨੇ ਮਗਰੋਂ ਇਕ ਕਿਤਾਬ '1984 ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ' ਵੀ ਲਿਖੀ ਸੀ ਜਿਸ ਵਿਚ ਬਹੁਤ ਕੁਝ ਝੂਠ ਸੀ ਤੇ ਕਈਆਂ ਬਾਰੇ ਉਸ ਨੇ ਨਿਜੀ ਗੁੱਸੇ/ਨਫ਼ਰਤ ਹੇਠ ਕੂੜ ਲਿਖਿਆ ਸੀ)।

ਪਰ ਇਸ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦਾ ਕੰਮ ਟੌਹੜਾ ਦੇ ਵੇਲੇ ਤੋਂ ਦਸਵਾਂ ਹਿੱਸਾ ਵੀ ਨਹੀਂ ਹੋ ਰਿਹਾ ਸੀ। 1999 ਦੇ ਆਖ਼ਰੀ ਦਿਨਾਂ ਵਿਚ ਹਾਲਤ ਇਹ ਸੀ ਕਿ ਹਰ ਪਾਸੇ ਚਰਚਾ ਸੀ ਕਿ ਸ਼੍ਰੋਮਣੀ ਕਮੇਟੀ ਵਿਚ ਸਿਰਫ਼ ਕੁਰੱਪਸ਼ਨ ਹੀ ਹੋ ਰਹੀ ਹੈ ਤੇ ਹੋਰ ਕੋਈ ਕੰਮ ਨਹੀਂ ਹੋ ਰਿਹਾ। ਬੀਬੀ ਨੇ ਜਮ੍ਹਾਂ ਪਈਆਂ ਸਾਰੀਆਂ ਫ਼ਿਕਸਡ ਡਿਪਾਜ਼ਟ ਤੋੜ ਕੇ ਬੇਮਾਅਨਾ ਗਰਾਂਟਾਂ ਵੰਡ ਕੇ ਖ਼ਜ਼ਾਨਾ ਵੀ ਖ਼ਾਲੀ ਕਰ ਦਿੱਤਾ। ਹੌਲੀ-ਹੌਲੀ ਲੋਕਾਂ ਨੇ ਇਹ ਆਖਣਾ ਸ਼ੁਰੂ ਕਰ ਦਿਤਾ ਕਿ ਉਹ ਬੀਬੀ ਜੋ ਆਪਣੇ ਆਪ ਨੂੰ 'ਖਾਲਸੇ ਦੀ ਮਾਂ' ਅਖਵਾਉਣ ਦਾ ਪ੍ਰਚਾਰ ਕਰਦੀ ਹੈ ਦਰਅਸਲ ''ਕੁਰੱਪਸ਼ਨ ਦੀ ਮਾਂ'' ਹੈ।

ਸ਼੍ਰੋਮਣੀ ਕਮੇਟੀ ਦੀ ਤਵਾਰੀਖ਼ ਵਿਚ ਸਭ ਤੋਂ ਵਧ ਕੁਰੱਪਸ਼ਨ ਦਾ ਦੌਰ 1962-1972 ਤਕ ਦਾ ਜਾਣਿਆ ਜਾਂਦਾ ਸੀ ਪਰ ਬੀਬੀ ਦੇ ਨਿਜ਼ਾਮ ਨੇ ਉਸ ਹਨੇਰੇ ਕਾਲ ਨੂੰ ਪਿੱਛੇ ਸੁੱਟ ਦਿਤਾ ਸੀ। ਬੀਬੀ ਦੀ ਇਕੋ-ਇਕ ਖ਼ਾਸੀਅਤ ਸੀ ਕਿ ਉਸ ਨੇ ਪੂਰਨ ਸਿੰਘ ਨਾਲ ਟੱਕਰ ਲਈ। ਉਂਞ ਇਹ ਟੱਕਰ ਵੀ 'ਅਸੂਲੀ' ਨਹੀਂ ਬਲਕਿ ਜ਼ਿਦ ਤੇ ਹੈਂਕੜ ਕਰ ਕੇ ਸੀ)।

300 ਸਾਲਾਂ ਦੇ ਬੇਮਾਅਨਾ ਸਮਾਗਮ

8 ਅਪ੍ਰੈਲ ਤੋਂ 14 ਅਪ੍ਰੈਲ 1999 ਤਕ ਖਾਲਸਾ ਪਰਗਟ ਕਰਨ ਦੇ ਤਿੰਨ ਸੌ ਸਾਲਾ ਦਿਨ ਦੇ ਸਬੰਧ ਵਿਚ ਅਨੰਦਪੁਰ ਸਾਹਿਬ ਵਿਚ ਕਈ ਆਲੀਸ਼ਾਨ ਸਮਾਗਮ ਕੀਤੇ ਜਾਣੇ ਸਨ। ਪਰ ਬਾਦਲ-ਟੌਹੜਾ ਲੜਾਈ ਵਿਚ ਇਸ ਸਦੀ ਦਾ ਇਹ ਅਹਿਮ ਸਮਾਗਮ ਵੀ ਬੇਮਾਅਨਾ ਜਲਸਿਆਂ ਤੋਂ ਸਿਵਾ ਕੁਝ ਵੀ ਨਾ ਕਰ ਸਕਿਆ। ਬਾਦਲ ਧੜੇ ਅਤੇ ਸ਼੍ਰੋਮਣੀ ਕਮੇਟੀ ਦੇ ਜਲਸਿਆਂ ਵਿਚ ਹਾਜ਼ਰੀ ਘਟ ਤੇ ਖਰਚਾ ਵਧੇਰੇ ਕੀਤਾ ਗਿਆ। ਇਸ ਤੋਂ ਇਲਾਵਾ ਦਰਜਨਾਂ ਬੰਦਿਆਂ ਨੂੰ 'ਸਨਮਾਨਿਤ' ਕੀਤਾ ਗਿਆ। ਇਨ੍ਹਾਂ ਵਿਚੋਂ ਬਹੁਤੇ ਉਹ ਸਨ ਜਿਨ੍ਹਾਂ ਜਾਂ ਤਾਂ ਸਿੱਖ ਕੌਮ ਦਾ ਨੁਕਸਾਨ ਕੀਤਾ ਸੀ ਅਤੇ ਜਾਂ ਉਹ ਸਿਫ਼ਾਰਸ਼ੀ ਸਨ। ਦੂਜੇ ਪਾਸੇ ਭਾਈ ਰਣਜੀਤ ਸਿੰਘ, ਟੌਹੜਾ ਤੇ ਅਖੌਤੀ-ਸੰਤ ਸਮਾਜ ਦੇ ਸਮਾਗਮ ਵਿਚ ਬਾਦਲ ਧੜੇ ਦੇ ਸਮਾਗਮ ਤੋਂ ਕਿਤੇ ਵਧੇਰੇ ਸੰਗਤ ਸੀ ਪਰ ਉੱਥੇ ਵੀ ਭਾਈ ਰਣਜੀਤ ਸਿੰਘ ਦੀਆਂ ਸਿਫ਼ਤਾਂ ਅਤੇ ਬਾਦਲ ਦੀ ਮੁਜ਼ੰਮਤ ਵਧੇਰੇ ਹੋਈ ਤੇ ਖਾਲਸਾ ਦੀਆਂ ਗੱਲਾਂ ਐਵੇਂ ਜ਼ਰਾ-ਕੂ ਹੀ ਹੋਈਆਂ। ਬਾਦਲ ਦੀ ਟੌਹੜਾ ਹਟਾਉਣ ਦੀ ਜ਼ਿਦ ਨੇ ਖ਼ਾਲਸਾ ਦੇ ਪਰਗਟ ਕਰਨ ਦੀ ਤੀਜੀ ਸਦੀ ਦੇ ਸਮਾਗਮ ਵੀ ਧੜਿਆਂ ਦੇ ਜਲਸੇ ਬਣਾ ਕੇ ਰੱਖ ਦਿੱਤੇ। ਵਿਦਵਾਨਾਂ ਨੇ ਇਨ੍ਹਾਂ ਨੂੰ 'ਤਮਾਸ਼ਿਆਂ' ਦਾ ਨਾਂ ਦਿੱਤਾ।

ਬਿਹਾਰ ਅਸੈਂਬਲੀ ਤੋੜਨ ਦੀ ਹਿਮਾਇਤ

ਇਨ੍ਹਾਂ ਦਿਨਾਂ ਵਿਚ ਅਕਾਲੀ ਦਲ (ਬਾਦਲ) ਨੇ ਦਲ ਦੀ ਪਾਲਿਸੀ ਦੇ ਖ਼ਿਲਾਫ਼ ਇਕ ਹੋਰ ਵੱਡਾ ਗੁਨਾਹ ਕੀਤਾ। ਬਿਹਾਰ ਵਿਚ ਲਾਲੂ ਪ੍ਰਸਾਦ ਯਾਦਵ ਨੂੰ ਹਟਾਉਣ ਵਾਸਤੇ ਭਾਜਪਾ ਨੇ ਹਥਿਆਰ ਚੁੱਕੇ ਹੋਏ ਸਨ। ਇਸ ਸਬੰਧ ਵਿਚ ਉਨ੍ਹਾਂ ਇਕ ਬਹਾਨੇ ਨਾਲ ਬਿਹਾਰ ਵਿਚ ਗਵਰਨਰੀ ਹਕੂਮਤ ਲਾਗੂ ਕਰਨ ਦਾ ਫ਼ੈਸਲਾ ਕਰ ਲਿਆ। ਬਾਦਲ ਅਕਾਲੀ ਐਮ. ਪੀਜ਼. ਨੂੰ ਵ੍ਹਿਪ ਜਾਰੀ ਕਰ ਕੇ ਆਖਿਆ ਕਿ ਉਹ ਬਿਹਾਰ 'ਚ ਦਫ਼ਾ 356 ਲਾਗੂ ਕਰਨ ਦੇ ਹੱਕ ਵਿਚ ਵੋਟਾਂ ਪਾਉਣ। ਇਹ ਅਕਾਲੀ ਦਲ ਦੀ ਪਾਲਿਸੀ ਦੇ ਖ਼ਿਲਾਫ਼ ਇਕ ਸੰਗੀਨ ਗੁਨਾਹ ਸੀ ਕਿਉਂਕਿ ਅਕਾਲੀ ਦਲ ਹਮੇਸ਼ਾ ਦਫ਼ਾ 356 ਨੂੰ ਖ਼ਤਮ ਕਰਨ ਦੀ ਮੰਗ ਕਰਦਾ ਰਿਹਾ ਸੀ।

ਸਰਬ ਹਿੰਦ ਅਕਾਲੀ ਦਲ ਦੀ ਕਾਇਮੀ

14 ਅਪ੍ਰੈਲ 1999 ਦੇ ਦਿਨ ਵਿਸਾਖੀ ਸਬੰਧੀ ਸਾਰੇ ਸਮਾਗਮ ਖ਼ਤਮ ਹੋਣ ਅਤੇ ਬਾਦਲ-ਟੌਹੜਾ ਏਕੇ ਦੀਆਂ ਸਾਰੀਆਂ ਆਸਾਂ ਮੁਕ ਜਾਣ ਮਗਰੋਂ, ਟੌਹੜਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਨਵਾਂ ਅਕਾਲੀ ਦਲ ਕਾਇਮ ਕਰਨ ਦਾ ਫ਼ੈਸਲਾ ਕਰ ਲਿਆ। ਉਨ੍ਹਾਂ ਨੇ ਇਕ ਕਾਨਫ਼ਰੰਸ 31 ਮਈ 1999 ਦੇ ਦਿਨ ਆਲਮਗੀਰ ਵਿਚ ਬੁਲਾ ਲਈ। ਇਸ ਕਾਨਫ਼ਰੰਸ ਵਿਚ ਬਾਦਲ 'ਤੇ ਅਕਾਲੀ ਦਲ ਦੇ ਪ੍ਰਧਾਨ ਵਜੋਂ, 'ਕੌਮੀ ਮੁਕਦਮਾ' ਚਲਾਇਆ ਗਿਆ। ਇਸ ਮਗਰੋਂ ਉਸ ਨੂੰ ਸ਼੍ਰੋਮਣੀ ਅਕਾਲੀ ਦਲ 'ਚੋਂ 'ਖਾਰਿਜ' ਕਰ ਦਿਤਾ ਗਿਆ ਅਤੇ ਟੌਹੜਾ ਨੂੰ ਪ੍ਰਧਾਨ ਚੁਣ ਲਿਆ ਗਿਆ। ਇਸ ਪਾਰਟੀ ਦਾ ਨਾਂ 'ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ' ਰਖਿਆ ਗਿਆ। ਇਸ ਸਮਾਗਮ ਦੌਰਾਨ 11 ਐਮ.ਐਲ.ਏ. ਹਾਜ਼ਿਰ ਸਨ ਪਰ ਉਹ ਸਟੇਜ 'ਤੇ ਨਾ ਬੈਠੇ ਤਾਂ ਜੋ ਉਹ 'ਦਲ ਬਦਲੂ ਕਾਨੂੰਨ' ਦੀ ਜ਼ਦ ਹੇਠ ਨਾ ਆਉਣ। ਇਸ ਵੱਡੇ ਇਕੱਠ ਵਿਚ ਟੌਹੜਾ ਦੇ ਹਿਮਾਇਤੀ ਅਕਾਲੀ ਆਗੂਆਂ ਤੋਂ ਇਲਾਵਾ ਪ੍ਰੇਮ ਸਿੰਘ ਲਾਲਪੁਰਾ, ਸੁਖਜਿੰਦਰ ਸਿੰਘ, ਸੁੱਚਾ ਸਿੰਘ ਛੋਟੇਪੁਰ ਅਤੇ ਮਾਨ ਧੜੇ ਦੇ ਕੁਝ ਆਗੂ ਵੀ ਹਾਜ਼ਿਰ ਸਨ।

ਲੋਕ ਸਭਾ ਚੋਣਾਂ 'ਚ ਜ਼ਬਰਦਸਤ ਹਾਰ

ਬਾਦਲ ਨੇ ਆਪਣੇ ਵਲੋਂ ਤਾਂ ਇਕ ਵਾਰ ਟੌਹੜਾਂ ਨੂੰ ਸ਼੍ਰੋਮਣੀ ਕਮੇਟੀ ਤੋਂ 'ਬੰਨੇ' ਤਾਂ ਕਰ ਦਿੱਤਾ ਪਰ ਹੁਣ ਉਸ ਵਾਸਤੇ ਸਾਰਾ ਕੁਝ ਸੰਭਾਲਣਾ ਔਖਾ ਹੋ ਗਿਆ। ਸ਼੍ਰੋਮਣੀ ਅਕਾਲੀ ਦਲ ਵਿਚ ਲਾਲਚੀ, ਮੌਕਾਪ੍ਰਸਤ ਤੇ ਅ-ਅਕਾਲੀ ਪਹਿਲਾਂ ਹੀ ਭਾਰੂ ਸਨ; ਹੁਣ ਉਨ੍ਹਾਂ ਦੀ ਸੋਚ ਵਧ ਤੋਂ ਵੱਧ ਨਿੱਜੀ ਫ਼ਾਇਦਾ ਉਠਾਉਣ ਵਾਲੀ ਹੋ ਗਈ।

ਉਧਰ ਸਤੰਬਰ-ਅਕਤੂਬਰ 1999 ਵਿਚ ਮੁੜ ਭਾਰਤੀ ਲੋਕ ਸਭਾ ਦੀਆਂ ਚੋਣਾਂ ਆ ਗਈਆਂ। ਇਸ ਵਾਰ ਭਾਜਪਾ ਨੇ 182 (1998 ਵਿਚ 166), ਜਨਤਾ ਦਲ ਨੇ 21, ਸ਼ਿਵ ਸੈਨਾ ਨੇ 15 ਸੀਟਾਂ ਜਿੱਤੀਆਂ (ਭਾਜਪਾ ਦੇ ਹਿਮਾਇਤੀਆਂ ਦੀਆਂ ਕੁਲ ਸੀਟਾਂ 270 ਹੋ ਗਈਆਂ)। ਕਾਂਗਰਸ ਪਾਰਟੀ ਸਿਰਫ਼ 114 ਸੀਟਾਂ (1998 ਵਿਚ 141) ਹੀ ਜਿੱਤ ਸਕੀ। ਤੇਲਗੂ ਦੇਸਮ ਨੇ 29 ਸੀਟਾਂ ਜਿੱਤੀਆਂ ਸਨ, ਤੇ ਉਨ੍ਹਾਂ ਦੀ ਮਦਦ ਨਾਲ ਅਟਲ ਬਿਹਾਰੀ ਵਾਜਪਾਈ ਪ੍ਰਾਈਮ ਮਨਿਸਟਰ ਬਣਿਆ।

ਪੰਜਾਬ ਵਿਚ ਇਸ ਵਾਰ ਕਾਂਗਰਸ, ਬਾਦਲ ਦਾ ਅਕਾਲੀ ਦਲ ਅਤੇ ਟੌਹੜਾ ਦਾ ਅਕਾਲੀ ਦਲ, ਤਿੰਨੇ ਇਕ ਦੂਜੇ ਦੇ ਖ਼ਿਲਾਫ਼ ਡਟ ਗਏ। ਟੌਹੜਾ ਨੇ ਪਟਿਆਲਾ, ਰੋਪੜ, ਫ਼ਿਲੌਰ, ਹੁਸ਼ਿਆਰਪੁਰ ਸੀਟਾਂ ਤੇ ਵਧੇਰੇ ਕੰਮ ਕੀਤਾ ਤੇ ਮਾਨ ਨੇ ਸੰਗਰੂਰ ਸੀਟ 'ਤੇ। ਨਤੀਜਾ ਇਹ ਹੋਇਆ ਕਿ ਪੱਕੀਆਂ ਅੱਠ ਅਕਾਲੀ ਸੀਟਾਂ 'ਤੇ ਕਾਂਗਰਸ ਪਾਰਟੀ ਜਿੱਤ ਗਈ। ਅਕਾਲੀਆਂ ਦੀਆਂ ਵੋਟਾਂ ਦੀ ਵੰਡ ਨੇ ਅਕਾਲੀ ਦਲ ਦੇ ਪੱਲੇ ਸਿਰਫ਼ ਦੋ ਸੀਟਾਂ (ਤਰਨਤਾਰਨ ਤੇ ਫ਼ਿਰੋਜ਼ਪੁਰ) ਹੀ ਪਾਈਆਂ। ਇਨ੍ਹਾਂ ਬਾਰੇ ਵੀ ਕੁਲਦੀਪ ਸਿੰਘ ਵਡਾਲਾ ਦੀ ਟਿੱਪਣੀ ਸਹੀ ਸੀ ਕਿ ਤੁੜ ਆਪਣੇ ਖ਼ਾਨਦਾਨ ਦੀ ਕੁਰਬਾਨੀ ਅਤੇ ਜ਼ੋਰਾ ਸਿੰਘ ਗੁੰਡਾਗਰਦੀ ਅਤੇ ਹੇਰਾਫ਼ੇਰੀ ਨਾਲ ਚੋਣਾਂ ਜਿੱਤੇ ਸਨ ਵਰਨਾ ਬਾਦਲ ਧੜੇ ਨੂੰ ਹੂੰਝਾ ਹੀ ਫਿਰ ਜਾਂਦਾ। ਟੌਹੜਾ ਨੇ ਚਾਰ ਸੀਟਾਂ 'ਤੇ ਜ਼ਬਰਦਸਤ ਟੱਕਰ ਦਿੱਤੀ ਪਰ ਉਸ ਦਾ ਕੋਈ ਉਮੀਦਵਾਰ ਵੀ ਜਿੱਤ ਨਾ ਸਕਿਆ। ਉਂਵ ਟੌਹੜਾ ਦੇ ਉਮੀਦਵਾਰ ਏਨੀਆਂ ਵੋਟਾਂ ਜ਼ਰੂਰ

ਲੈ ਗਏ ਕਿ ਬਾਦਲ ਨੂੰ, ਸਣੇ ਆਪਣੇ ਪੁੱਤਰ ਸੁਖਬੀਰ ਦੀ ਸੀਟ (ਫ਼ਰੀਦਕੋਟ), ਇਨ੍ਹਾਂ ਸਾਰੀਆਂ ਸੀਟਾਂ ਤੋਂ ਹੱਥ ਧੋਣੇ ਪਏ। ਇਹ ਸੀ ਟਰੇਲਰ ਆਉਣ ਵਾਲੀਆਂ ਪੰਚਾਇਤੀ ਚੋਣਾਂ ਅਤੇ ਅਸੈਂਬਲੀ ਚੋਣਾਂ ਦੇ ਨਤੀਜਿਆਂ ਦਾ।

ਅਮਰੀਕਾ ਦੇ ਪ੍ਰਧਾਨ ਬਿਲ ਕਲਿੰਟਨ ਦੀ ਆਮਦ ’ਤੇ ਚਿੱਠੀ ਸਿੰਘਪੁਰਾ ਵਿਚ 36 ਸਿੱਖ ਕਤਲ ਕੀਤੇ ਗਏ

20-21 ਮਾਰਚ 2000 ਦੀ ਰਾਤ ਨੂੰ 17 ਹਥਿਆਰਬੰਦ ਬੰਦਿਆਂ ਨੇ ਭਾਰਤੀ ਸਿਪਾਹੀਆਂ ਦੀ ਵਰਦੀ ਵਿਚ, ਕਸ਼ਮੀਰ ਦੇ ਪਿੰਡ ਚਿੱਠੀ ਸਿੰਘਪੁਰਾ ਵਿਚ ਘਰ-ਘਰ ਜਾ ਕੇ 35 ਸਿੱਖਾਂ ਨੂੰ ਬਾਹਰ ਕੱਢ ਕੇ ਗੁਰਦੁਆਰੇ ਲੈ ਆਂਦਾ ਅਤੇ ਗੋਲੀਆਂ ਮਾਰ ਕੇ ਮਾਰ ਦਿੱਤਾ। 21 ਮਾਰਚ ਦੇ ਦਿਨ ਨੇੜੇ ਦੇ ਪਿੰਡਾਂ ਵਿਚੋਂ ਪੰਜ ਮੁਸਲਮਾਨਾਂ ਨੂੰ ਘਰੋਂ ਫੜ ਕੇ ਉਨ੍ਹਾਂ ਨੂੰ ਚਿੱਠੀ ਸਿੰਘਪੁਰਾ ਦੇ ਸਿੱਖਾਂ ਦੇ ਕਾਤਲ ਕਹਿ ਕੇ 26 ਮਾਰਚ ਦੇ ਦਿਨ ਇਕ ਨਕਲੀ ਮੁਕਾਬਲੇ ਵਿਚ ਮਾਰ ਦਿੱਤਾ। ਭਾਰਤ ਸਰਕਾਰ ਨੇ ਇਸ ਦਾ ਦੋਸ਼ ਮੁਸਲਮਾਨ ਦਹਿਸ਼ਤਗਰਦਾਂ ’ਤੇ ਲਾਇਆ। ਪਰ ਅਗਲੇ ਦਿਨ ਅਮਰੀਕਾ ਦੇ ਪ੍ਰੈਜ਼ੀਡੈਂਟ ਬਿਲ ਕਲਿੰਟਨ ਨਾਲ ਭਾਰਤ ਦੇ ਦੌਰੇ ’ਤੇ ਆਈ ਸਟਰੋਬ ਟਾਲਬੌਟ ਨੇ ਕਿਹਾ ਕਿ ਕਲਿੰਟਨ ਦਾ ਵਿਚਾਰ ਸੀ ਕਿ ਇਹ ਭਾਰਤੀ ਏਜੰਸੀਆਂ ਦਾ ਕਾਰਨਾਮਾ ਹੈ। 2006 ਵਿਚ ਛਪੀ ਮੈਡਲਿਨ ਅਲਬਰਾਈਟ ਦੀ ਕਿਤਾਬ ‘ਦ ਮਾਇਟੀ ਐਂਡ ਦਾ ਅਲਮਾਇਟੀ’ (ਹਾਰਪਰ ਕੌਲਿਨਜ਼ ਪਬਲਿਸ਼ਰ, ਨਿਊ ਯਾਰਕ, 2006) ਵਿਚ ਪੇਸ਼ਕਾਰੀ (ਇੰਟਰੋਡਕਸ਼ਨ) ਦੇ ਸਫ਼ਾ 11 ’ਤੇ ਕਲਿੰਟਨ ਨੇ ਲਿਖਿਆ ਕਿ “2000 ਵਿਚ ਮੇਰੀ ਭਾਰਤ ਫੇਰੀ ਦੌਰਾਨ ਕੁਝ ਹਿੰਦੂ ਦਹਿਸ਼ਤਗਰਦਾਂ ਨੇ ਆਪਣੇ ਗੁੱਸੇ ਦਾ ਇਜ਼ਹਾਰ ਕਰਨ ਵਾਸਤੇ 38 ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ।”

ਪੁਰੇਵਾਲ ਦਾ ਕੈਲੰਡਰ ਅਤੇ ਗ੍ਰੰਥੀ ਪੂਰਨ ਸਿੰਘ ਤੇ ਜਗੀਰ ਕੌਰ ’ਚ ਟਕਰਾਅ

1997 ਵਿਚ ਕੈਨੇਡਾ ਦੇ ਪਾਲ ਸਿੰਘ ਪੁਰੇਵਾਲ ਨੇ ਇਕ ਨਵਾਂ ਦੇਸੀ ਕੈਲੰਡਰ ਤਿਆਰ ਕੀਤਾ। ਉਸ ਮੁਤਾਬਿਕ ਇਹ ਕੈਲੰਡਰ ਗੁਰੂ ਗ੍ਰੰਥ ਸਾਹਿਬ ’ਚ ਦਿਤੇ ਬਾਰਹ ਮਾਹ ’ਤੇ ਆਧਾਰਿਤ ਸੀ। ਇਸ ਕੈਲੰਡਰ ਵਿਚ 1999 ਨੂੰ ਆਧਾਰ ਸਾਲ ਮੰਨ ਕੇ ਬਿਕਰਮੀ ਅਤੇ ਗਰੈਗੋਰੀਅਨ ਕੈਲੰਡਰ ਨੂੰ ਇਕੱਠਾ ਕੀਤਾ ਹੋਇਆ ਸੀ। ਇਸ ਕੈਲੰਡਰ ਵਿਚ ਗੁਰੂ ਸਾਹਿਬ ਦੇ ਦਿਹਾੜਿਆਂ ਦੀਆਂ ਤਾਰੀਖ਼ਾਂ ਸਹੀ ਕਰਨ ਦਾ ਦਾਅਵਾ ਵੀ ਕੀਤਾ ਹੋਇਆ ਸੀ। ਦਰਅਸਲ ਇਹ ਕੈਲੰਡਰ ਨਾ ਤਾਂ ਸਿੱਖ ਫ਼ਲਸਫ਼ੇ ਅਤੇ ਕਲਚਰ ਦੀ ਨੁਮਾਇੰਦਗੀ ਕਰਦਾ ਸੀ, ਨਾ ਇਹ ਸਾਇੰਟਿਫ਼ਿਕ ਸੀ ਅਤੇ ਨਾ ਹੀ ਇਹ ਗੁਰੂ ਸਾਹਿਬ ਦੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਨੂੰ ਸਹੀ ਕਰਦਾ ਸੀ। ਉਲਟਾ ਇਸ ਦਾ ਵੱਡਾ ਨੁਕਸਾਨ ਇਹ ਸੀ ਕਿ ਸਿੱਖਾਂ ਨੂੰ ਨਵੀਆਂ ਸੰਗਰਾਂਦਾਂ, ਪੂਰਨਮਾਸ਼ੀਆਂ, ਮੱਸਿਆਂ ਤੇ ਪੰਚਮੀਆਂ ਦੇ ਗੇੜ ਵਿਚ ਫ਼ਸਾਂਦਾ ਸੀ। ਕੁਲ ਮਿਲਾ ਕੇ ਇਹ ਸਿੱਖਾਂ ਵਾਸਤੇ ਲਾਹੇਵੰਦਾ ਨਹੀਂ ਸੀ। ਸਗੋਂ ਇਹ ਸਿੱਖ ਫ਼ਲਸਫ਼ੇ ਦੇ ਉਲਟ ਅਤੇ ਬ੍ਰਾਹਮਣੀ ਸੋਚ ਵਾਲਾ ਸੀ। (ਮਗਰੋਂ ਕੈਲੰਡਰ ਸਬੰਧੀ ਇਕ ਮੀਟਿੰਗ 28 ਮਾਰਚ 2003 ਦੇ ਦਿਨ ਅਕਾਲ ਤਖ਼ਤ ’ਤੇ ਹੋਈ ਜਿਸ ਵਿਚ ਵਿਦਵਾਨਾਂ ਨੇ ਇਸ ਦਾ ਭਰਪੂਰ ਵਿਰੋਧ ਕੀਤਾ ਪਰ ਅਗਲੇ ਦਿਨ ਹੀ ਸ਼੍ਰੋਮਣੀ ਕਮੇਟੀ ਦੇ ਇਜਲਾਸ ਵਿਚ ਇਸ ਨੂੰ ਧੱਕੇ ਨਾਲ ਪਾਸ ਕਰ ਕੇ ਦੋ ਦਿਨ ਮਗਰੋਂ ਪਹਿਲੀ ਅਪ੍ਰੈਲ ਨੂੰ ਜਬਰੀ ਲਾਗੂ ਵੀ ਕਰ ਦਿੱਤਾ ਗਿਆ। ਮਗਰੋਂ ਬਹੁਤ ਸਾਰੇ ਜੱਥਿਆਂ ਨੇ ਇਸ ਨੂੰ ਰੱਦ ਵੀ ਕਰ ਦਿੱਤਾ)।

ਪੁਰੇਵਾਲ ਨੇ ਇਹ ਕੈਲੰਡਰ ਚੰਡੀਗੜ੍ਹ 'ਚ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਦੇ ਡਾਕਟਰ ਖੜਕ ਸਿੰਘ ਧੜੇ ਦੀ ਮਨਜ਼ੂਰੀ ਤੇ ਹਿਮਾਇਤ ਨਾਲ ਗੁਰਚਰਨ ਸਿੰਘ ਟੌਹੜਾ ਰਾਹੀਂ ਮਨਜ਼ੂਰ ਕਰਵਾ ਲਿਆ ਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਨੇ ਵੀ ਇਸ ਨੂੰ ਮੰਨ ਲਿਆ। ਕਿਸੇ ਸਿੱਖ ਵਿਦਵਾਨ ਨੂੰ ਇਸ ਤੋਂ ਪਹਿਲਾਂ ਇਸ ਬਾਰੇ ਪਤਾ ਵੀ ਨਹੀਂ ਸੀ। ਇੰਵ ਹੀ ਸਿੱਖਾਂ ਦੇ ਕੁਝ ਅਦਾਰਿਆਂ, ਜਮਾਤਾਂ, ਅਤੇ ਗਰੁਪਾਂ ਨੇ ਵੀ ਇਸ ਨੂੰ ਸ਼੍ਰੋਮਣੀ ਕਮੇਟੀ ਵਲੋਂ ਲਾਗੂ ਕਰਨ ਤੋਂ ਮਗਰੋਂ ਹੀ ਵੇਖਿਆ ਸੀ। ਜਦੋਂ ਇਸ ਬਾਰੇ ਵਧੇਰੇ ਚਰਚਾ ਸ਼ੁਰੂ ਹੋ ਗਿਆ ਤਾਂ ਭਾਈ ਰਣਜੀਤ ਸਿੰਘ ਨੇ 25 ਜਨਵਰੀ 1999 ਦੇ ਦਿਨ ਇਸ ਕੈਲੰਡਰ ਨੂੰ ਲਾਗੂ ਕਰਨਾ ਮੁਲਤਵੀ ਕਰਨ ਵਾਸਤੇ ਕਿਹਾ।

ਭਾਈ ਰਣਜੀਤ ਸਿੰਘ ਨੂੰ 'ਹਟਾਏ ਜਾਣ' ਮਗਰੋਂ ਗਿ. ਪੂਰਨ ਸਿੰਘ ਨੇ ਵੀ ਇਸ ਕੈਲੰਡਰ ਦੀ ਮੁਖ਼ਾਲਫ਼ਤ ਕੀਤੀ ਅਤੇ ਇਸ 'ਤੇ ਵਕਤੀ ਤੌਰ 'ਤੇ ਪਾਬੰਦੀ ਲਾ ਦਿੱਤੀ। ਪਹਿਲਾਂ ਤਾਂ ਜਗੀਰ ਕੌਰ (ਪ੍ਰਧਾਨ ਸ਼੍ਰੋਮਣੀ ਕਮੇਟੀ) ਨੇ ਇਸ ਕੈਲੰਡਰ ਨੂੰ ਮੁਲਤਵੀ ਕਰ ਦਿੱਤਾ। ਇਸ ਦੌਰਾਨ 23 ਦਸੰਬਰ 1999 ਨੂੰ ਗਿ. ਪੂਰਨ ਸਿੰਘ ਨੇ ਇਕ ਸੱਤ ਮੈਂਬਰੀ ਕਮੇਟੀ ਦਾ ਕਨਵੀਨਰ ਸ. ਸੰਤੋਖ ਸਿੰਘ (ਪੁੱਤਰ ਜਥੇਦਾਰ ਅੱਛਰ ਸਿੰਘ) ਬਣਾ ਦਿੱਤਾ ਸੀ। ਇਸ ਕਮੇਟੀ ਦੇ ਬਹੁਤੇ ਮੈਂਬਰਾਂ ਨੇ ਇਸ ਕੈਲੰਡਰ ਨੂੰ ਲਾਗੂ ਨਾ ਕਰਨ ਦੀ ਹਿਮਾਇਤ ਕੀਤੀ, ਪਰ ਨਾਲ ਹੀ ਸਿੱਖਾਂ ਵਾਸਤੇ ਇਕ ਨਵਾਂ ਕੌਮੀ ਕੈਲੰਡਰ ਤਿਆਰ ਕਰਨ ਦੀ ਵੀ ਸ਼ਿਫ਼ਾਰਸ਼ ਕੀਤੀ।

ਜਦੋਂ ਸੱਤ ਮੈਂਬਰੀ ਕਮੇਟੀ ਨੇ ਅਜਿਹਾ ਵਿਚਾਰ ਪੇਸ਼ ਕੀਤਾ ਤਾਂ ਕੈਲੰਡਰ ਲਾਗੂ ਕਰਨ ਦੇ ਹਿਮਾਇਤੀਆਂ ਨੇ ਆਪਣੀ ਮਰਜ਼ੀ ਪੁਗਾਉਣ ਵਾਸਤੇ 16 ਜਨਵਰੀ 2000 ਦੇ ਦਿਨ ਸੱਤ ਮੈਂਬਰੀ ਨੂੰ ਗਿਆਰਾਂ ਮੈਂਬਰੀ ਕਰ ਲਿਆ ਅਤੇ ਇਸ ਵਿਚ ਆਪਣੀ ਮਰਜ਼ੀ ਦੇ ਚਾਰ ਮੈਂਬਰ ਹੋਰ ਪਾ ਲਏ। ਇਹ ਚਾਰੇ ਜਣੇ ਸ਼ਰੇਆਮ ਇਸ ਕੈਲੰਡਰ ਦੇ ਹਿਮਾਇਤੀ ਸਨ। ਇਨ੍ਹਾਂ ਵਿਚੋਂ ਖੜਕ ਸਿੰਘ ਤੇ ਕਿਰਨਜੋਤ ਕੌਰ ਨੇ ਪੁਰੇਵਾਲ ਦੇ ਕੈਲੰਡਰ ਦੇ ਹੱਕ ਵਿਚ ਲੇਖ ਲਿਖ ਕੇ ਇਸ ਦੀ ਐਲਾਨੀਆ ਹਿਮਾਇਤ ਵੀ ਕੀਤੀ ਹੋਈ ਸੀ। ਇਸ ਤੋਂ ਸਾਫ਼ ਨਜ਼ਰ ਆਉਂਦਾ ਸੀ ਕਿ ਜਗੀਰ ਕੌਰ ਕਿਸੇ ਨਾ ਕਿਸੇ ਤਰੀਕੇ ਨਾਲ ਪੁਰੇਵਾਲ ਦਾ ਕੈਲੰਡਰ ਲਾਗੂ ਕਰਨਾ ਚਾਹੁੰਦੀ ਸੀ।

ਇਕ ਪਾਸੇ ਸ਼੍ਰੋਮਣੀ ਕਮੇਟੀ ਨੇ ਕੈਲੰਡਰ ਬਾਰੇ ਵਿਚਾਰ ਕਰਨ ਵਾਸਤੇ ਸੱਤ-ਮੈਂਬਰੀ ਕਮੇਟੀ ਬਣਾਈ, ਪਰ ਦੂਜੇ ਪਾਸੇ, ਉਸੇ ਦਿਨ, ਇਸ ਨੂੰ ਲਾਗੂ ਕਰਨ ਦਾ ਮਤਾ ਦੋਬਾਰਾ ਪਾਸ ਕਰ ਦਿੱਤਾ ਤੇ ਪੁਰੇਵਾਲ ਨੂੰ ਸਿਰੋਪਾਓ ਵੀ ਦੇ ਦਿੱਤਾ। ਪੂਰਨ ਸਿੰਘ ਨੇ ਇਸ 'ਤੇ ਸਖ਼ਤ ਇਤਰਾਜ਼ ਕੀਤਾ। ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ ਦਿਹਾੜਾ ਵੀ 5 ਜਨਵਰੀ 2000 ਦੇ ਦਿਨ ਪੁਰੇਵਾਲ ਦੇ ਕੈਲੰਡਰ ਮੁਤਾਬਿਕ ਮਨਾਉਣ ਦਾ ਮਤਾ ਪਾਸ ਕੀਤਾ ਤੇ ਮਨਾਇਆ ਵੀ। ਪੂਰਨ ਸਿੰਘ ਨੇ ਇਸ ਸਮਾਗਮ ਦਾ ਬਾਈਕਾਟ ਕੀਤਾ। (ਗਿ. ਪੂਰਨ ਸਿੰਘ ਨੇ ਇਹ ਦਿਨ 14 ਜਨਵਰੀ ਨੂੰ ਮਨਾਇਆ)।

ਇਨ੍ਹਾਂ ਦਿਨਾਂ ਵਿਚ ਇਹ ਚਰਚਾ ਛਿੜ ਪਈ ਕਿ ਜਗੀਰ ਕੌਰ ਪੂਰਨ ਸਿੰਘ ਨੂੰ 'ਜੱਥੇਦਾਰੀ' ਤੋਂ ਹਟਾ ਦੇਵੇਗੀ। ਜਦੋਂ ਪੂਰਨ ਸਿੰਘ ਨੂੰ ਇਹ ਖ਼ਬਰ ਮਿਲੀ, ਉਹ ਹਜੂਰ ਸਾਹਿਬ (ਨੰਦੇੜ) ਜਾ ਰਿਹਾ ਸੀ। ਉਸ ਦਿਨ 25 ਜਨਵਰੀ ਦੀ ਤਾਰੀਖ਼ ਸੀ। ਉਹ ਨੰਦੇੜ ਜਾਂਦਾ ਰਾਹ ਵਿਚ ਗੁਨਾ ਕਸਬੇ ਵਿਚ ਰੁਕਿਆ ਅਤੇ ਆਪਣੀ 'ਜੱਥੇਦਾਰੀ' ਖੁਸਣ ਦੇ ਖ਼ਤਰੇ ਦੇ ਜਵਾਬੇ-ਅਮਲ ਵਜੋਂ ਇਕ ਚਿੱਠੀ ਰਾਹੀਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ ਨੂੰ ਪੰਥ 'ਚੋਂ ਖਾਰਿਜ ਕਰਨ ਦਾ ਅਖੌਤੀ

'ਹੁਕਮਨਾਮਾ' ਜਾਰੀ ਕਰ ਕੇ ਜਲੰਧਰ ਦੀ ਇਕ ਅਖ਼ਬਾਰ ਨੂੰ ਫ਼ੈਕਸ ਕਰ ਦਿੱਤਾ।

ਪੂਰਨ ਸਿੰਘ ਵੱਲੋਂ ਜਗੀਰ ਕੌਰ ਨੂੰ ਫ਼ੈਕਸ 'ਤੇ ਭੇਜੇ 'ਹੁਕਮ' ਵਿਚ ਉਸ ਦੇ ਇਕੱਲੇ ਦੇ ਦਸਤਖ਼ਤ ਸਨ। ਪਰ ਮਗਰੋਂ ਜਾਰੀ ਕੀਤੇ ਨਵੇਂ 'ਹੁਕਮ' ਹੇਠਾਂ ਰੋਸ਼ਨ ਸਿੰਘ, ਸੂਬਾ ਸਿੰਘ, ਮਿਲਖਾ ਸਿੰਘ ਅਤੇ ਚਰਨ ਸਿੰਘ ਨਾਂ ਦੇ ਬੰਦਿਆਂ ਦੇ ਦਸਤਖ਼ਤ ਸਨ (ਇਹ ਚਾਰੇ ਆਮ ਸਿੱਖ ਸਨ, ਨਾ ਕਿ ਗ੍ਰੰਥੀ ਜਾਂ ਆਗੂ ਜਾਂ ਵਿਦਵਾਨ)। ਪੂਰਨ ਸਿੰਘ ਦਾ ਫ਼ੈਕਸਨਾਮਾ (ਫ਼ੈਕਸ ਰਾਹੀਂ ਭੇਜੇ ਜਾਣ ਕਰਕੇ ਇਸ ਨੂੰ ਫ਼ੈਕਸਨਾਮਾ ਵੀ ਕਿਹਾ ਗਿਆ ਸੀ), ਜੋ ਦੋਬਾਰਾ ਪੰਜਾਂ ਜਣਿਆਂ ਦੇ ਦਸਤਖ਼ਤਾਂ ਹੇਠ ਰੀਲੀਜ਼ ਕੀਤਾ ਗਿਆ, ਇੰਞ ਸੀ:

ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੱਥੇਦਾਰ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਘੋਰ ਉਲੰਘਣਾ ਕਰਨ ਦੇ ਦੋਸ਼ ਵਿਚ ਸਿੱਖੀ ਤੋਂ ਖ਼ਾਰਿਜ ਕੀਤਾ ਜਾਂਦਾ ਹੈ। ਬੀਬੀ ਜਗੀਰ ਕੌਰ ਨੇ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਬਾਰ ਬਾਰ ਉਲੰਘਣਾ ਕੀਤੀ।

ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਕਮਰੇ ਵਿਚ ਨਵੀਂ ਜੰਤਰੀ ਬਾਰੇ ਚੱਲੀ ਮੀਟਿੰਗ ਵਿਚ ਦਾਸ ਨੇ ਵਿਰੋਧ ਕੀਤਾ ਪਰ ਇਸ ਦੇ ਉਲਟ ਬੀਬੀ ਜਗੀਰ ਕੌਰ ਨੇ ਪਾਲ ਸਿੰਘ ਪੁਰੇਵਾਲ ਨੂੰ ਸਿਰੋਪਾਉ ਦੇ ਕੇ ਜੰਤਰੀ ਚਾਲੂ ਕਰ ਦਿੱਤੀ। ਉਸ ਉਪਰੰਤ ਜੰਤਰੀ ਉੱਪਰ ਅਕਾਲ ਤਖ਼ਤ ਸਾਹਿਬ ਵੱਲੋਂ ਪਾਬੰਦੀ ਲਗਾਈ ਗਈ।

4 ਨਵੰਬਰ ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਜੰਤਰੀ ਉੱਪਰ ਫਿਰ ਪਾਬੰਦੀ ਲਗਾਈ ਗਈ ਪਰ ਬੀਬੀ ਜੀ (ਨੇ) ਅਕਾਲ ਤਖ਼ਤ ਸਾਹਿਬ (ਦੇ) ਹੁਕਮਾਂ (ਦੀ) ਪਰਵਾਹ ਨਾ ਕਰਦਿਆਂ ਜੋ 14 ਜਨਵਰੀ ਪੋਹ ਸੁਦੀ ਸਤਵੀਂ ਨੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਅਵਤਾਰ ਪੁਰਬ ਮਨਾਇਆ ਜਾਣਾ ਸੀ, ਪਰ ਬੀਬੀ ਜਗੀਰ ਕੌਰ (ਨੇ) ਇਹ ਪੁਰਬ 5 ਜਨਵਰੀ (ਨੂੰ) ਸਿੱਖ ਕੌਮ ਨੂੰ ਮਨਾਉਣ ਵਾਸਤੇ ਬਿਆਨ ਦਿੱਤਾ ਅਤੇ ਕਈ ਜਗ੍ਹਾ 'ਤੇ ਜ਼ਬਰਦਸਤੀ ਇਹ ਦਿਨ ਮਨਾਇਆ ਗਿਆ ਪਰ ਸਾਰੀ ਦੁਨੀਆਂ ਵਿਚ ਬਹੁਤ ਸੰਗਤਾਂ ਨੇ ਇਹ ਦਿਨ 14 ਜਨਵਰੀ ਪੋਹ ਸੁਦੀ ਸਤਵੀਂ ਨੂੰ ਹੀ ਮਨਾਇਆ।

ਬੀਬੀ ਜਗੀਰ ਕੌਰ ਨੂੰ ਪੰਥ ਵਿਚੋਂ ਛੇਕਿਆ ਗਿਆ ਹੈ। ਜਿੰਨਾ ਚਿਰ ਇਹ ਅਕਾਲ ਤਖ਼ਤ ਸਾਹਿਬ ਪੇਸ਼ ਨਹੀਂ ਹੁੰਦੀ, ਓਨਾ ਚਿਰ ਗੁਰੂ ਨਾਨਕ ਨਾਮ ਲੇਵਾ ਇਸ ਨੂੰ ਗੁਰਦੁਆਰਾ ਸਾਹਿਬ ਅਤੇ ਕਿਸੇ ਧਾਰਮਿਕ ਸਟੇਜ 'ਤੇ ਬੋਲਣ ਨਾ ਦੇਣ। 27 ਜਨਵਰੀ ਨੂੰ ਹੋਣ ਵਾਲੀ ਐਗਜ਼ੈਕਟਿਵ ਕਮੇਟੀ ਦੀ ਮੀਟਿੰਗ 'ਤੇ ਰੋਕ ਲਗਾਈ ਜਾਂਦੀ ਹੈ ਅਤੇ ਐਗਜੈਕਟਿਵ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ 2 ਫ਼ਰਵਰੀ ਨੂੰ ਸਵੇਰੇ 10 ਵਜੇ ਤਲਬ ਕੀਤਾ ਜਾਂਦਾ ਹੈ।

ਗੁਰੂ ਪੰਥ ਦਾ ਦਾਸ

ਪੂਰਨ ਸਿੰਘ,

ਜਥੇ: ਰੋਸ਼ਨ ਸਿੰਘ, ਜਥੇ: ਸੂਬਾ ਸਿੰਘ, ਜਥੇ: ਮਿਲਖਾ ਸਿੰਘ, ਜਥੇ: ਚਰਨ ਸਿੰਘ

(ਨੋਟ : ਪੂਰਨ ਸਿੰਘ ਦੇ ਇਸ ਦੋਬਾਰਾ ਜਾਰੀ ਕੀਤੇ ਅਖੌਤੀ ਹੁਕਮਨਾਮੇ ਹੇਠਾਂ ਦਸਤਖਤ

ਕਰਨ ਵਾਲੇ ਚੌਹਾਂ ਦੇ ਨਾਂ ਨਾਲ ਜੱਥੇਦਾਰ ਲਿਖਿਆ ਹੋਇਆ ਸੀ। ਪਰ ਉਹ ਕਿੱਥੋਂ ਦੇ 'ਜਥੇਦਾਰ' ਸਨ ਨਹੀਂ ਸੀ ਲਿਖਿਆ। ਉਂਵ ਉਹ ਬੇਨਾਮ ਆਦਮੀ ਸਨ)।

ਜਗੀਰ ਕੌਰ ਨੇ ਇਹ ਅਖੌਤੀ-ਹੁਕਮਨਾਮਾ ਮੰਨਣ ਤੋਂ ਨਾਂਹ ਕਰ ਦਿੱਤੀ। ਬਹੁਤੇ ਸਿੱਖ ਵਿਦਵਾਨਾਂ ਨੇ ਵੀ ਇਸ 'ਫ਼ੈਕਸਨਾਮੇ' ਨੂੰ 'ਹੁਕਮਨਾਮਾ' ਮੰਨਣ ਤੋਂ ਨਾਂਹ ਕਰ ਦਿੱਤੀ। ਇਸ ਅਖੌਤੀ ਹੁਕਮਨਾਮੇ ਵਿਚ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਦਸ ਮੈਂਬਰਾਂ ਨੂੰ ਵੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਣ ਦਾ ਹੁਕਮ ਸੀ। ਪਹਿਲੀ ਫਰਵਰੀ ਦੇ ਦਿਨ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੀ ਮੀਟਿੰਗ ਪ੍ਰਕਾਸ਼ ਸਿੰਘ ਬਾਦਲ ਨੇ ਫਗਵਾੜੇ ਵਿਚ ਬੁਲਾਈ। ਇਸ ਮੌਕੇ 'ਤੇ ਬਰਜਿੰਦਰ ਸਿੰਘ ਹਮਦਰਦ ਵੀ ਹਾਜ਼ਿਰ ਸੀ। ਬਾਦਲ ਨੇ ਉਨ੍ਹਾਂ ਨੂੰ ਪੂਰਨ ਸਿੰਘ ਅੱਗੇ ਪੇਸ਼ ਹੋਣ ਵਾਸਤੇ ਕਿਹਾ। ਇਸ ਮੌਕੇ 'ਤੇ ਬੀਬੀ ਨੇ ਬਾਦਲ ਨੂੰ ਸਵਾਲ ਕੀਤਾ ਕਿ ਜੇ ਪੂਰਨ ਸਿੰਘ ਦੇ ਇਸ ਹੁਕਮਨਾਮੇ ਨੂੰ ਮੰਨਦਿਆਂ ਉਸ ਅੱਗੇ ਪੇਸ਼ ਹੋਣਾ ਠੀਕ ਹੈ ਤਾਂ 11 ਫ਼ਰਵਰੀ 1999 ਦੇ ਦਿਨ ਰਣਜੀਤ ਸਿੰਘ ਅੱਗੇ ਪੇਸ਼ ਹੋਣਾ ਕਿਵੇਂ ਗ਼ਲਤ ਸੀ? ਅਖ਼ੀਰ ਫ਼ੈਸਲਾ ਹੋਇਆ ਕਿ ਪੂਰਨ ਸਿੰਘ ਕੋਲ ਪੇਸ਼ ਹੋਣ ਦੀ ਬਜਾਇ 2 ਫਰਵਰੀ ਨੂੰ ਉਸ ਨੂੰ ਮਿਲ ਕੇ ਇਸ ਹੁਕਮਨਾਮੇ ਬਾਰੇ ਸਗੋਂ ਜਵਾਬ-ਤਲਬੀ ਕੀਤੀ ਜਾਵੇ। ਪਰ ਐਨ ਮੌਕੇ 'ਤੇ ਜਗੀਰ ਕੌਰ ਦੇ ਮੁਖ਼ਾਲਿਫ਼ ਧੜੇ ਨੇ ਪੈਂਤੜਾ ਬਦਲ ਲਿਆ ਅਤੇ 2 ਫ਼ਰਵਰੀ ਨੂੰ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਦੇ ਬਾਦਲ ਧੜੇ ਦੇ 7 ਮੈਂਬਰ ਅਤੇ ਮਾਨ-ਟੌਹੜਾ ਧੜਿਆਂ ਦੇ ਤਿੰਨ ਮੈਂਬਰ ਪੂਰਨ ਸਿੰਘ ਕੋਲ ਪੇਸ਼ ਹੋਏ ਤੇ ਉਸ ਨੇ ਮਾਮੂਲੀ ਜਿਹੀ ਤਨਖ਼ਾਹ ਲਾ ਕੇ ਟੋਰ ਦਿੱਤੇ; ਪਰ ਜਗੀਰ ਕੌਰ ਪੇਸ਼ ਨਾ ਹੋਈ। ਇਸ ਐਗਜ਼ੈਕਟਿਵ ਵਲੋਂ ਪੂਰਨ ਸਿੰਘ ਦਾ ਹੁਕਮ ਮੰਨਣਾ ਗ਼ਲਤ ਸੀ ਤੇ ਜਾਂ ਜਗੀਰ ਕੌਰ ਨੂੰ ਵੀ 'ਪੇਸ਼' ਹੋਣਾ ਚਾਹੀਦਾ ਸੀ। ਦਰਅਸਲ ਇਸ ਸਾਰਾ ਕੁਝ ਨੂੰ ਗ਼ਲਤ ਮੋੜ ਦੇਣ ਦੀ ਜ਼ਿਮੇਦਾਰੀ ਪ੍ਰਕਾਸ਼ ਸਿੰਘ ਬਾਦਲ ਦੀ ਬਣਦੀ ਹੈ।

ਉਨ੍ਹਾਂ ਦਿਨਾਂ ਵਿਚ ਨਵਾਂ ਸ਼ਹਿਰ ਦੀ ਅਸੈਂਬਲੀ ਦੀ ਜ਼ਿਮਨੀ ਚੋਣ ਹੋਣ ਵਾਲੀ ਸੀ। ਅਕਾਲੀ ਦਲ ਦੀ ਚੋਣ ਮੁਹਿਮ ਨੂੰ ਅਸਰ-ਅੰਦਾਜ਼ ਹੋਣੋਂ ਰੋਕਣ ਵਾਸਤੇ ਬੀਬੀ ਨੇ 'ਅਗਿਆਤਵਾਸ' 'ਤੇ ਜਾਣ ਦਾ ਐਲਾਨ ਕਰ ਦਿੱਤਾ। ਚੋਣਾਂ ਮਗਰੋਂ 28 ਫ਼ਰਵਰੀ ਨੂੰ ਜਗੀਰ ਕੌਰ ਅਗਿਆਤਵਾਸ ਖ਼ਤਮ ਕਰ ਕੇ ਅੰਮ੍ਰਿਤਸਰ ਆਈ ਅਤੇ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕਿਆ। ਅਕਾਲ ਤਖ਼ਤ ਸਾਹਿਬ ਦੇ ਹੈੱਡ-ਗ੍ਰੰਥੀ ਗਿ. ਭਗਵਾਨ ਸਿੰਘ ਨੇ ਬੀਬੀ ਦੀ ''ਚੜ੍ਹਦੀ ਕਲਾ'' ਵਾਸਤੇ ਅਰਦਾਸ ਵੀ ਕੀਤੀ। ਇਹ ਪੂਰਨ ਸਿੰਘ ਨੂੰ ਸਿੱਧਾ ਚੈਲੰਜ ਸੀ।

ਇਸ ਦੌਰਾਨ ਬਾਦਲ ਦਲ ਦਿੱਲੀ ਦਾ ਆਗੂ ਅਵਤਾਰ ਸਿੰਘ ਹਿਤ ਤੇ ਪੂਰਨ ਸਿੰਘ ਜੱਸੀ ਵਿਚੋਲੇ ਬਣ ਕੇ ਪੂਰਨ ਸਿੰਘ ਅਤੇ ਜਗੀਰ ਕੌਰ ਨੂੰ ਮਿਲਦੇ ਰਹੇ। ਬਾਦਲ ਨੇ ਵੀ ਇਕ ਵਾਰ ਪੂਰਨ ਸਿੰਘ ਨਾਲ ਮੁਲਾਕਾਤ ਕੀਤੀ ਸੀ। ਪੂਰਨ ਸਿੰਘ ਨਾਲ ਹਰ ਵੇਲੇ ਮੰਗਲ ਸਿੰਘ ਸਤਲਾਣੀ ਵੀ ਬੈਠਾ ਹੁੰਦਾ ਸੀ, ਜਿਸ ਕਰ ਕੇ ਕੋਈ ਸਮਝੌਤਾ ਨਾ ਹੋ ਸਕਿਆ। ਉਂਵ ਹਿਤ ਤੇ ਜੱਸੀ ਵੀ ਅੰਦਰੋਂ ਬੀਬੀ ਦੇ ਖ਼ਿਲਾਫ਼ ਸਨ। ਉਹ ਤਾਂ ਕਿਸੇ ਲਾਲਚ ਹੇਠ ਕੋਈ 'ਕਾਰਵਾਈ' ਪਾਉਣਾ ਲੋਚਦੇ ਸਨ। ਅਖ਼ੀਰ ਚੀਫ਼ ਮਨਿਸਟਰ ਦੀ ਸਲਾਹ 'ਤੇ ਬੀਬੀ ਨੇ ਪੂਰਨ ਸਿੰਘ ਨੂੰ ਇੱਕ ਚਿੱਠੀ ਲਿਖੀ, ਜਿਸ ਵਿਚ ਪੂਰਨ ਸਿੰਘ ਅੱਗੇ ਪੇਸ਼ ਹੋਣ ਦੀ ਕੋਈ ਗੱਲ ਨਹੀਂ ਸੀ, ਬਲਕਿ ਇਹ ਲਿਖਿਆ ਸੀ ਕਿ 'ਪੰਥ ਦੇ ਮਸਲਿਆਂ ਦੇ ਹੱਲ ਵਿਚ ਮੈਂ ਪੰਜ 'ਸਿੰਘ ਸਾਹਿਬਾਨ' ਵਲੋਂ ਰੱਲ ਕੇ ਕੀਤੀਆਂ ਕੋਸ਼ਿਸ਼ਾਂ ਵਿਚ ਹਿੱਸਾ ਪਾਉਣ ਵਾਸਤੇ ਤਿਆਰ ਹਾਂ।' ਇਸ 'ਤੇ ਪੂਰਨ ਸਿੰਘ ਨੇ ਬੀਬੀ ਨੂੰ 12 ਮਾਰਚ ਦੁਪਹਿਰੇ 11 ਵਜੇ ਅਕਾਲ

ਤਖ਼ਤ ਸਾਹਿਬ 'ਤੇ ਸੱਦ ਲਿਆ। ਦਰਅਸਲ ਪੂਰਨ ਸਿੰਘ ਨੇ ਇਹ ਮੰਨ ਲਿਆ ਸੀ ਕਿ ਬੀਬੀ ਪੰਜ ਗ੍ਰੰਥੀਆਂ (ਪੂਰਨ ਸਿੰਘ, ਮਨਜੀਤ ਸਿੰਘ, ਕੇਵਲ ਸਿੰਘ ਅਤੇ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੇ ਕੋਈ ਦੋ ਗ੍ਰੰਥੀ) ਕੋਲ ਪੇਸ਼ ਹੋਵੇਗੀ ਅਤੇ ਐਗ਼ਜ਼ੈਕਟਿਵ ਮੈਂਬਰਾਂ ਵਰਗੀ ਤਨਖ਼ਾਹ ਉਸ ਨੂੰ ਵੀ ਲਾ ਦਿੱਤੀ ਜਾਵੇਗੀ। ਪਰ ਮਗਰੋਂ, ਮੰਗਲ ਸਿੰਘ ਸਲਤਾਨੀ ਦੇ ਅਸਰ ਹੇਠ, ਪੂਰਨ ਸਿੰਘ ਇਸ ਤੋਂ ਮੁਕਰ ਗਿਆ ਸੀ। ਉਸ ਨੇ ਬੀਬੀ ਨੂੰ ਪੰਜ ਮਹੀਨੇ ਦੀ ਤਨਖ਼ਾਹ ਲਾਉਣ ਦੀ ਪਲਾਨ ਬਣਾ ਲਈ।

ਇਸ ਦੀ ਖ਼ਬਰ ਬੀਬੀ ਤਕ ਵੀ ਪਹੁੰਚ ਗਈ ਤੇ ਉਸ ਨੇ ਵੀ ਪੇਸ਼ ਨਾ ਹੋਣ ਦਾ ਫ਼ੈਸਲਾ ਕਰ ਲਿਆ। ਉਸ ਦਿਨ ਪੂਰਨ ਸਿੰਘ ਆਪ ਵੀ ਅੱਧਾ ਘੰਟਾ ਲੇਟ, ਸਾਢੇ ਯਾਰਾਂ ਵਜੇ, ਅਕਾਲ ਤਖ਼ਤ ਸਾਹਿਬ 'ਤੇ ਪੁੱਜਾ। ਜਗੀਰ ਕੌਰ ਉਸ ਦਿਨ ਸਵਾ ਬਾਰਾਂ ਵਜੇ ਆਈ ਅਤੇ ਅਕਾਲ ਤਖ਼ਤ ਸਾਹਿਬ 'ਤੇ ਮੱਥਾ ਟੇਕ ਕੇ ਚਲੀ ਗਈ। ਇਸ 'ਤੇ ਗੁੱਸੇ ਅਤੇ ਖਿਝ ਵਿਚ ਆਏ ਪੂਰਨ ਸਿੰਘ ਨੇ ਮਨਜੀਤ ਸਿੰਘ, ਕੇਵਲ ਸਿੰਘ ਤੇ ਭਗਵਾਨ ਸਿੰਘ ਨੂੰ ਵੀ ਪੰਥ 'ਚੋਂ 'ਖਾਰਿਜ' ਕਰ ਦਿੱਤਾ (ਕਿਉਂਕਿ ਉਹ, ਪੂਰਨ ਸਿੰਘ ਮੁਤਾਬਿਕ, ਅਕਾਲ ਤਖ਼ਤ ਸਾਹਿਬ ਦੀ 'ਜੱਥੇਦਾਰੀ' ਦੇ ਉਮੀਦਵਾਰ ਸਨ)। ਪੂਰਨ ਸਿੰਘ ਨੇ ਜਸਵਿੰਦਰ ਸਿੰਘ ਤੇ ਪ੍ਰੀਤਮ ਸਿੰਘ ਭਾਟੀਆ (ਦੋਵੇਂ ਮੈਂਬਰ ਸ਼੍ਰੋਮਣੀ ਕਮੇਟੀ) ਨੂੰ ਵੀ ਪੰਥ ਚੋਂ ਖਾਰਿਜ ਕਰ ਦਿੱਤਾ। ਇਸ ਅਖੌਤੀ-ਹੁਕਮਨਾਮੇ ਨੂੰ ਉਹ ਘਰੋਂ ਹੀ ਲਿਖ ਕੇ ਲਿਆਇਆ ਹੋਇਆ ਸੀ ਤੇ ਉਸ ਨੇ ਜੇਬ ਵਿਚੋਂ ਇਹ ਕਾਗ਼ਜ਼ ਕੱਢ ਕੇ ਪੜ੍ਹਨਾ ਸ਼ੁਰੂ ਕਰ ਦਿੱਤਾ ਸੀ।

13 ਮਾਰਚ ਨੂੰ ਪੂਰਨ ਸਿੰਘ ਨੇ ਬਾਦਲ ਨੂੰ ਇਕ ਖ਼ਤ ਲਿਖ ਕੇ 'ਹੁਕਮ' ਜਾਰੀ ਕੀਤਾ ਕਿ ਉਹ ਬੀਬੀ ਦੀ ਥਾਂ ਸ਼੍ਰੋਮਣੀ ਕਮੇਟੀ ਦਾ ਐਕਟਿੰਗ ਪ੍ਰਧਾਨ ਅਤੇ ਮਨਜੀਤ ਸਿੰਘ ਤੇ ਕੇਵਲ ਸਿੰਘ ਦੀ ਥਾਂ ਕੇਸਗੜ੍ਹ ਅਤੇ ਦਮਦਮਾ ਸਾਹਿਬ ਦੇ ਐਕਟਿੰਗ ਮੁੱਖ ਸੇਵਾਦਾਰ ਤੇ ਭਗਵਾਨ ਸਿੰਘ ਦੀ ਥਾਂ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਹੈੱਡ-ਗ੍ਰੰਥੀ ਤਾਇਨਾਤ ਕਰੇ। ਇਸ ਤੋਂ ਬਾਅਦ ਪੂਰਨ ਸਿੰਘ ਨੇ ਤਲਵੰਡੀ ਨੂੰ ਵੀ ਅਜਿਹੀ ਹੀ ਇਕ ਚਿੱਠੀ ਲਿਖੀ। ਦਰਅਸਲ, ਇਹ ਸਾਰੀ ਕਾਰਵਾਈ ਪੂਰਨ ਸਿੰਘ ਵਲੋਂ ਆਪਣਾ ਅਖੌਤੀ ਹੁਕਮਨਾਮਾ ਮੰਨਵਾਉਣ ਵਾਸਤੇ ਇਕ 'ਤਰਲਾ' ਹੀ ਸੀ।

ਪੂਰਨ ਸਿੰਘ ਵਲੋਂ 13 ਮਾਰਚ ਦੇ ਦਿਨ 5 ਜਣਿਆਂ ਨੂੰ ਪੰਥ 'ਚੋਂ ਖਾਰਿਜ ਕਰਨ ਦਾ ਐਲਾਨ ਗ਼ੁੱਸੇ ਤੇ ਪਾਗਲਪਣ ਦੇ ਨਤੀਜੇ ਵਲੋਂ ਕੀਤਾ ਗਿਆ ਸੀ। ਇਸ ਕਰ ਕੇ ਕਿਸੇ ਨੇ ਵੀ ਇਸ ਦੀ ਪਰਵਾਹ ਨਾ ਕੀਤੀ। 25 ਮਾਰਚ ਨੂੰ ਬਾਦਲ ਅਕਾਲੀ ਦਲ ਦੀ ਸਿਆਸੀ ਸਲਾਹਕਾਰ ਕਮੇਟੀ ਨੇ ਜਗੀਰ ਕੌਰ ਨੂੰ ਸਲਾਹ (ਹਦਾਇਤ ਜਾਂ ਹੁਕਮ) ਦਿੱਤੀ ਕਿ ਉਹ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਜਾਵੇ। ਇਸ ਕਮੇਟੀ ਵਲੋਂ ਇਹ ਸਲਾਹ ਦੇਣਾ ਅਸੂਲੀ ਤੌਰ 'ਤੇ ਗ਼ਲਤ ਸੀ, ਕਿਉਂਕਿ ਇਹ ਕਮੇਟੀ ਨਾ ਤਾਂ ਅਕਾਲ ਤਖ਼ਤ ਸਾਹਿਬ ਤੋਂ 'ਉੱਚੀ' ਸੀ ਅਤੇ ਨਾ ਹੀ ਇਸ ਕੋਲ ਧਾਰਮਿਕ ਨੁਕਤਿਆਂ ਬਾਰੇ ਹਦਾਇਤਾਂ ਦੇਣ ਦੇ ਅਖ਼ਤਿਆਰ ਸਨ। ਅਕਾਲੀ ਦਲ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਹਦਾਇਤ ਮਗਰੋਂ ਜਾਗੀਰ ਕੌਰ ਨੇ ਪੂਰਨ ਸਿੰਘ ਨੂੰ ਇਕ ਹੋਰ ਚਿੱਠੀ ਲਿਖੀ, ਜਿਸ ਵਿਚ ਨਾ ਮੁਆਫ਼ੀ ਮੰਗੀ ਸੀ ਤੇ ਨਾ ਪੇਸ਼ ਹੋਣ ਦੀ ਖ਼ਾਹਿਸ਼ ਜ਼ਾਹਿਰ ਕਤੀ ਸੀ। ਇਸ ਦਿਨ ਹੀ ਭਗਵਾਨ ਸਿੰਘ ਨੇ ਐਲਾਨ ਕੀਤਾ ਕਿ ਜੇ ਬੀਬੀ ਪੂਰਨ ਸਿੰਘ ਕੋਲ ਪੇਸ਼ ਹੋਵੇਗੀ ਤਾਂ ਉਹ ਅਸਤੀਫ਼ਾ ਦੇ ਦੇਵੇਗਾ। ਉਧਰ ਪੂਰਨ ਸਿੰਘ ਨੇ ਬੀਬੀ ਦੀ ਚਿੱਠੀ ਰੱਦ ਕਰ ਦਿੱਤੀ। ਫਿਰ ਬੀਬੀ ਨੇ ਇਕ ਹੋਰ ਇਹੋ ਜਿਹੀ ਚਿੱਠੀ ਲਿਖ ਭੇਜੀ। ਪੂਰਨ ਸਿੰਘ ਨੇ ਉਹ ਚਿੱਠੀ ਵੀ ਰੱਦ ਕਰ ਦਿੱਤੀ। ਹਾਂ, ਪ੍ਰੀਤਮ ਸਿੰਘ ਭਾਟੀਆ ਜ਼ਰੂਰ ਯਰਕ ਗਿਆ ਤੇ ਉਹ ਪੂਰਨ ਸਿੰਘ ਕੋਲ ਪੇਸ਼ ਹੋ ਗਿਆ। ਉਸ

ਨੂੰ ਪੂਰਨ ਸਿੰਘ ਨੇ 28 ਤਾਰੀਖ਼ ਦੀ ਸਵੇਰ ਨੂੰ ਪੰਜ ਦਿਨ ਦੀ ਸੇਵਾ ਤਨਖ਼ਾਹ ਲਾ ਦਿੱਤੀ, ਜਿਸ ਨੂੰ ਉਸ ਨੇ ਭੁਗਤਣਾ ਸ਼ੁਰੂ ਕਰ ਦਿੱਤਾ।

ਪੂਰਨ ਸਿੰਘ ਦੀ ਅਕਾਲ ਤਖ਼ਤ ਤੋਂ ਛੁੱਟੀ

ਇਸੇ ਦਿਨ ਸ਼੍ਰੋਮਣੀ ਕਮੇਟੀ ਦੀ ਐਗ਼ਜੈਕਟਿਵ ਦੀ ਮੀਟਿੰਗ ਹੋਣੀ ਸੀ। ਇਸ ਮੀਟਿੰਗ ਵਿਚ ਬੀਬੀ ਜਾਗੀਰ ਕੌਰ ਪੂਰਨ ਸਿੰਘ ਨੂੰ ਹਟਾਉਣ ਦਾ ਤਹੱਈਆ ਕਰ ਕੇ ਆਈ ਹੋਈ ਸੀ। ਪਹਿਲੋਂ ਤਾਂ ਬਾਦਲ ਦੀ ਹਦਾਇਤ ’ਤੇ ਇਹ ਮੀਟਿੰਗ ਮੁਲਤਵੀ ਹੋਣ ਦਾ ਚਰਚਾ ਚਲਿਆ ਪਰ ਅਖ਼ੀਰ ਇਹ ਮੀਟਿੰਗ ਹੋਈ। ਮੀਟਿੰਗ ਤੋਂ ਪਹਿਲਾਂ ਗਿ. ਪੂਰਨ ਸਿੰਘ ਨੇ ਇਸ ਵਿਚ ਹਿੱਸਾ ਲੈਣ ਦੇ ਸ਼ੱਕ ਵਿਚ 4 ਮੈਂਬਰਾਂ (ਰਘੂਜੀਤ ਸਿੰਘ ਵਿਰਕ, ਗੁਰਪਾਲ ਸਿੰਘ ਗੋਰਾ, ਸਤਨਾਮ ਸਿੰਘ ਭਾਈ ਰੂਪਾ, ਪ੍ਰੀਤਮ ਸਿੰਘ ਭਾਟੀਆ) ਨੂੰ ਪੰਥ ’ਚੋਂ ਖਾਰਿਜ ਕਰਨ ਦਾ ਐਲਾਨ ਕਰ ਦਿੱਤਾ। (ਪੂਰਨ ਸਿੰਘ ਨੇ ਪਹਿਲਾਂ 6 ਮੈਂਬਰਾਂ ਨੂੰ ਪੰਥ ’ਚੋਂ ਖਾਰਿਜ ਕੀਤਾ ਸੀ, ਪਰ ਜਦੋਂ ਉਸ ਨੂੰ ਕਿਸੇ ਨੇ ਦੱਸਿਆ ਕਿ ਬੀਬੀ ਨਾਲ ਮੀਟਿੰਗ ਵਿਚ ਸਿਰਫ਼ ਚਾਰ ਮੈਂਬਰ ਬੈਠੇ ਹਨ ਤਾਂ ਉਸ ਨੇ ਬਾਕੀ ਦੋ ਨਾਂ ਕੱਟ ਦਿਤੇ ਸਨ)।

28 ਮਾਰਚ 2000 ਦੇ ਦਿਨ ਜਿਸ ਵੇਲੇ ਪੂਰਨ ਸਿੰਘ ਇਹ ਹੁਕਮ ਜਾਰੀ ਕਰ ਰਿਹਾ ਸੀ, ਉਸ ਵੇਲੇ ਗੁਰੂ ਨਾਨਕ ਨਿਵਾਸ ਵਿਚ ਸ਼੍ਰੋਮਣੀ ਕਮੇਟੀ ਦੀ ਐਗ਼ਜੈਕਟਿਵ ਦੀ ਮੀਟਿੰਗ ਚੱਲ ਰਹੀ ਸੀ। ਇਸ ਮੀਟਿੰਗ ਵਿਚ ਪੰਦਰਾਂ ਵਿੱਚੋਂ ਸਿਰਫ਼ ਪੰਜ ਮੈਂਬਰ ਹਾਜ਼ਿਰ ਸਨ। ਪਰ, ਇਹ ਕਾਨੂੰਨੀ ਤੌਰ ’ਤੇ ਪੂਰਾ ਕੋਰਮ ਬਣਦਾ ਸੀ। ਕਿਉਂਕਿ ਹੁਣ ਇਹ ਪੰਜੇ ਪੂਰਨ ਸਿੰਘ ਵੱਲੋਂ ‘ਛੇਕੇ’ ਜਾ ਚੁੱਕੇ ਸਨ, ਇਸ ਕਰ ਕੇ ਇਨ੍ਹਾਂ ਕੋਲ ਇਸ ਤੋਂ ਸਿਵਾ ਕੋਈ ਹੋਰ ਚਾਰਾ ਨਹੀਂ ਸੀ ਕਿ ਉਹ ਪੂਰਨ ਸਿੰਘ ਨੂੰ ‘ਫ਼ਾਰਿਗ’ ਕਰ ਦੇਂਦੇ। ਪਹਿਲਾਂ ਤਾਂ ਬੀਬੀ ਤੋਂ ਸਿਵਾ ਦੂਜੇ ਚਾਰ ਮੈਂਬਰ ਝਿਜਕ ਰਹੇ ਸਨ ਅਤੇ ਬਾਦਲ ਦੀ ‘ਹੁਕਮ’ ਦੀ ਉਡੀਕ ਕਰ ਰਹੇ ਸਨ, ਪਰ ਜਦ ਉਨ੍ਹਾਂ ਨੂੰ ਆਪਣੇ ‘ਛੇਕੇ’ ਜਾਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੇ ‘ਮਰਦੀ ਕੀ ਨਾ ਕਰਦੀ’ ਵਾਲੀ ਹਾਲਤ ਵਿਚ ਹੋਣ ਕਰ ਕੇ ‘ਆਖ਼ਰੀ’ ਕਦਮ ਚੁੱਕਣ ਦਾ ਫ਼ੈਸਲਾ ਕਰ ਲਿਆ।

ਇਸ ਮੀਟਿੰਗ ਨੇ ਗਿ. ਪੂਰਨ ਸਿੰਘ ਨੂੰ ‘ਜੱਥੇਦਾਰੀ’ ਤੋਂ ਹਟਾ ਦਿੱਤਾ ਤੇ ਉਸ ਦੀ ਥਾਂ ਜੋਗਿੰਦਰ ਸਿੰਘ (ਵੇਦਾਂਤੀ) ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਮੁਖ ਸੇਵਾਦਾਰ ਲਾ ਦਿੱਤਾ। ਪਹਿਲਾਂ ਜਾਰੀ ਕੀਤੀ ਪ੍ਰੈਸ-ਰੀਲੀਜ਼ ਵਿਚ ਪੂਰਨ ਸਿੰਘ ਨੂੰ ‘ਸੇਵਾ-ਮੁਕਤ’ ਕੀਤਾ ਗਿਆ ਸੀ, ਪਰ ਮਗਰੋਂ ਇਸ ਨੂੰ ਬਦਲ ਕੇ ‘ਮੁਅੱਤਲ’ ਕਰ ਦਿੱਤਾ ਗਿਆ ਤਾਂ ਜੋ ਪੂਰਨ ਸਿੰਘ ਸੇਵਾ-ਮੁਕਤੀ ਨੂੰ ‘ਅਦਾਲਤ’ ਵਿਚ ਚੈਲਿੰਜ ਨਾ ਕਰ ਸਕੇ। 28 ਮਾਰਚ 2000 ਦੀ ਸਵੇਰ ਨੂੰ ਜਦੋਂ ਜੋਗਿੰਦਰ ਸਿੰਘ (ਵੇਦਾਂਤੀ) ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲੀ ਤਾਂ ਹਰਿਮੰਦਰ ਸਾਹਿਬ ਦੇ ਗ੍ਰੰਥੀ ਮੋਹਣ ਸਿੰਘ ਨੇ ਧਮਕੀ ਦਿੱਤੀ ਕਿ ਜੇ ਪੂਰਨ ਸਿੰਘ ਵਲੋਂ ਛੇਕਿਆ ਕੋਈ ਬੰਦਾ ਇਸ ਰਸਮ ਵੇਲੇ ਹਾਜ਼ਿਰ ਹੋਇਆ ਤਾਂ ਮੈਂ ਉੱਥੋਂ ਚਲਾ ਜਾਵਾਂਗਾ। ਇਸ ਕਰ ਕੇ ਮਨਜੀਤ ਸਿੰਘ ਤੇ ਕੇਵਲ ਸਿੰਘ ਜਗੀਰ ਕੌਰ ਕੋਲ ਘੰਟਾ ਘਰ ਵਿਚ ਇਨਫ਼ਰਮੇਸ਼ਨ ਸੈਂਟਰ ਦੇ ਤਹਿਖ਼ਾਨੇ ਵਿਚ ਬੈਠੇ ਰਹੇ। ਉੱਥੇ ਹੀ ਗਿਆਨੀ ਭਗਵਾਨ ਸਿੰਘ ਨੂੰ ਬੁਲਾ ਕੇ ਕਿਹਾ ਗਿਆ ਕਿ ਉਹ ਰਸਮ ਵੇਲੇ ਅਕਾਲ ਤਖ਼ਤ ਸਾਹਿਬ ’ਤੇ ਨਾ ਜਾਵੇ। ਇਸ ਸਲਾਹ (ਹਦਾਇਤ) ’ਤੇ ਭਗਵਾਨ ਸਿੰਘ ਗੁੱਸੇ ਵਿਚ ਭਰਿਆ-ਪੀਤਾ ਉੱਥੋਂ ਚਲਾ ਗਿਆ। ਇੰਵ ਮੋਹਨ ਸਿੰਘ ਨੇ ਆਪਣੀ ਧਮਕੀ ’ਤੇ ਅਮਲ ਕਰਵਾਇਆ।

ਵੇਦਾਂਤੀ ਨੇ ਅਗਲੇ ਦਿਨ ਐਲਾਨ ਕੀਤਾ ਕਿ ਪੂਰਨ ਸਿੰਘ ਵਲੋਂ 25 ਜਨਵਰੀ 2000 ਤੋਂ ਜਾਰੀ ਕੀਤੇ ਅਖੌਤੀ-ਹੁਕਮਨਾਮੇ ਉਸ ਦੇ (ਪੂਰਨ ਸਿੰਘ ਦੇ) ਨਿੱਜੀ ਐਲਾਨ ਸਨ ਨਾ ਕਿ ਉਹ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਸਨ। ਉਹ ਪੰਥਕ ਰਿਵਾਇਤਾਂ ਤੇ ਮਰਿਆਦਾ ਮੁਤਾਬਿਕ ਨਹੀਂ ਸਨ, ਇਸ ਕਰ ਕੇ ਉਹ ਐਲਾਨ (ਹੁਕਮਨਾਮੇ ਨਹੀਂ) ਰੱਦ ਕੀਤੇ ਜਾਂਦੇ ਹਨ। ਮਗਰੋਂ ਵੇਦਾਂਤੀ ਨੇ ਇਕ ਬਿਆਨ ਵਿਚ ਇਹ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਕੋਈ 'ਹੁਕਮਨਾਮਾ' ਵਾਪਿਸ ਲਿਆ ਸੀ ਤੇ ਨਾ ਰੱਦ ਕੀਤਾ ਸੀ।

ਗਿਆਨੀ ਜੋਗਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਮੁਖ ਸੇਵਾਦਾਰ ਵਾਸਤੇ 'ਜ਼ਾਬਤਾ' ਬਣਾਉਣ ਵਾਸਤੇ ਵੀ ਕਿਹਾ।

ਇਸ ਸਾਰੀ ਹੰਗਾਮੀ ਹਾਲਤ ਦੌਰਾਨ ਸਭ ਤੋਂ ਅਜੀਬ ਰੋਲ ਮੋਹਨ ਸਿੰਘ (ਹੈੱਡ-ਗ੍ਰੰਥੀ ਦਰਬਾਰ ਸਾਹਿਬ) ਦਾ ਸੀ। ਉਹ 'ਰੇਲੂ ਕੱਟੇ' ਵਾਂਗ ਕਦੇ ਪੂਰਨ ਸਿੰਘ ਦੇ ਨਾਲ ਤੇ ਕਦੇ ਉਸ ਦੇ ਖ਼ਿਲਾਫ਼ ਹੋ ਜਾਂਦਾ ਸੀ। ਪੂਰਨ ਸਿੰਘ ਦਾ 'ਐਲਾਨਨਾਮਾ' ਰੱਦ ਕਰਨ ਵੇਲੇ ਵੀ ਉਹ ਹਾਜ਼ਿਰ ਸੀ ਤੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਸੇਵਾਦਾਰਾਂ ਨੂੰ ਕੱਢਣ ਵੇਲੇ ਵੀ ਉਹ ਮੌਜੂਦ ਸੀ। 29 ਮਾਰਚ ਨੂੰ ਜਗੀਰ ਕੌਰ ਤੇ ਹੋਰਾਂ ਨੂੰ ਸੁਰਖ਼ਰੂ ਕਰਨ ਵੇਲੇ ਵੀ ਹਾਜ਼ਿਰ ਸੀ। ਉਹ ਪੂਰਨ ਸਿੰਘ ਦੇ ਐਲਾਨ ਵੇਲੇ ਵੀ ਉਸ ਦੇ ਨਾਲ ਖੜ੍ਹਾ ਹੋ ਜਾਂਦਾ ਸੀ ਤੇ ਉਸ ਨੂੰ ਰੱਦ ਕਰਨ ਵਾਲਿਆਂ ਦੇ ਨਾਲ ਵੀ।

ਆਪਣੇ ਇਕ ਸਾਲ ਦੇ ਅਹਿਦ ਵਿਚ ਪੂਰਨ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਜੋਂ ਇਸ 'ਸੇਵਾ' ਨੂੰ ਨਿੱਜੀ ਹੈਂਕੜ, ਸਾੜੇ, ਖਿਝ, ਨਫ਼ਰਤ, ਦੁਸ਼ਮਣੀ ਅਤੇ ਕਿੜਾਂ ਕੱਢਣ ਵਾਸਤੇ ਵਰਤਿਆ ਅਤੇ ਇਸ ਦੀ ਤੌਹੀਨ ਕਰਨ ਦੀ ਕੋਸ਼ਿਸ਼ ਕੀਤੀ। ਜੇ ਵੇਖਿਆ ਜਾਏ ਤਾਂ 1982 ਤੋਂ 2000 ਤਕ, ਪਿਛਲੇ 18 ਸਾਲਾਂ ਵਿਚ, ਜਿਨ੍ਹਾਂ ਵੱਖ-ਵੱਖ ਸ਼ਖ਼ਸਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ (ਜਿਸ ਨੂੰ ਉਹ 'ਜਥੇਦਾਰ' ਆਖਦੇ ਹਨ) ਲਾਇਆ ਗਿਆ, ਉਨ੍ਹਾਂ ਨੇ ਇਸ ਨੂੰ ਆਪਣੀ ਬਾਦਸ਼ਾਹੀ ਸਮਝ ਕੇ ਵਰਤਿਆ। ਉਨ੍ਹਾਂ ਦੀਆਂ ਬਹੁਤੀਆਂ ਕਾਰਵਾਈਆਂ ਵਿਚੋਂ ਕੁਝ ਤਾਂ ਬੇਲੋੜੀਆਂ ਸਨ, ਕੁਝ ਖਿਝ ਨਫ਼ਰਤ-ਪੱਖਪਾਤ-ਗੁੱਸੇ 'ਚ ਕੀਤੀਆਂ ਹੋਈਆਂ ਸਨ ਜਾਂ ਬਿਨਾਂ ਕਾਇਦੇ ਤੋਂ ਸਨ ਅਤੇ ਕੁਝ ਸਿੱਖ ਰਿਵਾਇਤਾਂ ਤੇ ਫ਼ਲਸਫ਼ੇ ਦੇ ਵੀ ਉਲਟ ਸਨ। ਇਹ ਮੁਖ ਸੇਵਾਦਾਰ ਆਪਣੇ ਆਪ ਨੂੰ ਕੌਮ ਦਾ ਸੇਵਾਦਾਰ ਸਮਝਣ ਦੀ ਥਾਂ ਡਿਕਟੇਟਰ ਸਮਝਦੇ ਰਹੇ। ਉਹ ਆਪਣੇ ਆਪ ਨੂੰ ਰੱਬ ਦਾ ਨੁਮਾਇੰਦਾ, ਨੀਮ-ਗੁਰੂ, ਸਿੰਘ ਸਾਹਿਬ (ਸਿੰਘਾਂ/ਕੌਮ ਦਾ ਮਾਲਿਕ) ਵਗ਼ੈਰਾ ਸਮਝਦੇ ਰਹੇ।

ਕੁਲ ਮਿਲਾ ਕੇ ਅਕਾਲ ਤਖ਼ਤ ਸਾਹਿਬ ਦੀ ਨਵੇਂ ਤਰੀਕੇ ਦੀ (ਅ-ਸਿੱਖ) ਵਰਤੋਂ ਨੇ ਕੌਮ ਦਾ ਭਲਾ ਕਰਨ ਦੀ ਬਜਾਏ ਨੁਕਸਾਨ ਹੀ ਕੀਤਾ। ਇਸ ਨਾਲ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਦੀ ਬੇਹੁਰਮਤੀ ਹੋਈ। ਜਿਸ ਜਮਾਤ ਦਾ 'ਨਿਰਮਲ ਭਉ' ਹਰ ਸਿੱਖ ਨੂੰ ਪੰਥ ਤੋਂ ਬਾਗ਼ੀ ਹੋਣ ਤੋਂ ਰੋਕ ਕੇ ਰੱਖ ਰਿਹਾ ਸੀ, ਉਸ ਨੂੰ ਇਸ 18 ਸਾਲ ਦੇ ਸਮੇਂ ਵਿਚ ਅਕਾਲੀ ਚੌਧਰੀਆਂ ਅਤੇ ਅਖੌਤੀ-ਜਥੇਦਾਰਾਂ ਨੇ ਨਾਸਤੋ-ਨਾਬੂਦ ਕਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਆਗਾਜ਼ ਕਿਰਪਾਲ ਸਿੰਘ, ਜਸਬੀਰ ਸਿੰਘ, ਰਾਗੀ ਦਰਸ਼ਨ ਸਿੰਘ ਤੇ ਰਣਜੀਤ ਸਿੰਘ ਤੋਂ ਹੁੰਦਾ ਆਪਣੇ ਸਭ ਤੋਂ ਨੀਵੇਂ ਪੱਧਰ 'ਤੇ ਪੂਰਨ ਸਿੰਘ ਵੇਲੇ ਪੁੱਜ ਗਿਆ। ਭਾਈ ਰਣਜੀਤ ਸਿੰਘ (ਜਿਸ ਦੀ ਇਕੋ-ਇਕ 'ਕਾਬਲੀਅਤ' ਨਿਰੰਕਾਰੀ ਗੁਰਬਚਨ ਸਿੰਘ ਦਾ ਕਤਲ ਸੀ) ਨੇ ਆਪਣੇ ਅਹਿਦ ਦੌਰਾਨ ਡਾਂਗ-ਕਲਚਰ ਅਪਣਾਈ

ਰੱਖਿਆ। ਡਾ. ਦਰਸ਼ਨ ਸਿੰਘ ਅਤੇ ਜੰਮੂ ਦੇ ਸਿੱਖਾਂ ’ਤੇ ਜਿਸਮਾਨੀ ਹਮਲਾ ਹੀ ਨਹੀਂ, ਬਲਕਿ ਉਸ ਦੀ ਬੋਲੀ ਅਕਾਲ ਤਖ਼ਤ ਸਾਹਿਬ ਦੇ ਮੁਖ ਸੇਵਾਦਾਰ ਵਾਲੀ ਤਾਂ ਕਿ ਇਕ ਗੁਰਸਿੱਖ ਵਾਲੀ ਵੀ ਨਹੀਂ ਸੀ। ਉਹ ਗਾਲ੍ਹ ਕੱਢੇ ਬਿਨਾਂ ਘੱਟ ਹੀ ਗੱਲ ਕਰਦਾ ਸੀ (ਉਂਞ ਉਸ ਦੀ ਇਸ ਆਦਤ ਵਿਚ ਫ਼ਰਵਰੀ 1999 ਤੋਂ ਮਗਰੋਂ ਕੁਝ ਸੁਧਾਰ ਹੋਣਾ ਸ਼ੁਰੂ ਹੋ ਗਿਆ ਸੀ)। ਇੰਞ ਹੀ ਉਸ ਵਲੋਂ ਝੂਠ ਬੋਲ ਕੇ, ਦਾੜ੍ਹੀ ਬੰਨ੍ਹ ਕੇ, ਆਰ.ਐਸ. ਘਟੌੜਾ ਦੇ ਨਾਂ ਹੇਠ ਮੋਹਾਲੀ ’ਚ ਲੱਖਾਂ ਦੀ ਜਾਇਦਾਦ ਖਰੀਦਣਾ ਤੇ ਇਸ ਸਾਰੇ ਝੂਠ ਬੋਲਣਾ ਵੀ ਉਸ ਦੇ ਕਿਰਦਾਰ ਨੂੰ ਹੌਲਾ ਕਰਦੇ ਸਨ। ਉਸ ਨੇ ਇੰਗਲੈਂਡ ਦੇ ਇਕ ਬਦਨਾਮ ਡੇਰੇਦਾਰ ਅਮਰ ਸਿੰਘ ਬੜੂੰਦੀ ਤੋਂ ਪੰਜ ਲੱਖ ਰੁਪਏ ਦੀ ਇਕ ਕਾਰ ਵੀ ਤੋਹਫ਼ੇ ਵਿਚ ਲਈ ਤੇ ਉਸ ਦਾ ਖੋਚਾ ਮਾਣ-ਸਨਮਾਨ ਵੀ ਕੀਤਾ। ਰਣਜੀਤ ਸਿੰਘ ਦੀ ਇਕੋ-ਇਕ ਸਿਫ਼ਤ ਇਹ ਜ਼ਰੂਰ ਸੀ ਕਿ ਉਸ ਨੇ ਜਥੇ: ਟੌਹੜਾ ਨਾਲ ‘ਦੋਸਤੀ’ ਜ਼ਰੂਰੀ ਨਿਭਾਈ ਸੀ ਤੇ ਇਸ ਵਾਸਤੇ ਆਪਣੀ ‘ਜੱਥੇਦਾਰੀ’ ਵੀ ਕੁਰਬਾਨ ਕਰ ਦਿੱਤੀ ਸੀ।

ਪੂਰਨ ਸਿੰਘ ’ਤੇ ਤਾਂ ਇਹ ਦੋਸ਼ ਵੀ ਲਗਾ ਕਿ ਉਹ ਬੁਨਿਆਦ-ਪ੍ਰਸਤ, ਫਿਰਕੂ ਹਿੰਦੂ ਜਮਾਤ, ਰਾਸ਼ਟਰ ਸੋਇਮ ਸੇਵਕ ਸੰਘ ਦਾ ਪਿਛਲੱਗ ਹੈ। ਉਸ ਦੀ ਰਾਸ਼ਟਰੀ ਸਿੱਖ ਸੰਗਤ ਦੇ ਇਕ ਸਮਾਗਮ ਵਿਚ (12 ਅਪ੍ਰੈਲ 1998 ਦੇ ਦਿਨ) ਸ਼ਾਮਿਲ ਹੋਣ, ‘ਹਰ ਹਰ ਮਹਾਂਦੇਵ’ ‘ਜੈ ਸ਼ਿਵ ਸ਼ੰਕਰ’, ‘ਜੈ ਸੀਆ ਰਾਮ’ ਦੇ ਅਕਾਲ ਤਖ਼ਤ ਸਾਹਿਬ ’ਤੇ ਨਾਅਰੇ ਲਾਂਦੇ ਵਿਸ਼ਵ ਹਿੰਦੂ ਪਰੀਸ਼ਦ ਤੇ ਬਜਰੰਗ ਬ੍ਰਿਗੇਡ ਦੇ ਆਗੂਆਂ ਨੂੰ ਸਿਰੋਪੇ ਦੇਣ (8 ਅਪ੍ਰੈਲ 1999) ਅਤੇ ਸਿੱਖਾਂ ਨੂੰ ਲਵ-ਕੁਸ਼ ਦੀ ਔਲਾਦ ਕਹਿਣ ਦੀਆਂ ਹਰਕਤਾਂ ’ਤੇ ਸਿੱਖ ਵਿਦਵਾਨ ਤੇ ਆਗੂ ਪਹਿਲੋਂ ਹੀ ਪਰੇਸ਼ਾਨ ਸਨ। ਪਰ 25 ਜਨਵਰੀ ਤੋ 28 ਮਾਰਚ ਤਕ ਤਾਂ ਉਸ ਨੇ ਅਕਾਲ ਤਖ਼ਤ ਸਾਹਿਬ ਨੂੰ ਆਪਣੀ ਰਿਆਸਤ ਸਮਝ ਕੇ ਪਾਗਲਾਂ ਵਾਂਗ ਵਰਤਾਉ ਕੀਤਾ ਸੀ। *(ਸਿਮਰਨਜੀਤ ਸਿੰਘ ਮਾਨ ਨੇ ਤਾਂ ਭਾਈ ਰਣਜੀਤ ਸਿੰਘ ’ਤੇ ਵੀ ਰਾਸ਼ਟਰ ਸੋਇਮ ਸੇਵਕ ਸੰਘ ਨਾਲ ਸਬੰਧ ਰੱਖਣ ਦਾ ਇਲਜ਼ਾਮ ਲਾਇਆ ਸੀ)।*

ਦਰਅਸਲ ਇਨ੍ਹਾਂ ਮੁੱਖ ਸੇਵਾਦਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੀ ਅਕਾਲ ਤਖ਼ਤ ਸਾਹਿਬ ਦੇ ਫ਼ਲਸਫ਼ੇ ਤੋਂ ਬੇਸਮਝੀ ਹੋਣਾ, ਸੰਜੀਦਗੀ ਨਾ ਹੋਣਾ, ਅਕਾਲ ਤਖ਼ਤ ਸਾਹਿਬ ਤੇ ਇਸ ਦੇ ਮੁਖ ਸੇਵਾਦਾਰਾਂ ਨੂੰ ‘ਮੁੱਠ ਵਿਚ ਰੱਖਣ ਦੀ ਕੋਸ਼ਿਸ਼ ਕਰਨਾ ਤੇ ਇਸ ਦੇ ਨਾਲ ਹੀ ਸਿੱਖ ਵਿਦਵਾਨਾਂ ਵਲੋ ਕਬੂਤਰਾਂ ਵਾਂਗ ਇਸ ਬਾਰੇ ਅੱਖਾਂ ਮੀਟਣਾ ਇਸ ਜਮਾਤ ਦੀ ਬੇਹੁਰਮਤੀ ਕਰਵਾਉਣ ਵਾਸਤੇ ਜ਼ਿੰਮੇਦਾਰ ਹਨ।

ਇਸ ਸਾਰੇ ਕੁਝ ਦੀ ਸਮੁੱਚੀ ਜ਼ਿੰਮੇਦਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਲੀਡਰਸ਼ਿਪ ਦੇ ਸਿਰ ਮੰਨੀ ਜਾਵੇਗੀ ਕਿਉਂਕਿ ਇਹ ਦੋਵੇਂ ਜਮਾਤਾਂ ਆਪਣੇ ਆਪ ਨੂੰ ਸਮੁੱਚੇ ਪੰਥ ਦੀਆਂ ਵਾਹਿਦ ਜਥੇਬੰਦੀਆਂ ਮੰਨਦੀਆਂ ਹਨ। ਇਨ੍ਹਾਂ ਵਿਚੋਂ ਵੀ ਸ਼੍ਰੋਮਣੀ ਕਮੇਟੀ ’ਤੇ ਕਾਬਜ਼ ਅਕਾਲੀ ਦਲ ਹੀ ਇਕੋ-ਇਕ ਜ਼ਿੰਮੇਦਾਰ ਮੰਨਿਆ ਜਾਵੇਗਾ ਕਿਉਂਕਿ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਤੇ ਇਸ ਜਮਾਤ ਦੀ ਹਰ ਕਾਰਵਾਈ ਕਾਬਜ਼ ਅਕਾਲੀ ਦਲ ਦੀ ਮਰਜ਼ੀ ਮੁਤਾਬਿਕ ਹੀ ਚਲਾਈ ਜਾਂਦੀ ਹੈ। ਜਿਥੋਂ ਤਕ ਬਾਦਲ ਦਲ ਦਾ ਸਵਾਲ ਹੈ ਇਸ ਦੀ ਸਮੁੱਚੀ ਤਾਕਤ ਅਤੇ ਫ਼ੈਸਲਾ ਕਰਨ ਦੇ ਸਾਰੇ ਅਖ਼ਤਿਆਰ ਪ੍ਰਕਾਸ਼ ਸਿੰਘ ਬਾਦਲ ਕੋਲ ਹੁੰਦੇ ਹਨ ਇਸ ਕਰ ਕੇ ਅਕਾਲ ਤਖ਼ਤ ਸਾਹਿਬ ਦੀ ਬੇਹੁਰਮਤੀ ਕਰਨ ਦੀ ਕੋਸ਼ਿਸ਼ ਦਾ ਪੂਰਾ ਜ਼ਿੰਮੇਦਾਰ ਬਣਦਾ ਹੈ।

ਅਕਾਲੀ ਦਲ ਅਕਾਲ ਤਖ਼ਤ ਸਾਹਿਬ ਦੀ ਹਸਤੀ ਦਾ ਅਲੰਬਰਦਾਰ ਤੇ ਮੁਹਾਫ਼ਿਜ਼

ਅਖ਼ਵਾਉਂਦਾ ਹੈ। ਪ੍ਰਕਾਸ਼ ਸਿੰਘ ਬਾਦਲ ਦੇ ਅਹਿਦ ਵਿਚ ਉਸ ਦੇ ਅਕਾਲੀ ਦਲ ਨੇ ਹੀ ਇਸ ਜਮਾਤ ਦੀ ਸਭ ਤੋਂ ਵਧ ਬੇਹੁਰਮਤੀ ਕੀਤੀ। 1979 ਵਿਚ ਪਹਿਲਾਂ ਉਸ ਨੇ ਅਕਾਲ ਤਖ਼ਤ ਤੇ ਬਤੌਰ ਚੀਫ਼ ਮਨਿਸਟਰ ਪੇਸ਼ ਨਾ ਹੋਣ ਦੀ ਜ਼ਿਦ ਕੀਤੀ; 1994-95 ਵਿਚ ਉਸ ਨੇ ਮਨਜੀਤ ਸਿੰਘ ਵਲੋਂ ਏਕਤਾ ਵਾਸਤੇ ਤਰਲਾ ਲੈਣ ਦੇ ਬਾਵਜੂਦ ਅੜੀ ਦਿਖਾਈ; 1999 ਵਿਚ ਭਾਈ ਰਣਜੀਤ ਸਿੰਘ ਵੱਲੋਂ (15 ਅਪ੍ਰੈਲ 1999 ਤਕ) ਟੌਹੜਾ ਦੇ ਖ਼ਿਲਾਫ਼ ਐਕਸ਼ਨ ਨਾ ਲੈਣ ਦੇ 'ਹੁਕਮਨਾਮੇ' ਦੀ ਅਦੂਲੀ ਕੀਤੀ ਤੇ ਫਿਰ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੀ ਸੇਵਾ ਤੋਂ ਹਟਾਇਆ, ਪੂਰਨ ਸਿੰਘ ਤੇ ਜਗੀਰ ਕੌਰ ਹੱਥੋਂ ਤਖ਼ਤ ਸਾਹਿਬ ਦੀ ਤੌਹੀਨ ਕਰਵਾਈ; ਪੂਰਨ ਸਿੰਘ ਨੂੰ ਫ਼ਾਰਿਗ ਕਰਵਾਇਆ ਤੇ ਕਈ ਹੋਰ ਮੌਕਿਆਂ 'ਤੇ ਤਖ਼ਤ ਸਾਹਿਬ ਦਾ ਅਦਬ ਘਟਾਉਣ ਦੀ ਕੋਸ਼ਿਸ਼ ਕੀਤੀ। ਫਿਰ ਜੋਗਿੰਦਰ ਸਿੰਘ ਵੇਦਾਂਤੀ ਨੂੰ ਤਾਂ ਉਸ ਨੇ ਆਪਣੀ ਰਖੈਲ ਵਾਂਗ ਵਰਤਿਆ। ਉਸ ਦੇ ਹੁੰਦਿਆਂ ਅਕਾਲੀ ਦਲ ਅਕਾਲ ਤਖ਼ਤ ਸਾਹਿਬ ਦਾ ਮੁਹਾਫ਼ਿਜ਼ ਨਹੀਂ ਬਲਕਿ ਗੁਨਾਹਗਾਰ ਬਣ ਗਿਆ।

ਜਾਗੀਰ ਕੌਰ ਦੀ ਕੁੜੀ ਦੀ 'ਮੌਤ'

ਸ਼੍ਰੋਮਣੀ ਕਮੇਟੀ ਦੀ ਬਾਦਲ ਵਲੋਂ ਬਣਾਈ ਪ੍ਰਧਾਨ ਜਾਗੀਰ ਕੌਰ ਜਦੋਂ ਪੂਰਨ ਸਿੰਘ ਨਾਲ ਦੋ-ਹੱਥ ਕਰ ਰਹੀ ਸੀ ਤਾਂ ਉਸ ਦੀ ਵੱਡੀ ਧੀ ਹਰਪ੍ਰੀਤ ਆਪਣੇ ਪ੍ਰੇਮੀ ਕਮਲਜੀਤ ਨਾਲ ਪਿਆਰ-ਪੀਂਘਾਂ ਚੜ੍ਹਾ ਰਹੀ ਸੀ। ਇਸ ਇਸ਼ਕ ਵਿਚ ਹਰਪ੍ਰੀਤ ਹਾਮਲਾ (ਗਰਭਵਤੀ) ਹੋ ਗਈ। ਜਾਗੀਰ ਕੌਰ ਨੂੰ ਜਦੋਂ ਇਸ ਬਾਰੇ ਪਤਾ ਲਗਾ ਤਾਂ ਉਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਹੁਣ ਉਸ ਨੇ ਇਸ ਮੁਸੀਬਤ ਤੋਂ ਵੀ ਛੁਟਕਾਰਾ ਹਾਸਿਲ ਕਰਨ ਵਾਸਤੇ ਸੋਚਣਾ ਸ਼ੁਰੂ ਕਰ ਦਿਤਾ। ਪੂਰਨ ਸਿੰਘ ਨੂੰ ਫ਼ਾਰਿਗ ਕਰਨ ਮਗਰੋਂ ਹੁਣ ਜਾਗੀਰ ਕੌਰ ਨੇ ਧੀ ਹਰਪ੍ਰੀਤ ਦਾ ਹੱਲ ਕਢਣਾ ਚਾਹਿਆ। 21 ਅਪਰੈਲ 2000 ਦੇ ਦਿਨ ਅਚਾਨਕ ਹਰਪ੍ਰੀਤ ਦੇ 'ਉਲਟੀ ਆਉਣ ਨਾਲ ਮੌਤ' ਦੀ ਖ਼ਬਰ ਆ ਗਈ (ਉਹ 20-21 ਦੀ ਰਾਤ ਨੂੰ ਮਰ ਚੁਕੀ ਸੀ)। ਇਸ ਦੇ ਕੁਝ ਘੰਟਿਆਂ ਵਿਚ ਹੀ ਕੁੜੀ ਦਾ ਬਿਨਾਂ ਪੋਸਟ ਮਾਰਟਮ ਸਸਕਾਰ ਕਰ ਕੇ ਅੰਗੀਠੇ ਨੂੰ ਜਲ ਪ੍ਰਵਾਹ ਕਰ ਦਿੱਤਾ ਗਿਆ। ਬਾਦਲ ਆਪਣੇ ਸਾਰੇ ਕੰਮ ਛੱਡ ਕੇ ਇਸ ਸਾਰੇ ਮੌਕੇ 'ਤੇ ਆਪ ਹਾਜ਼ਿਰ ਰਿਹਾ। ਮਗਰੋਂ ਹਰਪ੍ਰੀਤ ਦੇ ਆਸ਼ਕ (ਪਤੀ ?) ਕਮਲਜੀਤ ਨੇ ਪ੍ਰੈੱਸ ਅਤੇ ਅਦਾਲਤ ਵਿਚ ਦਾਅਵਾ ਕੀਤਾ ਕਿ ਹਰਪ੍ਰੀਤ ਨੂੰ ਬੀਬੀ ਨੇ ਕਤਲ ਕੀਤਾ/ਕਰਵਾਇਆ ਸੀ। ਕੁਝ ਸੋਮਿਆਂ ਮੁਤਾਬਿਕ ਹਰਪ੍ਰੀਤ ਅਬਾਰਸ਼ਨ ਵੇਲੇ ਵਧੇਰੇ ਖ਼ੂਨ ਵਗ ਜਾਣ ਕਰ ਕੇ ਮਰ ਗਈ ਸੀ। ਆਪਣੀ ਧੀ ਦਾ ਖ਼ਿਆਲ ਨਾ ਰੱਖ ਸਕਣ ਦੀ ਜ਼ਿੰਮੇਦਾਰੀ ਬੀਬੀ 'ਤੇ ਹੈ। ਜੋ ਔਰਤ ਆਪਣੀ ਉਸ ਧੀ, ਜਿਸ ਨੇ ਖੰਡੇ ਦੀ ਪਾਹੁਲ ਲਈ ਹੋਈ ਸੀ, ਨੂੰ ਗੁਰਮਤਿ ਨਾ ਸਿਖਾ ਸਕੀ ਅਤੇ ਇਕ ਮੋਨੇ ਨਾਲ ਇਸ਼ਕ ਕਰਨੋਂ ਨਹੀਂ ਰੋਕ ਸਕੀ, ਉਹ ਕੌਮ ਦੇ ਏਡੇ ਵੱਡੇ ਅਦਾਰੇ ਦਾ ਮੁਖੀ ਬਣਨ ਦੇ ਕਾਬਿਲ ਕਿਵੇਂ ਹੋ ਸਕਦੀ ਹੈ? ਇਹ ਵੀ ਚਰਚਾ ਸੀ ਕਿ ਜਾਗੀਰ ਕੌਰ ਦਾ ਆਪਣਾ ਜੀਵਨ-ਜਾਚ ਉਸ ਦੀ ਧੀ ਨੂੰ ਇਸ ਪਾਸੇ ਵੱਲ ਲੈ ਗਿਆ ਸੀ। ਬੀਬੀ ਦੀ ਇਸ ਹਾਲਤ ਦਾ ਨਤੀਜਾ ਇਹ ਹੋਇਆ ਕਿ ਪੰਚਾਇਤੀ ਚੋਣਾਂ ਵਿਚ ਬੀਬੀ ਦੇ ਹਲਕੇ ਦੀਆਂ ਤਕਰੀਬਨ ਸਾਰੀਆਂ ਪੰਚਾਇਤਾਂ ਵਿਚੋਂ ਅਕਾਲੀ ਦਲ (ਬਾਦਲ) ਦਾ ਸਫ਼ਾਇਆ ਹੋ ਗਿਆ।

ਜਾਗੀਰ ਕੌਰ ਦੀ ਕੁੜੀ ਦੀ ਮੌਤ ਨੂੰ ਕਤਲ ਕਰਾਰ ਦੇ ਕੇ ਜਾਗੀਰ ਕੌਰ 'ਤੇ ਮੁਕੱਦਮਾ ਚਲਾਉਣ ਵਾਸਤੇ ਬਹੁਤ ਆਵਾਜ਼ਾਂ ਉੱਠੀਆਂ। ਬਾਦਲ ਨੇ ਕੇਸ ਚਲਾਉਣ ਤੋਂ ਨਾਂਹ ਕਰ ਦਿੱਤੀ।

ਹਾਈ ਕੋਰਟ ਦੇ ਦਖ਼ਲ ਮਗਰੋਂ ਮਾਮਲਾ ਸੀ.ਬੀ.ਆਈ. ਦੇ ਹਵਾਲੇ ਕਰ ਦਿੱਤਾ ਗਿਆ। ਇਸ ਦੀ ਰਿਪੋਰਟ ਆਉਣ 'ਤੇ ਜਾਗੀਰ ਕੌਰ 'ਤੇ ਕੇਸ ਚਲਾਇਆ ਗਿਆ। ਜਾਗੀਰ ਕੌਰ ਨੇ ਅਗਾਊਂ ਜ਼ਮਾਨਤ ਕਰਵਾ ਲਈ। ਇਸ ਕਰ ਕੇ ਨਵੰਬਰ 2000 ਦੀ ਚੋਣ ਵਿਚ ਬਾਦਲ ਨੇ ਜਾਗੀਰ ਕੌਰ ਨੂੰ ਸ਼੍ਰੋਮਣੀ ਕਮਟੀ ਦਾ ਪ੍ਰਧਾਨ ਬਣਾਉਣ ਤੋਂ ਗੁਰੇਜ਼ ਕੀਤਾ (ਪਰ 23 ਸਤੰਬਰ 2003 ਨੂੰ ਉਸ ਨੂੰ ਫਿਰ ਪ੍ਰਧਾਨ ਬਣਾ ਦਿੱਤਾ। ਉਹ ਸਿਰਫ਼ ਇਕ ਸਾਲ ਹੀ ਪ੍ਰਧਾਨ ਰਹਿ ਸਕੀ ਤੇ ਉਸ ਦੀ ਥਾਂ 'ਤੇ ਕ੍ਰਿਪਾਲ ਸਿੰਘ ਬਡੂੰਗਰ ਦੋਬਾਰਾ ਆ ਗਿਆ ਜਿਸ ਨੂੰ ਸੱਤ ਮਹੀਨੇ ਮਗਰੋਂ ਪ੍ਰਧਾਨਗੀ ਟੌਹੜੇ ਨੂੰ ਸੌਂਪਣੀ ਪਈ)। *(ਮਗਰੋਂ 30 ਮਾਰਚ 2012 ਦੇ ਦਿਨ ਇਸ ਕੇਸ ਵਿਚ ਜਗੀਰ ਕੌਰ ਤੇ ਉਸ ਦੇ ਚਾਰ ਸਾਥੀਆਂ ਨੂੰ 5-5 ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ। ਉਹ ਜਗੀਰ ਕੌਰ 7 ਮਹੀਨੇ 'ਕੈਦ' ਰਹਿਣ ਮਗਰੋਂ, ਹਾਈ ਕੋਰਟ ਵਿਚ ਅਪੀਲ ਦਾਇਰ ਕਰਨ ਮਗਰੋਂ 2 ਨਵੰਬਰ 2012 ਦੇ ਦਿਨ ਜ਼ਮਾਨਤ 'ਤੇ ਰਿਹਾ ਹੋ ਗਈ)।*

ਰਵੀਇੰਦਰ ਸਿੰਘ ਦਾ ਬਾਦਲ ਨੂੰ ਛੱਡਣਾ

ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੀ ਜ਼ਬਰਦਸਤ ਹਾਰ ਮਗਰੋਂ ਬਾਦਲ ਨੇ ਕੰਧ 'ਤੇ ਲਿਖਿਆ ਪੜ੍ਹਨ ਦੀ ਬਜਾਇ ਹੋਰ ਬਦਲਾ-ਲਊ ਸੋਚ ਅਪਣਾ ਲਈ। ਬਾਦਲ ਧੜੇ ਦੀ ਸਿਆਸੀ ਮਾਮਲਿਆਂ ਦੀ ਕਮੇਟੀ, ਜਿਸ ਵਿਚ ਸਪੀਕਰ ਚਰਨਜੀਤ ਸਿੰਘ ਵੀ ਸ਼ਾਮਿਲ ਸੀ, ਨੇ ਫ਼ੈਸਲਾ ਕੀਤਾ ਕਿ ਦਲ ਬਦਲੀ ਕਾਨੂੰਨ ਦੇ ਬਹਾਨੇ ਨਾਲ ਜਥੇ: ਟੋਹੜਾ ਦੇ ਹਿਮਾਇਤੀ 12 ਐਮ.ਐਲ.ਏਜ਼ ਦੀ ਅਸੈਂਬਲੀ ਦੀ ਮੈਂਬਰੀ ਖ਼ਤਮ ਕੀਤੀ ਜਾਵੇ। ਇੱਤਫ਼ਾਕਨ ਇਸ ਮੀਟਿੰਗ ਵਿਚ ਸਾਬਕਾ ਸਪੀਕਰ ਰਵੀਇੰਦਰ ਸਿੰਘ ਵੀ ਬੈਠਾ ਸੀ। ਮਗਰੋਂ, ਜਦੋਂ ਇਨ੍ਹਾਂ ਮੈਂਬਰਾਂ ਨੂੰ ਕਾਰਨ ਦਸੋ ਨੋਟਿਸ ਜਾਰੀ ਕੀਤੇ ਗਏ ਤਾਂ ਰਵੀਇੰਦਰ ਸਿੰਘ ਨੇ ਇਹ ਰਾਜ਼ ਖੋਲ੍ਹਿਆ, ਜਿਸ ਨਾਲ ਸਪੀਕਰ ਦੀ ਇਸ ਸਾਜ਼ਿਸ਼ ਵਿਚ ਭਾਈਵਾਲੀ ਸਾਬਿਤ ਹੋਣੀ ਸੌਖੀ ਹੋ ਗਈ। ਲਿਹਾਜ਼ਾ ਸਪੀਕਰ ਨੇ ਇਨ੍ਹਾਂ ਐਮ.ਐਲ.ਏਜ਼. ਨੂੰ ਕਈ ਵਾਰ ਤਲਬ ਕੀਤਾ ਤੇ ਹਰ ਵਾਰ ਇਸ ਦਾ ਫ਼ੈਸਲਾ ਮੁਲਤਵੀ ਕਰ ਦਿੱਤਾ। (ਜੁਲਾਈ 2000 ਦੇ ਆਖ਼ਰੀ ਹਫ਼ਤੇ ਇਨ੍ਹਾਂ 13 ਵਿਚੋਂ ਇਕ ਮੈਂਬਰ ਗੁਰਦੇਵ ਸਿੰਘ ਸ਼ੁਤਰਾਣਾ ਬਾਦਲ ਦੇ ਖੇਮੇ ਵਿਚ ਵਾਪਿਸ ਚਲਾ ਗਿਆ)।

ਇਸ ਤੋਂ ਕੁਝ ਚਿਰ ਮਗਰੋਂ, ਮਈ 2000 ਵਿਚ, ਰਵੀਇੰਦਰ ਸਿੰਘ ਵੀ ਟੌਹੜਾ ਨਾਲ ਰਲ ਗਿਆ। ਇਸ ਹਾਲਤ ਵਿਚ ਬਾਦਲ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਬਾਦਲ ਨੇ ਆਪਣੇ ਐਮ.ਐਲ.ਏਜ਼ ਵਿਚੋਂ 45 ਨੂੰ ਵਜ਼ੀਰ ਬਣਾ ਲਿਆ ਅਤੇ ਬਾਕੀਆਂ ਨੂੰ ਕਾਰਪੋਰੇਸ਼ਨਜ਼ ਵ਼ਗੈਰਾ ਦੇ ਚੇਅਰਮੈਨ ਬਣਾ ਦਿਤਾ ਜਾਂ ਹੋਰ ਅਹੁਦੇ ਜਾਂ ਲਾਲਚ ਦਿਤੇ। ਇਹ ਵੀ ਚਰਚਾ ਚਲਿਆ ਕਿ ਕਈ ਐਮ.ਐਲ.ਏਜ਼ ਨੇ ਇਕ-ਇਕ ਕਰੋੜ ਰੁਪਿਆ ਲਿਆ ਸੀ।

ਬਾਦਲ ਨੂੰ ਐਮ.ਐਲ.ਏਜ਼. ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਖ਼ੁਸ਼ ਕਰਨ ਵਾਸਤੇ ਰਕਮਾਂ, ਅਹੁਦੇ, ਵਜ਼ਾਰਤਾਂ, ਚੇਅਰਮੈਨਸ਼ਿਪਜ਼ ਅਤੇ ਹੋਰ ਕਈ ਕੁਝ ਤਾਂ ਦੇਣਾ ਹੀ ਪਿਆ ਪਰ ਨਾਲ ਹੀ ਭਾਰਤੀ ਜਨਤਾ ਪਾਰਟੀ ਦੇ ਰਹਿਮੋ-ਕਰਮ ਨੂੰ ਹਾਸਿਲ ਕਰਨ ਵਾਸਤੇ ਉਸ ਨੂੰ ਵੱਡਾ ਗ਼ੱਫ਼ਾ ਦੇਣਾ ਪਿਆ। ਭਾਜਪਾ ਨੇ ਸਾਰੇ ਵੱਡੇ ਸ਼ਹਿਰਾਂ ਦੇ ਇੰਮਪਰੂਵਮੈਂਟ ਟਰਸਟਾਂ ਦੀ ਚੇਅਰਮੈਨਸ਼ਿਪਜ਼ (ਸਣੇ ਸਿੱਖ-ਨਗਰ ਅੰਮ੍ਰਿਤਸਰ) ਵੀ ਲੈ ਲਈਆਂ, ਚੰਗੀਆਂ ਵਜ਼ਾਰਤਾਂ ਵੀ ਅਤੇ ਹੋਰ ਕਈ ਕੁਝ ਵੀ। ਇਸ ਦੇ ਬਾਵਜੂਦ ਭਾਜਪਾ ਆਗੂ ਹਰ ਰੋਜ਼ ਦਬਕੇ ਮਾਰਦੇ ਰਹੇ। ਹੋਰ ਤਾਂ ਹੋਰ ਮਗਰੋਂ ਜਦੋ ਰਿਣਵਾ ਪੰਜਾਬ

ਭਾਜਪਾ ਦਾ ਪ੍ਰਧਾਨ ਬਣਿਆ ਤਾਂ ਉਸ ਨੇ ਹਰ ਰੋਜ਼ ਨਵਾਂ ਬਿਆਨ ਬਾਦਲ ਦੇ ਖ਼ਿਲਾਫ਼ ਦਾਗਿਆ।

ਲੋਕ ਸਭਾ ਚੋਣਾਂ ਬੁਰੀ ਤਰ੍ਹਾਂ ਹਾਰਨ ਮਗਰੋਂ ਬਾਦਲ ਕੋਲ ਵਾਜਪਾਈ ’ਤੇ ਦਬਾਅ ਪਾਉਣ ਵਾਸਤੇ ਕੁਝ ਨਹੀਂ ਸੀ ਬਚਿਆ ਪਰ ਉਂਞ ਤਾਂ ਪਹਿਲਾਂ ਵੀ ਜਦੋਂ ਅਕਾਲੀ ਦਲ ਦੇ 10 ਐਮ.ਪੀ. ਸਨ ਤਾਂ ਵੀ ਬਾਦਲ ਭਾਜਪਾ ਤੋਂ ਪੰਜਾਬ ਦੀ ਇਕ ਮੰਗ ਵੀ ਨਾ ਮੰਨਵਾ ਸਕਿਆ। ਉਲਟਾ ਭਾਜਪਾ ਵਾਲੇ ਹਰਿਆਣੇ ਦੇ ਹੱਕ ਵਿਚ ਸ਼ਰੇਆਮ ਬਿਆਨ ਦੇਂਦੇ ਰਹੇ।

ਉਨ੍ਹਾਂ ਪੋਣੇ ਦੋ ਸਾਲਾਂ (ਨਵੰਬਰ 1998 ਤੋਂ ਜੁਲਾਈ 2000) ਵਿਚ ਟੌਹੜਾ ਨੇ ਤਾਂ ਸਿਰਫ਼ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਹੀ ਗੁਆਈ ਸੀ ਪਰ ਬਾਦਲ ਨੇ ਤਾਂ ਅੱਠ ਐਮ.ਪੀ., 13 ਐਮ.ਐਲ.ਏ. ਕਰੋੜਾਂ-ਅਰਬਾਂ ਰੁਪੈ, ਪੁੱਤਰ ਦੀ ਇਜ਼ਤ, ਵਧੀਆ ਦੋਸਤ, ਰੂਹ ਦਾ ਸਕੂਨ, ਅਕਾਲੀ ਦਲ ਦੀ ਸ਼ਾਨ, ਪਾਰਟੀ ਦਾ ਭਵਿੱਖ ਤੇ ਹੋਰ ਕਈ ਕੁਝ ਦਾਅ ਤੇ ਲਾਇਆ। ਉਂਞ ਅਕਾਲੀਆਂ ਨੇ ਆਪਸ ਵਿਚ ਲੜ ਕੇ ਕਈ ਵਾਰ ਆਲਮੇ-ਖੁਦਕੁਸ਼ੀ ਨੂੰ ਮਾਣਿਆ ਹੈ!

ਤਲਵੰਡੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਿਆ

ਨਵੰਬਰ 2000 ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਹੋਣੀ ਸੀ। ਟੌਹੜਾ ਧੜੇ ਕੋਲ ਚੋਣ ਜਿੱਤਣ ਵਾਸਤੇ ਕਾਫ਼ੀ ਮੈਂਬਰ ਨਹੀਂ ਸਨ। ਉਸ ਨੇ ਚਾਲਾਕੀ ਵਰਤਦਿਆਂ ਚੋਣ ਵੇਲੇ ਜਗਦੇਵ ਸਿੰਘ ਤਲਵੰਡੀ ਦਾ ਨਾਂ ਪੇਸ਼ ਕਰਨ ਦੀ ਪਲਾਨਿੰਗ ਬਣਾ ਲਈ। ਇਹ ਪਲਾਨਿੰਗ ਬਾਦਲ ਨੂੰ ਪਤਾ ਲਗ ਗਈ ਤੇ ਉਸ ਨੇ ਚੋਣ ਵਾਲੀ ਰਾਤ ਤਲਵੰਡੀ ਨੂੰ ਆਪਣੇ ਵੱਲੋਂ ਪ੍ਰਧਾਨਗੀ ਦਾ ਉਮੀਦਵਾਰ ਬਣਾ ਦਿੱਤਾ। ਤਲਵੰਡੀ ਨੇ ਪ੍ਰਧਾਨ ਬਣਦਿਆਂ ਹੀ ਬੀਬੀ ਜਾਗੀਰ ਕੌਰ ਦੇ ਵਿਰੋਧੀ ਪੂਰਨ ਸਿੰਘ ਨੂੰ ਦਰਬਾਰ ਸਾਹਿਬ ਦਾ ਹੈੱਡ ਗ੍ਰੰਥੀ ਲਾ ਦਿੱਤਾ। ਪਰ ਤਲਵੰਡੀ ਛੇਤੀ ਹੀ ਬਾਦਲ ਦੇ ਆਖੇ ਲੱਗਣ ਲੱਗ ਪਿਆ ਕਿਉਂਕਿ ਉਸ ਦੇ ਪੁੱਤਰ ’ਤੇ ਅਜੇ ਕਤਲ ਦਾ ਕੇਸ ਚਲ ਰਿਹਾ ਸੀ। ਤਲਵੰਡੀ ਸ਼੍ਰੋਮਣੀ ਕਮੇਟੀ ਫ਼ੰਡਾਂ ਵਿਚ ਬਾਦਲ ਦਾ ਦਖ਼ਲ ਚੁਪਚਾਪ ਮੰਨਦਾ ਰਿਹਾ। 27 ਮਈ 2001 ਨੂੰ ਟੌਹੜਾ ਨੇ ਇਲਜ਼ਾਮ ਲਾਇਆ ਕਿ ਤਲਵੰਡੀ ਨੇ ਸ਼੍ਰੋਮਣੀ ਕਮੇਟੀ ਫ਼ੰਡਾਂ ਵਿਚੋਂ 22 ਲੱਖ ਰੁਪੈ ਬਾਦਲ ਨੂੰ ਦਿੱਤੇ ਸਨ। ਤਲਵੰਡੀ ਦੀ ਪ੍ਰਧਾਨਗੀ ਸਿਰਫ਼ ਇਕ ਸਾਲ ਹੀ ਰਹੀ। *(ਮਗਰੋਂ, 2002 ਦੀਆਂ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਿਚ ਉਸ ਨੇ ਅੰਦਰੋਂ-ਅੰਦਰੀਂ ਟੌਹੜੇ ਦੀ ਮਦਦ ਕੀਤੀ ਸੀ; ਇਸ ਕਰ ਕੇ ਬਾਦਲ ਨੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵੇਲੇ ‘ਬਡੂੰਗਰ ਨੂੰ ਵੋਟ ਨਾ ਦੇਣ’ ਦਾ ਬਹਾਨਾ ਬਣਾ ਕੇ ਉਸ ਨੂੰ ਪਾਰਟੀ ਵਿਚੋਂ ਕੱਢ ਦਿੱਤਾ)।*

ਆਰ.ਐਸ.ਐਸ. ਦੇ ਸਿੱਖੀ ’ਤੇ ਹਮਲੇ

ਬਾਦਲ ਦੀ ਹਕੂਮਤ ਵਿਚ ਭਾਜਪਾ ਅਤੇ ਰਾਸ਼ਟਰ ਸੋਇਮ ਸੇਵਕ ਸੰਘ (ਆਰ.ਐਸ.ਐਸ.) ਅਤੇ ਇਸ ਦੀ ਪਗੜੀਧਾਰੀ ਜਮਾਤ ਰਾਸ਼ਟਰੀ ਸਿੱਖ ਸੰਗਤ ਨੇ ਸਿੱਖ ਧਰਮ ਦੇ ਖ਼ਿਲਾਫ਼ ਬੇਹਿਸਾਬ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਦਸੰਬਰ 2000 ਵਿਚ ਤਾਂ ਭਾਜਪਾ, ਆਰ.ਐਸ.ਐਸ. ਅਤੇ ਇਨ੍ਹਾਂ ਦੀਆਂ ਨਾਂ ਬਦਲ ਕੇ ਬਣਾਈਆਂ ਜਮਾਤਾਂ (ਬਜਰੰਗ ਬ੍ਰਿਗੇਡ, ਵਿਸ਼ਵ ਹਿੰਦੂ ਪ੍ਰੀਸ਼ਦ, ਸ਼ਿਵ ਸੈਨਾ ਵਗ਼ੈਰਾ) ਨੇ ਐਲਾਨੀਆ ਕਿਹਾ ਕਿ ਅਸੀਂ ਮੰਦਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਾਂਗੇ ਤੇ ਗੁਰਪੁਰਬ ਮਨਾਵਾਂਗੇ (ਯਾਨਿ ਸਿੱਖਾਂ ਕੋਲੋਂ ਮਸਨੂਹੀ ਹਿੰਦੂ ਬੁੱਤਾਂ ਦੀ ਪੂਜਾ ਵੀ ਕਰਵਾਵਾਂਗੇ)। ਬਾਦਲ ਦੇ ਵਜ਼ੀਰ ਬਲਰਾਮਜੀ ਦਾਸ ਟੰਡਨ ਨੇ ਤਾਂ (ਅਜੀਤ 1 ਜਨਵਰੀ

2001) ਇੱਥੋਂ ਤਕ ਕਿਹਾ ਕਿ ਪਹਿਲਾਂ ਸਾਰੇ ਸਿੱਖ ਧਰਮ ਸਥਾਨਾਂ ਵਿਚ ਰਾਮਾਇਣ ਦਾ ਪਾਠ ਹੋਇਆ ਕਰਦਾ ਸੀ। ਇਸ ਬਿਆਨ ਦੀ ਸਿੱਖਾਂ ਨੇ ਖ਼ੂਬ ਨਿੰਦਾ ਕੀਤੀ (ਪਰ ਆਰ.ਐਸ.ਐਸ. ਨਾਲ ਹੋਏ ਖ਼ੁਫ਼ੀਆ ਸਮਝੌਤੇ ਕਾਰਨ ਬਾਦਲ ਬਿਲਕੁਲ ਚੁਪ ਰਿਹਾ)। ਅਖ਼ੀਰ ਅਗਲੇ ਦਿਨ ਹੀ ਹਿੰਦੂਆਂ ਨੇ ਮੰਦਰਾਂ ਵਿਚ ਗੁਰਪੁਰਬ ਮਨਾਉਣ ਦੀ ਗੱਲ 'ਮੁਲਤਵੀ' ਕਰ ਦਿੱਤੀ (ਖ਼ਤਮ ਨਹੀਂ ਕੀਤੀ)। ਇਸ ਮੌਕੇ 'ਤੇ ਸਿਮਰਨਜੀਤ ਸਿੰਘ ਮਾਨ ਅਤੇ ਜਗਦੇਵ ਸਿੰਘ ਤਲਵੰਡੀ ਨੇ ਫ਼ਿਰਕੂ ਹਿੰਦੂਆਂ ਦੇ ਖ਼ਿਲਾਫ਼ ਆਵਾਜ਼ ਜ਼ਰੂਰ ਉਠਾਈ ਪਰ ਬਾਦਲ ਦੇ ਸਾਥੀ ਚੁਪ ਰਹੇ। ਪ੍ਰੋ: ਦਰਸ਼ਨ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ 'ਆਰ.ਐਸ.ਐਸ. ਨੇ ਹਿੰਦੂਇਜ਼ਮ ਦੀ ਨੁਹਾਰ ਰੱਖਣ ਵਾਲੀਆਂ ਕੁਝ ਰਚਨਾਵਾਂ ਨੂੰ ਸਿੱਖੀ ਵਿਚ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ।' ਉਨ੍ਹਾਂ ਦਾ ਇਸ਼ਾਰਾ ਅਖੌਤੀ ਦਸਮ ਗ੍ਰੰਥ ਵੱਲ ਸੀ। ਮਾਨ ਤੇ ਪ੍ਰੋ: ਦਰਸ਼ਨ ਸਿੰਘ ਤੋਂ ਮਗਰੋਂ ਮਜਬੂਰਨ ਵੇਦਾਂਤੀ ਨੂੰ ਵੀ ਬੋਲਣਾ ਪਿਆ ਤੇ ਉਸ ਨੇ ਵੀ ਨਰਮ ਲਫ਼ਜ਼ਾਂ ਵਿਚ (ਬਾਦਲ ਤੋਂ ਡਰਦਿਆਂ) ਆਰ.ਐਸ.ਐਸ. ਦੀ ਨਿੰਦਾ ਕੀਤੀ।

ਮੌਕੇ ਦਾ ਫ਼ਾਇਦਾ ਉਠਾਉਂਦਿਆਂ 14 ਜਨਵਰੀ 2001 ਨੂੰ ਬੂਟਾ ਸਿੰਘ ਨੇ ਕਿਹਾ ਕਿ ਆਰ.ਐਸ.ਐਸ. ਪੰਜਾਬ ਦੇ ਅਮਨ ਨੂੰ ਅੱਗ ਲਾਉਣ ਵਾਸਤੇ ਸੁਚੇਤ ਕੋਸ਼ਿਸ਼ਾਂ ਕਰ ਰਹੀ ਹੈ। ਇਸ 'ਤੇ ਬਾਦਲ ਦੀ ਹਦਾਇਤ ਮੁਤਾਬਿਕ ਸੁਖਦੇਵ ਸਿੰਘ ਢੀਂਡਸਾ ਨੇ ਬਿਆਨ ਦਿੱਤਾ ਕਿ 'ਸਿੱਖ ਸੰਸਥਾਵਾਂ ਤੇ ਬੁੱਧੀਜੀਵੀ ਬੇਲੋੜੇ ਵਿਵਾਦ ਤੋਂ ਗੁਰੇਜ਼ ਕਰਨ।' ਅਖ਼ੀਰ ਸਿੱਖਾਂ ਵਿਚ ਬਾਦਲ ਦਲ ਤੇ ਆਰ.ਐਸ.ਐਸ. ਦੀ ਜੋੜੀ ਖ਼ਿਲਾਫ਼ ਆਵਾਜ਼ ਉੱਚੀ ਹੋਣ ਤੋਂ ਡਰ ਕੇ ਆਰ.ਐਸ.ਐਸ. ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਸਿੱਖ ਵੱਖਰਾ ਧਰਮ ਹੈ। 16 ਜਨਵਰੀ 2001 ਨੂੰ ਦਿੱਤੇ ਇਸ ਬਿਆਨ 'ਤੇ ਐਮ.ਜੀ.ਵੈਦਯ, ਸਤਯ ਨਾਰਾਇਣ ਬਾਂਸਲ ਤੇ ਆਰ.ਪੀ. ਸਿੰਘ ਦੇ ਦਸਤਖ਼ਤ ਸਨ।

ਆਰ.ਐਸ.ਐਸ ਤੇ ਹੋਰ ਦਹਿਸ਼ਤਗਰਦ ਤੇ ਫ਼ਿਰਕੂ ਹਿੰਦੂਆਂ ਦੀਆਂ ਕਾਰਵਾਈਆਂ ਫੇਰ ਵੀ ਚਲਦੀਆਂ ਰਹੀਆਂ। ਅਖ਼ੀਰ ਬਾਦਲ ਨੂੰ ਵੀ ਮਜਬੂਰੀ ਵਿਚ ਕਹਿਣਾ ਪਿਆ (ਅਜੀਤ 16 ਜੂਨ 2002) ਕਿ ਭਾਜਪਾ ਨੂੰ ਸਿੱਖਾਂ ਦੇ ਮਾਮਲਿਆਂ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।

ਇਸ ਦੇ ਬਾਵਜੂਦ ਭਾਜਪਾ, ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਵਾਲੇ ਸਿੱਖ ਧਰਮ 'ਤੇ ਹਮਲੇ ਕਰਦੇ ਰਹਿੰਦੇ ਸਨ। ਕਦੇ ਗਾਂ ਦੇ ਢਿੱਡ ਵਿਚ ਗੁਰੂ ਦਿਖਾ ਕੇ ਉਸ ਦੇ ਦੁੱਧ ਨੂੰ 'ਅੰਮ੍ਰਿਤ' ਕਹਿ ਦੇਣਾ; ਕਦੇ ਸਿੱਖ ਧਰਮ ਨੂੰ ਹਿੰਦੂ ਧਰਮ ਦਾ ਹਿਸਾ ਕਹਿ ਦੇਣਾ; ਕਦੇ ਗੁਰੂ ਗੋਬਿੰਦ ਸਿੰਘ ਸਹਿਬ ਨੂੰ ਸ਼ਿਵਾਜੀ ਜਾਂ ਬੁਜ਼ਦਿਲ ਤੇ ਫ਼ਿਰਕੂ ਲਾਲਾ ਲਾਜਪਤ ਨਾਲ ਮਿਲਾ ਦੇਣਾ; ਕਦੇ ਬੰਦਾ ਸਿੰਘ ਬਹਾਦਰ ਨੂੰ ਬੰਦਾ ਬੈਰਾਗੀ ਕਹਿ ਦੇਣਾ ਵਗ਼ੈਰਾ। 10 ਅਕਤੂਬਰ 2003 ਦੇ ਦਿਨ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਹਿਸ਼ਤਗਰਦ ਆਗੂ ਤੋਗੜੀਆ ਨੇ ਪੰਜਾਬ ਵਿਚ ਆ ਕੇ ਫਿਰ ਸਿੱਖਾਂ ਨੂੰ ਹਿੰਦੂ ਕਿਹਾ। ਇਸ ਵਾਰ ਤਾਂ ਟੌਹੜਾ, ਮਾਨ, ਮਨਜੀਤ ਸਿੰਘ ਕਲਕੱਤਾ, ਰਵੀਇੰਦਰ ਤੋਂ ਇਲਾਵਾ ਕਮਿਊਨਿਸਟ ਆਗੂ ਜੋਗਿੰਦਰ ਦਿਆਲ ਨੇ ਵੀ ਉਸ ਦੀ ਨਿੰਦਾ ਕਤੀ। ਪਹਿਲਾਂ ਤਾਂ ਬਾਦਲ ਚੁਪ ਰਿਹਾ ਪਰ ਇਕ ਅਖ਼ਬਾਰ ਨਵੀਸ ਨੇ ਉਸ ਤੋਂ ਵੀ ਤੋਗੜੀਆ ਦੇ ਖ਼ਿਲਾਫ਼ ਬੁਲਵਾ ਹੀ ਲਿਆ।

ਸਿੱਖਾਂ ਦੇ ਕਾਤਲ ਪੁਲਸੀਆਂ ਨੂੰ ਆਮ ਮੁਆਫ਼ੀ ਦੀ ਗੱਲ

19 ਅਗਸਤ 2001 ਦੇ ਦਿਨ ਸੈਂਟਰ ਵਿਚ ਭਾਜਪਾ ਦੇ ਵਜ਼ੀਰ ਲਾਲ ਕਿਸ਼ਨ ਅਡਵਾਨੀ ਨੇ ਇਕ ਬਿਆਨ ਵਿਚ ਕਿਹਾ ਕਿ "ਖਾੜਕੂਵਾਦ ਦੌਰਾਨ ਪੁਲਸੀਆਂ 'ਤੇ ਬਣੇ ਕੇਸਾਂ ਲਈ ਆਮ ਮੁਆਫ਼ੀ

ਵਿਚਾਰ ਅਧੀਨ ਹੈ।" 60 ਪੁਲਸੀਆਂ 'ਤੇ ਅਜਿਹੇ ਕੇਸ ਚਲ ਰਹੇ ਸਨ। ਅਡਵਾਨੀ ਦੇ ਇਸ ਬਿਆਨ ਦੀ ਸਿਮਰਨਜੀਤ ਸਿੰਘ ਮਾਨ ਤੇ ਹੋਰ ਸਿੱਖ ਆਗੂਆਂ ਨੇ ਭਰਪੂਰ ਨਿੰਦਾ ਕੀਤੀ ਤੇ ਖ਼ਤਰਨਾਕ ਨਤੀਜਿਆਂ ਦੀ ਵਾਰਨਿੰਗ ਦਿੱਤੀ ਪਰ ਬਾਦਲ ਨੇ ਇਕ ਲਫ਼ਜ਼ ਵੀ ਨਾ ਬੋਲਿਆ। ਇਹ ਵੀ ਚਰਚਾ ਸੀ ਕਿ ਇਸ ਵਿਚ ਬਾਦਲ ਦੀ ਰਜ਼ਾਮੰਦੀ ਵੀ ਸ਼ਾਮਿਲ ਸੀ। ਇਸ ਸਬੰਧ ਵਿਚ ਬਾਦਲ ਦੀ 23 ਅਗਸਤ ਨੂੰ ਵਾਜਪਾਈ ਤੇ ਅਡਵਾਨੀ ਨਾਲ ਮੀਟਿੰਗ ਵੀ ਹੋਈ।

ਬਾਦਲ ਨੇ ਰਾਮ ਸਿੰਘ ਕੂਕਾ ਨੂੰ 'ਸਤਿਗੁਰੂ' ਮੰਨਿਆ

ਇਨ੍ਹੀਂ ਦਿਨੀਂ ਹੀ ਬਾਦਲ ਨੇ ਨਾਮਧਾਰੀ ਰਾਮ ਸਿੰਘ ਨੂੰ 'ਗੁਰੂ' ਕਹਿ ਕੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ। ਉਸ ਦੇ ਨਾਂ 'ਤੇ ਗੁਰੂ ਨਾਨਕ ਯੂਨੀਵਰਸਿਟੀ ਵਿਚ ਚੇਅਰ ਕਾਇਮ ਕੀਤੀ (ਪਰ ਪ੍ਰੋਟੈਸਟ ਮਗਰੋਂ ਉਸ ਦਾ ਨਾਂ ਨਾਮਧਾਰੀ ਸਤਗੁਰੂ ਰਾਮ ਸਿੰਘ ਚੇਅਰ ਕਰ ਦਿੱਤਾ)। 29 ਜਨਵਰੀ ਨੂੰ ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਰਾਮ ਸਿੰਘ ਦੀ ਤਸਵੀਰ ਅਸੈਂਬਲੀ ਹਾਲ ਵਿਚ ਲਾਈ ਜਾਵੇਗੀ।

ਬਲਬੀਰ ਸਿੰਘ ਪੰਨੂ ਤੇ ਇਕ ਜਵਾਨ ਕੁੜੀ ਦੀ ਮੌਤ

16 ਫ਼ਰਵਰੀ 2001 ਦੇ ਦਿਨ ਪੰਜਾਬੋਂ ਬਾਹਰ ਦੌਰੇ 'ਤੇ ਨਿਕਲੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਬੀਰ ਸਿੰਘ ਪੰਨੂ ਦੀ ਇਕ ਹਾਦਸੇ ਵਿਚ ਮੌਤ ਹੋ ਗਈ। ਉਸ ਦੇ ਨਾਲ 18 ਸਾਲ ਦੀ ਕੁਆਰੀ ਕੁੜੀ ਨਿਰਮਲਜੀਤ ਕੌਰ 'ਨੀਤੂ' ਵੀ ਸੀ। ਉਸ ਦੀ ਕਾਰ ਵਿਚੋਂ ਸ਼ਰਾਬ ਦੀਆਂ ਬੋਤਲਾਂ ਵੀ ਫੜੀਆਂ ਗਈਆਂ ਸਨ। ਇਸ ਦੇ ਬਾਵਜੂਦ, ਉਸ ਦੇ ਸਸਕਾਰ 'ਤੇ ਬਾਦਲ, ਤਲਵੰਡੀ, ਜਾਗੀਰ ਕੌਰ, ਵੇਦਾਂਤੀ, ਮਨਜੀਤ ਸਿੰਘ, ਕੇਵਲ ਸਿੰਘ, ਭਗਵਾਨ ਸਿੰਘ, ਪੂਰਨ ਸਿੰਘ ਸਾਰੇ ਉਚੇਚ ਤੌਰ 'ਤੇ ਪੁੱਜੇ ਹੋਏ ਸਨ। ਫਿਰ ਇਹ ਵੀ ਕਮਾਲ ਕਿ ਉਸ ਦਾ ਭੋਗ ਸ਼੍ਰੋਮਣੀ ਕਮੇਟੀ ਨੇ ਆਪਣੇ ਖ਼ਰਚ 'ਤੇ ਪਾਇਆ। ਉਸ ਦਿਨ ਵੀ ਬਾਦਲ, ਤਲਵੰਡੀ, ਢੀਂਡਸਾ, ਕਿਰਨਜੋਤ ਕੌਰ, ਕ੍ਰਿਪਾਲ ਸਿੰਘ (ਚੀਫ਼ ਖਾਲਸਾ ਦੀਵਾਨ) ਤੇ ਸਾਰੇ ਗ੍ਰੰਥੀ ਪੁੱਜੇ ਹੋਏ ਸਨ।

ਦਰਬਾਰ ਸਾਹਿਬ 'ਤੇ ਹਮਲੇ ਦੇ ਖ਼ਿਲਾਫ਼ ਮਤਾ

22 ਮਾਰਚ 2001 ਦੇ ਦਿਨ ਪੰਜਾਬ ਅਸੈਂਬਲੀ ਨੇ 4 ਜੂਨ 1984 ਦੇ ਦਿਨ ਦਰਬਾਰ ਸਾਹਿਬ 'ਤੇ ਭਾਰਤੀ ਫ਼ੌਜ ਦੇ ਹਮਲੇ ਦੇ ਖ਼ਿਲਾਫ਼ ਨਿੰਦਾ ਦਾ ਮਤਾ ਪਾਸ ਕੀਤਾ। ਇਸ ਮੌਕੇ 'ਤੇ ਆਰ.ਐਸ.ਐਸ. ਦੇ ਹੁਕਮ ਕਾਰਨ, ਬਾਦਲ ਆਪ ਅਸੈਂਬਲੀ ਵਿਚੋਂ ਗ਼ਾਇਬ ਰਿਹਾ।

ਵੱਸਣ ਸਿੰਘ ਜ਼ਫ਼ਰਵਾਲ ਵਾਪਿਸ ਪਰਤਿਆ

11 ਅਪ੍ਰੈਲ 2001 ਨੂੰ ਖਾੜਕੂ ਆਗੂ ਵਸਣ ਸਿੰਘ ਜ਼ਫ਼ਰਵਾਲ ਭਾਰਤ ਮੁੜ ਆਇਆ। ਸੁੱਚਾ ਸਿੰਘ ਲੰਗਾਹ ਦੇ ਇਸ ਰਿਸ਼ਤੇਦਾਰ ਦੀ ਬਾਦਲ ਧੜੇ ਨਾਲ ਖ਼ੁਫ਼ੀਆ ਗੱਲਬਾਤ ਹੋ ਗਈ ਸੀ। ਡਾ: ਸੋਹਣ ਸਿੰਘ ਪਹਿਲਾਂ ਹੀ ਨਾਟਕੀ ਢੰਗ ਨਾਲ ਨੇਪਾਲ ਵਿਚੋਂ ਗ੍ਰਿਫ਼ਤਾਰ ਹੋ ਕੇ ਮੁੜ ਚੁਕਾ ਸੀ। ਮਗਰੋਂ 25 ਜੂਨ ਨੂੰ ਡਾ: ਜਗਜੀਤ ਸਿੰਘ ਚੌਹਾਨ ਵੀ ਵਾਪਿਸ ਮੁੜ ਆਇਆ।

30 ਅਪ੍ਰੈਲ 2001 ਨੂੰ ਸਰਕਾਰ ਨੇ ਇਕ ਬਿਆਨ ਵਿਚ ਕਿਹਾ ਕਿ ਖਾੜਕੂ ਲਹਿਰ ਦੌਰਾਨ 14664 ਸਿੱਖ ਗ੍ਰਿਫ਼ਤਾਰ ਕੀਤੇ ਗਏ ਸਨ ਜਿਨ੍ਹਾਂ ਵਿਚੋਂ 16 ਅਜੇ ਵੀ ਦਹਿਸ਼ਤ-ਵਿਰੋਧੀ ਧਾਰਾਵਾਂ

ਵਿਚ ਕੈਦ ਹਨ। ਇਹ 16 ਹਨ: ਅਮਰਜੀਤ ਸਿੰਘ ਬਾਗੜੀ, ਰੇਸ਼ਮ ਸਿੰਘ ਮਲਮੋਹਰੀ, ਹਰਬੀਰ ਸਿੰਘ ਸਠਿਆਲਾ, ਹਰਦਿਆਲ ਸਿੰਘ ਲੋਪੋਕੇ, ਸੁਰਜੀਤ ਸਿੰਘ ਮੇਹਲੀ ਬੰਗਾ, ਗੁਰਸ਼ਰਨ ਸਿੰਘ ਗਾਮਾ, ਦਲਜੀਤ ਸਿੰਘ ਬਿੱਟੂ, ਗੁਰਵਿੰਦਰ ਸਿੰਘ ਤਨੇਹਰੀ, ਕੁਲਦੀਪ ਸਿਮਘ ਪਾਤੜਾਂ, ਦਿਲਬਾਗ ਸਿੰਘ ਬਟਾਲਾ, ਮਨਜਿੰਦਰ ਸਿੰਘ ਧੂਰੀ, ਜਗਤਾਰ ਸਿੰਘ ਘਨੌਰੀ ਕਲਾਂ, ਸਾਹਿਬ ਸਿੰਘ ਦਬਾਨ ਖੇੜੀ ਹਰਿਆਣਾ, ਨਰਿੰਦਰ ਸਿੰਘ ਘੁਮਾਣ ਕਲਾਂ, ਬਖ਼ਸ਼ੀਸ਼ ਸਿੰਘ ਨਿਜ਼ਮਾਨੀਵਾਲ, ਗੁਰਪ੍ਰੀਤ ਸਿੰਘ ਢਡਿਆਲਾ ਕਲਾਂ (ਅਜੀਤ 1 ਮਈ 2001)।

ਸਤਾਰਾਂ ਸਾਲ ਝੂਠ ਬੋਲਣ ਮਗਰੋਂ ਭਿੰਡਰਾਂ-ਮਹਿਤਾ ਜੱਥਾ ਦੇ ਬਹੁਤੇ ਆਗੂਆਂ ਨੇ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਸ਼ਹੀਦੀ ਮੰਨੀ

ਭਿੰਡਰਾਂ-ਮਹਿਤਾ ਜੱਥਾ (ਚੌਕ ਮਹਿਤਾ ਡੇਰਾ) ਵਾਲੇ ਬਾਬਾ ਜਰਨੈਲ ਸਿੰਘ ਨੂੰ 6 ਜੂਨ 1984 ਦੇ ਦਿਨ ਸ਼ਹੀਦ ਹੋਏ ਮੰਨਣ ਦੀ ਬਜਾਇ 'ਰੂਪੋਸ਼ ਹੋ ਗਏ ਹਨ' ਕਹਿੰਦੇ ਆ ਰਿਹਾ ਸਨ। ਸਤਾਰਾਂ ਸਾਲ ਬੀਤਣ ਮਗਰੋਂ ਵੀ ਠਾਕੁਰ ਸਿੰਘ ਨੇ ਇਹ ਝੂਠ ਬੋਲਣਾ ਜਾਰੀ ਰੱਖਿਆ ਸੀ। ਉਸ ਨੇ 15 ਮਈ 2001 ਦੇ ਦਿਨ ਭਿੰਡਰਾਂਵਾਲਿਆਂ ਨੂੰ ਸ਼ਹੀਦ ਕਹਿਣ ਵਾਲਿਆਂ ਦੀ ਫਿਰ ਆਲੋਚਨਾ ਕੀਤੀ। ਇਸ ਹਾਲਤ ਵਿਚ ਸੰਜੀਦਾ ਹਮਦਰਦਾਂ ਨੇ ਮਹਿਸੂਸ ਕੀਤਾ ਕਿ ਹੁਣ ਸੱਚ ਨੂੰ ਛੁਪਾਉਣਾ ਬੰਦ ਕੀਤਾ ਜਾਣਾ ਚਾਹੀਦਾ ਹੈ। 6 ਜੂਨ 2001 ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਏ ਇਕ ਸਮਾਗਮ ਵਿਚ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਸ਼ਹੀਦ ਹੋਇਆ ਮੰਨ ਲਿਆ ਗਿਆ ਤੇ ਉਨ੍ਹਾਂ ਦੇ ਪੁੱਤਰ ਈਸ਼ਰ ਸਿੰਘ ਨੂੰ ਇਸ ਮੌਕੇ 'ਤੇ ਸਿਰੋਪਾ ਵੀ ਭੇਟ ਕੀਤਾ ਗਿਆ। ਇਸ ਸਿਰੋਪੇ ਦਾ ਮਤਲਬ ਇਹ ਸੀ ਕਿ ਉਨ੍ਹਾਂ ਦਾ ਪਰਵਾਰ ਵੀ ਉਨ੍ਹਾਂ ਨੂੰ ਸ਼ਹੀਦ ਹੋਏ ਮੰਨਦਾ ਹੈ ਨਾ ਕਿ (ਸੁਭਾਸ਼ ਚੰਦਰ ਬੋਸ ਵਾਂਗ) ਅਜੇ ਵੀ ਕਿਤੇ ਲੁੱਕੇ ਹੋਏ ਕਹਿੰਦਾ ਹੈ। (ਭਿੰਡਰਾਂ-ਮਹਿਤਾ ਜਥਾ ਹੁਣ ਤਕ ਇਹੀ ਪ੍ਰਚਾਰ ਕਰਦਾ ਰਿਹਾ ਸੀ ਕਿ ਉਹ ਅਜੇ ਜਿਊਂਦੇ ਹਨ)। ਇਸ ਮੌਕੇ 'ਤੇ ਫ਼ੈਡਰੇਸ਼ਨ ਆਗੂ ਰਾਜਿੰਦਰ ਸਿੰਘ ਮਹਿਤਾ, ਕਰਨੈਲ ਸਿੰਘ ਪੀਰ ਮੂਹੰਮਦ ਤੇ ਮਨਜੀਤ ਸਿੰਘ ਭੋਮਾ ਵੀ ਹਾਜ਼ਿਰ ਸਨ।

ਇਸ ਐਲਾਨ ਦੇ ਬਾਵਜੂਦ ਠਾਕਰ ਸਿੰਘ ਨੇ ਭਿੰਡਰਾਂ ਮਹਿਤਾ ਜਥਾ ਵੱਲੋਂ ਐਲਾਨ ਕੀਤਾ ਕਿ ਭਿੰਡਰਾਂਵਾਲੇ ਅਜੇ ਵੀ ਜਿਊਂਦੇ ਹਨ। ਇਸ ਤੋਂ ਕੁਝ ਚਿਰ ਪਿੱਛੋਂ 24 ਦਸੰਬਰ 2004 ਦੇ ਦਿਨ ਠਾਕੁਰ ਸਿੰਘ ਦੀ ਮੌਤ ਹੋ ਗਈ। ਇਸ ਮਗਰੋਂ ਇਹ ਜਥਾ ਦੋ ਹੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਨੇ ਰਾਮ ਸਿੰਘ ਤੇ ਦੂਜੇ ਨੇ ਹਰਨਾਮ ਸਿੰਘ ਧੁੰਮਾ ਨੂੰ ਮੁਖੀ ਚੁਣ ਲਿਆ (ਇਹ ਧੁੰਮਾ ਉਹੀ ਸੀ ਜਿਸ ਨੇ ਅਕਤੂਬਰ 1992 ਵਿਚ ਜ਼ਾਲਮ ਪੁਲਸ ਮੁਖੀ ਕੇ.ਪੀ.ਐੱਸ. ਗਿੱਲ ਨੂੰ ਸਿਰੋਪਾ ਦਿੱਤਾ ਸੀ)। ਉਧਰ ਬਾਦਲ ਤੇ ਵੇਦਾਂਤੀ ਨੇ ਰਾਮ ਸਿੰਘ ਨੂੰ ਮਾਨਤਾ ਦਿੱਤੀ। ਪਰ ਏਨਾ ਜ਼ਰੂਰ ਹੋਇਆ ਕਿ ਹਰਨਾਮ ਸਿੰਘ ਧੁੰਮਾ ਨੇ ਵੀ 25 ਮਈ 2005 ਨੂੰ ਭਿੰਡਰਾਂਵਾਲਿਆਂ ਨੂੰ ਸ਼ਹੀਦ ਹੋਏ ਮੰਨ ਲਿਆ।

ਅਮਰੀਕਾ ਵਿਚ ਅਲ ਕਾਇਦਾ ਨੇ ਦੋ ਟਾਵਰ ਉਡਾਏ

11 ਸਤੰਬਰ 2001 ਦੇ ਦਿਨ ਬਿਨ ਲਾਦੇਨ ਦੀ ਅਲ ਕਾਇਦਾ ਜਮਾਤ ਨੇ ਨਿਊ ਯਾਰਕ ਵਿਚ ਵਰਲਡ ਟਰੇਡ ਸੈਂਟਰ ਦੇ ਦੋਵੇਂ ਵੱਡੇ ਟਾਵਰ ਉਨ੍ਹਾਂ ਵਿਚ ਜਹਾਜ਼ ਮਾਰ ਕੇ ਉਡਾ ਦਿੱਤੇ। ਇਸ ਨਾਲ ਹਜ਼ਾਰਾਂ ਲੋਕ ਮਾਰੇ ਗਏ। ਕਿਉਂਕਿ ਬਿਨ ਲਾਦੇਨ ਪੱਗ ਬੰਨ੍ਹਦਾ ਸੀ ਇਸ ਕਰ ਕੇ ਗੋਰਿਆਂ ਨੇ ਸਿੱਖਾਂ ਨੂੰ ਉਸ ਦੇ ਸਾਥੀ ਸਮਝ ਕੇ ਉਨ੍ਹਾਂ 'ਤੇ ਹਮਲੇ ਵੀ ਕੀਤੇ। ਇਨ੍ਹਾਂ ਹਮਲਿਆਂ ਵਿਚ ਕੁਝ

ਸਿੱਖ ਮਾਰੇ ਵੀ ਗਏ। ਇਸ ਸਬੰਧੀ ਸ਼ਰਮਨਾਕ ਗੱਲ ਇਹ ਸੀ ਕਿ ਤਰਲੋਚਨ ਸਿੰਘ (ਚੇਅਰਮੈਨ ਮਾਈਨਾਰਟੀ ਕਮਿਸ਼ਨ) ਨੇ 16 ਸਤੰਬਰ ਨੂੰ ਇਕ ਬਿਆਨ ਵਿਚ ਕਿਹਾ ਕਿ "ਸਿੱਖ ਵੱਖਵਾਦੀਆਂ ਦੇ ਮੁਸਲਿਮ ਵੱਖਵਾਦੀਆਂ ਨੂੰ ਸਮਰਥਨ (ਹਿਮਾਇਤ) ਕਾਰਨ ਹੀ ਸਿੱਖਾਂ 'ਤੇ ਅਮਰੀਕਾ ਵਿਚ ਹਮਲੇ ਹੋ ਰਹੇ ਹਨ।"

ਸਿੱਖਾਂ ਵੱਲੋਂ ਪਹੁੰਚ ਕੀਤੇ ਜਾਣ 'ਤੇ ਅਮਰੀਕਾ ਦੀ ਸਰਕਾਰ ਨੇ ਟੀ.ਵੀ. ਤੋਂ ਵੀ ਅਤੇ 11 ਦਸੰਬਰ 2001 ਨੂੰ ਇਕ ਪੋਸਟਰ ਕੱਢ ਕੇ ਵੀ ਸਿੱਖਾਂ ਦੇ ਮੁਸਲਮਾਨਾ ਤੋਂ ਫ਼ਰਕ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। (ਪਰ, ਅਮਰੀਕਾ ਵਿਚ ਸਿੱਖਾਂ 'ਤੇ, ਉਨ੍ਹਾਂ ਦੀ ਦਸਤਾਰ ਕਾਰਨ ਉਨ੍ਹਾਂ ਨੂੰ ਮੁਸਲਮਾਨ ਸਮਝਣ ਕਰ ਕੇ, ਇਕ-ਦੁੱਕਾ ਹਮਲੇ ਇਸ ਕਿਤਾਬ ਦੀ ਇਸ ਐਡੀਸ਼ਨ ਦੇ ਪ੍ਰੈੱਸ ਵਿਚ ਜਾਣ ਸਮੇਂ (ਅਗਸਤ 2014) ਤਕ ਹੁੰਦੇ ਰਹੇ ਹਨ।

ਬਾਦਲ ਵਿਰੋਧੀਆਂ ਦਾ ਮੋਰਚਾ

1999 ਵਿਚ ਬਾਦਲ ਟੌਹੜਾ ਫੁੱਟ ਮਗਰੋਂ ਟੌਹੜਾ ਨੇ ਵੱਖਰਾ ਅਕਾਲੀ ਦਲ ਬਣਾ ਲਿਆ ਸੀ। ਹੁਣ ਉਹ ਹੋਰ ਬਾਦਲ ਵਿਰੋਧੀਆਂ ਨਾਲ ਮਿਲ ਕੇ ਸਾਂਝਾ ਮੋਰਚਾ ਬਣਾਉਣ ਵਲ ਟੁਰ ਪਏ। ਉਨ੍ਹਾਂ ਦਾ ਨਿਸ਼ਾਨਾ ਦਰਅਸਲ ਸ਼੍ਰੋਮਣੀ ਕਮੇਟੀ ਦੀਆਂ ਅਗਲੀਆਂ ਚੋਣਾਂ ਲੜਨਾ ਸੀ। 15 ਨਵੰਬਰ 2001 ਨੂੰ ਇਨ੍ਹਾਂ ਨੇ 74 ਮੈਂਬਰੀ 'ਪੰਥਕ ਕੌਂਸਲ' ਬਣਾਈ। ਮਗਰੋਂ ਇਨ੍ਹਾਂ ਅਕਾਲੀ ਗਰੁੱਪਾਂ ਨੇ ਅਗਸਤ 2002 ਵਿਚ ਨਵਾਂ ਅਕਾਲੀ ਦਲ ਬਣਾ ਲਿਆ ਜਿਸ ਦਾ ਪ੍ਰਧਾਨ ਰਵੀਇੰਦਰ ਸਿੰਘ ਨੂੰ ਬਣਾਇਆ ਗਿਆ। ਰਵੀਇੰਦਰ ਸਿੰਘ ਨੇ 'ਰਸਮੀ ਤੌਰ ਤੇ' 6 ਅਗਸਤ 2002 ਨੂੰ ਖੰਡੇ ਦੀ ਪਾਹੁਲ ਵੀ ਲੈ ਲਈ। ਪਰ ਰਵੀਇੰਦਰ ਨਾਅਹਿਲ ਤੇ ਸੁਖ-ਰਹਿਣਾ ਹੋਣ ਕਰ ਕੇ ਕੋਈ ਰੋਲ ਅਦਾ ਨਾ ਕਰ ਸਕਿਆ ਸਗੋਂ ਉਹ ਤਾਂ 2007 ਦੀਆਂ ਅਸੈਂਬਲੀ ਚੋਣਾਂ ਵਿਚ ਆਪ ਤੀਜੇ ਥਾਂ 'ਤੇ ਆ ਗਿਆ ਹਾਲਾਂ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਉਸ ਦੇ ਉਮੀਦਵਾਰ ਇਸ ਸੀਟ ਤੋਂ ਜਿੱਤੇ ਸਨ।

ਪੰਜਾਬ ਵਿਚ ਅਮਰਿੰਦਰ ਸਿੰਘ ਦੀ ਸਰਕਾਰ ਬਣੀ

13 ਫ਼ਰਵਰੀ 2002 ਦੇ ਦਿਨ ਪੰਜਾਬ ਅਸੈਂਬਲੀ ਦੀਆਂ ਚੋਣਾਂ ਵਾਸਤੇ ਵੋਟਾਂ ਪਾਈਆਂ ਗਈਆਂ। 24 ਫ਼ਰਵਰੀ ਨੂੰ ਨਤੀਜੇ ਆਏ। ਕਾਂਗਰਸ ਨੇ 62 (1997 ਵਿਚ 14), ਬਾਦਲ ਦਲ ਨੇ 41 (1997 ਵਿਚ 75), ਭਾਜਪਾ ਨੇ 3 (1997 ਵਿਚ 18) ਜਿੱਤੀਆਂ। ਸੀ.ਪੀ.ਆਈ 2 ਅਤੇ ਆਜ਼ਾਦ 9 ਸੀਟਾਂ 'ਤੇ ਜੇਤੂ ਰਹੇ। ਬਸਪਾ, ਪੰਥਕ ਮੋਰਚਾ (ਟੌਹੜਾ) ਕੋਈ ਸੀਟ ਨਾ ਜਿਤ ਸਕੇ। ਵੋਟਾਂ ਦਾ ਫ਼ੀਸਦੀ ਇੰਞ ਰਿਹਾ: ਕਾਂਗਰਸ ਨੇ 36.13% (ਪਿਛਲੀਆਂ 26.59%), ਬਾਦਲ ਦਲ 30.62% (ਪਿਛਲੀਆਂ 37.64%), ਭਾਜਪਾ 5.72% (ਪਿਛਲੀਆਂ 8.33%), ਬਸਪਾ 5.72%, ਪੰਥਕ ਮੋਰਚਾ (ਟੌਹੜਾ) 4.69%। 27 ਫ਼ਰਵਰੀ 2002 ਦੇ ਦਿਨ ਕੈਪਟਨ ਅਮਰਿੰਦਰ ਸਿੰਘ ਚੀਫ਼ ਮਨਿਸਟਰ ਬਣ ਗਿਆ। ਉਹ ਅਗਲੇ ਦਿਨ ਦਰਬਾਰ ਸਾਹਿਬ ਗਿਆ ਪਰ ਉਸ ਨੂੰ ਕਾਂਗਰਸੀ ਕਹਿ ਕੇ ਸਿਰੋਪਾਓ ਨਾ ਦਿੱਤਾ ਗਿਆ (ਇਹ ਹਰਕਤ ਗੁਰਦੁਆਰਿਆਂ'ਤੇ ਮਹੰਤਾਂ ਦੇ ਕਬਜ਼ੇ ਵਰਗੀ ਸੀ)।

●

ਭਨਿਆਰਾ, ਨੂਰਮਹਿਲੀਆ, ਨਾਮਧਾਰੀਏ ਤੇ ਹੋਰ ਸਾਧ

ਭਨਿਆਰਾ : ਕਾਂਗਰਸੀਆਂ ਨੇ ਹੀ ਨਹੀਂ ਬਾਦਲ ਨੇ ਵੀ ਕਈ ਸਾਧਾਂ ਨੂੰ ਸਰਪਰਸਤੀ ਹੀ ਨਹੀਂ ਜ਼ਮੀਨਾਂ ਤੇ ਹੋਰ ਸਹੂਲਤਾਂ ਵੀ ਦਿੱਤੀਆਂ ਹੋਈਆਂ ਸਨ। ਇਹ ਸਾਰੇ ਸਾਧ ਸਿੱਖੀ ਦੇ ਖ਼ਿਲਾਫ਼ ਸ਼ਰੇਆਮ ਪ੍ਰਚਾਰ ਕਰਦੇ ਸਨ। ਖ਼ੁਫ਼ੀਆ ਏਜੰਸੀਆਂ, ਆਰ.ਐਸ.ਐਸ. ਤੇ ਹੋਰ ਸਿੱਖ ਵਿਰੋਧੀ ਇਨ੍ਹਾਂ ਦਾ ਪੂਰਾ ਸਾਥ ਦਿਆ ਕਰਦੇ ਸਨ। ਇਸ ਲੜੀ ਵਿਚ ਪਿਆਰਾ ਸਿੰਘ ਭਨਿਆਰਾ (ਜੋ ਪਹਿਲਾਂ ਇਕ ਚੌਥੇ ਦਰਜੇ ਦਾ ਮੁਲਾਜ਼ਮ ਸੀ) ਨੇ ਵੀ ਸਿਰ ਚੁੱਕਣਾ ਸ਼ੁਰੂ ਕਰ ਦਿਤਾ। ਉਸ ਨੇ ਲੋਕਾਂ ਨੂੰ ਮੂਰਖ ਬਣਾ ਕੇ ਸਰਕਾਰੀ ਜ਼ਮੀਨ ’ਤੇ ਕਬਜ਼ਾ ਕਰ ਕੇ ਡੇਰਾ ਬਣਾ ਲਿਆ ਹੋਇਆ ਸੀ। ਉਹ ਇਸ ਹੱਦ ਤਕ ਚਲਾ ਗਿਆ ਕਿ ਉਸ ਨੇ 18 ਸਤੰਬਰ 2001 ਨੂੰ ਗੁਰੂ ਗ੍ਰੰਥ ਸਾਹਿਬ ਦਾ ਇਕ ਸਰੂਪ ਵੀ ਸੜਵਾ ਦਿੱਤਾ (ਤੇ ਮਗਰੋਂ ਹੋਰ ਸਰੂਪ ਵੀ ਸਾੜੇ)। ਪਹਿਲਾਂ ਤਾਂ ਬਾਦਲ ਚੁਪ ਰਿਹਾ ਪਰ ਸਿੱਖਾਂ ਵੱਲੋਂ ਪ੍ਰੋਟੈਸਟ ਹੋਣ ਮਗਰੋਂ ਉਸ ਨੇ ਭਨਿਆਰੇ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਜਾਰੀ ਕੀਤਾ। ਭਨਿਆਰਾ ਨੂੰ ਤਹਿਸੀਲਦਾਰ ਹਰੀ ਰਾਮ ਨੇ ਇਸ ਦੀ ਖ਼ਬਰ ਦੇ ਦਿੱਤੀ ਤੇ ਉਹ ਜੰਗਲ ਵਿਚ ਲੁਕ ਗਿਆ। ਅਖ਼ੀਰ 26 ਸਤੰਬਰ ਨੂੰ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਭਨਿਆਰੇ ਦੇ ਨਾਲ ਉਸ ਦੇ 148 ਸਾਥੀ ਵੀ ਗ੍ਰਿਫ਼ਤਾਰ ਕੀਤੇ ਗਏ ਸਨ (ਇਹ ਮੁਕੱਦਮਾ 10 ਸਾਲ ਤੋਂ ਵੀ ਵਧ ਚਲਦਾ ਰਿਹਾ ਸੀ)।

ਭਨਿਆਰੇ ਨਾਲ ਕਈ ਅਕਾਲੀਆਂ ਦੇ ਸਬੰਧ ਵੀ ਸਨ। ਇਨ੍ਹਾਂ ਵਿਚ ਗੁਰਦੇਵ ਸਿੰਘ ਬਾਦਲ ਵੀ ਸੀ। ਕਿਰਪਾਲ ਸਿੰਘ ਬਡੂੰਗਰ ਬਾਰੇ ਸੁਖਦੇਵ ਸਿੰਘ ਭੌਰ ਨੇ 5 ਜੂਨ 2002 ਦੇ ਦਿਨ ਮੰਗ ਕੀਤੀ ਕਿ ਉਹ ਵੀ ਭਨਿਆਰੇ ਦਾ ਚੇਲਾ ਹੈ ਤੇ ਉਸ ਦਾ ਸੋਸ਼ਲ ਬਾਈਕਾਟ ਕੀਤਾ ਜਾਣਾ ਚਾਹੀਦਾ ਹੈ (ਪਰ ਬਡੂੰਗਰ ਨੇ ਭਨਿਆਰੇ ਨਾਲ ਸਬੰਧਾਂ ਤੋਂ ਇਨਕਾਰ ਕੀਤਾ)। ਭਨਿਆਰੇ ਦੇ ਡੇਰੇ ਦਾ ਨੀਂਹ ਪੱਥਰ ਕਾਂਗਰਸੀ ਬੂਟਾ ਸਿੰਘ ਨੇ ਰੱਖਿਆ ਸੀ। ਕਾਂਗਰਸ ਦੇ ਚੌਧਰੀ ਜਗਜੀਤ, ਚਰਨਜੀਤ ਚੰਨੀ, ਬਸਪਾ ਦੇ ਕਾਸ਼ੀ ਰਾਮ ਵੀ ਉਸ ਕੋਲ ਜਾ ਚੁਕੇ ਸਨ।

ਇਸ ਮਗਰੋਂ ਵੀ ਭਨਿਆਰਾ ਵਾਲੇ ਦੇ ਚੇਲਿਆਂ, ਫ਼ਿਰਕੂ ਹਿੰਦੂਆਂ ਅਤੇ ਉਨ੍ਹਾਂ ਦੇ ਸਾਜ਼ਸ਼ੀ ਸਾਥੀਆਂ ਨੇ ਅਜਿਹੀਆਂ ਹੋਰ ਹਰਕਤਾਂ ਵੀ ਕੀਤੀਆਂ। 30 ਸਤੰਬਰ 2001 ਦੇ ਦਿਨ ਸਰਹਿੰਦ ਕੋਲ ਤਰਖਾਣ ਮਾਜਰਾ ਵਿਚ ਗੁਰੂ ਗ੍ਰੰਥ ਸਾਹਿਬ ਸੱਤ ਸਰੂਪ ਸਾੜੇ ਗਏ। 6 ਅਕਤੂਬਰ ਨੂੰ ਇਸ ਦੇ ਖ਼ਿਲਾਫ਼ ਪੰਜਾਬ ਬੰਦ ਕੀਤਾ ਗਿਆ। 17 ਅਕਤੂਬਰ ਦੇ ਦਿਨ ਪੰਥਕ ਮੋਰਚਾ (ਟੌਹੜਾ) ਨੇ ਫ਼ਤਹਿਗੜ੍ਹ ਤੋਂ ਚੰਡੀਗੜ੍ਹ ਤਕ ਰੋਸ ਮਾਰਚ ਵੀ ਕੱਢਿਆ।

ਨੂਰਮਹਿਲੀਆ: ਇੰਞ ਹੀ ਨੂਰਮਹਿਲ ਵਿਚ ਬਿਹਾਰ ਦੇ ਇਕ ‘ਭਾਈਏ’ ਆਸ਼ੂਤੋਸ਼ ਨਾਂ ਦੇ ਇਕ ਸਾਧ ਨੇ ‘ਦਿਵਯ ਜੋਤੀ ਜਾਗਰਣ’ ਦੇ ਨਾਂ ’ਤੇ ਡੇਰਾ ਕਾਇਮ ਕੀਤਾ ਹੋਇਆ ਸੀ ਤੇ ਇਸ

ਨੂ ਬਾਦਲ ਦਾ ਥਾਪੜਾ ਹਾਸਿਲ ਸੀ। ਉਹ ਸਿੱਖਾਂ ਨੂੰ ਅਕਸਰ ਧਮਕੀਆਂ ਵੀ ਦੇਂਦਾ ਰਹਿੰਦਾ ਸੀ। 20 ਅਪ੍ਰੈਲ 2002 ਦੇ ਦਿਨ ਤਰਨਤਾਰਨ ਵਿਚ ਆਸ਼ੂਤੋਸ ਦੇ ਸਾਥੀ ਸ਼ਰਧਾ ਨੰਦ ਨੇ ਸਿੱਖੀ ਦੇ ਖ਼ਿਲਾਫ਼ ਸ਼ਰੇਆਮ ਲੈਕਚਰ ਕੀਤਾ ਜੋ ਇਕ ਲੋਕਲ ਟੀ.ਵੀ. 'ਤੇ ਵੀ ਬਰਾਡਕਾਸਟ ਹੋਇਆ। ਇਹ ਸੁਣ ਕੇ ਸਿੱਖ ਉਸ ਪਾਸੇ ਵਲ ਚਲ ਪਏ ਤੇ ਇਸ ਮਗਰੋਂ ਹੋਈ ਲੜਾਈ ਵਿਚ 36 ਬੰਦੇ ਜ਼ਖ਼ਮੀ ਹੋਏ। ਪੁਲੀਸ ਨੇ ਨੂਰਮਹਿਲੀਆਂ ਨੂੰ ਪੂਰੀ ਹਿਫ਼ਾਜ਼ਤ ਦੇ ਕੇ (13 ਅਪ੍ਰੈਲ 1978 ਦੇ ਦਿਨ ਨਿਰੰਕਾਰੀ ਨੂੰ ਪੰਜਾਬ ਵਿਚੋਂ ਮਹਿਫ਼ੂਜ਼ ਕੱਢਣ ਵਾਂਗ) ਉੱਥੋਂ ਕੱਢ ਲਿਆ। ਨੂਰਮਹਿਲੀਆਂ ਦੇ ਮੁਖ ਸਾਥੀਆਂ ਵਿਚ ਬਾਦਲ ਦਾ ਧਰਮਕੋਟ ਤੋਂ ਐਮ.ਐਲ.ਏ. ਸੀਤਲ ਸਿੰਘ (ਜੁਆਈ ਗੁਰਦੇਵ ਸਿੰਘ ਬਾਦਲ) ਵੀ ਸੀ। ਬਾਦਲ ਦੀ ਪਤਨੀ ਵੀ ਇਸ ਦੀ 'ਸ਼ਰਧਾਲੂ' ਸੀ। ਨੂਰਮਹਿਲੀਆਂ ਨੇ 21 ਅਗਸਤ 2002 ਨੂੰ ਸ਼ਰਧਾ ਨੰਦ ਦੇ ਲੈਕਚਰ ਦੀ ਅਸਿੱਧੀ ਮੁਆਫ਼ੀ ਵੀ ਮੰਗੀ। ਪਰ 24 ਅਗਸਤ ਦੇ ਦਿਨ ਅਕਾਲ ਤਖ਼ਤ ਤੋਂ ਗ੍ਰੰਥੀਆਂ ਨੇ ਇਹ ਮੁਆਫ਼ੀਨਾਮਾ ਰੱਦ ਕਰ ਦਿੱਤਾ। ਇਸ ਮਗਰੋਂ ਨੂਰਮਹਿਲੀਆ ਨੇ ਭਾਜਪਾ, ਆਰ.ਐਸ.ਐਸ ਤੇ ਥਰਡ ਏਜੰਸੀ ਦੀ ਖ਼ੁਫ਼ੀਆ ਹਿਮਾਇਤ ਨਾਲ ਹੋਰ ਵੀ ਵਧ ਤਾਕਤ ਕਾਇਮ ਕਰ ਲਈ। ਉਸ ਦੇ ਸਾਰੇ ਸਮਾਗਮਾਂ ਵਿਚ 90% ਲੋਕ ਭਾਜਪਾ ਦੇ ਵਰਕਰ ਤੇ ਹਮਦਰਦ ਹੋਇਆ ਕਰਦੇ ਸਨ। ਉਸ ਦੇ ਸਾਥੀਆਂ ਨੇ ਸਿੱਖਾਂ 'ਤੇ ਕਈ ਵਾਰ ਹਮਲੇ ਕੀਤੇ। ਉਸ ਦੇ ਨੂਰਮਹਿਲ ਦੇ ਡੇਰੇ 'ਤੇ 300 ਦੇ ਕਰੀਬ ਸਿੱਖ ਨੌਜਵਾਨ ਕੁੜੀਆਂ ਸਨ, ਜਿਨ੍ਹਾਂ ਨੂੰ ਨੌਕਰੀ ਦੇ ਬਹਾਨੇ ਉਸ ਨੇ ਰੱਖਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਉਹ ਸੀਨੀਅਰ ਪੁਲੀਸ ਅਫ਼ਸਰਾਂ ਅਤੇ ਸਿਆਸੀ ਆਗੂਆਂ ਨੂੰ ਖ਼ੁਸ਼ ਕਰਨ ਵਾਸਤੇ ਵੀ ਭੇਜਦਾ ਹੁੰਦਾ ਸੀ। *(ਆਸ਼ੂਤੋਸ਼ ਦੀ 29 ਜਨਵਰੀ 2014 ਦੇ ਦਿਨ ਮੌਤ ਹੋ ਗਈ। ਉਸ ਦੇ ਚੇਲਿਆਂ ਨੇ ਉਸ ਦੀ ਜਾਇਦਾਦ 'ਤੇ ਕਬਜ਼ੇ ਕਾਰਨ ਉਸ ਦੀ ਲਾਸ਼ ਨੂੰ ਕਈ ਮਹੀਨੇ ਫ਼ਰੀਜ਼ਰ ਵਿਚ ਪਾਈ ਰੱਖਿਆ)।*

ਜਗਦੇਵ ਸਿੰਘ ਤਲਵੰਡੀ ਨੂੰ ਬਾਦਲ ਨੇ ਪਾਰਟੀ ਵਿਚੋਂ ਕਢਿਆ

ਬਾਦਲ ਦਲ ਵਿਚ ਜਗੀਰ ਕੌਰ ਦੀ ਧੀ ਦੀ ਮੌਤ ਦੀ ਬਦਨਾਮੀ ਕਾਰਨ ਉਸ ਨੂੰ ਹਟਾ ਕੇ 27 ਨਵੰਬਰ 2001 ਦੇ ਦਿਨ ਕਿਰਪਾਲ ਸਿੰਘ ਬਡੂੰਗਰ ਨੂੰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ ਸੀ। ਅਗਲੇ ਸਾਲ ਬਡੂੰਗਰ ਫਿਰ ਪ੍ਰਧਾਨ ਬਣਿਆ; ਉਸ ਦੇ ਮੁਕਾਬਲੇ ਵਿਚ ਟੌਹੜਾ ਨੇ ਵੀਰ ਸਿੰਘ ਲੋਪੋਕੇ ਨੂੰ ਖੜਾ ਕੀਤਾ। ਇਸ ਵਾਰ ਵੋਟਿੰਗ ਵੇਲੇ ਜਗਦੇਵ ਸਿੰਘ ਤਲਵੰਡੀ ਨੇ ਉਸ ਨੂੰ ਵੋਟ ਨਾ ਪਾਈ ਤੇ ਬੈਲੱਟ ਪੇਪਰ ਫਾੜਦਿਆਂ ਕਿਹਾ ਕਿ 'ਮੈਂ ਭਨਿਆਰਾ ਦੇ ਚੇਲੇ ਨੂੰ ਵੋਟ ਨਹੀਂ ਦੇਵਾਂਗਾ।' ਇਸ 'ਤੇ ਗੁੱਸੇ ਵਿਚ ਆ ਕੇ ਬਾਦਲ ਨੇ 11 ਦਸੰਬਰ 2002 ਦੇ ਦਿਨ ਜਗਦੇਵ ਸਿੰਘ ਤਲਵੰਡੀ ਨੂੰ ਪਾਰਟੀ ਵਿਚੋਂ ਕੱਢ ਦਿੱਤਾ।

ਧਨਵੰਤ ਸਿੰਘ ਵੱਲੋਂ ਕੁੜੀ ਦਾ ਰੇਪ ਤੇ ਵੇਦਾਂਤੀ ਦਾ ਰੋਲ

2002 ਵਿਚ ਨਵਾਂਸ਼ਹਿਰ ਦੇ ਨੇੜੇ ਦੇ ਪੱਲੀ ਝਿੱਕੀ ਡੇਰੇ ਦੇ ਸਾਧ ਧਨਵੰਤ ਸਿੰਘ ਵੱਲੋਂ ਇਕ ਕੁੜੀ ਦਾ ਰੇਪ ਕਰਨ ਦਾ ਕੇਸ ਸਾਹਮਣੇ ਆਇਆ। ਖਾਲਸਾ ਪੰਚਾਇਤ ਜਥੇਬੰਦੀ ਦੇ ਆਗੂ ਉਸ ਕੁੜੀ ਨੂੰ ਲੈ ਕੇ ਵੇਦਾਂਤੀ ਕੋਲ ਚਲੇ ਗਏ। ਵੇਦਾਂਤੀ ਨੇ ਪਹਿਲਾਂ ਤਾਂ ਉਸ ਕੁੜੀ ਦੇ ਸਿਰ 'ਤੇ ਹੱਥ ਰਖ ਕੇ ਉਸ ਨੂੰ ਇਨਸਾਫ਼ ਦੇਣ ਦਾ ਵਾਅਦਾ ਕੀਤਾ ਪਰ ਮਗਰੋਂ ਉਸ ਦੇ ਸਾਲੇ ਪ੍ਰਿਥੀਪਾਲ ਸਿੰਘ ਨੇ ਧਨਵੰਤ ਸਿੰਘ ਤੋਂ ਰਿਸ਼ਵਤ ਲੈ ਲਈ ਤੇ 10 ਮਈ 2002 ਨੂੰ ਵੇਦਾਂਤੀ ਨੇ ਧਨਵੰਤ ਸਿੰਘ ਨੂੰ

ਮਾਮੂਲੀ ਜਿਹੀ ਸਜ਼ਾ ਲਾ ਕੇ ਨਾਲ ਹੀ ਕੇਸ ਲਿਆਉਣ ਵਾਲਿਆਂ ਨੂੰ ਵੀ ਸਜ਼ਾ ਲਾ ਦਿੱਤੀ।

ਹੁਣ ਕੁੜੀ ਨੇ ਪੁਲੀਸ ਕੋਲ ਕੇਸ ਦੇ ਦਿੱਤਾ। ਪੁਲੀਸ ਨੇ 29 ਅਗਸਤ 2002 ਦੇ ਦਿਨ ਧਨਵੰਤ ਸਿੰਘ ਨੂੰ ਉਸ ਕੁੜੀ ਦੇ ਰੇਪ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ। ਇਸ ’ਤੇ ਵੇਦਾਂਤੀ ਬਹੁਤ ਔਖਾ ਹੋਇਆ। ਖਾਲਸਾ ਪੰਚਾਇਤ ਨੇ ਦੋਸ਼ ਲਾਇਆ ਕਿ ਵੇਦਾਂਤੀ ਦੇ ਪੀ.ਏ ਤੇ ਸਾਲੇ ਪ੍ਰਿਥੀਪਾਲ ਨੇ ਧਨਵੰਤ ਤੋਂ 70 ਹਜ਼ਾਰ ਰੁਪੈ ਰਿਸ਼ਵਤ ਲਈ ਹੈ। ਇਸ ਤੋਂ ਖਿਝ ਕੇ ਵੇਦਾਂਤੀ ਨੇ ਖਾਲਸਾ ਪੰਚਾਇਤ ਦੇ ਪੰਜ ਮੈਂਬਰ ਵੀ ਤਲਬ ਕਰ ਲਏ। ਹੁਣ ਖਾਲਸਾ ਪੰਚਾਇਤ ਨੇ ਵੇਦਾਂਤੀ ਦੇ ਅਸਤੀਫ਼ੇ ਦੀ ਮੰਗ ਕੀਤੀ ਤੇ ਕਿਹਾ ਕਿ ਜੇ ਉਸ ਨੇ ਦਸ ਦਿਨ ਦੇ ਅੰਦਰ ਅਸਤੀਫ਼ਾ ਨਾ ਦਿੱਤਾ ਤਾਂ ਉਸ ਦੇ ਘਰ ਦੇ ਬਾਹਰ ਧਰਨਾ ਮਾਰਿਆ ਜਾਵੇਗਾ (ਮਗਰੋਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਦੇ ਬਾਹਰ ਧਰਨਾ ਮਾਰਨ ਦਾ ਐਲਾਨ ਕੀਤਾ)। ਇਸ ਮੌਕੇ ’ਤੇ ਮਨਜੀਤ ਸਿੰਘ ਕੇਸਗੜ੍ਹ ਨੇ ਵੇਦਾਂਤੀ (ਇਕ ਤਰੀਕੇ ਨਾਲ ਧਨਵੰਤ ਸਿੰਘ) ਦੀ ਹਿਮਾਇਤ ਕੀਤੀ। *(ਦੂਜੇ ਪਾਸੇ ਧਨਵੰਤ ਸਿੰਘ ’ਤੇ ਬਾਕਾਇਦਾ ਮੁਕੱਦਮਾ ਚੱਲਿਆ 29 ਜਨਵਰੀ 2004 ਦੇ ਦਿਨ ਉਸ ਨੂੰ ਅਦਾਲਤ ਨੇ 10 ਸਾਲ ਕੈਦ ਤੇ ਜੁਰਮਾਨੇ ਦੀ ਸਜ਼ਾ ਦਿੱਤੀ)।*

ਖਾਲਸਾ ਪੰਚਾਇਤ ਜਥੇਬੰਦੀ ਨੇ ਐਲਾਨ ਮੁਤਾਬਿਕ 22 ਫ਼ਰਵਰੀ 2002 ਦੇ ਦਿਨ ਅਕਾਲ ਤਖ਼ਤ ਸਾਹਿਬ ’ਤੇ ਅਰਦਾਸ ਕੀਤੀ ਅਤੇ 6-700 ਵਰਕਰ ਉੱਥੋਂ ਤੇਜਾ ਸਿੰਘ ਸਮੁੰਦਰੀ ਹਾਲ ਵਲ ਚਲ ਪਏ। ਜਦ ਇਹ ਜਥਾ ਜੋੜਿਆਂ ਵਾਲੀ ਜਗ੍ਹਾ ’ਤੇ ਪੁੱਜਾ ਤਾਂ ਮਹਿਤਾ-ਚਾਵਲਾ ਫ਼ੈਡਰੇਸ਼ਨ, ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਅਤੇ ਬਾਦਲ ਧੜੇ ਦੇ ਵਰਕਰ ਨਿਹੱਥੇ ਸਿੱਖ ਮਰਦਾਂ ਅਤੇ ਔਰਤਾਂ ’ਤੇ ਟੁੱਟ ਪਏ ਤੇ ਕਈਆਂ ਦੀਆਂ ਪੱਗਾਂ ਲਾਹੀਆਂ ਤੇ ਔਰਤਾਂ ਦੇ ਵਾਲ ਪੁੱਟੇ ਅਤੇ ਉਨ੍ਹਾਂ ’ਤੇ ਤਲਵਾਰਾਂ (ਕਿਰਪਾਨ ਹਮਲੇ ਵਾਸਤੇ ਨਹੀਂ ਹੁੰਦੀ), ਡਾਂਗਾਂ ਤੇ ਪੱਥਰਾਂ ਦਾ ਮੀਂਹ ਵਰ੍ਹਾਇਆ। ਹਮਲਾਵਰਾਂ ਦੀ ਅਗਵਾਈ ਅਲਵਿੰਦਰਪਾਲ ਸਿੰਘ ਪੱਖੋਕੇ ਤੇ ਜਸਵਿੰਦਰ ਸਿੰਘ ਐਡਵੋਕੇਟ (ਮੈਂਬਰ ਸ਼੍ਰੋਮਣੀ ਕਮੇਟੀ), ਰਾਜਿੰਦਰ ਸਿੰਘ ਮਹਿਤਾ, ਗੁਰਚਰਨ ਸਿੰਘ ਗਰੇਵਾਲ, ਪ੍ਰੋ: ਸਰਚਾਂਦ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਕਈ ਸਕੱਤਰ ਤ਼ੇ ਹੋਰ ਮੁਲਾਜ਼ਮ ਕਰ ਰਹੇ ਸਨ। ਕਾਂਗਰਸ ਦੀ ਹਕੂਮਤ ਵਾਲੀ ਪੁਲੀਸ ਨੇ ਉਲਟਾ ਖਾਲਸਾ ਪੰਚਾਇਤ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ’ਤੇ ਹੀ ਮੁਕੱਦਮੇ ਬਣਾ ਦਿੱਤੇ। ਇਹ ਸਾਰੇ 15 ਦਿਨ ਮਗਰੋਂ 8 ਮਾਰਚ 2003 ਦੇ ਦਿਨ ਜ਼ਮਨਾਤਾਂ ’ਤੇ ਰਿਹਾ ਹੋਏ।

ਖਾਲਸਾ ਪੰਚਾਇਤ ਵਾਸਤੇ ਸਹੀ ਕਦਮ ਇਹ ਸੀ ਕਿ (ਗਿਆਨੀ) ਜੋਗਿੰਦਰ ਸਿੰਘ ਦੇ ਘਰ ਦੇ ਪਿੱਛੇ ਗਲਿਆਰੇ ਵਿਚ ਜਾਂ ਜਲ੍ਹਿਆਂ ਵਾਲਾ ਬਾਗ਼ ਕੋਲ ਧਰਨਾ ਮਾਰ ਸਕਦੇ ਸਨ। ਧਰਨਾ ਕਿਤੇ ਵੀ ਹੁੰਦਾ, ਉਸ ਦੀ ਓਨੀ ਹੀ ਤਾਕਤ ਸੀ। ਪਰ ਇਸ ਦਾ ਮਤਲਬ ਹਰਗਿਜ਼ ਇਹ ਵੀ ਨਹੀਂ ਕਿ ਧਰਨਾ ਮਾਰਨ ਵਾਲਿਆਂ ਉੱਤੇ ਡਾਂਗਾਂ, ਤਲਵਾਰਾਂ ਤੇ ਪੱਥਰਾਂ ਦਾ ਮੀਂਹ ਵਰ੍ਹਾਇਆ ਜਾਂਦਾ। ਸਿੱਖਾਂ ਦੀਆਂ ਪੱਗਾਂ ਲਾਹੁਣਾ, ਉਨ੍ਹਾਂ ਦੇ ਦਾੜ੍ਹੀ-ਕੇਸ ਪੁੱਟਣਾ ਕਿਵੇਂ ਸਿੱਖੀ ਦੀ ਨਿਸ਼ਾਨੀ ਮੰਨੀਆਂ ਜਾ ਸਕਦੀਆਂ ਹਨ।

ਇਹ ਗੱਲ ਵੀ ਸਹੀ ਨਹੀਂ ਕਿ ਪਹਿਲਾਂ ਦਰਬਾਰ ਸਾਹਿਬ ਵਿਚ ਅਜਿਹਾ ਕਦੇ ਨਹੀਂ ਸੀ ਹੋਇਆ। 1961 ਵਿਚ ਉਮਰਾਨੰਗਲ ਨੇ ਅਜਿਹਾ ਕੀਤਾ ਸੀ (ਉਸ ਨੇ ਤਾਂ ਤੇਜਾ ਸਿੰਘ ਸਮੁੰਦਰੀ ਹਾਲ ਦੇ ਬਾਹਰ ਭੁਖ ਹੜਤਾਲ ਵੀ ਰੱਖੀ ਸੀ) ਪੂਰਨ ਸਿੰਘ ਜੋਸ਼ ਨੇ ਕਾਲੇ ਕਪੜੇ ਪਾ ਕੇ ਘੱਟੋ-ਘੱਟ ਦੋ ਵਾਰ (ਇਕ ਵਾਰ ਟੌਹੜੇ ਦੇ ਖ਼ਿਲਾਫ਼ ਤੇ ਦੂਜੀ ਵਾਰ ਸਕੱਤਰ ਕੁਲਵੰਤ ਸਿੰਘ ਦੇ ਖ਼ਿਲਾਫ਼)

ਮੁਜ਼ਾਹਰਾ ਕੀਤਾ ਸੀ। ਪਰ ਨਾ ਤਾਂ ਖਾਲਸਾ ਪੰਚਾਇਤ ਸਹੀ ਸੀ ਤੇ ਨਾ ਉਮਰਾਨੰਗਲ ਜਾਂ ਪੂਰਨ ਸਿੰਘ ਜੋਸ਼। ਇੰਞ ਹੀ 1999 ਤੇ ਫਿਰ 2001 ਵਿਚ ਬਾਦਲ ਅਤੇ 2002 ਵਿਚ ਅਮਰਿੰਦਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਵੇਲੇ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਵਿਚ ਪੁਲਿਸ ਭੇਜਣਾ ਗ਼ਲਤ ਸੀ। ਇੰਞ ਹੀ ਨਾ ਮਹੰਤ ਮਨਜੀਤ ਸਿੰਘ ਜੰਮੂ ਤੇ ਨਾ ਬਾਦਲ ਵੱਲੋਂ ਦਰਬਾਰ ਸਾਹਿਬ ਕੰਪਲੈਕਸ ਵਿਚ ਜਾਂ ਅਕਾਲ ਤਖ਼ਤ ਸਾਹਿਬ ’ਤੇ ਹਜੂਮ ਲਿਜਾਣਾ ਜਾਇਜ਼ ਸੀ।

ਬਾਦਲ ਨੇ ਇਸ ਧੱਕੇਸ਼ਾਹੀ ਦੇ ਬਾਵਜੂਦ ਉਲਟਾ ਖਾਲਸਾ ਪੰਚਾਇਤ ਨੂੰ ਹੀ ਗਾਲ੍ਹਾਂ ਕੱਢੀਆਂ। ਉਸ ਨੇ ਕਿਹਾ ‘ਖਾਲਸਾ ਪੰਚਾਇਤ ਵੱਲੋਂ ਹੁੱਲੜਬਾਜ਼ੀ ਮੰਦਭਾਗੀ ਸੀ।’ (ਹਾਲਾਂ ਕਿ ਗੁੰਡਾਗਰਦੀ ਬਾਦਲ ਧੜੇ ਨੇ ਕੀਤੀ ਸੀ)। ਸਿਮਰਨਜੀਤ ਸਿੰਘ ਮਾਨ ਨੇ ਕਿਹਾ ‘ਅਕਾਲ ਤਖ਼ਤ ’ਤੇ ਧਰਨਾ ਮਰਿਆਦਾ ਦੇ ਉਲਟ ਹੈ।’ (ਹਾਲਾਂ ਕਿ ਧਰਨਾ ਤਖ਼ਤ ’ਤੇ ਨਹੀਂ ਸੀ)।

ਇਸ ਧਰਨੇ ਕਾਰਨ ਇਸ ’ਤੇ ਹੋਏ ਹਮਲੇ ਮਗਰੋਂ ਅਤੇ ਖਾਲਸਾ ਪੰਚਾਇਤ ਨੂੰ ਕਾਂਗਰਸੀ ਲੇਬਲ ਲਾਉਣ ਨਾਲ, ਇਹ ਜਥੇਬੰਦੀ ਹਮੇਸ਼ਾ ਵਾਸਤੇ ਐਂਟੀ-ਵੇਦਾਂਤੀ ਤੇ ਐਂਟੀ-ਬਾਦਲ ਹੋ ਗਈ (ਬਾਦਲ ਧੜੇ ਨੇ ਇਸ ਨੂੰ ਕਾਂਗਰਸੀ ਕਿਹਾ ਜਦ ਕਿ ਕਾਂਗਰਸ ਸਰਕਾਰ ਨੇ ਬਾਦਲ ਦਲ ਦੇ ਗੁੰਡਿਆਂ ਵੱਲੋਂ ਜ਼ਖ਼ਮੀ ਹੋਇਆਂ ਇਨ੍ਹਾਂ ਸਿੱਖਾਂ ਨੂੰ ਬੇਵਜਹ ਜੇਲ੍ਹਾਂ ਵਿਚ ਸੁੱਟਿਆ)। ਇਸ ਸਾਰਾ ਕੁਝ ਨਾਲ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਦੀ ਸ਼ਖ਼ਸੀਅਤ ’ਤੇ ਹੋਰ ਵੀ ਮਾੜਾ ਅਸਰ ਪਿਆ।

ਦਵਿੰਦਰਪਾਲ ਸਿੰਘ ਭੁੱਲਰ ਦੀ ਫ਼ਾਂਸੀ ਦੀ ਸਜ਼ਾ ਦੀ ਮੁਆਫ਼ੀ ਵਾਸਤੇ ਬਾਦਲ ਟੌਹੜਾ ਇਕੱਠੇ ਹੋਏ

ਬਾਦਲ ਤੇ ਟੌਹੜਾ ਇਕ ਦੂਜੇ ਦੇ ‘ਵੈਰੀ’ ਬਣੇ ਹੋਏ ਸਨ ਪਰ ਖਾੜਕੂ ਦਵਿੰਦਰਪਾਲ ਸਿੰਘ ਭੁੱਲਰ ਜਿਸ ਨੂੰ (ਗੁੰਡਾ ਕਿਸਮ ਦੇ ਬੁਰਛਾਗਰਦ ਮਨਜਿੰਦਰ ਬਿੱਟਾ ’ਤੇ ਹਮਲੇ ਦੇ ਸਬੰਧ ਵਿਚ) ਭਾਰਤ ਦੀ ਸੁਪਰੀਮ ਕੋਰਟ ਨੇ ਧੱਕੇ ਨਾਲ ਫ਼ਾਂਸੀ ਦੀ ਸਜ਼ਾ ਦੇਣ ’ਤੇ ਮੁਹਰ ਲਾਈ ਸੀ, ਦੀ ਮੁਆਫ਼ੀ ਵਾਸਤੇ ਦੋਵੇਂ ਧੜੇ ਸੈਂਟਰ ਦੇ ਵਜ਼ੀਰਾਂ ਨੂੰ ਮਿਲਣ ਵਾਸਤੇ ਗਏ। 25 ਫ਼ਰਵਰੀ 2003 ਦੇ ਦਿਨ ਬਾਦਲ, ਟੌਹੜਾ, ਸਿਮਰਨਜੀਤ ਸਿੰਘ ਮਾਨ ਸੈਂਟਰ ਦੇ ਹੋਮ ਮਨਿਸਟਰ ਅਡਵਾਨੀ ਤੇ ਲਾਅ ਮਨਿਸਟਰ ਜੇਤਲੀ ਨੂੰ ਮਿਲੇ ਤੇ ਉਸ ਦੀ ਸਜ਼ਾ ‘ਮੁਆਫ਼’ ਕਰਨ ਵਾਸਤੇ ਅਪੀਲ ਕੀਤੀ। *(ਮਗਰੋਂ, 2014 ਵਿਚ, ਸੁਪਰੀਮ ਕੋਰਟ ਨੇ ਭੁੱਲਰ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ)*। ਉਂਞ ਬਾਦਲ ਉਹੀ ਸ਼ਖ਼ਸ ਹੈ ਜਿਸ ਨੇ ਭੁੱਲਰ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਦੀ ਮੁਖ਼ਲਾਫ਼ਤ ਕੀਤੀ ਸੀ ਤੇ ਉਸ ਨੂੰ ਇਕ ਖ਼ਤਰਨਾਕ ਦਹਿਸ਼ਤਗਰਦ ਕਿਹਾ ਸੀ।

ਬਾਦਲ ਤੇ ਟੌਹੜਾ ਫਿਰ ਇਕ ਹੋਏ

1998-99 ਵਿਚ ਇਕ ਦੂਜੇ ਦੇ ਸਭ ਤੋਂ ਵੱਡੇ ਦੁਸ਼ਮਣਾਂ ਦੇ ਤੌਰ ’ਤੇ ਵਿਚਰੇ ਬਾਦਲ ਤੇ ਟੌਹੜਾ 13 ਜੂਨ 2003 ਦੇ ਦਿਨ ਰਸਮੀ ਤੌਰ ’ਤੇ ਫਿਰ ਇਕ ਹੋ ਗਏ। ਡੇਢ ਮਹੀਨੇ ਦੀ ‘ਦਰਦ-ਭਰੀ’ ਉਡੀਕ ਮਗਰੋਂ 26 ਜੁਲਾਈ 2003 ਦੇ ਦਿਨ ਟੌਹੜਾ ਮੁੜ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣ ਗਿਆ।

ਉਂਞ ਬਾਦਲ ਤੇ ਟੌਹੜਾ ਪੂਰੇ ਸਾਢੇ ਚਾਰ ਸਾਲ ਇਕ ਦੂਜੇ ਨੂੰ ਪੰਥ ਦੇ ਗ਼ੱਦਾਰ ਕਹਿੰਦੇ ਰਹੇ। ਟੌਹੜਾ ਵਾਸਤੇ ਬਾਦਲ ਅਕਾਲ ਤਖ਼ਤ ਦਾ ਭਗੌੜਾ ਸੀ ਤੇ ਬਾਦਲ ਵਾਸਤੇ ਟੌਹੜਾ ਕਾਂਗਰਸ ਦਾ

ਏਜੰਟ। ਇਸ ਦੌਰਾਨ ਬਾਦਲ ਨੇ ਪਹਿਲਾਂ ਲੋਕ ਸਭਾ ਚੋਣਾਂ (1999 ਦਸੰਬਰ) ਤੇ ਫਿਰ ਪੰਜਾਬ ਅਸੈਂਬਲੀ (ਫ਼ਰਵਰੀ 2002) ਹਾਰ ਲਈਆਂ ਸਨ। ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਕਾਇਮ ਹੋ ਚੁਕੀ ਸੀ।

ਉਂਞ ਬਾਦਲ ਟੌਹੜਾ ਏਕਤਾ ਦੇ ਚਰਚੇ ਫ਼ਰਵਰੀ 2001 ਵਿਚ ਵੀ ਚੱਲੇ ਸਨ। 3 ਮਾਰਚ 2001 ਦੇ ਦਿਨ ਟੌਹੜਾ ਨੇ ਕਿਹਾ ਸੀ ਕਿ 'ਜੇ ਬਾਦਲ ਨਾਲ ਏਕਤਾ ਹੋਈ ਤਾਂ ਸਿਧਾਂਤਾਂ ਦੇ ਆਧਾਰ 'ਤੇ ਹੋਵੇਗੀ।' ਟੌਹੜੇ ਨੇ ਬਾਦਲ ਨੂੰ ਅਕਾਲ ਤਖ਼ਤ ਤੋਂ ਤਨਖ਼ਾਹ ਲੁਆਉਣ ਵਾਸਤੇ ਕਿਹਾ ਪਰ ਉਹ ਇਹ ਕਰਨਾ ਨਾ ਮੰਨਿਆ। ਇਸ ਮਗਰੋਂ 6 ਮਾਰਚ ਨੂੰ ਸੁਖਬੀਰ ਨੇ ਬਿਆਨ ਦੇ ਦਿੱਤਾ ਕਿ ਟੌਹੜਾ ਦਲ ਨਾਲ ਏਕਤਾ ਦੀ ਕੋਈ ਗੱਲ ਨਹੀਂ ਚਲ ਰਹੀ। ਇਨ੍ਹਾਂ ਦਿਨਾਂ ਵਿਚ ਹੀ 21 ਮਾਰਚ ਨੂੰ ਹਜ਼ੂਰ ਸਾਹਿਬ ਵਾਸਤੇ ਕਮੇਟੀ ਦੀ ਚੋਣ ਹੋਈ। ਸਿੱਖ ਐਮ.ਪੀਜ਼ ਦੇ ਕੋਟੇ ਵਿਚੋਂ 2 ਜਣੇ ਚੁਣੇ ਜਾਣੇ ਸਨ। ਇਸ ਚੋਣ ਵਿਚ ਕਾਂਗਰਸ ਤੇ ਕਮਿਊਨਿਸਟਾਂ ਨੇ ਟੌਹੜਾ ਦਾ ਪੂਰਾ ਸਾਥ ਦਿੱਤਾ। ਉਸ ਨੂੰ 10 ਅਤੇ ਉਸ ਦੇ ਸਾਥੀ ਸੁਖਦੇਵ ਸਿੰਘ ਲਿਬੜਾ ਨੂੰ 11 ਵੋਟਾਂ ਪਈਆਂ ਤੇ ਉਹ ਦੋਵੇਂ ਚੁਣੇ ਗਏ। ਇਹ ਬਾਦਲ ਦੀ ਤੀਜੀ ਹਾਰ ਸੀ।

ਇਨ੍ਹਾਂ ਦਿਨਾਂ ਵਿਚ ਟੌਹੜਾ ਬਾਦਲ ਸਮਝੌਤੇ ਦੀਆਂ ਗੱਲਾਂ ਫਿਰ ਸ਼ੁਰੂ ਹੋਈਆਂ। ਟੌਹੜਾ ਨੇ 23 ਨਵੰਬਰ 2001 ਨੂੰ ਕਿਹਾ ਕਿ ਏਕਤਾ ਵਾਸਤੇ ਬਾਦਲ ਪਹਿਲਾਂ ਅਕਾਲ ਤਖ਼ਤ ਵਾਲਾ (ਦਸੰਬਰ 1998 ਵਾਲਾ) ਹੁਕਮਨਾਮਾ ਮੰਨੇ। (ਇਸ 'ਤੇ ਵੇਦਾਂਤੀ ਨੇ ਕਿਹਾ ਕਿ 1998 ਦਾ ਹੁਕਮਨਾਮਾ ਨਹੀਂ ਅਪੀਲ ਸੀ)। ਅਗਲੇ ਦਿਨ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਿਚ ਤਲਵੰਡੀ ਦੀ ਜਗ੍ਹਾ ਕ੍ਰਿਪਾਲ ਸਿੰਘ ਬਡੂੰਗਰ ਚੁਣਿਆ ਗਿਆ। ਉਸ ਨੇ ਸੁਖਦੇਵ ਸਿੰਘ ਭੌਰ ਨੂੰ 56 ਦੇ ਮੁਕਾਬਲੇ 112 ਵੋਟਾਂ ਨਾਲ ਹਰਾਇਆ। ਤਲਵੰਡੀ ਨੇ ਵੋਟ ਪਰਚੀ ਪਾੜਦਿਆਂ ਕਿਹਾ ਕਿ ਮੈਂ ਭਨਿਆਰੇ ਦੇ ਚੇਲੇ ਨੂੰ ਵੋਟ ਨਹੀਂ ਪਾ ਸਕਦਾ। ਟੌਹੜਾ ਨੇ ਇਕ ਬਿਆਨ ਵਿਚ ਕਿਹਾ ਕਿ ਦਰਬਾਰ ਸਾਹਿਬ ਵਿਚ ਪੁਲੀਸ ਨੇ ਮੈਨੂੰ ਇਜਲਾਸ ਵਿਚ ਆਉਣ ਤੋਂ ਰੋਕਿਆ। ਇਸ ਇਜਲਾਸ ਵਿਚ ਕਈ ਮਤੇ ਪਾਸ ਹੋਏ ਪਰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾੜਨ ਜਾਂ ਭਨਿਆਰੇ ਦੇ ਖ਼ਿਲਾਫ਼ ਕੋਈ ਮਤਾ ਪਾਸ ਨਾ ਕੀਤਾ ਗਿਆ। 10 ਦਸੰਬਰ ਨੂੰ ਬਾਦਲ ਨੇ ਕਿਹਾ ਕਿ "ਸਿੱਖੀ ਨੂੰ ਲੱਗੀ ਢਾਹ ਲਈ ਸ਼੍ਰੋਮਣੀ ਕਮੇਟੀ 'ਤੇ 25 ਸਾਲ ਕਾਬਜ਼ ਰਹੇ ਲੋਕ ਜ਼ਿੰਮੇਦਾਰ ਹਨ।"

30 ਜੂਨ 2002 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਪਰਮਜੀਤ ਸਿੰਘ ਸਰਨਾ ਨੇ 46 ਵਿਚੋਂ 27 ਸੀਟਾਂ ਜਿੱਤੀਆਂ, ਬਾਦਲ ਧੜੇ ਨੂੰ 14 ਅਤੇ ਆਜ਼ਾਦ 5 ਜਿੱਤੇ। ਇਸ ਚੋਣ ਵਿਚ ਪਹਿਲਾਂ (ਭਾਈ) ਰਣਜੀਤ ਸਿੰਘ ਵੀ ਸਰਨਾ ਦੇ ਨਾਲ ਸੀ ਪਰ ਚੋਣਾਂ ਦੌਰਾਨ ਹੀ ਦੋਹਾਂ ਵਿਚ ਫ਼ਰਕ ਆ ਗਏ। ਰਣਜੀਤ ਸਿੰਘ ਸਿਰਫ਼ ਆਪਣੇ ਉਮੀਦਵਾਰਾਂ ਦੇ ਹਲਕਿਆਂ ਵਿਚ ਹੀ ਗਿਆ। ਰਣਜੀਤ ਸਿੰਘ ਦੀ ਆਪਣੀ ਸੱਕੀ ਭੈਣ ਪ੍ਰਕਾਸ਼ ਕੌਰ ਬਾਦਲ ਧੜੇ ਦੀ ਉਮੀਦਵਾਰ ਸੀ। ਰਣਜੀਤ ਸਿੰਘ ਉਥੇ ਵੀ ਨਾ ਗਿਆ। ਨਾਮਜ਼ਦਗੀਆਂ ਵਾਲੇ ਦਿਨ 16 ਜੁਲਾਈ ਨੂੰ ਰਣਜੀਤ ਸਿੰਘ ਤੇ ਸਰਨਾ ਵੱਖ ਵੱਖ ਸਨ ਵਰਨਾ ਸਰਨਾ ਧੜਾ ਦੋਵੇਂ ਸੀਟਾਂ ਜਿੱਤ ਜਾਂਦਾ। ਖ਼ੈਰ ਨਾਮਜ਼ਦਗੀਆਂ ਮਗਰੋਂ ਸਰਨਾ ਨਾਲ 29, ਬਾਦਲ ਨਾਲ 16 ਤੇ ਰਣਜੀਤ ਸਿੰਘ ਨਾਲ 6 ਮੈਂਬਰ ਸਨ। 24 ਜੁਲਾਈ 2002 ਨੂੰ ਹੋਈ ਚੋਣ ਵਿਚ ਸਰਨਾ ਪ੍ਰਧਾਨ ਚੁਣਿਆ ਗਿਆ। ਇਹ ਬਾਦਲ ਦੀ ਚੌਥੀ ਹਾਰ ਸੀ।

ਜੁਲਾਈ 2002 ਵਿਚ ਅੰਮ੍ਰਿਤਸਰ ਦੇ ਸਾਬਕਾ ਡਿਪਟੀ ਕਮਿਸ਼ਨਰ ਸਰਬਜੀਤ ਸਿੰਘ ਦੀ ਕਿਤਾਬ 'ਕਾਲੀ ਗਰਜ' ਛਪੀ। ਇਸ ਵਿਚ ਉਸ ਨੇ ਕਿਹਾ: ਟੌਹੜਾ ਨੂੰ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਦਾ ਪਤਾ ਸੀ। ਟੌਹੜਾ ਨੇ ਬੂਟਾ ਸਿੰਘ ਦੇ ਕਹਿਣ 'ਤੇ ਗਰਮ ਖਿਆਲੀ ਗ੍ਰੰਥੀ ਲਾਏ ਸਨ। 1986 ਦੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਚੋਣ ਵਿਚ ਬੂਟਾ ਸਿੰਘ ਨੇ ਟੌਹੜੇ ਦੀ ਮਦਦ ਕੀਤੀ ਸੀ। *(ਪਰ, ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਕਿਤਾਬ ਝੂਠ ਨਾਲ ਭਰੀ ਹੋਈ ਸੀ ਤੇ ਇਸ ਵਿਚ ਬਹੁਤਾ ਹਿੱਸਾ ਸਰਕਾਰ ਦੇ ਐਕਸ਼ਨ ਸਹੀ ਠਹਿਰਾਉਣਾ ਸੀ)।*

ਇਸ ਕਿਤਾਬ ਦੇ ਛਪਣ 'ਤੇ 17 ਜੁਲਾਈ 2002 ਦੇ ਦਿਨ ਬਾਦਲ ਨੇ ਕਿਹਾ ਸੀ "ਟੌਹੜਾ ਨੇ ਸਦਾ ਸੂਹੀਆ ਏਜੰਸੀਆਂ ਤੇ ਕਾਂਗਰਸੀਆਂ ਨਾਲ ਮਿਲ ਕੇ ਪਾਵਨ ਅਸਥਾਨਾਂ ਨੂੰ ਵਰਤਿਆ।" 3 ਅਗਸਤ 2002 ਦੇ ਦਿਨ ਬਾਦਲ ਨੇ ਕਿਹਾ "ਟੌਹੜਾ ਤੇ ਰਵੀਇੰਦਰ ਕਾਂਗਰਸੀ ਜਬਰ ਦੇ ਕੁਹਾੜੇ ਦੇ ਦਸਤੇ ਹਨ।" ਇਸ 'ਤੇ ਟੌਹੜਾ ਗਰੁੱਪ ਦੇ ਕੁਝ ਵਰਕਰਾਂ ਨੇ 23 ਸਤੰਬਰ 2002 ਦੇ ਦਿਨ ਬਿਆਨ ਦਿੱਤਾ ਕਿ ਅਸੀਂ ਬਾਦਲ ਦਾ ਘੇਰਾਓ ਕਰਾਂਗੇ। ਇਸ ਦੇ ਜਵਾਬ ਵਿਚ ਮਹਿਤਾ ਚਾਵਲਾ ਫ਼ੈਡਰੇਸ਼ਨ ਨੇ ਕਿਹਾ ਕਿ ਅਸੀਂ ਕਿਸੇ ਕੀਮਤ 'ਤੇ ਵੀ ਅਜਿਹਾ ਨਹੀਂ ਕਰਨ ਦੇਵਾਂਗੇ।

2002 ਵਿਚ ਜਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਨਵੰਬਰ ਵਿਚ ਹੋਣ ਵਾਲੀ ਸੀ। ਟੌਹੜਾ ਧੜੇ ਦੇ ਇੰਦਰਜੀਤ ਸਿੰਘ ਜ਼ੀਰਾ ਨੇ ਆਪਣੇ ਰਿਸ਼ਤੇਦਾਰ ਡੀ.ਜੀ.ਪੀ. ਭੁੱਲਰ ਰਾਹੀਂ ਮੈਂਬਰਾਂ ਨੂੰ ਡਰਾ ਧਮਕਾ ਕੇ ਬਾਦਲ ਦੇ ਖ਼ਿਲਾਫ਼ ਕਰਨ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ। ਇਸ ਨੂੰ ਮਗਰੋਂ ਅਮਰਿੰਦਰ ਸਿੰਘ ਨੇ ਵੀ ਹਿਮਾਇਤ ਦੇ ਦਿੱਤੀ। ਇਸ 'ਤੇ ਬਾਦਲ ਨੇ ਇਕ ਬਿਆਨ ਵਿਚ ਕਿਹਾ "ਟੌਹੜੇ ਦਾ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਨ ਦਾ ਸੁਪਨਾ ਸਾਕਾਰ ਨਹੀਂ ਹੋਣ ਦੇਵਾਂਗੇ।" ਬਾਦਲ ਨੇ ਸ਼੍ਰੋਮਣੀ ਕਮੇਟੀ ਦਾ ਇਜਲਾਸ 12 ਨਵੰਬਰ ਨੂੰ ਸੱਦ ਲਿਆ। ਮੈਂਬਰਾਂ ਨੂੰ ਸਰਕਾਰੀ ਅਸਰ ਤੋਂ ਬਚਾਉਣ ਵਾਸਤੇ ਉਹ ਉਨ੍ਹਾਂ ਨੂੰ ਬਾਲਾਸਰ (ਹਰਿਆਣਾ) ਵਿਚ ਆਪਣੇ ਫ਼ਾਰਮ 'ਤੇ ਲੈ ਗਿਆ ਜਿੱਥੋਂ ਉਹ 98 ਮੈਂਬਰਾਂ ਨੂੰ ਚੋਣ ਵਾਲੇ ਦਿਨ ਹਵਾਈ ਜਹਾਜ਼ ਵਿਚ ਬਿਠਾ ਕੇ ਲਿਆਇਆ। ਬਾਦਲ ਧੜੇ ਨੇ ਕਿਸੇ ਵਿਚੋਲੇ ਰਾਹੀਂ ਸੋਨੀਆ ਗਾਂਧੀ ਤਕ ਪਹੁੰਚ ਕਰ ਲਈ ਸੀ ਜਿਸ ਨਾਲ ਅਮਰਿੰਦਰ ਸਿੰਘ ਨੇ ਹੱਥ ਪਿੱਛੇ ਖਿੱਚ ਲਿਆ, ਵਰਨਾ ਟੌਹੜਾ ਧੜਾ ਜਿਤਾਉਣ ਵਾਸਤੇ ਬਾਦਲ ਧੜੇ ਦੇ ਕੁਝ ਮੈਂਬਰ ਜ਼ਰੂਰ ਗ਼ਾਇਬ ਕਰ ਦਿੱਤੇ ਜਾਣੇ ਸਨ। ਵੋਟਾਂ ਪੈਣ 'ਤੇ ਬਾਦਲ ਧੜੇ ਦੇ ਕ੍ਰਿਪਾਲ ਸਿੰਘ ਬਡੂੰਗਰ ਨੂੰ 91 (12 ਵੋਟਾਂ ਦਾ ਅਜੇ ਅਦਾਲਤ ਵਿਚ ਕੇਸ ਸੀ) ਅਤੇ ਵੀਰ ਸਿੰਘ (ਟੌਹੜਾ ਧੜੇ) ਨੂੰ 68 ਵੋਟਾਂ ਪਈਆਂ, ਯਾਨਿ ਬਾਦਲ ਕੋਲ 113 ਮੈਂਬਰ ਅਜੇ ਵੀ ਸਨ। ਇੰਞ ਟੌਹੜਾ ਧੜਾ ਇਕ ਵਾਰ ਫੇਰ ਮਾਤ ਖਾ ਗਿਆ। ਬਾਦਲ ਨੇ ਇਕ ਬਿਆਨ ਵਿਚ ਕਿਹਾ ਕਿ "ਜੇ ਸੋਨੀਆ ਨਾ ਘੂਰਦੀ ਤਾਂ ਕੈਪਟਨ ਸਾਨੂੰ ਅੰਮ੍ਰਿਤਸਰ ਹੀ ਨਾ ਵੜਨ ਦੇਂਦਾ। ਹੁਣ ਟੌਹੜਾ ਆਪਣੇ ਦਲ ਦਾ ਨਾਂ ਅਕਾਲੀ ਦਲ ਕਾਂਗਰਸ ਰਖ ਲਵੇ।" ਹਾਰਨ ਮਗਰੋਂ ਟੌਹੜਾ ਨੇ ਕਿਹਾ "ਮੈਨੂੰ ਤਿੰਨ ਜਾਗੀਰਦਾਰਾਂ (ਬਾਦਲ, ਅਮਰਿੰਦਰ, ਸਿਮਰਨਜੀਤ) ਤੇ ਚਾਰ ਸਰਕਾਰਾਂ (ਦਿੱਲੀ, ਪੰਜਾਬ, ਹਰਿਆਣਾ, ਹਿਮਾਂਚਲ) ਨੇ ਹਰਾਇਆ ਹੈ।"

ਚਾਰ ਮੌਕਿਆਂ 'ਤੇ ਹਾਰਨ ਮਗਰੋਂ ਬਾਦਲ ਪਹਿਲੀ ਵਾਰ ਜਿੱਤਿਆ ਸੀ। ਪਰ ਬਾਦਲ ਅਜੇ ਵੀ ਡਰਦਾ ਸੀ। ਅਮਰਿੰਦਰ ਸਿੰਘ ਨੇ ਅਜੇ ਪੰਜਾਬ ਵਿਚ ਚਾਰ ਸਾਲ ਹਕੂਮਤ ਕਰਨੀ ਸੀ। ਸ਼੍ਰੋਮਣੀ ਕਮੇਟੀ ਬਾਦਲ ਤੋਂ ਕਦੇ ਵੀ ਖੋਹੀ ਜਾ ਸਕਦੀ ਸੀ। ਇਸ ਕਰ ਕੇ ਇਸ ਚੋਣ ਤੋਂ ਸਿਰਫ਼ ਤਿੰਨ

ਮਹੀਨੇ ਮਗਰੋਂ ਹੀ ਬਾਦਲ ਨੇ ਟੌਹੜਾ ਨਾਲ ਏਕਤਾ ਕਰਨ ਦਾ ਮਨ ਬਣਾ ਲਿਆ। ਇਸ ਵਿਚ ਵਧੇਰੇ ਰੋਲ ਮਨਜੀਤ ਸਿੰਘ ਕਲਕੱਤਾ, ਮਹੇਸ਼ਇੰਦਰ ਸਿੰਘ ਗਰੇਵਾਲ, ਹਰਮੇਲ ਸਿੰਘ ਟੌਹੜਾ ਦਾ ਸੀ। ਉਹ ਸ਼੍ਰੋਮਣੀ ਕਮੇਟੀ ਦੇ ਨਿਜ਼ਾਮ ਦਾ ਫ਼ਾਇਦਾ ਲੈਣਾ ਚਾਹੁੰਦੇ ਸਨ। ਤਿੰਨ ਮਹੀਨੇ ਪਹਿਲਾਂ ਦਾ 'ਕਾਂਗਰਸੀ' ਟੌਹੜਾ ਹੁਣ 'ਪੰਥਕ' ਬਣ ਰਿਹਾ ਸੀ। 8 ਮਾਰਚ 2003 ਦੇ ਦਿਨ ਟੌਹੜਾ ਦੇ ਘਰ ਉਸ ਦੇ ਨਿੱਜੀ ਅਖੰਡ ਪਾਠ ਦੇ ਭੋਗ 'ਤੇ ਮਨਜੀਤ ਸਿੰਘ ਕਲਕੱਤਾ ਨੇ ਚੁਪਚਾਪ ਬਾਦਲ, ਢੀਂਡਸਾ ਵ਼ਗੈਰਾ ਸੱਦ ਲਏ ਸਨ। 5 ਅਪ੍ਰੈਲ ਨੂੰ ਏਕਤਾ ਦੀਆਂ ਰਸਮੀ ਗੱਲਾਂ ਸ਼ੁਰੂ ਹੋ ਗਈਆਂ ਸਨ। ਫਿਰ ਵੀ ਟੌਹੜਾ ਨੇ 6 ਅਪ੍ਰੈਲ ਨੂੰ ਨਿਮ੍ਹਾ ਜਿਹਾ ਦਬਕਾ ਮਾਰਿਆ ਕਿ 'ਸਿਧਾਂਤਾਂ ਤੋਂ ਹਟ ਕੇ ਏਕਤਾ ਸੰਭਵ ਨਹੀਂ'। ਉਧਰ ਟੌਹੜਾ ਦੇ ਸਾਥੀਆਂ ਤਲਵੰਡੀ, ਰਵੀਇੰਦਰ, ਵਡਾਲਾ ਤੇ ਜਸਬੀਰ ਸਿੰਘ ਰੋਡੇ ਨੇ 24 ਅਪ੍ਰੈਲ ਨੂੰ ਇਸ ਏਕਤਾ ਦੀ ਭਰਪੂਰ ਵਿਰੋਧਤਾ ਕੀਤੀ।

ਟੌਹੜਾ ਨੇ ਐਵੇਂ ਮੂੰਹ ਰੱਖਣ ਵਾਸਤੇ ਇਕ-ਅੱਧ ਵਾਰ ਨਿੱਕਾ ਮੋਟਾ ਦਬਕਾ ਮਾਰਿਆ। ਉਸ ਨੇ 14 ਮਈ ਨੂੰ ਕਿਹਾ ਕਿ 'ਏਕਤਾ ਵਾਸਤੇ ਬਾਦਲ ਦਾ ਅਕਾਲ ਤਖ਼ਤ 'ਤੇ ਪੇਸ਼ ਹੋਣਾ ਜ਼ਰੂਰੀ ਹੈ।' 17 ਮਈ ਨੂੰ ਬਾਦਲ ਨੇ ਕਿਹਾ ਕਿ ਟੌਹੜਾ (ਉਹੀ ਜਿਹੜਾ ਤਿੰਨ ਮਹੀਨੇ ਪਹਿਲਾਂ ਕਾਂਗਰਸ ਦਾ ਏਜੰਟ ਸੀ) ਨਾਲ ਏਕਤਾ ਜ਼ਰੂਰ ਹੋਵੇਗੀ। 18 ਮਈ ਨੂੰ ਬਾਦਲ ਨੇ ਵੇਦਾਂਤੀ ਨੂੰ ਖ਼ਤ ਲਿਖਣ ਦਾ ਡਰਾਮਾ ਕੀਤਾ ਤਾਂ ਜੋ ਏਕਤਾ ਅਕਾਲ ਤਖ਼ਤ ਦੇ ਜ਼ਿੰਮੇ ਮੜ੍ਹੀ ਜਾ ਸਕੇ। ਵੇਦਾਂਤੀ ਨੇ ਟੌਹੜਾ ਤੇ ਬਾਦਲ ਨੂੰ 5 ਜੂਨ ਨੂੰ ਤਖ਼ਤ 'ਤੇ ਸੱਦ ਲਿਆ। ਬੀਮਾਰ ਹੋਣ ਕਰ ਕੇ ਟੌਹੜਾ ਤਾਂ ਨਾ ਗਿਆ ਪਰ ਬਾਦਲ ਚਲਾ ਗਿਆ। ਵੇਦਾਂਤੀ ਨੇ ਬਾਦਲ ਨੂੰ ਅਖੰਡ ਪਾਠ ਕਰਵਾਉਣ ਤੇ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਉਣ ਵਾਸਤੇ ਕਿਹਾ (ਕਿਸ ਗੱਲ ਦੀ ਇਹ ਨਹੀਂ ਦੱਸਿਆ)। ਅਗਲੇ ਦਿਨ ਹੀ ਟੌਹੜੇ ਨੇ ਕਿਹਾ "ਬਾਦਲ ਦੇ ਅਕਾਲ ਤਖ਼ਤ 'ਤੇ ਪੇਸ਼ ਹੋਣ ਨਾਲ ਹੀ ਏਕਤਾ ਹੋ ਗਈ ਹੈ।" 13 ਜੂਨ ਨੂੰ ਰਸਮੀ 'ਏਕਤਾ' ਦਾ ਐਲਾਨ ਵੀ ਕਰ ਦਿੱਤਾ ਗਿਆ।(ਇਸ 'ਏਕਤਾ' ਮਗਰੋਂ ਟੌਹੜਾ ਨੂੰ 43 ਦਿਨ ਤਕ ਬਡੂੰਗਰ ਨੇ ਤਰਸਾ-ਤਰਸਾ ਕੇ ਅਖ਼ੀਰ 26 ਜੁਲਾਈ 2003 ਦੇ ਦਿਨ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਬਣਾ ਦਿੱਤਾ)।

31 ਜੁਲਾਈ ਨੂੰ ਅਡਵਾਨੀ ਨੇ ਇਕ ਬਿਆਨ ਵਿਚ ਕਿਹਾ ਕਿ ਬਾਦਲ ਟੌਹੜਾ ਏਕਤਾ ਅਕਾਲੀ ਦਲ ਤੇ ਭਾਜਪਾ ਦੋਹਾਂ ਵਾਸਤੇ ਲਾਹੇਵੰਦੀ ਹੈ। 5 ਅਗਸਤ ਨੂੰ ਮਨਜੀਤ ਸਿੰਘ ਕਲਕੱਤਾ ਨੂੰ ਸ਼੍ਰੋਮਣੀ ਕਮੇਟੀ ਦਾ ਆਨਰੇਰੀ ਚੀਫ਼ ਸੈਕਟਰੀ ਲਾ ਦਿੱਤਾ ਗਿਆ *(ਜਿਹੜਾ ਮਗਰੋਂ ਹਰਬੇਅੰਤ ਸਿੰਘ ਸਕੱਤਰ ਨੇ ਹਾਈ ਕੋਰਟ ਵਿਚ ਚੈਲੰਜ ਕਰ ਦਿੱਤਾ। ਹਰਬੇਅੰਤ ਨੇ ਝੂਠੇ ਸਰਟੀਫ਼ਿਕੇਟ ਨਾਲ ਨੌਕਰੀ ਲਈ ਹੋਈ ਸੀ। ਟੌਹੜੇ ਨੇ ਉਸ ਨੂੰ ਇਸ ਕੇਸ ਵਿਚ ਚਾਰਜ ਕਰ ਕੇ ਨੌਕਰੀ ਤੋਂ ਕੱਢ ਦਿੱਤਾ ਪਰ ਟੌਹੜੇ ਦੇ ਮਰਨ ਮਗਰੋਂ ਜਾਗੀਰ ਕੌਰ ਨੇ ਉਸ ਨੂੰ ਦੋਬਾਰਾ ਰੱਖ ਲਿਆ)।*

ਦਿੱਲੀ ਵਿਚ ਪਰਮਜੀਤ ਸਿੰਘ ਸਰਨਾ ਦੀ ਚੜ੍ਹਤ

ਜਦ 1999 ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਗੁਰਚਰਨ ਸਿੰਘ ਟੌਹੜਾ ਨੂੰ ਖੁੱਡੇ ਲਾਈਨ ਲਾ ਦਿੱਤਾ ਤਾਂ ਦਿੱਲੀ ਵਿਚ ਪਰਮਜੀਤ ਸਿੰਘ ਸਰਨਾ ਤੇ ਉਸ ਦੇ ਸਾਥੀਆਂ ਨੇ ਟੌਹੜਾ ਨੂੰ ਮਾਨ-ਸਨਮਾਨ ਦੇ ਕੇ ਉਸ ਵਿਚ ਜਾਨ ਭਰੀ ਰੱਖੀ। 30 ਜੂਨ 2002 ਦੇ ਦਿਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿਚ ਪਰਮਜੀਤ ਸਿੰਘ ਸਰਨਾ ਨੇ 46 ਵਿਚੋਂ 27 ਸੀਟਾਂ ਜਿੱਤੀਆਂ, ਬਾਦਲ ਧੜੇ ਦੇ 14 ਅਤੇ ਆਜ਼ਾਦ 5 ਜਿੱਤੇ। ਸਰਨਾ ਦੀ ਇਸ ਜਿੱਤ ਵਿਚ ਟੌਹੜਾ ਦਾ

ਕੋਈ ਰੋਲ ਨਹੀਂ ਸੀ। ਪਰ ਪੰਜਾਬ ਵਿਚ ਟੌਹੜਾਂ ਦੇ ਕਮਜ਼ੋਰ ਹੋਣ ਮਗਰੋਂ ਸਰਨਾ ਗਰੁੱਪ ਦੀ ਜਿੱਤ ਨੇ ਉਸ ਨੂੰ ਕੁਝ ਹੌਸਲਾ ਬਖ਼ਸ਼ਿਆ। ਪਰ ਇਸ ਮੌਕੇ ’ਤੇ ਸਰਨਾ ਨੇ ਸ਼ਰੇਆਮ ਐਲਾਨਿਆ ਕਿ ‘ਦਿੱਲੀ ਅਕਾਲੀ ਦਲ ਟੌਹੜਾ ਅਕਾਲੀ ਦਲ ਨਾਲ ਸਬੰਧਤ ਨਹੀਂ ਹੈ ਤੇ ਇਸ ਦੀ ਸੁਤੰਤਰ ਹੋਂਦ ਹੈ।’

24 ਜੁਲਾਈ 2002 ਦੇ ਦਿਨ ਪਰਮਜੀਤ ਸਿੰਘ ਸਰਨਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣ ਗਿਆ। ਜਦ 2003 ਵਿਚ ਟੌਹੜਾ ਨੇ ਬਾਦਲ ਨਾਲ ਸਮਝੌਤਾ ਕੀਤਾ ਤਾਂ ਉਸ ਨੇ ਸਰਨਾ ਦੀ ਕੁਰਬਾਨੀ ਦੇਣ ਦੀ ਵੀ ਕੋਸ਼ਿਸ਼ ਕੀਤੀ। ਸਰਨਾ ਟੌਹੜਾ ਗਰੁੱਪ ਨਹੀਂ ਸੀ। ਪਰ ਜਦ ਟੌਹੜਾ, ਅਤੇ ਖ਼ਾਸ ਕਰ ਕੇ ਮਨਜੀਤ ਸਿੰਘ ਕਲਕੱਤਾ, ਨੇ ਪਰਮਜੀਤ ਸਿੰਘ ਸਰਨਾ ’ਤੇ ਨਾਜਾਇਜ਼ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਸਰਨਾ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਦਲ ਟੌਹੜਾ ਦਲ ਦਾ ਹਿੱਸਾ ਨਹੀਂ ਹੈ ਬਲਕਿ ਆਜ਼ਾਦ ਹੈ ਤੇ ਇਸ ਦੀ ਆਜ਼ਾਦ ਹੋਂਦ ਕਾਇਮ ਰਹੇਗੀ। 7 ਜੁਲਾਈ 2003 ਦੇ ਦਿਨ ਪਰਮਜੀਤ ਸਿੰਘ ਸਰਨਾ ਦੇ ਭਰਾ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਅਸੀਂ ਟੌਹੜਾ ਦਲ ਦੀ ਯੂਨਿਟ ਨਹੀਂ ਹਾਂ।

ਇਨ੍ਹੀਂ ਦਿਨੀਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਸਾਲਾਨਾ ਚੋਣ ਹੋਣ ਵਾਲੀ ਸੀ। ਬਾਦਲ ਨੇ ਇਹ ਚੋਣ ਜਿੱਤਣ ਵਾਸਤੇ ਸਾਰਾ ਜ਼ੋਰ ਲਾ ਦਿੱਤਾ। ਇਸ ’ਤੇ ਸਰਨਾ ਨੇ ਕਾਂਗਰਸੀ ਮੈਂਬਰ ਪ੍ਰਹਲਾਦ ਸਿੰਘ ਚੰਡੋਕ ਨਾਲ ਸਮਝੌਤਾ ਕਰ ਲਿਆ ਤੇ ਉਸ ਨੂੰ ਪ੍ਰਧਾਨਗੀ ਦਾ ਸਾਂਝਾ ਉਮੀਦਵਾਰ ਮੰਨ ਲਿਆ। 24 ਸਤੰਬਰ 2003 ਦੇ ਦਿਨ ਚੰਡੋਕ ਬਾਦਲ ਦਲ ਦੇ ਮਨਮੋਹਨ ਸਿੰਘ ਸਚਦੇਵਾ ਨੂੰ 22 ਦੇ ਮੁਕਾਬਲੇ 27 ਵੋਟਾਂ ’ਤੇ ਹਰਾ ਕੇ ਪ੍ਰਧਾਨ ਬਣ ਗਿਆ। ਇਸ ਮੌਕੇ ’ਤੇ ਮਨਜੀਤ ਸਿੰਘ ਕਲਕੱਤਾ ਨੇ ਪਰਮਜੀਤ ਸਿੰਘ ਸਰਨਾ ਨੂੰ ਕਾਂਗਰਸ ਦਾ ਟਾਊਟ ਕਹਿ ਕੇ ਉਸ ਦੇ ਖ਼ਿਲਾਫ਼ ਬਹੁਤ ਪ੍ਰਚਾਰ ਕੀਤਾ ਤੇ ਬਾਦਲ ਦੀ ਖ਼ੁਸ਼ੀ ਹਾਸਿਲ ਕੀਤੀ। ਪਰ ਸਰਨਾ ਨੇ ਇਸੇ ਦਿਨ ਇਕ ਬਿਆਨ ਵਿਚ ਕਿਹਾ ਕਿ “ਅਕਾਲੀ ਹੋਣ ਬਾਰੇ ਮੈਨੂੰ ਟੌਹੜਾ ਬਾਦਲ ਤੋਂ ਸਰਟੀਫ਼ਿਕੇਟ ਲੈਣ ਦੀ ਲੋੜ ਨਹੀਂ।” ਇਨ੍ਹਾਂ ਦਿਨਾਂ ਵਿਚ ਮਨਜੀਤ ਸਿੰਘ ਕਲਕੱਤਾ ਨੇ ਇਹ ਵੀ ਕਿਹਾ “ਸਰਨਾ ਕਾਗਰਸ ਦੇ ਨੇੜੇ ਹੋ ਕੇ ਸਿਆਸੀ ਖ਼ੁਦਕੁਸ਼ੀ ਵਲ ਜਾ ਰਿਹਾ ਹੈ।” ਇਸ ’ਤੇ ਹਰਵਿੰਦਰ ਸਿੰਘ ਸਰਨਾ ਨੇ ਕਿਹਾ ਕਿ “ਅਕਾਲੀ ਦਲ ਬਾਦਲ ਬੀ.ਜੇ.ਪੀ. ਨਾਲ ਰਲ ਕੇ ਸਿਆਸੀ ਖ਼ੁਦਕੁਸ਼ੀ ਵਲ ਜਾ ਰਿਹਾ ਹੈ।”

ਉਧਰ ਪ੍ਰਧਾਨ ਬਣਨ ਤੋਂ ਕੁਝ ਚਿਰ ਮਗਰੋਂ ਹੀ ਚੰਡੋਕ ਸਰਨਾ ਨੂੰ ਵੀ ਟਿੱਚ ਜਾਣਨ ਲਗ ਪਿਆ। ਅਗਲੇ ਸਾਲ ਸਰਨਾ ਨੇ ਬਾਦਲ ਦਲ ਨਾਲ ਸੌਦਾਬਾਜ਼ੀ ਕਰ ਲਈ ਤੇ 22 ਨਵੰਬਰ 2004 ਦੀ ਪ੍ਰਧਾਨਗੀ ਚੋਣ ਵਿਚ ਸਰਨਾ ਪ੍ਰਧਾਨ ਤੇ ਰਵਿੰਦਰ ਸਿੰਘ ਖੁਰਾਣਾ, ਜੋ ਭਾਜਪਾ ਦਾ ਸੀਨੀਅਰ ਵਰਕਰ ਵੀ ਸੀ, (ਬਾਦਲ ਧੜਾ ਵੱਲੋਂ) ਜਨਰਲ ਸਕੱਤਰ ਬਣੇ। ਸਰਨਾ ਤੇ ਬਾਦਲ ਦਲ ਦੀ ਏਕਤਾ ਬਹੁਤੀ ਦੇਰ ਕਾਇਮ ਨਾ ਰਹੀ। ਨਵੰਬਰ 2004 ਵਿਚ ਸਰਨਾ ਸੋਨੇ ਦੀ ਪਾਲਕੀ ਨਾਨਕਾਣਾ ਸਾਹਿਬ ਲਿਜਾ ਰਿਹਾ ਸੀ ਤਾਂ ਉਸ ਦੇ ਸਰਹੱਦ ਪਾਰ ਕਰਦਿਆਂ ਹੀ ਜਨਰਲ ਸਕੱਤਰ ਰਵਿੰਦਰ ਸਿੰਘ ਖੁਰਾਣਾ ਨੇ ਚੋਣ ਦਾ ਐਲਾਨ ਕਰ ਦਿੱਤਾ। ਸਰਨਾ ਨੇ ਇਸ ਵਾਰ ਵੀ ਬਾਦਲ ਧੜੇ ਨੂੰ ਮਾਤ ਦੇ ਦਿੱਤੀ। 18 ਦਸੰਬਰ 2004 ਨੂੰ ਬਾਦਲ ਦਲ ਨੂੰ ਹਾਰ ਦਾ ਪੂਰਾ ਯਕੀਨ ਸੀ। ਇਸ ਕਰ ਕੇ ਉਸ ਨੇ ਵੇਦਾਂਤੀ ਕੋਲੋਂ ਚੋਣ ਮੁਲਤਵੀ ਕਰਵਾਉਣ ਵਾਸਤੇ ‘ਆਦੇਸ਼’ (ਹੁਕਮਨਾਮਾ ਨਹੀਂ) ਵੀ ਜਾਰੀ ਕਰਵਾਇਆ ਪਰ ਸਰਨਾ ਨੇ ਕਾਨੂੰਨੀ ਤਰੀਕੇ ਨਾਲ ਚੋਣ ਕਰਵਾ ਦਿੱਤੀ। 19 ਦਸੰਬਰ ਨੂੰ ਹਰਵਿੰਦਰ ਸਿੰਘ ਸਰਨਾ ਪ੍ਰਧਾਨ ਬਣ ਗਿਆ। ਅਗਲੀਆਂ ਆਮ ਚੋਣਾਂ ਵਿਚ 2007 ਵਿਚ ਸਰਨਾ

ਦੇ ਅਕਾਲੀ ਦਲ ਨੂੰ ਫਿਰ ਜਿੱਤ ਹਾਸਿਲ ਹੋਈ।

ਦਰਬਾਰ ਸਾਹਿਬ ਵਿਚ ਬੀਬੀਆਂ ਦੇ ਹੱਕਾਂ ਦਾ ਮਸਲਾ

ਜਨਵਰੀ 2003 ਵਿਚ ਇੰਗਲੈਂਡ ਤੋਂ ਬੀਬੀ ਮਜਿੰਦਰਪਾਲ ਕੌਰ ਦਰਬਾਰ ਸਾਹਿਬ ਅੰਮ੍ਰਿਤਸਰ ਆਈ। ਉਸ ਨੇ ਰਾਤ ਵੇਲੇ ਦਰਬਾਰ ਸਾਹਿਬ ਤੋਂ ਅਕਾਲ ਤਖ਼ਤ ਸਾਹਿਬ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਲਿਜਾਣ ਵਾਲੀ ਪਾਲਕੀ ਨੂੰ ਮੋਢਾ ਦੇਣ ਦੀ ਕੋਸ਼ਿਸ਼ ਕੀਤੀ। ਇਸ ਮੌਕੇ ’ਤੇ ਹਾਜ਼ਰ ਸੇਵਾਦਾਰਾਂ ਚਪੜਾਸੀਆਂ, ਚੌਕੀਦਾਰਾਂ ਤੇ ਹੋਰਨਾਂ) ਨੇ ਬੀਬੀ ਨੂੰ ਧੱਕ ਕੇ ਪਰ੍ਹਾਂ ਕਰ ਦਿੱਤਾ। ਇਸ ਮਸਲੇ ਨੂੰ ਪਹਿਲਾਂ ਤਾਂ ‘ਭੀੜ ਵਿਚ ਔਰਤਾਂ ਨਾਲ ਮਰਦਾਂ ਵੱਲੋਂ ਬਦਤਮੀਜ਼ੀ/ਅਸ਼ਲੀਲ ਹਰਕਤਾਂ ਹੋਣ ਦੇ ਬਹਾਨੇ ਨਾਲ ਉਨ੍ਹਾਂ ਨੂੰ ਇਸ ਸੇਵਾ ਤੋਂ ਰੋਕਿਆ ਗਿਆ। ਪਰ ਛੇਤੀ ਹੀ ਇਹ ਬਿਆਨ ਆਉਣੇ ਸ਼ੁਰੂ ਹੋ ਗਏ ਕਿ ਬੀਬੀਆਂ ਦਰਬਾਰ ਸਾਹਿਬ ਦੀ ਕਿਸੇ ਸੇਵਾ ਵਿਚ ਹਿਸਾ ਨਹੀਂ ਲੈ ਸਕਦੀਆਂ: ਉਹ ਕੀਰਤਨ ਨਹੀਂ ਕਰ ਸਕਦੀਆਂ, ਉਹ ਸਫ਼ਾਈ-ਧੁਆਈ ਵਿਚ ਹਿੱਸਾ ਨਹੀਂ ਲੈ ਸਕਦੀਆਂ, ਉਹ ਪਾਹੁਲ ਨਹੀਂ ਦੇ ਸਕਦੀਆਂ (ਅੰਮ੍ਰਿਤ ਨਹੀਂ ਛਕਾ ਸਕਦੀਆਂ)।

ਇਸ ਮਸਲੇ ’ਤੇ ਵੇਦਾਂਤੀ ਤੇ ਵੈਸ਼ਨੋ ਸੋਚ ਦੇ ਸਾਧਾਂ, ਡੇਰਿਆਂ ਅਤੇ ਜੱਥਿਆਂ ਨੇ ਬੀਬੀਆਂ ਦੇ ਹੱਕਾਂ ਦਾ ਵਿਰੋਧ ਕੀਤਾ। ਪਰ ਦੂਜੇ ਪਾਸੇ ਮਿਸ਼ਨਰੀਆਂ ਅਤੇ ਵਿਦਵਾਨਾਂ ਨੇ ਇਸ ਦੇ ਹੱਕ ਵਿਚ ਜਹਾਦ ਖੜ੍ਹਾ ਕਰ ਦਿੱਤਾ। ਅਕਾਲੀਆਂ ਵਿਚੋਂ ਜਾਗੀਰ ਕੌਰ, ਮਨਜੀਤ ਸਿੰਘ ਗ੍ਰੰਥੀ ਕੇਸਗੜ੍ਹ ਤੇ ਕੁਝ ਹੋਰ ਆਗੂ ਵੀ ਬੀਬੀਆਂ ਦੇ ਨਾਲ ਖੜ੍ਹੇ ਹੋਏ।

ਕ੍ਰਿਪਾਲ ਸਿੰਘ ਬਡੂੰਗਰ ਨੇ ਪ੍ਰਧਾਨ ਹੁੰਦਿਆਂ ਇਸ ਮਸਲੇ ’ਤੇ ਵਿਚਾਰ ਕਰਨ ਵਾਸਤੇ ਇਕ ਕਮੇਟੀ ਬਣਾ ਦਿੱਤੀ ਸੀ। ਇਸ ਕਮੇਟੀ ਦੀ ਛੇ ਮਹੀਨੇ ਮੀਟਿੰਗ ਹੀ ਨਾ ਹੋ ਸਕੀ। ਗੁਰਚਰਨ ਸਿੰਘ ਟੌਹੜਾ ਨੇ 25 ਨਵੰਬਰ 2003 ਨੂੰ ਇਹ ਕਮੇਟੀ ਤੋੜ ਦਿੱਤੀ ਅਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਕਲਕੱਤਾ ਨੇ ਬੀਬੀਆਂ ਦੇ ਹੱਕਾਂ ਦੀ ਮੁਖ਼ਾਲਫ਼ਤ ਕਰਦਿਆਂ ਇਸੇ ਦਿਨ ਕਿਹਾ ਕਿ “ਦਰਬਾਰ ਸਾਹਿਬ ਦੀ ਮਰਿਆਦਾ ਵੱਖਰੀ ਹੈ। ਇੱਥੇ ਭਾਈ ਮਨੀ ਸਿੰਘ ਦੇ ਵੇਲੇ ਦਾ ਦਸਤੂਰ-ਇ-ਅਮਲ ਲਾਗੂ ਹੁੰਦਾ ਹੈ।” ਮਨਜੀਤ ਸਿੰਘ ਕਲਕੱਤਾ ਨੂੰ ਇਹ ਵੀ ਨਹੀਂ ਸੀ ਪਤਾ ਕਿ ‘ਦਸਤੂਰ-ਇ-ਅਮਲ’ 1859 ਵਿਚ ਅੰਗ੍ਰੇਜ਼ਾਂ ਵੇਲੇ ਇਕ ਕਮੇਟੀ ਨੇ ਬਣਾਇਆ ਸੀ ਜਿਸ ਦਾ ਮੁਖੀ ਗ਼ੱਦਾਰ ਬ੍ਰਾਹਮਣ ਤੇਜ ਰਾਮ (ਸਿੰਘ) ਸੀ ਅਤੇ ਇਸ ‘ਦਸਤੂਰ-ਇ-ਅਮਲ’ ਵਿਚ ਸਿਰਫ਼ ਪੁਜਾਰੀਆਂ ਦੀਆਂ ਡਿਊਟੀਆਂ ਅਤੇ ਚੜ੍ਹਾਵੇ ਵਿਚੋਂ ਹਿੱਸੇ ਦੀ ਵੰਡ ਬਾਰੇ ਹਦਾਇਤਾਂ ਸਨ। ਉਸ ਨੂੰ ਇਹ ਵੀ ਨਹੀਂ ਸੀ ਪਤਾ ਕਿ ਕਦੇ ਜੱਸਾ ਸਿੰਘ ਆਹਲੂਵਾਲੀਆ ਦੀ ਮਾਤਾ ਵੀ ਦਰਬਾਰ ਸਹਿਬ ਵਿਚ ਕੀਰਤਨ ਕਰਦੀ ਹੁੰਦੀ ਸੀ। ਕਲਕੱਤਾ ਵਾਂਗ ਬਹੁਤੇ ਸਿੱਖ ਆਗੂ ਤਵਾਰੀਖ਼ ਤੇ ਫ਼ਲਸਫ਼ੇ ਬਾਰੇ ਅਕਸਰ ਅਣਜਾਣ ਹੁੰਦੇ ਹਨ।

ਜਾਗੀਰ ਕੌਰ ਨੇ ਤਾਂ 23 ਅਗਸਤ 2004 ਦੇ ਦਿਨ ਬੀਬੀਆਂ ਦੇ ਪੰਜ ਪਿਆਰਿਆਂ ਵਿਚ ਸ਼ਾਮਿਲ ਹੋਣ ਦੀ ਹਿਮਾਇਤ ਵੀ ਕੀਤੀ (ਹਾਲਾਂ ਕਿ ਇਹ ਅਕਾਲ ਤਖ਼ਤ ਦੀ ਰਹਿਤ ਮਰਿਆਦਾ ਵਿਚ ਇਹ ਪਹਿਲਾਂ ਹੀ ਲਿਖਿਆ ਹੋਇਆ ਹੈ)। ਪਰਮਜੀਤ ਸਿੰਘ ਸਰਨਾ ਨੇ ਵੀ ਇਕ ਵਾਰ ਤਾਂ ਇਸ ਦੀ ਮੁਖ਼ਾਲਫ਼ਤ ਕੀਤੀ ਪਰ ਜਦੋਂ ਉਸ ਨੂੰ ਯਾਦ ਦਿਵਾਇਆ ਗਿਆ ਕਿ ਜਦ ਉਹ ਨੇ ਆਪਣੇ ਧੀਆਂ ਤੇ ਪੁੱਤਾਂ ਨੂੰ ਖੰਡੇ ਦੀ ਪਾਹੁਲ ਦਿਵਾਈ ਤਾਂ ਉਨ੍ਹਾਂ ਪੰਜ ਪਿਆਰਿਆਂ ਵਿਚ ਇਕ ਬੀਬੀ ਵੀ

ਸ਼ਾਮਿਲ ਸੀ, ਤਾਂ ਉਹ ਚੁੱਪ ਕਰ ਗਿਆ।

ਜੋਗਿੰਦਰ ਸਿੰਘ (ਵੇਦਾਂਤੀ) ਅਤੇ ਕਾਲਾ ਅਫ਼ਗਾਨਾ

ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਇਕ ਸਾਬਕ ਪੁਲਿਸ ਅਫ਼ਸਰ ਸੀ। ਉਹ ਪੰਜ ਕੁ ਸਾਲ ਤੋਂ ਕੈਨੇਡਾ ਵਿਚ ਬੈਠ ਕੇ ਕੁਝ ਕਿਤਾਬਾਂ ਲਿਖ ਅਤੇ ਛਾਪ ਰਿਹਾ ਸੀ। ਇਹ ਲੜੀ 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦਸ ਜਿਲਦਾਂ ਵਿਚ ਛਪੀ ਸੀ। ਗੁਰਬਖ਼ਸ਼ ਸਿੰਘ ਦਰਅਸਲ ਕੋਈ ਲੇਖਕ ਜਾਂ ਵਿਦਵਾਨ ਨਹੀਂ ਸੀ। ਉਹ ਇਕ ਆਮ ਪੁਲਸੀਆ ਸੀ, ਜਿਸ 'ਤੇ ਕੁਰੱਪਸ਼ਨ ਦੇ ਕਈ ਕੇਸ ਚਲਦੇ ਰਹੇ ਸਨ। 1972 ਤੋਂ 1980 ਤਕ ਉਸ 'ਤੇ ਕੁਰੱਪਸ਼ਨ ਦੇ ਕਈ ਕੇਸ ਦਰਜ ਹੋਏ ਸਨ, ਇਨ੍ਹਾਂ ਵਿਚੋਂ ਇਕ ਵਿਚ ਉਸ ਨੂੰ ਕੈਦ ਦੀ ਸਜ਼ਾ ਵੀ ਹੋਈ ਸੀ। ਓਹ ਕੈਦ ਭੁਗਤਣ ਦੀ ਬਜਾਇ ਭਗੌੜਾ ਹੋ ਗਿਆ ਅਤੇ ਕੈਨੇਡਾ ਪੁੱਜ ਗਿਆ। ਉਹ ਕੈਨੇਡਾ ਜਾ ਕੇ ਟੋਪਾਜ਼ ਗੁਰਦੁਆਰੇ ਵਿਚ ਗ੍ਰੰਥੀ ਬਣ ਗਿਆ। ਉੱਥੇ ਉਸ 'ਤੇ ਇਕ ਇਖ਼ਲਾਕੀ ਮੁਕੱਦਮਾ ਚੱਲਿਆ ਸੀ, ਜਿਸ ਵਿਚ ਉਸ ਨੂੰ 10 ਹਜ਼ਾਰ ਡਾਲਰ ਜੁਰਮਾਨਾ ਹੋਇਆ ਸੀ।

ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਬਾਰੇ ਇਹ ਚਰਚਾ ਵੀ ਚਲਾਇਆ ਗਿਆ ਕਿ ਇਹ ਕਿਤਾਬਾਂ ਕਿਸੇ ਸਿੱਖ-ਦੁਸ਼ਮਣ ਏਜੰਸੀ ਵੱਲੋਂ ਲਿਖ ਕੇ ਕਾਲਾ ਅਫ਼ਗਾਨਾਂ ਦੇ ਨਾਂ ਹੇਠ ਛਪਵਾਈਆਂ ਗਈਆਂ ਸਨ। ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਵਿਚ ਜਿਥੇ ਕਰਮ-ਕਾਂਡ ਅਤੇ ਪਾਖੰਡ ਦੇ ਖ਼ਿਲਾਫ਼ ਦਲੀਲਾਂ ਦਿੱਤੀਆਂ ਹੋਈਆਂ ਸਨ, ਉੱਥੇ ਇਨ੍ਹਾਂ ਵਿਚ ਸਿੱਖ ਪੰਥ ਦੀਆਂ ਮੁੱਢਲੀਆਂ ਇੰਸਟੀਚਿਊਸ਼ਨਜ਼ 'ਤੇ ਹਮਲੇ ਵੀ ਕੀਤੇ ਹੋਏ ਸਨ। ਇਹ ਸੱਚਮੁੱਚ ਇਤਰਾਜ਼ ਵਾਲੀ ਗੱਲ ਸੀ। ਪਰ, ਜਿਨ੍ਹਾਂ ਨੇ ਉਸ ਦੀ ਮੁਖ਼ਾਲਫ਼ਤ ਕੀਤੀ ਉਨ੍ਹਾਂ ਦਾ ਕਾਰਨ ਉਸ ਦੇ ਸਿੱਖ ਇੰਸਟੀਚਿਊਸ਼ਨਜ਼ ਬਾਰੇ ਲਿਖੇ ਫ਼ਿਕਰੇ ਨਹੀਂ ਬਲਕਿ ਜੱਥਾ ਭਿੰਡਰਾਂ-ਮਹਿਤਾ ਅਤੇ ਅਖੰਡ ਕੀਰਤਨੀ ਜੱਥਾ ਤੇ ਉਨ੍ਹਾਂ ਦੇ ਮੁਖੀਆਂ ਦੇ ਖ਼ਿਲਾਫ਼ ਲਿਖੀਆਂ ਗੱਲਾਂ ਸਨ; ਯਾਨਿ ਇਹ ਇਤਰਾਜ਼ ਕਬਾਇਲੀ ਸੋਚ ਦੇ ਸਨ।

ਕਾਲਾ ਅਫ਼ਗਾਨਾ ਦੀਆਂ ਲਿਖਤਾਂ 'ਤੇ ਸਭ ਤੋਂ ਪਹਿਲਾ ਇਤਰਾਜ਼ 3 ਜੂਨ 2002 ਦੇ ਦਿਨ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਮਹਿਤਾ ਚਾਵਲਾ) ਵੱਲੋਂ ਉਠਾਇਆ ਗਿਆ। ਕਈ ਸਿੱਖ ਵਿਦਵਾਨਾਂ ਤੇ ਲੇਖਕਾਂ ਨੇ ਇਸ 'ਤੇ ਇਤਰਾਜ਼ ਕੀਤਾ ਤਾਂ ਇਹ ਕੇਸ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਹਵਾਲੇ ਕਰ ਦਿੱਤਾ ਗਿਆ। (ਗਿਆਨੀ) ਜੋਗਿੰਦਰ ਸਿੰਘ ਨੇ ਕਾਲਾ ਅਫ਼ਗਾਨਾ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰ ਲਿਆ। ਕਾਲਾ ਅਫ਼ਗਾਨਾ ਨੇ ਬਹਾਨਾ ਲਾਇਆ ਕਿ ''ਮੈਂ ਬਜ਼ੁਰਗ ਹਾਂ ਤੇ ਦੂਜਾ ਮੇਰੇ 'ਤੇ ਕਈ ਮੁਕੱਦਮੇ ਦਰਜ ਹਨ ਤੇ ਮੈਨੂੰ ਭਾਰਤ ਆਉਂਦਿਆਂ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।'' (ਗਿਆਨੀ) ਜੋਗਿੰਦਰ ਸਿੰਘ ਨੇ ਸਿੱਧੀ ਪੇਸ਼ੀ ਦੀ ਬਜਾਇ ਕਾਲਾ ਅਫ਼ਗਾਨਾ ਨੂੰ ਵੀਡੀਓ-ਕਾਨਫ਼ਰੰਸਿੰਗ ਰਾਹੀਂ ਉਸ ਦੀ ਜਾਵਬ ਤਲਬੀ ਕਰਨ ਦੀ ਸਹੂਲਤ ਦੇਣ ਦਾ ਐਲਾਨ ਕਰ ਦਿੱਤਾ। ਪਰ ਇਹ ਵੀਡੀਓ ਕਾਨਫ਼ਰੰਸਿੰਗ 18 ਫ਼ਰਵਰੀ 2003 ਦੇ ਦਿਨ ਹੋਣ ਤੋਂ ਇਕ ਦਿਨ ਪਹਿਲਾਂ ਹੀ ਬਿਨਾਂ ਕਾਰਨ 'ਕੈਂਸਲ' ਕਰ ਦਿੱਤੀ ਗਈ ਅਤੇ ਕਾਲਾ ਅਫ਼ਗਾਨਾ ਨੂੰ ਖ਼ੁਦ ਪੇਸ਼ ਹੋਣ ਵਾਸਤੇ 'ਹੁਕਮ' ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਕਿ ਉਹ ਪੇਸ਼ ਹੁੰਦਾ 5 ਅਪ੍ਰੈਲ 2003 ਦੇ ਦਿਨ ਕਾਲਾ ਅਫ਼ਗਾਨਾ ਦੀਆਂ ਕਿਤਾਬਾਂ ਦੀ ਛਪਾਈ ਅਤੇ ਵੇਚ 'ਤੇ ਪਾਬੰਦੀ ਲਾ ਦਿੱਤੀ ਗਈ। ਇਸ ਮਗਰੋਂ 10 ਜੁਲਾਈ 2003 ਦੇ ਦਿਨ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ

ਨੂੰ ਅਖੌਤੀ ਤੌਰ 'ਤੇ 'ਪੰਥ ਚੋਂ ਖ਼ਾਰਿਜ' ਕਰ ਦਿੱਤਾ ਗਿਆ।

ਕਈ ਵਿਦਵਾਨਾਂ ਨੂੰ ਕਾਲਾ ਅਫ਼ਗਾਨਾ ਦੀਆਂ ਲਿਖਤਾਂ ਦੇ ਕੁਝ ਫ਼ਿਕਰਿਆਂ 'ਤੇ ਇਤਰਾਜ਼ ਹਨ, ਪਰ ਜਿਸ ਤਰੀਕੇ ਨਾਲ ਉਸ ਨੂੰ ਅਖੌਤੀ ਤੌਰ 'ਤੇ 'ਪੰਥ ਚੋਂ ਖ਼ਾਰਿਜ' ਕੀਤਾ ਗਿਆ, ਉਸ ਨਾਲ ਕੋਈ ਵੀ ਇਕ ਰਾਏ (ਸਹਿਮਤ) ਨਹੀਂ ਸੀ। ਪਹਿਲਾਂ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵਿਚ (ਜਥੇਦਾਰ ਤਲਵੰਡੀ ਦੀ ਪ੍ਰਧਾਨਗੀ ਵੇਲੇ) ਵੀ ਕਾਲਾ ਅਫ਼ਗਾਨਾ ਦੇ ਖ਼ਿਲਾਫ਼ ਮਤਾ ਪਾਸ ਹੋਣ ਲੱਗਾ ਸੀ, ਪਰ ਜਗਮੋਹਣ ਸਿੰਘ ਗਿਆਨੀ ਲੁਧਿਆਣਾ ਤੇ ਕੁਝ ਹੋਰ ਮਿਸ਼ਨਰੀਆਂ ਨੇ ਹੱਥ-ਪੈਰ ਮਾਰ ਕੇ ਇਸ ਐਲਾਨ ਨੂੰ ਰੁਕਵਾ ਲਿਆ ਸੀ। ਦੂਜਾ, 18 ਫ਼ਰਵਰੀ 2003 ਦੇ ਦਿਨ ਵੀਡੀਓ ਕਾਨਫ਼ਰੰਸਿੰਗ ਰੱਖ ਕੇ ਇਸ ਨੂੰ ਮੁਤਲਵੀ ਹੀ ਨਹੀਂ, ਬਲਕਿ ਕੈਂਸਲ ਕਰਨਾ ਗ਼ਲਤ ਸੀ। ਤੀਜਾ, ਗੁਰਤੇਜ ਸਿੰਘ ਬਰਾੜ (ਸਾਬਕਾ ਆਈ.ਏ.ਐਸ.) ਨੇ ਕਾਲਾ ਅਫ਼ਗਾਨਾ ਦੇ ਨੁਮਾਇੰਦੇ ਵਜੋਂ ਪੇਸ਼ ਹੋਣਾ ਚਾਹਿਆ ਤਾਂ ਉਸ ਨੂੰ ਇਜਾਜ਼ਤ ਨਹੀਂ ਦਿੱਤੀ ਗਈ, ਇਹ ਵੀ ਠੀਕ ਨਹੀਂ ਸੀ। ਚੌਥਾ, 2002-03 ਵਿਚ ਕਾਲਾ ਅਫ਼ਗਾਨਾ ਨੇ ਬਹੁਤ ਸਾਰੇ ਲੇਖ ਲਿਖ ਕੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ) ਵੱਲੋਂ ਐਡਿਟ ਕੀਤੀ ਕਿਤਾਬ ''ਗੁਰ ਬਿਲਾਸ ਪਾਤਸ਼ਾਹੀ ਛੇਵੀਂ'' ਵਿਚਲੀ ਪੰਥ-ਘਾਤਕ ਸਮੱਗਰੀ ਦਾ ਪਾਜ ਉਘਾੜਿਆ ਸੀ। ਸਾਫ਼ ਨਜ਼ਰ ਆ ਰਿਹਾ ਸੀ ਕਿ (ਗਿਆਨੀ) ਜੋਗਿੰਦਰ ਸਿੰਘ ਨਿੱਜੀ ਗ਼ੁੱਸਾ ਕੱਢਣ ਵਾਸਤੇ ਕਾਲਾ ਅਫ਼ਗਾਨਾ ਨੂੰ 'ਪੰਥ 'ਚੋਂ ਖ਼ਾਰਿਜ' ਕਰਨਾ ਚਾਹੁੰਦਾ ਸੀ। ਕਾਲਾ ਅਫ਼ਗਾਨਾ ਦੇ ਮਸਲੇ 'ਤੇ ਵਰਤਿਆ ਗਿਆ ਪੈਂਤੜਾ ਮਨਜੀਤ ਸਿੰਘ ਵੱਲੋਂ ਪਿਸ਼ੌਰਾ ਸਿੰਘ ਅਤੇ ਅਮਰਜੀਤ ਗਰੇਵਾਲ ਦੇ ਮਾਮਲੇ ਨਾਲੋਂ ਬਿਲਕੁਲ ਵੱਖਰਾ ਸੀ। ਇਸ ਕਾਰਨ ਦਾਲ ਵਿਚ ਕੁਝ ਕਾਲਾ-ਕਾਲਾ ਨਜ਼ਰ ਆਉਂਦਾ ਸੀ। *(ਨੋਟ: ਇਸ ਪੈਰੇ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਅਕਾਲ ਤਖ਼ਤ ਦੇ ਗ੍ਰੰਥੀ ਜਾਂ ਸੇਵਾਦਾਰ ਕਿਸੇ ਨੂੰ 'ਪੰਥ ਚੋਂ ਖਾਰਿਜ' ਕਰਨ ਦਾ ਹੱਕ ਰਖਦੇ ਹਨ)।*

ਕਾਲਾ ਅਫ਼ਗਾਨਾ ਨੇ ਇਸ 'ਖ਼ਾਰਿਜ' ਕਰਨ ਦੇ 'ਹੁਕਮ' ਦੀ ਕੋਈ ਪਰਵਾਹ ਨਾ ਕੀਤੀ। ਉਨ੍ਹੀਂ ਦਿਨੀਂ ਸਿੱਖ ਵਿਦਵਾਨ ਵੀ ਇਸ ਮਸਲੇ 'ਤੇ ਦੋ ਧੜਿਆਂ ਵਿਚ ਵੰਡ ਗਏ। ਕਾਲਾ ਅਫ਼ਗਾਨਾ ਦੇ ਹਿਮਾਇਤੀ ਜੋਗਿੰਦਰ ਸਿੰਘ (ਵੇਦਾਂਤੀ) ਦੇ ਖ਼ਿਲਾਫ਼ ਸ਼ਰੇਆਮ ਉਠ ਪਏ। ਦੂਜੇ ਪਾਸੇ ਚੰਦ ਇਕ ਲੇਖਕ ਕਾਲਾ ਅਫ਼ਗਾਨਾ ਖ਼ਿਲਾਫ਼ 'ਐਕਸ਼ਨ' ਦੀ ਹਿਮਾਇਤ ਵੀ ਕਰਨ ਲੱਗ ਪਏ। ਉਂਵ ਸਾਰੇ ਮਿਸ਼ਨਰੀ ਅਤੇ ਟਕਸਾਲੀ ਲੇਖਕ ਤੇ ਬਹੁਤੇ ਵਿਦਵਾਨ ਕਾਲਾ ਅਫ਼ਗਾਨਾ ਦੇ ਖ਼ਿਲਾਫ਼ ਲਾਏ ਗਏ ਐਕਸ਼ਨ ਦੇ 'ਤਰੀਕੇ' ਦੇ ਖ਼ਿਲਾਫ਼ ਸਨ।

ਮੋਹਾਲੀ ਕਨਵੈਨਸ਼ਨ 26 ਅਕਤੂਬਰ 2003

ਕਾਲਾ ਅਫ਼ਗਾਨਾ ਨੂੰ 'ਖ਼ਾਰਿਜ' ਕਰਨ ਵੇਲੇ ਕਿਰਪਾਲ ਸਿੰਘ ਬੰਡੂਗਰ ਪ੍ਰਧਾਨ ਸੀ, ਫਿਰ ਕੁਝ ਦਿਨ ਅਲਵਿੰਦਰਪਾਲ ਸਿੰਘ ਪੱਖੋਕੇ ਐਕਟਿੰਗ ਪ੍ਰਧਾਨ ਰਿਹਾ। 25 ਜੁਲਾਈ 2003 ਦੇ ਦਿਨ ਗੁਰਚਰਨ ਸਿੰਘ ਟੌਹੜਾ ਮੁੜ ਪ੍ਰਧਾਨ ਬਣ ਗਿਆ। ਇਨ੍ਹੀਂ ਦਿਨੀਂ ਕਾਲਾ ਅਫ਼ਗਾਨਾ ਨਾਲ ਹਮਦਰਦੀ ਰੱਖਣ ਵਾਲਿਆਂ ਨੇ ਉਸ ਮਸਲੇ 'ਤੇ 'ਸਰਬਤ ਖ਼ਾਲਸਾ ਕਾਨਫ਼ਰੰਸ' ਬੁਲਾਉਣ ਦਾ ਐਲਾਨ ਕਰ ਦਿੱਤਾ। ਦਰਅਸਲ ਸਿੱਖ ਮਿਸ਼ਨਰੀ ਅਜਿਹੀ ਇਕ ਕਨਵੈਨਸ਼ਨ ਕਰਨ ਦਾ ਇਰਾਦਾ ਪਹਿਲੋਂ ਹੀ ਰਖਦੇ ਸਨ, ਪਰ ਹੁਣ ਕਾਲਾ ਅਫ਼ਗਾਨਾ ਦੇ ਮਸਲੇ ਨਾਲ ਇਸ ਕਨਵੈਸ਼ਨ ਕੋਲ ਇਕ ਵਕਤੀ ਮੁੱਦਾ ਵੀ ਆ ਗਿਆ। ਇਸ ਕਨਵੈਨਸ਼ਨ ਦੇ ਪਿਛੋਕੜ ਵਿਚ ਦੂਜਾ ਵੱਡਾ ਹੱਥ ਹਰਦੇਵ ਸਿੰਘ

ਸ਼ੇਰਗਿੱਲ ਦਾ ਸੀ, ਜੋ ਸਾਧਾਂ ਹੱਥੋਂ ਠੱਗੇ ਜਾਣ ਮਗਰੋਂ ਇਨ੍ਹਾਂ ਸਾਧਾਂ ਅਤੇ ਹੋਰ ਡੇਰੇਦਾਰਾਂ ਦੇ ਖ਼ਿਲਾਫ਼ ਮੋਰਚਾ ਲਾਈ ਬੈਠਾ ਸੀ ਅਤੇ ਜਿਸ ਨੇ 'ਸਿੰਘ ਸਭਾ ਇੰਟਰਨੈਸ਼ਨਲ' ਵੀ ਬਣਾਈ ਹੋਈ ਸੀ। ਕਾਲਾ ਅਫ਼ਗਾਨਾ ਦਾ ਮੁੱਦਾ ਰਖੇ ਜਾਣ ਕਾਰਨ ਇਸ ਕਨਵੈਨਸ਼ਨ ਦੀ ਮੁਖ਼ਾਲਫ਼ਤ ਸੌਖੀ ਹੋ ਗਈ। ਭਾਵੇਂ ਕਾਲਾ ਅਫ਼ਗਾਨਾ ਨੂੰ ਗ਼ਲਤ ਤਰੀਕੇ ਨਾਲ 'ਖ਼ਾਰਿਜ' ਕੀਤਾ ਗਿਆ ਸੀ, ਪਰ ਉਸ ਨੂੰ ਖ਼ਾਰਿਜ ਕਰਨ ਦਾ ਨੁਕਤਾ ਕਾਨਫ਼ਰੰਸ ਦੇ ਏਜੰਡੇ ਵਿਚ ਸ਼ਾਮਿਲ ਹੋਣ ਕਰ ਕੇ (ਗਿਆਨੀ) ਜੋਗਿੰਦਰ ਸਿੰਘ (ਵੇਦਾਂਤੀ), ਗੁਰਚਰਨ ਸਿੰਘ ਟੌਹੜਾ, ਮਨਜੀਤ ਸਿੰਘ ਕਲਕੱਤਾ ਤੇ ਬਾਦਲ ਅਕਾਲੀ ਦਲ ਦੇ ਹੋਰ ਸਰਗਰਮ ਵਰਕਰ ਸ਼ਰੇਆਮ ਇਸ ਕਨਵੈਨਸ਼ਨ ਦੇ ਖ਼ਿਲਾਫ਼ ਉਠ ਖੜੇ ਹੋਏ ਤੇ ਉਨ੍ਹਾਂ ਨੇ ਸੈਮੀਨਾਰ, ਇਕੱਠ, ਪ੍ਰੈਸ ਕਾਨਫ਼ਰੰਸਾਂ ਕਰ ਕੇ ਇਸ ਕਾਨਫ਼ਰੰਸ ਦੇ ਖ਼ਿਲਾਫ਼ 'ਜਹਾਦ' ਜਿਹਾ ਖੜ੍ਹਾ ਕਰ ਲਿਆ। ਡਾ. ਹਰਜਿੰਦਰ ਸਿੰਘ ਦਿਲਗੀਰ ਨੇ ਨਿਜੀ ਤੌਰ 'ਤੇ ਸ: ਤਰਸੇਮ ਸਿੰਘ ਦਿੱਲੀ ਤੇ ਹੋਰਾਂ ਦੀ ਮਦਦ ਨਾਲ ਇਸ ਦਾ ਸਾਂਝਾ ਹੱਲ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਟੌਹੜਾ ਧੜੇ ਨੇ ਤਾਂ ਪਲਾਨਿੰਗ ਹੀ ਕੀਤੀ ਹੋਈ ਸੀ, ਇਸ ਕਰ ਕੇ ਉਹ ਮੰਨ-ਮੰਨ ਕੇ ਵੀ ਮੁਕਰਦੇ ਰਹੇ। ਪਰ, ਅਕਾਲੀਆਂ ਵਿਚੋਂ ਸਿਰਫ਼ ਜਗਦੇਵ ਸਿੰਘ ਤਲਵੰਡੀ ਨੇ ਇਸ ਕਾਨਫ਼ਰੰਸ ਦੀ ਅਸਿੱਧੀ ਹਿਮਾਇਤ ਕੀਤੀ।

24 ਤਾਰੀਖ਼ ਤਕ ਹਾਲਾਤ ਇਹ ਬਣ ਗਏ ਸਨ ਕਿ ਕਨਵੈਨਸ਼ਨ ਕਰਨ ਵਾਲਿਆਂ ਕੋਲ ਇਕੱਠ ਕਰਨ ਵਾਸਤੇ ਕੋਈ ਥਾਂ ਤਕ ਵੀ ਨਹੀਂ ਸੀ। ਸ਼੍ਰੋਮਣੀ ਕਮੇਟੀ ਤੇ ਬਾਦਲ ਦਲ ਦੇ ਆਗੂਆਂ ਨੇ ਆਪਣੇ ਅਸਰ ਰਸੂਖ, ਧਮਕੀਆਂ ਅਤੇ ਡਰਾਵੇ ਨਾਲ ਦਾਰਾ ਸਟੂਡੀਓ, ਭਾਈ ਜਸਬੀਰ ਸਿੰਘ ਖੰਨਾ ਦਾ ਸੁਹਾਣਾ ਵਾਲਾ ਗੁਰਦੁਆਰਾ, ਸ਼ਿਵਾਲਿਕ ਸਕੂਲ, ਸਾਰੇ ਹੀ ਅਦਾਰਿਆਂ ਦੇ 'ਮਾਲਕਾਂ' ਨੂੰ ਥਾਂ ਦੇਣ ਤੋਂ ਰੋਕ ਲਿਆ। ਅਖ਼ੀਰ ਅਦਾਲਤੀ ਹੁਕਮਾਂ ਨਾਲ ਸਿਰਫ਼ ਕੁਝ ਘੰਟੇ ਪਹਿਲਾਂ ਹਾਈਕੋਰਟ ਤੋਂ ਕਾਨੂੰਨੀ ਇਜਾਜ਼ਤ ਲੈ ਕੇ ਇਹ ਕਨਵੈਨਸ਼ਨ ਮੋਹਾਲੀ ਦੇ ਇਕ ਕਮਿਊਨਿਟੀ ਹਾਲ ਵਿਚ ਕੀਤੀ ਗਈ। ਇਸ ਵਿਚ ਸੈਂਕੜੇ ਤੇ ਹਜ਼ਾਰਾਂ ਸਿੱਖ (ਵਧੇਰੇ ਕਰ ਕੇ ਮਿਸ਼ਨਰੀ, ਵਿਦਵਾਨ, ਪ੍ਰਚਾਰਕ ਤੇ ਲੇਖਕ) ਸ਼ਾਮਿਲ ਹੋਏ। ਏਨੀਆਂ ਪਾਬੰਦੀਆਂ, ਧਮਕੀਆਂ, ਰੁਕਾਵਟਾਂ ਦੇ ਬਾਵਜੂਦ, ਏਨੀ ਵੱਡੀ ਗਿਣਤੀ ਵਿਚ ਵਿਦਵਾਨਾਂ ਤੇ ਪ੍ਰਚਾਰਕਾਂ ਦਾ ਇਸ ਕਾਨਫ਼ਰੰਸ ਵਿਚ ਸ਼ਾਮਿਲ ਹੋਣਾ ਬੇਹੱਦ ਹੈਰਾਨੀ ਵਾਲੀ ਗੱਲ ਸੀ। ਇਹ ਜੋਗਿੰਦਰ ਸਿੰਘ ਵੇਦਾਂਤੀ, ਡੇਰੇਦਾਰਾਂ, ਭਿੰਡਰਾਂ-ਮਹਿਤਾ ਜੱਥਾ, ਅਖੰਡ ਕੀਰਤਨੀ ਜਥਾ, ਸ਼੍ਰੋਮਣੀ ਕਮੇਟੀ, ਬਾਦਲ ਅਕਾਲੀ ਦਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਜ਼ਬਰਦਸਤ ਹਾਰ ਸੀ। ਇਸ ਕਾਨਫ਼ਰੰਸ ਦੀ ਕਮਾਯਾਬੀ ਤੋਂ ਬੌਖ਼ਲਾ ਕੇ 27 ਅਕਤੂਬਰ ਨੂੰ ਮਨਜੀਤ ਸਿੰਘ ਕਲਕੱਤਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੀ ਇਕ ਪੈੱਸ ਕਾਨਫ਼ਰੰਸ ਵਿਚ ਕਿਹਾ ਕਿ ਇਹ ਸਾਰੀ ਸਾਜ਼ਿਸ਼ ਗੁਰਤੇਜ ਸਿੰਘ ਦੀ ਸੀ। 'ਉਹ ਸਿੱਖਾਂ ਦਾ ਸਾਲਮਨ ਰਸ਼ਦੀ ਹੈ ਤੇ ਉਸ ਤੋਂ 'ਪ੍ਰੋਫ਼ੈਸਰ ਇਮੈਰੀਟਸ ਇਨ ਸਿੱਖਇਜ਼ਮ' ਦੀ ਉਪਾਧੀ ਵਾਪਸ ਲੈ ਲਈ ਜਾਵੇਗੀ।' ਇਸੇ ਦਿਨ ਦਲ ਖਾਲਸਾ ਦੇ ਸਾਬਕਾ ਮੁਖ ਪੰਚ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ ਨੇ ਵੀ ਮੰਗ ਕੀਤੀ ਕਿ ਗੁਰਤੇਜ ਸਿੰਘ ਤੋਂ ਐਵਾਰਡ ਵਾਪਿਸ ਲੈ ਲਿਆ ਜਾਵੇ। ਪਹਿਲਾਂ ਤਾਂ ਪੰਜ ਗ੍ਰੰਥੀ ਚੁਪ ਰਹੇ ਪਰ 5 ਫ਼ਰਵਰੀ 2004 ਦੇ ਦਿਨ ਗ੍ਰੰਥੀਆਂ ਨੇ ਗੁਰਤੇਜ ਸਿੰਘ ਤੋਂ ਐਵਾਰਡ "ਵਾਪਿਸ ਲੈ ਲਿਆ"। ਹਾਲਾਂ ਕਿ ਇਹ ਐਵਾਰਡ ਅਕਾਲ ਤਖ਼ਤ ਤੋਂ ਨਹੀਂ ਮਿਲਿਆ ਸੀ ਤੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਦਿੱਤਾ ਸੀ ਸੋ ਗ੍ਰੰਥੀ ਇਹ ਵਾਪਿਸ ਨਹੀਂ ਸਨ ਲੈ ਸਕਦੇ। ਹਾਂ, ਸ਼੍ਰੋਮਣੀ ਕਮਟੀ ਜ਼ਰੂਰ ਵਾਪਿਸ ਲੈ ਸਕਦੀ ਸੀ। ਇਹ ਗ੍ਰੰਥੀ ਐਵਾਰਡ ਵਾਪਿਸ ਲੈਣ ਦੀ ਸਿਰਫ਼ ਸਿਫ਼ਾਰਿਸ਼ ਕਰ ਸਕਦੇ ਸਨ ਜੋ ਉਨ੍ਹਾਂ ਨੇ ਨਹੀਂ

ਕੀਤੀ ਸੀ।

26 ਅਕਤੂਬਰ 2003 ਦੀ ਕਾਨਫ਼ਰੰਸ ਵਿਚ ਇਕੱਠ ਤਾਂ ਭਾਵੇਂ ਹੋ ਗਿਆ, ਪਰ ਇਹ ਕੋਈ ਮਾਅਰਕਾ ਨਾ ਮਾਰ ਸਕਿਆ। ਕਾਲਾ ਅਫ਼ਗਾਨਾ ਦਾ ਮਸਲਾ ਇਸ ਵਿਚ ਵਧੇਰੇ ਹਾਵੀ ਰਿਹਾ ਤੇ ਦੋ ਮਤੇ ਵੀ ਉਸ ਦੇ ਹੱਕ ਵਿਚ ਪਾਸ ਹੋਏ। ਪਰ, ਅਸਲ ਮਿਸ਼ਨਰੀ ਮਸਲੇ, ਰਹਿਤ ਮਰਿਆਦਾ, ਪਤਿਤਪੁਣਾ ਵਗ਼ੈਰਾ ਕਾਲਾ ਅਫ਼ਗਾਨਾ ਦੇ ਮਸਲੇ ਦੀ ਧੂੜ ਵਿਚ ਛੁੱਪ ਗਏ। ਉਂਵ ਇਸ ਕਨਵੈਨਸ਼ਨ ਮਗਰੋਂ ਇਸ ਦੇ ਆਗੂਆਂ ਵਿਚ ਫੁੱਟ ਵੀ ਪੈ ਗਈ। ਜੋਗਿੰਦਰ ਸਿੰਘ 'ਸਪੋਕਸਮੈਨ' ਇਕ ਪਾਸੇ ਅਤੇ ਗੁਰਤੇਜ ਸਿੰਘ ਤੇ ਰਜਿੰਦਰ ਸਿੰਘ ਖਾਲਸਾ ਪੰਚਾਇਤ ਦੂਜੇ ਪਾਸੇ, ਇਕ ਦੂਜੇ ਦੇ ਉਲਟ ਵੀ, ਡਟ ਕੇ ਖੜੇ ਹੋ ਗਏ। ਜਗਮੋਹਣ ਸਿੰਘ ਗਿਆਨੀ, ਮਹਿੰਦਰ ਸਿੰਘ ਜੋਸ਼, ਜਨਰਲ ਨਰਿੰਦਰ ਸਿੰਘ ਅਤੇ ਲੁਧਿਆਣਾ, ਜੰਮੂ ਤੇ ਫ਼ਰੀਦਾਬਾਦ ਦੇ ਮਿਸ਼ਨਰੀ, ਦੋਹਾਂ ਤੋਂ ਵੱਖਰੇ, ਉਦਾਸ ਜਿਹੇ ਹੋ ਕੇ, ਨਿਰਪੱਖ ਰਹਿਣ ਦੀ ਕੋਸ਼ਿਸ਼ ਕਰਦੇ ਰਹੇ (ਜਾਂ ਦੋਹਾਂ ਧੜਿਆਂ ਨਾਲ ਸਬੰਧ ਰਖਦੇ ਰਹੇ)।

ਟੌਹੜਾ ਦੀ ਮੌਤ ਤੇ ਉਸ ਨੂੰ 'ਪੰਥ ਰਤਨ' ਦਾ ਖ਼ਿਤਾਬ

ਗੁਰਚਰਨ ਸਿੰਘ ਟੌਹੜਾ ਨੂੰ ਤਵਾਰੀਖ਼ ਵਿਚ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਕਰਨ ਦਾ ਸਭ ਤੋਂ ਵੱਧ ਜ਼ਿਮੇਦਾਰ ਮੰਨਿਆ ਜਾਏਗਾ। ਉਸ ਨੇ (ਤਲਵੰਡੀ ਨਾਲ ਮਿਲ ਕੇ) ਸਤੰਬਰ 1979 ਵਿਚ ਇਸ ਤਖ਼ਤ ਨੂੰ ਨਿੱਜੀ ਮੁਫ਼ਾਦ ਵਾਸਤੇ ਵਰਤਣ ਦੀ ਸ਼ੁਰੂਆਤ ਕੀਤੀ ਸੀ ਅਤੇ ਫਿਰ ਕਈ ਵਾਰ ਅਜਿਹੀ ਹਰਕਤ ਦੋਹਰਾਈ ਸੀ। ਸਿਰਫ਼ ਅਕਾਲ ਤਖ਼ਤ ਸਾਹਿਬ ਹੀ ਨਹੀਂ, ਸਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਸ ਨੇ ਆਪਣੀ ਨਿੱਜੀ ਸ਼ਾਨ ਤੇ ਤਾਕਤ ਕਾਇਮ ਰੱਖਣ ਵਾਸਤੇ ਕੁਰੱਪਸ਼ਨ, ਨਾ-ਅਹਲੀਅਤ, ਨਾਲਾਇਕੀ, ਮਨਮਤ, ਜੁਰਮ, ਪਾਪ ਤੇ ਅਧਰਮ ਦਾ ਸੈਂਟਰ ਬਣਨ ਦਿੱਤਾ। ਉਸ ਨੇ ਕਮਿਊਨਿਸਟਾਂ, ਫ਼ਿਰਕੂ ਹਿੰਦੂਆਂ ਅਤੇ ਪਤਿਤ ਸਿੱਖਾਂ ਨੂੰ ਸਕੂਲਾਂ-ਕਾਲਜਾਂ ਤੇ ਹਸਤਪਤਾਲਾਂ 'ਚ ਵੱਡੀਆਂ ਨੌਕਰੀਆਂ ਦਿੱਤੀਆਂ, ਧਰਮ ਪਰਚਾਰ ਦੇ ਕਰੋੜਾਂ ਰੁਪੈ ਖ਼ੂਹ ਖਾਤੇ ਪਾਏ। ਸੱਚ ਪੁੱਛੋ ਤਾਂ ਉਸ ਨੇ ਕੌਮ ਦੇ ਕਰੀਬ ਤਿੰਨ ਦਹਾਕੇ ਜ਼ਾਇਆ ਕਰ ਕੇ ਕੌਮ ਨੂੰ ਸੌ ਸਾਲ ਪਿੱਛੇ ਸੁੱਟ ਦਿੱਤਾ। ਮਾਰਚ 2004 ਵਿਚ ਅੰਮ੍ਰਿਤਸਰ ਸਰੋਵਰ ਦੀ ਕਾਰ-ਸੇਵਾ ਸ਼ੁਰੂ ਹੋਈ ਤਾਂ ਟੌਹੜਾ ਨੂੰ ਦਿਲ ਦਾ ਦੌਰਾ ਪਿਆ ਤੇ ਉਹ 31 ਮਾਰਚ ਤੇ ਪਹਿਲੀ ਅਪ੍ਰੈਲ ਵਿਚਲੀ ਰਾਤ ਨੂੰ ਚੜ੍ਹਾਈ ਕਰ ਗਿਆ। ਉਸ ਦਾ ਭੋਗ 11 ਅਪ੍ਰੈਲ ਨੂੰ ਪਾਇਆ ਗਿਆ, ਜਿੱਥੇ ਉਸ ਨੂੰ ਅਖੌਤੀ 'ਪੰਥ ਰਤਨ' ਦਾ 'ਖ਼ਿਤਾਬ' ਦੇਣ ਦਾ ਐਲਾਨ ਕੀਤਾ ਗਿਆ।

ਸਿਰਫ਼ ਟੌਹੜਾ ਹੀ ਨਹੀਂ ਇਨ੍ਹਾਂ ਦਿਨਾਂ ਵਿਚ ਹੋਰਨਾਂ ਨੂੰ ਵੀ ਬੇਮਾਅਨਾ ਖ਼ਿਤਾਬ ਦਿੱਤੇ ਗਏ ਸਨ। ਅਮਰੀਕਾ ਵਿਚ 7 ਅਕਤੂਬਰ 2003 ਨੂੰ ਹਰਭਜਨ ਸਿੰਘ ਯੋਗੀ ਦੀ ਮੌਤ ਹੋ ਗਈ ਤਾਂ ਉਸ ਦੀ ਘਰਵਾਲੀ ਨੂੰ 'ਸਿੰਘ ਸਾਹਿਬਾ' ਦਾ ਖ਼ਿਤਾਬ ਦਿੱਤਾ ਗਿਆ। ਮਾਰਚ 2005 ਵਿਚ ਸਿੱਖ ਫ਼ਲਸਫ਼ਾ ਵਿਗਾੜਨ ਵਾਲੇ ਸੰਤ ਸਿੰਘ ਮਸਕੀਨ ਦੀ ਮੌਤ ਹੋ ਗਈ। ਇਸ ਵੇਦਾਂਤੀ ਨੇ ਉਸ ਨੂੰ ਵੀ 'ਗੁਰਮਤਿ ਮਾਰਤੰਡ' ਦਾ ਅਖੌਤੀ ਖ਼ਿਤਾਬ ਦਿੱਤਾ। ਸ਼੍ਰੋਮਣੀ ਕਮੇਟੀ ਵੱਲੋਂ 'ਭਾਈ ਗੁਰਦਾਸ ਐਵਾਰਡ' ਵੀ ਇਸੇ ਫ਼ਲਸਫ਼ਾ-ਵਿਗਾੜ ਕੇ ਪੇਸ਼ ਕਰਨ ਵਾਲੇ ਨੂੰ 27 ਮਾਰਚ 2005 ਨੂੰ ਦਿੱਤਾ ਗਿਆ। 2006 ਵਿਚ ਜਸਬੀਰ ਸਿੰਘ ਖੰਨਾ ਦੀ ਮੌਤ ਮਗਰੋਂ ਉਸ ਨੂੰ ਵੀ 'ਪੰਥ ਰਤਨ' ਬਣਾ ਦਿੱਤਾ ਗਿਆ। ਇਸ ਨਾਲ ਇਹ ਚਰਚਾ ਚਲ ਪਿਆ ਕਿ ਹੁਣ ਬਾਦਲ, ਤਲਵੰਡੀ, ਵੇਦਾਂਤੀ ਵੀ ਮਰਨ

ਮਗਰੋਂ ਪੰਥ ਰਤਨ ਬਣਾਏ ਜਾਣਗੇ। (ਕੀ ਇੰਞ ਵੀ ਕੋਈ ਪੰਥ ਦਾ ਰਤਨ ਬਣ ਸਕਦਾ ਹੈ)?

ਜੂਨ 2004 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਐਲਾਨ ਹੋ ਗਿਆ। ਬਹੁਤ ਸਾਰੀਆਂ ਸਿੱਖ ਜਥੇਬੰਦੀਆਂ ਨੇ ਵੇਦਾਂਤੀ ਤੋਂ ਮੰਗ ਕੀਤੀ ਕਿ ਉਹ ਚੋਣਾਂ ਲੜਨ ਵਾਲੇ ਉਮੀਦਵਾਰਾਂ ਵਾਸਤੇ ਇਕ ਜ਼ਾਬਤੇ ਦਾ ਐਲਾਨ ਕਰੇ। ਪਹਿਲਾਂ ਤਾਂ ਉਹ ਟਾਲਦਾ ਰਿਹਾ, ਪਰ ਅਖ਼ੀਰ ਉਸ ਨੇ ਇਕ 'ਛੇ ਨੁਕਾਤੀ ਜ਼ਾਬਤੇ' ਦਾ ਐਲਾਨ ਕੀਤਾ ਤੇ ਨਾਲ ਹੀ ਵਿਦੇਸ਼ੀ ਦੌਰੇ 'ਤੇ ਚਲਾ ਗਿਆ। ਇਸ ਜ਼ਾਬਤੇ ਮੁਤਾਬਿਕ, ਜਿਸ ਦੇ ਘਰ ਵਿਚ ਕੋਈ ਵੀ ਪਤਿਤ ਹੈ, ਉਸ ਦੇ ਚੋਣ ਲੜਨ 'ਤੇ ਪਾਬੰਦੀ ਸੀ। ਬਾਦਲ ਦਲ ਦੇ 60 ਤੋਂ 75 ਫ਼ੀਸਦੀ ਅਤੇ ਵਿਰੋਧੀ ਧੜੇ ਦੇ 25-30 ਫ਼ੀਸਦੀ ਉਮੀਦਵਾਰ ਵੇਦਾਂਤੀ ਦੇ ਚੋਣ ਜ਼ਾਬਤੇ ਮੁਤਾਬਿਕ ਚੋਣ ਨਹੀਂ ਸਨ ਲੜ ਸਕਦੇ। ਵੇਦਾਂਤੀ ਇਸੇ ਕਰ ਕੇ ਪਰਦੇਸ ਨੂੰ ਟਿੱਬ੍ਹ ਗਿਆ ਸੀ ਤਾਂ ਜੋ ਉਸ ਨੂੰ 'ਮਜਬੂਰਨ' ਕੋਈ ਐਕਸ਼ਨ ਲੈਣ ਜਾਂ ਜਵਾਬਦੇਹੀ ਕਰਨ ਦਾ ਦਿਖਾਵਾ ਨਾ ਕਰਨਾ ਪਵੇ। ਉਂਞ ਟੂਰ ਤੋਂ ਆ ਕੇ ਵੀ ਉਸ ਨੇ ਪਤਿਤ ਪਰਿਵਾਰਾਂ ਵਾਲੇ ਉਮੀਦਵਾਰਾਂ 'ਤੇ ਕੋਈ ਵੀ ਐਕਸ਼ਨ ਨਾ ਲਿਆ।

2004 ਦੀਆਂ ਲੋਕ ਸਭਾ ਚੋਣਾਂ

2004 ਵਿਚ ਲੋਕ ਸਭਾ ਦੀਆਂ ਨਵੀਆਂ ਚੋਣਾਂ 20 ਅਪ੍ਰੈਲ ਤੋਂ 10 ਮਈ ਵਿਚਕਾਰ ਹੋਈਆਂ। ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਨੇ 145 ਸੀਟਾਂ (34.43% ਵੋਟਾਂ) ਜਿੱਤੀਆਂ; ਭਾਜਪਾ ਨੇ 138 (34.39%), ਸੀ.ਪੀ.ਐਮ. ਨੇ 43 (5.66%), ਬੀ.ਐਸ.ਪੀ. ਨੇ 19 (5.33%), ਸਮਾਜਵਾਦੀ ਪਾਰਟੀ ਨੇ 36 (4,32%), ਰਾਸ਼ਟਰੀ ਜਨਤਾ ਦਲ ਨੇ 24 (2,41%) ਜਿੱਤੀਆਂ।

ਪੰਜਾਬ ਵਿਚ ਬਾਦਲ-ਟੌਹੜਾ ਅਕਾਲੀ ਇਕੱਠੇ ਹੋਣ ਕਰ ਕੇ 13 ਵਿਚੋਂ 8 ਅਤੇ ਭਾਜਪਾ 3 ਸੀਟਾਂ ਜਿੱਤ ਗਏ। ਪਰ ਪੰਜਾਬ ਦੀਆਂ ਵੋਟਾਂ ਦੀ ਫ਼ੀਸਦੀ ਵਿਚ ਅਕਾਲੀ ਦਲ ਨੇ 34.28%, ਕਾਂਗਰਸ ਨੇ 34.17% ਤੇ ਭਾਜਪਾ ਨੇ 10.48% ਵੋਟਾਂ ਹਾਸਿਲ ਕੀਤੀਆਂ ਸਨ। ਭਾਵੇਂ ਬੀ.ਐਸ.ਪੀ. ਕੋਈ ਸੀਟ ਨਾ ਜਿਤ ਸਕੀ ਪਰ ਉਸ ਨੇ 7.67% ਵੋਟ ਹਾਸਿਲ ਕੀਤੀ ਸੀ। ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ (ਅੰਮ੍ਰਿਤਸਰ) ਨੇ 3.79% ਵੋਟ ਹਾਸਿਲ ਕੀਤੀ।

ਭਾਵੇਂ ਪੰਜਾਬ ਵਿਚ ਬਾਦਲ-ਟੌਹੜਾ ਅਕਾਲੀ ਦਲ ਨੂੰ ਵਧ ਸੀਟਾਂ ਮਿਲੀਆਂ ਪਰ ਸੈਂਟਰ ਵਿਚ ਇਸ ਦੀ ਤੇ ਇਸ ਦੇ ਹਿਮਾਇਤੀਆਂ ਦੀ ਗਿਣਤੀ 181 ਰਹਿ ਗਈ ਸੀ, ਜਦ ਕਿ ਕਾਂਗਰਸ ਨੂੰ 218 ਐਮ.ਪੀ. ਦੀ ਹਿਮਾਇਤ ਹਾਸਿਲ ਸੀ; ਕਮਿਊਨਿਸਟਾਂ ਅਤੇ ਤੀਜੇ ਮੋਰਚੇ ਨੇ ਕਾਂਗਰਸ ਦੀ ਹਿਮਾਇਤ ਕੀਤੀ ਇਸ ਕਰ ਕੇ ਉਨ੍ਹਾਂ ਨਾਲ 275 ਐਮ.ਪੀ. ਹੋ ਗਏ ਤੇ ਕਾਂਗਰਸ ਵੱਲੋਂ 22 ਮਈ 2004 ਦੇ ਦਿਨ ਮਨਮੋਹਨ ਸਿੰਘ ਪ੍ਰਾਈਮ ਮਨਿਸਟਰ ਬਣ ਗਿਆ (ਉਹ 26 ਮਈ 2014 ਤਕ ਇਸ ਅਹੁਦੇ 'ਤੇ ਰਿਹਾ)।

ਪ੍ਰਹਿਲਾਦ ਸਿੰਘ ਚੰਡੋਕ ਅਤੇ ਵੇਦਾਂਤੀ

'ਖ਼ੂਨੀ ਨਵੰਬਰ 1984' ਵਿਚ ਦਿੱਲੀ ਅਤੇ ਹੋਰ ਥਾਂਵਾਂ 'ਤੇ ਰਾਜੀਵ ਗਾਂਧੀ ਦੀ ਸ਼ਹਿ 'ਤੇ ਹਜ਼ਾਰਾਂ ਸਿੱਖਾਂ ਨੂੰ ਦੁਨੀਆਂ ਭਰ ਦੇ ਸਭ ਤੋਂ ਘਿਨਾਉਣੇ ਤਸੀਹੇ ਦੇ ਕੇ ਕਤਲ ਕੀਤਾ ਗਿਆ ਸੀ।

ਸਿੱਖਾਂ ਦੇ ਕਾਤਲਾਂ ਵਿਚ ਹੋਰਾਂ ਤੋਂ ਇਲਾਵਾ ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ ਅਤੇ ਸੱਜਨ ਕੁਮਾਰ ਵਰਗੇ ਦਿੱਲੀ ਦੇ ਸੀਨੀਅਰ ਕਾਂਗਰਸੀ ਲੀਡਰ ਵੀ ਸਨ।

ਜੂਨ 2004 ਵਿਚ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ (ਕਾਂਗਰਸੀ) ਪ੍ਰਧਾਨ ਪ੍ਰਹਿਲਾਦ ਸਿੰਘ ਚੰਡੋਕ ਨੇ ਇਕ ਕਲੱਬ ਵਿਚ ਸਿੱਖਾਂ ਦੇ ਇਸ ਵਹਿਸ਼ੀ ਕਾਤਲ ਨੂੰ ਸਿਰੋਪਾਓ ਤੇ ਕਿਰਪਾਨ ਭੇਟ ਕੀਤੀ (ਸ਼ਾਇਦ ਇਕ ਵਾਰ ਹੋਰ ਸਿੱਖਾਂ ਦਾ ਕਤਲੇਆਮ ਕਰਨ ਵਾਸਤੇ)। ਚੰਡੋਕ ਕਿਰਪਾਨ ਭੇਟ ਕਰਨ ਵੇਲੇ ਰੂਹਾਨੀ ਖ਼ੁਸ਼ੀ ’ਚ ਮੁਸਕਰਾ ਹੀ ਨਹੀਂ ਰਿਹਾ, ਖੁੱਲ੍ਹ ਕੇ ਹੱਸ ਵੀ ਰਿਹਾ ਸੀ। ਸਿੱਖ ਹਲਕਿਆਂ ਵਿਚ ਇਸ ਹਰਕਤ ਦੀ ਬੜਾ ਨਿੰਦਾ ਹੋਈ। ਲੋਕਾਂ ਨੇ ਇਸ ਨੂੰ ਸ਼ਰਮਨਾਕ ਤੇ ਬ਼ੇਗ਼ੈਰਤ ਹਰਕਤ ਕਿਹਾ। ਵੇਦਾਂਤੀ ਨੇ ਚੰਡੋਕ ਨੂੰ ਪਹਿਲਾਂ ਤਾਂ ‘ਤਲਬ’ ਹੀ ਨਹੀਂ ਕੀਤਾ, ਪਰ ਜਦ ਮਜਬੂਰਨ ਸਿੱਖ ਵਿਦਵਾਨਾਂ ਅਤੇ ਯੂਥ ਆਗੂਆਂ ਦਾ ਦਬਾਅ ਵਧਿਆ ਤਾਂ ਉਸ ਨੇ ਚੰਡੋਕ ਨੂੰ 25 ਜੁਲਾਈ 2004 ਵਾਸਤੇ ‘ਤਲਬ’ ਕਰ ਲਿਆ। ਪਤਾ ਲੱਗਾ ਕਿ ਇਸ ਤੋਂ ਪਹਿਲਾਂ ਚੰਡੋਕ ਤੇ ਵੇਦਾਂਤੀ ਵਿਚਕਾਰ ਦਿੱਲੀ ਦੇ ਇਕ ਜੱਥੇਦਾਰ ਮਨਜੀਤ ਸਿੰਘ ਰਾਹੀਂ ਸਾਰੀ ਗੱਲਬਾਤ ਤੈਅ ਹੋ ਗਈ ਸੀ। ਸੋ ਸੰਗਤ ਤੋਂ ਡਰਦਿਆਂ ਸਿੱਧੀ ਪੇਸ਼ੀ ਤੋਂ ਦੋ ਦਿਨ ਪਹਿਲਾਂ ਹੀ, ਉਹ 23 ਜੁਲਾਈ 2004 ਦੇ ਦਿਨ, ਵੇਦਾਂਤੀ ਤੇ ਹੋਰ ਗ੍ਰੰਥੀਆਂ ਕੋਲ ‘ਪੇਸ਼ ਹੋ ਗਿਆ’ ਤੇ ਲਿਖ ਕੇ ਦਿੱਤਾ ਕਿ ‘ਮੈਨੂੰ ਪਤਾ ਨਹੀਂ ਸੀ ਕਿ ਉਸ ਸਮਾਗਮ ਵਿਚ ਟਾਈਟਲਰ ਆ ਰਿਹਾ ਹੈ। ਇਸ ਕਰ ਕੇ ਮੈਂ ਗ਼ਲਤੀ ਨਾਲ ਉਸ ਨੂੰ ਸਿਰੋਪਾਓ ਭੇਟ ਕਰ ਬੈਠਾ।’ ਹਾਲਾਂਕਿ ਇਹ ਸਰਾਸਰ ਗ਼ਲਤ ਸੀ। ਇਸ ਸਮਾਗਮ ਵਾਸਤੇ 1000 ਕਾਰਡ ਛਾਪੇ ਗਏ ਸਨ, ਜਿਨ੍ਹਾਂ ਤੇ ਟਾਈਟਲਰ ਦਾ ਵੀ ਨਾਂ ਛਪਿਆ ਹੋਇਆ ਸੀ; ਫਿਰ ਚੰਡੋਕ ਖ਼ੁਦ ਕਾਂਗਰਸੀ ਸੀ ਤੇ ਉਸ ਨੂੰ ਪਤਾ ਸੀ ਕਿ ਟਾਈਟਲਰ ਕੌਣ ਹੈ। ਚੰਡੋਕ ਨੂੰ ਇਹ ਵੀ ਪਤਾ ਸੀ ਕਿ ਸਿਰੋਪਾਓ ਕੀ ਹੈ (ਕਿਉਂਕਿ ਉਹ ਪ੍ਰਧਾਨ ਸੀ); ਉਸ ਨੂੰ ਇਹ ਵੀ ਪਤਾ ਸੀ ਕਿ ਸਿਰੋਪਾਓ ਕਿਸ ਨੂੰ ਦਿੱਤਾ ਜਾ ਸਕਦਾ ਹੈ। ਉਹ ਉਸ ਵੇਲੇ ਨਾਂਹ ਵੀ ਕਰ ਸਕਦਾ ਸੀ। ਪਰ ਉਹ ਤਾਂ ‘ਦਿਲੀ ਚਾਅ ਨਾਲ’ ਸਿਰੋਪਾਓ ਦੇਂਦਾ ਤਸਵੀਰ ’ਚ ਸਾਫ਼ ਨਜ਼ਰ ਆਉਂਦਾ ਹੈ।

ਵੇਦਾਂਤੀ ਨੇ ਚੰਡੋਕ ਨੂੰ ਜ਼ਰਾ-ਮਾਸਾ, ਰੀਣ ਕੁ, ਤਨਖ਼ਾਹ ਵੀ ਨਾ ਲਾਈ ਤੇ ‘ਬਰੀ’ ਕਰ ਕੇ ਘਰ ਭੇਜ ਦਿੱਤਾ। ਇਸ ਸਾਰੇ ਘਾਲੇ-ਮਾਲੇ ਬਾਰੇ ਲੋਕਾਂ ਨੇ ਸ਼ਰੇਆਮ ਦੋਸ਼ ਲਾਏ ਕਿ ਵੇਦਾਂਤੀ ਨੇ ਲੱਖਾਂ ਰੁਪਏ ਰਿਸ਼ਵਤ ਲੈ ਕੇ ਚੰਡੋਕ ਨੂੰ ਬਰੀ ਕੀਤਾ ਸੀ। ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਜਿਵੇਂ 1998 ਵਿਚ ਅਵਤਾਰ ਸਿੰਘ ਹਿਤ ਨੇ ਇਕ ਸਕੂਲ ਨੂੰ ਨਿੱਜੀ ਬਣਾ ਕੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਧੋਖਾ ਦਿੱਤਾ ਸੀ, ਚੰਡੋਕ ਨੇ ਵੀ ਇਨ੍ਹੀਂ ਦਿਨੀਂ ਅਜਿਹਾ ਹੀ ਕੀਤਾ ਸੀ ਤੇ ਉਸ ਦੇ ਇਸ ਧੋਖੇ ਦੀ ਦਰਖ਼ਾਸਤ 22 ਤਾਰੀਖ਼ ਤਕ ਅਕਾਲ ਤਖ਼ਤ ਸਾਹਿਬ ’ਤੇ ਪੁੱਜ ਚੁੱਕੀ ਸੀ। ਇਸੇ ਕਰ ਕੇ ਮਿੱਥੀ ਹੋਈ 25 ਦੀ ਥਾਂ ਦੋ ਦਿਨ ਪਹਿਲਾਂ ਹੀ, 23 ਜੁਲਾਈ 2004 ਦੇ ਦਿਨ, ਚੰਡੋਕ ਨੂੰ ‘ਬਰੀ’ ਕਰ ਦਿੱਤਾ ਗਿਆ। ਚੰਡੋਕ ਵੱਲੋਂ ਸਕੂਲ ਦੇ ਮਾਮਲੇ ਵਿਚ ਕੀਤੀ ‘ਬੇਈਮਾਨੀ’ ਨੂੰ ਤਾਂ ਵੇਦਾਂਤੀ ਨੇ (ਇਸ ਮਗਰੋਂ ਵੀ) ਗੌਲਿਆ ਤਕ ਵੀ ਨਹੀਂ।

ਚੰਡੋਕ ਨੂੰ ‘ਬਰੀ’ ਕਰਨ ਦੀ ਹਰਕਤ ਦੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਨੇ ਅਸਿੱਧੇ ਤੌਰ ’ਤੇ ਜ਼ਬਰਦਸਤ ਨਿੰਦਾ ਕੀਤੀ। ਢੀਂਡਸਾ ਨੇ ਤਾਂ ਇਹ ਵੀ ਕਿਹਾ ਕਿ ਵੇਦਾਂਤੀ ਨੂੰ ਕੋਈ ਵੀ ਫ਼ੈਸਲਾ ਕਰਨ ਤੋਂ ਪਹਿਲਾਂ ਵਿਦਵਾਨਾਂ ਨਾਲ ਸਲਾਹ ਕਰ ਲੈਣੀ ਚਾਹੀਦੀ ਹੈ। ਉਸ ਦੀ ਮਦਦ ਵਾਸਤੇ ਬਣਿਆ ‘ਧਾਰਮਿਕ ਸਲਾਹਕਾਰ ਬੋਰਡ’ ਸਹੀ ਨਹੀਂ ਹੈ। (ਇਹ

ਸਲਾਹਕਾਰ ਬੋਰਡ ਟੌਹੜਾ ਨੇ ਅਕਤੂਬਰ 2003 ਦੀ ਪੰਥਕ ਕਨਵੈਨਸ਼ਨ ਮੋਹਾਲੀ ਦੇ ਆਗੂਆਂ ਦੀ ਮੁਖ਼ਾਲਫ਼ਤ ਕਰਨ ਵਾਸਤੇ ਕਾਹਲੀ ਨਾਲ ਰਾਤੋ-ਰਾਤ ਬਣਾਇਆ ਸੀ)। ਢੀਂਡਸਾ ਨੇ ਨਵਾਂ 'ਧਾਰਮਿਕ ਸਲਾਹਕਾਰ ਬੋਰਡ' ਬਣਾਉਣ ਦੀ ਗੱਲ ਵੀ ਆਖੀ।

ਵੇਦਾਂਤੀ ਵੱਲੋਂ ਚੰਡੋਕ ਨੂੰ ਮੁਆਫ਼ ਕਰਨਾ ਉਸ ਦੀ ਪਹਿਲੀ ਗ਼ਲਤ ਹਰਕਤ ਨਹੀਂ ਸੀ। ਉਹ ਪਹਿਲਾਂ ਵੀ ਬੜੇ ਗ਼ਲਤ ਅਤੇ ਪੱਖਪਾਤੀ ਫ਼ੈਸਲੇ ਕਰ ਚੁੱਕਿਆ ਸੀ। ਉਸ ਦੇ ਸੰਤਾ ਸਿੰਘ ਨਿਹੰਗ, ਭਾਈ ਚਤਰ ਸਿੰਘ ਜੀਵਨ ਸਿੰਘ ਫ਼ਰਮ ਅਤੇ ਧਨਵੰਤ ਸਿੰਘ ਬਾਰੇ ਫ਼ੈਸਲਿਆਂ ਬਾਰੇ ਬਹੁਤ ਲੋਕਾਂ ਨੂੰ ਕੁਰੱਪਸ਼ਨ ਅਤੇ ਪੱਖਪਾਤ ਦਾ ਸ਼ੱਕ ਸੀ। ਇਵ ਹੀ ਉਸ ਦੇ ਕਾਲਾ ਅਫ਼ਗਾਨਾ ਅਤੇ ਜੋਗਿੰਦਰ ਸਿੰਘ 'ਸਪੋਕਸਮੈਨ' ਬਾਰੇ ਫ਼ੈਸਲੇ ਵੀ ਨਿੱਜੀ ਕਿੜ ਵਾਲੇ ਅਤੇ ਪੱਖਪਾਤੀ ਸਨ।

ਕੁਰਪਸ਼ਨ ਦੇ ਕੇਸ ਵਿਚ ਬਾਦਲ ਤੇ ਸੁਖਬੀਰ ਦੀ ਗ੍ਰਿਫ਼ਤਾਰੀ

ਕੈਪਟਨ ਅਮਰਿੰਦਰ ਸਿੰਘ ਨੇ ਭਰਤਇੰਦਰ ਚਾਹਲ ਅਤੇ ਹੋਰ ਸਾਥੀਆਂ ਦੀ ਚੁੱਕ ਵਿਚ ਆ ਕੇ ਬਾਦਲ ਨੂੰ ਇਕ ਵਾਰ ਜੇਲ੍ਹ ਭੇਜਣ ਦਾ ਇਰਾਦਾ ਕਰ ਲਿਆ। ਭਾਵੇਂ ਉਸ ਨੂੰ ਬਾਦਲ ਦੇ ਖ਼ਿਲਾਫ਼ ਕੁਰੱਪਸ਼ਨ ਕੇਸ ਵਿਚ ਬਹੁਤਾ ਕੁਝ ਨਹੀਂ ਸੀ ਮਿਲਿਆ (ਤੇ ਏਨਾ ਕੂ ਹਰ ਇਕ ਅਕਾਲੀ, ਕਾਂਗਰਸੀ, ਭਾਜਪਾ, ਕਮਿਊਨਿਸਟ ਬਾਰੇ ਵੀ ਮਿਲ ਸਕਦਾ ਹੈ) ਪਰ ਅਮਰਿੰਦਰ ਸਿੰਘ ਇਕ ਵਾਰ ਪਿਓ ਪੁੱਤਰ ਨੂੰ ਜੇਲ੍ਹ ਜ਼ਰੂਰ ਭੇਜਣਾ ਚਾਹੁੰਦਾ ਸੀ। ਕਾਫ਼ੀ ਦੇਰ ਦੀ ਲੁਕਣਮੀਟੀ ਤੋਂ ਬਾਅਦ ਪਹਿਲੀ ਦਸੰਬਰ 2003 ਦੇ ਦਿਨ ਰੋਪੜ ਅਦਾਲਤ ਨੇ ਬਾਦਲ ਤੇ ਸੁਖਬੀਰ ਦਾ 13 ਦਿਨ ਦਾ ਜੁਡੀਸ਼ੀਅਲ ਰੀਮਾਂਡ ਦੇ ਦਿੱਤਾ ਅਤੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ (ਉਨ੍ਹਾਂ ਦੀ ਜ਼ਮਾਨਤ 9 ਦਸੰਬਰ ਨੂੰ ਹੋਈ)।

8 ਦਸੰਬਰ ਨੂੰ ਬਾਦਲ ਦਾ ਜਨਮ ਦਿਨ ਅਤੇ 'ਜਬਰ ਵਿਰੋਧੀ' ਰੈਲੀ ਪਟਿਆਲੇ ਵਿਚ ਮਨਾਈਆਂ ਗਈਆਂ। ਗੁਰਚਰਨ ਸਿੰਘ ਟੌਹੜਾ ਨੇ ਇਸ ਦਿਨ ਸ਼੍ਰੋਮਣੀ ਕਮੇਟੀ ਦੇ ਫ਼ੰਡਾਂ ਦੇ ਮੂੰਹ ਖੋਲ੍ਹ ਕੇ ਰੈਲੀ ਵਾਸਤੇ ਸ਼ਾਹੀ ਤਰੀਕੇ ਨਾਲ ਖ਼ਰਚ ਕੀਤਾ। ਪਰ ਫਿਰ ਵੀ ਇਸ ਰੈਲੀ ਵਿਚ ਦਸ ਹਜ਼ਾਰ ਲੋਕ ਵੀ ਨਾ ਪੁੱਜੇ। ਕੁਰੱਪਸ਼ਨ ਕੇਸ ਵਿਚ ਜ਼ਮਾਨਤ ਹੋਣ ਮਗਰੋਂ 11 ਦਸੰਬਰ ਨੂੰ ਵੇਦਾਂਤੀ ਨੇ ਇਨ੍ਹਾਂ ਨੂੰ ਅਕਾਲ ਤਖ਼ਤ ਤੋਂ ਸਿਰੋਪਾ ਦਿੱਤਾ (ਕੁਰਪਸ਼ਨ ਕੇਸ ਵਿਚ ਜ਼ਮਾਨਤ ਦੀ ਖ਼ੁਸ਼ੀ ਵਿਚ)।

ਇਨ੍ਹਾਂ ਦਿਨਾਂ ਵਿਚ ਪੰਜਾਬ ਦੀ ਸਾਬਕਾ ਚੀਫ਼ ਮਨਿਸਟਰ ਰਜਿੰਦਰ ਭੱਠਲ ਕੈਪਟਨ ਅਮਰਿੰਦਰ ਸਿੰਘ ਦੀ ਰੱਜ ਕੇ ਮੁਖ਼ਾਲਫ਼ਤ ਕਰ ਰਹੀ ਸੀ। ਜਦ ਬਾਦਲ ਨੂੰ ਜੇਲ੍ਹ ਭੇਜ ਕੇ ਅਮਰਿੰਦਰ ਸਿੰਘ ਨੇ ਅਕਾਲੀਆਂ ਦੇ ਹੌਸਲੇ ਪਸਤ ਕੀਤੇ ਤੇ ਕਾਂਗਰਸੀਆਂ ਨੂੰ ਖ਼ੁਸ਼ ਕੀਤਾ ਤਾਂ ਭੱਠਲ ਨੇ ਉਲਟਾ ਰੋਲ ਅਦਾ ਕੀਤਾ। ਉਹ ਬਾਦਲ ਦੇ ਜੇਲ੍ਹ ਜਾਣ ਦੇ ਦੋ ਕੂ ਦਿਨ ਮਗਰੋਂ ਹੀ 33 ਐਮ.ਐਲ.ਏ. ਲੈ ਕੇ ਦਿੱਲੀ ਗਈ ਤੇ ਅਮਰਿੰਦਰ ਸਿੰਘ ਸਰਕਾਰ ਤੋੜਨ ਵਾਸਤੇ ਜ਼ੋਰ ਲਾਉਂਦੀ ਰਹੀ ਪਰ ਕਾਮਯਾਬ ਨਾ ਹੋਈ। ਉਂਵ ਇਸ ਨਾਲ ਕਾਂਗਰਸੀਆਂ ਦੇ ਹੌਸਲੇ ਡਿੱਗੇ ਤੇ ਬਾਦਲ ਧੜੇ ਨੂੰ ਫਿਰ ਰਾਹਤ ਮਿਲੀ।

ਭੱਠਲ ਨੇ ਅਜਿਹਾ ਕਈ ਵਾਰ ਕੀਤਾ ਜਿਸ ਨੇ ਬਾਦਲ ਨੂੰ ਵਾਰ-ਵਾਰ ਤਾਕਤ ਦਿੱਤੀ ਤੇ ਕਾਂਗਰਸ ਪਾਰਟੀ ਦਾ ਬਹੁਤ ਨੁਕਸਾਨ ਕੀਤਾ। ਉਧਰ ਸੋਨੀਆ ਗਾਂਧੀ ਪੰਜਾਬ ਬਾਰੇ ਕੋਈ ਦਿਲਚਸਪੀ ਨਹੀਂ ਸੀ ਰੱਖਦੀ। ਉਸ ਨੂੰ ਪਤਾ ਸੀ ਕਿ ਪੰਜਾਬ ਵਿਚ ਕਾਂਗਰਸ ਐਂਟੀ-ਸਿੱਖ ਪੱਤੇ ਨਾਲ ਕਾਮਯਾਬ ਨਹੀਂ ਹੋ ਸਕਦੀ ਤੇ ਬੇਅੰਤ ਧੜਾ (ਜਿਸ ਦੀ ਅਗਵਾਈ ਭੱਟਲ ਕਰਦੀ ਸੀ) ਕਾਂਗਰਸ ਦਾ ਨੁਕਸਾਨ ਕਰਦਾ ਹੈ ਪਰ ਸੋਨੀਆ ਐਂਟੀ-ਸਿੱਖ ਸੋਚ ਵਾਲਿਆਂ ਨਾਲ ਘਿਰੀ ਹੋਈ

ਸੀ। ਉਹ ਅਮਰਿੰਦਰ ਸਿੰਘ ਨੂੰ ਤਾਕਤ ਦੇਣਾ ਨਹੀਂ ਚਾਹੁੰਦੀ ਸੀ ਪਰ ਉਸ ਕੋਲ ਚਾਰਾ ਵੀ ਕੋਈ ਨਹੀਂ ਸੀ ਕਿਉਂਕਿ ਅਮਰਿੰਦਰ ਸਿੰਘ ਤੋਂ ਬਿਨਾਂ ਕਾਂਗਰਸ ਪੰਜਾਬ ਵਿਚ ਸਿਰਫ਼ 10 ਤੋਂ 20 ਫ਼ੀ ਸਦੀ ਤਕ ਸੀਟਾਂ ਜਿੱਤ ਸਕਦੀ ਸੀ।

ਸੋਨੀਆ ਗਾਂਧੀ ਨੂੰ ਅਕਾਲ ਤਖ਼ਤ ਤੇ ਚੜ੍ਹਨ ਦੀ ਇਜਾਜ਼ਤ ਨਾ ਦਿੱਤੀ ਗਈ

28 ਦਸੰਬਰ 2006 ਦੇ ਦਿਨ ਕਾਂਗਰਸ ਦੀ ਪਰੈਜ਼ੀਡੈਂਟ ਸੋਨੀਆ ਗਾਂਧੀ (ਵਿਧਵਾ ਰਾਜੀਵ ਗਾਂਧੀ) ਅੰਮ੍ਰਿਤਸਰ ਆਈ ਅਤੇ ਦਰਬਾਰ ਸਾਹਿਬ ਵੇਖਣ ਵੀ ਗਈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਸੀ ਕਿ ਕਿਉਂ ਕਿ ਉਸ ਦਾ ਪਤੀ ਵੀ ਦਰਬਾਰ ਸਾਹਿਬ ’ਤੇ ਹਮਲੇ ਦਾ ਜ਼ਿੰਮੇਵਾਰ ਸੀ ਇਸ ਕਰ ਕੇ ਉਸ ਨੂੰ ਅਕਾਲ ਤਖ਼ਤ ਸਾਹਿਬ ਦੀ ਇਮਾਰਤ ’ਤੇ ਚੜ੍ਹਨ ਦੀ ਇਜਾਜ਼ਤ ਨਹੀਂ ਹੋਵੇਗੀ। ਇਸ ਕਰ ਕੇ ਉਹ ਅਕਾਲ ਤਖ਼ਤ ’ਤੇ ਚੜ੍ਹੇ ਬਿਨਾ ਹੀ ਵਾਪਿਸ ਮੁੜ ਗਈ।

ਸਿਮਰਨਜੀਤ ਸਿੰਘ ਮਾਨ ਦੀਆਂ ਗ੍ਰਿਫ਼ਤਾਰੀਆਂ

ਕੈਪਟਨ ਅਮਰਿੰਦਰ ਸਿੰਘ ਨੇ ਗੱਦੀ ਸੰਭਾਲਦਿਆਂ ਹੀ ਸਰਬਦੀਪ ਵਿਰਕ ਨੂੰ ਡੀ.ਜੀ.ਪੀ. ਲਾ ਦਿੱਤਾ ਸੀ। ਵਿਰਕ ਦੀ ਕਾਲਜ-ਯੂਨੀਵਰਸਿਟੀ ਦੀ ਪੜ੍ਹਾਈ ਦੇ ਦਿਨਾਂ ਤੋਂ ਸਿਮਰਨਜੀਤ ਸਿੰਘ ਮਾਨ ਨਾਲ ਬਣਦੀ ਨਹੀਂ ਸੀ (1965-70 ਸੈਸ਼ਨਾਂ ਦੌਰਾਨ ਜਸਵੰਤ ਸਿੰਘ ਮਾਨ, ਸਰਬਦੀਪ ਵਿਰਕ, ਸਿਮਰਨਜੀਤ ਸਿੰਘ ਮਾਨ, ਗੁਰਤੇਜ ਸਿੰਘ, ਹਰਜੀਤ ਸਿੰਘ ਸੰਧੂ, ਹਰਜਿੰਦਰ ਸਿੰਘ ਦਿਲਗੀਰ, ਗੁਰਬਚਨ ਸਿੰਘ ਕਲਸੀ, ਗੁਰਬਚਨ ਸਿੰਘ ਬਚਨ, ਹਰਦੀਪ ਸਿੰਘ ਬਾਜਵਾ, ਕੁਲਬੀਰ ਸਿੰਘ ਸਿੱਧੂ ਵਗ਼ੈਰਾ ਸਮਕਾਲੀ ਸਨ)। ਵਿਰਕ ਨੇ ਮਾਨ ਨਾਲ ਗ਼ੈਰਸਾਲੀ ਸ਼ਾਇਦ ਕਦੇ ਵੀ ਨਹੀਂ ਛੱਡੀ ਸੀ। ਹੁਣ ਜਦ ਉਹ ਡੀ.ਜੀ.ਪੀ. ਬਣਿਆ ਤਾਂ ਸ਼ਾਇਦ ਉਸ ਨੇ ਪੁਲੀਸ ਨੂੰ ਹਦਾਇਤਾਂ ਦਿੱਤੀਆਂ ਹੋਈਆਂ ਸਨ ਤੇ ਜਾਂ ਉਸ ਦੇ ਜੂਨੀਅਰ ਉਸ ਨੂੰ ਖ਼ੁਸ਼ ਕਰਨ ਵਾਸਤੇ ਸਿਮਰਨਜੀਤ ਸਿੰਘ ਮਾਨ ਨੂੰ ਤੰਗ ਕਰਦੇ ਰਹਿੰਦੇ ਸਨ ਅਤੇ ਉਸ ’ਤੇ ਕੋਈ ਨਾ ਕੋਈ ਕੇਸ ਬਣਾਉਣ ਵਾਸਤੇ ਹਰ ਵੇਲੇ ਤਿਆਰ ਰਹਿੰਦੇ ਸਨ। ਹਾਲਾਂਕਿ ਸਿਮਰਨਜੀਤ ਸਿੰਘ ਮਾਨ ਕੈਪਟਨ ਅਮਰਿੰਦਰ ਸਿੰਘ ਦਾ ਸੱਕਾ ਸਾਂਢੂ ਸੀ, ਪਰ ਉਹ ਇਸ ਮਾਮਲੇ ਵਿਚ ਚੁੱਪ ਰਹਿੰਦਾ ਸੀ, ਜਿਸ ਦਾ ਸਾਫ਼ ਮਤਲਬ ਸਿਮਰਨਜੀਤ ਸਿੰਘ ਨਾਲ ਨਿੱਜੀ ਕਿੜ ਕੱਢਣਾ ਸੀ।

ਇਨ੍ਹਾਂ ਦਿਨਾਂ ਵਿਚ 22 ਫ਼ਰਵਰੀ 2003 ਨੂੰ ਦਿੱਲੀ ਪੁਲੀਸ ਨੇ, 14 ਸਾਲ ਪਹਿਲਾਂ, 7 ਅਪ੍ਰੈਲ 1991 ਦੇ ਦਿਨ ਸਿਮਰਨਜੀਤ ਸਿੰਘ ਮਾਨ ਵੱਲੋਂ ਬੰਗਲਾ ਸਹਿਬ ਗੁਰਦੁਆਰਾ ਵਿਚ ਕੀਤੇ ਲੈਕਚਰ ਦੇ ਅਧਾਰ ’ਤੇ, ਕੇਸ ਮੁੜ ਸ਼ੁਰੂ ਕਰ ਲਿਆ। ਪੰਜਾਬ ਵਿਚ ਵੀ ਫਗਵਾੜਾ ਪੁਲੀਸ ਨੇ 4 ਅਕਤੂਬਰ 2003 ਦੇ ਦਿਨ ਇਕ ਪੁਲੀਸ ਕਾਸਟੇਬਲ ਵੱਲੋਂ ਧੱਕੇਸ਼ਾਹੀ ਕਰਨ ਦੀ ਸ਼ਿਕਾਇਤ ਕਰਨ ’ਤੇ ਉਲਟਾ ਮਾਨ ਦੇ ਚਾਰ ਬੰਦਿਆਂ ’ਤੇ ਹੀ ਕੇਸ ਬਣਾ ਦਿੱਤਾ। 19 ਅਕਤੂਬਰ 2004 ਦੇ ਦਿਨ ਜਾਗੀਰ ਕੌਰ ਦੀ ਧੀ ਦੇ ‘ਕਤਲ’ ਕੇਸ ਵਿਚ ਪੇਸ਼ੀ ਵੇਲੇ ਵੀ ਮਾਨ ਧੜੇ ਨੇ ਮੁਜ਼ਾਹਰਾ ਕੀਤਾ ਤੇ ਇਸ ਮੌਕੇ ’ਤੇ ਇਕ ਝੜਪ ਹੋਈ ਜਿਸ ਵਿਚ ਦੋਹਾਂ ਧੜਿਆਂ ਨੂੰ ਸੱਟਾਂ ਲੱਗੀਆਂ ਤੇ ਪੁਲੀਸ ਨੇ ਮੁਕੱਦਮੇ ਵੀ ਦਰਜ ਕੀਤੇ।

6 ਜੂਨ 2005 ਦੇ ਦਿਨ ਅਕਾਲ ਤਖ਼ਤ ਸਾਹਿਬ ’ਤੇ ਜੂਨ 1984 ਦੇ ਸ਼ਹੀਦਾਂ ਦੀ ਯਾਦ

ਵਿਚ ਦਿਖਾਵੇ ਦਾ ਸਮਾਗਮ ਕੀਤਾ ਗਿਆ ਜਿਸ ਵਿਚ ਸਿੱਖਾਂ ਨੇ ਖਾਲਿਸਤਾਨ ਦੇ ਨਾਅਰੇ ਲਾਏ। ਇਸ ਦਾ ਸ਼ਰਮਨਾਕ ਪਹਿਲੂ ਇਹ ਸੀ ਕਿ ਸ਼੍ਰੋਮਣੀ ਕਮੇਟੀ ਨੇ ਪੁਲੀਸ ਨੂੰ ਇਸ ਦੇ ਖ਼ਿਲਾਫ਼ ਸ਼ਿਕਾਇਤ ਕੀਤੀ ਤੇ ਪੁਲੀਸ ਨੇ ਸਿਮਰਨਜੀਤ ਸਿੰਘ ਮਾਨ, ਚਰਨ ਸਿੰਘ ਲੋਹਾਰਾ, ਧਿਆਨ ਸਿੰਘ ਮੰਡ ਵਗ਼ੈਰਾ 'ਤੇ ਬਗ਼ਾਵਤ ਦੇ ਮੁਕੱਦਮੇ ਦਰਜ ਕਰ ਲਏ ਸਨ। ਸਿਮਰਨਜੀਤ ਸਿੰਘ ਮਾਨ ਨੂੰ 15 ਜੂਨ 2005 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਗ੍ਰਿਫ਼ਤਾਰ ਕੀਤਾ ਗਿਆ। 8 ਜੁਲਾਈ ਨੂੰ ਉਸ 'ਤੇ ਹੋਰ ਦਫ਼ਾਵਾਂ ਵੀ ਲਾ ਦਿੱਤੀਆਂ ਗਈਆਂ ਅਤੇ 26 ਜੁਲਾਈ 2005 ਤਕ ਉਸ ਦੀ ਜ਼ਮਾਨਤ ਵੀ ਨਾ ਹੋਣ ਦਿੱਤੀ ਗਈ।

18 ਮਈ 2006 ਨੂੰ ਸਿਮਰਨਜੀਤ ਸਿੰਘ ਮਾਨ ਤੇ ਉਸ ਦੇ ਸਾਥੀਆਂ ਨੇ ਜਲੰਧਰ ਵਿਚ ਜ਼ਾਲਮ ਚੀਫ਼ ਮਨਿਸਟਰ ਬੇਅੰਤ ਦੇ ਬੁੱਤ ਦੇ ਗਲੇ ਵਿਚ ਸ਼ਹੀਦ ਦਿਲਾਵਰ ਸਿੰਘ ਦੀ ਫ਼ੋਟੋ ਵਾਲੇ ਪੋਸਟਰ ਲਟਕਾਏ। ਬਾਦਲ ਨੇ ਉਸ ਨੂੰ ਦੇਸ਼ ਧ੍ਰੋਹ ਦੀਆਂ ਦਫ਼ਾਵਾਂ ਲਾ ਕੇ ਜੇਲ੍ਹ ਸੁੱਟ ਦਿੱਤਾ (ਬਾਦਲ ਵਾਸਤੇ ਹਜ਼ਾਰਾਂ ਸਿੱਖਾਂ ਦਾ ਕਾਤਲ ਬੇਅੰਤ ਦੇਸ਼ ਦਾ ਮਹਾਨ ਹੀਰੋ ਹੈ)। ਮਗਰੋਂ ਅਦਾਲਤਾਂ ਨੇ ਮਾਨ ਨੂੰ ਇੱਕ-ਇੱਕ ਕਰ ਕੇ ਸਾਰੇ ਕੇਸਾਂ ਵਿਚੋਂ ਬਰੀ ਕਰ ਦਿੱਤਾ।

ਮਾਨ ਤੇ ਬਾਦਲ ਧੜੇ ਵਿਚ ਝੜਪਾਂ

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੀ ਚੌਥੀ ਸ਼ਤਾਬਦੀ ਦੇ ਮੌਕੇ 'ਤੇ ਜੂਨ 2006 ਵਿਚ ਤਰਨਤਾਰਨ ਵਿਚ ਹੋਏ ਸਮਾਗਮ ਵਿਚ ਭਾਜਪਾ ਦੀ ਸੁਸ਼ਮਾ ਸਵਰਾਜ ਨੇ ਹਿੰਦੂ ਦੀਵਾਨ ਚੰਦੂ ਨੂੰ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਦੋਸ਼ ਤੋਂ ਬਰੀ ਕਰਨ ਬਾਰੇ ਲੈਕਚਰ ਕੀਤਾ (ਸੁਸ਼ਮਾ ਨੇ ਪੰਜਾਬ ਦੇ ਪਾਣੀਆਂ ਦੇ ਕਾਨੂੰਨ ਬਣਨ 'ਤੇ ਵੀ ਪਾਰਲੀਮੈਂਟ ਵਿਚ ਵੱਡਾ ਰੌਲਾ ਪਾਇਆ ਸੀ)। ਇਸ 'ਤੇ ਮਾਨ ਅਤੇ ਸਿੱਖ ਵਿਦਵਾਨਾਂ ਨੇ ਸਖ਼ਤ ਇਤਰਾਜ਼ ਕੀਤਾ ਪਰ ਬਾਦਲ ਧੜਾ ਬਿਲਕੁਲ ਚੁੱਪ ਰਿਹਾ। ਇਸ ਮਗਰੋਂ ਮਾਨ ਨੇ ਐਲਾਨ ਕੀਤਾ ਕਿ ਸਿੱਖ ਸਮਾਗਮਾਂ ਵਿਚ ਸਿੱਖੀ ਦੇ ਖ਼ਿਲਾਫ਼ ਬੋਲਣ ਵਾਲੇ ਫ਼ਿਰਕੂ ਹਿੰਦੂ ਆਗੂਆਂ ਨੂੰ ਬੋਲਣ ਨਹੀ ਦਿੱਤਾ ਜਾਵੇਗਾ।

ਅਕਾਲ ਤਖ਼ਤ ਦੇ ਪ੍ਰਗਟ ਕਰਨ ਦੀ ਚੌਥੀ ਸ਼ਤਾਬਦੀ ਦੇ ਨਾਂ 'ਤੇ (ਅਸਲ ਤਾਰੀਖ਼ ਜੁਲਾਈ 1608 ਸੀ) ਜੂਨ 2006 ਵਿਚ ਦਰਬਾਰ ਸਾਹਿਬ ਵਿਚ ਮੰਜੀ ਸਾਹਿਬ ਦੀ ਸਟੇਜ 'ਤੇ ਸਿਮਰਨਜੀਤ ਸਿੰਘ ਮਾਨ ਦੀ ਅਕਾਲੀਆਂ ਨਾਲ ਫੇਰ ਝੜਪ ਹੋਈ (ਇਸ ਸਮਾਗਮ ਵਿਚ ਅਕਾਲੀਆਂ ਨੇ ਕੁਲਦੀਪ ਨਈਅਰ ਨੂੰ 5 ਲੱਖ ਰੁਪੈ ਦੀ ਥੈਲੀ ਭੇਟ ਕੀਤੀ ਗਈ ਸੀ, ਜਿਸ ਦਾ ਕੋਈ ਤੁਕ ਨਹੀਂ ਸੀ ਬਣਦਾ)। ਇਸ ਮਗਰੋਂ ਬਾਬਾ ਬੁੱਢਾ ਦੀ 500ਵੀਂ ਜਨਮ ਸਤਾਬਦੀ ਦੇ ਨਾਂ 'ਤੇ ਕੱਥੂ ਨੰਗਲ (ਅੰਮ੍ਰਿਤਸਰ) ਵਿਚ ਅਕਤੂਬਰ 2006 ਵਿਚ ਹੋਏ ਸਮਾਗਮ ਵਿਚ ਮਾਨ ਧੜੇ 'ਤੇ ਬੁਰੀ ਤਰ੍ਹਾਂ ਕਾਤਲਾਨਾ ਹਮਲਾ ਹੋਇਆ। ਪਰ ਮਾਨ ਦੇ ਨਿਜੀ-ਵਿਰੋਧੀ ਡੀ.ਜੀ.ਪੀ. ਸਰਬਦੀਪ ਵਿਰਕ ਦੀ ਪੁਲੀਸ ਜਾਣ ਬੁੱਝ ਕੇ ਚੁਪਚਾਪ ਵੇਖਦੀ ਰਹੀ।

ਮਾਨ ਤੇ ਦਲਜੀਤ ਸਿੰਘ ਬਿੱਟੂ

2006 ਵਿਚ ਸਿਮਰਨਜੀਤ ਸਿੰਘ ਮਾਨ ਦਾ ਅੰਮ੍ਰਿਤਸਰ ਅਕਾਲੀ ਦਲ ਅਤੇ ਦਲਜੀਤ ਸਿੰਘ ਬਿੱਟੂ ਦਾ (14 ਅਪ੍ਰੈਲ 2004 ਦੇ ਦਿਨ ਬਣਿਆ) ਸ਼੍ਰੋਮਣੀ ਖਾਲਸਾ ਦਲ ਇਕੱਠੇ ਹੋ ਗਏ ਪਰ

ਫ਼ਰਵਰੀ 2007 ਦੀਆਂ ਚੋਣਾਂ ਮਗਰੋਂ ਛੇਤੀ ਹੀ ਫੇਰ ਜੁਦਾ ਹੋ ਗਏ। ਦੋਹਾਂ ਨੇ ਇਕ ਦੂਜੇ 'ਤੇ ਬੜੇ ਸੰਗੀਨ ਇਲਜ਼ਾਮ ਲਾਏ। ਦਲਜੀਤ ਸਿੰਘ ਬਿੱਟੂ ਨੇ ਵਖਰੇ ਹੋ ਕੇ ਅਕਾਲੀ ਦਲ (ਪੰਚ ਪ੍ਰਧਾਨੀ) ਬਣਾ ਲਿਆ। ਇਸ ਮਗਰੋਂ ਵੀ ਪੰਚ ਪ੍ਰਧਾਨੀ ਅਕਾਲੀ ਦਲ (ਖ਼ਾਸ ਕਰ ਕੇ ਹਰਪਾਲ ਸਿੰਘ ਚੀਮਾ, ਜਸਪਾਲ ਸਿੰਘ ਮੰਝਪੁਰ ਤੇ ਪਰਮਜੀਤ ਸਿੰਘ ਗਾਜ਼ੀ ਅਖ਼ਬਾਰਾਂ ਵਿਚ ਅਤੇ ਸੋਸ਼ਲ ਮੀਡੀਆ ਵਿਚ ਸਿਮਰਨਜੀਤ ਸਿੰਘ ਮਾਨ ਦੇ ਖ਼ਿਲਾਫ਼ ਗ਼ਲਤ ਪਰਚਾਰ ਕਰਦੇ ਰਹੇ।

ਦਰਬਾਰ ਸਾਹਿਬ ਨੂੰ ਵਿਰਾਸਤੀ ਦਰਜਾ ਦੇਣ ਦੀ ਸਾਜ਼ਿਸ਼

2003-04 ਵਿਚ ਦਰਬਾਰ ਸਾਹਿਬ ਨੂੰ ਯੂਨੈਸਕੋ ਦੀ ਵਿਰਾਸਤੀ ਇਮਾਰਤਾਂ ਦੀ ਲਿਸਟ ਵਿਚ ਸ਼ਾਮਿਲ ਕਰਨ ਵਾਸਤੇ ਸਾਜ਼ਿਸ਼ਾਂ ਤਿਆਰ ਹੋਈਆਂ ਸਨ। ਇਸ ਪਿੱਛੇ ਮੁਖ ਤੌਰ 'ਤੇ ਇਕ ਪੰਜਾਬਨ ਗੁਰਮੀਤ ਰਾਏ ਸੀ (ਜਿਸ ਨੇ ਇਕ ਬਜ਼ੁਰਗ ਫ਼ੋਟੋਗਰਾਫ਼ਰ ਰਘੂ ਰਾਏ ਨਾਲ 'ਵਿਆਹ' ਕੀਤਾ ਹੋਇਆ ਸੀ)। ਗੁਰਮੀਤ ਰਾਏ ਨੇ ਕਿਰਨਜੋਤ ਕੌਰ ਅਤੇ ਕੁਝ ਹੋਰਾਂ ਨੂੰ ਫੁਸਲਾ ਕੇ ਇਹ ਸ਼ੋਸ਼ਾ ਛੱਡਿਆ ਕਿ ਦਰਬਾਰ ਸਾਹਿਬ ਨੂੰ ਯੂਨੈਸਕੋ ਤੋਂ ਵਿਰਾਸਤੀ ਦਰਜਾ ਦਿਵਾ ਦਿੱਤਾ ਜਾਵੇ। ਇਸ ਕੰਮ ਵਾਸਤੇ ਯੂਨੈਸਕੋ ਨੂੰ ਰਿਪੋਰਟ ਤੇ ਦਰਖ਼ਾਸਤ ਭੇਜਣੀ ਸੀ। ਗੁਰਮੀਤ ਨੇ ਇਸ ਡੌਸੀਅਰ ਨੂੰ ਤਿਆਰ ਕਰਨ ਵਾਸਤੇ 40 ਲੱਖ ਰੁਪੈ ਦਾ ਬਜਟ ਦੱਸਿਆ। ਜਿਹੜਾ ਡੌਸੀਅਰ ਤਿਆਰ ਕੀਤਾ ਗਿਆ ਉਹ ਇਕ ਲੱਖ ਰੁਪੈ ਵਿਚ ਤਿਆਰ ਹੋ ਸਕਦਾ ਸੀ। ਗੁਰਮੀਤ ਤਾਂ ਆਪਣੀ ਜੇਬ੍ਹ ਭਰਨਾ ਚਾਹੁੰਦੀ ਸੀ।

ਜਦ ਯੂਨੈਸਕੋ ਦੀ ਟੀਮ 17 ਅਗਸਤ 2004 ਨੂੰ ਅੰਮ੍ਰਿਤਸਰ ਆਈ ਤਾਂ ਇਸ ਨੇ ਜੂਨ 2005 ਦਰਬਾਰ ਸਾਹਿਬ ਨੂੰ ਵਿਰਾਸਤੀ ਦਰਜਾ ਦੇਣ ਦੀ ਗੱਲ ਕੀਤੀ। ਪਰ ਜਦ ਯੂਨੈਕਸੋ ਨੂੰ ਪਤਾ ਲਗ ਗਿਆ ਕਿ ਬਹੁਤੇ ਸਿੱਖ ਇਸ ਦੇ ਖ਼ਿਲਾਫ਼ ਹਨ ਤਾਂ ਇਸ ਨੇ 6 ਅਕਤੂਬਰ ਨੂੰ ਸ਼੍ਰੋਮਣੀ ਕਮੇਟੀ ਅਤੇ ਸਰਕਾਰ ਤੋਂ ਸਪਸ਼ਟੀਕਰਨ ਮੰਗਿਆ।

ਇਸ ਡੌਸੀਅਰ ਵਿਚ ਸਿੱਖ ਤਵਾਰੀਖ਼ ਅਤੇ ਫ਼ਲਸਫ਼ੇ ਦੀਆਂ ਖ਼ੂਬ ਧੱਜੀਆਂ ਉਡਾਈਆਂ ਹੋਈਆਂ ਸਨ। ਹਾਲਾਂ ਕਿ ਕਾਗ਼ਜ਼ਾਂ ਵਿਚ ਇਕ ਕਮੇਟੀ ਵੀ ਬਣਾਈ ਹੋਈ ਸੀ ਪਰ ਉਸ ਕਮੇਟੀ ਨੂੰ ਇਹ ਡੌਸੀਅਰ ਕਦੇ ਵੀ ਨਾ ਦਿਖਾਇਆ ਗਿਆ। ਅਚਾਣਕ ਇਹ ਡੌਸੀਅਰ ਇੰਗਲੈਂਡ ਦੇ ਡਾ. ਜਸਦੇਵ ਸਿੰਘ ਰਾਏ ਦੇ ਹੱਥ ਆ ਗਿਆ। ਉਸ ਨੇ ਇਸ ਬਾਰੇ ਕਾਫ਼ੀ ਰੌਲਾ ਪਾਇਆ। ਹੁਣ ਸਾਰੇ ਪਾਸਓਂ ਇਸ ਦੀ ਮੁਖ਼ਾਲਫ਼ਤ ਹੋਈ। ਜਦ ਇਸ ਵਿਚਲੇ ਕੁਝ ਹਿੱਸੇ ਛਪੇ ਤਾਂ ਸਿੱਖ ਵਿਦਵਾਨਾਂ ਤੇ ਹੋਰਨਾਂ ਨੇ ਇਸ ਨੂੰ ਰੱਦ ਕਰਨ ਦੀ ਮੰਗ ਕੀਤੀ। ਇਸ ਮੰਗ ਵਿਚ ਸਿਰਫ਼ ਡੌਸੀਅਰ ਦੀ ਸਮੱਗਰੀ ਹੀ ਨਹੀਂ ਬਲਕਿ ਵਿਰਾਸਤੀ ਦਰਜਾ ਦੇਣ ਨਾਲ ਦਰਬਾਰ ਸਾਹਿਬ ਦੀ ਹਸਤੀ 'ਤੇ ਪੈਣ ਵਾਲੇ ਨਫ਼ੀ-ਅਸਰ ਦਾ ਵੀ ਸਵਾਲ ਸੀ। ਇਸ ਸਾਰੇ ਦੇ ਬਾਵਜੂਦ ਕਿਰਨਜੋਤ ਕੌਰ ਨੇ ਇਸ ਦੀ ਹਿਮਾਇਤ ਜਾਰੀ ਰੱਖੀ। ਅਖ਼ੀਰ ਸ਼੍ਰੋਮਣੀ ਕਮੇਟੀ ਨੇ 21 ਅਪ੍ਰੈਲ 2005 ਨੂੰ ਇਹ ਡੌਸੀਅਰ ਰੱਦ ਕਰ ਦਿੱਤਾ ਤੇ ਇਹ ਮਾਮਲਾ ਸਦਾ ਵਾਸਤੇ ਖ਼ਤਮ ਹੋ ਗਿਆ। ਪਰ ਕਿਰਨਜੋਤ ਕੌਤ ਦੀ ਮਿਹਰ ਸਦਕਾ ਇਸ ਪ੍ਰਾਜੈਕਟ ਦੀ ਮੁਖ 'ਵਿੱਲਨ' ਗੁਰਮੀਤ ਰਾਏ ਨੂੰ ਸ਼੍ਰੋਮਣੀ ਕਮੇਟੀ ਨੇ ਹੋਰ ਕਈ ਪ੍ਰਾਜੈਕਟ ਵੀ ਦਿੱਤੇ ਤੇ ਲੱਖਾਂ ਰੁਪੈ ਉਸ ਦੀਆਂ ਜੇਬ੍ਹਾਂ ਵਿਚ ਪਾਏ। ਇਕ ਦਿਲਚਸਪ ਗੱਲ ਇਹ ਹੈ ਕਿ ਇਸ ਗੁਰਮੀਤ ਰਾਏ ਕੋਲ ਇਹੋ ਜਿਹੇ ਪ੍ਰਾਜੈਕਟਾਂ ਦੀ ਕੋਈ ਡਿਗਰੀ ਜਾਂ ਮਹਾਰਤ ਨਹੀਂ ਹੈ।

ਫ਼ਰਾਂਸ ਵਿਚ ਦਸਤਾਰ ਦਾ ਮਸਲਾ

ਯੂਰਪ ਵਿਚ ਮੁਸਲਮਾਨਾਂ ਦੀ ਗਿਣਤੀ ਬਹੁਤ ਵਧ ਰਹੀ ਸੀ। ਨਸਲਵਾਦੀ ਤਾਕਤਾਂ ਉਨ੍ਹਾਂ ਦੇ ਖ਼ਿਲਾਫ਼ ਸਾਜ਼ਿਸ਼ਾਂ ਕਰਦੀਆਂ ਰਹਿੰਦੀਆਂ ਸਨ। ਉਨ੍ਹਾਂ ਦੇ ਖ਼ਿਲਾਫ਼ ਕਦੇ ਇਕ ਕਾਨੂੰਨ ਤੇ ਕਦੇ ਦੂਜਾ ਕਾਨੂੰਨ ਬਣਾਇਆ ਜਾ ਰਿਹਾ ਸੀ। 2003 ਵਿਚ ਫ਼ਰਾਂਸ ਨੇ ਮੁਸਲਮਾਨਾਂ ਨੂੰ ਤੰਗ ਕਰਨ ਵਾਸਤੇ ਇਕ ਨਵੇਂ ਕਾਨੂੰਨ ਦੀ ਸਾਜ਼ਿਸ਼ ਘੜੀ। ਇਸ ਮੁਤਾਬਿਕ ਉਨ੍ਹਾਂ ਦਾ ਬੁਰਕਾ ਹੀ ਨਹੀਂ ਸਕਾਰਫ਼ ਵੀ ਬੈਨ ਕਰਨਾ ਸੀ। ਸਰਕਾਰ ਨੇ ਇਹ ਕਾਨੂੰਨ ਬਣਾਉਣ ਦਾ ਫ਼ੈਸਲਾ ਕੀਤਾ ਕਿ ਸਕੂਲਾਂ ਤੇ ਕੰਮ ਵਾਲੀਆਂ ਥਾਂਵਾਂ ’ਤੇ ਕੋਈ ਵੀ ਸ਼ਖ਼ਸ ਆਪਣੇ ਧਾਰਮਿਕ ਚਿਨ੍ਹ ਨਹੀਂ ਪਾ ਸਕੇਗਾ। ਇਸ ਕਾਨੂੰਨ ਦੀ ਜ਼ਦ ਵਿਚ ਸਿੱਖ ਦਸਤਾਰ ਨੂੰ ਵੀ ਰੱਖਣ ਦੀ ਸਕੀਮ ਸੀ। ਕਾਨੂੰਨ ਭਾਵੇਂ 4 ਮਾਰਚ 2004 ਨੂੰ ਪਾਸ ਹੋਇਆ ਪਰ ਇਸ ਦਾ ਚਰਚਾ ਕਈ ਮਹੀਨੇ ਪਹਿਲਾਂ ਚਲਦਾ ਰਿਹਾ ਸੀ। ਸਿੱਖਾਂ ਨੇ ਇਸ ਬਾਰੇ ਕਈ ਪ੍ਰੋਟੈਸਟ ਵੀ ਕੀਤੇ। ਸ਼ਾਇਦ ਸਭ ਤੋਂ ਪਹਿਲਾ ਐਕਸ਼ਨ 16 ਜਨਵਰੀ 2004 ਦੇ ਦਿਨ ਸਿਮਰਨਜੀਤ ਸਿੰਘ ਮਾਨ ਵੱਲੋਂ ਫ਼ਰਾਂਸ ਦੇ ਨਵੀਂ ਦਿਲੀ ਵਿਚ ਸਫ਼ੀਰ ਨੂੰ ਮੈਮੋਰੰਡਮ ਦੇਣਾ ਸੀ। 30 ਜਨਵਰੀ ਨੂੰ ਕੈਥੋਲਿਕ ਪੋਪ ਨੇ ਵੀ ਸਿੱਖਾਂ ਦੀ ਹਿਮਾਇਤ ਕੀਤੀ। ਪਹਿਲੀ ਫ਼ਰਵਰੀ ਨੂੰ ਪੈਰਿਸ ਵਿਚ ਸਿੱਖਾਂ ਨੇ ਇਕ ਵੱਡਾ ਜਲੂਸ ਵੀ ਕੱਢਿਆ ਜਿਸ ਵਿਚ ਮੋਨੇ ਵਧੇਰੇ ਸਨ ਤੇ ਸਿੱਖ ਬਹੁਤ ਘਟ ਇਸ ਕਰ ਕੇ ਇਸ ਦਾ ਅਸਰ ਸਗੋਂ ਨਾਂਹ-ਪੱਖੀ ਪਿਆ। ਅਖ਼ੀਰ ਫ਼ਰਾਂਸ ਸਰਕਾਰ ਨੇ ਕਾਨੂੰਨ ਪਾਸ ਕਰ ਦਿੱਤਾ। ਇਹ ਕਾਨੂੰਨ ਰੁਕ ਸਕਦਾ ਸੀ ਜੇ ਕਰ ਭਾਰਤੀ ਪ੍ਰਾਈਮ ਮਨਿਸਟਰ ਮਨਮੋਹਣ ਸਿੰਘ ਫ਼ਰਾਂਸ ਨਾਲ ਅਰਬਾਂ ਰੁਪੈ ਦੇ ਸਮਝੌਤਿਆਂ ਵੇਲੇ ਸ਼ਰਤ ਰੱਖਦਾ। ਪਰ ਮਨਮੋਹਣ ਸਿੰਘ ਭਾਵੇਂ ਸਿੱਖੀ ਸਰੂਪ ਵਿਚ ਸੀ ਪਰ ਉਸ ਦੇ ਘਰ ਵਿਚ ਸਿੱਖੀ ਦਾ ਮਾਹੌਲ ਨਹੀਂ ਸੀ। ਉਸ ਨੇ ਦੋਵੇਂ ਧੀਆਂ ਹਿੰਦੂਆਂ ਨਾਲ ਵਿਆਹੀਆਂ ਸਨ। ਉਂਵ ਵੀ ਉਹ, ਆਮ ਤੌਰ ’ਤੇ, ਕਿਸੇ ਵੀ ਮਸਲੇ ’ਤੇ ਆਪਣਾ ਫ਼ੈਸਲਾ ਨਹੀਂ ਸੀ ਕਰਦਾ ਬਲਕਿ ਸਿਰਫ਼ ਸੋਨੀਆ ਗਾਂਧੀ ਦਾ ਹੁਕਮ ਵਜਾਉਂਦਾ ਹੁੰਦਾ ਸੀ।

ਖ਼ੈਰ, ਫ਼ਰਾਂਸ ਵਿਚ ਦਸਤਾਰ ’ਤੇ ਪਾਬੰਦੀ ਸਤੰਬਰ 2004 ਤੋਂ ਲਾਗੂ ਹੋ ਗਈ ਤੇ ਇਸ ਦੇ ਖ਼ਿਲਾਫ਼ ਅਦਾਲਤਾਂ ਵਿਚ ਕੇਸ ਕੀਤਾ ਗਿਆ ਜੋ ਫ਼ਰਾਂਸ ਦੀ ਸੁਪਰੀਮ ਕੋਰਟ ਤਕ ਤਾਂ ਹਾਰਿਆ ਹੀ ਜਾਣਾ ਸੀ। ਯੂਰਪੀਨ ਕੋਰਟ ਵਿਚ ਵੀ ਇਸ ਦੇ ਖ਼ਿਲਾਫ਼ ਅਪੀਲ ਕਾਮਯਾਬ ਨਾ ਹੋਈ। ਮਗਰੋਂ ਯੂ.ਐਨ.ਓ. ਦੀ ਇਨਸਾਨੀ ਹਕੂਕ ਅਦਾਲਤ ਨੇ ਸਿੱਖਾਂ ਦੇ ਹੱਕ ਵਿਚ ਫ਼ੈਸਲਾ ਦਿੱਤਾ ਕਿਉਂ ਕਿ ਇਹ ਤਾਂ ਸਿੱਖਾਂ ਨੂੰ ਉਨ੍ਹਾਂ ਦਾ ਮੁੱਢਲਾ ਧਾਰਮਿਕ ਹੱਕ ਦੇਣ ’ਤੇ ਪਾਬੰਦੀ ਹੈ। ਸਿੱਖ ਵਾਸਤੇ ਦਸਤਾਰ ਚਿੰਨ੍ਹ ਜਾਂ ਕਲਚਰ ਨਹੀਂ ਇਹ ਤਾਂ ਧਰਮ ਦਾ ਅਟੁੱਟ ਹਿੱਸਾ ਹੈ। *(ਪਰ, 2014 ਤਕ ਤਾਂ ਫ਼ਰਾਂਸ ਦੀ ਸਰਕਾਰ ਨੇ ਇਸ ਕਾਨੂੰਨ ਨੂੰ ਵਾਪਿਸ ਨਹੀਂ ਲਿਆ ਸੀ)।*

◆

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ

'ਸਹਿਜਧਾਰੀਆਂ' ਦਾ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਹੱਕ ਖ਼ਤਮ ਹੋਇਆ

8 ਅਕਤੂਬਰ 2003 ਦੇ ਦਿਨ ਭਾਰਤ ਸਰਕਾਰ (ਅਟਲ ਬਿਹਾਰੀ ਵਾਜਪਾਈ ਪ੍ਰਾਈਮ ਮਨਿਸਟਰ ਅਤੇ ਲਾਲ ਕਿਸ਼ਨ ਅਡਵਾਨੀ ਹੋਮ ਮਨਿਸਟਰ ਹੇਠ) ਨੇ ਇਕ ਆਰਡੀਨੈਂਸ ਰਾਹੀਂ ਅਖੌਤੀ ਸਹਿਜਧਾਰੀਆਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੋਟਰ ਬਣਨ ਦਾ ਹੱਕ ਖ਼ਤਮ ਕਰ ਦਿਤਾ। ਪ੍ਰਕਾਸ਼ ਸਿੰਘ ਬਾਦਲ ਚੀਫ਼ ਮਨਿਸਟਰ ਨੇ ਇਹ ਆਰਡੀਨੈਂਸ ਇਸ ਕਰ ਕੇ ਜਾਰੀ ਕਰਵਾਇਆ ਸੀ ਤਾਂ ਜੋ ਕਿਧਰੇ ਕਾਂਗਰਸੀ ਸਿੱਖ ਹਿੰਦੂਆਂ ਨੂੰ 'ਸਹਿਜਧਾਰੀ' ਆਖ ਕੇ ਉਨ੍ਹਾਂ ਦੀਆਂ ਵੋਟਾਂ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਬਜ਼ਾ ਨਾ ਕਰ ਲੈਣ। ਹਾਲਾਂ ਕਿ 1978-79 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਲ ਇੰਡੀਆ ਗੁਰਦੁਆਰਾ ਐਕਟ ਦੀ ਮੰਗ ਕੀਤੀ ਸੀ ਅਤੇ ਇਸ ਵਾਸਤੇ ਬਿੱਲ ਵੀ ਤਿਆਰ ਕੀਤਾ ਸੀ; ਪਰ 35 ਸਾਲ ਮਗਰੋਂ ਵੀ ਉਹ ਕਾਨੂੰਨ ਨਹੀਂ ਸੀ ਬਣ ਸਕਿਆ।

ਉੱਧਰ 30 ਨਵੰਬਰ 2000, 30 ਮਾਰਚ 2001 ਅਤੇ 30 ਮਾਰਚ 2002 ਦੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਨੇ ਮਤੇ ਪਾਸ ਕਰ ਕੇ ਸਰਕਾਰ ਨੂੰ ਕਿਹਾ ਸੀ ਕਿ ਸਿੱਖਾਂ ਵਿਚ ਹੁਣ ਕੋਈ ਵੀ ਸ਼ਖ਼ਸ ਅਖੌਤੀ 'ਸਹਿਜਧਾਰੀ' ਨਹੀਂ ਰਿਹਾ ਇਸ ਕਰ ਕੇ ਗੁਰਦੁਆਰਾ ਐਕਟ ਵਿਚ ਤਰਮੀਮ ਕਰ ਕੇ ਇਸ ਧਾਰਾ ਨੂੰ ਖ਼ਤਮ ਕਰ ਕੇ ਅਖੌਤੀ ਸਹਿਜਧਾਰੀਆਂ ਦਾ ਵੋਟ ਦਾ ਹੱਕ ਖ਼ਤਮ ਕਰ ਦਿੱਤਾ ਜਾਵੇ। ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੇ ਵੀ 7 ਮਾਰਚ 2002 ਦੇ ਦਿਨ ਇਹੀ ਮਤਾ ਪਾਸ ਕੀਤਾ ਸੀ। ਅਖ਼ੀਰ 8 ਅਕਤੂਬਰ 2003 ਦੇ ਦਿਨ ਇਸ ਸਬੰਧੀ ਆਰਡੀਨੈਂਸ ਜਾਰੀ ਕਰ ਦਿੱਤਾ ਗਿਆ। ਇਕ ਆਰਡੀਨੈਂਸ ਉਦੋਂ ਜਾਰੀ ਕੀਤਾ ਜਾਂਦਾ ਹੈ ਜਦ ਪਾਰਲੀਮੈਂਟ ਦਾ ਸੈਸ਼ਨ ਨਾ ਚਲ ਰਿਹਾ ਹੋਵੇ ਅਤੇ ਇਸ ਦੀ ਮਿਆਦ 6 ਮਹੀਨੇ ਹੁੰਦੀ ਹੈ ਤੇ ਇਸ ਦੌਰਾਨ ਇਸ ਨੂੰ ਪਾਰਲੀਮੈਂਟ ਵਿਚ ਪਾਸ ਕਰਨਾ ਹੁੰਦਾ ਹੈ; ਪਰ ਅਜਿਹਾ ਨਹੀਂ ਕੀਤਾ ਗਿਆ।*

ਮਿੱਥੇ ਸਮੇਂ ਤੋਂ ਤਿੰਨ ਸਾਲ ਲੇਟ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਆਖ਼ਿਰ 10 ਜੁਲਾਈ 2004

---

*(*ਮਗਰੋਂ 2011 ਵਿਚ ਜਦ ਸ਼੍ਰੋਮਣੀ ਕਮੇਟੀ ਦੀਆਂ ਨਵੀਆਂ ਚੋਣਾਂ ਹੋਈਆਂ ਤਾਂ ਇਨ੍ਹਾਂ ਚੋਣਾਂ ਦੌਰਾਨ ਅਖੌਤੀ ਸਹਿਜਧਾਰੀਆਂ ਦੀਆਂ ਵੋਟਾਂ ਨਾ ਬਣਾਉਣ ਦਾ ਐਲਾਨ ਕੀਤਾ ਗਿਆ (ਹਾਲਾਂਕਿ ਕੁਲ ਵੋਟਾਂ ਦਾ 60 ਫ਼ੀਸਦੀ ਅਖੌਤੀ ਸਹਿਜਧਾਰੀ ਜਾਂ ਪਤਿਤ ਸਨ)। 'ਸਹਿਜਧਾਰੀ ਸਿੱਖ' ਨਾਂ ਦੀ ਇਕ ਜਥੇਬੰਦੀ ਵੱਲੋਂ ਪਰਮਜੀਤ ਸਿੰਘ ਰਾਣੂੰ (ਜੋ ਕਿ ਖ਼ੁਦ ਸਹਿਜਧਾਰੀ ਨਹੀਂ ਬਲਕਿ ਪਤਿਤ ਹੈ) ਨੇ ਇਸ ਨੂੰ ਹਾਈ ਕੋਰਟ ਵਿਚ ਚੈਲੰਜ ਕਰ ਦਿੱਤਾ। ਹਾਈ ਕੋਰਟ ਨੇ 20 ਦਸੰਬਰ 2011 ਦੇ ਦਿਨ ਇਸ ਪਟੀਸ਼ਨ 'ਤੇ ਫ਼ੈਸਲਾ ਦੇਂਦਿਆਂ ਇਸ ਆਰਡੀਨੈਨਸ ਨੂੰ ਟੈਕਨੀਕਲ ਬਿਨਾ 'ਤੇ ਗ਼ੈਰ ਕਾਨੂੰਨੀ ਕਰਾਰ ਦੇ ਦਿੱਤਾ (ਕਿਉਂਕਿ ਇਸ ਦੀ ਮਿਆਦ ਖ਼ਤਮ ਹੋਣ ਤੋਂ ਪਹਿਲਾਂ ਇਸ ਨੂੰ ਪਾਰਲੀਮੈਂਟ ਵਿਚ ਪਾਸ ਨਹੀਂ ਕੀਤਾ ਗਿਆ ਸੀ)। ਇਸ ਦੇ ਨਾਲ ਹੀ 2011 ਦੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵੀ ਰੱਦ ਕਰ ਦਿੱਤੀਆਂ। ਪਰ ਅਦਾਲਤ ਨੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਨੂੰ ਨਵੀਆਂ ਚੋਣਾਂ ਤਕ ਕੰਮ ਚਲਾਉਣ ਦੇ ਹੱਕ ਦੇ ਦਿੱਤੇ)।*

ਦੇ ਦਿਨ ਹੋਈਆਂ। ਇਨ੍ਹਾਂ ਚੋਣਾਂ ਵਿਚ ਬਣੀਆਂ ਹੋਈਆਂ ਵੋਟਾਂ ਵਿਚੋਂ ਮਸਾਂ 50% ਵੋਟਾਂ ਪੋਲ ਹੋਈਆਂ। ਇਸ ਵਿਚੋਂ ਵੀ 10% ਵੋਟਾਂ (ਅਖੌਤੀ ਸਹਿਜਧਾਰੀ ਦੇ ਨਾਂ ਹੇਠ) ਹਿੰਦੂਆਂ ਨੇ ਪਾਈਆਂ ਸਨ (ਹਾਲਾਂ ਕਿ ਪਾਰਲੀਮੈਂਟ ਇਸ ਬਾਰੇ ਕਾਨੂੰਨ ਵੀ ਪਾਸ ਕਰ ਚੁਕੀ ਸੀ)। ਇਨ੍ਹਾਂ ਚੋਣਾਂ ਵਿਚ ਬਾਦਲ ਨੇ 140 ਅਤੇ ਬਾਦਲ-ਵਿਰੋਧੀ ਪੰਥਕ ਮੋਰਚਾ ਨੇ 27 ਸੀਟਾਂ ਜਿੱਤੀਆਂ। ਪਰ ਬਾਦਲ ਵਿਰੋਧੀਆਂ ਦੀਆਂ ਵੋਟਾਂ ਤਕਰੀਬਨ 40% ਸਨ। ਮਗਰੋਂ 2006 ਵਿਚ ਜਦ ਮਨਜੀਤ ਸਿੰਘ ਕਲਕੱਤਾ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਤੇ ਨਵੰਬਰ ਵਿਚ ਗੁਰਵਿੰਦਰ ਸਿੰਘ ਸ਼ਾਮਪੁਰਾ ਨੇ ਪ੍ਰਧਾਨਗੀ ਚੋਣ ਲੜੀ ਤਾਂ ਉਸ ਨਾਲ 35 ਤੋਂ ਵਧ ਮੈਂਬਰ ਆ ਚੁਕੇ ਸਨ (ਮਗਰੋਂ ਦਸੰਬਰ 2006 ਵਿਚ ਚੰਦੂਮਾਜਰਾ ਦੇ ਬਾਦਲ ਦੀ ਝੋਲੀ ਵਿਚ ਪੈਣ ਮਗਰੋਂ ਇਹ ਗਿਣਤੀ ਫੇਰ 30 ਰਹਿ ਗਈ ਸੀ)।

ਪੰਜਾਬ ਦੇ ਪਾਣੀਆਂ ਦਾ ਮਸਲਾ

ਇਨ੍ਹਾਂ ਦਿਨਾਂ ਵਿਚ ਹਰਿਆਣੇ ਨੇ ਪੰਜਾਬ ਦੇ ਪਾਣੀ ਖੋਹਣ ਵਾਸਤੇ ਚਾਲਾਕੀ ਵਾਲੀਆਂ ਕਾਨੂੰਨੀ ਕਾਰਵਾਈਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇਹ ਉਨ੍ਹਾਂ ਸਮਝੌਤਿਆਂ ਦੇ ਅਧਾਰ ’ਤੇ ਸਨ ਜਿਹੜੇ 1966 ਤੋਂ ਹੀ ਪੰਜਾਬ ਦੇ ਕਾਂਗਰਸੀ ਚੀਫ਼ ਮਨਿਸਟਰਾਂ (ਕੈਰੋਂ, ਦਰਬਾਰਾ ਸਿੰਘ, ਬਰਨਾਲਾ, ਬਾਦਲ ਵ.ਗੈਰਾ) ਨੇ ਪੰਜਾਬ ਨਾਲ ਗ਼ੱਦਾਰੀ ਕਰ ਕੇ ਕੀਤੇ ਹੋਏ ਸਨ ਤੇ ਜਾਂ ਫਿਰ ਰਾਜੀਵ ਲੌਂਗੋਵਾਲ ਸਮਝੌਤੇ ਹੇਠ ਸਨ। ਜਦ 4 ਜੂਨ 2004 ਨੂੰ ਸੁਪਰੀਮ ਕੋਰਟ ਵੀ ਹਰਿਆਣੇ ਦੇ ਹੱਕ ਵਿਚ ਹੋ ਗਈ ਅਤੇ ਪੰਜਾਬ ਨੂੰ ਸਤਲੁਜ-ਜਮਨਾ ਨਹਿਰ ਬਣਾ ਕੇ ਦੇਣ ਦਾ ਹੁਕਮ ਜਾਰੀ ਕੀਤਾ ਤਾਂ ਅਮਰਿੰਦਰ ਸਿੰਘ ਨੇ ਬੜੇ ਖ਼ੁਫ਼ੀਆ ਤਰੀਕੇ ਨਾਲ ਕਾਨੂੰਨ ਦਾ ਮਸੌਦਾ ਤਿਆਰ ਕਰਵਾ ਕੇ 12 ਜੁਲਾਈ 2004 ਦੇ ਦਿਨ ਪੰਜਾਬ ਦੇ ਦਰਿਆਈ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਨ ਦਾ ਬਿੱਲ ਪਾਸ ਕਰ ਦਿੱਤਾ ਤੇ ਉਸੇ ਦਿਨ ਗਵਰਨਰ ਦੇ ਦਸਤਖ਼ਤ ਕਰਵਾ ਕੇ ਕਾਨੂੰਨ ਬਣਾ ਦਿੱਤਾ। ਇਸ ਕਾਨੂੰਨ ਦੇ ਖ਼ਿਲਾਫ਼ ਹਰਿਆਣਾ ਨੇ ਤਾਂ ਰੌਲਾ ਪਾਉਣਾ ਹੀ ਸੀ, ਬਾਦਲ ਅਕਾਲੀ ਦਲ ਦੇ ਭਾਈਵਾਲਾਂ ਦੀ ਪਾਰਟੀ ਭਾਜਪਾ ਦੇ ਮੁਖ ਆਗੂਆਂ ਨੇ ਤਾਂ ਪਾਰਲੀਮੈਂਟ ਵਿਚ ਬਹੁਤ ਸ਼ੋਰ ਪਾਇਆ। ਉਹ ਚਾਹੁੰਦੇ ਸਨ ਕਿ ਕਾਨੂੰਨ ਨੂੰ ਛਿੱਕੇ ਟੰਗ ਕੇ ਪੰਜਾਬ ਨੂੰ ਮਿਲਦਾ 25% ਤੋਂ ਘਟ ਪਾਣੀ ਵੀ ਖੋਹ ਲਿਆ ਜਾਵੇ। 1960 ਵਿਚ ਜਿਸ 15.8 ਮਿਲੀਅਨ ਏਕੜ ਫ਼ੀਲਡ (ਐਮ.ਏ.ਐਫ਼.) ਪਾਣੀ ’ਤੇ ਪੰਜਾਬ ਦਾ ਹੱਕ ਸੀ ਉਸ ਵਿਚੋਂ 8 ਐਮ.ਏ.ਐਫ਼. ਰਾਜਸਥਾਨ ਅਤੇ 1966 ਵਿਚ 3.5 ਐਮ.ਏ.ਐਫ਼. ਹਰਿਆਣੇ ਨੂੰ, ਕੁਝ ਚੰਡੀਗੜ੍ਹ ਨੂੰ ਤੇ ਪੰਜਾਬ ਨੂੰ ਸਿਰਫ਼ 3.5 ਐਮ.ਏ.ਐਫ਼. ਰਹਿ ਗਿਆ ਸੀ। ਹਰਿਆਣਾ ਜਮਨਾ ਦਾ ਸਾਰਾ ਪਾਣੀ ਵੀ ਲੈ ਰਿਹਾ ਸੀ ਤੇ ਪੰਜਾਬ ਜਿੰਨਾ ਪਾਣੀ ਵੀ ਅਤੇ ਰਾਜਸਥਾਨ ਬਿਨਾਂ ਹੱਕ ਤੋਂ ਅੱਧੇ ਤੋਂ ਵਧ ਪਾਣੀ ਮੁਫ਼ਤ ਲੈ ਰਿਹਾ ਸੀ। ਅਮਰਿੰਦਰ ਸਿੰਘ ਦੇ ਇਸ ਐਕਸ਼ਨ ਨਾਲ 9 ਲੱਖ ਏਕੜ ਜ਼ਮੀਨ ਬੰਜਰ ਹੋਣੋਂ ਬਚ ਗਈ ਤੇ 16 ਲੱਖ ਕਿਸਾਨ ਭੁੱਖੇ ਮਰਨ ਤੋਂ ਬਚ ਗਏ। ਅਮਰਿੰਦਰ ਸਿੰਘ ਦੇ ਇਸ ਐਕਸ਼ਨ ਨੇ ਉਸ ਨੂੰ ਬੜਾ ਮਾਣ ਦਿਵਾਇਆ। ਜੇ ਉਸ ਦੀ ਥਾਂ ’ਤੇ ਬਾਦਲ ਹੁੰਦਾ ਤਾਂ ਇਹ ਹਰਗਿਜ਼ ਨਾ ਹੋ ਸਕਦਾ।

ਪਾਣੀਆਂ ਦੇ ਸਮਝੌਤੇ ਰੱਦ ਕਰਨਾ

12 ਜੁਲਾਈ 2004 ਦਾ ਦਿਨ ਪੰਜਾਬ ਅਤੇ ਪੰਜਾਬ ਕਾਂਗਰਸ ਦੀ ਤਵਾਰੀਖ਼ ਵਿਚ ਇਕ ਯਾਦਗਾਰੀ ਦਿਨ ਰਹੇਗਾ। ਇਸ ਦਿਨ ਪੰਜਾਬ ਦੀ ਕਾਂਗਰਸ ਸਰਕਾਰ ਨੇ “ਪੰਜਾਬ ਟਰਮੀਨੇਸ਼ਨ

ਆਫ਼ ਐਗਰੀਮੈਂਟ ਬਿਲ-2004" ਪਾਸ ਕਰ ਦਰਬਾਰਾ ਸਿੰਘ ਦੀ ਕਾਂਗਰਸੀ ਸਰਕਾਰ ਵੱਲੋਂ ਪੰਜਾਬ ਨਾਲ ਕੀਤੇ ਜ਼ੁਲਮ ਦੇ ਜ਼ਖ਼ਮਾਂ ਨੂੰ ਕੁਝ ਕੂ (ਸਾਰੀ ਨਹੀਂ) ਮਰ੍ਹਮ ਲਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਇਸ ਤੋਂ ਵੀ ਅਹਿਮ ਤਵਾਰੀਖ਼ੀ ਘਟਨਾ ਹੈ ਭਾਰਤੀ ਜਨਤਾ ਪਾਰਟੀ ਸਾਥੀਆਂ ਵੱਲੋਂ ਨੰਗੇ ਚਿੱਟੇ ਹੋ ਕੇ ਪੰਜਾਬ ਨਾਲ ਨਫ਼ਰਤ ਅਤੇ ਦੁਸ਼ਮਣੀ ਦਾ ਇਜ਼ਹਾਰ ਕਰਨਾ। ਪਰ, ਬੇਹੱਦ ਹੈਰਤ ਵਾਲੀ ਗੱਲ ਹੈ ਭਾਜਪਾ ਦੇ ਅਖੌਤੀ ਸੋਸ਼ਲਿਸਟ ਅਖਵਾਉਂਦੇ (ਸਣੇ ਜਾਰਜ ਫ਼ਰਨਾਂਡਿਸ ਦੇ) ਸਾਥੀਆਂ ਦਾ ਰੋਲ ਜਿਹੜੇ ਇਨਸਾਫ਼ ਦੇ ਨਾਅਰੇ ਲਾਉਂਦਿਆਂ ਨਹੀਂ ਸਨ ਥਕਦੇ। ਉਂਞ ਤਾਂ 'ਊਧਮ ਸਿੰਘ ਨਗਰ' ਦੇ ਸਵਾਲ ਤੋਂ ਹੀ ਜਾਰਜ ਫ਼ਰਨਾਂਡਿਸ ਬੇਨਕਾਬ ਹੋ ਚੁਕਾ ਸੀ ਕਿ ਉਹ ਭਾਜਪਾ ਦੀ ਕਠਪੁਤਲੀ ਬਣ ਚੁੱਕਾ ਹੈ। ਭਾਰਤੀ ਜਨਤਾ ਪਾਰਟੀ ਬਾਰੇ ਸਿੱਖ ਵਿਦਵਾਨ ਤਾਂ ਪਹਿਲਾਂ ਹੀ ਜਾਣਦੇ ਸਨ ਕਿ ਉਹ ਪੰਜਾਬ ਦੇ ਦੁਸ਼ਮਣ ਹਨ ਤੇ ਉਹ ਵੀ ਸਿਰਫ਼ ਇਸ ਕਰ ਕੇ ਕਿ ਪੰਜਾਬ ਵਿਚ ਸਿੱਖ ਵਧੇਰੀ ਗਿਣਤੀ ਵਿਚ ਹਨ ਪਰ ਹੁਣ ਤਾਂ ਬਾਦਲ ਅਕਾਲੀ ਦਲ ਨੂੰ ਵੀ ਅਹਿਸਾਸ ਹੋ ਗਿਆ ਹੈ ਕਿ ਜਿਸ ਪਾਰਟੀ ਨੂੰ ਉਹ ਆਪਣੀ "ਦੋਸਤ" ਸਮਝਣ ਦਾ ਭਰਮ ਪਾਲ ਰਹੇ ਸਨ ਉਹ "ਬਗਲ ਵਿਚ ਛੁਰੀ ਤੇ ਮੂੰਹ ਵਿਚ ਰਾਮ ਰਾਮ" ਵਾਲੀ ਪਾਰਟੀ ਹੈ। ਜੇਕਰ ਹਰਿਆਣਾ ਦੀ ਭਾਰਤੀ ਜਨਤਾ ਪਾਰਟੀ ਦੇ ਆਗੂ ਅਜਿਹਾ ਕਰਦੇ ਤਾਂ ਇਹ ਉਨ੍ਹਾਂ ਦਾ ਹੱਕ ਹੈ ਤੇ ਇਹ ਕੋਈ ਗ਼ਲਤ ਨਾ ਹੁੰਦਾ ਪਰ ਪਾਰਟੀ ਦੀ ਹਾਈ ਕਮਾਂਡ ਦੇ ਸਭ ਤੋਂ ਸੀਨੀਅਰ ਲੀਡਰ ਅਡਵਾਨੀ, ਜਸਵੰਤ ਸਿੰਘ, ਸੁਸ਼ਮਾ ਸਵਰਾਜ ਅਤੇ ਵਿਜੈ ਕੁਮਾਰ ਮਲਹੋਤਰਾ ਦਾ ਰੋਲ ਸ਼ਰੇਆਮ ਸਾਬਿਤ ਕਰਦਾ ਹੈ ਕਿ ਉਹ ਪੰਜਾਬ ਦੇ ਜ਼ਬਰਦਸਤ ਮੁਖ਼ਾਲਿਫ਼ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਵਿਚੋਂ ਸੁਸ਼ਮਾ ਸਵਰਾਜ (ਜਿਹੜੀ ਇਕ ਪੰਜਾਬੀ, ਸ੍ਰੀ ਸਵਰਾਜ, ਦੀ ਪਤਨੀ ਵੀ ਤਾਂ ਹੈ) ਨੂੰ ਛੱਡ ਕੇ ਕਿਸੇ ਦਾ ਵੀ ਹਰਿਆਣਾ ਨਾਲ ਦੂਰ ਦਾ ਵੀ ਸਬੰਧ ਨਹੀਂ। ਫਿਰ ਵਿਜੈ ਕੁਮਾਰ ਮਲਹੋਤਰਾ ਤਾਂ ਦਿੱਲੀ ਵਿਚੋਂ ਜਿੱਤਿਆ ਵੀ ਸਿਰਫ਼ ਸਿੱਖ ਅਤੇ ਪੰਜਾਬੀ ਵੋਟਾਂ ਕਰ ਕੇ ਹੀ ਹੈ। ਭਾਰਤ ਦੀ ਤਵਾਰੀਖ਼ ਵਿਚ ਅਜ ਤਕ ਕਦੇ ਵੀ ਕਿਸੇ ਸੈਂਟਰਲ ਪਾਰਟੀ ਨੇ ਅਜ ਤਕ ਅਜਿਹਾ ਸਟੈਂਡ ਨਹੀਂ ਲਿਆ ਸਿਰਫ਼ ਭਾਰਤੀ ਜਨਤਾ ਪਾਰਟੀ ਨੇ, ਤੇ ਉਹ ਵੀ ਸਿਰਫ਼ ਪੰਜਾਬ ਦੇ ਮਾਮਲੇ ਵਿਚ, ਇਹ ਸਟੈਂਡ ਲਿਆ ਹੈ। ਭਾਰਤੀ ਜਨਤਾ ਪਾਰਟੀ ਦਾ ਸਟੈਂਡ ਇਹ ਸਾਬਿਤ ਕਰਦਾ ਹੈ ਕਿ ਇੰਦਰਾ ਗਾਂਧੀ ਅਤੇ ਭਾਜਪਾ ਪੰਜਾਬ ਬਾਰੇ (ਅਤੇ ਸਿੱਖ ਮਸਲਿਆਂ ਬਾਰੇ) ਇਕੋ ਸੋਚ ਰੱਖਦੇ ਹਨ ਜਿਸ ਨੂੰ ਸਿਰਫ਼ ਤੇ ਸਿਰਫ਼ ਫ਼ਿਰਕਾਪ੍ਰਸਤੀ ਤੇ ਪੰਜਾਬ ਪ੍ਰਤੀ ਦੁਸ਼ਮਣੀ ਹੀ ਕਿਹਾ ਜਾ ਸਕਦਾ ਹੈ। ਪਾਣੀਆਂ ਬਾਰੇ ਪੰਜਾਬ ਵੱਲੋਂ ਪਾਸ ਕੀਤੇ ਬਿੱਲ ਸਬੰਧੀ ਭਾਰਤੀ ਜਨਤਾ ਪਾਰਟੀ ਦੇ ਸਟੈਂਡ ਤੋਂ ਵਿਦਵਾਨ ਇਹ ਮਹਿਸੂਸ ਕਰਦੇ ਹਨ ਕਿ ਭਾਜਪਾ ਪੰਜਾਬ ਨਾਲ ਦਿਲੋਂ ਦੁਸ਼ਮਣੀ ਰੱਖਦੀ ਹੈ। ਇਹ ਹੁਣ ਭਾਜਪਾ ਦਾ ਫ਼ਰਜ਼ ਹੈ ਕਿ ਉਹ ਸਾਬਿਤ ਕਰੇ ਕਿ ਕੀ ਉਹ ਦੇਸ਼ ਭਗਤ ਹਨ ਕਿ ਹਰਿਆਣਾ ਭਗਤ? ਇਹੀ ਹਾਲ ਕਾਂਗਰਸ ਦੇ ਪ੍ਰਣਾਬ ਮੁਕਰਜੀ ਦਾ ਸੀ। ਸੋਨੀਆ ਗਾਂਧੀ ਨੇ ਉਸ ਨੂੰ ਕਾਂਗਰਸ ਪਾਰਟੀ ਦਾ ਪੰਜਾਬ ਦਾ ਇੰਚਾਰਜ ਬਣਾਇਆ ਹੈ ਤੇ ਉਹੀ ਪੰਜਾਬ ਦਾ ਦੁਸ਼ਮਣ ਹੈ। ਸ਼ਾਇਦ ਉਸ ਵਿਚ ਪਟੇਲ, ਪੰਡਤ ਪੰਤ, ਇੰਦਰਾ ਗਾਂਧੀ, ਗੁਲਜ਼ਾਰੀ ਲਾਲ ਨੰਦਾ ਤੇ ਰਾਜੀਵ ਦੀ ਰੂਹ ਆ ਗਈ ਹੋਵੇ।

'ਫ਼ੈਡਰਲ ਢਾਂਚੇ ਨੂੰ ਖ਼ਤਰਾ ਹੈ' ਦੀ ਦੁਹਾਈ: ਭਾਰਤੀ ਜਨਤਾ ਪਾਰਟੀ ਨੇ ਇਹ ਸ਼ੋਸ਼ਾ ਵੀ ਛੱਡਿਆ ਹੈ ਕਿ ਪੰਜਾਬ ਵੱਲੋਂ ਆਪਣੇ ਬਚਾਅ ਵਾਸਤੇ ਕਾਨੂੰਨ ਪਾਸ ਕੀਤੇ ਜਾਣ ਨਾਲ ਫ਼ੈਡਰਲ ਢਾਂਚੇ ਨੂੰ ਖ਼ਤਰਾ ਹੈ। ਅਜੀਬ ਗੱਲ ਹੈ ਕਿ ਜੇ ਪੰਜਾਬ ਆਪਣਾ ਸ਼ੋਸ਼ਣ ਕਰਵਾਉਂਦਾ ਰਹੇ ਤਾਂ ਪੰਜਾਬ

ਸਹੀ ਹੈ ਪਰ ਜੇ ਆਪਣੇ ਹੱਕ ਦਾ ਜ਼ਰਾ ਮਾਸਾ ਹਿੱਸਾ ਹਾਸਿਲ ਕਰਨ ਵਾਸਤੇ ਤੇ ਆਪਣੇ ਸੂਬੇ ਦੀਆਂ ਜ਼ਮੀਨਾਂ ਬਚਾਉਣ ਵਾਸਤੇ, ਕਾਨੂੰਨੀ ਗੱਲ ਕਰੇ ਤਾਂ ਪੰਜਾਬ ਦੇਸ਼ ਦਾ ਦੁਸ਼ਮਣ ਬਣ ਜਾਂਦਾ ਹੈ। ਇਹ ਤਾਂ ਉਹ ਗੱਲ ਹੈ ਕਿ ਤੁਸੀਂ ਚੁੱਪ ਕਰ ਕੇ ਰੇਪ ਕਰਵਾਈ ਜਾਓ ਪਰ ਜੇ ਤੁਸੀਂ ਇਨਸਾਫ਼ ਮੰਗਿਆ ਤਾਂ ਤੁਸੀਂ ਮੁਜਰਿਮ ਹੋ। ਜੇ ਪੰਜਾਬ ਕਹੇ ਕਿ "ਅਸੀਂ 'ਹੋਰ' ਲੁੱਟੇ ਜਾਣ ਵਾਸਤੇ ਇਜਾਜ਼ਤ ਨਹੀਂ ਦਿਆਂਗੇ" ਤਾਂ ਇਹ ਫ਼ੈਡਰਲ ਢਾਂਚੇ ਵਾਸਤੇ ਖ਼ਤਰਾ ਹੈ। ਪਰ, ਜੇ ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ ਰਾਜਸਥਾਨ ਨੂੰ ਪਾਣੀ ਦੇਣ ਤੋਂ ਨਾਂਹ ਕਰਨ ਤਾਂ ਇਸ ਨਾਲ ਫ਼ੈਡਰਲ ਢਾਂਚੇ ਨੂੰ ਕੋਈ ਖ਼ਤਰਾ ਨਹੀਂ। ਪੰਜਾਬ ਨੂੰ 1981 ਦੇ ਜਬਰੀ ਠੋਸੇ ਸਮਝੌਤੇ (ਜਿਸ ਨੂੰ ਪੰਜਾਬ ਨੇ ਰੱਦ ਕੀਤਾ ਹੈ) ਤੋਂ ਪਹਿਲਾਂ ਦੇ ਪੰਜਾਬ ਉਪਰ ਠੋਸੇ ਧੱਕੇ ਸ਼ਾਹੀ ਐਗਰੀਮੈਂਟ ਮੁਤਾਬਿਕ ਵੀ ਇਸ ਦਾ ਤਕਰੀਬਨ 75% ਪਾਣੀ ਨਿਹੱਕਾ ਖੋਹਿਆ ਗਿਆ ਹੈ ਪਰ ਸਤਲੁਜ-ਯਮਨਾ ਨਹਿਰ ਤਾਂ ਪੰਜਾਬ ਦੇ ਹਿੱਸੇ ਰਹਿੰਦੇ 25% ਪਾਣੀ 'ਤੇ ਵੀ ਡਾਕਾ ਮਾਰਨ ਵਾਲੀ ਗੱਲ ਹੈ। ਇਹ ਤਾਂ ਉਹ ਗੱਲ ਹੈ ਕਿ ਜੇ ਵੱਛੇ ਨੂੰ ਮੱਝ ਦੇ ਚੌਹਾਂ 'ਚੋਂ ਇਕ ਥਣ ਦਾ ਦੁੱਧ ਮਿਲਦਾ ਹੋਵੇ ਤਾਂ ਉਹ ਵੀ ਖੋਹਿਆ ਜਾਵੇ। ਦੂਜੇ ਪਾਸੇ ਜੇ ਰਾਜਸਥਾਨ ਤੇ ਹਿਮਾਚਲ ਕਾਨੂੰਨ ਪਾਸ ਕਰਨ ਕਿ ਪੰਜਾਬੀ (ਤੇ ਹੋਰ ਸੂਬਿਆਂ ਵਾਲੇ) ਉਨ੍ਹਾਂ ਸੂਬਿਆਂ ਵਿਚ ਜ਼ਮੀਨ ਨਹੀਂ ਖ਼ਰੀਦ ਸਕਦੇ ਤਾਂ ਉਹ ਫ਼ੈਡਰਲ ਢਾਂਚੇ ਨੂੰ ਖ਼ਤਮ ਨਹੀਂ ਕਰਦਾ। ਕੀ ਇਹ ਇੱਕੋ ਮੁਲਕ ਹੈ? ਪੰਜਾਬ ਵਾਸਤੇ ਇਨਸਾਫ਼ ਹੋਰ ਹੈ ਤੇ ਰਾਜਸਥਾਨ ਤੇ ਹਿਮਾਚਲ ਵਾਸਤੇ ਹੋਰ। ਪਾਣੀਆਂ ਦੇ ਸਵਾਲ ਤੇ ਵੀ ਪੰਜਾਬ ਵਾਸਤੇ ਇਨਸਾਫ਼ ਹੋਰ ਹੈ ਅਤੇ ਗੁਜਰਾਤ, ਮਹਾਂਰਾਸ਼ਟਰ, ਮੱਧ ਪ੍ਰਦੇਸ਼, ਤਾਮਿਲਨਾਡੂ ਅਤੇ ਕਰਨਾਟਕ ਵਾਸਤੇ ਹੋਰ। ਇੱਥੇ ਮੈਂ ਮਿਰਜ਼ਾ ਗ਼ਾਲਿਬ ਦਾ ਇਹ ਸ਼ੇਅਰ ਹੀ ਸੁਣਾ ਸਕਦਾ ਹਾਂ:
ਕਾਬਾ ਕਿਸ ਮੂੰਹ ਸੇ ਜਾਓਗੇ ਗ਼ਾਲਿਬ, ਸ਼ਰਮ ਤੁਮ ਕੋ ਮਗ਼ਰ ਨਹੀਂ ਆਤੀ।

ਰਾਜਸਥਾਨ ਪੰਜਾਬ ਦੇ ਪਾਣੀ ਦੇ ਪੈਸੇ ਅਦਾ ਕਰੇ

ਹਾਲਾਂ ਪ੍ਰਤਾਪ ਸਿੰਘ ਕੈਰੋਂ ਵੱਲੋਂ ਰਾਜਸਥਾਨ ਨੂੰ ਪੰਜਾਬ ਦਾ ਪਾਣੀ "ਮੁਫ਼ਤ" ਦੇਣ ਦਾ 'ਪਾਪ' ਅਜੇ ਧੋਣਾ ਬਾਕੀ ਹੈ। ਰਾਜਸਥਾਨ ਨੂੰ ਪਾਣੀ ਦੇਣਾ ਇਤਰਾਜ਼ ਵਾਲੀ ਗੱਲ ਨਹੀਂ ਪਰ "ਮੁਫ਼ਤ" ਪਾਣੀ ਦੇਣਾ ਗ਼ਲਤ ਹੈ। ਜਿਹੜਾ ਸੂਬਾ ਪੰਜਾਬੀਆਂ ਨੂੰ ਜ਼ਮੀਨ ਖ਼ਰੀਦਣ ਦੇ ਖ਼ਿਲਾਫ਼ ਕਾਨੂੰਨ ਬਣਾਉਂਦਾ ਹੈ ਉਹ ਕੌਮੀ ਹਿਤਾਂ ਦੇ ਨਾਂ 'ਤੇ ਪਾਣੀ ਮੰਗਣ ਦੀ ਗੱਲ ਨਹੀਂ ਕਰ ਸਕਦਾ।

ਮੁਲਕ ਦਾ ਦੁਸ਼ਮਣ ਕੌਣ?

ਜੇ ਹਰਿਆਣਾ ਵਿਚ ਪੰਜਾਬ ਦੀਆਂ ਬੱਸਾਂ ਨੂੰ ਅੱਗ ਲਾਈ ਜਾਂਦੀ ਹੈ ਤਾਂ ਕੀ ਉਦੋਂ ਇਹ ਮੁਲਕ ਨਾਲ ਦੁਸ਼ਮਣੀ ਨਹੀਂ ? ਕੀ ਇਸ ਨਾਲ ਫ਼ੈਡਰਲ ਢਾਂਚੇ ਨੂੰ ਕੋਈ ਖ਼ਤਰਾ ਨਹੀਂ? ਪੰਜਾਬ ਵਿਚ ਤਾਂ ਪੁਰਅਮਨ 'ਰਸਤਾ ਰੋਕੋ' ਦੌਰਾਨ ਗੋਲੀਆਂ ਚਲਾ ਕੇ 40 ਸਿੱਖ ਮਾਰੇ ਜਾ ਸਕਦੇ ਹਨ ਪਰ ਹਰਿਆਣਾ ਵਿਚ ਪੰਜਾਬ ਸਰਕਾਰ ਦੀਆਂ ਬੱਸਾਂ ਨੂੰ ਸ਼ਰੇਆਮ ਅੱਗਾਂ ਲਾਉਣਾ ਵੀ ਕੋਈ ਜੁਰਮ ਨਹੀਂ। ਕੀ 'ਪੰਜਾਬ ਦੀਆਂ ਬੱਸਾਂ ਨੂੰ ਹਰਿਆਣਾ ਚੋਂ ਲੰਘਣ ਨਹੀਂ ਦਿਆਂਗੇ' ਦਹਿਸ਼ਤਗਰਦੀ ਦੀ ਕਾਰਵਾਈ ਨਹੀਂ ਹੈ? ਕੀ ਇੱਥੇ 'ਦਹਿਸ਼ਤਗਰਦੀ ਰੋਕੂ ਕਾਨੂੰਨ' ਨਹੀਂ ਲੱਗਦਾ? ਕੀ ਇੱਥੇ 'ਪੋਟਾ' ਨਹੀਂ ਲੱਗਦਾ? ਕੀ ਇੱਥੇ ਨੈਸ਼ਨਲ ਸਕਿਊਰਿਟੀ ਐਕਟ ਨਹੀਂ ਲੱਗਦਾ ? ਸ਼ਾਇਦ ਨਹੀਂ, ਕਿਉਂ ਕਿ ਪੰਜਾਬ ਵਾਸਤੇ ਕਾਨੂੰਨ ਹੋਰ ਹੈ ਹਰਿਆਣੇ ਵਾਸਤੇ ਹੋਰ। ਹਾਂ, ਇਹੀ ਤਾਂ ਹੈ ਫ਼ੈਡਰਲ ਢਾਂਚੇ ਦਾ ਕਮਾਲ ਕਿ ਵੱਖ ਵੱਖ ਸੂਬਿਆਂ ਵਾਸਤੇ ਵੱਖ-ਵੱਖ ਸਲੂਕ, ਪਰ ਫਿਰ ਵੀ ਇਕ ਮੁਲਕ।

ਸੁਪਰੀਮ ਕੋਰਟ ’ਤੇ ਵੀ ਯਕੀਨ ਨਹੀਂ

ਅਜੀਬ ਗੱਲ ਹੈ ਕਿ ਸੈਂਟਰ ਵੱਲੋਂ ਸੁਪਰੀਮ ਕੋਰਟ ਵਿਚ ਕੇਸ ਰੈਫ਼ਰ ਕਰਨ ਦੇ ਬਾਵਜੂਦ ਪੰਜਾਬ ਦੇ ਦੁਸ਼ਮਣ ਭਾਜਪਾ ਵਾਲੇ ਤੇ ਉਨ੍ਹਾਂ ਦੇ ਸਾਥੀ ਸ਼ੋਰ ਪਾ ਰਹੇ ਹਨ। ਕੀ ਉਨ੍ਹਾਂ ਨੂੰ ਸੁਪਰੀਮ ਕੋਰਟ ਤੇ ਵੀ ਯਕੀਨ ਨਹੀਂ। ਪਿਛਲਾ ਤਜਰਬਾ ਦਸਦਾ ਹੈ ਕਿ ਪੰਜਾਬ ਦੇ ਦੁਸ਼ਮਣ ਸੈਂਟਰਲ ਲੀਡਰਾਂ (ਕਾਂਗਰਸ ਤੇ ਭਾਜਪਾ ਦੋਹਾਂ) ਨੂੰ ਸੁਪਰੀਮ ਕੋਰਟ ਤੇ ਯਕੀਨ ਨਹੀਂ ਇਸ ਕਰ ਕੇ 1981 ਵਿਚ ਦਰਬਾਰਾ ਸਰਕਾਰ ਨੇ ਪੰਜਾਬ ਦੇ ਪਾਣੀਆਂ ਬਾਰੇ ਕੇਸ ਸੁਪਰੀਮ ਕੋਰਟ ਚੋਂ ਵਾਪਿਸ ਲੈ ਲਿਆ ਸੀ। ਇਨ੍ਹਾਂ ਨੂੰ 1981 ਵਿਚ (ਜਦ ਦਰਬਾਰਾ ਸਰਕਾਰ ਨੇ ਕੋਰਟ ਚੋਂ ਕੇਸ ਵਾਪਿਸ ਲਿਆ) ਵੀ ਸੁਪਰੀਮ ਕੋਰਟ ’ਤੇ ਯਕੀਨ ਸੀ ਤੇ ਨਾ ਹੀ ਹੁਣ 2004 ਵਿਚ ਹੈ। ਜੇ ਇਨ੍ਹਾਂ ਨੂੰ ਸੁਪਰੀਮ ਕੋਰਟ ’ਤੇ ਯਕੀਨ ਹੈ ਤਾਂ ਪੰਜਾਬ ਦੇ ਪਾਣੀਆਂ ਦਾ ਸਾਰਾ ਕੇਸ ਮੁੱਢੋਂ ਹੀ ਸੁਪਰੀਮ ਕੋਰਟ ਦੇ ਹਵਾਲੇ ਕਰ ਦੇਣ। ਸੁਪਰੀਮ ਕੋਰਟ ’ਤੇ ਯਕੀਨ ਨਾ ਕਰਨਾ ਇਕ ਤਰ੍ਹਾਂ ਨਾਲ ਸੁਪਰੀਮ ਅਦਾਲਤ ਦੀ ਤੌਹੀਨ ਹੈ। ਕੀ ਇਹ ਮੁਲਕ ਨਾਲ ਗ਼ੱਦਾਰੀ ਨਹੀਂ? ਕੀ ਇਹ ਇਨਸਾਫ਼ ਨਾਲ ਗ਼ੱਦਾਰੀ ਨਹੀਂ?

ਭਾਰਤ ਦੀ ਪਰੈੱਸ ਦੇ ਬਹੁਤੇ ਹਿੱਸੇ ਨੇ ਵੀ ਅਜੀਬ ਪੱਖਪਾਤੀ ਰੋਲ ਅਦਾ ਕੀਤਾ ਹੈ। ਇਨ੍ਹਾਂ ਅਖ਼ਬਾਰਾਂ ਨੇ ਪੰਜਾਬ ਵੱਲੋਂ ਇਨਸਾਫ਼ ਦੀ ਕੋਸ਼ਿਸ਼ ਨੂੰ ਇੰਜ ਪੇਸ਼ ਕੀਤਾ ਹੈ ਕਿ ਜਿਵੇਂ ਪੰਜਾਬ ਨੇ ਕੋਈ ਗੁਨਾਹ ਕਰ ਦਿਤਾ ਹੋਵੇ ਜਾਂ ਜਿਵੇਂ ਪੰਜਾਬ ਦਾ ਮੁਜਰਿਮ ਹੋਵੇ। ਬਹੁਤੀ ਪਰੈੱਸ ਪੰਜਾਬ ਨੂੰ ‘ਵਿੱਲਨ’ ਬਣਾ ਕੇ ਪੇਸ਼ ਕਰਦੀ ਹੈ ਸਿਰਫ਼ ਕੁਝ ਅਖ਼ਬਾਰਾਂ ਤੇ ਕੁਝ ਐਡੀਟਰਾਂ ਨੇ ਹੀ ਨਿਰਪੱਖ ਰੋਲ ਅਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਨੀਆਂ ਭਰ ਦੇ ਵੱਡੇ ਮੁਲਕਾਂ ਵਿਚ ਸ਼ਾਮਿਲ ਹੋਣ ਦੀਆਂ ਗੱਲਾਂ ਕਰਨ ਵਾਲੇ ਮੁਲਕ ਦੀ ਸੀਨੀਅਰ ਲੀਡਰਸ਼ਿਪ ਦੇ ਬਹੁਤੇ ਹਿੱਸੇ ਕੋਲ ਨਾ ਨਿਰਪੱਖ ਪਰੈੱਸ ਹੈ, ਨਾ ਨਿਰਪੱਖ ਲੇਖਕ। ਹਾਂ ਇਨਸਾਨੀ ਹਕੂਕ ਵਾਸਤੇ ਜੂਝਣ ਵਾਲੀਆਂ ਜਥੇਬੰਦੀਆਂ ਅਤੇ ਉਂਗਲਾਂ ’ਤੇ ਗਿਣੇ ਜਾ ਸਕਣ ਵਾਲੇ ਚੰਦ ਇਕ ਜਰਨਲਿਸਟ ਅਜੇ ਬਾਕੀ ਹਨ ਜਿਨ੍ਹਾਂ ਦੇ ਸਿਰ ’ਤੇ ਇਨਸਾਨੀਅਤ ਅਤੇ ਇਨਸਾਫ਼ ‘ਅਜੇ’ ਸਾਹ ਲੈ ਰਹੇ ਹਨ।

ਸਿੱਖ ਤਵਾਰੀਖ਼ ਦੀਆਂ ਸ਼ਤਾਬਦੀਆਂ ਮਨਾਉਣਾ

ਸਤੰਬਰ 2004 ਵਿਚ ਸਿੱਖਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਨ (16 ਅਗਸਤ 1604) ਦੀ ਚਾਰ ਸੌ ਸਾਲਾ ਸ਼ਤਾਬਦੀ ਮਨਾਈ। ਅਮਰਿੰਦਰ ਸਿੰਘ ਸਰਕਾਰ ਨੇ ਵੀ ਇਸ ਮੌਕੇ ’ਤੇ ਬਹੁਤ ਖ਼ਰਚ ਕੀਤਾ ਤੇ ਕਈ ਪ੍ਰਾਜੈਕਟ ਸ਼ੁਰੂ ਕੀਤੇ। (ਪਰ ਅੰਮ੍ਰਿਤਸਰ ਵਿਚ ਪਹਿਲੀ ਸਤੰਬਰ ਨੂੰ ਮੁਖ ਸਮਾਗਮ ਵਿਚ ਜਦ ਅਮਰਿੰਦਰ ਸਿੰਘ ਨੂੰ ਬੋਲਣ ਵਾਸਤੇ ਕਿਹਾ ਗਿਆ ਤਾਂ ਉਸ ਨੇ ਪਹਿਲਾਂ ਹਰਵਿੰਦਰ ਹੰਸਪਾਲ ਕੂਕਾ (ਨਾਮਧਾਰੀ) ਨੂੰ ਸੋਨੀਆ ਦਾ ਸੁਨੇਹਾ ਪੜ੍ਹਨ ਵਾਸਤੇ ਖੜ੍ਹਾ ਕੀਤਾ। ਇਹ ਸਮਾਗਮ ਦੀ ਤੌਹੀਨ ਸੀ ਕਿਉਂਕਿ ਨਾਮਧਾਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਹੀ ਨਹੀਂ ਮੰਨਦੇ। ਉਂਞ ਹੈਰਾਨੀ ਦੀ ਗੱਲ ਇਹ ਹੈ ਕਿ ਕਿਸੇ ਸਿੱਖ ਵਿਦਵਾਨ ਜਾਂ ਆਗੂ ਨੇ ਉਦੋਂ ਜਾਂ ਮਗਰੋਂ ਕਦੇ ਵੀ ਇਸ ਦੀ ਨਿੰਦਾ ਨਹੀਂ ਕੀਤੀ ਸੀ)। ਸ਼੍ਰੋਮਣੀ ਕਮੇਟੀ ਨੇ ਇਹ ਐਲਾਨ ਜ਼ਰੂਰ ਕੀਤਾ ਕਿ ਇੰਦਰਾ ਤੇ ਰਾਜੀਵ ਵੱਲੋਂ ਦਰਬਾਰ ਸਾਹਿਬ ’ਤੇ ਜੂਨ 1984 ਵਿਚ ਕੀਤੇ ਹਮਲੇ ਕਾਰਨ ਸੋਨੀਆ ਨੂੰ ਸੱਦਾ ਹੀ ਨਹੀਂ ਸੀ ਭੇਜਿਆ ਗਿਆ।

ਇਸ ਮਗਰੋਂ ਦਸੰਬਰ 2004 ਵਿਚ ਵੱਡੇ ਸਾਹਿਬਜ਼ਾਦਿਆਂ (ਸ਼ਹੀਦੀਆਂ 7 ਦਸੰਬਰ

1705) ਦੀਆਂ (ਚਮਕੌਰ ਵਿਚ) ਤੇ ਛੋਟੇ ਸਹਿਬਜ਼ਾਦਿਆਂ ਤੇ ਮਾਤਾ ਗੁਜਰੀ (ਸ਼ਹੀਦੀਆਂ 13 ਦਸੰਬਰ 1705) ਦੀਆਂ (ਫ਼ਤਹਿਗੜ੍ਹ ਸਾਹਿਬ ਵਿਚ) ਸ਼ਹੀਦੀ ਸ਼ਤਾਬਦੀਆਂ ਮਨਾਈਆਂ। ਹਾਲਾਂ ਕਿ ਇਹ ਸ਼ਤਾਬਦੀਆਂ 2005 ਵਿਚ ਮਨਾਉਣੀਆਂ ਚਾਹੀਦੀਆਂ ਸਨ। ਫਿਰ ਮੁਕਤਸਰ ਦੇ ਚਾਲ੍ਹੀ ਮੁਕਤਿਆਂ (ਸ਼ਹੀਦੀਆਂ 29 ਦਸੰਬਰ 1705) ਦੀਆਂ ਸ਼ਹੀਦੀਆਂ ਦੀ ਤੀਜੀ ਸ਼ਤਾਬਦੀ ਮਈ 2005 ਵਿਚ ਮਨਾਈ।

ਫ਼ਤਹਿਗੜ੍ਹ ਵਿਚ ਸ਼ਤਾਬਦੀਆਂ ਦੇ ਮਨਾਉਣ ਦੇ ਸਬੰਧ ਵਿਚ ਪੰਜਾਬ ਸਰਕਾਰ ਨੇ ਚਾਰ ਗੇਟ ਬਣਾਏ ਜਿਨ੍ਹਾਂ ਦੇ ਨਾਂ ਬੰਦਾ ਸਿੰਘ ਬਹਾਦਰ, ਸ਼ੇਰ ਮੁਹੰਮਦ ਖ਼ਾਨ, ਟੋਡਰ ਮੱਲ ਤੇ ਮੋਤੀ ਰਾਮ ਮਹਿਰਾ ਦੇ ਨਾਂ 'ਤੇ ਰੱਖੇ ਗਏ। ਇਨ੍ਹਾਂ ਵਿਚੋਂ ਤਿੰਨ ਗੇਟ ਗ਼ਲਤ ਸਨ। ਸ਼ੇਰ ਮੁਹੰਮਦ ਖ਼ਾਨ ਬਾਰੇ ਇਹ ਝੂਠਾ ਪ੍ਰਚਾਰ ਸੀ ਕਿ ਉਸ ਨੇ ਸਾਹਿਜ਼ਾਦਿਆਂ ਵਾਸਤੇ 'ਹਾਅ' ਦਾ ਨਾਅਰਾ ਮਾਰਿਆ ਸੀ, ਜਦ ਕਿ ਉਹ ਤਾਂ ਮਰਿਆ ਵੀ ਸਿੱਖਾਂ ਦੇ ਹੱਥੋਂ ਸੀ। ਉਸ ਨੇ ਤਾਂ ਸਿਰਫ਼ ਏਨਾ ਕਿਹਾ ਸੀ ਕਿ ਮੈਂ ਇਨ੍ਹਾਂ ਨੂੰ ਆਪਣੇ ਹੱਥੀਂ ਕਤਲ ਨਹੀਂ ਕਰਾਂਗਾ ਬਲਕਿ ਭਰਾ ਦੀ ਮੌਤ ਦਾ ਬਦਲਾ ਇਨ੍ਹਾਂ ਦੇ ਪਿਓ ਤੋਂ ਲਵਾਂਗਾ। ਦੂਜਾ, ਟੋਡਰ ਮਾਲ 1665-66 ਵਿਚ ਮਰ ਚੁਕਾ ਸੀ। ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸਸਕਾਰ ਉਸ ਦੇ ਪੋਤੇ ਨੇ ਕੀਤਾ ਸੀ। ਤੀਜਾ, ਮੋਤੀ ਰਾਮ ਮਹਿਰਾ ਇਕ ਕਵੀ ਦਾ ਘੜਿਆ ਕਾਲਪਨਿਕ ਪਾਤਰ ਹੈ ਤੇ ਹਕੀਕਤ ਵਿਚ ਕਦੇ ਨਹੀਂ ਹੋਇਆ।

ਪੰਜਾਬ ਅਸੈਂਬਲੀ ਵਿਚ ਅਖੌਤੀ 'ਅੱਤਵਾਦ' 'ਤੇ ਬਹਿਸ

ਜਦ ਤਕ ਬਾਦਲ ਚੀਫ਼ ਮਨਿਸਟਰ ਰਿਹਾ (1997 ਤੋਂ 2002 ਤਕ) ਵਾਰ-ਵਾਰ ਮੰਗ ਕਰਨ 'ਤੇ ਵੀ ਉਸ ਨੇ ਪੰਜਾਬ ਦੇ 'ਦੁਖਾਂਤ' ਬਾਰੇ ਬਹਿਸ ਨਹੀਂ ਕਰਵਾਈ। ਪਰ ਅਮਰਿੰਦਰ ਸਿੰਘ ਨੇ ਚੈਲੰਜ ਕਰ ਕੇ 18 ਅਕਤੂਬਰ 2005 ਦੇ ਦਿਨ ਇਸ ਨੁਕਤੇ 'ਤੇ ਬਹਿਸ ਕਰਵਾਈ। ਇਸ ਮੌਕੇ 'ਤੇ ਅਮਰਿੰਦਰ ਸਿੰਘ ਨੇ ਬਾਦਲ ਦੇ ਕਈ ਰਾਜ਼ ਖੋਲ੍ਹੇ ਪਰ ਬਾਦਲ ਮੀਸਣਿਆਂ ਤੇ ਬੇਗ਼ੈਰਤਾਂ ਵਾਂਗ ਖਚਰਾ ਹਾਸਾ ਹੱਸ ਕੇ ਚੁਪ ਕਰ ਕੇ ਬੈਠਾ ਰਿਹਾ।

ਦਰਬਾਰ ਸਾਹਿਬ ਲਈ ਐਲੀਵੇਟਡ ਰੋਡ, ਰਾਧਾ ਸੁਆਮੀ ਤੇ ਕੂਕੇ (ਨਾਮਧਾਰੀ)

ਜਦ ਤਕ ਬਾਦਲ ਚੀਫ਼ ਮਨਿਸਟਰ ਰਿਹਾ (1997 ਤੋਂ 2002 ਤਕ) ਵਾਰ-ਵਾਰ ਮੰਗ ਕਰਨ 'ਤੇ ਵੀ ਉਸ ਨੇ ਦਰਬਾਰ ਸਾਹਿਬ ਵਾਲੀ ਸੜਕ 'ਤੇ ਟਰੈਫ਼ਿਕ ਦਾ ਮਸਲਾ ਹੱਲ ਕਰਨ ਵਾਸਤੇ 'ਐਲੀਵੇਟਡ ਸੜਕ' ਨਹੀਂ ਬਣਾਈ ਕਿਉਂਕਿ ਉਸ ਦੇ ਫ਼ਿਰਕੂ ਹਿੰਦੂ ਭਾਈਵਾਲ ਭਾਜਪਾ ਵਾਲੇ ਇਸ ਦੇ ਖ਼ਿਲਾਫ਼ ਸਨ। ਜਦ ਅਮਰਿੰਦਰ ਸਿੰਘ ਚੀਫ਼ ਮਨਿਸਟਰ ਬਣਿਆ ਤਾਂ ਉਸ ਨੇ ਇਹ ਸੜਕ ਬਣਾਉਣੀ ਸ਼ੁਰੂ ਕੀਤੀ। 2007 ਵਿਚ ਜਦ ਬਾਦਲ ਦੋਬਾਰਾ ਆਇਆ ਤਾਂ ਉਸ ਨੇ ਇਹ ਸੜਕ ਗੋਲ ਬਾਗ ਤਕ ਕਰਨ ਦਾ ਹੁਕਮ ਜਾਰੀ ਕੀਤਾ ਤਾਂ ਜੋ ਇਹ (1923 ਵਿਚ ਬਣੇ) ਦੁਰਗਿਆਣਾ ਮੰਦਰ ਤਕ ਜਾ ਸਕੇ ਹਾਲਾਂਕਿ ਦੁਰਗਿਆਣਾ ਨੂੰ ਕਦੇ ਵੀ ਰਸ਼ ਨਹੀਂ ਹੋਇਆ। ਦਰਬਾਰ ਸਾਹਿਬ ਨਾਲ ਸ਼ਰੀਕਾ ਕਰਨਾ ਫ਼ਿਰਕੂ ਹਿੰਦੂਆਂ ਦਾ ਅਸਲਾ ਹੈ। ਅਮਰਿੰਦਰ ਸਿੰਘ ਨੇ ਦਰਬਾਰ ਸਾਹਿਬ ਨੂੰ ਵੈਟ ਤੋਂ ਛੋਟ ਦਿੱਤੀ ਸੀ, ਬਾਦਲ ਨੇ ਆਉਂਦਿਆਂ ਹੀ 4 ਅਪ੍ਰੈਲ ਨੂੰ ਦੁਰਗਿਆਣਾ ਮੰਦਰ ਨੂੰ ਵੀ ਇਹ ਛੋਟ ਦਿੱਤੀ।

ਰਾਧਾ ਸੁਆਮੀ: ਇੰਵ ਹੀ ਬਾਦਲ ਨੇ ਰਾਧਾ ਸੁਆਮੀ ਡੇਰੇ ਬਿਆਸ ਨੂੰ ਬਹੁਤ ਸਾਰੇ ਟੈਕਸਾਂ ਤੋਂ ਛੋਟ ਦਿੱਤੀ ਹੋਈ ਸੀ ਪਰ ਦਰਬਾਰ ਸਾਹਿਬ ਨੂੰ ਨਹੀਂ। ਇਹ ਛੋਟ ਮਗਰੋਂ ਅਮਰਿੰਦਰ ਸਿੰਘ

ਸਰਕਾਰ ਨੇ ਦਿੱਤੀ ਸੀ। ਬਾਦਲ ਨੇ ਤਾਂ ਮੋਹਾਲੀ ਦੇ ਕਈ ਫੇਜ਼ਾਂ (ਸੈਕਟਰਾਂ) ਵਿਚ ਗੁਰਦੁਆਰਿਆਂ ਵਾਸਤੇ ਦੋ-ਦੋ ਕਨਾਲ ਜਗ੍ਹਾ ਵੀ ਨਹੀਂ ਸੀ ਦਿੱਤੀ ਪਰ ਮੰਦਰਾਂ ਅਤੇ ਰਾਧਾਸੁਆਮੀਆਂ ਤੇ ਹੋਰਾਂ ਵਾਸਤੇ ਪਲਾਟ ਰੀਜ਼ਰਵ ਸਨ। ਮੋਹਾਲੀ ਵਿਚ ਤਾਂ ਬਾਦਲ ਨੇ ਰਾਧਾਸੁਆਮੀਆਂ ਨੂੰ 250 ਦੇ ਕਰੀਬ ਏਕੜ ਦਾ ਪੂਰਾ ਸੈਕਟਰ ਹੀ ਦੇ ਦਿੱਤਾ ਸੀ ਤੇ ਉਨ੍ਹਾਂ ਨੇ 25-30 ਏਕੜ ਨਾਜਾਇਜ਼ ਵੀ ਵਲ ਲਈ ਸੀ ਜਿਹੜੀ ਰੋਸ ਕਰਨ ਦੇ ਬਾਵਜੂਦ ਵੀ ਬਾਦਲ ਨੇ ਅਜੇ ਵਾਪਿਸ ਨਹੀਂ ਲਈ।

ਨਾਮਧਾਰੀ: 2007 ਵਿਚ ਬਾਦਲ ਨੇ ਕੂਕਾ ਰਾਮ ਸਿੰਘ ਨੂੰ ਸਤਿਗੁਰੂ ਆਖ ਕੇ ਉਸ ਦੇ ਨਾਂ 'ਤੇ ਕਈ ਪ੍ਰਾਜੈਕਟ ਸ਼ੁਰੂ ਕੀਤੇ। ਉਸ ਨੇ ਤਾਂ ਤਕਰੀਬਨ 600 ਕਰੋੜ ਰੁਪੈ ਦੇ ਪ੍ਰਾਜੈਕਟ ਕੈਬਨਿਟ ਦੀ ਮੀਟਿੰਗ ਵਿਚ ਪਾਸ ਕੀਤੇ।

ਬਾਦਲ ਦੇ ਹੱਥੋਂ ਸ਼੍ਰੋਮਣੀ ਕਮੇਟੀ ਅਤੇ ਸਿੱਖੀ ਦੀ ਤਬਾਹੀ

1999 ਵਿਚ ਜਦ ਜਾਗੀਰ ਕੌਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣੀ ਤਾਂ ਉਸ ਨੇ ਇਸ ਦੇ ਫ਼ੰਡਾਂ ਦੀ ਲੁੱਟ ਮਚਾਉਣੀ ਸ਼ੁਰੂ ਕਰ ਦਿੱਤੀ। ਉਸ ਨੇ ਕਰੋੜਾਂ ਰੁਪੈ ਦੀਆਂ ਫ਼ਿਕਸਡ ਡਿਪਾਜ਼ਟਾਂ ਖ਼ਰਚ ਕਰ ਦਿੱਤੀਆਂ ਤੇ ਇਹ ਖ਼ਰਚ ਵੀ ਗ਼ੈਰ-ਪੰਥਕ ਕੰਮਾਂ ਜਾਂ ਬਾਦਲ ਦੇ ਫ਼ਾਇਦੇ ਵਾਸਤੇ ਸਨ। ਤਲਵੰਡੀ ਵੇਲੇ ਫਿਰ ਜ਼ਰਾ-ਮਾਸਾ ਬਚਾਅ ਰਿਹਾ। ਬਡੂੰਗਰ ਵੇਲੇ ਫਿਰ ਕੁਰੱਪਸ਼ਨ ਦਾ ਬੋਲ ਬਾਲਾ ਸ਼ੁਰੂ ਹੋ ਗਿਆ। ਪਰ, ਜਾਗੀਰ ਕੌਰ ਦੇ ਦੋਬਾਰਾ ਬਣਨ 'ਤੇ ਅਤੇ ਅਵਤਾਰ ਸਿੰਘ ਮੱਕੜ ਵੇਲੇ ਤਾਂ ਇਹ ਹੱਦੋਂ ਵਧ ਗਿਆ। ਅਜ ਸ਼੍ਰੋਮਣੀ ਕਮੇਟੀ ਦਾ 90% ਫ਼ੰਡ ਮਹੰਤਾਂ ਦੇ ਵੇਲਿਆਂ ਵਾਂਗ ਬਾਦਲ ਅਤੇ ਕਾਬਜ਼ ਮੈਂਬਰਾਂ ਦੀ ਸਿੰਡੀਕੇਟ ਦੇ ਨਿੱਜੀ ਫ਼ਾਇਦਿਆਂ ਵਾਸਤੇ ਉਡਾਇਆ ਜਾਂਦਾ ਹੈ। ਲੱਖਾਂ ਦੇ ਬਿੱਲ, ਕਮਿਸ਼ਨਾਂ ਤੇ ਹੇਰਾਫੇਰੀਆਂ ਹੁੰਦੀਆਂ ਹਨ। ਇਸ ਦੀ ਇਕ ਨਿੱਕੀ ਜਿਹੀ ਮਿਸਾਲ ਹੈ 2004 ਵਿਚ ਗੁਰੂ ਗ੍ਰੰਥ ਸਾਹਿਬ ਸ਼ਤਾਬਦੀ ਦੇ ਮੌਕੇ 'ਤੇ ਟੈਂਟਾਂ ਦਾ ਟੈਂਡਰ ਸ਼ਾਇਦ 15 ਲੱਖ ਦਾ ਪਾਸ ਹੋਇਆ ਸੀ ਪਰ 27 ਲੱਖ ਦੇ ਬਿੱਲ ਸੈਂਕਸ਼ਨ ਹੋਏ ਜਿਨ੍ਹਾਂ 'ਤੇ ਜਸਵਿੰਦਰ ਸਿੰਘ ਐਡਵੋਕੇਟ ਅਤੇ ਰਾਜਿੰਦਰ ਸਿੰਘ ਮਹਿਤਾ ਦੀ ਤਸਦੀਕ। ਫਿਰ ਸਿੱਖ ਯੂਨੀਵਰਸਿਟੀ ਦੇ ਨਾਂ 'ਤੇ ਕਈ ਕਰੋੜ ਰੁਪੈ ਠੱਗੇ ਜਾ ਚੁਕੇ ਹਨ ਹਾਲਾਂ ਕਿ ਇਸ ਯੂਨੀਵਰਸਿਟੀ ਵਿਚ ਧਰਮ ਪ੍ਰਚਾਰ ਦੇ ਪ੍ਰਾਜੈਕਟ ਇਕ ਫ਼ੀਸਦੀ ਵੀ ਨਹੀਂ ਹਨ। ਸ਼੍ਰੋਮਣੀ ਕਮੇਟੀ ਦੀਆਂ ਜ਼ਮੀਨਾਂ, ਆਮਦਨ ਤੇ ਦੌਲਤ ਨੂੰ ਟਰਸਟ ਬਣਾ ਕੇ ਲੁੱਟਿਆ ਜਾ ਰਿਹਾ ਹੈ ਤੇ ਕਈ ਵਾਰ ਤਾਂ ਟਰਸਟੀ ਵੀ ਉਹੀ ਬਣਦੇ ਹਨ ਜਿਨ੍ਹਾਂ ਨੇ ਕਰੋੜਾਂ ਰੁਪੈ ਡਕਾਰੇ ਹੁੰਦੇ ਹਨ, ਮਿਸਾਲ ਵਜੋਂ ਸੁੱਚਾ ਸਿੰਘ ਤੇ ਡਾ.ਰਤਨ ਸਿੰਘ ਵਗ਼ੈਰਾ (ਜੋ 17 ਅਗਸਤ 2005 ਨੂੰ ਗੁਰੂ ਰਾਮਦਾਸ ਹਸਪਤਾਲ ਦੇ ਦੋਬਾਰਾ ਟਰੱਸਟੀ ਬਣਾਏ ਗਏ)।

ਸਾਧਾਂ ਦੇ ਖ਼ਿਲਾਫ਼ ਜੱਦੋਜਹਿਦ

ਬਾਦਲ ਦੀ 1997-2002 ਸਰਕਾਰ ਅਤੇ 2007 ਵਿਚ ਬਣੀ ਸਰਕਾਰ ਵੇਲੇ ਬਾਦਲ ਨੇ ਕਈ ਸਾਧਾਂ ਨੂੰ ਸਹੂਲਤਾਂ, ਜ਼ਮੀਨਾਂ ਅਤੇ ਹੋਰ ਮਦਦ ਕੀਤੀ। ਇਨ੍ਹਾਂ ਸਾਰਿਆਂ ਨੇ ਸਿੱਖੀ ਦੇ ਖ਼ਿਲਾਫ਼ ਰੱਜ ਕੇ ਪ੍ਰਚਾਰ ਕੀਤਾ।

18 ਫ਼ਰਵਰੀ 2005 ਦੇ ਦਿਨ ਸੰਤ ਸਿੰਘ ਮਸਕੀਨ ਦੀ ਮੌਤ ਹੋ ਗਈ। ਮਸਕੀਨ ਨੇ 1984 ਵਿਚ ਦਰਬਾਰ ਸਾਹਿਬ 'ਤੇ ਹਮਲੇ ਮਗਰੋਂ ਬਹੁਤ ਵਧੀਆ ਰੋਲ ਅਦਾ ਕੀਤਾ ਸੀ ਤੇ ਕੌਮ ਨੂੰ ਹਲੂਣਾ

ਦਿੱਤਾ ਸੀ। ਪਰ 2000 ਤੋਂ ਬਾਅਦ ਮਸਕੀਨ ਆਰ.ਐਸ.ਐਸ. ਦੀ ਝੋਲੀ ਵਿਚ ਪੈ ਗਿਆ ਸੀ ਤੇ ਸਿੱਖੀ ਨੂੰ ਵੇਦਾਂਤ ਤੇ ਬ੍ਰਾਹਮਣਵਾਦ ਦੇ ਤਰੀਕੇ ਨਾਲ ਪੇਸ਼ ਕਰਨ ਲੱਗ ਪਿਆ ਸੀ। ਉਸ ਦੇ ਮਰਨ ’ਤੇ ਅਕਾਲ ਤਖ਼ਤ ਦੇ ਬ੍ਰਾਹਮਣ ਗ੍ਰੰਥੀ ਵੇਦਾਂਤੀ ਨੇ ਉਸ ਨੂੰ ਗੁਰਮਤਿ ਵਿੱਦਿਆ ਮਾਰਤੰਡ ਬਣ ਦਿੱਤਾ ਤੇ ਸ਼੍ਰੋਮਣੀ ਕਮੇਟੀ ਨੇ ਉਸ ਕਰੋੜਪਤੀ ਕਥਾਕਾਰ ਨੂੰ ਦੱਸ ਲੱਖ ਰੁਪੈ ਦੇਣ ਦਾ ਐਲਾਨ ਕੀਤਾ।

ਇਨ੍ਹਾਂ ਦਿਨਾਂ ਵਿਚ ਇਕ ਨੌਜਵਾਨ ਰਣਜੀਤ ਸਿੰਘ ਢਡਰੀਆਂ ਵਾਲਾ ਬਹੁਤ ਮਸ਼ਹੂਰ ਹੋ ਗਿਆ। ਲੋਕ ਭੇਡਾਂ ਵਾਂਗ ਉਸ ਦੇ ਪਿੱਛੇ ਲੱਗਣ ਲੱਗ ਪਏ। ਉਸ ਦੇ ਇਨ੍ਹਾਂ ਚਾਪਲੂਸ ਚੇਲਿਆਂ ਦੇ ਘਰਾਂ ਵਿਚ ਗੁਰੂ ਦੀ ਤਸਵੀਰ ਹੋਵੇ ਨਾ ਹੋਵੇ ਇਸ ਨੌਜਵਾਨ ਦੀਆਂ ਦਸ-ਦਸ ਤਸਵੀਰਾਂ ਦੀ ‘ਪੂਜਾ’ ਕੀਤੀ ਜਾਂਦੀ ਸੀ।

ਇਨ੍ਹੀਂ ਦਿਨੀਂ ਹੀ ਧਨਵੰਤ ਸਿੰਘ ਵਾਂਗ ਮਾਨ ਸਿੰਘ ਪਿਹੋਵਾ ਤੇ ਹੋਰ ਸਾਧਾਂ ਦੀਆਂ ਕਾਮ ਹਰਕਤਾਂ ਵੀ ਬਹੁਤ ਚਰਚਾ ਵਿਚ ਆਈਆਂ। ਪਰ ਪੈਸੇ ਅਤੇ ਹੋਰ ਪਹੁੰਚ ਕਾਰਨ ਇਹ ਬਚੇ ਰਹੇ ਤੇ ਲੋਕਾਂ ਨੂੰ ਮੂਰਖ ਬਣਾਉਂਦੇ ਰਹੇ।

ਕਾਮ ਹਰਕਤਾਂ ਕਾਰਨ ਗੁਰਮੀਤ ਰਾਮ ਸਰਸਾ ਵਾਲਾ, ਆਸ਼ੂਤੋਸ਼ ਨੂਰਮਹਿਲੀਆ, ਕਲੇਰਾਂ ਵਾਲਿਆਂ ਦੇ ਕਈ ਚੇਲੇ (ਨਕੋਦਰ, ਲੁਧਿਆਣਾ ਤੇ ਕਈ ਹੋਰ ਜਗ੍ਹਾ), ਅਮਰ ਸਿੰਘ ਬੜੂੰਦੀ, ਇਕਬਾਲ ਸਿੰਘ ਪਟਨਾ, ਦਲਜੀਤ ਸਿੰਘ ਸ਼ਿਕਾਗੋ (ਜੋ ਇਕ ਕੁੜੀ ਨਾਲ ਅਮਰੀਕਾ ਦੇ ਹੋਟਲ ਵਿਚ ਫੜਿਆ ਵੀ ਗਿਆ ਸੀ) ਵੀ ਚਰਚਾ ਵਿਚ ਰਹੇ ਪਰ ਵੇਦਾਂਤੀ ਨੇ ਕਦੇ ਵੀ ਇਨ੍ਹਾਂ ਦੇ ਖ਼ਿਲਾਫ਼ ਇਕ ਲਫ਼ਜ਼ ਵੀ ਨਾ ਬੋਲਿਆ। ਦੂਜੇ ਪਾਸੇ ਮੂਰਖ ਲੋਕ ਫਿਰ ਵੀ ਆਪਣੀਆਂ ਧੀਆਂ ਇਨ੍ਹਾਂ ਕਾਮੀ ਸਾਧਾਂ ਦੇ ‘ਅਨੰਦ’ ਵਾਸਤੇ ਭੇਜਦੇ ਰਹੇ।

ਪਟਨਾ ਸਾਹਿਬ ਦੇ ਗ੍ਰੰਥੀ ਇਕਬਾਲ ਸਿੰਘ ਦੀਆਂ ਬੇਹੂਦਗੀਆਂ

ਅਪ੍ਰੈਲ 2003 ਵਿਚ ਸ਼ਿਕਾਗੋ (ਅਮਰੀਕਾ) ਦੇ ਬਦਨਾਮ ਦਾਸ ਦਲਜੀਤ ਸਿੰਘ ਸ਼ਿਕਾਗੋ ਦੇ ਸੱਦੇ ’ਤੇ ਬਹੁਤ ਸਾਰੇ ਅਕਾਲੀ ਉਸ ਦੇ ਡੇਰੇ ’ਤੇ ਗਏ। ਇਨ੍ਹਾਂ ਵਿਚ ਪਟਨਾ ਸਾਹਿਬ ਕਮੇਟੀ ਦਾ ਪ੍ਰਧਾਨ ਮਹਿੰਦਰ ਸਿੰਘ ਰੋਮਾਣਾ ਵੀ ਸੀ। ਉੱਥੇ 27 ਅਪ੍ਰੈਲ ਦੇ ਦਿਨ ਕੀਤੀ ਰੋਮਾਣਾ ਦੀ ਅਖੌਤੀ ਦਸਮ ਗ੍ਰੰਥ ਬਾਰੇ ਇਕ ਟਿੱਪਣੀ ’ਤੇ ਪਟਨਾ ਸਾਹਿਬ ਦੇ ਗ੍ਰੰਥੀ ਇਕਬਾਲ ਸਿੰਘ ਨੇ 20 ਮਈ 2003 ਦੇ ਦਿਨ ਰੋਮਾਣਾ ਨੂੰ ‘ਤਨਖ਼ਾਹੀਆ’ ਕਰਾਰ ਦੇ ਦਿੱਤਾ (ਤੇ 30 ਮਈ ਨੂੰ ਉਸ ਨੂੰ ਪਟਨਾ ਸਾਹਿਬ ਕਮੇਟੀ ਦੀ ਪ੍ਰਧਾਨਗੀ ਤੋਂ ਵੀ ‘ਹਟਾ’ ਦਿੱਤਾ)। ਉਸ ਦੀ ਇਹ ਹਰਕਤ ਵੇਦਾਂਤੀ ਨੂੰ ਵੀ ਚੈਲੰਜ ਸੀ। 24 ਮਈ ਨੂੰ ਵੇਦਾਂਤੀ ਨੇ ਆਪਣੇ ਸਾਥੀ ਗ੍ਰੰਥੀਆਂ ਦੀ ਮੀਟਿੰਗ ਵਿਚ ਇਕ ਨਵੇਂ ਮਸਲੇ ਬਾਰੇ ਵਿਚਾਰ ਕੀਤੀ ਪਰ ਲੋਕਾਂ ਵਿਚ ਆਪਣੀ ਤਾਕਤ ਬਾਰੇ ਪੈਦਾ ਹੋਏ ਭਰਮ ਨੂੰ ਕਾਇਮ ਰੱਖਣ ਵਾਸਤੇ ਕੋਈ ਐਕਸ਼ਨ ਨਾ ਲਿਆ। ਮਗਰੋਂ 4 ਸਤੰਬਰ ਨੂੰ ਦਿਖਾਵੇ ਦੀ ਕਾਰਵਾਈ ਕਰ ਕੇ ਰੋਮਾਣਾ ਨੂੰ ਮਾਮੂਲੀ ਜਿਹੀ ‘ਤਨਖ਼ਾਹ’ ਲਾ ਕੇ ਆਪਣੀ ਇੱਜ਼ਤ ਰੱਖ ਲਈ। ਫਿਰ 2004 ਦੇ ਅਖ਼ੀਰ ਵਿਚ ਉਸ ਨੇ ਗਿਆਨੀ ਗੁਰਦਿੱਤ ਸਿੰਘ (ਤੇ ਵੇਦਾਂਤੀ ਨੂੰ ਵੀ) ਨੂੰ ‘ਮੁੰਦਾਵਣੀ’ ਕਿਤਾਬ ਵਾਸਤੇ ਤਲਬ ਕਰ ਲਿਆ। ਗਿਆਨੀ ਗੁਰਦਿੱਤ ਸਿੰਘ ਤੇ ਵੇਦਾਂਤੀ ਤਾਂ ਉੱਥੇ ਨਾ ਗਏ। ਉਨ੍ਹੀਂ ਦਿਨੀ ਹੀ ਇਕਬਾਲ ਸਿੰਘ ਦੇ ਤਿੰਨ ਵਿਆਹਾਂ ਦਾ ਚਰਚਾ ਚਲ ਪਿਆ। ਇਕਬਾਲ ਸਿੰਘ ਨੇ ਇਸ ਤੋਂ ਡਰਨ ਦੀ ਬਜਾਇ ਇਹ ਕਿਹਾ ਕਿ ‘ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵੀ ਤਾਂ ਤਿੰਨ ਵਿਆਹ ਕੀਤੇ ਸਨ’। ਭਾਵੇਂ ਉਹ ਇਹ

ਕਹਿ ਤਾਂ ਬੈਠਾ ਪਰ ਆਪਣੀ ਇੱਜ਼ਤ ਬਚਾਉਣ ਵਾਸਤੇ ਗਿਆਨੀ ਗੁਰਦਿੱਤ ਸਿੰਘ ਵਾਲਾ ਮਸਲਾ 27 ਜਨਵਰੀ 2005 ਨੂੰ ਮਾਮੂਲੀ ਤਨਖ਼ਾਹ ਲਾਉਣ ਦਾ ਡਰਾਮਾ ਕਰ ਕੇ ਖ਼ਤਮ ਕਰ ਦਿੱਤਾ।

ਮਈ 2008 ਵਿਚ ਇਕਬਾਲ ਸਿੰਘ ਨੇ ਪ੍ਰੋ: ਦਰਸ਼ਨ ਸਿੰਘ (ਰਾਗੀ) ਨੂੰ ਗੁਰੂ ਗ੍ਰੰਥ ਸਾਹਿਬ ਦੀ ਗੁਰੂਤਾ ਦੇ ਹੱਕ ਵਿਚ ਅਤੇ ਦਸਮ ਗ੍ਰੰਥ ਦੇ ਵਿਰੁੱਧ ਬੋਲਣ 'ਤੇ ਤਲਬ ਕਰ ਲਿਆ ਅਤੇ ਉਸ ਅੱਗੇ ਪੇਸ਼ ਨਾ ਹੋਣ 'ਤੇ ਤਨਖ਼ਾਹੀਆ ਕਰਾਰ ਦੇ ਦਿੱਤਾ ਜਿਸ ਨੂੰ ਸਿੱਖ ਪੰਥ ਨੇ ਰੱਦ ਕਰ ਦਿੱਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਮਿਸ਼ਨਰੀਆਂ, ਸਿੱਖ ਵਿਦਵਾਨਾਂ ਅਤੇ ਆਮ ਸੰਗਤਾਂ ਨੇ ਪ੍ਰੋ: ਦਰਸ਼ਨ ਸਿੰਘ ਦੇ ਕੀਰਤਨ ਸਮਾਗਮ ਤੇ ਸਨਮਾਨ ਕਰ ਕੇ ਇਕਬਾਲ ਸਿੰਘ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ।

ਅੰਤਿਕਾ 1

ਪੁਰੇਵਾਲ ਦੇ ਅਖੌਤੀ ਨਾਨਕਸ਼ਾਹੀ ਕੈਲੰਡਰ ਦੀ ਅਸਲੀਅਤ

28 ਮਾਰਚ 2003 ਦੇ ਦਿਨ ਸ਼੍ਰੋਮਣੀ ਕਮੇਟੀ ਵੱਲੋਂ ਕਨੇਡਾ ਦੇ ਪਾਲ ਸਿੰਘ ਪੁਰੇਵਾਲ ਦਾ ਤਿਆਰ ਕੀਤਾ ਕੈਲੰਡਰ ਵਿਚਾਰਿਆ ਗਿਆ ਸੀ। ਇਸ ਮੀਟਿੰਗ ਵਿਚ ਇਸ ਕੈਲੰਡਰ ਨੂੰ ਸਰਬ ਸੰਮਤੀ ਨਾਲ ਪਾਸ ਨਹੀਂ ਸੀ ਕੀਤਾ ਗਿਆ। ਇਸ ਮੀਟਿੰਗ ਵਿਚ ਇਸ ਲੇਖਕ (ਡਾਕਟਰ ਹਰਜਿੰਦਰ ਸਿੰਘ ਦਿਲਗੀਰ) ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੀ ਆਪਣੀ ਬਣਾਈ ਕਮੇਟੀ ਦੇ ਕਈ ਮੈਂਬਰਾਂ ਨੇ ਵੀ ਇਸ ਕੈਲੰਡਰ ਦੀ ਜ਼ਬਰਦਸਤ ਮੁਖ਼ਾਲਫ਼ਤ ਕੀਤੀ ਸੀ ਤੇ ਇਸ ਨੂੰ ਨਾ-ਮਨਜ਼ੂਰ ਕੀਤਾ ਸੀ। ਸਾਡਾ ਸਾਰਿਆਂ ਦਾ ਵਿਚਾਰ ਸੀ ਕਿ ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਸਿੱਖ ਕੈਲੰਡਰ ਅਖਵਾਉਣ ਦਾ ਹੱਕਦਾਰ ਨਹੀਂ ਹੋ ਸਕਦਾ। ਮੈਂ ਤਾਂ ਇਹ ਕਹਾਂਗਾ ਕਿ ਇਹ ਪੰਥ ਨਾਲ ਇਸ ਸਦੀ ਦਾ ਸਭ ਤੋਂ ਵੱਡਾ ਧੱਕਾ ਹੈ।

ਮੈਂ ਤਾਂ ਪੁਰੇਵਾਲ ਦੇ 1997 ਵਿਚ ਬਣਾਏ ਕੈਲੰਡਰ ਨੂੰ ਪਹਿਲੋਂ ਵੀ ਰੱਦ ਕਰ ਚੁੱਕਾ ਸੀ। ਮੈਂ 1999 ਦੇ ਸ਼ੁਰੂ ਵਿਚ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਈ ਇਕ ਸਰਬ ਪਾਰਟੀ ਮੀਟਿੰਗ ਵਿਚ ਇਸ ਨੂੰ ਮੁਲਤਵੀ ਕਰਨ ਦਾ ਪਤਾ ਵੀ ਪਾਸ ਕਰਵਾਇਆ ਸੀ। ਇਸ ਮਗਰੋਂ 2002 ਦੇ ਅਖ਼ੀਰ ਵਿਚ ਤੇ 2003 ਦੇ ਸ਼ੁਰੂ ਵਿਚ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੀਆਂ ਮੀਟਿੰਗਾਂ ਵਿਚ ਵੀ ਸਿੱਖ ਕੈਲੰਡਰ ਬਾਰੇ ਵਿਚਾਰਾਂ ਹੋਈਆਂ ਸਨ। ਸ਼੍ਰੋਮਣੀ ਕਮੇਟੀ ਦੀ 11 ਮੈਂਬਰੀ ਕਮੇਟੀ ਦੇ ਚੇਅਰਮੈਨ ਡਾਕਟਰ ਦਰਸ਼ਨ ਸਿੰਘ ਨੇ ਫ਼ਰਵਰੀ 2003 ਵਿਚ ਮੇਰੇ ਨਾਲ ਇਸ ਕੈਲੰਡਰ ਬਾਰੇ ਵਿਚਾਰਾਂ ਕੀਤੀਆਂ। ਮੈਂ ਉਨ੍ਹਾਂ ਨੂੰ ਇਸ ਕੈਲੰਡਰ ਦੇ ਪਿਛੋਕੜ ਵਿਚਲਾ ਅਸਲ ਨਕਸ਼ਾ ਦੱਸਿਆ। ਤਾਂ ਉਨ੍ਹਾਂ ਨੇ ਇਸ ਬਾਰੇ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਗੱਲਬਾਤ ਕਰਨ ਦਾ ਵਾਅਦਾ ਕੀਤਾ। ਇਕ ਮੀਟਿੰਗ ਮਗਰੋਂ ਉਨ੍ਹਾਂ ਨੇ ਮੈਨੂੰ ਦਸਿਆ ਕਿ ਅਸੀਂ (ਧਰਮ ਪ੍ਰਚਾਰ ਕਮੇਟੀ ਨੇ) ਗਰੈਗੋਰੀਅਨ ਕੈਲੰਡਰ ਹੀ ਲਾਗੂ ਕਰਨ ਅਤੇ ਗੁਰਪੁਰਬਾਂ ਦੀਆਂ ਪੱਕੀਆਂ ਤਾਰੀਖ਼ਾਂ ਨੀਅਤ ਕਰਨ ਦਾ ਫ਼ੈਸਲਾ ਕਰ ਲਿਆ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਜਿਵੇਂ ਗੁਰੂ ਨਾਨਕ ਸਾਹਿਬ ਦਾ ਪੁਰਬ 1469 ਵਿਚ ਕੱਤਕ ਦੀ ਪੂਰਨਮਾਸ਼ੀ ਦੇ ਦਿਨ 20 ਅਕਤੂਬਰ 1469 ਨੂੰ ਸੀ; ਸੋ ਇਹ ਦਿਨ ਹਰ ਸਾਲ 20 ਅਕਤੂਬਰ ਨੂੰ ਮਨਾਇਆ ਜਾਇਆ ਕਰੇਗਾ।ਇੰਵ ਹੀ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਹਰ ਸਾਲ 30 ਮਈ, ਗੁਰੂ ਤੇਗ਼ ਬਹਾਦਰ ਸਾਹਿਬ ਦਾ ਸ਼ਹੀਦੀ ਦਿਨ ਹਰ ਸਾਲ 11 ਨਵੰਬਰ ਨੂੰ ਮਨਾਇਆ ਜਾਇਆ ਕਰੇਗਾ। ਉਨ੍ਹਾਂ ਦਸਿਆ ਕਿ ਗਰੈਗੋਰੀਅਨ ਮਹੀਨਿਆਂ ਦੇ ਨਾਲ ਨਾਲ ਬਿਕਰਮੀ ਮਹੀਨਿਆਂ ਦੇ ਨਾਂ ਵੀ ਦੇ ਦਿਤੇ ਜਾਇਆ ਕਰਨਗੇ। ਹਾਲਾਂ ਕਿ ਮੈਂ ਬਿਕਰਮੀ ਮਹੀਨਿਆਂ ਦੇ ਨਾਂ ਦੇਣ ਦੇ ਖ਼ਿਲਾਫ਼ ਸੀ ਪਰ ਮੈਂ ਉਨ੍ਹਾਂ ਨੂੰ ਇਸ ਦੀ ਮੁਬਾਰਕ ਦਿੱਤੀ ਤੇ ਕਿਹਾ ਕਿ ਹੁਣ ਕੈਲੰਡਰ ਦਾ ਝਗੜਾ ਸਦਾ ਵਾਸਤੇ ਖ਼ਤਮ ਹੋ ਜਾਵੇਗਾ। ਇਸ ਦੇ ਨਾਲ ਹੀ ਸਿੱਖ

ਸਾਰੀ ਦੁਨੀਆਂ ਦੇ ਕੌਮਾਂਤਰੀ ਕੈਲੰਡਰ ਨਾਲ ਵੀ ਜੁੜ ਜਾਣਗੇ ਤੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਦਾ ਰੌਲ ਘਚੌਲਾ ਵੀ ਸਦਾ ਵਾਸਤੇ ਮੁੱਕ ਜਾਵੇਗਾ।

21 ਮਾਰਚ 2003 ਦੇ ਦਿਨ ਮੈਂ ਦਿੱਲੀ ਗੁਰਦੁਆਰਾ ਕਮੇਟੀ ਦੇ ਸਮਾਗਮ ਵਿਚ ਹੋਲਾ ਮਹੱਲਾ ਦੇ ਸਬੰਧ ਵਿਚ ਲੈਕਚਰ ਕਰਨ ਗਿਆ ਹੋਇਆ ਸੀ ਤਾਂ ਉੱਥੇ ਫ਼ੋਨ ਤੇ ਡਾਕਟਰ ਦਰਸ਼ਨ ਸਿੰਘ ਜੀ ਨੇ ਮੈਨੂੰ ਕਿਹਾ ਕਿ ਸਿੱਖ ਤਵਾਰੀਖ਼ ਦੀਆਂ ਕੁਝ ਤਾਰੀਖ਼ਾਂ ਦਾ ਮਸਲਾ ਹੈ ਤੇ ਮੈਂ (ਡਾਕਟਰ ਦਿਲਗੀਰ) ਵੀ ਇਸ ਵਿਚ ਮਦਦ ਕਰਨ ਵਾਸਤੇ ਕੈਲੰਡਰ ਕਮੇਟੀ ਦੀ 23 ਤਾਰੀਖ਼ ਨੂੰ ਹੋਣ ਵਾਲੀ ਮੀਟਿੰਗ ਵਿਚ ਸ਼ਾਮਿਲ ਹੋਵਾਂ। ਹਾਲਾਂ ਕਿ ਮੈਂ ਸਿੱਖ ਐਨਸਾਈਕਲੋਪੀਡੀਆ ਦੀ ਸੀ.ਡੀ. ਤਿਆਰ ਕਰਨ ਵਿੱਚ ਰੁੱਝਿਆ ਹੋਇਆ ਸੀ ਤੇ ਮੇਰੇ ਕੋਲ ਸਮਾਂ ਨਹੀਂ ਸੀ; ਪਰ, ਕਿਉਂ ਕਿ ਮੇਰੇ ਦਿਮਾਗ਼ ਵਿਚ ਇਹ ਨਕਸ਼ਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਗਰੈਗੋਰੀਅਨ ਕੈਲੰਡਰ ਵਾਲਾ ਫ਼ਾਰਮੂਲਾ ਮੰਨ ਲਿਆ ਹੈ ਸੋ ਮੈਂ ਸ਼੍ਰੋਮਣੀ ਕਮੇਟੀ ਦੀ ਕੈਲੰਡਰ ਕਮੇਟੀ ਦੀ ਸਬ-ਕਮੇਟੀ ਦੀ ਮੀਟਿੰਗ ਵਿਚ ਸ਼ਾਮਿਲ ਹੋਣ ਵਾਸਤੇ ਰਾਜ਼ੀ ਹੋ ਗਿਆ।

23 ਮਾਰਚ 2003 ਦੇ ਦਿਨ ਇਹ ਮੀਟਿੰਗ ਡਾਕਟਰ ਤਿਰਲੋਚਨ ਸਿੰਘ ਦੇ ਬੇਟੇ ਸ: ਅਨੁਰਾਗ ਸਿੰਘ ਦੇ ਘਰ ਲੁਧਿਆਣਾ ਵਿਚ ਹੋਈ। ਇਸ ਮੀਟਿੰਗ ਵਿਚ ਅਨੁਰਾਗ ਸਿੰਘ ਤੇ ਮੇਰੇ ਤੋਂ ਇਲਾਵਾ ਡਾਕਟਰ ਦਰਸ਼ਨ ਸਿੰਘ, ਡਾਕਟਰ ਕਿਰਪਾਲ ਸਿੰਘ, ਪਾਲ ਸਿੰਘ ਪੁਰੇਵਾਲ ਵੀ ਸ਼ਾਮਿਲ ਸਨ। ਇਸ ਮੌਕੇ ਤੇ ਅਸੀਂ ਕੁਝ ਤਾਰੀਖ਼ਾਂ ਵੀ ਸਹੀ ਕੀਤੀਆਂ ਪਰ ਬਾਅਦ ਵਿਚ ਪਤਾ ਲੱਗਾ ਕਿ ਪਾਲ ਸਿੰਘ ਪੁਰੇਵਾਲ ਨੇ ਉਨ੍ਹਾਂ ਵਿੱਚੋਂ ਕਈ ਤਾਰੀਖ਼ਾਂ ਆਪੇ ਬਦਲ ਲਈਆਂ ਸਨ।ਮੀਟਿੰਗ ਦੇ ਅਖ਼ੀਰ ਵਿਚ ਪਤਾ ਲਗਾ ਕਿ ਪਾਲ ਸਿੰਘ ਤਾਂ ਇਸ ਨੂੰ ਬਿਕਰਮੀ ਕੈਲੰਡਰ ਵਰਗਾ ਹੀ (ਚੇਤਰ-ਵਿਸਾਖ ਪੈਟਰਨ ਹੀ ਨਹੀਂ ਬਲਕਿ ਸੰਗਰਾਂਦਾਂ, ਮੱਸਿਆ ਤੇ ਪੂਰਨਮਾਸ਼ੀਆਂ ਵੀ) ਇਕ ਹੋਰ ਕੈਲੰਡਰ ਬਣਾਉਣ ਦੀ ਸਕੀਮ ਬਣਾ ਰਿਹਾ ਹੈ ਤਾਂ ਮੈਂ ਉਸੇ ਮੌਕੇ ਹੀ ਇਸ ਦੀ ਮੁਖ਼ਾਲਫ਼ਤ ਕੀਤੀ। ਪਰ ਪੁਰੇਵਾਲ ਤਾਂ ਕਿਸੇ ਸਕੀਮ ਹੇਠ ਹੀ ਕੰਮ ਕਰ ਰਿਹਾ ਸੀ ਤੇ ਕੈਲੰਡਰ ਕਮੇਟੀ ਨੂੰ ਵੀ ਉਸ ਦੀ ਸਾਜਿਸ਼ ਦਾ ਪਤਾ ਹੀ ਨਹੀਂ ਸੀ ਲੱਗ ਰਿਹਾ।

ਮੈਂ 23 ਤਾਰੀਖ਼ ਦੀ ਲੁਧਿਆਣਾ ਵਿਚ ਹੋਈ ਮੀਟਿੰਗ ਵਿਚ ਵੀ ਤੇ 29 ਮਾਰਚ ਨੂੰ ਅਕਾਲ ਤਖ਼ਤ ਸਾਹਿਬ ਤੇ ਹੋਈ ਮੀਟਿੰਗ ਵਿਚ ਵੀ ਵਾਰਨਿੰਗ ਦਿਤੀ ਸੀ ਕਿ ਜੋ ਕੈਲੰਡਰ ਪੁਰੇਵਾਲ ਨੇ ਬਣਾਇਆ ਹੈ ਉਹ ਸਿੱਖਾਂ ਨੂੰ ਪੱਕੇ ਬਿਪਰਨ (ਬ੍ਰਾਹਮਣਵਾਦੀ) ਬਣਾਉਂਦਾ ਹੈ ਤੇ ਅਫ਼ਸੋਸ ਦਾ ਮੁਕਾਮ ਹੈ ਕਿ ਉਸ ’ਤੇ ਮੋਹਰ ਸ਼੍ਰੋਮਣੀ ਕਮੇਟੀ ਲਾ ਰਹੀ ਹੈ। ਇਹ ਪਾਪ ਸਿੱਖ ਤਵਾਰੀਖ਼ ਮੁਆਫ਼ ਨਹੀਂ ਕਰੇਗੀ।

ਪੁਰੇਵਾਲ ਦੀ ਪਲਾਨਿੰਗ ਏਨੀ ਜ਼ਬਰਦਸਤ ਸੀ ਕਿ ਸ਼੍ਰੋਮਣੀ ਕਮੇਟੀ ਦੇ ਚੌਧਰੀ ਤੇ ਕੈਲੰਡਰ ਕਮੇਟੀ ਦੇ ਬਹੁਤੇ ਮੈਂਬਰ ਉਸ ਦੀ ਮੁੱਠੀ ਵਿਚ ਸਨ ਤੇ ਇਸ ਸੂਰਤ ਵਿਚ ਇਸ ਧੱਕੇ ਨੂੰ ਕੋਈ ਨਹੀਂ ਸੀ ਰੋਕ ਸਕਦਾ। (ਹੁਣ ਤਾਂ ਇਹ ਵੀ ਚਰਚਾ ਹੈ ਕਿ ਉਸ ਨੇ ਕੁਝ ਮੈਂਬਰਾਂ ਨੂੰ ਭਰਮਾਉਣ ਵਾਸਤੇ ਤੋਹਫ਼ੇ ਵੀ ਦਿਤੇ ਹੋਏ ਸਨ)।

ਨਾਨਕਸ਼ਾਹੀ ਨਹੀਂ ਬਲਕਿ ਸੱਚਾ ਤੇ ਖ਼ਾਲਿਸ ਬ੍ਰਾਹਮਣਵਾਦੀ ਕੈਲੰਡਰ

ਪਾਲ ਸਿੰਘ ਪੁਰੇਵਾਲ ਦਾ ਕੈਲੰਡਰ ਨਾਨਕਸ਼ਾਹੀ ਜਾਂ ਸਿੱਖ ਕੈਲੰਡਰ ਨਹੀਂ ਹੈ। ਇਹ ਪੰਥ ਦੀ ਕਿਸੇ ਤਰੀਕੇ ਨਾਲ ਵੀ ਨੁਮਾਇੰਦਗੀ ਨਹੀਂ ਕਰਦਾ ਬਲਕਿ ਇਹ ਤਾਂ ਸਿੱਖ ਧਰਮ ਵਿਚ

ਬ੍ਰਾਹਮਣਵਾਦ ਦੀਆਂ ਜੜ੍ਹਾਂ ਸਦਾ ਵਾਸਤੇ ਮਜ਼ਬੂਤ ਕਰਦਾ ਹੈ।

ਪਾਲ ਸਿੰਘ ਦੇ ਕੈਲੰਡਰ ਦੇ ਮਹੀਨਿਆਂ ਦੇ ਨਾਂ "ਚੇਤਰ ਵਿਸਾਖ" ਤਾਂ ਬਿਕਰਮੀ ਕੈਲੰਡਰ ਦੇ ਹਨ। ਇਹ ਕਹਿਣਾ ਬੇਹੂਦਾ ਗੱਲ ਹੈ ਕਿ ਕਿਉਂ ਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ "ਬਾਰਹ ਮਾਹ" ਬਾਣੀ ਵਿਚ ਇਹ ਨਾਂ ਦਿਤੇ ਹਨ ਤੇ ਇਹ ਨਾਂ ਗੁਰੂ ਸਾਹਿਬ ਵੱਲੋਂ ਪ੍ਰਵਾਣ ਹੋਏ ਸਨ। ਇਹ ਗ਼ਲਤ ਦਲੀਲ ਹੈ। ਗੁਰੂ ਸਾਹਿਬ ਨੇ ਤਾਂ ਬਾਰਹ ਮਾਹ ਕਾਵਿ-ਰੂਪ ਵਜੋਂ ਵਰਤਿਆ ਸੀ ਤੇ ਉਨ੍ਹਾਂ ਨੇ ਚਾਲੂ ਬਿਕਰਮੀ ਕੈਲੰਡਰ ਦੇ ਮਹੀਨਿਆਂ ਦਾ ਬਾਰਹ-ਮਾਹ ਦਾ ਰੂਪ ਹੀ ਲਿਆ ਸੀ। ਇੰਞ ਤਾਂ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਥਿਤੀਆਂ ਵੀ ਵਰਤੀਆਂ ਸਨ; ਫਿਰ ਤਾਂ ਥਿਤੀਆਂ ਤੇ ਚੰਨ ਕੈਲੰਡਰ ਮਨਜ਼ੂਰ ਕਰਨਾ ਚਾਹੀਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸੀਹਰਫ਼ੀਆਂ ਵੀ ਵਰਤੀਆਂ, ਪੱਟੀ ਵੀ ਲਿਖੀ ਹੋਈ ਹੈ, ਜੋ ੳ ਤੋਂ ਸ਼ੁਰੂ ਨਹੀਂ ਹੁੰਦੀ ਬਲਕਿ ਸ ਤੋਂ ਸ਼ੁਰੂ ਹੁੰਦੀ ਹੈ। ਕੀ ਅਸੀਂ ਗੁਰੂ ਸਾਹਿਬ ਦੀ ਪੱਟੀ ਦੇ ਅਧਾਰ 'ਤੇ ਗੁਰਮੁਖੀ ਦਾ ਸਿੱਖ ਰੂਪ ਕਰ ਕੇ ਗੁਰਮੁਖੀ ਲਿੱਪੀ "ੳ" ਦੀ ਥਾਂ "ਸ" ਤੋਂ ਸ਼ੁਰੂ ਕਰਿਆ ਕਰੀਏ?

ਸਿਰਫ਼ ਏਨਾ ਹੀ ਨਹੀਂ ਪੁਰੇਵਾਲ ਨੇ ਤਾਂ ਬਾਰਹ-ਮਾਹ ਬਾਣੀ ਵਿਚ ਆਏ ਨਾਂ ਵੀ ਨਹੀਂ ਵਰਤੇ। ਉਸ ਨੇ **ਫ਼ਾਲਗੁਣ** ਨਹੀਂ **ਫੱਗਣ** ਵਰਤਿਆ ਹੈ। ਇੰਞ ਹੀ ਬਾਕੀ ਮਹੀਨਿਆਂ ਦੇ ਨਾਂ ਗੁਰੂ ਗ੍ਰੰਥ ਸਾਹਿਬ ਤੋਂ ਵੱਖਰੇ ਹਨ। ਫਿਰ ਜੇ 1698/99 ਦੀ ਵਿਸਾਖੀ ਦਾ ਆਧਾਰ ਲੈਣਾ ਹੋਵੇ ਤਾਂ ਸਿੱਖਾਂ ਦਾ ਸਾਲ ਤਾਂ ਵਿਸਾਖੀ ਤੋਂ ਬਣਦਾ ਹੈ ਪਰ ਪੁਰੇਵਾਲ ਨੇ ਬਿਕਰਮੀ ਵਾਂਗ ਇਸ ਨੂੰ **ਬਿਕਰਮੀ ਤੇ ਸਾਕਾ ਕੈਲੰਡਰ ਵਾਂਗ** ਹੀ ਚੇਤਰ ਤੋਂ ਸ਼ੁਰੂ ਕੀਤਾ ਹੈ।

ਪੁਰੇਵਾਲ ਦੇ ਕੈਲੰਡਰ ਵਿਚ ਗੁਰੂ ਗ੍ਰੰਥ ਸਾਹਿਬ ਵਾਲਾ ਕੁਝ ਵੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਹੀਨਿਆਂ ਦੇ ਨਾਂ ਇੰਞ ਹਨ: *ਚੇਤਿ, ਵੈਸਾਖਿ, ਜੇਠਿ, ਆਸਾੜੁ, ਸਾਵਣਿ, ਭਾਦੁਇ, ਅਸੁਨਿ, ਕਤਿਕਿ, ਮੰਘਿਰਿ, ਪੋਖਿ, ਮਾਘਿ, ਫਲਗੁਣਿ।*

ਤੇ ਪੁਰੇਵਾਲ ਦੇ ਕੈਲੰਡਰ ਵਿਚ ਇੰਞ ਹਨ: *ਚੇਤ, ਵਿਸਾਖ, ਜੇਠ, ਹਾੜ, ਸਾਵਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ।* ਯਾਨਿ ਪੁਰੇਵਾਲ ਨੇ ਤਾਂ ਗੁਰੂ ਗ੍ਰੰਥ ਸਾਹਿਬ ਦੇ 12 ਵਿਚੋਂ 6 ਮਹੀਨਿਆਂ ਦੇ ਨਾਂ ਅਲਗ ਹਨ ਤੇ ਬਾਕੀ ਛੇ ਦੇ ਸਪੈਲਿੰਗ ਗੁਰੂ ਗ੍ਰੰਥ ਸਾਹਿਬ ਤੋਂ ਵੱਖਰੇ ਹਨ।

ਫਿਰ ਜੇ 1698/99 ਦੀ ਵਿਸਾਖੀ ਦਾ ਆਧਾਰ ਲੈਣਾ ਹੋਵੇ ਤਾਂ ਸਿੱਖਾਂ ਦਾ ਸਾਲ ਤਾਂ ਵਿਸਾਖੀ ਤੋਂ ਸ਼ੁਰੂ ਹੋਣਾ ਚਾਹੀਦਾ ਹੈ, ਪਰ ਪੁਰੇਵਾਲ ਨੇ ਇਸ ਕੈਲੰਡਰ ਨੂੰ ਬਿਕਰਮੀ ਤੇ ਸ਼ਾਕਾ ਸੰਮਤ ਵਾਂਗ ਚੇਤਰ ਤੋਂ ਹੀ ਸ਼ੁਰੂ ਕੀਤਾ ਹੈ। ਫਿਰ ਪੁਰੇਵਾਲ ਦੇ ਕੈਲੰਡਰ ਵਿਚ ਸਿੱਖੀ ਵਾਲੀ ਵਿਲੱਖਣਤਾ ਕਿੱਥੇ ਹੈ?

ਫਿਰ ਇਸ ਕੈਲੰਡਰ ਵਿਚ ਗੁਰੂ ਗ੍ਰੰਥ ਸਾਹਿਬ ਵਾਲਾ ਕੀ ਹੈ? ਕੁਝ ਵੀ ਨਹੀਂ! ਇਹ ਨਿਰਾ ਧੋਖਾ ਹੈ।

ਦੂਜਾ, ਪਾਲ ਸਿੰਘ ਦੇ ਬਣਾਏ ਕੈਲੰਡਰ ਵਿਚ ਸੰਗਰਾਂਦਾਂ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆ ਵੀ ਬਿਕਰਮੀ ਕੈਲੰਡਰ ਵਾਂਗ ਦਿਤੀਆਂ ਹੋਈਆਂ ਹਨ। ਇਹ ਕੁਝ ਤਾਂ ਉਸ ਦੇ 1999

ਦੇ ਕੈਲੰਡਰ ਵਿਚ ਵੀ ਨਹੀਂ ਸੀ। ਕੀ ਸੰਗਰਾਂਦਾਂ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆ ਸਿੱਖਾਂ ਦੇ ਤਿਉਹਾਰ ਹਨ? ਪਰ ਪੁਰੇਵਾਲ ਦੀ ਸਾਜ਼ਿਸ਼ ਹੇਠ ਸ਼੍ਰੋਮਣੀ ਕਮੇਟੀ ਨੇ ਇਹ ਬ੍ਰਾਹਮਣਵਾਦੀ ਦਿਹਾੜਿਆਂ ਤੇ ਸ਼੍ਰੋਮਣੀ ਕਮੇਟੀ ਦੀ ਪੱਕੀ ਮੋਹਰ ਲਾ ਕੇ ਇਸ ਪੰਥ ਨੂੰ ਪੱਗਾਂ ਵਾਲੇ ਬ੍ਰਾਹਮਣਵਾਦੀਆਂ ਦਾ ਧਰਮ ਬਣਾ ਦਿਤਾ ਹੈ।

ਪੁਰੇਵਾਲ ਦੇ ਹੋਰ ਸ਼ੋਸ਼ੇ

ੳ. ਪੁਰੇਵਾਲ ਦੀ ਦਲੀਲ (ਦਰਅਸਲ ਸ਼ੋਸ਼ਾ) ਇਹ ਹੈ ਕਿ ਸੂਰਜ ਦੱਖਣ ਤੇ ਅੰਮ੍ਰਿਤਸਰ (ਨਨਕਾਣਾ ਕਿਉਂ ਨਹੀਂ) ਵਿਚ ਵੱਖ-ਵੱਖ ਸਮਿਆਂ 'ਤੇ ਨਿਕਲਦਾ (ਚੜ੍ਹਦਾ) ਹੈ ਇਸ ਕਰ ਕੇ ਸਮੇਂ ਵਿਚ ਫ਼ਰਕ ਪੈ ਜਾਂਦਾ ਹੈ। ਪਰ ਇਹ ਸਿਰਫ਼ ਸ਼ੋਸ਼ਾ ਹੀ ਹੈ। ਇਸ ਨਾਲ ਦਿਨ ਬਦਲਣ ਵਿਚ ਕੋਈ ਫ਼ਰਕ ਨਹੀਂ ਪੈਂਦਾ। ਤਾਰੀਖ਼ ਹਮੇਸ਼ਾ ਇਕ ਹੀ ਹੁੰਦੀ ਹੈ, ਭਾਵੇਂ ਸਾਊਥ (ਮਦਰਾਸ/ਚੇਨਈ) ਹੋ ਜਾਂ ਨਾਰਥ (ਅੰਮ੍ਰਿਤਸਰ), ਪੱਛਮ (ਬੰਬਈ) ਹੋ ਜਾਂ ਪੂਰਬ (ਆਸਾਮ)। ਇਹ ਵੀ ਸਿੱਖ ਆਗੂਆਂ ਨੂੰ ਮੂਰਖ ਬਣਾਉਣ ਵਾਸਤੇ ਇਕ ਸ਼ੋਸ਼ਾ ਸੀ।

ਅ. ਪੁਰੇਵਾਲ ਦੀ ਇਹ ਵੀ ਦਲੀਲ ਸੀ ਕਿ 'ਬਾਰਹ ਮਾਹ' ਵਿਚ ਪੇਸ਼ "ਮੌਸਮ, ਪਸ਼ੂ, ਪੰਛੀਆਂ ਵਗੈਰਾ ਦਾ ਨਜ਼ਾਰਾ ਗਰੈਗੋਰੀਅਨ ਕੈਲੰਡਰ ਨਾਲ ਹਰ ਸਾਲ ਬਦਲ ਜਾਂਦਾ ਹੈ"। ਇਹ ਨੁਕਤਾ ਵੀ ਧੋਖਾ ਹੈ। ਮੌਸਮ ਹਰ ਥਾਂ ਅਲਗ-ਅਲਗ ਹੈ। ਜੇ ਯੂਰਪ ਵਿਚ ਸਰਦੀ ਹੈ ਤਾਂ ਆਸਟਰੇਲੀਆ ਵਿਚ ਗਰਮੀ ਹੈ। ਕੀ ਉਥੇ 'ਬਾਰਹ ਮਾਹ' ਤੇ ਪੁਰੇਵਾਲ ਦੇ ਕੈਲੰਡਰ ਦੇ ਮਹੀਨੇ ਝੂਠੇ ਹੋ ਜਾਣਗੇ? (ਜੇ ਪੁਰੇਵਾਲ ਦੀ ਗੱਲ ਮੰਨ ਲਈਏ ਤਾਂ ਗੁਰਬਾਣੀ ਵੀ ਝੂਠੀ ਹੋ ਜਾਏਗੀ ਕਿਉਂ ਕਿ ਗੁਰੂ ਗ੍ਰੰਥ ਸਾਹਿਬ ਦੇ ਬਾਰਹ ਮਾਹ ਮੁਤਾਬਿਕ ਪੋਹ (ਦਸੰਬਰ) ਵਿਚ ਪਾਲਾ ਕੱਕਰ ਹੋਣਾ ਚਾਹੀਦਾ ਹੈ ਪਰ ਆਸਟਰੇਲੀਆ ਦੇ ਸਿੱਖ ਬੱਚੇ ਤੇ ਗ਼ੈਰ-ਸਿੱਖ ਕਹਿਣਗੇ ਕਿ ਇਹ ਤਾਂ ਗ਼ਲਤ ਹੈ। ਦਰਅਸਲ 'ਬਾਰਹ ਮਾਹ' ਜਦ ਲਿਖਿਆ ਗਿਆ ਸੀ ਉਦੋਂ ਮੌਸਮ ਦੇ ਹਾਲਾਤ ਕੁਝ ਹੋਰ ਸਨ; ਹੁਣ 'ਗਲੋਬਲ ਵਾਰਮਿੰਗ' ਕਾਰਨ 90% ਮੌਸਮ ਬਦਲ ਚੁੱਕਾ ਹੈ ਤੇ ਗੁਰੂ ਗ੍ਰੰਥ ਸਾਹਿਬ ਵਾਲੇ ਬੂਟੇ, ਪੰਛੀ, ਪਸ਼ੂ ਬਿਲਕੁਲ ਹੀ ਗ਼ਾਇਬ ਹੋ ਰਹੇ ਹਨ, ਉਨ੍ਹਾਂ ਦਾ ਕੀ ਕਰਾਂਗੇ? ਉਂਞ ਵੀ ਗੁਰੂ ਗ੍ਰੰਥ ਸਾਹਿਬ ਵਿਚ ਜਿਸ ਬਾਰਹ ਮਾਹ ਦਾ ਜ਼ਿਕਰ ਹੈ ਉਹ ਪੰਜਾਬ ਦੇ ਮੌਸਮ ਦੀ ਪੇਸ਼ਕਾਰੀ ਹੈ; ਵਿਦੇਸ਼ਾਂ ਵਿਚ ਜੰਮੇ ਜਾਂ ਬਚਪਣ ਤੋਂ ਉਥੇ ਰਹਿ ਰਹੇ ਲੋਕਾਂ ਨੂੰ ਇਸ ਬਾਣੀ ਵਿਚ ਪੇਸ਼ ਮੌਸਮ ਨਾਲ ਕੋਈ ਸੰਬੰਧਤਾ ਨਹੀਂ। ਇਸ ਕਰ ਕੇ ਇਸ ਨੁਕਤੇ ਮੁਤਾਬਿਕ ਵੀ ਪੁਰੇਵਾਲ ਦਾ ਕੈਲੰਡਰ ਸਿਰਫ਼ ਧੋਖਾ ਹੀ ਹੈ।

ੲ. ਪੁਰੇਵਾਲ ਦੀ ਇਹ ਦਲੀਲ ਵੀ ਥੋਥੀ ਹੈ ਕਿ 1698-99 ਵਿਚ ਵਿਸਾਖੀ 29 ਮਾਰਚ ਨੂੰ ਸੀ, 1763 ਵਿਚ 10 ਅਪਰੈਲ ਨੂੰ ਸੀ, 1919 ਵਿਚ 13 ਅਪ੍ਰੈਲ ਨੂੰ ਸੀ ਤੇ ਫਿਰ ਕਦੇ 12 ਅਤੇ ਕਦੇ 14 ਅਪ੍ਰੈਲ ਨੂੰ ਵੀ ਆਈ ਸੀ। ਇੰਞ ਇਹ ਕਦੇ ਜੁਲਾਈ ਵਿਚ ਵੀ ਆਵੇਗੀ। 29 ਮਾਰਚ ਅਤੇ 10 ਅਪ੍ਰੈਲ ਦਾ ਚੱਕਰ ਇਸ ਕਰ ਕੇ ਪਿਆ ਸੀ ਕਿ 1752 ਵਿਚ ਗਰੈਗੋਰੀਅਨ ਕੈਲੰਡਰ ਨੂੰ ਫ਼ਾਈਨਲ ਰੂਪ ਦੇਣ ਵਾਸਤੇ 12 ਦਿਨ ਅੱਗੇ

ਕੀਤਾ ਗਿਆ ਸੀ। ਗਰੈਗੋਰੀਅਨ ਕੈਲੰਡਰ ਮੁਤਾਬਿਕ ਜੋ ਤਾਰੀਖ਼ ਵੀ ਹੋਵੇ ਉਸ ਨਾਲ ਕੀ ਫ਼ਰਕ ਪੈਂਦਾ ਹੈ? ਕੀ ਵਿਸਾਖ ਮਹੀਨੇ ਦਾ ਸਿੱਖੀ ਨਾਲ ਕੋਈ ਸਬੰਧ ਹੈ? ਨਹੀਂ, ਹਰਗਿਜ਼ ਨਹੀਂ!

ਕੀ ਬਿਕਰਮੀ ਕੈਲੰਡਰ ਹਿੰਦੂ ਕੈਲੰਡਰ ਹੈ ?

ਪੁਰੇਵਾਲ ਨੇ ਇਹ ਪ੍ਰਚਾਰ ਵੀ ਕੀਤਾ ਸੀ ਕਿ ਬਿਕਰਮੀ ਕੈਲੰਡਰ ਹਿੰਦੂਆਂ ਦਾ ਕੈਲੰਡਰ ਹੈ ਤੇ ਇਸ ਨੂੰ ਪੰਡਤ/ਬ੍ਰਾਹਮਣ ਤਿਆਰ ਕਰਦੇ ਹਨ ਤੇ ਉਹ ਹੀ ਸੁਦੀਆਂ/ਵਦੀਆਂ ਵਗੈਰਾ ਮਿੱਥਦੇ ਹਨ। ਇਹ ਕਹਿਣਾ ਨਿਰਾ ਝੂਠ ਅਤੇ ਧੋਖਾ ਹੈ। ਬਿਕਰਮੀ ਕੈਲੰਡਰ ਦਾ ਹਿੰਦੂਆਂ ਨਾਲ ਕੋਈ ਸੰਬੰਧ ਨਹੀਂ। ਇਹ ਤਾਂ ਚੰਨ ਦੇ ਆਧਾਰ 'ਤੇ ਬਣਿਆ ਇਕ ਕੈਲੰਡਰ ਹੈ। ਇੰਵ ਹੀ ਗਰੈਗੋਰੀਅਨ ਕੈਲੰਡਰ (ਜਿਸ ਨੂੰ ਅਣਜਾਣ ਲੋਕ ਈਸਵੀ ਕਹਿ ਦੇਂਦੇ ਹਨ) ਈਸਾਈਆਂ ਦਾ ਕੈਲੰਡਰ ਨਹੀਂ। ਉਹ ਤਾਂ ਸੂਰਜ ਦੇ ਆਧਾਰ 'ਤੇ ਬਣਿਆ ਕੈਲੰਡਰ ਹੈ।

ਸਿਰਫ਼ ਸਾਊਥ ਏਸ਼ੀਆ ਜਾਂ ਏਸ਼ੀਆ ਹੀ ਨਹੀਂ, ਬਲਕਿ ਯੂਰਪੀਨ, ਅਰਬ ਤੇ ਹੋਰ ਲੋਕ ਵੀ ਧਾਰਮਿਕ ਦਿਨ ਕੱਢਣ ਵਾਸਤੇ ਚੰਨ ਦਾ ਕੈਲੰਡਰ ਹੀ ਵਰਤਦੇ ਹਨ। ਇਸੇ ਕਰ ਕੇ ਮੁਸਲਮਾਨਾਂ ਦੀ **'ਈਦ'** ਹਰ ਸਾਲ ਵੱਖ-ਵੱਖ ਦਿਨਾਂ ਹੀ ਨਹੀਂ ਬਲਕਿ ਵੱਖ-ਵੱਖ ਮਹੀਨਿਆਂ ਵਿਚ ਆਉਂਦੀ ਹੈ, ਕਈ ਵਾਰ ਗਰਮੀਆਂ ਵਿੱਚ ਅਤੇ ਕਈ ਵਾਰ ਸਖ਼ਤ ਸਰਦੀ ਦੀ ਰੁੱਤ ਵਿੱਚ ਵੀ ਆ ਜਾਂਦੀ ਹੈ। ਇਹ ਤਾਂ ਕਈ ਵਾਰ ਇਕ ਸਾਲ ਵਿੱਚ ਦੋ ਵਾਰ ਵੀ ਆ ਚੁੱਕੀ ਹੈ। ਈਸਾਈ ਵੀ **'ਗੁੱਡ ਫ਼ਰਾਈਡੇ'**, ਈਸਟਰ ਤੇ ਹੋਰ ਕਈ ਦਿਨਾਂ/ਤਿਓਹਾਰਾਂ ਦਾ ਚੰਨ ਦੇ ਹਿਸਾਬ ਨਾਲ ਹੀ ਫ਼ੈਸਲਾ ਕਰਦੇ ਹਨ (ਭਾਵੇਂ ਇਹ ਸ਼ੁਕਰਵਾਰ ਨੂੰ ਹੀ ਆਉਂਦਾ ਹੈ ਪਰ ਹਰ ਸਾਲ ਤਾਰੀਖ਼ ਵੱਖ ਹੀ ਹੁੰਦੀ ਹੈ। ਕਈ ਵਾਰ ਤਾਂ ਦੋ-ਤਿੰਨ ਹਫ਼ਤੇ ਦਾ ਫ਼ਰਕ ਵੀ ਹੁੰਦਾ ਹੈ)। ਇੰਵ ਹੀ ਯਹੂਦੀ ਵੀ ਚੰਨ ਦੇ ਹਿਸਾਬ ਨਾਲ ਦਿਨ ਕੱਢਦੇ ਹਨ। ਕੀ ਉਹ ਸਾਰੇ ਬੇਵਕੂਫ਼ ਹਨ? ਕੀ ਉਹ ਨਹੀਂ ਸੂਰਜੀ ਕੈਲੰਡਰ ਮੁਤਾਬਿਕ ਪੱਕੇ ਦਿਨ ਨੀਅਤ ਕਰ ਸਕਦੇ? ਕੀ ਉਨ੍ਹਾਂ ਕੋਲ ਵਿਦਵਾਨ ਨਹੀਂ ਹਨ? ਦਰਅਸਲ ਉਨ੍ਹਾਂ ਦੇ ਆਗੂ, ਸਿੱਖ ਆਗੂਆਂ ਵਾਂਗ ਮੂਰਖ ਨਹੀਂ ਹਨ ਵਰਨਾ ਉਹ ਵੀ ਪੁਰੇਵਾਲ ਜਾਂ ਕਿਸੇ ਇਸ ਵਰਗੇ ਨੂੰ ਮੰਨ ਲੈਂਦੇ।

ਪੁਰੇਵਾਲ ਦਾ ਕੈਲੰਡਰ ਬਿਕਰਮੀ ਕੈਲੰਡਰ ਦਾ ਸੂਰਜੀਕਰਣ ਹੈ

ਪਾਲ ਸਿੰਘ ਦਾ ਕੈਲੰਡਰ ਬਿਕਰਮੀ ਕੈਲੰਡਰ ਤੋਂ ਕਿੰਨਾ ਵੱਖਰਾ ਹੈ, ਆਓ ਵੇਖੀਏ! ਪਾਲ ਸਿੰਘ ਦਾ ਕੈਲੰਡਰ ਚੰਨ ਦੀ ਥਾਂ ਸੂਰਜ ਦੀ ਚਾਲ ਨਾਲ ਦਿਨ ਗਿਣਦਾ ਹੈ ਤੇ ਇਸ ਨੂੰ ਉਹ ਅੰਮ੍ਰਿਤਸਰ ਦੇ ਵਕਤ ਦੇ ਨਾਲ ਗਿਣਨ ਦਾ ਦਾਅਵਾ ਕਰਦਾ ਹੈ। ਇਸ ਵਿਚ ਸਿੱਖੀ ਦਾ ਮੁੱਢ ਕਿੱਥੇ ਹੈ? ਨਾਨਕਸ਼ਾਹੀ ਤਾਂ ਨਾਨਕਾਣਾ ਸਾਹਿਬ ਤੋਂ ਬਣਨਾ ਸੀ ਨਾ ਕਿ ਅੰਮ੍ਰਿਤਸਰ ਤੋਂ। ਖ਼ੈਰ, ਜੇ ਨਾਨਕਾਣਾ ਤੋਂ ਵੀ ਸਮਾਂ ਗਿਣ ਲਈਏ ਤਾਂ ਕੀ ਸੂਰਜ ਦੇ ਹਿਸਾਬ ਨਾਲ ਬਿਕਰਮੀ ਕੈਲੰਡਰ ਬਦਲ ਲੈਣ ਨਾਲ ਪੁਰੇਵਾਲ ਦਾ ਕੈਲੰਡਰ ਸਿੱਖ ਕੈਲੰਡਰ ਕਿਵੇਂ ਹੋ ਗਿਆ? ਇਹ ਤਾਂ "ਸੂਰਜੀਕਰਣ ਵਾਲਾ ਬਿਕਰਮੀ ਕੈਲੰਡਰ" ਹੀ ਹੋਇਆ ਨਾ ਕਿ ਸਿੱਖ ਕੈਲੰਡਰ। ਕੀ ਕੈਲੰਡਰ ਨੂੰ ਸਿਰਫ਼ ਸੂਰਜੀਕਰਣ ਕਰ ਦੇਣ ਨਾਲ ਹੀ ਸਿੱਖ ਕੈਲੰਡਰ ਬਣ ਜਾਂਦਾ ਹੈ? ਉਂਵ ਇਹ ਕੈਲੰਡਰ ਭਾਰਤ ਸਰਕਾਰ ਦੇ "ਸ਼ਕ ਸੰਮਤ" ਦੀ ਇਕ ਫ਼ੋਟੋ ਕਾਪੀ ਹੈ। ਸ਼ੱਕ ਸੰਮਤ ਅਤੇ ਪੁਰੇਵਾਲ ਦੇ ਕੈਲੰਡਰ ਵਿਚ ਸਿਰਫ਼ ਸੰਗਰਾਂਦਾਂ ਦਾ 7-8 ਦਿਨ ਦਾ ਫ਼ਰਕ ਹੈ ਬਾਕੀ ਹੂ-ਬ-ਹੂ ਨਕਲ ਹੈ।

ਪੁਰੇਵਾਲ ਦਾ ਕੈਲੰਡਰ ਸਿੱਖ ਹਿਸਟਰੀ ਵੀ ਵਿਗਾੜਦਾ ਹੈ

ਪੁਰੇਵਾਲ ਦਾ ਕੈਲੰਡਰ ਗੁਰੂ ਹਰਿਗੋਬਿੰਦ ਸਾਹਿਬ ਦਾ ਜੋਤੀ-ਜੋਤ ਸਮਾਉਣਾ 19 ਅਪ੍ਰੈਲ ਨੂੰ ਮਨਾਇਆ ਕਰੇਗਾ ਪਰ ਅਸੀਂ ਕਿਤਾਬਾਂ ਚੋਂ 30 ਮਾਰਚ 1644 ਪੜ੍ਹਿਆ ਕਰਾਂਗੇ। ਇੰਞ ਹੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ 30 ਮਈ 1606 ਨੂੰ ਹੋਈ ਸੀ, ਪਰ ਅਸੀਂ 16 ਜੂਨ ਨੂੰ ਮਨਾਇਆ ਕਰਾਂਗੇ; ਕਿਤਾਬਾਂ ਮੁਤਾਬਿਕ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ 11 ਨਵੰਬਰ 1675 ਨੂੰ ਹੋਈ ਸੀ, ਇਹ ਅਸੀਂ 24 ਨਵੰਬਰ ਨੂੰ ਮਨਾਇਆ ਕਰਾਂਗੇ ਤੇ ਹੋਰ ਵੀ ਕਈ ਕੁਝ। ਬਿਕਰਮੀ ਮੁਤਾਬਿਕ ਮਨਾਉਂਦਿਆਂ ਤਾਂ ਦਲੀਲ ਸੀ ਕਿ ਉਸ ਨੂੰ ਬਦਲਣ (ਕਨਵਰਟ ਕਰਨ) ਵਿਚ ਫਰਕ ਪੈਂਦਾ ਹੈ। ਪੁਰੇਵਾਲ ਦੇ ਕੈਲੰਡਰ ਨੂੰ ਤਾਂ ਸੂਰਜੀ ਕੈਲੰਡਰ ਕਹਿੰਦੇ ਨੇ ਫਿਰ ਉਸ ਵਿਚ ਕਿਉਂ ਫਰਕ ਪੈਂਦਾ ਹੈ। ਦਰਅਸਲ ਇਹ ਸਭ ਘਾਲਾ ਮਾਲਾ, ਉਲਝਣ, ਭੁਲੇਖਾ-ਪਾਊ, ਤਵਾਰੀਖ਼-ਵਿਗਾੜੂ ਐਂਟੀ-ਸਿੱਖ ਕੈਲੰਡਰ ਹੈ, ਹੋਰ ਕੁਝ ਨਹੀਂ। ਇਕ ਹੋਰ ਦਿਲਚਸਪ ਗੱਲ ਇਹ ਹੈ ਕਿ ਅਸੀਂ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਨ ਤਾਂ 16 ਜੂਨ ਨੂੰ ਮਨਾਇਆ ਕਰਾਂਗੇ, ਪਰ ਦਰਬਾਰ ਸਾਹਿਬ ’ਤੇ ਹਮਲੇ ਦਾ ਦਿਨ 4 ਜੂਨ ਨੂੰ ਮਨਾਇਆ ਕਰਾਂਗੇ। ਬੂਝੜਤਾ ਦੀ ਵੀ ਹੱਦ ਹੁੰਦੀ ਹੈ!

ਅਖੌਤੀ ਸੰਤ ਸਮਾਜ ਦੇ ਇਕ ਧੜੇ ਨੇ ਕਿਵੇਂ ਮੰਨਿਆ?

ਸ. ਦਰਸ਼ਨ ਸਿੰਘ ਰਾਗੀ ਨੇ 22 ਮਾਰਚ 2013 ਦੇ ਦਿਨ ਚੰਡੀਗੜ੍ਹ ਵਿਚ ਕੀਤੀ ਇੱਕ ਪ੍ਰੈੱਸ ਕਾਨਫ਼ਰੰਸ ਵਿਚ ਕੋਰਾ ਝੂਠ ਬੋਲਿਆ ਕਿ ਪੁਰੇਵਾਲ ਦੇ ਕੈਲੰਡਰ ਦੀ ਮੁਖ਼ਾਲਫ਼ਤ ਆਰ.ਐਸ.ਐਸ. ਦੇ ਸੁਦਰਸ਼ਨ ਨੇ ਕੀਤੀ ਸੀ। ਉਨ੍ਹਾਂ ਦੇ ਲਫ਼ਜ਼ਾਂ ਵਿਚ “ਨਾਨਕਸ਼ਾਹੀ ਕੈਲੰਡਰ ਦੇ ਜਾਰੀ ਹੋਣ ਦੇ ਐਲਾਨ ਨਾਲ ਉਸ ਵੇਲੇ ਦੇ ਆਰ.ਐਸ.ਐਸ. ਪ੍ਰਧਾਨ ਸੁਦਰਸ਼ਨ ਦਾ ਬਿਆਨ ਆਇਆ ਕਿ ਆਰ.ਐਸ.ਐਸ. ਇਸ ਨੂੰ ਪ੍ਰਵਾਨ ਨਹੀਂ ਕਰੇਗਾ ਤੇ ਨਾ ਹੀ ਲਾਗੂ ਹੋਣ ਦੇਵੇਗਾ।”

(ਸਪੋਕਸਮੈਨ 23 ਮਾਰਚ 2013)।

ਸੱਚ ਇਹ ਹੈ ਕਿ 1998 ਵਿਚ ਜਿਹੜੀ ਪੁਰੇਵਾਲ ਕੈਲੰਡਰ ਵਾਲੀ ਜੰਤਰੀ (ਉਦੋਂ ਅਜੇ ਕੈਲੰਡਰ ਨਹੀਂ ਜੰਤਰੀ ਛਪੀ ਸੀ) ਉਸ ਵਿਚ ਸੰਗਰਾਂਦ, ਮੱਸਿਆ ਤੇ ਪੂਰਨਮਾਸ਼ੀਆਂ ਹਟਾ ਦਿੱਤੀਆਂ ਗਈਆਂ ਸਨ। ਹੋਇਆ ਇਹ ਸੀ ਕਿ ਪੁਰੇਵਾਲ ਨੇ ਉਹ ਜੰਤਰੀ ਦੇ ਪਰੂਫ਼ ਜੱਥੇਦਾਰ ਟੋਹੜਾ ਜੀ ਤੇ ਸੁਖਦੇਵ ਸਿੰਘ ਭੌਰ ਜੀ ਨੂੰ ਦਿਖਾਏ। ਠੀਕ ਉਸੇ ਸਮੇਂ ਮੈਂ ਆ ਗਿਆ ਤੇ ਟੌਹੜਾ ਜੀ ਨੇ ਉਹ ਪਰੂਫ਼ ਮੇਰੇ ਅੱਗੇ ਕਰ ਦਿੱਤੇ। ਮੈਂ ਸੰਗਰਾਂਦਾਂ ਵੇਖ ਕੇ ਕਿਹਾ ਕਿ ਇਹ ਤਾਂ ਸਿੱਖ ਰਹਿਤ ਮਰਿਆਦਾ ਦੇ ਉਲਟ ਹਨ। ਇਸ ’ਤੇ ਫੈਸਲਾ ਕੀਤਾ ਗਿਆ ਕਿ ਸੰਗਰਾਂਦ ਲਫ਼ਜ਼ ਹਟਾ ਕੇ ਦੇਸੀ ਮਹੀਨੇ ਦੀ ‘ਆਰੰਭਤਾ’ ਲਿਖ ਦਿੱਤਾ ਜਾਵੇ। ਉਸ ਮਗਰੋਂ ਉਹੀ ਜੰਤਰੀ ਛਪੀ ਸੀ। ਇਸ ’ਤੇ ਆਰ.ਐਸ.ਐਸ. ਔਖੀ ਹੋਈ ਸੀ ਤੇ ਸੁਦਰਸ਼ਨ ਨੇ ਇਸ ਦਾ ਵਿਰੋਧ ਕੀਤਾ ਸੀ। ਆਰ.ਐਸ.ਐਸ. ਦੇ ਸਾਧਾਂ ਕਸ਼ਮੀਰਾ ਸਿੰਘ - ਮੰਗਲ ਸਿੰਘ ਨੇ ਇਸ ਦਾ ਭਰਵਾਂ ਵਿਰੋਧ ਕੀਤਾ ਸੀ (ਤੇ ਇਹ ਪੂਰਨ ਸਿੰਘ ਦੇ ਨੇੜੇ ਸਨ)।

ਜਿਸ ਅਖੌਤੀ ਸੰਤ ਸਮਾਜ ਦੇ ਇਕ ਧੜੇ (ਕਸ਼ਮੀਰਾ ਸਿੰਘ - ਮੰਗਲ ਸਿੰਘ ਗਰੁਪ), ਜਿਸ ਨੇ ਪੁਰੇਵਾਲ ਦੇ 1998-99 ਦੀ ਜੰਤਰੀ ਨੂੰ ਬਿਲਕੁਲ ਰੱਦ ਕੀਤਾ ਸੀ, ਉਸੇ ਗਰੁਪ ਨੇ, ਸੰਤਾ ਸਿੰਘ ਨਿਹੰਗ ਗਰੁਪ ਨੇ ਤੇ ਨਿਰਮਲਿਆਂ ਨੇ 28 ਮਾਰਚ 2003 ਨੂੰ ਅਕਾਲ ਤਖ਼ਤ ਸਾਹਿਬ ਤੇ ਹੋਈ ਮੀਟਿੰਗ ਵਿਚ ਪੁਰੇਵਾਲ ਦੇ ਕੈਲੰਡਰ ਦੀ ਸਭ ਤੋਂ ਵੱਧ ਤੇ ਰੱਜਵੀਂ ਹਿਮਾਇਤ ਕੀਤੀ ਸੀ ਕਿਉਂ

ਕਿ ਪੁਰੇਵਾਲ ਨੇ ਹੁਣ ਉਸ ਵਿਚ ਸੰਗਰਾਂਦ, ਮੱਸਿਆ ਤੇ ਪੂਰਨਮਾਸ਼ੀਆਂ ਸ਼ਾਮਿਲ ਕਰ ਦਿੱਤੀਆਂ ਸਨ। ਅਕਾਲ ਤਖ਼ਤ 'ਤੇ ਹੋਈ ਮੀਟਿੰਗ ਵਿਚ ਕਸ਼ਮੀਰਾ ਸਿੰਘ - ਮੰਗਲ ਸਿੰਘ ਤਾਂ ਹੁਣ ਇਸ ਦੀ ਹਿਮਾਇਤ ਵਿਚ ਏਨੇ ਉਛਲ ਰਹੇ ਸਨ ਕਿ ਉਹ ਤਾਂ ਪਟਨਾ ਤੇ ਹਜ਼ੂਰ ਸਾਹਿਬ ਵਾਲਿਆਂ ਨੂੰ ਵੀ ਇਸ ਵਾਸਤੇ ਮਨਾਉਣ ਵਾਸਤੇ ਆਪਣੀਆਂ ਸੇਵਾਵਾਂ ਪੇਸ਼ ਕਰ ਰਹੇ ਸਨ। ਉਦੋਂ ਕੇਵਲ ਸਿੰਘ (ਸਾਬਕਾ ਗ੍ਰੰਥੀ ਤਲਵੰਡੀ ਸਾਬੋ) ਤੇ ਹੋਰ ਕਈਆਂ ਨੇ ਵੀ ਸੰਗਰਾਂਦ, ਮੱਸਿਆ ਤੇ ਪੂਰਨਮਾਸ਼ੀਆਂ ਦਾ ਵਿਰੋਧ ਕੀਤਾ ਸੀ। (ਪਰ ਹੁਣ ਉਹ ਵੀ ਇਸ ਸਵਾਲ 'ਤੇ ਕਦੇ ਨਹੀਂ ਬੋਲਦਾ)।

ਇਹ ਕਿਵੇਂ ਹੋਇਆ?

ਦਰਅਸਲ ਇਹ ਸਾਰਾ ਕੁਝ ਕਿਸੇ ਪਲਾਨਿੰਗ ਨਾਲ ਹੋਇਆ ਹੈ। ਉਨ੍ਹਾਂ ਨੇ ਇਸ ਕੈਲੰਡਰ ਨੂੰ ਬਿਕਰਮੀ ਕੈਲੰਡਰ ਦਾ ਸੂਰਜੀ-ਕਰਣ ਕਰਵਾ ਕੇ ਤੇ ਬਿਪਰਨ (ਬ੍ਰਾਹਮਣਵਾਦੀ) ਸੰਗਰਾਂਦਾਂ, ਪੂਰਨਮਾਸ਼ੀਆਂ, ਪੰਚਮੀਆਂ ਤੇ ਮੱਸਿਆਂ ਨੂੰ ਮਨਾਏ ਜਾਣ 'ਤੇ ਪੰਥ ਦੀ ਮੁਹਰ ਲੁਆਉਣ ਵਾਸਤੇ ਪੁਰੇਵਾਲ ਨੂੰ ਤਿਆਰ ਕੀਤਾ (ਅਕਾਲ ਤਖ਼ਤ ਦੀ 'ਰਹਿਤ ਮਰਿਆਦਾ' ਨੂੰ ਵੀ ਛਿੱਕੇ ਟੰਗ ਕੇ, ਜਿਸ ਵਿਚ ਸੰਗਰਾਂਦਾਂ, ਪੂਰਨਮਾਸ਼ੀਆਂ ਮਨਾਉਣ ਨੂੰ ਰੱਦ ਕੀਤਾ ਹੋਇਆ ਹੈ)। ਇਹ ਮੂਲਵਾਦੀ ਹਿੰਦੂ ਜਮਾਤਾਂ ਦੀ ਇਕ ਬੜੀ ਵੱਡੀ ਕਾਮਯਾਬੀ ਹੈ ਕਿ ਉਨ੍ਹਾਂ ਨੇ ਸਿੱਖਾਂ ਨੂੰ ਬੇਵਕੂਫ਼ ਵੀ ਬਣਾ ਲਿਆ ਤੇ ਪਤਾ ਵੀ ਨਹੀਂ ਲੱਗਣ ਦਿੱਤਾ, ਤੇ, ਸਗੋਂ ਸਿੱਖਾਂ ਕੋਲੋਂ ਇਸ ਸੂਰਜੀਕਰਣ ਵਾਲੇ ਬਿਕਰਮੀ ਕੈਲੰਡਰ ਨੂੰ ਪੰਥ ਦਾ "ਨਿਆਰਾ-ਪਣ" ਵਾਲਾ ਕੈਲੰਡਰ ਵੀ ਅਖਵਾ ਲਿਆ। ਧੰਨ ਹਨ ਬੇਸਮਝ ਸਿੱਖ ਚੌਧਰੀ, ਜਿਨ੍ਹਾਂ ਨੂੰ ਪਤਾ ਵੀ ਨਾ ਲੱਗਿਆ ਕਿ ਆਰ.ਐਸ.ਐਸ. ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਪੁਰੇਵਾਲ ਰਾਹੀ ਕਿੰਨੀ ਵੱਡੀ ਮਾਰ ਸਿੱਖਾਂ ਨੂੰ ਮਾਰੀ ਹੈ।

ਇਸ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਆਰ.ਐਸ.ਐਸ., ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸ਼ਿਵ ਸੈਨਾ, ਜਿਹੜੀਆਂ ਵੱਖਰੇ ਸਿੱਖ ਕੈਲੰਡਰ ਦਾ ਰੱਜ ਕੇ ਵਿਰੋਧ ਕਰਦੀਆਂ ਸਨ ਨੇ ਇਸ ਦੇ, 28 ਮਾਰਚ 2003 ਦੇ ਦਿਨ, ਪਾਸ ਹੋਣ ਦਾ ਜ਼ਰਾ ਮਾਸਾ ਵੀ ਵਿਰੋਧ/ਇਤਰਾਜ਼ ਨਾ ਕੀਤਾ। ਕੀ ਇਹ ਸਾਬਿਤ ਨਹੀਂ ਕਰਦਾ ਕਿ ਉਨ੍ਹਾਂ ਨੂੰ ਇਸ ਕੈਲੰਡਰ ਦੇ ਪਾਸ ਹੋਣ ਤੇ ਕੋਈ ਸ਼ਿਕਾਇਤ ਨਹੀਂ (ਬਲਕਿ ਖ਼ੁਸ਼ੀ) ਹੈ।

ਹੈਰਾਨੀ ਤਾਂ ਇਸ ਕੈਲੰਡਰ ਦੇ ਹਿਮਾਇਤੀ ਕੁਝ ਅਖੌਤੀ ਸਿੱਖ ਬੁੱਧੀ-ਜੀਵੀਆਂ ਤੇ ਹੈ ਜਿਨ੍ਹਾਂ ਨੂੰ ਇਸ ਸਾਜਿਸ਼ ਦਾ ਪਤਾ ਤਕ ਨਾ ਲੱਗ ਸਕਿਆ (ਹੁਣ ਸ਼ਾਇਦ ਸਮਝ ਗਏ ਹੋਣ? ਪਰ ਬੂਝੜ ਲੀਡਰਾਂ ਨੂੰ ਸਮਝ ਕਿੱਥੇ!)। ਮੈਂ ਉਨ੍ਹਾਂ ਤੋਂ ਹੀ ਪੁੱਛਦਾ ਹਾਂ ਕਿ ਉਹ ਦੱਸਣ ਕਿ ਇਸ ਕੈਲੰਡਰ ਵਿਚ ਕਿਹੜਾ ਹਿੱਸਾ ਜਾਂ ਨੁਕਤਾ "ਸਿੱਖ" ਜਾਂ "ਪੰਥਕ" ਹੈ ਜਾਂ ਕਿਹੜਾ ਹਿੱਸਾ ਜ਼ਰਾ-ਮਾਸਾ ਵੀ ਗੁਰੂ ਗ੍ਰੰਥ ਸਾਹਿਬ ਮੁਤਾਬਿਕ ਹੈ ਜਾਂ ਉਸ ਵਿਚਲੇ ਮਹੀਨਿਆਂ ਜਾਂ ਥਿਤਾਂ ਵਗ਼ੈਰਾ ਨਾਲ ਮਿਲਦਾ ਹੈ?

ਫਿਰ ਇਹ ਦਲੀਲ ਕਿ ਇਸ ਨਾਲ ਸਿੱਖਾਂ ਦੀ ਵੱਖਰੀ ਪਛਾਣ ਬਣ ਗਈ ਹੈ, ਵੀ ਬਚਕਾਣੀ ਦਲੀਲ ਹੈ। ਕੀ ਆਰ.ਐਸ.ਐਸ. ਨੇ ਹੁਣ ਸਿੱਖਾਂ ਨੂੰ ਹਿੰਦੂਆਂ ਤੋਂ ਵੱਖਰੇ ਜਾਂ ਨਿਆਰੇ ਮੰਨ ਲਿਆ ਹੈ? ਦੂਜਾ, ਕੀ ਸਿੱਖ ਇਸ ਕੈਲੰਡਰ ਨੂੰ ਮੰਨਦੇ ਹਨ? ਜਵਾਬ ਹੈ: ਹਰਗਿਜ਼ ਨਹੀਂ। ਸਾਰੇ ਸਿੱਖ ਦੁਨੀਆਂ ਵਿਚ ਜਿੱਥੇ ਵੀ ਹਨ, ਉਹ ਸਿਰਫ਼ ਗਰੈਗੋਰੀਅਨ (ਕੌਮਾਂਤਰੀ) ਕੈਲੰਡਰ ਮੁਤਾਬਿਕ ਹੀ ਹਰ ਕੰਮ ਕਰਦੇ ਹਨ। ਇਸ 'ਪੁਰੇਵਾਲੀ ਕੈਲੰਡਰ' ਨੂੰ ਤਾਂ ਸ਼੍ਰੋਮਣੀ ਕਮੇਟੀ ਵੀ ਨਹੀਂ ਮੰਨਦੀ ਉਹ ਵੀ

ਸਾਰੀ ਕਾਰਵਾਈ ਗਰੈਗੋਰੀਅਨ ਕੈਲੰਡਰ ਮੁਤਾਬਿਕ ਚਲਾਉਂਦੀ ਹੈ। ਉਨ੍ਹਾਂ ਦਾ ਮਹੀਨਾ ਸੰਗਰਾਂਦ ਤੋਂ ਨਹੀਂ ਸ਼ੁਰੂ ਹੁੰਦਾ। ਉਹ ਗਰੈਗੋਰੀਅਨ ਕੈਲੰਡਰ (ਜਿਸ ਨੂੰ ਕੁਝ ਅਣਜਾਣ ਲੋਕ ਈਸਵੀ ਜਾਂ ਅੰਗਰੇਜ਼ੀ ਕੈਲੰਡਰ ਵੀ ਕਹਿ ਦੇਂਦੇ ਹਨ) ਮੁਤਾਬਿਕ ਹੀ ਮੀਟਿੰਗਾਂ ਤੇ ਕਾਰਵਾਈਆਂ ਕਰਦੇ ਹਨ; ਹਾਂ ਦਿਖਾਵੇ ਵਜੋਂ "ਕਿਤੇ ਕਿਤੇ" 'ਪੁਰੇਵਾਲੀ ਕੈਲੰਡਰ' ਵਾਲੀਆਂ ਤਾਰੀਖ਼ਾਂ ਵੀ ਲਿਖ ਦੇਂਦੇ ਹਨ।

ਪੁਰੇਵਾਲ ਦਾ ਕੈਲੰਡਰ ਕਿੰਨੇ ਚਿਰ ਵਿੱਚ ਬਣਿਆ ?

ਇਕ ਹੋਰ ਗ਼ਲਤ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਪੁਰੇਵਾਲ ਨੇ ਇਸ ਕੈਲੰਡਰ ਨੂੰ ਤਿਆਰ ਕਰਨ ਵਾਸਤੇ 20 ਸਾਲ ਲਾਏ ਹਨ। ਬੀਬੀ ਕਿਰਨਜੋਤ ਕੌਰ ਨੇ ਤਾਂ 40 ਸਾਲ ਕਹਿ ਦਿਤਾ ਹੈ, ਜਦ ਕਿ ਬਿਕਰਮੀ ਕੈਲੰਡਰ ਦਾ ਸੂਰਜੀ-ਕਰਨ ਕਰਨ ਦਾ ਕੰਮ ਵਧ ਤੋਂ ਵਧ 8-10 ਘੰਟਿਆਂ ਦਾ ਹੈ ਤੇ ਏਨੇ ਚਿਰ ਵਿਚ ਹੀ ਇਹ ਕੈਲੰਡਰ ਬਣਿਆ ਸੀ। ਇਹ ਕੰਮ ਕੋਈ ਵੀ ਕੁਝ ਘੰਟਿਆਂ ਵਿਚ ਕਰ ਸਕਦਾ ਹੈ, ਕਿਉਂਕਿ **ਇਹ ਕੈਲੰਡਰ 100% ਭਾਰਤ ਸਰਕਾਰ ਦੇ 'ਸਾਕਾ ਸੰਮਤ' ਦੀ 100% ਨਕਲ ਹੈ, ਸਿਰਫ਼ ਸੰਗਰਾਂਦਾ ਵਿਚ 7-8 ਦਿਨ ਦਾ ਫ਼ਰਕ ਪਾ ਕੇ ਉਸ ਨੂੰ 'ਨਵਾਂ ਕੈਲੰਡਰ' ਕਹਿ ਦਿੱਤਾ ਗਿਆ ਹੈ।**

ਸਿਧਾਂਤਕ ਪੱਖੋਂ ਵੀ ਪੁਰੇਵਾਲ ਦਾ ਕੈਲੰਡਰ ਨਾ ਤਾਂ ਸਿੱਖ ਕੈਲੰਡਰ ਹੈ, ਨਾ ਤਵਾਰੀਖ਼ ਪੱਖੋਂ ਸਹੀ ਹੈ (ਸਗੋਂ ਸਿੱਖ ਹਿਸਟਰੀ ਵਿਗਾੜਦਾ ਹੈ), ਨਾ ਇਹ ਸਾਇੰਟਿਫ਼ਿਕ ਹੈ ਤੇ ਨਾ ਹੀ ਅਮਲ ਵਿਚ ਅਉਣ ਦੇ ਕਾਬਿਲ ਹੈ। ਸਿੱਖਾਂ ਨੇ ਦੁਨੀਆਂ ਵਿਚ ਰਹਿੰਦਿਆਂ ਸਿਰਫ਼ ਕੌਮਾਂਤਰੀ (ਯਾਨਿ ਗਰੈਗੋਰੀਅਨ) ਕੈਲੰਡਰ ਹੀ ਵਰਤਣਾ ਹੈ ਤੇ ਇਹ ਕੈਲੰਡਰ ਸਿਰਫ਼ ਸ਼੍ਰੋਮਣੀ ਕਮੇਟੀ ਦੇ ਛਪੇ ਡੈਕੋਰੇਸ਼ਨ ਪੀਸ (ਪੁਰੇਵਾਲੀ ਕੈਲੰਡਰ) ਵਜੋਂ ਹੀ ਸੀਮਤ ਰਹਿਣਾ ਹੈ।

ਭਲਕ ਨੂੰ ਸਿੱਖ ਤਵਾਰੀਖ਼ ਲਿਖੇਗੀ ਕਿ ਆਰ.ਐਸ.ਐਸ. ਦੀ ਸਾਜ਼ਿਸ਼ ਹੇਠ ਪੁਰੇਵਾਲ ਨੇ ਸਿਰਫ਼ ਅਨਪੜ੍ਹ ਸਿੱਖ ਆਗੂਆਂ ਨੂੰ ਹੀ ਨਹੀਂ, ਕੁਝ ਪੜ੍ਹਿਆਂ-ਲਿਖਿਆਂ ਤੇ ਮਿਸ਼ਨਰੀਆਂ ਨੂੰ ਵੀ ਮਹਾਂ ਮੂਰਖ ਬਣਾ ਲਿਆ ਤੇ ਕੌਮ ਨੂੰ ਕਈ ਸਾਲ ਭੰਬਲ-ਭੂਸੇ ਵਿਚ ਵੀ ਪਾਇਆ, ਕੌਮ ਵਿਚ ਫੁੱਟ ਵੀ ਪੁਆਈ ਤੇ ਕੈਲੰਡਰ ਛਾਪਣ ਵਾਸਤੇ ਕਰੋੜਾਂ ਰੁਪੈ ਵੀ ਖੂਹ ਵਿੱਚ ਸੁੱਟਵਾਏ। ਕਨਿੰਘਮ ਨੇ ਸੱਚ ਹੀ ਕਿਹਾ ਸੀ 'ਸ਼ੇਰਾਂ ਦੀ ਫ਼ੌਜ ਦੇ ਗਧੇ ਜਰਨੈਲ' ਪਰ ਉਸ ਨੇ ਇਹ ਨਹੀਂ ਸੀ ਕਿਹਾ ਕਿ ਜਰਨੈਲਾਂ ਦੇ ਨਾਲ-ਨਾਲ ਅਖੌਤੀ ਵਿਦਵਾਨ ਤੇ ਮਿਸ਼ਨਰੀ ਵੀ ਮੂਰਖਾਂ ਅਤੇ ਸਾਜ਼ਸ਼ੀਆਂ ਦੇ ਪਿੱਛੇ ਭੇਡੂ ਬਣ ਕੇ ਲੱਗ ਗਏ ਸਨ।

ਹੁਣ ਸਵਾਲ ਹੈ ਕਿ ਸਿੱਖ ਕੈਲੰਡਰ ਦਾ ਮਸਲਾ ਹੱਲ ਕਿਵੇਂ ਕੀਤਾ ਜਾਵੇ? ਉਂਞ ਤਾਂ ਬਿਕਰਮੀ ਕੈਲੰਡਰ ਮੁਤਾਬਿਕ ਦਿਨ ਮਨਾਉਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਬਿਕਰਮੀ ਕੈਲੰਡਰ ਹਿੰਦੂਆਂ ਦਾ ਨਹੀਂ। ਇਹ ਤਾਂ ਸਿਰਫ਼ ਚੰਦਰਮਾ ਦੇ ਚੜ੍ਹਾਅ-ਉਤਰਾਅ 'ਤੇ ਅਧਾਰਤ ਕੈਲੰਡਰ ਹੈ। ਇਹ ਵੀ ਗ਼ਲਤ ਹੈ ਕਿ ਸਾਨੂੰ ਬਿਕਰਮੀ ਮੁਤਾਬਿਕ ਦਿਨ ਕੱਢਣ ਵਾਸਤੇ ਪੰਡਤਾਂ ਤੇ ਮੁਨੱਸਰ ਹੋਣਾ ਪੈਂਦਾ ਹੈ। ਕੈਂਬਰਿਜ਼ ਯੂਨੀਵਰਸਿਟੀ ਇੰਗਲੈਂਡ ਨੇ ਇਕ ਕਿਤਾਬ ਛਾਪੀ ਹੈ ਜਿਸ ਵਿਚ 2001 ਤੋਂ 2300 ਤਕ ਦੀਆਂ ਬਿਕਰਮੀ ਤੇ ਗਰੈਗੋਰੀਅਨ ਕੈਲੰਡਰ (ਅਤੇ ਹਿਜਰੀ ਤੇ ਜੂਲੀਅਨ ਤੇ ਸ਼ਕ ਸੰਮਤ ਵੀ) ਆਹਮੋ ਸਾਹਮਣੇ ਦਿਤੀਆਂ ਹੋਈਆਂ ਹਨ। ਪੁਰੇਵਾਲ ਵੀ ਇਹੀ ਕਿਤਾਬ ਹੀ ਵਰਤਦਾ ਰਿਹਾ ਹੈ। ਇੰਞ ਹੀ ਇੰਟਰਨੈਟ 'ਤੇ calenderica.com ਤੋਂ ਵੀ ਇਹ ਸਾਰੀਆਂ ਤਾਰੀਖ਼ਾਂ ਹਜ਼ਾਰਾਂ ਸਾਲ ਅੱਗੇ ਤਕ ਦੀਆਂ ਵੇਖੀਆਂ ਜਾ ਸਕਦੀਆਂ ਹਨ। ਹੁਣ ਤਾਂ ਪਿਛਲੇ ਦੱਸ ਹਜ਼ਾਰ ਤੇ

ਅਗਲੇ ਦੱਸ ਹਜ਼ਾਰ ਸਾਲ ਤਕ ਦੀਆਂ ਤਾਰੀਖ਼ਾਂ ਦੀ ਸੀ.ਡੀ. ਆ ਚੁੱਕੀ ਹੈ। ਇਸ ਵਿਚੋਂ ਅਸੀਂ ਪਤਾ ਕਰ ਸਕਦੇ ਹਾਂ ਕਿ ਸੰਨ 1469 ਜਾਂ 2369 ਜਾਂ 10469 ਨੂੰ ਕੱਤਕ ਦੀ ਪੂਰਨਮਾਸ਼ੀ ਦੇ ਦਿਨ ਗਰੈਗੋਰੀਅਨ ਤਾਰੀਖ਼ ਕੀ ਹੈ! (ਹਾਲਾਂਕਿ ਇਹ ਦੁਨੀਆਂ 100 ਸਾਲ ਦੇ ਅੰਦਰ-ਅੰਦਰ ਖ਼ਤਮ ਹੋ ਜਾਣੀ ਹੈ)।

ਪਰ, ਇਹ ਨਾ ਸਮਝ ਲਿਆ ਜਾਵੇ ਕਿ ਮੈਂ ਬਿਕਰਮੀ ਕੈਲੰਡਰ ਦੀ ਹਿਮਾਇਤ ਕਰ ਰਿਹਾ ਹਾਂ। ਪਰ, ਜੇ ਸਿੱਖ ਬਿਕਰਮੀ ਨੂੰ ਬਿਲਕੁਲ ਹੀ ਛੱਡਣਾ ਚਾਹੁੰਦੇ ਹਨ ਤਾਂ ਉਹ ਗਰੈਗੋਰੀਅਨ ਦੇ ਹਿਸਾਬ ਨਾਲ ਤਾਰੀਖ਼ਾਂ ਕੱਢ ਲੈਣ ਤੇ ਹਰ ਸਾਲ ਉਸੇ ਇੱਕ ਤਾਰੀਖ਼ ਤੇ ਗੁਰਪੁਰਬ ਮਨਾਉਂਦੇ ਰਹਿਣ (ਜਿਵੇਂ ਉੱਪਰ ਜ਼ਿਕਰ ਕੀਤਾ ਹੈ)। ਜੇ ਸਿੱਖਾਂ ਨਾਲ ਆਪਣਾ ਕੈਲੰਡਰ ਬਣਾਉਣਾ ਹੀ ਹੈ ਤਾਂ ਗਰੈਗੋਰੀਅਨ ਦਾ ਸਿੱਖ-ਰੂਪ ਕੀਤਾ ਜਾ ਸਕਦਾ ਹੈ ਯਾਨਿ 12 ਮਹੀਨਿਆਂ ਦੇ ਨਾਂ ਗੁਰੂ ਸਾਹਿਬ ਦਾ ਨਾਂਵਾਂ ਦੇ ਨਾਂ 'ਤੇ ਰੱਖੇ ਜਾ ਸਕਦੇ ਹਨ, ਜਿਵੇਂ ਜਨਵਰੀ ਤੋਂ ਅਕਤੂਬਰ ਤਕ 10 ਗੁਰੂਆਂ ਦੇ ਨਾਂ ਅਤੇ ਨਵੰਬਰ 'ਗੁਰੂ ਗ੍ਰੰਥ ਮਾਹ' ਅਤੇ ਦਸੰਬਰ 'ਪੰਥ ਮਾਹ'। ਇੰਞ ਲੋਕਾਂ ਨੂੰ ਗੁਰੂ ਸਾਹਿਬ ਦੇ ਨਾਂ ਤਾਂ ਚੇਤੇ ਹੋ ਜਾਇਆ ਕਰਨਗੇ। ਉਂਞ ਸਿੱਖਾਂ ਨੇ ਵਰਤਣਾ ਤਾਂ ਦੁਨੀਆਂ ਨਾਲ ਰਲ ਕੇ ਗਰੈਗੋਰੀਅਨ ਕੈਲੰਡਰ ਨੂੰ ਹੀ ਹੈ। ਪੁਰੇਵਾਲ ਦਾ ਕੈਲੰਡਰ ਤਾਂ ਸੰਗਰਾਂਦਾਂ, ਪੂਰਨਮਾਸ਼ੀਆਂ ਤੇ ਮੱਸਿਆਂ ਮਨਾਉਣ ਵਾਸਤੇ ਹੀ ਕੰਮ ਆਉਣਾ ਹੈ ਅਤੇ ਇਹ ਗੱਲ ਮੁੱਢੋਂ ਹੀ ਸਿੱਖ ਸਿਧਾਂਤਾਂ ਦੇ ਖ਼ਿਲਾਫ਼ ਹੈ। ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੁਰੇਵਾਲ ਦਾ ਕੈਲੰਡਰ ਅ-ਪੰਥਕ ਹੀ ਹੈ।

●

ਅੰਤਿਕਾ 2

ਸਿਖ ਲੀਡਰਸ਼ਿਪ ਦਾ ਲੇਖਾ-ਜੋਖਾ

ਸਿੱਖ ਤਵਾਰੀਖ਼ ਨੂੰ ਮੁਕੰਮਲ ਕਰਨ ਵਾਸਤੇ ਸਿੱਖ ਕੌਮ ਦੇ 'ਰਾਹਬਰਾਂ', ਆਗੂਆਂ ਤੇ ਵਰਕਰਾਂ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰਨਾ ਜ਼ਰੂਰੀ ਹੈ।

ਬੰਦਾ ਸਿੰਘ ਬਹਾਦਰ, ਗੁਰੂ ਸਾਹਿਬ ਤੋਂ ਮਗਰੋਂ, ਸਿੱਖ ਕੌਮ ਦਾ ਪਹਿਲਾ ਆਗੂ ਸੀ। ਬੰਦਾ ਸਿੰਘ ਬਹਾਦਰ ਨੇ ਕੌਮ ਨੂੰ ਕਮਾਲ ਦੀ ਅਗਵਾਈ ਦਿੱਤੀ ਤੇ ਸਿੱਖ ਹੋਮਲੈਂਡ ਦੀ ਸੱਤ ਸੌ ਸਾਲ ਦੀ ਗ਼ੁਲਾਮੀ ਨੂੰ ਇੱਕ ਵਾਰ ਤਾਂ ਖ਼ਤਮ ਕਰ ਦਿਤਾ। ਵਿਦੇਸ਼ੀ ਹਕੂਮਤ, ਮੁਗ਼ਲ ਸਲਤਨਤ, ਮੁਸਲਮਾਨੀ ਰਾਜ ਦੇ ਖ਼ਾਤਮੇ ਦੀ ਸ਼ੁਰੂਆਤ ਦਾ ਸਿਹਰਾ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਦੇ ਸਿਰ ਹੈ। ਗੁਰਦਾਸ ਨੰਗਲ ਦੀ ਗੜ੍ਹੀ ਵਿਚ ਰੁਕ ਜਾਣ ਅਤੇ ਪਨਾਹ ਲੈਣਾ ਉਸ ਦੀ ਫ਼ੌਜੀ ਗ਼ਲਤੀ ਸੀ ਵਰਨਾ ਉਸ ਨੇ ਸਿਆਸੀ, ਧਾਰਮਿਕ, ਸਮਾਜਿਕ ਤੇ ਮਾਲੀ ਪੱਖੋਂ ਇਕ ਵੀ ਗ਼ਲਤੀ ਨਹੀਂ ਕੀਤੀ। ਹੋਰ ਤਾਂ ਹੋਰ ਮੁਗ਼ਲਾਂ ਵੱਲੋਂ ਕਈ ਸਿੱਖਾਂ ਨੂੰ ਉਸ ਦੇ ਖ਼ਿਲਾਫ਼ ਵਰਤੇ ਜਾਣ ਦੇ ਬਾਵਜੂਦ ਉਸ ਨੇ ਕਮਾਲ ਦੀ ਅਗਵਾਈ ਦਿੱਤੀ ਸੀ।

ਉਸ ਮਗਰੋਂ ਦਰਬਾਰਾ ਸਿੰਘ (ਪੁੱਤਰ ਨਾਨੂੰ ਸਿੰਘ ਦਿਲਵਾਲੀ) ਨੇ ਸਿੱਖ ਫ਼ੌਜ ਦੀ ਅਗਵਾਈ ਸੰਭਾਲੀ। ਇਸ ਵੇਲੇ ਧਾਰਮਿਕ ਆਗੂ ਭਾਈ ਮਨੀ ਸਿੰਘ ਵੀ ਮੌਜੂਦ ਸਨ। ਦਰਬਾਰਾ ਸਿੰਘ ਨੇ ਬੜੇ ਔਖੇ ਵੇਲਿਆਂ (1716 ਤੋਂ 1733 ਤਕ) ਦੌਰਾਨ ਕੌਮ ਨੂੰ ਕਾਬਲੇ-ਤਾਰੀਫ਼ ਅਗਵਾਈ ਦਿਤੀ। ਭਾਈ ਮਨੀ ਸਿੰਘ ਨੇ 1698 ਤੋਂ 1733 ਤਕ (35 ਸਾਲ) ਗੁਰੂ ਦਾ ਚੱਕ (ਅੰਮ੍ਰਿਤਸਰ) ਵਿਚ ਰਹਿ ਕੇ ਕੌਮ ਨੂੰ ਜੋ ਧਾਰਮਿਕ ਅਗਵਾਈ ਦਿੱਤੀ ਉਹ ਬੇਮਿਸਾਲ ਹੈ। ਸੱਤਵੇਂ ਤੋਂ ਦੱਸਵੇਂ ਗੁਰੂ ਤੱਕ ਦੇ ਕਦਮਾਂ ਵਿਚ ਰਹਿ ਕੇ ਸਿੱਖਾਂ ਦੀ ਸਿੱਖਿਆ ਲੈਣ ਵਾਲੇ ਭਾਈ ਮਨੀ ਸਿੰਘ ਦੇ ਪਰਵਾਰ ਦੇ (ਦਾਦੇ ਭਾਈ ਬੱਲੂ ਤੋਂ ਲੈ ਕੇ) 51 ਤੋਂ ਵਧ ਜਣੇ ਸ਼ਹੀਦ ਹੋਏ। ਦੁਨੀਆਂ ਭਰ ਦੀ ਤਵਾਰੀਖ ਵਿਚ ਇਹ ਰਿਕਾਰਡ ਹੈ।

1734 ਵਿਚ (ਨਵਾਬ) ਕਪੂਰ ਸਿੰਘ ਖਾਲਸਾ ਫ਼ੌਜਾਂ ਦੇ ਮੁਖੀ ਬਣੇ। ਉਹ ਇਕ ਸਾਲ ਪਹਿਲਾਂ (ਕੁਝ ਮਹੀਨੇ ਵਾਸਤੇ) 'ਨਵਾਬ' ਰਹਿ ਚੁਕੇ ਸਨ। ਉਦੋਂ ਬਾਬਾ ਦਰਬਾਰਾ ਸਿੰਘ ਜਿਊਂਦੇ ਸਨ। 24 ਜੂਨ 1734 ਨੂੰ ਭਾਈ ਮਨੀ ਸਿੰਘ ਸ਼ਹੀਦ ਹੋ ਗਏ। ਇਸ ਮਗਰੋਂ ਕੌਮ ਦੀ ਧਾਰਮਿਕ ਤੇ ਫ਼ੌਜੀ ਅਗਵਾਈ ਦੋਵੇਂ ਨਵਾਬ ਕਪੂਰ ਸਿੰਘ ਨੂੰ ਕਰਨੀਆਂ ਪਈਆਂ। ਅਗਲੇ 19 ਸਾਲ (1753 ਤਕ) ਉਨ੍ਹਾਂ ਨੇ ਛੋਟਾ ਘੱਲੂਘਾਰਾ, ਸਿੱਖਾਂ ਦਾ ਕਤਲੇਆਮ ਕਰਦੀ ਗਸ਼ਤੀ ਫ਼ੌਜ, ਨਾਦਰਸ਼ਾਹ ਦਾ ਹਮਲਾ, ਅਹਿਮਦਸ਼ਾਹ ਦੁਰਾਨੀ ਦੇ ਤਿੰਨ ਹਮਲੇ, ਜ਼ਕਰੀਆ ਖ਼ਾਨ ਤੇ ਮੀਰ ਮੰਨੂ ਦੇ ਜ਼ੁਲਮ ਦੇ ਦੌਰ ਵਿਚ ਕੌਮ ਨੂੰ ਆਲੀਸ਼ਾਨ ਅਗਵਾਈ ਦਿਤੀ। 1748 ਤੋਂ ਆਪ ਦਾ ਸਾਥ ਦੇਣ ਵਾਸਤੇ ਨੰਦ ਸਿੰਘ

ਸਾਂਙਣਾ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਚੜ੍ਹਤ ਸਿੰਘ ਸ਼ੁਕਰਚੱਕੀਆ, ਹਰੀ ਸਿੰਘ ਭੰਗੀ, ਕਰੋੜਾ ਸਿੰਘ, ਦੀਪ ਸਿੰਘ ਪਹੁਵਿੰਡ, ਹਰੀ ਸਿੰਘ ਡੱਲੇਵਾਲੀਆ ਅਤੇ ਹੋਰ ਵੀ ਕਈ ਮੋਢੇ ਨਾਲ ਮੋਢਾ ਜੋੜ ਕੇ ਲੜੇ।

1753 ਵਿਚ ਕੌਮ ਦੀ ਅਗਵਾਈ ਜੱਸਾ ਸਿੰਘ ਆਹਲੂਵਾਲੀਆ ਨੂੰ ਸੌਂਪੀ ਗਈ। ਉਸ ਦੀ ਅਗਵਾਈ ਵਿਚ ਕੌਮ ਨੇ ਵੱਡਾ ਘੱਲੂਘਾਰਾ (ਫਰਵਰੀ 1762) ਹੰਢਾਇਆ। ਉਸ ਦੀ ਅਗਵਾਈ ਵਿਚ ਸਿੱਖਾਂ ਨੇ ਅਹਿਮਦ ਸ਼ਾਹ ਨੂੰ ਕਈ ਹਾਰਾਂ ਦਿਤੀਆਂ। ਉਸ ਦੀ ਕਮਾਂਡ ਹੇਠ ਸਿੱਖਾਂ ਨੇ ਸਰਹਿੰਦ, ਜਲੰਧਰ, ਲਾਹੌਰ ਅਤੇ ਹੋਰ ਬਹੁਤ ਸਾਰੇ ਸੂਬੇ ਤੇ ਪਰਗਨੇ ਜਿੱਤੇ। 1783 ਵਿਚ ਜੱਸਾ ਸਿੰਘ ਅਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ ਤੇ ਬਘੇਲ ਸਿੰਘ ਦੀ ਅਗਵਾਈ ਵਿਚ 30 ਹਜ਼ਾਰ ਸਿੱਖ ਫ਼ੌਜ ਨੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਨੀਲਾ ਨਿਸ਼ਾਨ ਸਾਹਿਬ ਲਹਿਰਾਇਆ। ਜੱਸਾ ਸਿੰਘ ਨੇ 2200 ਹਿੰਦੂ ਕੁੜੀਆਂ ਨੂੰ ਦੁਰਾਨੀ ਤੋਂ ਆਜ਼ਾਦ ਕਰਵਾ ਕੇ ਬੰਦੀ-ਛੋੜ ਅਖਵਾਇਆ। ਉਸ ਨੇ ਕੌਮ ਨੂੰ ਮਹਾਨ ਅਗਵਾਈ ਦਿਤੀ ਤੇ ਖਾਲਸਾ ਜੀ ਦੇ ਬੋਲਬਾਲੇ ਕਾਇਮ ਕੀਤੇ।

ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਤੋਂ ਮਗਰੋਂ ਕੌਮ ਦਾ ਇਕ ਆਗੂ ਨਾ ਰਿਹਾ ਤੇ ਕੌਮ ਆਪਸੀ ਖਾਨਾ-ਜੰਗੀ ਵੱਲ ਟੁਰ ਪਈ। ਇਸ ਦੌਰਾਨ ਗੁਜਰਾਂਵਾਲਾ ਦਾ ਰਣਜੀਤ ਸਿੰਘ ਸ਼ੁਕਰਚੱਕੀਆ ਅੱਗੇ ਆਇਆ ਅਤੇ 1799 ਵਿਚ ਲੋਕਾਂ ਨੇ ਉਸ ਨੂੰ ਲਾਹੌਰ ਦਾ ਹਾਕਮ ਬਣਨ ਵਾਸਤੇ ਸੱਦਾ ਭੇਜਿਆ। ਪਰ, ਮਗਰੋਂ, ਉਹ ਵੀ ਹਾਕਮ ਬਣਨ ਦੀ ਸੋਚ ਲੈ ਕੇ ਸਿੱਖ ਮਿਸਲਾਂ ਦੇ ਇਲਾਕੇ ਖੋਹਣ ਲੱਗ ਪਿਆ। ਉਸ ਨੇ ਇੱਕ ਵੱਡਾ ਰਾਜ ਕਾਇਮ ਕੀਤਾ। ਉਸ ਦੀ ਮਦਦ ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ, ਨਿਧਾਨ ਸਿੰਘ, ਪੰਜਹੱਥਾ, ਹੁਕਮਾ ਸਿੰਘ ਚਿਮਨੀ, ਛਾਛੀ ਭਰਾਵਾਂ, ਫਤਹਿ ਸਿੰਘ ਆਹਲੂਵਾਲੀਆ ਵਗ਼ੈਰਾ ਨੇ ਕੀਤੀ। ਪਰ ਉਸ ਨੇ ਵੱਡਾ ਮੁਲਕ ਮੱਲ ਕੇ ਬਹੁਤ ਸਾਰੀਆਂ ਬਜਰ ਗ਼ਲਤੀਆਂ ਕੀਤੀਆਂ: (1) ਉਸ ਨੇ ਸ਼ਰਾਬ ਤੇ ਹੋਰ ਨਸ਼ਿਆਂ ਨੂੰ ਆਪਣਾ ਨਿਤ ਦਾ ਨੇਮ ਬਣਾ ਲਿਆ (2) ਉਸ ਦੀ 'ਨਾਲੇ ਦੀ ਕਮਜ਼ੋਰੀ' ਕਾਰਨ ਉਸ ਦੀਆਂ ਤਿੰਨ ਦਰਜਨ ਬੀਵੀਆਂ (ਸਣੇ ਦੋ ਮੁਸਲਮਾਨ ਨਾਚੀਆਂ ਦੇ) ਤੇ ਪੱਕੀਆਂ ਰਖੈਲਾਂ ਸਨ (3) ਉਸ ਨੇ ਸਾਰੀ ਤਾਕਤ ਜੰਮੂ ਦੇ ਡੋਗਰਿਆਂ (ਧਿਆਨ ਚੰਦ/ਸਿੰਘ, ਗੁਲਾਬ ਚੰਦ/ਸਿੰਘ, ਸੁਚੇਤ ਰਾਮ/ਸਿੰਘ, ਹੀਰਾ ਸਿੰਘ) ਅਤੇ ਹਿੰਦੁਸਤਾਨ ਦੇ ਬ੍ਰਾਹਮਣਾਂ (ਲਾਲ ਚੰਦ/ਸਿੰਘ, ਤੇਜ ਰਾਮ/ਤੇਜਾ ਸਿੰਘ, ਅਜੁੱਧਿਆ ਪ੍ਰਸਾਦ) ਤੇ ਹੋਰਾਂ ਦੇ ਹਵਾਲੇ ਕਰ ਦਿੱਤੀ ਸੀ, ਜਿਨ੍ਹਾਂ ਨੇ, ਮਗਰੋਂ, ਇੱਕ-ਇੱਕ ਕਰ ਕੇ ਉਸ ਦੇ ਬਹੁਤ ਸਾਰੇ ਵਾਰਿਸ ਖ਼ਤਮ ਕਰ ਦਿੱਤੇ (4) ਉਹ ਅੰਗਰੇਜ਼ਾਂ ਤੋਂ ਬੇਵਜਹ ਡਰ ਗਿਆ ਵਰਨਾ ਸਿੱਖ ਫ਼ੌਜਾਂ ਅੰਗਰੇਜ਼ਾਂ ਨੂੰ ਯਕੀਨਨ ਹਰਾ ਸਕਦੀਆਂ ਸਨ (ਇਹ ਗੱਲ ਮੁਦਕੀ, ਫ਼ਿਰੋਜ਼ਸ਼ਾਹ, ਸਭਰਾਓਂ ਤੇ ਚੇਲਿਆਂਵਾਲਾ ਦੀਆਂ ਲੜਾਈਆਂ ਨੇ ਸਾਬਿਤ ਵੀ ਕਰ ਦਿਤੀ ਸੀ)। (5) ਉਸ ਨੇ ਦਰਜਨਾਂ ਵਿਦੇਸ਼ੀ 'ਜਰਨੈਲ' ਭਰਤੀ ਕਰ ਲਏ ਜਿਨ੍ਹਾਂ ਦੀ ਦੇਣ ਕੋਈ ਨਹੀਂ ਸੀ। ਉਹ ਪੈਸੇ ਵੀ ਚੰਗੇ ਲੈਂਦੇ ਸਨ ਤੇ ਕੁਝ ਤਾਂ ਅੰਗਰੇਜ਼ਾਂ ਨੂੰ ਸੂਹਾਂ ਵੀ ਭੇਜਦੇ ਰਹਿੰਦੇ ਸਨ (6) ਉਸ ਨੇ ਜਾਗੀਰਦਾਰੀ ਮੁੜ ਕਾਇਮ ਕਰ ਕੇ ਹਾਕਮਾਂ ਦੀ ਇਕ ਚਾਪਲੂਸ ਜਮਾਤ ਪੈਦਾ ਕੀਤੀ ਜਿਸ ਨੇ ਯਕੀਨਨ ਮਗਰੋਂ ਅੰਗਰੇਜ਼ਾਂ ਦਾ ਵਫ਼ਾਦਾਰ ਬਣਨਾ ਹੀ ਸੀ।

ਰਣਜੀਤ ਸਿੰਘ ਦਾ ਕੋਈ ਵੀ ਵਾਰਸ ਉਸ ਦੀ ਹਕੂਮਤ, ਪੰਜਾਬੀਆਂ ਜਾਂ ਸਿੱਖਾਂ ਦਾ ਆਗੂ ਬਣਨ ਦੇ ਕਾਬਿਲ ਨਹੀਂ ਸੀ। ਭਾਈ ਮਹਾਰਾਜ ਸਿੰਘ ਨੂੰ ਸਿੱਖਾਂ ਨੇ ਕਬੂਲ ਜ਼ਰੂਰ ਕੀਤਾ ਪਰ ਉਸ

ਦੀ ਬੇਵਕਤ ਗ੍ਰਿਫ਼ਤਾਰੀ ਕਾਰਨ ਉਸ ਦੀ ਬਗ਼ਾਵਤ/ਇਨਕਲਾਬ ਜਨਮ ਤੋਂ ਪਹਿਲਾਂ ਹੀ ਖ਼ਤਮ ਹੋ ਗਿਆ। ਰਾਣੀ ਜਿੰਦਾਂ ਨੇ ਬੇਸ਼ੱਕ 1848-56 ਤਕ ਕੁਝ ਚਿਰ ਹੱਥ ਪੈਰ ਮਾਰੇ ਸਨ ਪਰ ਉਸ ਦਾ ਕਿਸੇ ਨੇ ਸਾਥ ਨਾ ਦਿਤਾ। ਉਂਞ ਉਹ ਬਹੁਤੀ ਸਿਆਣੀ ਨਹੀਂ ਸੀ ਕਿਉਂ ਕਿ ਗੁਲਾਬ ਸਿੰਘ ਡੋਗਰਾ, ਬ੍ਰਾਹਮਣ ਲਾਲ ਸਿੰਘ ਤੇ ਬ੍ਰਾਹਮਣ ਤੇਜਾ ਸਿੰਘ ਵਰਗੇ ਗ਼ੱਦਾਰਾਂ ਨੂੰ ਸਭ ਤੋਂ ਵਧ ਵਫ਼ਾਦਾਰ ਮੰਨ ਕੇ ਉਸ ਨੇ ਹੀ ਤਾਕਤ ਦਿੱਤੀ ਸੀ।

ਕੁਝ ਲੇਖਕਾਂ ਵਲੋਂ ਅਕਾਲੀ ਫੂਲਾ ਸਿੰਘ ਨੂੰ ਇਕ ਵੱਡੇ ਲੀਡਰ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਪਰ ਰਣਜੀਤ ਸਿੰਘ ਦੇ ਦਰਬਾਰ ਦੇ ਰਿਕਾਰਡ ਜਾਂ ਅੰਗਰੇਜ਼ੀ ਸੋਮਿਆਂ ਵਿਚ ਉਹ ਨਾ ਤਾਂ ਅਕਾਲ ਤਖ਼ਤ ਸਾਹਿਬ ਦਾ ਸਰਬਰਾਹ ਨਜ਼ਰ ਆਉਂਦਾ ਹੈ ਤੇ ਨਾ ਧਾਰਮਿਕ ਆਗੂ। ਉਹ ਨਿਹੰਗਾਂ (ਸ਼ਹੀਦੀ ਮਿਸਲ) ਦਾ ਇਕ ਆਗੂ ਸੀ ਜੋ ਅੰਗਰੇਜ਼ਾਂ ਨੂੰ ਪਸੰਦ ਨਹੀਂ ਸੀ ਕਰਦਾ। ਅੰਮ੍ਰਿਤਸਰ ਵਿਚ ਮੈਟਕਾਫ਼ ਨਾਲ ਟੱਕਰ ਤੋਂ ਉਸ ਦਾ ਇਹ ਗੁੱਸਾ ਜ਼ਾਹਿਰ ਹੋ ਜਾਂਦਾ ਹੈ। ਫੂਲਾ ਸਿੰਘ ਨੇ ਰਣਜੀਤ ਸਿੰਘ ਦੀਆਂ ਬੜੀਆਂ ਮੁਹਿੰਮਾਂ ਵਿਚ ਹਿੱਸਾ ਲਿਆ ਅਤੇ ਮੁਲਤਾਨ, ਕਸ਼ਮੀਰ, ਕਸੂਰ, ਪਿਸ਼ਾਵਰ ਦੀਆਂ ਲੜਾਈਆਂ ਵਿਚ ਅਹਿਮ ਰੋਲ ਅਦਾ ਕੀਤਾ ਤੇ ਅਖ਼ੀਰ 1823 ਵਿਚ ਨੌਸ਼ਹਿਰੇ ਦੀ ਲੜਾਈ ਵਿਚ ਸ਼ਹੀਦ ਹੋਇਆ। ਅਕਾਲੀ ਫੂਲਾ ਸਿੰਘ ਵੱਲੋਂ ਰਣਜੀਤ ਸਿੰਘ ਨੂੰ ਮੋਰਾਂ ਬਾਰੇ 'ਸਜ਼ਾ' ਲਾਉਣ ਦਾ ਜ਼ਿਕਰ ਆਮ ਕੀਤਾ ਜਾਂਦਾ ਹੈ। ਪਰ ਇਹ ਵੀ ਸਾਫ਼ ਸਪਸ਼ਟ ਹੈ ਕਿ ਰਣਜੀਤ ਸਿੰਘ ਨੇ ਇਸ 'ਸਜ਼ਾ' ਤੋਂ ਮਗਰੋਂ ਵੀ ਮੋਰਾਂ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ ਅਤੇ ਆਪਣੇ ਹਰਮ ਵਿਚ ਸਭ ਤੋਂ ਵਧੀਆ ਦਰਜਾ ਦਿਤਾ। ਅਕਾਲੀ ਫੂਲਾ ਸਿੰਘ ਰਣਜੀਤ ਸਿੰਘ ਦੇ ਦਰਬਾਰ ਵਿਚ ਡੋਗਰਿਆਂ ਦੇ ਪਸਾਰੇ ਤੋਂ ਨਾਰਾਜ਼ ਹੋ ਕੇ ਅਨੰਦਪੁਰ ਚਲਾ ਗਿਆ ਸੀ ਤੇ ਰਣਜੀਤ ਸਿੰਘ ਵੱਲੋਂ ਸੁਧਰ ਜਾਣ ਦੇ ਵਾਅਦੇ ਮਗਰੋਂ ਵਾਪਿਸ ਆਇਆ ਸੀ। ਪਰ ਰਣਜੀਤ ਸਿੰਘ ਨੇ ਨਾ ਮੋਰਾਂ ਛੱਡੀ ਤੇ ਨਾ ਡੋਗਰੇ। ਅਕਾਲੀ ਫੂਲਾ ਸਿੰਘ ਨੇ ਵੀ ਮੁੜ ਕੇ ਕੋਈ ਐਕਸ਼ਨ ਨਹੀਂ ਲਿਆ ਅਤੇ ਰੋਸ ਨਹੀਂ ਕੀਤਾ। ਅਕਾਲੀ ਫੂਲਾ ਸਿੰਘ ਨੂੰ 'ਖਾੜਕੂ' ਵਜੋਂ ਪੇਸ਼ ਕੀਤਾ ਜਾਂਦਾ ਹੈ ਪਰ ਉਸ ਦੀਆਂ ਕਾਰਵਾਈਆਂ ਵਿਚੋਂ ਇਹ ਗੱਲ ਸਾਬਿਤ ਨਹੀਂ ਹੁੰਦੀ। ਰਣਜੀਤ ਸਿੰਘ ਦੇ ਕਿਸੇ ਇਲਾਕੇ ਦੇ ਨਾਜ਼ਮ ਜਾਂ ਸੂਬੇਦਾਰ ਵਜੋਂ ਉਸ ਦਾ ਕੋਈ ਰੋਲ ਨਹੀਂ ਸੀ। ਉਹ ਆਪਣੀ 'ਅਕਾਲੀ ਫ਼ੌਜ' ਦਾ ਮੁਖੀ ਜ਼ਰੂਰ ਸੀ।

ਅਕਾਲੀ ਫੂਲਾ ਸਿੰਘ, ਰਣਜੀਤ ਸਿੰਘ, ਰਾਣੀ ਜਿੰਦਾਂ, ਭਾਈ ਮਹਾਰਾਜ ਸਿੰਘ, ਅਟਾਰੀ ਵਾਲਿਆਂ (ਚਤਰ ਸਿੰਘ, ਸ਼ੇਰ ਸਿੰਘ) ਤੋਂ ਮਗਰੋਂ ਸਿੰਘ ਸਭਾ ਲੀਡਰਸ਼ਿਪ ਵਿਚੋਂ ਠਾਕਰ ਸਿੰਘ ਸੰਧਾਵਾਲੀਆ ਨੇ ਕੁਝ ਸਿਆਸੀ ਰੋਲ ਅਦਾ ਕੀਤਾ ਸੀ। ਪਰ, ਗਿ: ਦਿਤ ਸਿੰਘ, ਪ੍ਰੋ: ਗੁਰਮੁਖ ਸਿੰਘ, ਜਵਾਹਰ ਸਿੰਘ ਕਪੂਰ, ਕੰਵਰ ਬਿਕਰਮ ਸਿੰਘ, ਕਾਹਨ ਸਿੰਘ ਨਾਭਾ, ਸਾਰੇ ਹੀ, ਸਰਕਾਰ ਦੇ ਵਫ਼ਾਦਾਰ ਸਨ। ਇਨ੍ਹਾਂ ਦੇ ਵਿਰੋਧੀ 'ਅੰਮ੍ਰਿਤਸਰੀ' ਧੜੇ ਦੇ ਆਗੂ ਖੇਮ ਸਿੰਘ ਬੇਦੀ, ਰਾਜਾ ਬਿਕਰਮ ਸਿੰਘ, ਅਵਤਾਰ ਸਿੰਘ ਵਹੀਰੀਆ ਵੀ ਅੰਗਰੇਜ਼ੀ ਸਰਕਾਰ ਦੇ ਵਫ਼ਾਦਾਰ ਸਨ। ਗਿ. ਦਿੱਤ ਸਿੰਘ, ਪ੍ਰੋ. ਗੁਰਮੁੱਖ ਸਿੰਘ (ਲਾਹੌਰ ਖਾਲਸਾ ਦੀਵਾਨ) ਭਾਵੇਂ ਸਰਕਾਰ ਦੇ ਵਫ਼ਾਦਾਰ ਸਨ ਪਰ ਫ਼ਲਸਫ਼ੇ ਪੱਖੋਂ ਉਹ ਬੜੇ ਸਪਸ਼ਟ ਤੇ ਦਲੇਰ ਸਨ। ਉਨ੍ਹਾਂ ਨੇ ਸਿੱਖੀ ਦਾ ਨਿਆਰਾਪਣ ਕਾਇਮ ਰੱਖਣ ਵਾਸਤੇ ਜ਼ਬਰਦਸਤ ਅਗਵਾਈ ਕੀਤੀ ਤੇ ਸਿੱਖੀ ਨੂੰ ਬ੍ਰਾਹਮਣੀ-ਧਾਰਾ ਵਿਚ ਡਿੱਗਣ ਤੋਂ ਬਚਾਇਆ।

ਜੱਸਾ ਸਿੰਘ ਆਹਲੂਵਾਲੀਆ (ਮੌਤ 10 ਅਕਤੂਬਰ 1783) ਤੋਂ ਮਗਰੋਂ ਪੂਰੇ ਇਕ ਸੌ ਸਾਲ

ਤਕ ਪੰਥ ਨੂੰ ਸਹੀ ਆਗੂ ਨਹੀਂ ਮਿਲਿਆ। ਰਣਜੀਤ ਸਿੰਘ ਰਾਜਾ ਸੀ, ਫੂਲਾ ਸਿੰਘ, ਹਰੀ ਸਿੰਘ ਨਲਵਾ ਤੇ ਸ਼ਾਮ ਸਿੰਘ ਅਟਾਰੀ ਜਰਨੈਲ ਸਨ। ਭਾਈ ਮਹਾਰਾਜ ਸਿੰਘ ਕੌਮੀ ਲੋਕ-ਆਗੂ ਸੀ ਪਰ ਉਸ ਦਾ ਸਮਾਂ ਬੜਾ ਮੁਖ਼ਤਸਰ ਸੀ। ਸੰਨ 1883 ਵਿਚ ਸਿੰਘ ਸਭਾ ਦੀ ਕਾਇਮੀ ਨਾਲ ਕੌਮ ਨੂੰ ਕਮਾਲ ਦੀ ਲੀਡਰਸ਼ਿਪ ਮਿਲੀ। ਕਾਹਨ ਸਿੰਘ ਨਾਭਾ ਤੇ ਗਿਆਨੀ ਦਿੱਤ ਸਿੰਘ ਦੀ ਕਲਮ, ਗੁਰਮੁਖ ਸਿੰਘ, ਜੈ ਸਿੰਘ ਤੇ ਜਵਾਹਰ ਸਿੰਘ ਵਰਗੇ ਪਹਿਲੇ ਦਰਜੇ ਦੇ ਪਰਚਾਰਕ ਤੇ ਬਾਕੀ ਲੀਡਰਸ਼ਿਪ ਸੂਝ, ਸਪਸ਼ਟਤਾ, ਦਲੇਰੀ, ਨਿਸ਼ਾਨੇ ਨਾਲ ਜਜ਼ਬਾਤੀ ਸਾਂਝ ਅਤੇ ਸੰਜੀਦਗੀ ਪੱਖੋਂ ਕਾਬਲੇ ਤਾਰੀਫ਼ ਸੀ। ਸਿੱਖ ਕੌਮ ਦਾ ਵਜੂਦ ਤੇ ਇਸ ਦਾ ਨਿਆਰਾਪਣ ਬਚਾਉਣ ਵਿਚ ਇਸ ਲੀਡਰਸ਼ਿਪ ਨੇ ਮਾਅਰਕੇ ਦਾ ਰੋਲ ਅਦਾ ਕੀਤਾ। ਇਸ ਵਿਚ ਕਮਾਲ ਦੀ ਗੱਲ ਇਹ ਹੈ ਕਿ ਈਸਾਈ ਮਿਸ਼ਨਰੀ, ਆਰੀਆ ਸਮਾਜੀ ਅਤੇ ਹਿੰਦੂ-ਨੁਮਾ ਸਿੱਖਾਂ (ਖੇਮ ਸਿੰਘ ਬੇਦੀ ਧੜਾ ਵਗ਼ੈਰਾ) ਦੇ ਵੱਡੇ ਹਮਲਿਆਂ ਦੇ ਬਾਵਜੂਦ ਇਨ੍ਹਾਂ ਨੇ ਬੇਮਿਸਾਲ ਕਾਮਯਾਬੀ ਹਾਸਿਲ ਕੀਤੀ।

ਸਿੰਘ ਸਭਾ ਲਹਿਰ ਦੇ ਆਗੂਆਂ ਨੇ ਅਖ਼ਬਾਰਾਂ ਤੇ ਰਸਾਲੇ, ਧਾਰਮਿਕ ਕਿਤਾਬਾਂ ਤੇ ਟ੍ਰੈਕਟ, ਸਕੂਲਾਂ ਤੇ ਕਾਲਜਾਂ ਦਾ ਐਸਾ ਹੜ੍ਹ ਲਿਆਂਦਾ ਕਿ ਇਸ ਨਾਲ ਪ੍ਰੈੱਸ ਨੂੰ ਬਹੁਤ ਸਾਰੇ ਅਖ਼ਬਾਰ-ਨਵੀਸ, ਉਸਤਾਦ ਤੇ ਪ੍ਰੋਫ਼ੈਸਰ, ਲੇਖਕ, ਪ੍ਰਚਾਰਕ ਅਤੇ ਵਿਦਵਾਨ ਮਿਲੇ ਜਿਨ੍ਹਾਂ ਨੇ ਕੌਮ ਦੀ ਅਗਵਾਈ ਸੰਭਾਲ ਲਈ। ਚੀਫ਼ ਖਾਲਸਾ ਦੀਵਾਨ ਨੇ ਵੀ ਵਿਦਿਆ ਅਤੇ ਲੋਕ ਭਲਾਈ ਦੇ ਖੇਤਰ ਵਿਚ ਚੰਗਾ ਰੋਲ ਅਦਾ ਕੀਤਾ। ਭਾਈ ਤਖ਼ਤ ਸਿੰਘ (ਫ਼ਿਰੋਜ਼ਪੁਰ), ਤੇਜਾ ਸਿੰਘ (ਭਸੌੜ), ਨਿਹਾਲ ਸਿੰਘ (ਕੈਰੋਂ) ਨੇ ਵਿਦਿਆ ਦੇ ਖੇਤਰ ਵਿਚ ਵਧੀਆ ਹਿੱਸਾ ਪਾਇਆ। ਸੁੰਦਰ ਸਿੰਘ ਮਜੀਠਿਆ ਤੇ ਹਰਬੰਸ ਸਿੰਘ ਅਟਾਰੀ ਨੇ ਵਿੱਦਿਆ ਤੇ ਧਰਮ ਪ੍ਰਚਾਰ ਵਿਚ ਸੰਜੀਦਾ ਰੋਲ ਅਦਾ ਕੀਤਾ।

1914-18 ਤਕ ਪਰਦੇਸਾਂ ਵਿਚੋਂ ਆ ਕੇ ਹਜ਼ਾਰਾਂ ਗ਼ਦਰੀ ਆਗੂਆਂ ਤੇ ਵਰਕਰਾਂ ਨੇ ਮੁਲਕ ਨੂੰ ਆਜ਼ਾਦ ਕਰਵਾਉਣ ਵਾਸਤੇ ਬੜੀਆਂ ਕੁਰਬਾਨੀਆਂ ਕੀਤੀਆਂ। ਭਾਵੇਂ ਉਹ ਆਪਣੀਆਂ ਗ਼ਲਤੀਆਂ ਕਾਰਨ ਕੁਝ ਵੀ ਹਾਸਿਲ ਨਾ ਕਰ ਸਕੇ, ਪਰ ਮਗਰੋਂ ਉਨ੍ਹਾਂ ਵਿਚੋਂ ਕਈ ਕਾਰਕੁੰਨ ਬੱਬਰ ਲਹਿਰ, ਅਕਾਲੀ ਲਹਿਰ ਅਤੇ ਆਜ਼ਾਦੀ ਦੀ ਜੱਦੋਜਹਿਦ ਦੀ ਪਹਿਲੀ ਕਤਾਰ ਵਿਚ ਸ਼ਾਮਿਲ ਹੋਏ। ਇਨ੍ਹਾਂ ਵਿਚ ਵਿਸਾਖਾ ਸਿੰਘ ਦਦੇਹਰ, ਸੋਹਣ ਸਿੰਘ ਭਕਨਾ, ਗੁਰਦਿੱਤ ਸਿੰਘ ਕਾਮਾਗਾਟਾਮਾਰੂ, ਡਾ: ਠਾਕਰ ਸਿੰਘ ਇਕੋਲਾਹਾ, ਜਵਾਲਾ ਸਿੰਘ ਠੱਠੀਆਂ, ਪਿਆਰਾ ਸਿੰਘ ਲੰਗੇਰੀ, ਭਾਗ ਸਿੰਘ ਕਨੇਡੀਅਨ ਅਤੇ ਹੋਰ ਕਈ ਪਹਿਲੀ ਕਤਾਰ ਵਿਚ ਸਨ।

1920 ਤੋਂ ਮਗਰੋਂ ਗੁਰਦੁਆਰਾ ਸੁਧਾਰ ਲਹਿਰ (ਅਕਾਲੀ ਲਹਿਰ) ਨੇ ਸਭ ਤੋਂ ਵਧ ਲੀਡਰਸ਼ਿਪ ਪੈਦਾ ਕੀਤੀ। ਗੁਰਦੁਆਰਾ ਸੁਧਾਰ ਲਹਿਰ ਦੇ ਤੇਜ਼ੀ ਨਾਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਦੇਵਾ ਸਿੰਘ ਰਈਸ, ਕਰਤਾਰ ਸਿੰਘ ਝੱਬਰ, ਤੇਜਾ ਸਿੰਘ ਭੁੱਚਰ, ਲਛਮਣ ਸਿੰਘ ਧਾਰੋਵਾਲੀ, ਤਾਰਾ ਸਿੰਘ ਠੇਠਰ, ਸੁੰਦਰ ਸਿੰਘ ਲਾਇਲਪੁਰੀ, ਹਰਚੰਦ ਸਿੰਘ ਲਾਇਲਪੁਰੀ, ਮਾਸਟਰ ਤਾਰਾ ਸਿੰਘ, ਦਾਨ ਸਿੰਘ ਵਛੋਆ, ਮਾਸਟਰ ਮੋਤਾ ਸਿੰਘ, ਅਮਰ ਸਿੰਘ ਝਬਾਲ, ਸਰਦੂਲ ਸਿੰਘ ਕਵੀਸ਼ਰ ਵਗ਼ੈਰਾ ਬਹੁਤ ਸਰਗਰਮ ਕਾਰਵਾਈਆਂ ਕਰ ਰਹੇ ਸਨ। ਇਸ ਤੋਂ ਮਗਰੋਂ ਊਧਮ ਸਿੰਘ ਨਾਗੋਕੇ, ਜਥੇਦਾਰ ਅੱਛਰ ਸਿੰਘ, ਗੋਪਾਲ ਸਿੰਘ ਕੌਮੀ, ਸ:ਬ: ਮਹਿਤਾਬ ਸਿੰਘ, ਗਿਆਨੀ ਸ਼ੇਰ ਸਿੰਘ, ਬਾਬਾ ਖੜਕ ਸਿੰਘ, ਅਮਰ ਸਿੰਘ ਸ਼ੇਰੇ ਪੰਜਾਬ, ਦਰਸ਼ਨ ਸਿੰਘ ਫੇਰੂਮਾਨ ਤੇ ਕੁਝ ਚਿਰ ਮਗਰੋਂ ਉੱਜਲ ਸਿੰਘ, ਗਿਆਨੀ ਕਰਤਾਰ ਸਿੰਘ ਤੇ ਹੁਕਮ ਸਿੰਘ ਇਸ ਲਹਿਰ ਦੇ ਮੁੱਖ ਆਗੂ ਬਣੇ।

ਜਦੋਂ ਏਡੀ ਵੱਡੀ ਕਤਾਰ ਆਗੂਆਂ ਦੀ ਹੋਵੇ ਤਾਂ ਯਕੀਨਨ ਸ਼ਖ਼ਸੀਅਤਾਂ ਦਾ ਟਕਰਾਅ ਹੋਣਾ ਹੀ ਸੀ ਕਿਉਂਕਿ ਇਨ੍ਹਾਂ ਨੇ ਗੁਰਮਤਿ ਦੀ ਜਾਣਕਾਰੀ ਦੇ ਨਾਲ-ਨਾਲ ਪੱਛਮੀ ਸਿੱਖਿਆ ਵੀ ਲਈ ਹੋਈ ਸੀ ਤੇ ਨਾਲ ਹੀ ਸਿੱਖ-ਵਿਰੋਧੀ ਏਜੰਸੀਆਂ ਵੀ ਇਨ੍ਹਾਂ ਦੇ ਸੋਚਣ 'ਤੇ ਅਸਰ ਪਾਉਂਦੀਆਂ ਰਹਿੰਦੀਆਂ ਸਨ। ਇਸ ਮਾਹੌਲ ਨੇ ਹਉਮੈ ਤੇ ਖ਼ੁਦਦਾਰੀ, ਸਾੜਾ ਤੇ ਈਰਖਾ, ਸਾਜ਼ਿਸ਼ ਤੇ ਧੜੇਬੰਦੀ, ਲਾਲਚ ਤੇ ਗੱਦੀ ਦਾ ਮੋਹ ਵਗ਼ੈਰਾ ਨੂੰ ਜਨਮ ਦਿਤਾ। 1925 ਤਕ ਇਨ੍ਹਾਂ ਆਗੂਆਂ ਵਿਚ ਇਹ ਅਲਾਮਤਾਂ ਨਹੀ ਸਨ ਪਰ ਜਦੋਂ ਗੁਰਦੁਆਰਾ ਸੁਧਾਰ ਲਹਿਰ ਦਾ ਇਕ ਪੜਾਅ ਖ਼ਤਮ ਹੋ ਗਿਆ ਤੇ ਗੁਰਦੁਆਰਾ ਐਕਟ ਬਣ ਗਿਆ ਤਾਂ ਲੀਡਰ (ਚੌਧਰੀ/ਹਾਕਮ) ਬਣਨ ਦੀ ਭੁੱਖ ਅਤੇ ਹਉਮੈ ਨੇ ਆਪਣਾ ਅਸਰ ਦਿਖਾਣਾ ਸ਼ੁਰੂ ਕਰ ਦਿੱਤਾ। ਇਹ ਤਕਰੀਬਨ ਉਹੋ ਜਿਹਾ ਹੀ ਮਾਹੌਲ ਸੀ, ਜਿਹੋ ਜਿਹਾ ਜੱਸਾ ਸਿੰਘ ਆਹਲੂਵਾਲੀਆ ਦੇ ਆਖ਼ਰੀ ਦਿਨਾਂ ਵਿਚ ਜਾਂ ਉਸ ਤੋਂ ਮਗਰੋਂ ਸਿੱਖ ਮਿਸਲਾਂ ਦੇ ਜਥੇਦਾਰਾਂ/ਆਗੂਆਂ ਦੀਆਂ ਕਾਰਵਾਈਆਂ ਵਿਚੋਂ ਨਜ਼ਰ ਆਉਂਦਾ ਹੈ।

ਅਕਾਲੀ ਆਗੂਆਂ ਵਿਚ ਪਹਿਲੀ ਫੁੱਟ ਗੁਰਦੁਆਰਾ ਐਕਟ ਬਣਨ ਮਗਰੋਂ 1926 ਵਿਚ 'ਮਾਮੂਲੀ ਜਿਹੀ ਸ਼ਰਤ' ਮੰਨ ਕੇ ਰਿਹਾਈਆਂ ਹਾਸਿਲ ਕਰਨ ਤੋਂ ਸ਼ੁਰੂ ਹੋਈ। ਸ.ਬ. ਮਹਿਤਾਬ ਸਿੰਘ ਤੇ ਗਿ. ਸ਼ੇਰ ਸਿੰਘ ਦੀ ਅਗਵਾਈ ਵਿਚ ਹੈਡਮਾਸਟਰ ਮਹਿਤਾਬ ਸਿੰਘ, ਗੋਪਾਲ ਸਿੰਘ ਸਾਗਰੀ, ਪਿਆਰਾ ਸਿੰਘ ਕਨੇਡੀਅਨ, ਦਾਨ ਸਿੰਘ ਵਛੋਆ, ਭਗਤ ਜਸਵੰਤ ਸਿੰਘ, ਕੈਪਟਨ ਰਾਮ ਸਿੰਘ ਨੇ ਰਿਹਾਈਆਂ ਹਾਸਿਲ ਕੀਤੀਆਂ। ਬਾਵਾ ਹਰਕਿਸ਼ਨ ਸਿੰਘ ਵੀ ਇਨ੍ਹਾਂ ਸ਼ਰਤਾਂ ਹੇਠ ਰਿਹਾਅ ਹੋ ਗਿਆ। ਮਾਸਟਰ ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ, ਗੋਪਾਲ ਸਿੰਘ ਕੌਮੀ, ਸਰਮੁਖ ਸਿੰਘ ਝਬਾਲ, ਤੇਜਾ ਸਿੰਘ ਅਕਰਪੁਰੀ, ਸੋਹਣ ਸਿੰਘ ਜੋਸ਼, ਹਰੀ ਸਿੰਘ ਜਲੰਧਰੀ ਸਣੇ 16 ਆਗੂਆਂ ਨੇ ਸ਼ਰਤਾਂ ਨਾਲ ਰਿਹਾਈ ਲੈਣ ਤੋਂ ਨਾਂਹ ਕਰ ਦਿਤੀ (ਇਹ ਹੋਰ 8 ਮਹੀਨੇ ਜੇਲ੍ਹ ਵਿਚ ਰਹੇ)।

ਰਿਹਾਈਆਂ ਹਾਸਿਲ ਕਰਨ ਵਾਲਿਆਂ ਨੂੰ ਦੂਜੇ ਧੜੇ ਦੇ ਵਰਕਰਾਂ ਤੇ ਆਗੂਆਂ ਨੇ 'ਮੁਆਫ਼ੀ ਮੰਗੂ' ਅਤੇ 'ਲਿੱਦ ਕਰ ਆਏ' ਦੇ ਖ਼ਿਤਾਬ ਦਿੱਤੇ। ਰਿਹਾਅ ਹੋਏ ਆਗੂਆਂ ਨੇ ਇਕ ਹੋਰ ਗ਼ਲਤੀ ਕਰ ਲਈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕਰ ਲਿਆ। ਇਸ ਨਾਲ ਦੂਜੇ ਧੜੇ ਦੇ ਆਗੂ ਹੋਰ ਵੀ ਭੜਕੇ। ਉਨ੍ਹਾਂ ਨੇ ਇਨ੍ਹਾਂ ਦੇ ਬਾਈਕਾਟ ਦਾ ਪ੍ਰਚਾਰ ਕੀਤਾ। ਨਤੀਜੇ ਵਜੋਂ ਬਹੁਤੇ ਸਿੱਖ ਇਨ੍ਹਾਂ ਦੇ ਖ਼ਿਲਾਫ਼ ਹੋ ਗਏ। ਸਿੱਖ ਅਖ਼ਬਾਰਾਂ ਨੇ ਵੀ ਸ਼ਰਤਾਂ ਮੰਨਣ ਵਾਲਿਆਂ ਦੀ ਬੜੀ ਬਦਨਾਮੀ ਕੀਤੀ। ਕਈ ਅਕਾਲੀ ਸ਼੍ਰੋਮਣੀ ਕਮੇਟੀ ਤੋਂ ਅਸਤੀਫ਼ਾ ਵੀ ਦੇ ਗਏ। ਭਾਵੇਂ ਕੁਝ ਸਿੱਖ ਵਿਦਵਾਨਾਂ ਨੇ ਦੋਹਾਂ ਧੜਿਆਂ ਵਿਚ ਇਕ ਰਸਮੀ ਸਮਝੌਤਾ ਕਰਵਾ ਵੀ ਦਿਤਾ ਪਰ ਇਸ ਦੇ ਬਾਵਜੂਦ ਦੋਹਾਂ ਗਰੁਪਾਂ ਦੇ ਆਗੂਆਂ ਦੇ ਦਿਲਾਂ ਵਿਚੋਂ ਕੈੜ ਨਾ ਗਈ। ਜਦੋਂ 1926 ਵਿਚ ਐਕਟ ਹੇਠ ਪਹਿਲੀਆਂ ਗੁਰਦੁਆਰਾ ਚੋਣਾਂ ਹੋਈਆਂ ਤਾਂ ਜੇਲ੍ਹਾਂ ਅੰਦਰ ਬੈਠੇ ਧੜੇ ਦੇ 85 ਤੇ ਸ਼ਰਤਾਂ ਮੰਨਣ ਵਾਲਿਆਂ ਦੇ ਸਿਰਫ਼ 15 ਉਮੀਦਵਾਰ ਕਾਮਯਾਬ ਹੋਏ। ਇਸ ਨਾਲ ਉਹ ਸਿੱਖ ਅਵਾਮ ਤੋਂ ਦੂਰ ਹੁੰਦੇ ਗਏ। ਸ:ਬ: ਮਹਿਤਾਬ ਸਿੰਘ ਤੇ ਗਿ: ਸ਼ੇਰ ਸਿੰਘ ਇਸ ਧੜੇ ਦੇ ਮੁਖੀ ਸਨ। ਉਨ੍ਹਾਂ ਨੇ ਬਾਬਾ ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਧੜੇ ਨਾਲ ਦਿਲੀ ਸਮਝੌਤਾ ਕਰਨ ਜਾਂ ਲੋਕ ਫ਼ਤਵੇ ਨੂੰ ਮੰਨ ਕੇ ਘਰ ਬੈਠਣ ਦੀ ਬਜਾਏ ਵਿਰੋਧਤਾ, ਟਕਰਾਅ ਅਤੇ ਕਬਾਇਲੀ ਰਸਤਾ ਅਖ਼ਤਿਆਰ ਕਰ ਲਿਆ।

ਸ:ਬ: ਮਹਿਤਾਬ ਸਿੰਘ ਤੇ ਗਿ: ਸ਼ੇਰ ਸਿੰਘ ਦੀ ਇਹ ਸਿਫ਼ਤ ਸੀ ਕਿ ਭਾਵੇਂ ਉਨ੍ਹਾਂ ਨੇ ਆਪਣਾ ਧੜਾ ਵੱਖਰਾ ਕਾਇਮ ਰੱਖਿਆ ਪਰ ਉਹ ਦੋਵੇਂ ਕਦੇ ਵੀ ਪੰਥਕ ਨਿਸ਼ਾਨੇ ਦੇ ਉਲਟ ਨਹੀਂ

ਚੱਲੇ। ਜਦੋਂ ਸਿੱਖਾਂ ਨੇ ਨਹਿਰੂ ਰਿਪੋਰਟ ਦੀ ਮੁਖ਼ਾਲਫ਼ਤ ਕੀਤੀ ਤਾਂ ਕਲਕੱਤਾ ਕਨਵੈਨਸ਼ਨ ਵਿਚ ਇਹ ਸ:ਬ: ਮਹਿਤਾਬ ਸਿੰਘ ਹੀ ਸੀ ਜਿਸ ਨੇ ਕਿਹਾ ਸੀ ਕਿ 'ਜੇ ਸਿੱਖਾਂ ਦੀ ਗੱਲ ਨਾ ਸੁਣੋਗੇ ਤਾਂ ਭਾਰਤ ਦੀਆਂ ਵੰਡੀਆਂ, ਕਲਕੱਤੇ ਬਹਿ ਕੇ ਕਲਮ ਨਾਲ ਨਹੀਂ, ਤਲਵਾਰ ਨਾਲ ਹੋਣਗੀਆਂ।' ਇਸ ਮੌਕੇ 'ਤੇ ਮਾਸਟਰ ਤਾਰਾ ਸਿੰਘ ਦਾ ਰੋਲ ਵਿਚ-ਵਿਚਾਲੇ ਦਾ ਸੀ, ਮੰਗਲ ਸਿੰਘ ਗਿੱਲ ਗਾਂਧੀ-ਨਹਿਰੂ ਦੀ ਚਾਪਲੂਸ ਸੀ। ਹੀਰਾ ਸਿੰਘ ਦਰਦ, ਸਰਦੂਲ ਸਿੰਘ ਕਵੀਸ਼ਰ, ਅਮਰ ਸਿੰਘ ਝਬਾਲ ਤੇ ਬਾਬਾ ਗੁਰਦਿੱਤ ਸਿੰਘ ਅਹਿਮਕਾਂ ਵਾਂਗ ਕੌਮ ਦੇ ਹੱਕ ਹਿੰਦੂ ਆਗੂਆਂ ਦੇ ਹੱਥਾਂ ਵਿਚ ਦੇਣ ਵਾਸਤੇ ਕਾਹਲੇ ਸਨ। ਫਿਰ ਫਿਰਕੂ ਫੈਸਲੇ ਦੇ ਖਿਲਾਫ਼ ਜਦੋਜਹਿਦ ਵਿਚ ਵੀ ਸ:ਬ: ਮਹਿਤਾਬ ਸਿੰਘ ਤੇ ਗਿ: ਸ਼ੇਰ ਸਿੰਘ ਪਹਿਲੀ ਕਤਾਰ ਵਿਚ ਰਹੇ ਸਨ। ਭਾਵੇਂ ਇਹ ਆਪਣਾ ਵੱਖਰਾ ਧੜਾ ਕਾਇਮ ਰੱਖਦੇ ਰਹੇ ਸਨ ਪਰ ਇਹ ਕਦੇ ਵੀ ਅਕਾਲੀ ਦਲ ਦੇ ਖ਼ਿਲਾਫ਼ ਕਾਂਗਰਸ ਦੇ ਹਿਮਾਇਤੀ ਨਹੀਂ ਬਣੇ। ਸ:ਬ: ਮਹਿਤਾਬ ਸਿੰਘ ਦੀ ਮੌਤ 1938 ਵਿਚ ਹੋ ਗਈ ਪਰ 1926 ਤੋਂ 1938 ਤਕ ਉਹ ਕਦੇ ਵੀ ਕਾਂਗਰਸੀ ਨਹੀਂ ਬਣਿਆ। ਗਿ: ਸ਼ੇਰ ਸਿੰਘ ਵੀ ਹਮੇਸ਼ਾ ਪੰਥਕ ਰਿਹਾ। ਭਾਵੇਂ ਉਹ ਮਾਸਟਰ ਤਾਰਾ ਸਿੰਘ ਦਾ ਵਿਰੋਧੀ ਰਿਹਾ ਤੇ ਮਾਸਟਰ-ਖੜਕ ਸਿੰਘ ਗਰੁਪ ਦੇ ਹੋਰ ਵਿਰੋਧੀਆਂ ਨਾਲ ਰਲ ਕੇ ਮੀਟਿੰਗਾਂ ਤੇ ਕਾਰਵਾਈਆਂ ਵੀ ਕਰਦਾ ਰਿਹਾ ਪਰ ਉਹ ਕਦੇ ਵੀ ਕਾਂਗਰਸੀ ਨਹੀਂ ਬਣਿਆ। ਸ਼ੇਰ ਸਿੰਘ ਨੇ ਮੌਤ (7 ਅਕਤੂਬਰ 1944) ਤੋਂ ਤਿੰਨ ਸਾਲ ਪਹਿਲਾਂ ਮਾਸਟਰ ਤਾਰਾ ਸਿੰਘ ਨਾਲ ਮੁੜ ਟੁੱਟੀ ਉਦੋਂ ਗੰਢ ਲਈ ਜਦੋਂ ਮਾਸਟਰ ਨੇ 'ਅਜ਼ਾਦ ਪੰਜਾਬ' ਦੀ ਮੰਗ ਕੀਤੀ। ਇਸ ਮੌਕੇ 'ਤੇ ਖੜਕ ਸਿੰਘ, ਅਮਰ ਸਿੰਘ ਝਬਾਲ, ਹਰਬੰਸ ਸਿੰਘ ਸੀਸਤਾਨ, ਸੰਤ ਸਿੰਘ ਸੈਂਟਰਲ ਐਮ.ਪੀ. ਤੇ ਝਬਾਲ ਭਰਾਵਾਂ ਨੇ ਅਜ਼ਾਦ ਪੰਜਾਬ ਦੀ ਮੁਖ਼ਾਲਫ਼ਤ ਕੀਤੀ। ਇਸ ਮੁਖ਼ਾਲਫ਼ਤ ਦਾ ਕਾਰਨ ਸਿਰਫ਼ ਮਾਸਟਰ ਤਾਰਾ ਸਿੰਘ ਨਾਲ ਸਾੜਾ ਸੀ। ਦਰਅਸਲ ਅਜ਼ਾਦ ਪੰਜਾਬ ਸਕੀਮ ਦਾ ਸਿਰਫ਼ ਸਿੱਖਾਂ ਨੂੰ ਹੀ ਫ਼ਾਇਦਾ ਸੀ ਤੇ ਮੁਸਲਮਾਨ ਨੂੰ ਘਾਟਾ ਸੀ। ਹਿੰਦੂਆਂ ਵਾਸਤੇ ਇਹ ਘਾਟੇਵੰਦਾ ਬਿਲਕੁਲ ਨਹੀਂ ਸੀ ਪਰ ਉਨ੍ਹਾਂ ਦੇ ਬਹੁਤ ਆਗੂ ਇਹ ਨਹੀਂ ਸੀ ਚਾਹੁੰਦੇ ਕਿ ਸਿੱਖਾਂ ਦੇ ਹੱਥ ਵਿਚ ਪਾਸਕੂ ਆ ਜਾਵੇ। ਇਸ ਕਰ ਕੇ ਉਨ੍ਹਾਂ ਦਾ ਵਿਰੋਧ ਵੀ ਸਮਝ ਆ ਸਕਦਾ ਸੀ। ਪਰ ਮਾਸਟਰ ਵਿਰੋਧੀ ਧੜਾ (ਖਾਸ ਕਰ ਕੇ ਖੜਕ ਸਿੰਘ ਤੇ ਝਬਾਲ ਭਰਾ) ਤਾਂ ਸਿੱਧੇ ਤੇ ਅਸਿੱਧੇ ਕਾਂਗਰਸ ਦੀ ਹਿਮਾਇਤ ਕਰਨ ਲਗ ਪਏ। ਝਬਾਲ ਭਰਾ ਤਾਂ 1920-21 ਤੋਂ ਹੀ ਗਾਂਧੀ ਭਗਤ ਸਨ ਤੇ ਉਨ੍ਹਾਂ ਗੁਰਦੁਆਰਾ ਸੁਧਾਰ ਲਹਿਰ ਨੂੰ ਵੀ ਗਾਂਧੀ ਦੀ ਝੋਲੀ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਸੀ।

ਖੜਕ ਸਿੰਘ ਦੀ ਸ਼ਖ਼ਸੀਅਤ ਅਜੀਬ ਸੀ। ਉਸ ਦੀ ਇਹ ਸਿਫ਼ਤ ਸੀ ਕਿ ਉਹ ਸਿਰੜੀ (ਤੇ ਅੜਬ ਵੀ) ਸੀ। ਜੇਲ੍ਹ ਵਿਚ ਦਸਤਾਰ ਨਾ ਸਜਾਉਣ ਦੇਣ ਦੇ ਖ਼ਿਲਾਫ਼ ਰੋਸ ਵਜੋਂ ਉਸ 7-8 ਸਾਲ ਸਿਰਫ਼ ਕਛਹਿਰੇ ਨਾਲ ਜੇਲ੍ਹ ਕੱਟੀ। ਝੰਡੇ ਵਿਚ ਰੰਗ ਦੇ ਸਵਾਲ 'ਤੇ ਉਸ ਨੇ ਕਾਂਗਰਸ ਦੀ ਬੇਹੱਦ ਵਿਰੋਧਤਾ ਕੀਤੀ। ਉਸ ਨੂੰ ਕਾਂਗਰਸ ਦਾ ਦੁਸ਼ਮਣ ਜਾਣਿਆ ਜਾਣ ਲਗ ਪਿਆ ਸੀ। ਕਾਂਗਰਸ ਨੇ ਲਾੱਬਿੰਗ ਕਰ ਕੇ ਸਿਖ ਆਗੂਆਂ ਨੂੰ ਕਿਹਾ ਕਿ ਉਹ ਖੜਕ ਸਿੰਘ ਨੂੰ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦਾ ਪ੍ਰਧਾਨ ਨਾ ਬਣਨ ਦੇਣ (ਕਾਂਗਰਸ ਨੇ ਮਾਸਟਰ ਤਾਰਾ ਸਿੰਘ ਦੇ ਹੱਕ ਵਿਚ ਪ੍ਰਚਾਰ ਕੀਤਾ)। ਖੜਕ ਸਿੰਘ ਕਾਂਗਰਸ ਨਾਲ ਡਟ ਕੇ ਟਕਰਾਉਂਦਾ ਰਿਹਾ। ਪਰ ਜਦੋਂ ਉਹ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ ਵਿਚ ਬਹੁਤੀ ਹਿਮਾਇਤ ਹਾਸਿਲ ਨਾ ਕਰ ਸਕਿਆ ਤਾਂ ਉਸ ਨੇ ਕਾਂਗਰਸ ਦੇ ਵੱਡੇ ਹਿਮਾਇਤੀਆਂ ਝਬਾਲ ਭਰਾਵਾਂ ਨਾਲ ਰਲ ਕੇ 'ਸੈਂਟਰਲ ਅਕਾਲੀ ਦਲ'

(1933 ਵਿਚ) ਬਣਾ ਲਿਆ। ਪਰ ਉਸ ਦੀ ਇਨ੍ਹਾਂ ਨਾਲ ਵੀ ਨਾ ਨਿਭੀ। ਹੁਣ ਉਹ ਫੇਰ ਇਕੱਲਾ ਹੋ ਗਿਆ। 1943 ਵਿਚ ਖੜਕ ਸਿੰਘ ਨੇ 'ਅਜ਼ਾਦ ਪੰਜਾਬ' ਦੀ ਮੰਗ ਦੀ ਮੁਖ਼ਾਲਫ਼ਤ ਕੀਤੀ ਤੇ ਚੋਣਾਂ ਵਿਚ ਅਸਿੱਧੇ ਤੌਰ 'ਤੇ ਕਾਂਗਰਸ ਦੀ ਮਦਦ ਕਰ ਕੇ ਅਕਾਲੀ ਉਮੀਦਵਾਰਾਂ ਨੂੰ ਹਰਾਉਣ ਵਿਚ ਵੀ ਰੋਲ ਅਦਾ ਕੀਤਾ। *1948 ਤਕ ਉਹ 'ਗੁਆਚਿਆ ਅਤੇ ਭੁੱਲਿਆ' ਲੀਡਰ ਹੀ ਬਣਿਆ ਰਿਹਾ। 1948 ਤੋਂ ਮਗਰੋਂ ਨਹਿਰੂ ਨੇ ਮਾਸਟਰ ਤਾਰਾ ਸਿੰਘ ਦੇ ਮੁਕਾਬਲੇ 'ਤੇ ਉਸ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਪੰਥਕ ਮੁੱਦਿਆਂ 'ਤੇ ਕਾਂਗਰਸ ਨਾਲ ਸਮਝੌਤਾ ਕਰਨ ਵਾਸਤੇ ਰਾਜ਼ੀ ਨਾ ਹੋ ਸਕਿਆ ਤੇ ਅਖ਼ੀਰ ਤਕਰੀਬਨ ਗੁਮਨਾਮੀ ਵਿਚ ਹੀ ਚੜ੍ਹਾਈ ਕਰ ਗਿਆ।*

ਇਸ ਦੌਰਾਨ ਖਾਲਸਾ ਨੈਸ਼ਨਲਿਸਟ ਪਾਰਟੀ ਤੇ ਚੀਫ਼ ਖਾਲਸਾ ਦੀਵਾਨ ਨੇ ਵੀ ਰੋਲ ਅਦਾ ਕੀਤਾ। ਇਸ ਗਰੁੱਪ ਦੀ ਮਿਲਵੀਂ-ਜੁਲਵੀਂ ਅਗਵਾਈ ਸੁੰਦਰ ਸਿੰਘ ਮਜੀਠਾ ਤੇ ਹਰਬੰਸ ਸਿੰਘ ਅਟਾਰੀ ਕੋਲ ਸੀ। ਉੱਜਲ ਸਿੰਘ, ਅਤੇ ਕੁਝ ਹੱਦ ਤਕ ਸੰਪੂਰਨ ਸਿੰਘ ਤੇ ਸੰਤ ਸਿੰਘ ਸੈਂਟਰਲ ਵੀ, ਇਨ੍ਹਾਂ ਦਾ ਸਾਥ ਦੇਂਦੇ ਰਹਿੰਦੇ ਸਨ। ਸੁੰਦਰ ਸਿੰਘ ਮਜੀਠਾ ਸਰਕਾਰ ਦਾ ਖ਼ੈਰ-ਖ਼ਾਹ ਸੀ। ਉਹ ਜਨਰਲ ਡਾਇਰ ਨੂੰ ਤੋਹਫ਼ੇ ਦੇਣ ਵਾਲਿਆਂ ਵਿਚ ਵੀ ਸ਼ਾਮਿਲ ਸੀ ਪਰ ਦੂਜੇ ਪਾਸੇ ਉਹ ਸਿੰਘ ਸਭਾ ਲਹਿਰ ਦਾ ਵੀ ਪੱਕਾ ਹਿਮਾਇਤੀ ਸੀ। ਜਦ ਉਸ ਨੇ ਆਪਣੇ ਪੁੱਤਰ ਦਾ ਵਿਆਹ ਅਨੰਦ ਕਾਰਜ ਰਾਹੀਂ ਕੀਤਾ ਸੀ ਤਾਂ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਉਸ ਦਾ ਪ੍ਰਸ਼ਾਦ ਕਬੂਲਣ ਤੋਂ ਨਾਂਹ ਕਰ ਦਿਤੀ ਸੀ। ਉਸ ਨੇ ਸਿੰਧ ਅਤੇ ਹੋਰ ਇਲਾਕਿਆਂ ਵਿਚ ਸਿੱਖੀ ਦੇ ਪ੍ਰਚਾਰ ਵਾਸਤੇ ਬੜਾ ਕੰਮ ਕੀਤਾ ਸੀ। ਪਹਿਲੇ ਗੁਰਦੁਆਰਾ ਬਿੱਲ ਵੇਲੇ ਉਹ ਹਿੰਦੂਆਂ ਅਤੇ ਮਹੰਤਾਂ ਦੇ ਖ਼ਿਲਾਫ਼ ਡੱਟ ਕੇ ਖੜਾ ਹੋਇਆ ਸੀ। ਉਸ ਦਾ ਇਕੋ-ਇਕ 'ਕਸੂਰ' ਸੀ ਕਿ ਉਹ ਸਰਕਾਰ ਨਾਲ ਬਣਾ ਕੇ ਰੱਖਦਾ ਸੀ ਵਰਨਾ ਉਸ ਦਾ ਬਹੁਤ ਰੋਲ ਇਕ ਖਾੜਕੂ ਪੰਥਕ ਆਗੂ ਤੋਂ ਘੱਟ ਨਹੀਂ ਸੀ। ਹਾਂ, ਸੰਤ ਸਿੰਘ ਸੈਂਟਰਲ ਕਈ ਵਾਰ ਬਜਰ ਗਲਤੀਆਂ ਕਰ ਲੈਂਦਾ ਸੀ ਤੇ ਪੰਥ ਵਿਰੋਧੀਆਂ ਦੀਆਂ ਚਾਲਾਂ ਵਿਚ ਫਸ ਜਾਇਆ ਕਰਦਾ ਸੀ।

ਇਸ ਧੜੇ ਦਾ ਇਕ ਹੋਰ ਅਹਿਮ ਆਗੂ ਉੱਜਲ ਸਿੰਘ ਸੀ। 1920 ਤੋਂ 1947 ਤਕ ਉਹ ਸਾਂਝੀ ਪੰਥਕ ਸੋਚ ਨਾਲ ਡੱਟ ਕੇ ਖੜ੍ਹਾ ਹੁੰਦਾ ਰਿਹਾ। ਜਦੋਂ ਵੀ ਆਲ ਪਾਰਟੀਜ਼ ਸਿੱਖ ਕਾਨਫ਼ਰੰਸ ਜਾਂ ਸਿੱਖ ਲੀਗ ਨੇ ਕੋਈ ਆਵਾਜ਼ ਦਿੱਤੀ ਤਾਂ ਉੱਜਲ ਸਿੰਘ ਨੇ ਉਸ ਆਵਾਜ਼ 'ਤੇ ਕੌਂਸਲ ਅਤੇ ਹੋਰ ਅਹੁਦਿਆਂ ਤੋਂ ਅਸਤੀਫ਼ੇ ਵੀ ਦੇ ਦਿੱਤੇ ਸਨ। ਜਦੋਂ 1931 ਵਿਚ ਅੰਗਰੇਜ਼ਾਂ ਨੇ ਉਸ ਨੂੰ ਦੂਜੀ ਗੋਲਮੇਜ਼ ਕਾਨਫ਼ਰੰਸ ਵਾਸਤੇ ਨਾਮਜ਼ਦ ਕੀਤਾ ਤਾਂ ਅਕਾਲੀ ਆਗੂਆਂ ਨੇ ਇਸ ਦਾ ਵਿਰੋਧ ਕੀਤਾ ਤੇ ਮਾਸਟਰ ਤਾਰਾ ਸਿੰਘ ਨੂੰ ਭੇਜਣ ਦੀ ਹਿਮਾਇਤ ਕੀਤੀ। ਪਰ ਉੱਜਲ ਸਿੰਘ ਨੇ ਇਸ ਕਾਨਫ਼ਰੰਸ ਵਿਚ ਸ਼ਾਮਿਲ ਹੋ ਕੇ ਵੀ ਡੱਟ ਕੇ ਪੰਥਕ ਸਟੈਂਡ ਲਿਆ। ਸੰਪੂਰਨ ਸਿੰਘ ਨੇ ਤਾਂ ਇਸ ਮੌਕੇ 'ਤੇ ਸਖ਼ਤ ਖਾੜਕੂ ਸਟੈਂਡ ਲੈ ਕੇ ਮੁਸਲਮਾਨਾਂ ਦੀ ਡਟਵੀਂ ਵਿਰੋਧਤਾ ਕੀਤੀ। ਪਰ 1947 ਤੋਂ ਮਗਰੋਂ ਉੱਜਲ ਸਿੰਘ ਦੀ ਪਾਲਸੀ ਐਂਟੀ-ਅਕਾਲੀ/ਸਿੱਖ ਹੋ ਗਈ ਤੇ ਉਹ ਸਿੱਖ ਪੰਥ 'ਤੇ ਹਮਲਿਆਂ ਵੇਲੇ ਵੀ ਸਿੱਖਾਂ ਦੀ ਵਿਰੋਧਤਾ ਕਰਦਾ ਰਿਹਾ ਤੇ ਕਾਂਗਰਸ ਦੀ ਮੁਕੰਮਲ ਚਾਪਲੂਸੀ ਕਰਦਾ ਰਿਹਾ। ਜਦੋਂ 1955 ਵਿਚ ਕਾਂਗਰਸ ਨੇ ਦਰਬਾਰ ਸਾਹਿਬ ਵਿਚ ਪੁਲੀਸ ਭੇਜੀ ਤਾਂ ਚੀਫ਼ ਖਾਲਸਾ ਦੀਵਾਨ ਨੇ ਵੀ ਇਸ ਦੇ ਖ਼ਿਲਾਫ਼ ਮਤਾ ਪਾਸ ਕੀਤਾ। ਇਸ ਉੱਜਲ ਸਿੰਘ ਨੇ ਇਹ ਮਤਾ ਪਾਸ ਹੋਣ ਤੇ ਚੀਫ਼ ਖਾਲਸਾ ਦੀਵਾਨ ਤੋਂ ਅਸਤੀਫ਼ਾ ਦੇ ਦਿਤਾ (ਪਰ ਕੁਝ ਚਿਰ ਮਗਰੋਂ ਫੇਰ ਵਾਪਿਸ ਆ ਗਿਆ)।

ਫਿਰ 1981 ਵਿਚ ਜਦੋਂ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਨੇ 'ਸਿੱਖ ਇਕ ਕੌਮ ਹਨ ਅਤੇ ਉਨ੍ਹਾਂ ਨੂੰ ਯੂ.ਐਨ.ਓ. ਵਿਚ ਐਸੋਸੀਏਟ ਮੈਂਬਰਸ਼ਿਪ ਦਿੱਤੀ ਜਾਵੇ' ਦਾ ਮਤਾ ਪਾਸ ਕੀਤਾ ਤਾਂ ਇਸ ਉੱਜਲ ਸਿੰਘ ਨੇ ਫੇਰ ਚੀਫ ਖਾਲਸਾ ਦੀਵਾਨ ਤੋਂ ਅਸਤੀਫ਼ਾ ਦੇ ਦਿਤਾ ਤੇ ਅਖੀਰ ਚੀਫ਼ ਖਾਲਸਾ ਦੀਵਾਨ ਵਲੋਂ ਇਹ ਮਤਾ ਵਾਪਿਸ ਲੈਣ 'ਤੇ ਹੀ ਆਪਣਾ ਅਸਤੀਫ਼ਾ ਵਾਪਿਸ ਲਿਆ। ਯਾਨਿ ਕਿ ਉੱਜਲ ਸਿੰਘ 1947 ਤੋਂ ਮਗਰੋਂ ਹਰ ਵਾਰ ਸਿੱਖਾਂ ਦੇ ਦੁਸ਼ਮਣਾਂ ਦੇ ਖੇਮੇ ਵਿਚ ਮੂਹਰਲੀ ਕਤਾਰ ਵਿਚ ਖੜ੍ਹਾ ਹੁੰਦਾ ਰਿਹਾ। ਉਸ ਨੇ ਤਾਂ ਪੰਜਾਬੀ ਸੂਬੇ ਦੀ ਵੀ ਡੱਟ ਕੇ ਮੁਖ਼ਾਲਫ਼ਤ ਕੀਤੀ ਸੀ। ਉੱਜਲ ਸਿੰਘ ਦੀ ਵੱਡੀ ਤੋਂ ਵੱਡੀ ਮੰਜ਼ਿਲ ਗਵਰਨਰ ਬਣਨਾ ਸੀ ਤੇ ਇਸ ਵਾਸਤੇ ਉਹ ਪੰਥ ਨਾਲ 'ਗ਼ੱਦਾਰੀ' ਕਰਨ ਵਾਸਤੇ ਤੇ ਪੰਥ ਦੇ ਦੁਸ਼ਮਣਾਂ ਦੇ ਹੱਥਾਂ ਵਿਚ ਖੇਡਣ ਵਾਸਤੇ ਵੀ ਹਰ ਵੇਲੇ ਤਿਆਰ ਰਹਿੰਦਾ ਸੀ।

ਝਬਾਲ ਭਰਾਵਾਂ ਦੀ ਸ਼ਖ਼ਸੀਅਤ ਵੀ ਬੜੀ ਅਜੀਬ ਸੀ। ਤਿੰਨੇ ਭਰਾ ਅਕਾਲੀ ਲਹਿਰ ਦੇ ਮੁਖੀ ਆਗੂਆਂ ਵਿਚੋਂ ਇਕ ਸਨ। ਤਿੰਨੇ ਕਈ ਵਾਰ ਜੇਲ੍ਹ ਗਏ। ਪਰ ਨਾਲ ਹੀ ਨਾਲ ਉਹ ਗਾਂਧੀ-ਭਗਤ ਵੀ ਸਨ। ਉਹ ਤਾਂ ਇੱਥੋਂ ਤਕ ਤਿਆਰ ਸਨ ਕਿ ਗੁਰਦੁਆਰਾ ਲਹਿਰ ਵਿਚ ਵੀ ਗਾਂਧੀ ਦੀ ਅਗਵਾਈ ਮੰਨ ਲਈ ਜਾਵੇ ਜਾਂ ਘਟੋ-ਘਟ ਉਸ ਦੀ ਸਲਾਹ ਨਾਲ ਹੀ ਜੱਦੋਜਹਿਦ ਚਲਾਈ ਜਾਵੇ। 1920 ਤੋਂ ਮਗਰੋਂ ਪੰਜਾਬ ਵਿਚ ਗਾਂਧੀ ਦੇ ਸਭ ਤੋਂ ਵੱਡੇ ਚਾਪਲੂਸ ਸਰਦੂਲ ਸਿੰਘ ਕਵੀਸ਼ਰ ਅਤੇ ਝਬਾਲ ਭਰਾ ਹੀ ਸਨ। ਊਧਮ ਸਿੰਘ ਨਾਗੋਕੇ ਤੇ ਉਸ ਦੇ ਸਾਥੀ 1929 ਤੋਂ ਮਗਰੋਂ ਗਾਂਧੀ-ਭਗਤ ਬਣੇ ਸਨ। ਝਬਾਲ ਭਰਾਵਾਂ ਵਿਚੋਂ ਸਰਮੁਖ ਸਿੰਘ ਅਕਾਲੀ ਦਲ ਦਾ ਪਹਿਲਾ ਜਥੇਦਾਰ ਸੀ, ਵੱਡਾ ਭਰਾ ਅਮਰ ਸਿੰਘ ਵੀ ਕੁਝ ਚਿਰ ਵਾਸਤੇ ਅਕਾਲੀ ਦਲ ਦਾ ਪ੍ਰਧਾਨ ਬਣਿਆ ਸੀ ਤੇ ਜਸਵੰਤ ਸਿੰਘ ਕਾਂਗਰਸ ਸਿੱਖ ਪਾਰਟੀ ਬਣਾ ਕੇ (ਅਗਸਤ 1936 ਵਿਚ) ਇਸ ਦਾ ਜਨਰਲ ਸਕੱਤਰ ਬਣਿਆ ਸੀ। ਪਰ ਕਿਉਂ ਕਿ ਸਿੱਖਾਂ ਵਿਚ ਅਕਾਲੀ ਦਲ ਦਾ ਬੋਲਬਾਲਾ ਸੀ ਇਸ ਦੇ ਝਬਾਲ ਭਰਾ ਸਿਰਫ਼ ਆਪਣੇ ਇਲਾਕੇ (ਮਾਝੇ) ਵਿਚ ਹੀ ਜ਼ਰਾ-ਮਾਸਾ ਤਾਕਤ ਹਾਸਿਲ ਕਰ ਸਕੇ ਸਨ। ਇਸ ਕਰ ਕੇ ਕਾਂਗਰਸ ਵੀ ਝਬਾਲੀਆ ਨੂੰ ਸਿਰਫ਼ ਵਰਤਦੀ ਸੀ ਤੇ ਦੇਂਦੀ ਕੁਝ ਨਹੀਂ ਸੀ। ਹੋਰ ਤਾਂ ਹੋਰ ਪੰਥਕ ਮੁੱਦਿਆਂ 'ਤੇ ਅਕਾਲੀਆਂ ਦਾ ਵਿਰੋਧ ਕਰਨ ਦੇ ਬਾਵਜੂਦ ਝਬਾਲ ਭਰਾ ਕਾਂਗਰਸ ਨੇ ਕਦੇ ਵੀ ਪਹਿਲੀ ਕਤਾਰ ਵਿਚ ਨਾ ਲਿਆਂਦੇ। ਕਾਂਗਰਸ ਸਿੱਖ ਪਾਰਟੀ ਵਿਚ ਤਾਂ ਗੋਪਾਲ ਸਿੰਘ ਕੌਮੀ, ਸੋਹਨ ਸਿੰਘ ਜੋਸ਼ ਤੇ ਮਾਸਟਰ ਮੋਤਾ ਸਿੰਘ ਵੀ ਸਨ। ਕਾਂਗਰਸ ਨੇ ਉਨ੍ਹਾਂ ਨੂੰ ਕਦੇ ਪਹਿਲੀ ਕਤਾਰ ਦੇ ਆਗੂ ਨਹੀਂ ਬਣਨ ਦਿੱਤਾ ਸੀ।

ਮਾਝੇ ਦਾ ਇੱਕ ਹੋਰ ਵੱਡਾ ਲੀਡਰ ਊਧਮ ਸਿੰਘ ਨਾਗੋਕੇ ਸੀ। ਨਾਗੋਕੇ ਖਾੜਕੂ ਧੜੇ ਦੇ ਮੁੱਖ ਆਗੂਆਂ ਵਿਚੋਂ ਇਕ ਮੰਨਿਆ ਜਾਂਦਾ ਸੀ। ਜਦੋਂ ਸ:ਬ: ਮਹਿਤਾਬ ਸਿੰਘ ਗਰੁੱਪ ਸ਼ਰਤਾਂ ਮੰਨ ਕੇ ਜੇਲ੍ਹਾਂ ਵਿਚੋਂ ਆ ਗਿਆ ਅਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੰਭਾਲ ਲਈ ਤਾਂ ਊਧਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਕਰਨ ਵਾਲੇ ਜੱਥੇ ਦੀ ਜੱਥੇਦਾਰੀ ਤੋਂ ਅਸਤੀਫ਼ਾ ਦੇ ਦਿਤਾ ਸੀ। ਊਧਮ ਸਿੰਘ ਕਾਫ਼ੀ ਦੇਰ ਤਕ ਅਕਾਲੀ ਦਲ ਨਾਲ ਨਿਭਦਾ ਰਿਹਾ ਤੇ ਕਾਂਗਰਸ ਨਾਲ ਵੀ ਰਿਹਾ, ਪਰ 1938 ਮਗਰੋਂ ਉਸ ਨੇ ਪੰਜਾਬ ਕਾਂਗਰਸ ਨਾਲ ਵਧੇਰੇ ਨੇੜਤਾ ਬਣਾ ਲਈ। ਫਿਰ ਉਸ ਨੇ ਸਿਕੰਦਰ-ਬਲਦੇਵ ਸਿੰਘ ਐਕਟ ਦੀ ਵੀ ਮੁਖ਼ਾਲਫ਼ਤ ਕੀਤੀ। 1947 ਤੋਂ ਮਗਰੋਂ ਉਹ ਪੂਰੀ ਤਰ੍ਹਾਂ ਕਾਂਗਰਸ ਨਾਲ ਜੁੜ ਗਿਆ। ਉਹ ਮਾਸਟਰ ਤਾਰਾ ਸਿੰਘ ਦਾ ਵੀ ਕੱਟੜ ਵਿਰੋਧੀ ਬਣ ਗਿਆ। ਉਸ ਨੇ ਤਾਕਤ ਵਿਚ ਭਾਈਵਾਲੀ ਹਾਸਿਲ ਕਰਨ ਦੀ ਸੋਚ ਨਾਲ ਅਕਾਲੀ ਦਲ ਛੱਡ ਦਿਤਾ। ਭਾਵੇਂ

ਉਹ ਜ਼ਰਾ ਮਾਸਾ ਕਦੇ-ਕਦੇ ਪੰਥਕ ਮਸਲੇ 'ਤੇ ਬੋਲ ਪੈਂਦਾ ਸੀ ਪਰ ਰਿਹਾ ਉਹ ਪੱਕਾ ਕਾਂਗਰਸੀ ਹੀ। ਉਸ ਦੀ ਦੋਗਲੀ ਪਾਲਸੀ ਨੇ ਉਸ ਨੂੰ ਕਾਂਗਰਸ ਜਾਂ ਪੰਜਾਬ ਵਜ਼ਾਰਤ ਵਿਚ ਕਦੇ ਵੀ ਪਹਿਲੀ ਕਤਾਰ ਵਿਚ ਥਾਂ ਨਾ ਲੈਣ ਦਿੱਤੀ। ਨਾਗੋਕੇ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਉਸ ਦਾ ਸਭ ਤੋਂ ਨੇੜਲਾ ਸਾਥੀ ਦਰਸ਼ਨ ਸਿੰਘ ਫੇਰੂਮਾਨ ਉਸ ਨੂੰ ਮਿਲਣ ਗਿਆ। ਬੀਮਾਰ ਊਧਮ ਸਿੰਘ ਉਸ ਨੂੰ ਮਿਲ ਕੇ ਫੁੱਟ-ਫੁੱਟ ਕੇ ਰੋਣ ਲਗ ਪਿਆ ਤੇ ਕਹਿਣ ਲੱਗਾ ਮੈਂ ਪੰਥ ਨਾਲ ਗ਼ੱਦਾਰੀ ਕਰਨ ਦੇ ਪਾਪ ਦਾ ਬੋਝ ਲੈ ਕੇ ਜਾ ਰਿਹਾ ਹਾਂ, ਤੂੰ ਪੰਥ ਨਾਲ ਟੁੱਟੀ ਗੰਢ ਲਈਂ। *(ਇਸੇ ਬੋਲ ਕਾਰਨ ਫੇਰੂਮਾਨ ਨੇ 1969 ਵਿਚ ਮਰਨ ਵਰਤ ਰੱਖਿਆ ਤੇ ਜਾਨ ਦੇ ਦਿਤੀ ਸੀ)*। ਊਧਮ ਸਿੰਘ ਨਾਗੋਕੇ ਨੇ ਪੰਜਾਬੀ ਸੂਬਾ ਮੋਰਚਾ ਦੀ ਡੱਟ ਕੇ ਮੁਖ਼ਾਲਫ਼ਤ ਕੀਤੀ। ਹਾਲਾਂ ਕਿ ਉਹ ਸਿੱਖਾਂ ਨਾਲ ਵਿਤਕਰੇ ਦੇ ਖ਼ਿਲਾਫ਼ ਹਮੇਸ਼ਾ ਕੁੜ੍ਹਦਾ ਰਹਿੰਦਾ ਸੀ। ਊਧਮ ਸਿੰਘ ਨਾਗੋਕੇ ਦੀ ਇਸ ਦੋਗਲੀ ਪਾਲਸੀ ਦੀ ਇਕ ਵਜਹ ਉਸ ਦੀ ਗਿਆਨੀ ਕਰਤਾਰ ਸਿੰਘ ਨਾਲ ਈਰਖਾ ਸੀ। ਮਾਸਟਰ ਤਾਰਾ ਸਿੰਘ ਗਿਆਨੀ ਕਰਤਾਰ ਸਿੰਘ ਦੇ ਵਧੇਰੇ ਨੇੜੇ ਸੀ ਇਸ ਕਰ ਕੇ ਨਾਗੋਕੇ ਧੜੇ ਨੇ ਕਾਂਗਰਸ ਨਾਲ ਜੱਫੀ ਪਾ ਲਈ ਸੀ। ਮਗਰੋਂ ਗਿਆਨੀ ਕਰਤਾਰ ਸਿੰਘ ਵੀ ਕਾਂਗਰਸ ਵਿਚ ਚਲਾ ਗਿਆ। ਨਾਗੋਕੇ ਦਾ ਬਹੁਤਾ ਸਮਾਂ ਈਰਖਾ ਵਸ ਹੋ ਕੇ ਅਕਾਲੀ ਤੇ ਸਿੱਖ ਮੰਗਾਂ ਦੀ ਵਿਰੋਧਤਾ ਵਿਚ ਹੀ ਬੀਤਿਆ। ਇਸੇ ਈਰਖਾ ਦਾ ਸਦਕਾ ਉਸਨੇ 1962 ਵਿਚ ਕੈਰੋਂ ਅਤੇ ਫਤਹਿ ਸਿੰਘ ਗੰਗਾਨਗਰ ਨਾਲ ਮਿਲ ਕੇ ਮਾਸਟਰ ਤਾਰਾ ਸਿੰਘ ਦੇ ਖ਼ਿਲਾਫ਼ ਇਕੱਠਾ ਮੁਹਾਜ਼ ਬਣਾਇਆ ਅਤੇ ਤਾਰਾ ਸਿੰਘ ਨੂੰ ਸਿਆਸਤ ਵਿਚ ਠਿੱਬੀ ਦੇਣ ਵਿਚ ਮੂਹਰੇ ਹੋ ਕੇ ਰੋਲ ਅਦਾ ਕੀਤਾ।

ਇਸੇ ਧੜੇ ਦਾ ਦਰਸ਼ਨ ਸਿੰਘ ਫੇਰੂਮਾਨ ਵੀ ਗੁਰਦੁਆਰਾ ਸੁਧਾਰ ਲਹਿਰ ਦੀ ਪੈਦਾਵਾਰ ਸੀ। ਉਸ ਨੇ ਆਪਣੀ ਸਾਰੀ ਜ਼ਿੰਦਗੀ ਊਧਮ ਸਿੰਘ ਨਾਗੋਕੇ ਨਾਲ ਵਫ਼ਾਦਾਰੀ ਕਾਇਮ ਰੱਖੀ। ਇੰਵ ਹੀ ਈਸ਼ਰ ਸਿੰਘ ਮਝੈਲ, ਸੋਹਣ ਸਿੰਘ ਜਲਾਲਉਸਮਾਂ, ਮੋਹਨ ਸਿੰਘ ਨਾਗੋਕੇ ਤੇ ਨਰੈਣ ਸਿੰਘ ਸ਼ਾਹਬਾਜ਼ਪੁਰੀ ਵੀ ਊਧਮ ਸਿੰਘ ਦੇ ਹਮੇਸ਼ਾ ਵਫ਼ਾਦਾਰ ਰਹੇ। ਦਰਸ਼ਨ ਸਿੰਘ ਫੇਰੂਮਾਨ ਊਧਮ ਸਿੰਘ ਨਾਗੋਕੇ ਅਤੇ ਕਾਂਗਰਸ ਦਾ ਏਨਾ ਵਫ਼ਾਦਾਰ ਸੀ ਕਿ ਪੰਜਾਬੀ ਸੂਬਾ ਜ਼ਿੰਦਾਬਾਦ ਮੋਰਚਾ (1955) ਦੌਰਾਨ ਉਸ ਨੇ ਅਕਾਲੀ ਦਲ ਦੇ ਖ਼ਿਲਾਫ਼ ਮੋਰਚਾ ਲਾਉਣ ਦਾ ਐਲਾਨ ਕੀਤਾ ਤੇ ਇਹ ਦਬਕਾ ਵੀ ਮਾਰਿਆ ਕਿ ਉਹ ਅਕਾਲੀਆਂ ਦੇ ਖ਼ਿਲਾਫ਼ ਜੱਥਾ ਲੈ ਕੇ ਦਰਬਾਰ ਸਾਹਿਬ ਵਲ ਮਾਰਚ ਕਰੇਗਾ ਪਰ ਅਕਾਲੀਆਂ ਵਲੋਂ ਚੈਲੰਜ ਕਰਨ 'ਤੇ ਉਹ ਡਰ ਗਿਆ। ਜਦ 4 ਜੁਲਾਈ 1955 ਦੇ ਦਿਨ ਪੁਲੀਸ ਨੇ ਦਰਬਾਰ ਸਾਹਿਬ 'ਤੇ ਧਾਵਾ ਕੀਤਾ ਤਾਂ ਫੇਰੂਮਾਨ ਨੇ ਕੈਰੋਂ ਨੂੰ 'ਵਧਾਈ' ਦੀ ਤਾਰ ਵੀ ਭੇਜੀ ਸੀ। ਪਰ ਆਖ਼ਰੀ ਉਮਰ ਵਿਚ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਉਸ ਦੀਆਂ ਕਾਰਵਾਈਆਂ ਪੰਥ ਨਾਲ ਗ਼ੱਦਾਰੀ ਸਨ ਤੇ ਇਸ ਦਾ ਧੋਣਾ ਧੋਣ ਵਾਸਤੇ ਉਸ ਨੇ ਮਰਨ ਵਰਤ ਰੱਖ ਕੇ ਜਾਨ ਦੇ ਦਿੱਤੀ ਸੀ।

ਗਿਆਨੀ ਕਰਤਾਰ ਸਿੰਘ ਗੁਰਦੁਆਰਾ ਸੁਧਾਰ ਲਹਿਰ ਦੇ ਆਖ਼ਰੀ ਪੜਾਅ ਵਿਚ ਆਗੂਆਂ ਦੀ ਕਤਾਰ ਵਿਚ ਸ਼ਾਮਿਲ ਹੋਇਆ ਸੀ। ਉਹ 1947 ਤਕ ਮਾਸਟਰ ਤਾਰਾ ਸਿੰਘ ਦਾ ਸਾਥੀ ਰਿਹਾ। ਕੁਝ ਲੋਕ ਉਸ ਨੂੰ 'ਪੰਥ ਦਾ ਦਿਮਾਗ਼' ਕਹਿ ਕੇ ਖ਼ੁਸ਼ ਹੁੰਦੇ ਸਨ ਕਿਉਂਕਿ ਉਸ ਨੇ 1928 ਤੋਂ 1947 ਤਕ ਆਜ਼ਾਦੀ, ਸਿੱਖ ਸਟੇਟ, ਸਿੱਖ ਹੱਕਾਂ ਬਾਰੇ ਅੰਗਰੇਜ਼ਾਂ ਅਤੇ ਮੁਸਲਿਮ ਲੀਗ ਨਾਲ ਸਾਜ਼ਬਾਜ਼ ਕਰਨ ਦੀ ਕੋਸ਼ਿਸ਼ ਕੀਤੀ ਸੀ। ਹਾਲਾਂਕਿ ਮੁਸਲਿਮ-ਸਿੱਖ ਯੂਨੀਅਨ ਦੇ ਸਿੱਟੇ ਬੜੇ

ਖ਼ਤਰਨਾਕ ਨਿਕਲਣੇ ਸਨ ਪਰ ਗਿਆਨੀ ਕਰਤਾਰ ਸਿੰਘ, ਸਰੂਪ ਸਿੰਘ ਤੇ ਅਮਰ ਸਿੰਘ ਅੰਬਾਲਵੀ (ਫ਼ੈਡਰੇਸ਼ਨ ਆਗੂ) ਅਤੇ 1967 ਤੋਂ ਮਗਰੋਂ (ਸਰਦਾਰ) ਕਪੂਰ ਸਿੰਘ ਬਜ਼ਿਦ ਸਨ ਕਿ ਸਿੱਖਾਂ ਨੂੰ ਪਾਕਿਸਤਾਨ ਨਾਲ ਰਲ ਕੇ ਸਾਂਝਾ ਮੁਲਕ ਬਣਾਉਣਾ ਚਾਹੀਦਾ ਸੀ। ਗਿਆਨੀ ਕਰਤਾਰ ਸਿੰਘ ਨੇ 1947 ਤੋਂ ਮਗਰੋਂ ਕਈ ਵਾਰ ਪਾਰਟੀ ਬਦਲੀ। ਵਜ਼ੀਰੀ ਦੇ ਲਾਲਚ ਵਿਚ ਉਹ 1948 ਵਿਚ ਕਾਂਗਰਸ ਵਿਚ ਚਲਾ ਗਿਆ। 1952 ਵਿਚ ਟਿਕਟ ਨਾ ਮਿਲਣ ਤੇ ਉਹ ਵਾਪਿਸ ਆ ਗਿਆ। ਫਿਰ 1957 ਵਿਚ ਉਹ ਫੇਰ ਕਾਂਗਰਸ ਵਿਚ ਚਲਾ ਗਿਆ ਤੇ 1967 ਵਿਚ ਜਦੋਂ ਕਾਂਗਰਸ ਕਮਜ਼ੋਰ ਹੋ ਗਈ ਤਾਂ ਫਿਰ ਅਕਾਲੀ ਦਲ ਵਲ ਮੂੰਹ ਕਰ ਲਿਆ। ਉਹ ਦਰਅਸਲ ਵਜ਼ੀਰੀ ਤੇ ਤਾਕਤ ਦਾ ਭੁੱਖਾ ਸੀ, ਜੇਲ੍ਹ ਜਾਣ ਤੋਂ ਡਰਦਾ ਸੀ ਤੇ ਇਸੇ ਕਰ ਕੇ ਕਾਂਗਰਸ ਨਾਲ ਬਣਾ ਕੇ ਰੱਖਣੀ ਚਾਹੁੰਦਾ ਸੀ। ਇਹ 'ਪੰਥ ਦਾ ਦਿਮਾਗ਼' ਇਹੋ ਜਿਹਾ ਸੀ ਕਿ ਅਕਾਲੀ ਦਲ ਵਿਚ ਆ ਕੇ ਪੰਜਾਬੀ ਸੂਬੇ ਦਾ ਹਿਮਾਇਤੀ ਤੇ ਅਗਲੇ ਦਿਨ ਹੀ ਕਾਂਗਰਸ ਵਿਚ ਜਾ ਕੇ ਪੰਜਾਬੀ ਸੂਬੇ ਦਾ ਕੱਟੜ ਮੁਖ਼ਾਲਿਫ਼ ਬਣ ਜਾਂਦਾ ਸੀ। ਦੋਗਲੀ ਤੇ ਬੇਅਸੂਲੀ ਸਿਆਸਤ ਹੀ ਉਸ ਦੀ ਜ਼ਿੰਦਗੀ ਸੀ। ਉਂਞ ਫ਼ਲਸਫ਼ੇ ਦੇ ਪੱਖੋਂ ਉਹ ਉਲਝਿਆ, ਅਸਪਸ਼ਟ ਅਤੇ ਦੰਭੀ ਸੀ। ਇਹ ਸਹੀ ਹੈ ਕਿ ਉਸ ਨੇ ਕੁਰੱਪਸ਼ਨ ਨਹੀਂ ਕੀਤੀ ਤੇ ਦੌਲਤ ਇਕੱਠੀ ਨਹੀਂ ਕੀਤੀ, ਉਹ ਵੀ ਸ਼ਾਇਦ ਇਸ ਕਰ ਕੇ ਕਿ ਉਹ ਅਣਵਿਆਹਿਆ (ਛੜਾ) ਸੀ। 1960 ਵਿਚ 12 ਜੂਨ ਨੂੰ ਜਦ ਦਿੱਲੀ ਵਿਚ ਪੁਲੀਸ ਨੇ ਸਿੱਖਾਂ 'ਤੇ ਜ਼ੁਲਮ ਕੀਤਾ ਤਾਂ ਗਿ: ਕਰਤਾਰ ਸਿੰਘ ਤੇ ਜ: ਸੰਤੋਖ ਸਿੰਘ ਗੁਰਦੁਆਰਾ ਸੀਸਗੰਜ ਦੇ ਨਾਲ ਲੱਗਦੀ ਕੋਤਵਾਲੀ ਵਿਚ ਬੈਠ ਕੇ ਸਿੱਖਾਂ ਨੂੰ ਕੁੱਟਣ ਵਾਸਤੇ ਹਦਾਇਤਾਂ ਦੇਂਦੇ ਰਹੇ ਸਨ।

ਸਿੱਖ ਆਗੂਆਂ ਵਿਚੋਂ ਕੁਝ ਅਜਿਹੇ ਵੀ ਸਨ ਜਿਹੜੇ ਆਪਣੀ ਗੱਲ ਪੂਰੀ ਤਰ੍ਹਾਂ ਸਮਝਾ ਨਹੀਂ ਸਕੇ ਤੇ ਜਾਂ ਇਕ ਅੱਧੀ ਗ਼ਲਤੀ ਕਰ ਕੇ ਬਦਨਾਮ ਹੋ ਗਏ ਜਾਂ ਆਗੂਆਂ ਦੀ ਪਹਿਲੀ ਕਤਾਰ 'ਚੋਂ ਨਿਕਲ ਕੇ ਪਿੱਛੇ ਚਲੇ ਗਏ ਤੇ ਫਿਰ ਗੁਆਚ ਹੀ ਗਏ। ਅਰੂੜ ਸਿੰਘ ਸਰਬਰਾਹ ਦਾ ਰੋਲ ਬਿਲਕੁਲ ਸਹੀ ਸੀ ਪਰ ਉਸ ਦੀ ਅੰਗਰੇਜ਼ ਚਾਪਲੂਸੀ (ਡਾਇਰ ਨੂੰ ਸਨਮਾਨ ਤੇ ਗ਼ਦਰੀ ਆਗੂਆਂ ਦੇ ਖ਼ਿਲਾਫ਼ ਫ਼ੁਰਮਾਨ) ਉਸ ਨੂੰ ਲੈ ਬੈਠੇ। ਉਂਞ ਦਰਬਾਰ ਸਾਹਿਬ 'ਚੋਂ ਮੂਰਤੀਆਂ ਚੁਕਵਾਉਣ ਵਾਲਾ ਉਹੀ ਸੀ। ਜਦ ਸਿੱਖਾਂ ਨੇ ਉਸ ਦਾ ਜਨਾਜ਼ਾ ਕੱਢਣ ਦੀ ਧਮਕੀ ਦਿਤੀ ਤਾਂ ਉਸ ਨੇ ਜਲ੍ਹਿਆਂਵਾਲਾ ਬਾਗ਼ 'ਚ ਸੰਗਤ ਦੇ ਇਕੱਠ ਵਿਚ ਹਾਜ਼ਰ ਹੋ ਕੇ ਮੁਆਫ਼ੀ ਵੀ ਮੰਗੀ ਅਤੇ ਅਸਤੀਫ਼ਾ ਵੀ ਦੇ ਦਿੱਤਾ। ਇਹੀ ਹਾਲ ਤੇਜਾ ਸਿੰਘ ਭਸੌੜ ਦਾ ਸੀ। ਉਸ ਨੇ ਸਿੱਖੀ ਦਾ ਰੱਜ ਕੇ ਪ੍ਰਚਾਰ ਕੀਤਾ ਪਰ ਉਹ ਕੁਝ ਵਧੇਰੇ ਹੀ ਅੱਗੇ ਨਿਕਲ ਗਿਆ ਅਤੇ ਗੁਰੂ ਗ੍ਰੰਥ ਸਾਹਿਬ 'ਚੋਂ ਭਗ਼ਤ ਬਾਣੀ ਕੱਢਣ ਤਕ ਦਾ ਕਦਮ ਚੁੱਕ ਲਿਆ। ਅਜਿਹੇ ਤੇਜ਼ (ਤੇ ਕੁਝ ਗ਼ਲਤ ਵੀ) ਐਕਸ਼ਨਾਂ ਕਰ ਕੇ ਉਹ 'ਪੰਥ 'ਚੋਂ ਖਾਰਿਜ' ਹੋਇਆ। ਉਂਞ ਉਸ ਦਾ ਸਾਰਾ ਰੋਲ ਪੰਥਕ ਹੀ ਸੀ। ਤੇਜਾ ਸਿੰਘ ਭੁੱਚਰ ਖਾੜਕੂ-ਸੁਧਾਰਕ ਤੇ ਧਰਮ-ਪ੍ਰਚਾਰਕ ਸੀ। ਦਰਬਾਰ ਸਾਹਿਬ ਦੀ ਕਾਰ ਸੇਵਾ (1923) ਵੇਲੇ ਸੋਨੇ ਦੀਆਂ ਕਹੀਆਂ ਵਰਤਣ ਦੇ ਬਿਪਰਨ ਐਕਸ਼ਨ ਦੀ ਉਸ ਨੇ ਮੁਖ਼ਾਲਫ਼ਤ ਕੀਤੀ, ਜਿਸ ਦੇ ਖ਼ਿਲਾਫ਼ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਲੋਕਾਂ ਨੇ ਉਸ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਉਹ ਸਹੀ ਸੀ ਪਰ ਬਦਨਾਮੀ ਉਸ ਦੀ ਹੀ ਕੀਤੀ ਗਈ। ਕਰਤਾਰ ਸਿੰਘ ਝੱਬਰ ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀਆਂ ਵਿਚੋਂ ਇਕ ਸੀ। ਉਸ ਨੇ ਜੇਲ੍ਹਾਂ ਵੀ ਬੜੀਆਂ ਕੱਟੀਆਂ। 1926 ਤੋਂ ਮਗਰੋਂ ਉਹ ਗਿ: ਸ਼ੇਰ ਸਿੰਘ ਧੜੇ ਵਿਚ ਸ਼ਾਮਿਲ ਹੋ ਗਿਆ ਸੀ। 1934 ਵਿਚ ਉਸ ਨੇ ਬਾਬਾ ਖੜਕ ਸਿੰਘ ਨੂੰ ਆਪਣਾ 'ਡਿਕਟੇਟਰ' ਮੰਨ

ਲਿਆ। ਪਰ 1941 ਵਿਚ ਉਹ ਫੇਰ ਅਕਾਲੀ ਦਲ ਵਿਚ ਮੁੜ ਆਇਆ। 1947 ਤੋਂ ਮਗਰੋਂ ਉਹ ਕਰਨਾਲ ਰਹਿਣ ਲੱਗ ਪਿਆ। ਭਾਵੇਂ ਉਹ ਵਧੇਰੇ ਸਰਗਰਮ ਤਾਂ ਨਹੀਂ ਸੀ ਪਰ ਪੰਜਾਬੀ ਸੂਬਾ ਮੋਰਚਾ ਦੌਰਾਨ ਉਸ ਨੂੰ ਵੀ ਗਿਫ਼ਤਾਰ ਕੀਤਾ ਗਿਆ। ਕੈਰੋਂ ਨੇ ਉਸ ਨੂੰ ਆਪਣੇ ਵੱਲ ਖਿਚਣ ਦੀ ਕੋਸ਼ਿਸ਼ ਬੜੀ ਕੀਤੀ ਪਰ ਨਾਕਾਮ ਰਿਹਾ।

ਮਾਸਟਰ ਤਾਰਾ ਸਿੰਘ 1909 ਵਿਚ ਸਿਆਸਤ ਵਿਚ ਆਇਆ ਅਤੇ 1967 ਵਿਚ ਉਸ ਦੀ ਮੌਤ ਹੋਈ। ਇਸ 58 ਸਾਲ ਵਿਚੋਂ 40 ਸਾਲ ਉਹ ਸਿੱਖ ਕੌਮ ਦਾ 'ਵਾਹਿਦ' ਆਗੂ ਬਣਿਆ ਰਿਹਾ। ਉਸ ਨੇ ਗੁਰਦੁਆਰਾ ਸੁਧਾਰ ਲਹਿਰ ਵਿਚ ਜੇਲ ਕੱਟੀ, ਸ਼੍ਰੋਮਣੀ ਕਮੇਟੀ ਦਾ ਸੈਕਟਰੀ ਤੇ ਪ੍ਰਧਾਨ ਰਿਹਾ। ਸ਼੍ਰੋਮਣੀ ਅਕਾਲੀ ਦਲ ਤੇ ਸਿੱਖ ਲੀਗ ਦਾ ਪ੍ਰਧਾਨ ਰਿਹਾ। ਉਸ ਨੇ ਨਹਿਰੂ ਰਿਪੋਰਟ ਦੇ ਖ਼ਿਲਾਫ਼ ਕੌਮ ਨੂੰ ਅਗਵਾਈ ਦਿੱਤੀ। ਫ਼ਿਰਕੂ ਫ਼ੈਸਲੇ ਦੇ ਖ਼ਿਲਾਫ਼ ਉਸ ਨੇ 'ਜਹਾਦ' ਖੜ੍ਹਾ ਕੀਤਾ ਪਰ ਧੜੇਬੰਦੀ ਕਾਰਨ ਉਹ ਫ਼ੇਲ੍ਹ ਹੋਇਆ। 1932 ਤੋਂ 1947 ਤਕ ਉਸ ਨੇ ਸਿੱਖ ਹੱਕਾਂ ਵਾਸਤੇ ਲਾਸਾਨੀ ਰੋਲ ਅਦਾ ਕੀਤਾ। ਆਜ਼ਾਦ ਪੰਜਾਬ ਉਸ ਦੀ ਵਧੀਆ ਸਕੀਮ ਸੀ ਜੋ ਈਰਖਾਲੂ ਆਗੂਆਂ ਦੇ ਵਿਰੋਧ ਕਾਰਨ ਸਿਰੇ ਨਾ ਚੜ੍ਹ ਸਕੀ। 1940 ਤੋਂ ਮਗਰੋਂ ਉਸ ਨੇ ਖਾਲਿਸਤਾਨ ਦਾ ਨਾਅਰਾ ਲਾਇਆ ਪਰ 'ਜੇ ਪਾਕਿਸਤਾਨ ਬਣੇ ਤਾਂ ਖਾਲਿਸਤਾਨ ਵੀ ਬਣੇ' ਦਾ 'ਨਫ਼ੀ' ਦਾ ਨਾਅਰਾ ਯਕੀਨਨ ਨਾਕਾਮਯਾਬ ਹੋਣਾ ਹੀ ਸੀ। 1947 ਵਿਚ ਘਬਰਾ ਕੇ ਤੇ ਡਰ ਕੇ ਉਸ ਨੇ ਸਿੱਖਾਂ ਨੂੰ ਭਾਰਤ ਦਾ ਹਿੱਸਾ ਬਣਾਉਣਾ ਮਨਜ਼ੂਰ ਕੀਤਾ ਹਾਲਾਂਕਿ ਸਖ਼ਤ ਜੱਦੋਜਹਿਦ ਕਰ ਕੇ ਸਿੱਖ ਉਦੋਂ ਕਾਮਯਾਬ ਹੋ ਸਕਦੇ ਸਨ। ਇਹ ਗ਼ਲਤ ਹੈ ਕਿ ਅੰਗਰੇਜ਼ ਖਾਲਿਸਤਾਨ ਦੇਂਦੇ ਸਨ ਪਰ ਬਲਦੇਵ ਸਿੰਘ ਜਾਂ ਤਾਰਾ ਸਿੰਘ ਨੇ ਲੈਣ ਤੋਂ ਨਾਂਹ ਕੀਤੀ। ਹਾਂ ਇਹ ਜ਼ਰੂਰ ਸਹੀ ਹੈ ਕਿ ਤਾਰਾ ਸਿੰਘ ਤੇ ਬਾਕੀ ਆਗੂ ਘਬਰਾ ਗਏ ਤੇ ਬੌਂਦਲੇ ਹੋਇਆਂ ਨੇ ਆਜ਼ਾਦ ਸਿੱਖ ਸਟੇਟ ਵਾਸਤੇ ਜੱਦੋਜਹਿਦ ਕਰਨ ਦੀ ਥਾਂ 'ਤੇ ਭਾਰਤ ਨਾਲ ਰਲਣਾ ਮੰਨ ਲਿਆ।

1947 ਤੋਂ ਮਗਰੋਂ ਮਾਸਟਰ ਤਾਰਾ ਸਿੰਘ ਨੇ ਸਿੱਖਾਂ ਦੇ ਹੱਕਾਂ ਵਾਸਤੇ ਵੱਡੀ ਜੱਦੋਜਹਿਦ ਕੀਤੀ। ਜਦ ਸਾਰੇ ਸਾਥੀ ਵਜ਼ੀਰੀਆਂ ਅਤੇ ਤਾਕਤ ਵਾਸਤੇ ਕਾਂਗਰਸ ਦੀ ਝੋਲੀ ਪੈ ਕੇ ਪੰਥ ਨਾਲ ਗ਼ਦਾਰੀ ਕਰਨ ਵਾਸਤੇ ਤਿਆਰ ਹੋ ਗਏ ਤਾਂ ਉਹ ਇੱਕਲਾ ਹੀ ਚੰਦ ਕੂ ਸਾਥੀਆਂ ਸਣੇ ਡੱਟਿਆ ਰਿਹਾ। ਉਸ ਨੇ ਪੰਜਾਬੀ ਸੂਬੇ ਵਾਸਤੇ ਜੇਲ੍ਹ ਕੱਟੀ। 1947 ਤੋਂ ਮਗਰੋਂ ਉਹ ਦਰਜਨ ਤੋਂ ਵਧ ਵਾਰ ਜੇਲ੍ਹ ਗਿਆ। ਉਸ ਨੇ ਪੰਜਾਬੀ ਸੂਬੇ ਵਾਸਤੇ ਮਰਨ ਵਰਤ ਰੱਖਿਆ (ਪਰ ਕੁਝ ਹਾਸਿਲ ਕੀਤੇ ਬਿਨਾ ਛੱਡ ਦਿਤਾ)। ਉਸ ਨੇ ਸਿੱਖ ਹੋਮਲੈਂਡ ਦਾ ਨਾਅਰਾ ਲਾਇਆ ਤੇ ਸਿੱਖਾਂ ਦੇ ਹੱਕਾਂ ਵਾਸਤੇ ਜੱਦੋਜਹਿਦ ਕੀਤੀ।

ਮਾਸਟਰ ਤਾਰਾ ਸਿੰਘ ਪੰਥ ਦਾ ਵਫ਼ਾਦਾਰ ਸਿਪਾਹੀ ਸੀ ਪਰ ਉਹ ਜਜ਼ਬਾਤੀ ਸੀ। ਉਹ ਬਹੁਤਾ ਦੂਰਅੰਦੇਸ਼ ਵੀ ਨਹੀਂ ਸੀ ਤੇ ਵਾਰ-ਵਾਰ ਗ਼ਲਤੀ ਕਰ ਜਾਂਦਾ ਸੀ। ਕੁਝ ਹਦ ਤਕ ਉਹ ਡਰੂ ਵੀ ਸੀ। ਉਹ ਚਾਪਲੂਸੀ ਦਾ ਸ਼ੌਕੀਨ ਵੀ ਸੀ। ਹਿੰਦੂ ਆਗੂ ਚਾਪਲੂਸੀ ਕਰ ਕੇ ਆਪਣੇ ਹੱਕ ਵਿਚ ਬਿਆਨ ਵੀ ਦਿਵਾ ਲੈਂਦੇ ਸਨ ਤੇ ਹਿੰਦੂ ਮਹਾਂ ਸਭਾ ਦੀਆਂ ਕਾਨਫ਼ਰੰਸਾਂ ਵਿਚ ਵੀ ਲੈ ਜਾਂਦੇ ਸਨ ਜਿਥੇ ਉਹ ਨੀਮ-ਹਿੰਦੂ ਬਣ ਕੇ ਪੇਸ਼ ਹੁੰਦਾ ਸੀ। ਉਹ ਬੜੇ ਦਮਗਜੇ ਮਾਰਦਾ ਸੀ ਪਰ ਟੇਬਲ 'ਤੇ ਉਹ ਜਜ਼ਬਾਤੀ ਹੋ ਕੇ ਜਾਂ ਘਬਰਾ ਕੇ ਗ਼ਲਤ ਜਾਂ ਅਧੂਰੇ ਫ਼ੈਸਲੇ ਕਰ ਲੈਂਦਾ ਸੀ। ਉਂਵ ਤਾਂ ਸਿੱਖਾਂ ਦੀ ਸਮੁੱਚੀ ਲੀਡਰਸ਼ਿਪ ਹੀ ਜਜ਼ਬਾਤੀ, ਬੁਜ਼ਦਿਲ, ਲਾਲਚੀ ਅਤੇ ਬੇਸਮਝ ਸੀ ਅਤੇ ਬਹੁਤ

ਆਗੂ ਗ਼ੱਦਾਰੀ ਕਰਨ ਵਾਸਤੇ (ਬੜੇ ਸਸਤੇ ਮੁੱਲ 'ਤੇ ਵੀ) ਤਿਆਰ ਰਹਿੰਦੇ ਸਨ ਪਰ ਮਾਸਟਰ ਤਾਰਾ ਸਿੰਘ ਨਾ ਤਾਂ ਗ਼ੱਦਾਰ ਸੀ ਤੇ ਨਾ ਲਾਲਚੀ। ਉਸ ਦੀ ਜਜ਼ਬਾਤੀ ਤਬੀਅਤ, ਚਾਪਲੂਸੀ-ਪਸੰਦ ਸੁਭਾਅ ਅਤੇ ਬਹੁਤਾ ਦੂਰਅੰਦੇਸ਼ ਨਾ ਹੋਣਾ ਉਸ ਦੀ ਸ਼ਖ਼ਸੀਅਤ ਦੀਆਂ ਵੱਡੀਆਂ ਕਮੀਆਂ ਸਨ।

ਪ੍ਰਤਾਪ ਸਿੰਘ ਕੈਰੋਂ ਨਿਹਾਲ ਸਿੰਘ ਦਾ ਪੁੱਤਰ ਸੀ ਜਿਸ ਨੇ ਕੈਰੋਂ ਪਿੰਡ ਵਿਚ ਭੁਜੰਗਣ ਆਸ਼ਰਮ ਬਣਾ ਕੇ ਬੱਚੀਆਂ ਵਾਸਤੇ ਸਕੂਲ ਖੋਲ੍ਹਿਆ ਹੋਇਆ ਸੀ। ਅਮਰੀਕਾ ਵਿਚੋਂ ਪੜ੍ਹਾਈ ਕਰ ਕੇ ਆਉਣ ਮਗਰੋਂ ਕੈਰੋਂ 1930 ਵਿਚ ਅਕਾਲੀ ਦਲ ਵਿਚ ਆਇਆ ਸੀ। 1931 ਵਿਚ ਜਦੋਂ ਗੋਲਮੇਜ਼ ਕਾਨਫ਼ਰੰਸ ਹੋਈ ਤਾਂ ਗਾਂਧੀ ਸਿੱਖਾਂ ਨਾਲ ਵਾਅਦਾ ਤੋੜ ਕੇ ਲੰਡਨ ਚਲਾ ਗਿਆ ਤਾਂ ਕੈਰੋਂ ਨੇ ਉਸ ਨੂੰ ਤਾਰ ਭੇਜੀ ਸੀ ਕਿ 'ਗੋਲਮੇਜ਼ ਕਾਨਫ਼ਰੰਸ 'ਤੇ ਜਾਣਾ ਸਿੱਖ ਲੀਗ ਨਾਲ ਗ਼ੱਦਾਰੀ ਹੈ।' 1937 ਵਿਚ ਉਹ ਅਕਾਲੀ ਟਿਕਟ 'ਤੇ ਐਮ.ਐਲ.ਏ. ਦੀ ਚੋਣ ਲੜਿਆ। ਪਰ ਇਸ ਮਗਰੋਂ ਉਹ ਕਾਂਗਰਸ ਵਲ ਵਧੇਰੇ ਝੁਕਣ ਲਗ ਪਿਆ। 1947 ਦੇ ਸ਼ੁਰੂ ਵਿਚ ਵਿਚ ਜਦੋਂ ਅਕਾਲੀ ਦਲ ਨੇ ਸਿੱਖ ਸਟੇਟ ਦੇ ਹੱਕ ਵਿਚ ਮਤਾ ਪਾਸ ਕੀਤਾ ਤਾਂ 'ਸਿੱਖ ਨੈਸ਼ਨਲਿਸਟਾਂ ਦੀ ਮੀਟਿੰਗ' ਕਰ ਕੇ **ਕੈਰੋਂ ਨੇ ਸਿੱਖ ਸਟੇਟ ਦੇ ਖ਼ਿਲਾਫ਼ ਮਤਾ ਪਾਸ ਕਰਵਾਇਆ।** ਉਦੋਂ ਕੈਰੋਂ ਦਾ ਸਾਥ ਦੇਣ ਵਾਲੇ ਸਨ: ਸਰਦੂਲ ਸਿੰਘ ਕਵੀਸ਼ਰ, ਗੋਪਾਲ ਸਿੰਘ ਕੌਮੀ, ਗੁਰਮੁਖ ਸਿੰਘ ਮੁਸਾਫ਼ਿਰ, ਨਿਧਾਨ ਸਿੰਘ ਆਲਮ ਵਗ਼ੈਰਾ।

1947 ਤੋਂ ਮਗਰੋਂ ਜਦੋਂ ਸਿੱਖਾਂ ਨਾਲ ਬੇਹੱਦ ਧੱਕਾ ਹੋਣ ਲੱਗ ਪਿਆ ਤਾਂ ਅਸੈਂਬਲੀ ਦੇ 33 ਵਿਚੋਂ 32 ਸਿੱਖ ਮੈਂਬਰਾਂ ਨੇ 15 ਨਵੰਬਰ 1948 ਨੂੰ ਸਿੱਖ ਮੰਗਾਂ ਦੇ ਚਾਰਟਰ 'ਤੇ ਦਸਤਖ਼ਤ ਕੀਤੇ। ਸਿਰਫ਼ ਪ੍ਰਤਾਪ ਸਿੰਘ ਕੈਰੋਂ ਨੇ ਇਸ 'ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿਤੀ। ਉਸ ਦਾ ਨਿਸ਼ਾਨਾ ਸਿੱਖਾਂ ਦਾ ਵਿਰੋਧ ਕਰ ਕੇ ਤਾਕਤ ਹਾਸਿਲ ਕਰਨਾ ਸੀ ਪਰ ਉਸ ਨੂੰ ਚੀਫ਼ ਮਨਿਸਟਰੀ ਹਾਸਿਲ ਕਰਨ ਵਿਚ ਅੱਠ ਸਾਲ ਲਗ ਗਏ। ਜਦ 1956 ਵਿਚ ਉਹ ਚੀਫ਼ ਮਨਿਸਟਰ ਬਣਿਆ ਤਾਂ ਉਸ ਦਾ ਸਭ ਤੋਂ ਪਹਿਲਾ ਕੰਮ (**ਪੰਜਾਬ ਨਾਲ ਮਹਾਂ ਗ਼ਦਾਰੀ**) ਇਹ ਸੀ ਕਿ ਉਸ ਨੇ ਰਾਜਸਥਾਨ ਨੂੰ ਪਾਣੀ ਦੇਣ ਵਾਸਤੇ ਨਹਿਰ ਕੱਢੀ ਅਤੇ ਪੰਜਾਬ ਦਾ ਅੱਧਾ ਪਾਣੀ ਰਾਜਿਸਥਾਨ ਨੂੰ ਮੁਫ਼ਤ ਦੇ ਦਿਤਾ। 1955 ਦੇ ਪੰਜਾਬੀ ਸੂਬਾ ਸੁਧਾਰ ਮੋਰਚੇ ਵਿਚ ਉਸ ਨੇ ਅਕਾਲੀ ਦਲ ਨੂੰ ਖ਼ੂਬ ਗਾਹਲਾਂ ਕੱਢੀਆਂ। ਉਸ ਨੇ 1955 ਵਿਚ ਦਰਬਾਰ ਸਾਹਿਬ 'ਤੇ ਹਮਲੇ ਦੀ ਰੱਜਵੀਂ ਹਿਮਾਇਤ ਕੀਤੀ। 1960 ਵਿਚ ਉਸ ਨੇ ਪੰਜਾਬੀ ਸੂਬੇ ਮੋਰਚੇ ਦੌਰਾਨ ਸਿੱਖਾਂ ਤੇ ਬੇਤਹਾਸ਼ਾ ਜ਼ੁਲਮ ਕੀਤੇ। ਦਰਬਾਰ ਸਾਹਿਬ ਵਿਚ ਆਉਣ ਵਾਲੇ ਸਿੱਖਾਂ ਦੇ ਕਛਹਿਰੇ ਤਕ ਚੈੱਕ ਕੀਤੇ ਜਾਂਦੇ ਸਨ। 9 ਅਕਤੂਬਰ 1960 ਵਿਚ ਉਸ ਨੇ ਬਠਿੰਡਾ ਜੇਲ੍ਹ ਵਿਚ ਗੋਲੀਆਂ ਚਲਾ ਕੇ ਕਈ ਸਿੱਖ ਮਾਰੇ ਤੇ ਜ਼ਖ਼ਮੀ ਕੀਤੇ। 11 ਅਕਤੂਬਰ ਨੂੰ ਪਟਿਆਲੇ ਵਿਚ ਦੋ ਸਿੱਖ ਮਾਰੇ। ਪਹਿਲਾਂ ਕਰਨਾਲ ਵਿਚ ਬੱਚਾ ਇੰਦਰਜੀਤ ਸਿੰਘ ਮਾਰ ਕੇ ਖੂਹ ਵਿਚ ਸੁੱਟਿਆ ਸੀ। ਕੈਰੋਂ ਨੇ ਸਿੱਖ ਧਰਮ 'ਤੇ ਹਮਲਾ ਕਰਨ ਵਾਲਾ ਇਕ ਆਰਡੀਨੈਂਸ ਵੀ ਜਾਰੀ ਕੀਤਾ। ਕੈਰੋਂ ਦਾ ਸਾਰਾ ਰੋਲ ਸਿੱਖਾਂ 'ਤੇ ਜ਼ੁਲਮ ਵਾਲਾ ਰਿਹਾ ਤੇ ਇਸ ਬਦਲੇ ਉਸ ਨੂੰ ਇਨਾਮ ਵਿਚ ਮਿਲੀ ਸਿਰਫ਼ ਅੱਠ ਸਾਲ ਦੀ ਚੀਫ਼ ਮਨਿਸਟਰੀ ਤੇ ਉਹ ਵੀ ਜਦੋਂ ਤਕ ਨਹਿਰੂ ਜਿਊਂਦਾ ਰਿਹਾ। ਗੱਦੀ ਤੋਂ ਉਤਰਨ ਤੋਂ 8 ਮਹੀਨੇ ਦੇ ਅੰਦਰ-ਅੰਦਰ ਉਹ ਨਿੱਜੀ ਵਿਰੋਧੀਆਂ ਹੱਥੋਂ ਮਾਰਿਆ ਗਿਆ।

ਹੁਕਮ ਸਿੰਘ, ਬਲਦੇਵ ਸਿੰਘ, ਗਿਆਨ ਸਿੰਘ ਰਾੜੇਵਾਲਾ, ਅਜੀਤ ਸਿੰਘ ਸਰਹੱਦੀ ਛੋਟੀਆਂ ਸ਼ਖ਼ਸੀਅਤਾਂ ਦੇ ਮਾਲਿਕ ਸਨ। ਉਹ ਵਜ਼ੀਰੀਆਂ ਦੇ ਲਾਲਚੀ ਸਨ। ਜਦੋਂ ਉਨ੍ਹਾਂ ਨੂੰ ਕਾਂਗਰਸ ਕੁਝ ਦੇ ਦੇਂਦੀ ਸੀ ਤਾਂ ਉਹ ਅਕਾਲੀ ਦਲ ਨੂੰ ਗਾਲ੍ਹਾਂ ਕੱਢਣ ਲਗ ਪੈਂਦੇ ਸਨ ਤੇ ਕੱਟੜ-ਫ਼ਿਰਕੂ ਹਿੰਦੂਆਂ

ਵਾਂਗ 'ਦੇਸ਼ ਭਗਤ' ਬਣ ਜਾਂਦੇ ਸਨ ਪਰ ਜਦੋਂ ਉਨ੍ਹਾਂ ਨੂੰ ਕੁਝ ਨਹੀਂ ਸੀ ਮਿਲਦਾ ਤਾਂ ਉਹ ਪੰਥ ਵਲ ਮੁੜ ਆਉਂਦੇ ਸਨ। ਨਿੱਜੀ ਲਾਲਚਾਂ ਹੇਠ ਦੋ-ਦੋ ਦਹਾਕੇ ਵਜ਼ੀਰੀਆਂ ਅਤੇ ਤਾਕਤ ਦੀ ਦੁਨੀਆਂ ਵਿਚ ਰਹਿਣ ਵਾਸਤੇ ਉਹ ਪੰਥ ਦੀ ਪਿੱਠ ਵਿਚ ਛੁਰਾ ਮਾਰਨ ਵਾਸਤੇ ਹਰ ਵੇਲੇ ਤਿਆਰ ਰਹਿੰਦੇ ਸਨ। ਹਾਂ ਜ਼ੈਲ ਸਿੰਘ, ਸਵਰਨ ਸਿੰਘ, ਦਰਬਾਰਾ ਸਿੰਘ (ਜੰਡਿਆਲਾ) ਤੇ ਗੁਰਦਿਆਲ ਸਿੰਘ ਢਿੱਲੋਂ ਕਦੇ ਪੰਥ ਵਲ ਨਹੀਂ ਮੁੜੇ। ਉਹ ਹਮੇਸ਼ਾ ਸਿੱਖ-ਵਿਰੋਧੀ ਖੇਮੇ ਵਿਚ ਹੀ ਰਹੇ ਅਤੇ ਆਪਣੀਆਂ ਗੱਦੀਆਂ ਵਾਸਤੇ ਅਕਾਲੀ ਦਲ, ਪੰਥ ਤੇ ਪੰਜਾਬ ਨਾਲ ਗ਼ੱਦਾਰੀ ਤਕ ਕਰਨ ਵਾਸਤੇ ਵੀ ਅੱਗੇ ਵਧ ਕੇ ਰੋਲ ਅਦਾ ਕਰਦੇ ਰਹੇ। ਗੁਰਦਿਆਲ ਸਿੰਘ ਢਿੱਲੋਂ ਦੀ ਭਤੀਜੀ ਨੇ ਇਕ ਹਿੰਦੂ ਪ੍ਰੋਫ਼ੈਸਰ (ਨਰੇਸ਼ ਕੁਮਾਰ) ਨਾਲ ਪਿਆਰ-ਵਿਆਹ ਕੀਤਾ ਤਾਂ ਢਿੱਲੋਂ ਉਸ ਹਿੰਦੂ ਦੇ ਫ਼ਾਇਦੇ ਵਾਸਤੇ ਪੰਜਾਬੀ, ਪੰਜਾਬੀਅਤ, ਸਿੱਖੀ ਤੇ ਸਿੱਖ ਪ੍ਰੋਫ਼ੈਸਰਾਂ ਨਾਲ ਧੱਕਾ ਕਰਨ ਵਿਚ ਵੀ ਮੂਹਰੇ ਸੀ। ਯਾਨਿ ਇਨ੍ਹਾਂ ਲੋਕਾਂ ਦੀ ਸੋਚ ਸਿਰਫ਼ ਨਿੱਜੀ, ਪਰਿਵਾਰਿਕ ਤੇ ਕਬਾਇਲੀ ਸੀ। ਇਨ੍ਹਾਂ ਵਾਸਤੇ ਪੰਜਾਬ, ਪੰਜਾਬੀ, ਧਰਮ, ਪੰਥ ਦੀ ਕੋਈ ਅਹਮੀਅਤ ਨਹੀਂ ਸੀ। ਦਰਬਾਰਾ ਸਿੰਘ ਨੇ ਚੀਫ਼ ਮਨਿਸਟਰੀ ਦੌਰਾਨ ਸਿੱਖਾਂ 'ਤੇ ਰੱਜ ਕੇ ਜ਼ੁਲਮ ਢਾਏ। ਉਹ 1947 ਤੋਂ 1966 ਤਕ ਆਖ਼ਰੀ ਮੌਕੇ ਤਕ ਪੰਜਾਬੀ ਸੂਬੇ ਦਾ ਕੱਟੜ ਮੁਖ਼ਾਲਿਫ਼ ਰਿਹਾ। ਜ਼ੈਲ ਸਿੰਘ ਇਨ੍ਹਾਂ ਸਭ ਤੋਂ ਅੱਗੇ ਨਿਕਲ ਗਿਆ। ਉਸ ਦੇ ਅਹਿਦ (ਤੇ ਉਸ ਦੇ ਰਸਮੀ ਹੁਕਮਾਂ ਹੇਠ) 4 ਜੂਨ 1984 ਦੇ ਦਿਨ ਫ਼ੌਜ ਨੇ ਦਰਬਾਰ ਸਾਹਿਬ ਤੇ 36 ਹੋਰ ਗੁਰਦੁਆਰਿਆਂ 'ਤੇ ਹਮਲੇ ਕੀਤੇ ਤੇ ਤਬਾਹੀ ਕੀਤੀ। ਇਸ ਦੌਰਾਨ ਹਜ਼ਾਰਾਂ ਸਿੱਖ ਮਾਰ ਦਿਤੇ ਗਏ ਤੇ ਹਜ਼ਾਰਾਂ ਹੋਰ ਬੇਗੁਨਾਹ ਸਿੱਖ ਜੇਲ੍ਹਾਂ ਵਿਚ ਸੁੱਟੇ ਗਏ। ਇਸ ਹਮਲੇ ਵਿਚ 'ਬਹਾਦਰੀ ਦਿਖਾਉਣ ਵਾਲੇ' ਫ਼ੌਜੀਆਂ ਨੂੰ ਜ਼ੈਲ ਸਿੰਘ ਨੇ ਐਵਾਰਡ ਅਤੇ ਤਗ਼ਮੇ ਦਿੱਤੇ। ਜਦੋਂ 1986 ਵਿਚ ਸੁਰਜੀਤ ਬਰਨਾਲਾ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਅਤੇ 'ਅਕਾਲ ਤਖ਼ਤ ਤੋਂ ਬਗ਼ਾਵਤ' ਦਾ ਐਲਾਨ ਕੀਤਾ ਤਾਂ ਜ਼ੈਲ ਸਿੰਘ ਨੇ ਪਾਰਲੀਮੈਂਟ ਵਿਚ ਉਸ ਦੀ ਤਾਰੀਫ਼ ਕੀਤੀ। ਇੰਦਰਾ ਗਾਂਧੀ ਕਤਲ ਤੋਂ ਬਾਅਦ ਉਸ ਨੇ ਰਾਜੀਵ ਨੂੰ ਪ੍ਰਾਈਮ ਮਨਿਸਟਰ ਬਣਾਇਆ ਅਤੇ ਅਗਲੇ ਪੰਜ ਦਿਨ ਸਿੱਖਾਂ ਦਾ ਕਤਲੇਆਮ ਹੋਇਆ ਤਾਂ ਉਹ ਚੁਪ ਰਿਹਾ। ਅਖ਼ੀਰ ਜ਼ਲੀਲ ਹੋ ਕੇ, ਸਿੱਖੀ ਚੋਂ ਖਾਰਜ ਹੋ ਕੇ, ਉਹ ਗੁਮਨਾਮੀ ਵਾਲੀ ਮੌਤ ਮਰਿਆ।

ਸੁਰਜੀਤ ਬਰਨਾਲਾ 1965 ਤੋਂ ਮਗਰੋਂ ਸਿੱਖ ਸਿਆਸਤ ਵਿਚ ਸਰਗਰਮ ਹੋਇਆ। ਉਹ 1969 ਵਿਚ ਅਕਾਲੀ ਸਰਕਾਰ ਵਿਚ ਵਜ਼ੀਰ ਬਣਿਆ। 1977 ਵਿਚ ਉਹ ਸੈਂਟਰ ਵਿਚ ਵਜ਼ੀਰ ਬਣਿਆ। 1978 ਵਿਚ ਜਦ ਨਿਰੰਕਾਰੀਆਂ ਨੇ ਅੰਮ੍ਰਿਤਸਰ ਵਿਚ 13 ਸਿੱਖ ਮਾਰੇ ਤਾਂ ਚਰਚਾ ਚੱਲਿਆ ਕਿ ਉਸ ਦੇ ਟੱਬਰ ਦੇ ਨਿਰੰਕਾਰੀਆਂ ਨਾਲ ਸਬੰਧ ਹਨ। ਉਸ ਨੂੰ ਇਸ ਇਲਜ਼ਾਮ ਤੋਂ ਬਚਣ ਵਾਸਤੇ ਨਿਰੰਕਾਰੀਆਂ ਦੇ ਖ਼ਿਲਾਫ਼ ਬਿਆਨ ਦੇਣਾ ਪਿਆ। 1982 ਵਿਚ ਚੱਲੇ ਧਰਮ ਯੁਧ ਮੋਰਚੇ ਵਿਚ ਉਸ ਦਾ ਕੋਈ ਰੋਲ ਨਹੀਂ ਸੀ। 1985 ਵਿਚ ਜਦੋਂ ਰਾਜੀਵ ਗਾਂਧੀ ਨੇ ਸਿੱਖ ਜੱਦੋਜਹਿਦ ਨੂੰ ਖ਼ਤਮ ਕਰਨ ਵਾਸਤੇ ਬੰਦੇ ਢੂੰਢਣੇ ਸ਼ੁਰੂ ਕੀਤੇ ਤਾਂ ਅਰਜਨ ਸਿੰਘ (ਸਾਬਕਾ ਚੀਫ਼ ਮਨਿਸਟਰ ਮੱਧ ਪ੍ਰਦੇਸ਼) ਨੇ ਸੁਰਜੀਤ ਬਰਨਾਲਾ, ਬਲਵੰਤ ਸਿੰਘ, ਬਲਵੰਤ ਸਿੰਘ ਰਾਮੂੰਵਾਲੀਆ, ਪ੍ਰਿਥੀਪਾਲ ਸਿੰਘ ਕਪੂਰ, ਪ੍ਰੋ: ਅਤਰ ਸਿੰਘ ਵਗ਼ੈਰਾ ਨਾਲ ਰਾਬਤਾ ਬਣਾਇਆ। ਇਸ ਵਿਚ ਹਰਕਿਸ਼ਨ ਸੁਰਜੀਤ ਤੇ ਬਰਜਿੰਦਰ ਸਿੰਘ ਹਮਦਰਦ ਨੇ ਵੀ ਰੋਲ ਅਦਾ ਕੀਤਾ। ਇਨ੍ਹਾਂ ਸਾਰਿਆਂ ਵਿਚੋਂ ਰਾਜੀਵ ਤੇ ਅਰਜਨ ਸਿੰਘ ਨੂੰ ਸੁਰਜੀਤ ਬਰਨਾਲਾ ਹੀ ਸਭ ਤੋਂ ਵਧ ਪਸੰਦ ਆਇਆ। ਉਨ੍ਹਾਂ ਨੇ ਇਸ ਨੂੰ ਅੱਗੇ

ਲਿਆ ਕੇ ਸਿੱਖ ਜੱਦੋਜਹਿਦ ਖ਼ਤਮ ਕਰਨ ਦੀ ਪਲਾਨ ਬਣਾਈ। ਰਾਜੀਵ-ਲੌਂਗੋਵਾਲ ਸਮਝੌਤਾ ਕਰਵਾਉਣ ਵਿਚ ਸੁਰਜੀਤ ਬਰਨਾਲਾ ਹੀ ਸਭ ਤੋਂ ਮੂਹਰੇ ਸੀ। ਇਸ ਕਰ ਕੇ ਪੰਜਾਬ ਅਸੈਂਬਲੀ ਚੋਣਾਂ ਵਿਚ 1985 ਵਿਚ ਕਾਂਗਰਸ ਨੇ ਬਰਨਾਲੇ ਦੀ ਰੱਜ ਕੇ ਮਦਦ ਕੀਤੀ ਤੇ ਚੀਫ਼ ਮਨਿਸਟਰ (ਤੇ ਅਕਾਲੀ ਦਲ ਦਾ ਪ੍ਰਧਾਨ) ਵੀ ਉਸੇ ਨੂੰ ਹੀ ਬਣਾਇਆ।

ਸੁਰਜੀਤ ਬਰਨਾਲਾ ਭਾਵੇਂ ਪੰਜਾਬ ਦਾ ਚੀਫ਼ ਮਨਿਸਟਰ ਸੀ ਪਰ ਉਹ ਰਾਜੀਵ ਗਾਂਧੀ ਦੀ 'ਪਰੌਕਸੀ' ਸੀ। ਰਿਮੋਟ ਕੰਟਰੋਲ ਰਾਜੀਵ ਕੋਲ ਹੀ ਸੀ। ਉਸ ਨੇ ਸੁਰਜੀਤ ਬਰਨਾਲੇ ਕੋਲੋਂ ਵਾਰ-ਵਾਰ ਦਰਬਾਰ ਸਾਹਿਬ ਵਿਚ ਪੁਲੀਸ ਭਿਜਵਾਈ, ਹਜ਼ਾਰਾਂ ਸਿੱਖ ਨੌਜਵਾਨ ਗ੍ਰਿਫ਼ਤਾਰ ਕਰਵਾਏ, ਸੈਂਕੜੇ ਸਿੱਖ ਨੌਜਵਾਨ ਨਕਲੀ ਮੁਕਾਬਲਿਆਂ ਵਿਚ ਮਰਵਾਏ, ਅਕਾਲ ਤਖ਼ਤ ਸਾਹਿਬ ਨੂੰ ਚੈਲੰਜ ਕਰਵਾਇਆ, ਦਰਬਾਰ ਸਾਹਿਬ 'ਤੇ ਬੇਵਜਹ ਹਮਲਾ ਕਰਵਾਇਆ, ਇਸ ਹਮਲੇ ਦਾ ਵਿਰੋਧ ਕਰਨ ਵਾਲੇ ਅਕਾਲੀ ਆਗੂ (ਸਣੇ ਟੌਹੜਾ ਤੇ ਬਾਦਲ) ਜੇਲ੍ਹਾਂ ਵਿਚ ਸੁਟਵਾਏ। ਰਾਜੀਵ ਨੇ ਤਾਂ ਬਰਨਾਲੇ ਵਾਸਤੇ ਏਨਾ ਵੀ ਨਾ ਕੀਤਾ ਕਿ ਉਹ ਚੰਡੀਗੜ੍ਹ ਹੀ ਦੇ ਦੇਂਦਾ। ਬਰਨਾਲੇ ਨੇ 26 ਜਨਵਰੀ 1986 ਤੋਂ ਇਸ ਮਗਰੋਂ ਇਕ ਵਾਰ ਹੋਰ (21 ਜੂਨ 1986 ਨੂੰ) 'ਚੰਡੀਗੜ੍ਹ ਦੇਣ ਵਾਸਤੇ ਰਾਜੀਵ ਦਾ ਧੰਨਵਾਦ' ਵਾਲੇ ਲੱਖਾਂ ਪੋਸਟਰ ਛਪਵਾ ਕੇ ਰੱਖ ਵੀ ਲਏ, ਪਰ ਉਹ ਕਿਸੇ ਕੰਮ ਨਾ ਆਏ। ਅਖ਼ੀਰ ਰਾਜੀਵ ਨੇ ਉਸ ਨੂੰ ਵਰਤ ਕੇ 'ਚੂਪੇ ਅੰਬ ਦੀ ਗਿਟਕ' ਵਾਂਗ ਸੁੱਟ ਦਿਤਾ ਪਰ ਮਗਰੋਂ ਜ਼ਲੀਲ ਹੋਏ ਸੁਰਜੀਤ ਬਰਨਾਲੇ ਨੂੰ ਗਵਰਨਰੀ ਮਿਲ ਗਈ। ਪੰਥ ਨਾਲ ਗ਼ੱਦਾਰੀ, ਨੌਜਵਾਨਾਂ ਦਾ ਘਾਣ, ਗੁਰਦੁਆਰਿਆਂ ਦੇ ਬੇਹੁਰਮਤੀ ਕਰ ਕੇ ਇਸ ਬੇਗ਼ੈਰਤ ਨੂੰ ਸਿਰਫ਼ ਗਵਰਨਰੀ ਹੀ ਨਸੀਬ ਹੋਈ ਤੇ ਜਾਂ ਫਿਰ ਸਿੱਖਾਂ ਤੋਂ ਨਫ਼ਰਤ। ਸਿੱਖ ਤਵਾਰੀਖ ਵਿਚ ਸਿੱਖਾਂ ਦਾ ਕਾਤਲ, ਬੇਅੰਤ ਸਿੰਘ (1992-95) ਤੋਂ ਬਾਅਦ ਦੂਜਾ ਵੱਡਾ, ਪਗੜੀਧਾਰੀ ਜ਼ਾਲਮ ਚੀਫ਼ ਮਨਿਸਟਰ ਸੁਰਜੀਤ ਬਰਨਾਲਾ ਹੀ ਸੀ। ਬਰਨਾਲੇ ਦੇ ਸਾਥੀ ਕੈਪਟਨ ਕੰਵਲਜੀਤ ਨੇ ਉਸ ਦਾ ਬਰਾਬਰ ਦਾ ਸਾਥ ਦਿਤਾ ਸੀ।

ਬੇਅੰਤ ਸਿੰਘ 1992 ਵਿਚ 15% ਵੋਟਾਂ ਲੈ ਕੇ ਪੰਜਾਬ ਦਾ ਚੀਫ਼ ਮਨਿਸਟਰ ਬਣਿਆ। ਉਸ ਨੇ ਅਹੁਦਾ ਸੰਭਾਲਦਿਆਂ ਹੀ ਕੇ.ਪੀ. ਐੱਸ. ਗਿੱਲ (ਪੁਲਿਸ ਚੀਫ਼) ਨੂੰ ਇਜਾਜ਼ਤ ਦੇ ਦਿੱਤੀ ਕਿ ਉਹ ਸਿੱਖ ਨੌਜਵਾਨਾਂ ਦਾ ਕਤਲੇਆਮ ਸ਼ੁਰੂ ਕਰ ਦੇਵੇ ਤਾਂ ਜੋ ਸਿੱਖਾਂ ਵਿਚ ਦਹਿਸ਼ਤ ਫੈਲ ਸਕੇ। ਕੈਰੋਂ ਤੇ ਸੁਰਜੀਤ ਬਰਨਾਲਾ ਵਾਂਗ ਉਸ ਦੇ ਅੰਦਰ ਦਾ ਸਿੱਖ ਤੇ ਇਨਸਾਨ ਮਰ ਗਿਆ ਤੇ ਉਸ ਦੇ ਸੀਨੇ ਵਿਚ ਚੰਗੇਜ, ਨਾਦਰ, ਜ਼ਕਰੀਆ, ਮੀਰ ਮੰਨੂ ਵਾਲੀ ਸੋਚ ਹਾਵੀ ਹੋ ਗਈ। ਤਿੰਨ ਸਾਲ ਵਿਚ ਉਸ ਨੇ ਹਜ਼ਾਰਾਂ ਬੇਗੁਨਾਹ ਸਿੱਖ ਨੌਜਵਾਨ ਕਤਲ ਕਰਵਾ ਦਿਤੇ। ਅਖ਼ੀਰ 31 ਅਗਸਤ 1995 ਵਿਚ ਉਸ ਨੂੰ ਦਿਲਾਵਰ ਸਿੰਘ ਨੇ ਆਪਣੀ ਛਾਤੀ ਨਾਲ ਬੰਬ ਬੰਨ੍ਹ ਕੇ ਉਡਾ ਦਿਤਾ ਤੇ ਇਸ ਪਾਪੀ ਨੂੰ ਖ਼ਤਮ ਕਰ ਕੇ ਜ਼ੁਲਮ ਦਾ ਦੌਰ ਖ਼ਤਮ ਕੀਤਾ। ਬੇਅੰਤ ਸਿੰਘ ਅਕਾਲੀ ਦਲ 'ਚੋਂ ਕਾਂਗਰਸ ਵਿਚ ਗਿਆ ਸੀ। ਉਹ 1955 ਦੇ ਮੋਰਚੇ ਵਿਚ ਜੇਲ੍ਹ ਵੀ ਗਿਆ ਸੀ ਤੇ ਅਕਾਲੀ ਦਲਾਂ ਵਿਚ ਫੁੱਟ ਵੇਲੇ ਉਹ ਜਮ੍ਹਾਂ ਪੱਖੀ ਰੋਲ ਅਦਾ ਕਰਦਾ ਰਿਹਾ ਸੀ। ਪਰ ਮਗਰੋਂ ਉਹ ਗੱਦੀ ਦੇ ਲਾਲਚ ਵਿਚ ਕਾਂਗਰਸ ਵਿਚ ਚਲਾ ਗਿਆ। ਸਿੱਖ ਤਵਾਰੀਖ਼ ਵਿਚ ਸਭ ਤੋਂ ਜ਼ਾਲਮ ਪਗੜੀਧਾਰੀ ਬੇਅੰਤ ਤੇ ਕੇ.ਪੀ.ਐੱਸ. ਗਿੱਲ ਦੀ ਜੋੜੀ ਸੀ। ਬੇਅੰਤ ਨੂੰ ਇਸ ਕਤਲੇਆਮ 'ਤੇ ਏਨਾ ਭੈਅ ਆਉਂਦਾ ਸੀ ਕਿ ਉਹ ਦਿਨੇ ਹੀ ਨਹੀਂ ਸ਼ਾਮ ਨੂੰ ਹਨੇਰੇ ਵਿਚ ਵੀ ਰੰਗੀਨ ਐਨਕ ਲਾ ਕੇ ਰੱਖਦਾ ਸੀ ਤੇ ਕਿਸੇ ਨਾਲ ਅੱਖ ਵੀ ਨਹੀਂ ਸੀ ਮਿਲਾ ਸਕਦਾ। ਬੁੱਚੜਾਂ ਵਾਂਗ ਕਤਲੇਆਮ ਕਰਵਾਉਣ ਵਾਲਾ ਆਪ ਵੀ ਅਖ਼ੀਰ ਤੂੰਬਾ-

ਤੂੰਬਾ ਹੋ ਕੇ ਉੱਡ ਗਿਆ।

ਅਕਾਲੀਆਂ ਵਿਚੋਂ, ਅਕਾਲੀ ਰਹਿ ਕੇ, ਅਜੀਬੋ-ਗ਼ਰੀਬ ਰੋਲ ਅਦਾ ਕਰਨ ਵਾਲੇ ਸ਼ਖ਼ਸ ਸਨ ਗੁਰਚਰਨ ਸਿੰਘ ਟੌਹੜਾ, ਪ੍ਰਕਾਸ਼ ਸਿੰਘ ਬਾਦਲ, ਸੁਖਜਿੰਦਰ ਸਿੰਘ, ਮਨਜੀਤ ਸਿੰਘ ਕਲਕੱਤਾ, ਜਗਦੇਵ ਸਿੰਘ ਤਲਵੰਡੀ ਵਗ਼ੈਰਾ। ਗੁਰਚਰਨ ਸਿੰਘ ਟੌਹੜਾ 1960 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੈਂਬਰ ਬਣਿਆ। ਉਸ ਨੇ 1973 ਵਿਚ ਇਸ ਦੀ ਪ੍ਰਧਾਨਗੀ ਸੰਭਾਲ ਲਈ। ਅਗਲੇ ਤਕਰੀਬਨ ਤੀਹ ਸਾਲ ਵਿਚ ਉਹ ਸ਼੍ਰੋਮਣੀ ਕਮੇਟੀ ਦਾ ਇਕ ਤਰ੍ਹਾਂ ਨਾਲ ਸਾਰਾ-ਕੁਝ ਸੀ। ਪਰ ਇਸ ਦੌਰਾਨ ਸ਼੍ਰੋਮਣੀ ਕਮੇਟੀ ਵਿਚ ਸੈਂਕੜੇ ਕਾਮਰੇਡ ਭਰਤੀ ਹੋ ਗਏ, ਸ਼੍ਰੋਮਣੀ ਕਮੇਟੀ ਦੇ ਫ਼ੰਡਾਂ ਦੀ ਗ਼ਲਤ ਵਰਤੋਂ ਹੋਣ ਲਗ ਪਈ, ਇਸ ਦੇ ਸਕੂਲ ਕਾਲਜਾਂ ਦਾ ਮਿਆਰ ਬੁਰੀ ਤਰ੍ਹਾਂ ਡਿਗ ਪਿਆ। ਧਰਮ ਪ੍ਰਚਾਰ ਦਾ ਚਰਚਾ ਤਾਂ ਚਲਦਾ ਰਿਹਾ ਪਰ ਸਿਰਫ਼ ਕਾਗ਼ਜ਼ੀ ਕਾਰਵਾਈ ਰਹੀ। ਟੌਹੜਾ ਸਿਰਫ਼ ਇੰਤਜ਼ਾਮੀਆ ਨਾਜ਼ਮ (ਰਸਮੀ ਐਡਮਨਿਸਟਰੇਟਰ) ਸੀ ਤੇ ਇਸ ਤੋਂ ਸਿਵਾ ਉਸ ਨੇ ਕੁਝ ਨਹੀਂ ਕੀਤਾ। ਉਸ ਦੇ ਦਿਲ ਵਿਚ ਚੀਫ਼ ਮਨਿਸਟਰੀ ਸੀ ਪਰ ਉਸ ਦੀ ਔਕਾਤ ਇਕ ਪੁਜਾਰੀ+ਚੌਧਰੀ ਦੇ ਦਰਜੇ ਤੋਂ ਵਧ ਹੋਰ ਕੁਝ ਵੀ ਨਹੀਂ ਸੀ। ਉਹ ਚਾਪਲੂਸੀ ਦਾ ਏਨਾ ਭੁੱਖਾ ਸੀ ਕਿ ਉਸ ਤੋਂ ਕੁਝ ਵੀ ਕਰਵਾਇਆ ਜਾ ਸਕਦਾ ਸੀ। ਇਹ ਸਤਿਬੀਰ ਸਿੰਘ ਤੇ ਖੜਕ ਸਿੰਘ ਵਗ਼ੈਰਾ ਦੀ ਟੌਹੜਾ-ਚਾਪਲੂਸੀ ਹੀ ਸੀ ਜੋ ਉਨ੍ਹਾਂ ਨੂੰ ਟੌਹੜੇ ਦੀ ਬਣਾਈ ਹਰ ਕਮੇਟੀ ਦਾ ਮੈਂਬਰ ਬਣਾ ਦੇਂਦੀ ਸੀ। ਉਨ੍ਹਾਂ ਦੀ ਧਰਮ ਪ੍ਰਚਾਰ ਕਮੇਟੀ ਵਿਚ ਖੜਕ ਸਿੰਘ ਤੇ ਪ੍ਰਿੰਸੀਪਲ ਰਾਮ ਸਿੰਘ ਮਸਤੂਆਣਾ ਵਰਗੇ ਮੈਂਬਰ ਸਨ ਜਿਨ੍ਹਾਂ ਦਾ ਧਰਮ ਪ੍ਰਚਾਰ ਵਿਚ ਕੋਈ ਰੋਲ ਨਹੀਂ ਸੀ। ਗਿਆਨੀ ਗੁਰਦਿੱਤ ਸਿੰਘ ਵੀ ਧਰਮ ਪ੍ਰਚਾਰ ਕਮੇਟੀ ਦਾ ਮੈਂਬਰ ਸੀ ਪਰ ਉਸ ਨੇ ਕੁਝ ਕੂ ਕਿਤਾਬਾਂ ਨੂੰ ਰੀਪ੍ਰਿੰਟ ਕਰਨ ਤੋਂ ਸਿਵਾ ਕੁਝ ਨਹੀਂ ਕੀਤਾ। ਧਰਮ ਪ੍ਰਚਾਰ ਕਮੇਟੀ ਸਿਰਫ਼ ਕਾਗ਼ਜ਼ੀ ਧਰਮ ਪ੍ਰਚਾਰ ਸੀ ਹੋਰ ਕੁਝ ਵੀ ਨਹੀਂ। ਟੌਹੜਾ ਦੇ ਅਹਿਦ ਵਿਚ ਸਾਰੀਆਂ ਪੁਰਾਣੀਆ ਤਵਾਰੀਖ਼ੀ ਈਮਾਰਤਾਂ ਢਾਹ ਕੇ ਕਾਰ ਸੇਵਾ ਵਾਲੇ ਬਾਬਿਆਂ ਕੋਲੋਂ (ਮਕਬਰਿਆਂ ਅਤੇ ਮਜ਼ਾਰਾਂ ਉੱਤੇ ਲਾਏ ਜਾਣ ਵਾਲੇ) ਸੰਗਮਰਮਰ ਦੀਆਂ ਬਣਾ ਦਿਤੀਆਂ ਗਈਆਂ। ਟੌਹੜਾ ਹੇਠ ਖਾਲਸਾ ਸਕੂਲ ਤੇ ਕਾਲਜਾਂ ਦਾ ਸਟਾਫ਼ ਜਾਂ ਤਾਂ ਕਮਿਊਨਿਸਟ ਸੀ, ਜਾਂ ਜਨਸੰਘੀ (ਭਾਜਪਾ) ਤੇ ਜਾਂ ਫਿਰ ਪਤਿਤ ਸਿੱਖਾਂ ਦਾ। ਇਸ ਨੇ ਇਨ੍ਹਾਂ ਅਦਾਰਿਆਂ ਦਾ ਸਟੈਂਡਰਡ ਤਾਂ ਨੀਂਵਾਂ ਕੀਤਾ ਹੀ ਪਰ ਨਾਲ ਹੀ ਇੱਥੋਂ ਦੇ ਵਿਦਿਆਰਥੀਆਂ ਵਿਚ ਐਂਟੀ-ਸਿੱਖ ਪ੍ਰਚਾਰ ਵੀ ਕੀਤਾ ਜਾਂਦਾ ਰਿਹਾ। ਨਤੀਜੇ ਦੇ ਤੌਰ ’ਤੇ ਸ਼੍ਰੋਮਣੀ ਕਮੇਟੀ ਦੇ ਸਕੂਲਾਂ ਕਾਲਜਾਂ ਵਿਚ ਪਤਿਤ ਬੱਚਿਆਂ ਦੀ ਗਿਣਤੀ ਗ਼ੈਰ ਸਿੱਖ ਸਕੂਲਾਂ ਤੋਂ ਕਿਤੇ ਵਧੇਰੀ ਸੀ।

ਟੌਹੜਾ ਨੇ ਖਾੜਕੂ ਦੌਰ ਵਿਚ ਤਿੰਨ ਕਿਸਮ ਦੀ ਪਾਲਸੀ ਅਪਣਾਈ। ਇਕ ਪਾਸੇ ਉਹ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਵਫ਼ਾਦਾਰੀ ਦਾ ਯਕੀਨ ਦਿਵਾਉਂਦਾ ਸੀ; ਦੂਜੇ ਪਾਸੇ ਅਕਾਲੀ ਪਾਰਟੀ ਦੇ ਵਰਕਰਾਂ ਨੂੰ ਉਹ ਲੌਂਗੋਵਾਲ ਤੇ ਬਾਦਲ ਦੇ ਸਾਥੀ ਵਜੋਂ ਪੇਸ਼ ਹੁੰਦਾ ਸੀ, ਤੇ ਤੀਜਾ ਉਹ ਕਾਮਰੇਡ ਹਰਕਿਸ਼ਨ ਸੁਰਜੀਤ ਅਤੇ ਕਾਂਗਰਸ ਲੱਬੀ ਨਾਲ ਵੀ ਸਬੰਧ ਰੱਖਦਾ ਸੀ। ਉਸ ਨੂੰ ਪੰਥ ਦੇ ਭਵਿੱਖ ਦਾ ਕੋਈ ਫਿਕਰ ਨਹੀਂ ਸੀ, ਦਰਅਸਲ ਉਸ ਦੀ ਸੂਝ ਹੀ ਏਨੀ ਨਹੀਂ ਸੀ ਕਿ ਉਹ ਕੌਮੀ ਮਸਲਿਆਂ ਨੂੰ ਸਮਝ ਸਕਦਾ। ਉਸ ਦੀ ਸ਼ਖ਼ਸੀਅਤ ਇਕ ਤਨਖ਼ਾਹਦਾਰ ਪੁਜਾਰੀ ਵਰਗੀ ਸੀ। ਉਸ ਨੇ ਕੌਮ ਦੇ ਤੀਹ ਸਾਲ ਸਿਰਫ਼ ਗੁਆਏ ਹੀ ਨਹੀਂ ਬਲਕਿ ਇਕ ਸਦੀ ਜਿੰਨਾ ਨੁਕਸਾਨ ਕਰ ਦਿੱਤਾ।

ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਸਿੱਖ ਪੰਥ ਨੂੰ ਸਿਰਫ਼ 6 ਸਾਲ (ਅਸਲ ਵਿਚ ਸਿਰਫ਼ ਪੌਣੇ 3 ਸਾਲ, ਸਤੰਬਰ 1982 ਤੋਂ ਜੂਨ 84) ਅਗਵਾਈ ਦਿਤੀ। ਉਹ 13 ਅਪ੍ਰੈਲ 1978 ਦੇ ਦਿਨ ਪੰਥਕ ਸਟੇਜ 'ਤੇ ਆਇਆ ਤੇ ਇਸ ਤੋਂ ਬਾਅਦ ਕੌਮ ਨੇ ਕਿਸੇ ਹੋਰ ਸਿੱਖ ਆਗੂ ਨੂੰ ਕਬੂਲ ਨਹੀਂ ਕੀਤਾ। ਸਿੱਖ ਤਵਾਰੀਖ਼ ਵਿਚ ਬੰਦਾ ਸਿੰਘ ਬਹਾਦਰ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ ਤੇ ਮਾਸਟਰ ਤਾਰਾ ਸਿੰਘ ਸਿੱਖਾਂ ਦੇ ਮਕਬੂਲ ਆਗੂ ਗਿਣੇ ਜਾਂਦੇ ਸਨ ਤੇ ਪੰਜਵੀਂ ਥਾਂ ਜਰਨੈਲ ਸਿੰਘ ਭਿੰਡਰਾਂਵਾਲੇ ਨੇ ਹਾਸਿਲ ਕੀਤੀ। (ਪਰ ਏਨੇ ਘੱਟ ਸਮੇਂ ਵਿਚ ਸਿੱਖ ਤਵਾਰੀਖ਼ ਵਿਚ ਏਨਾ ਰੋਲ ਕਿਸੇ ਨਾ ਨਾ ਕੀਤਾ ਹੈ ਤੇ ਨਾ ਕਰ ਸਕੇਗਾ)। ਉਹ ਸਿੱਖ ਕੌਮ ਦਾ ਇਕ ਤਰ੍ਹਾਂ ਨਾਲ ਬੇਤਾਜ ਬਾਦਸ਼ਾਹ ਸੀ, ਜਿਸ ਦੀ ਸ਼ਖ਼ਸੀਅਤ ਅੱਗੇ ਅਕਾਲ ਤਖ਼ਤ ਤੇ ਹੋਰ ਤਖ਼ਤਾਂ ਦੇ ਪੁਜਾਰੀ (ਅਖੌਤੀ ਜਥੇਦਾਰ), ਪੰਜਾਬ ਦਾ ਚੀਫ਼ ਮਨਿਸਟਰ, ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਅਕਾਲੀ ਦਲ ਦਾ ਪ੍ਰਧਾਨ, ਪ੍ਰਾਈਮ ਮਨਿਸਟਰ, ਰਾਸ਼ਟਰਪਤੀ ਕੋਈ ਹਸਤੀ ਨਹੀਂ ਸਨ ਰੱਖਦੇ।

ਭਿੰਡਰਾਂਵਾਲੇ ਦਾ ਸਭ ਤੋਂ ਅਹਿਮ ਐਕਸ਼ਨ ਅਪ੍ਰੈਲ-ਮਈ 1978 ਵਿਚ ਨਿਰੰਕਾਰੀਆਂ ਦੇ ਖ਼ਿਲਾਫ਼ ਜਹਾਦ ਖੋਲ੍ਹਣਾ ਸੀ। 1979 ਦੀਆਂ ਗੁਰਦੁਆਰਾ ਚੋਣਾਂ ਵਿਚ ਉਹ ਬਹੁਤਾ ਜਲਵਾ ਨਾ ਦਿਖਾ ਸਕਿਆ। 1980 ਵਿਚ ਗੁਰਬਚਨ ਸਿੰਘ ਨਿਰੰਕਾਰੀ ਦੇ ਕਤਲ ਵਿਚ ਉਸ ਦਾ ਰੋਲ ਨਹੀਂ ਸੀ ਪਰ ਉਸ ਨੂੰ ਕਤਲ ਕਰਨ ਵਾਲੇ ਨੂੰ ਸੋਨੇ ਨਾਲ ਤੋਲਣ ਦਾ ਉਸ ਦਾ ਐਲਾਨ ਉਸ ਨੂੰ ਸਿੱਖਾਂ ਵਿਚ ਮਕਬੂਲ ਕਰਵਾ ਗਿਆ। 9 ਸਤੰਬਰ 1981 ਦੇ ਦਿਨ ਲਾਲਾ ਜਗਤ ਨਾਰਾਇਣ ਦਾ ਕਤਲ ਹੋ ਗਿਆ। ਇਸ ਵਿਚ ਭਿੰਡਰਾਂਵਾਲੇ ਦੀ ਸ਼ਮੂਲੀਅਤ ਸੀ ਤੇ ਪੁਲੀਸ ਨੇ ਉਸ ਦੇ ਵਾਰੰਟ ਵੀ ਕੱਢ ਦਿਤੇ। ਉਸ ਨੇ 20 ਸਤੰਬਰ ਨੂੰ ਚੌਕ ਮਹਿਤਾ ਵਿਚ ਇਕ ਵੱਡਾ ਇਕੱਠ ਕਰ ਕੇ ਗ੍ਰਿਫ਼ਤਾਰੀ ਦਿੱਤੀ ਤੇ ਉਹ ਹੋਰ ਵੱਡਾ ਹੀਰੋ ਬਣ ਗਿਆ। ਸਰਕਾਰ ਨੇ ਲੋਕ ਰੋਹ ਤੋਂ ਡਰਦਿਆਂ ਛੇਤੀ ਹੀ ਉਸ ਨੂੰ ਰਿਹਾ ਕਰ ਦਿਤਾ। ਇਸ ਮਗਰੋਂ ਉਸ ਦੀ ਸਰਪਰਸਤੀ ਹੇਠ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਕਈ ਖਾੜਕੂ ਕਾਰਵਾਈਆਂ ਕੀਤੀਆਂ।ਦੂਜੇ ਪਾਸੇ ਕਨੇਡਾ ਦੇ ਜਥੇਦਾਰ ਤਲਵਿੰਦਰ ਸਿੰਘ ਨੇ ਬੱਬਰ ਖਾਲਸਾ ਜਥੇਬੰਦੀ ਬਣਾ ਕੇ ਕਈ ਖਾੜਕੂ ਐਕਸ਼ਨ ਕੀਤੇ ਕਿਉਂਕਿ ਉਸ ਦਾ ਰਾਜ਼ ਪੁਲੀਸ ਨੂੰ ਪਤਾ ਨਾ ਲੱਗ ਸਕਿਆ ਇਸ ਕਰ ਕੇ ਇਹ ਸਾਰਾ ਕੁਝ ਭਿੰਡਰਾਂਵਾਲਿਆਂ ਜਾਂ ਦਲ ਖਾਲਸਾ ਦੇ ਨਾਂ ਲੱਗਦਾ ਰਿਹਾ। ਪਰ ਜਦੋਂ ਬੱਬਰ ਖਾਲਸਾ ਦਾ ਰਾਜ਼ ਖੁੱਲ੍ਹ ਗਿਆ ਤਾਂ ਤਲਵਿੰਦਰ ਸਿੰਘ ਨੇਪਾਲ ਰਾਹੀਂ ਕਨੇਡਾ ਨੂੰ ਚਲਾ ਗਿਆ ਤੇ ਪਿੱਛੋਂ ਬਚੇ ਖੁਚੇ ਬਬਰਾਂ ਨੇ ਸੁਖਦੇਵ ਸਿੰਘ ਨੂੰ ਡਿਪਟੀ ਲੀਡਰ ਚੁਣ ਲਿਆ (ਜੋ 1986 ਤੋਂ ਮਗਰੋਂ ਆਪੇ ਹੀ ਮੁਖੀ ਬਣ ਗਿਆ ਤੇ ਇੰਞ ਦੋ ਬਬਰ ਖਾਲਸਾ ਗਰੁਪ ਬਣ ਗਏ)।

ਭਿੰਡਰਾਂਵਾਲਾ 1982 ਤਕ ਪੰਜਾਬ ਦਾ ਦੂਜਾ ਹਾਕਮ ਬਣ ਚੁਕਾ ਸੀ। ਉਹ 'ਲੋਕ ਸਰਕਾਰ' ਦਾ ਮੁਖੀ ਸੀ। ਪਹਿਲਾਂ ਤਾਂ ਸਰਕਾਰ ਉਸ ਤੋਂ ਡਰਦੀ ਤੇ ਤਰੁਬਕਦੀ ਰਹੀ ਤੇ ਉਸ ਨੂੰ ਹੱਥ ਨਾ ਪਾਇਆ, ਪਰ 18 ਜੁਲਾਈ 1982 ਨੂੰ ਪੁਲੀਸ ਨੇ ਭਾਈ ਅਮਰੀਕ ਸਿੰਘ ਤੇ ਠ੍ਹਾਰਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਭਿੰਡਰਾਂਵਾਲੇ ਨੂੰ ਜਾਪਿਆ ਕਿ ਹੁਣ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ, ਸੋ ਉਹ ਦਰਬਾਰ ਸਾਹਿਬ ਆ ਗਿਆ ਤੇ ਭਾਈ ਅਮਰੀਕ ਸਿੰਘ ਦੀ ਰਿਹਾਈ ਵਾਸਤੇ ਮੋਰਚਾ ਲਾ ਦਿਤਾ। 25 ਜੁਲਾਈ ਨੂੰ ਇਹ ਮੋਰਚਾ ਅਕਾਲੀ ਦਲ ਨੇ ਅਪਣਾ ਲਿਆ। ਇਸ ਮਗਰੋਂ ਇਹ ਧਰਮ ਯੁੱਧ ਮੋਰਚਾ ਦਰਬਾਰ ਸਾਹਿਬ 'ਤੇ ਹਮਲੇ ਤਕ ਚੱਲਦਾ ਰਿਹਾ। ਇਸ ਦੌਰਾਨ ਸਿੱਖ

ਨੌਜਵਾਨ ਭਿੰਡਰਾਂਵਾਲਿਆਂ ਕੋਲ ਆਉਂਦੇ ਰਹੇ ਅਤੇ ਖਾੜਕੂ ਲਹਿਰ ਦਾ ਹਿੱਸਾ ਬਣਦੇ ਰਹੇ। ਉਹ ਸਿੱਖ ਜੋ ਪਤਿਤ ਹੋ ਗਏ ਸਨ ਜਾਂ ਨਸ਼ਿਆਂ ਅਤੇ ਹੋਰ ਅਲਾਮਤਾਂ ਦਾ ਸ਼ਿਕਾਰ ਸਨ ਹੁਣ ਕੇਸਧਾਰੀ ਹੋ ਗਏ ਤੇ ਪਾਹੁਲ ਲੈ ਕੇ ਜੁਝਾਰੂ ਲਹਿਰ ਦਾ ਹਿੱਸਾ ਬਣ ਗਏ। ਭਿੰਡਰਾਂਵਾਲੇ ਦੀਆਂ ਕਾਰਵਾਈਆਂ ਮਈ 1984 ਤਕ ਚੱਲਦੀਆਂ ਰਹੀਆਂ। ਸੁਬੇਗ ਸਿੰਘ ਜਰਨੈਲ ਉਸ ਨਾਲ ਦਸੰਬਰ 1983 ਵਿਚ ਆ ਗਿਆ ਸੀ। ਹੁਣ ਪੰਜਾਬ ਵਿਚ ਦੋ ਸਰਕਾਰਾਂ ਸਨ: ਇਕ ਕਾਨੂੰਨੀ ਤੇ ਦੂਜੀ ਭਿੰਡਰਾਂਵਾਲੇ ਦੀ ਪੰਥਕ-ਸਰਕਾਰ ਜਾਂ ਲੋਕ ਸਰਕਾਰ। ਅਕਾਲੀ ਤਾਂ ਐਵੇਂ ਨਾਂ-ਮਾਤਰ ਹੀ ਵਿਚਰਦੇ ਸਨ। ਅਕਾਲੀ ਤੇ ਕਾਂਗਰਸ ਸਰਕਾਰ ਦੋਵੇਂ ਭਿੰਡਰਾਂਵਾਲੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਸਨ। ਦੂਜੇ ਪਾਸੇ ਇੰਦਰਾ ਗਾਂਧੀ ਆ ਰਹੀਆਂ ਚੋਣਾਂ ਵਾਸਤੇ ਕੋਈ ਪੱਤਾ ਵੀ ਵਰਤਣਾ ਚਾਹੁੰਦੀ ਸੀ। ਇਸ ਸੋਚ ਨਾਲ ਉਸ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਫ਼ਿਰਕੂ, ਬੁਨਿਆਦਪ੍ਰਸਤ ਤੇ ਦਹਿਸ਼ਤਗਰਦ ਹਿੰਦੂਆਂ ਦੀਆਂ ਵੋਟਾਂ ਹਾਸਿਲ ਕਰਨ ਦੀ ਪਲਾਨਿੰਗ ਬਣਾਈ। ਚਾਰ ਜੂਨ 1984 ਨੂੰ ਦਰਬਾਰ ਸਾਹਿਬ 'ਤੇ ਲੱਖਾਂ ਫ਼ੌਜਾਂ ਨੇ ਹਮਲਾ ਕਰ ਦਿਤਾ। ਤਿੰਨ ਦਿਨ ਡੱਟ ਕੇ ਲੜਨ ਮਗਰੋਂ 6 ਜੂਨ ਨੂੰ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਦਰਜਨਾਂ ਸਾਥੀਆਂ (ਤੇ ਹਜ਼ਾਰਾਂ ਯਾਤਰੂਆਂ) ਸਣੇ ਸ਼ਹੀਦ ਹੋ ਗਏ। ਜਰਨੈਲ ਸੁਬੇਗ ਸਿੰਘ ਵੀ ਇਸੇ ਦਿਨ ਸ਼ਹੀਦ ਹੋਏ। ਸੁਖਦੇਵ ਸਿੰਘ ਬੱਬਰ ਖਾਲਸਾ ਤੇ ਉਸ ਦੇ ਦਰਜਨ ਕੁ ਸਾਥੀ 4 ਜੂਨ ਨੂੰ ਕੰਧਾਂ ਟੱਪ ਕੇ ਬਚ ਕੇ ਨਿਕਲ ਗਏ ਤੇ ਅਕਾਲੀ ਚੌਧਰੀ ਫ਼ੌਜ ਦੀਆਂ ਗੱਡੀਆਂ ਵਿਚ ਸਵਾਰ ਹੋ ਕੇ ਮਹਿਫ਼ੂਜ਼ ਨਿਕਲ ਕੇ ਸਰਕਾਰੀ ਮਹਿਮਾਨ ਬਣ ਗਏ ਸਨ।

ਭਿੰਡਰਾਂਵਾਲੇ ਨੇ ਸਿਰਫ਼ ਪੌਣੇ 3 ਸਾਲ ਕੌਮ ਦੀ ਜੱਥੇਦਾਰੀ ਕੀਤੀ ਤੇ ਤਵਾਰੀਖ਼ ਦਾ ਆਪਣੀ ਸਦੀ ਦਾ ਸਭ ਤੋਂ ਅਹਿਮ ਹੀਰੋ ਬਣ ਗਿਆ। ਉਹ ਅਖ਼ੀਰ ਸ਼ਹੀਦ ਹੋ ਗਿਆ ਪਰ ਜੇ ਕਿਤੇ ਉਹ ਹਮਲੇ ਤੋਂ ਪਹਿਲਾਂ ਨਿਕਲ ਜਾਂਦਾ ਜਾਂ ਹਮਲੇ ਵਿਚ ਬਚ ਕੇ ਨਿਕਲ ਜਾਂਦਾ ਤੇ ਕੌਮ ਦੀ ਅਗਵਾਈ ਕਰਦਾ ਤਾਂ ਸ਼ਾਇਦ ਸਿੱਖ ਇੱਕ ਵਾਰ ਤਾਂ ਆਪਣੇ ਆਜ਼ਾਦ ਮੁਲਕ ਵਿਚ ਵਿਚਰ ਰਹੇ ਹੁੰਦੇ। ਇਹ ਵੱਖਰੀ ਗੱਲ ਹੈ ਕਿ ਉਸ ਮੁਲਕ ਵਿਚ ਖ਼ੂਬ ਕਤਲੋਗਾਰਤ ਵੀ ਹੋ ਸਕਦੀ ਸੀ। ਕੁਝ ਵੀ ਹੈ ਭਿੰਡਰਾਂਵਾਲਾ ਇਕ ਬਹਿਸ-ਗੋਚਰੀ ਸ਼ਖ਼ਸੀਅਤ ਹੋਣ ਦੇ ਬਾਵਜੂਦ ਵੀ ਲੋਕ-ਹੀਰੋ (ਕੌਮੀ-ਹੀਰੋ) ਬਣ ਕੇ ਜੀਵਿਆ ਤੇ ਸ਼ਹੀਦ ਹੋਇਆ।

ਪ੍ਰਕਾਸ਼ ਸਿੰਘ ਬਾਦਲ ਅਕਾਲੀ ਦਲ ਵਿਚ 1950 ਤੋਂ ਮਗਰੋਂ ਆਇਆ ਸੀ। ਉਦੋਂ ਉਹ ਇਕ ਨਿੱਕਾ ਵਰਕਰ ਸੀ। 1957 ਵਿਚ ਅਕਾਲੀ-ਕਾਂਗਰਸ ਸਾਂਝੀ ਟਿਕਟ 'ਤੇ ਐਮ.ਐਲ.ਏ. ਬਣਿਆ। 1960 ਵਿਚ ਉਹ ਪੰਜਾਬੀ ਸੂਬਾ ਮੋਰਚਾ ਵਿਚ ਜੇਲ੍ਹ ਗਿਆ। 1967 ਵਿਚ ਉਹ ਫੇਰ ਵਜ਼ੀਰ ਬਣਿਆ ਤੇ 1970 ਵਿਚ ਚੀਫ਼ ਮਨਿਸਟਰ। 1974 ਤੋਂ 1977 ਤਕ ਉਹ ਐਮਰਜੰਸੀ ਦੌਰਾਨ ਜੇਲ੍ਹ ਵਿਚ ਰਿਹਾ ਅਤੇ 1977 ਵਿਚ ਪਹਿਲਾਂ ਸੈਂਟਰ ਵਿਚ ਵਜ਼ੀਰ ਤੇ ਫਿਰ ਚੀਫ਼ ਮਨਿਸਟਰ ਪੰਜਾਬ ਬਣ ਗਿਆ। ਉਸ ਦੇ ਅਹਿਦ ਵਿਚ 13 ਅਪ੍ਰੈਲ 1978 ਨੂੰ ਤੇਰ੍ਹਾਂ ਸਿੱਖ ਨਿਰੰਕਾਰੀਆਂ ਹੱਥੋਂ ਮਾਰੇ ਗਏ। ਉਸ ਦੇ ਅਫ਼ਸਰਾਂ ਨੇ ਨਿਰੰਕਾਰੀ ਨੂੰ ਪੰਜਾਬ ਵਿਚੋਂ ਮਹਿਫ਼ੂਜ ਕੱਢ ਕੇ ਦਿੱਲੀ ਪਹੁੰਚਾਇਆ। 1977 ਦੀ ਪੰਜਾਬ ਵਜ਼ਾਰਤ ਵਿਚ ਜਨਸੰਘ ਤੇ ਦੂਜੀਆਂ ਹੋਰ ਪਾਰਟੀਆਂ ਦੀ ਸਾਂਝੀ ਪਾਰਟੀ 'ਜਨਤਾ ਪਾਰਟੀ' ਦੀ ਵੀ ਪੂਰੀ ਭਾਈਵਾਲੀ ਸੀ। ਪਰ ਇਹ ਸਰਕਾਰ 1980 ਵਿਚ ਤੋੜ ਦਿਤੀ ਗਈ। ਹੁਣ ਦਰਬਾਰਾ ਸਿੰਘ (ਜੰਡਿਆਲਾ) ਪੰਜਾਬ ਦਾ ਚੀਫ਼ ਮਨਿਸਟਰ ਬਣਿਆ। 1982 ਵਿਚ ਅਕਾਲੀ ਦਲ ਨੇ ਪਾਣੀਆਂ ਦੇ ਸਵਾਲ 'ਤੇ ਜੱਦੋਜਹਿਦ ਸ਼ੁਰੂ ਕਰ ਦਿਤੀ। ਇਸ ਦੌਰਾਨ ਖਾੜਕੂ

ਲਹਿਰ ਸ਼ੁਰੂ ਹੋ ਚੁਕੀ ਸੀ। ਅਕਾਲੀ ਦਲ ਨੇ ਖਾੜਕੂਆਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ। ਇਸ ਨਾਲ ਇਕ ਤਾਂ ਖਾੜਕੂਆਂ ਦੇ ਰੋਹ ਤੋਂ ਬਚ ਗਏ ਅਤੇ ਦੂਜਾ ਉਨ੍ਹਾਂ ਨੂੰ ਸਿਆਸੀ ਮਸ਼ਹੂਰੀ ਮਿਲਦੀ ਰਹੀ।

ਬਾਦਲ ਨੇ ਇਸ ਦੌਰ ਵਿਚ ਵਿਧਾਨ ਦੀ (ਸਿੱਖਾਂ ਨੂੰ ਹਿੰਦੂ ਕਹਿਣ ਵਾਲੀ) ਧਾਰਾ 25 ਦੀ ਫੋਟੋਕਾਪੀ ਵੀ ਸਾੜੀ। ਉਸ ਨੇ ਖਾਲਿਸਤਾਨ ਦੀ ਹਿਮਾਇਤ ਵੀ ਕੀਤੀ। ਉਹ ਖਾੜਕੂਆਂ ਦੇ ਭੋਗਾਂ 'ਤੇ ਵੀ ਗਿਆ। ਉਸ ਨੇ ਆਪਣਾ ਖਾੜਕੂ-ਹਿਮਾਇਤੀ ਅਕਸ ਬਣਾਈ ਰੱਖਿਆ। ਜਦੋਂ ਕਾਂਗਰਸ ਨੇ ਬਰਨਾਲਾ ਨੂੰ ਚੀਫ਼ ਮਨਿਸਟਰ ਬਣਵਾਇਆ ਤਾਂ ਬਾਦਲ ਨੇ ਵਿਰੋਧ ਨਹੀਂ ਕੀਤਾ ਪਰ ਮਗਰੋਂ ਉਸ ਨੇ ਦਰਬਾਰ ਸਾਹਿਬ 'ਤੇ ਹਮਲੇ ਦਾ ਬਹਾਨਾ ਬਣਾ ਕੇ ਨਵਾਂ ਅਕਾਲੀ ਦਲ ਬਣਾ ਲਿਆ।

ਅਗਲੇ ਨੌਂ ਸਾਲ (1986 ਤੋਂ 95) ਅਕਾਲੀਆਂ ਦੇ ਜਵਾਲ ਦਾ ਸਮਾਂ ਸੀ। 1989 ਦੀਆਂ ਲੋਕ ਸਭਾ ਚੋਣਾਂ ਵਿਚ ਖਾੜਕੂਆਂ ਨੇ ਪੰਜਾਬ ਵਿਚ ਹੂੰਝਾ-ਫੇਰ ਜਿੱਤ ਹਾਸਿਲ ਕੀਤੀ ਤੇ ਦੋਹਾਂ ਅਕਾਲੀ ਦਲਾਂ (ਬਰਨਾਲਾ ਤੇ ਬਾਦਲ) ਦੇ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ। ਜੇਤੂਆਂ ਦਾ ਆਗੂ ਸਿਮਰਨਜੀਤ ਸਿੰਘ ਮਾਨ ਵੋਟਰਾਂ, ਵਰਕਰਾਂ ਤੇ ਅਕਾਲੀ ਆਗੂਆਂ ਨੂੰ ਆਪਣੇ ਨਾਲ ਨਾ ਰੱਖ ਸਕਿਆ ਤੇ ਉਹ ਬਾਦਲ ਵਲ ਸਰਕਣੇ ਸ਼ੁਰੂ ਹੋ ਗਏ। 1992 ਦੀਆਂ ਚੋਣਾਂ ਦੇ ਬਾਈਕਾਟ ਵੇਲੇ ਬਾਦਲ ਖਾੜਕੂਆਂ ਦੇ ਹੁਕਮ ਹੇਠ (ਡਰਦਾ ਹੋਣ ਕਰ ਕੇ) ਚਲਦਾ ਸੀ। ਦਲਜੀਤ ਸਿੰਘ ਬਿੱਟੂ ਤੇ ਸੁਖਦੇਵ ਸਿੰਘ ਬੱਬਰ ਨੇ ਅਕਾਲੀਆਂ ਕੋਲੋਂ ਚੋਣਾਂ ਦਾ ਬਾਈਕਾਟ ਕਰਵਾ ਦਿਤਾ। ਬੇਅੰਤ ਨੇ ਚੀਫ਼ ਮਨਿਸਟਰ ਬਣ ਕੇ ਜ਼ੁਲਮ ਦੀ ਹਨੇਰੀ ਚਲਾਈ ਤੇ ਖਾੜਕੂਆਂ ਦਾ ਕਤਲੇਆਮ ਕਰਨ ਦੇ ਨਾਲ-ਨਾਲ ਅਕਾਲੀਆਂ ਨੂੰ ਵੀ ਬੁਰੀ ਤਰ੍ਹਾਂ ਦਬਾਈ ਰੱਖਿਆ। ਬੇਅੰਤ ਅਗਸਤ 1995 ਵਿਚ ਮਰ ਗਿਆ। ਇਸ ਮਗਰੋਂ ਅਕਾਲੀਆਂ ਵਿਚ ਦੋ ਧੜੇ ਬਣ ਗਏ: ਬਾਦਲ ਧੜਾ ਤੇ ਅਕਾਲੀ ਦਲ ਅੰਮ੍ਰਿਤਸਰ (ਜਿਸ ਵਿਚ ਮਾਨ, ਟੌਹੜਾ, ਅਮਰਿੰਦਰ ਸਿੰਘ, ਬਰਨਾਲਾ, ਮਨਜੀਤ ਸਿੰਘ ਭਾਈ ਵੀ ਸ਼ਾਮਿਲ ਸਨ)। ਇਸ ਵੇਲੇ ਬਾਦਲ ਇਕੱਲਾ ਸੀ ਪਰ ਭਾਜਪਾ (ਪੁਰਾਣੀ ਜਨਸੰਘ) ਉਸ ਦਾ ਸਾਥ ਦੇ ਰਹੀ ਸੀ। ਦੋਹਾਂ ਵਿਚ ਖ਼ੁਫ਼ੀਆ ਸਮਝੌਤਾ ਹੋ ਚੁਕਾ ਸੀ ਕਿ ਭਾਜਪਾ ਬਾਦਲ ਦਾ ਪੂਰਾ ਸਾਥ ਦੇਵੇਗੀ ਤੇ ਬਾਦਲ ਭਾਜਪਾ ਦਾ ਏਜੰਡਾ ਹੀ ਅਮਲ ਵਿਚ ਲਿਆਵੇਗਾ। ਇਸ 'ਤੇ ਅਮਲ ਵਜੋਂ ਬਾਦਲ ਨੇ 1996 ਵਿਚ ਮੋਗਾ ਕਾਨਫਰੰਸ ਵਿਚ ਅਕਾਲੀ ਦਲ ਦਾ ਵਿਧਾਨ ਬਦਲ ਦਿਤਾ ਤੇ ਇਸ ਨੂੰ ਪੰਥਕ ਪਾਰਟੀ ਦੀ ਥਾਂ 'ਤੇ ਸਿਰਫ਼ ਪੰਜਾਬੀ ਤੇ ਭਾਰਤੀ ਪਾਰਟੀ ਬਣਾ ਦਿਤਾ। ਬਸ ਇਸ ਦਿਨ ਤੋਂ ਅਕਾਲੀ ਦਲ ਦਾ ਸਿੱਖੀ ਨਾਲੋਂ ਸਬੰਧ ਟੁਟਣਾ ਸ਼ੁਰੂ ਹੋ ਗਿਆ।

ਫ਼ਰਵਰੀ 1996 ਵਿਚ ਪ੍ਰਕਾਸ਼ ਸਿਘ ਬਾਦਲ ਆਰ.ਐਸ.ਐਸ. ਵਿਚ ਸ਼ਾਮਿਲ ਹੋ ਗਿਆ, ਪਰ ਉਸ ਨੇ ਇਸ ਗੱਲ ਨੂੰ ਖ਼ੁਫ਼ੀਆ ਹੀ ਰੱਖਿਆ। 1997 ਦੀਆਂ ਚੋਣਾਂ ਵਿਚ ਬਾਦਲ ਧੜੇ ਨੇ ਪੰਥ ਦਾ ਨਾਅਰਾ ਲਾ ਕੇ ਜਿੱਤ ਹਾਸਿਲ ਕਰ ਕੇ ਸਰਕਾਰ ਬਣਾਈ। ਬਾਦਲ ਨੇ ਭਾਜਪਾ ਨੂੰ ਚੰਗੀਆਂ ਚੰਗੀਆਂ ਵਜ਼ਾਰਤਾਂ ਦੇ ਦਿਤੀਆਂ। ਜਿਸ ਨਾਅਰੇ ਹੇਠ ਬਾਦਲ ਨੇ ਸਿੱਖਾਂ ਕੋਲੋਂ ਵੋਟਾਂ ਲਈਆਂ ਸਨ, ਉਹ ਸਾਰਾ ਏਜੰਡਾ ਨਜ਼ਰ ਅੰਦਾਜ਼ ਕਰ ਕੇ ਬਾਦਲ ਨੇ ਸਿਰਫ਼ ਦੌਲਤ ਇਕੱਠੀ ਕਰਨੀ ਸ਼ੁਰੂ ਕਰ ਦਿਤੀ। ਦੂਜਾ ਉਸ ਨੇ ਅਕਾਲੀ ਦਲ ਨੂੰ ਪੂਰੀ ਤਰ੍ਹਾਂ ਨਿੱਜੀ ਬਣਾਉਣਾ ਸ਼ੁਰੂ ਕਰ ਦਿਤਾ। ਜਿਸ ਕਿਸੇ ਤੋਂ ਵੀ ਉਸ ਨੂੰ ਖ਼ਤਰਾ ਹੋ ਸਕਦਾ ਸੀ, ਉਸ ਨੂੰ ਇੱਕ-ਇੱਕ ਕਰ ਕੇ ਬੰਨੇ ਕਰਨਾ ਸ਼ੁਰੂ ਕਰ ਦਿਤਾ। ਪਹਿਲਾਂ ਟੌਹੜਾ, ਫੇਰ ਤਲਵੰਡੀ, ਰਵੀ ਇੰਦਰ ਸਿੰਘ ਤੇ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਜ਼ੀਰੋ ਕਰ

ਦਿੱਤਾ ਤੇ ਇਸ ਦੇ ਨਾਲ ਹੀ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ ਵਗ਼ੈਰਾ ਨੂੰ ਆਪਣੇ ਨਾਲ 'ਅਸਿਸਟੈਂਟ' ਜਿਹੇ ਵਾਂਗ ਰੱਖਣਾ ਸ਼ੁਰੂ ਕਰ ਦਿਤਾ।

ਬਾਦਲ ਨੇ 1992-95 ਤਕ ਸਿੱਖਾਂ ਦਾ ਕਤਲੇਆਮ ਕਰਨ ਵਾਲੇ ਪੁਲਸੀਆਂ ਦੀ ਪੁਸ਼ਤ-ਪਨਾਹੀ ਸ਼ੁਰੂ ਕਰ ਦਿਤੀ। ਉਸ ਨੇ ਜੇਲ੍ਹਾਂ ਵਿਚ ਬੈਠੇ ਸਿੱਖਾਂ ਨੂੰ ਰਿਹਾ ਕਰਨ ਤੋਂ ਨਾਂਹ ਕਰ ਦਿਤੀ। ਉਸ ਨੇ ਪੰਜਾਬ ਦੀਆਂ ਮੰਗਾਂ ਨੂੰ ਬਰਫ਼ ਵਿਚ ਲਾ ਦਿਤਾ। ਉਸ ਨੇ ਆਰ.ਐਸ.ਐਸ., ਡੇਰੇਦਾਰਾਂ ਤੇ ਹੋਰ ਸਿੱਖ ਵਿਰੋਧੀ ਅੰਸਰਾਂ ਨੂੰ ਤਾਕਤ ਦੇਣੀ ਸ਼ੁਰੂ ਕਰ ਦਿੱਤੀ। ਉਹ ਹਰ ਸਿੱਖ ਵਿਰੋਧੀ ਨੂੰ ਤਾਕਤ ਦੇਂਦਾ ਸੀ ਤੇ ਸਿੱਖੀ ਦੀ ਗੱਲ ਕਰਨ ਵਾਲੇ ਨੂੰ ਖੂੰਜੇ ਲਾਉਂਦਾ ਸੀ। ਉਸ ਨੇ ਸਿੱਖੀ ਸਰੂਪ ਵਾਲੇ ਅਫ਼ਸਰਾਂ ਨੂੰ ਵੀ ਦੂਰ ਰੱਖਣਾ ਸ਼ੁਰੂ ਕਰ ਦਿੱਤਾ ਤੇ ਪਤਿਤਾਂ ਤੇ ਹਿੰਦੂਆਂ ਨੂੰ ਅਹਿਮ ਅਹੁਦੇ ਦਿਤੇ। ਉਸ ਨੇ ਜਿੰਨੇ ਵੀ ਲੋਕ ਨੌਕਰੀਆਂ 'ਤੇ ਰੱਖੇ ਉਨ੍ਹਾਂ ਵਿਚੋਂ ਇਕ ਵੀ ਸਿੱਖ ਸਰੂਪ ਵਾਲਾ ਨਹੀਂ ਸੀ ਤੇ ਜੇ ਜ਼ਰਾ ਮਾਸਾ ਸਿੱਖ ਲੱਗਦਾ ਸੀ ਤਾਂ ਉਹ 'ਪਤਿਤ' ਸੀ। ਸਿੱਖ ਏਜੰਡਾ ਅਪਣਾਉਣ ਦੀ ਥਾਂ 'ਤੇ ਉਸ ਨੇ ਸਿਰਫ਼ ਐਂਟੀ-ਸਿੱਖ ਏਜੰਡਾ ਅਪਣਾਇਆ। 2002 ਦੀਆਂ ਚੋਣਾਂ ਵਿਚ ਉਹ ਹਾਰ ਗਿਆ ਤੇ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਬਣਾਈ। ਕੈਪਟਨ ਅਮਰਿੰਦਰ ਸਿੰਘ ਨੇ 2004 ਵਿਚ ਗੁਰੂ ਗ੍ਰੰਥ ਸਾਹਿਬ ਅਤੇ ਸਾਹਿਬਜ਼ਾਦਿਆਂ ਦੀ ਸ਼ਤਾਬਦੀ ਅਤੇ 2005 ਵਿਚ ਮੁਕਤਸਰ ਦੀ ਲੜਾਈ ਦੀ ਸ਼ਤਾਬਦੀ ਮਨਾਈ। ਉਸ ਨੇ 2006 ਵਿਚ ਗੁਰੂ ਅਰਜਨ ਸਾਹਿਬ ਦੀ ਸ਼ਤਾਬਦੀ ਮਨਾਈ। ਇਸ ਵੇਲੇ ਟੌਹੜਾ ਮਰ ਚੁੱਕਾ ਸੀ ਅਤੇ ਬਾਦਲ ਹੀ ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖ਼ਤ 'ਤੇ ਕਾਬਜ਼ ਸੀ। ਉਸ ਨੇ ਵੀ ਸ਼੍ਰੋਮਣੀ ਕਮੇਟੀ ਵੱਲੋਂ ਇਹ ਸ਼ਤਾਬਦੀਆਂ ਮਨਾਈਆਂ ਅਤੇ ਇਨ੍ਹਾਂ ਸਮਾਗਮਾਂ ਵਿਚ ਫਿਰਕੂ ਹਿੰਦੂ ਪਾਰਟੀ ਭਾਜਪਾ ਦੇ ਆਗੂਆਂ ਨੂੰ ਬੁਲਾ ਕੇ ਉਨ੍ਹਾਂ ਦਾ ਸਨਮਾਨ ਕੀਤਾ। ਸ਼੍ਰੋਮਣੀ ਕਮੇਟੀ ਦੇ ਸਮਾਗਮ ਬਾਦਲ ਅਤੇ ਸਿੱਖ ਵਿਰੋਧੀ ਆਗੂਆਂ ਦੇ ਸਨਮਾਨ ਸਮਾਗਮ ਸਨ ਨਾ ਕਿ ਸ਼ਤਾਬਦੀ ਮਨਾਉਣਾ। ਬਾਦਲ ਨੇ ਇਸ ਪੰਜ ਸਾਲ ਦੇ ਅਰਸੇ ਦੌਰਾਨ ਪੰਥਕ ਏਜੰਡਾ ਜਾਂ ਪੰਜਾਬ ਮਸਲਿਆਂ ਬਾਰੇ ਕਦੇ ਵੀ ਕੋਈ ਵੀ ਕਾਰਵਾਈ ਨਾ ਕੀਤੀ।

2007 ਵਿਚ ਬਾਦਲ ਨੇ ਫੇਰ ਸਰਕਾਰ ਬਣਾਈ। ਸਰਕਾਰ ਬਣਨ ਤੋਂ ਜਲਦੀ ਮਗਰੋਂ ਹੀ ਡੇਰਾ ਸਰਸਾ ਵਾਲੇ ਸਾਧ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਪੋਸ਼ਾਕ ਵਰਗੀ ਪੌਸ਼ਾਕ ਪਹਿਨ ਕੇ ਸਿੱਖਾਂ ਨੂੰ ਚਿੜਾਉਣ ਦੀ ਹਰਕਤ ਕੀਤੀ। ਬਾਦਲ ਨੇ ਦਿਖਾਵੇ ਦੇ ਤੌਰ 'ਤੇ ਕੇਸ ਦਰਜ ਕੀਤਾ ਪਰ ਇਸ ਦੌਰਾਨ ਸਿੱਖਾਂ ਨਾਲ ਵੀ ਧੱਕਾ ਕੀਤਾ ਤੇ ਉਨ੍ਹਾਂ 'ਤੇ ਕਈ ਕੇਸ ਬਣਾਏ। ਸਿਮਰਨਜੀਤ ਸਿੰਘ ਮਾਨ 'ਤੇ ਤਾਂ ਬੇਅੰਤ ਸਿੰਹ ਦੇ ਬੁੱਤ ਦੇ ਗਲ ਵਿਚ ਬੈਨਰ ਲਟਕਾਉਣ 'ਤੇ **ਦੇਸ਼ ਧਰੋਹ** ਦਾ ਮੁਕੱਦਮਾ ਦਰਜ ਕੀਤਾ। ਇਹ ਬਾਦਲ ਨੇ ਕੂਕਾ ਰਾਮ ਸਿੰਘ (ਨਾਮਧਾਰੀ) ਦੇ ਧੜੇ ਦੇ ਸਮਾਗਮਾਂ ਵਾਸਤੇ ਕਰੋੜਾਂ ਰੁਪੈ ਦਿਤੇ ਅਤੇ ਇਨ੍ਹਾਂ ਦੇ ਚੀਫ਼ ਨੂੰ ਸਤਿਗੁਰੂ ਆਖ ਕੇ ਮੱਥੇ ਟੇਕੇ ਤੇ ਇਸ ਸਬੰਧੀ ਅਖ਼ਬਾਰਾਂ ਵਿਚ ਰੱਜ ਕੇ ਪ੍ਰਚਾਰ ਕੀਤਾ। ਗੱਲ ਕੀ ਬਾਦਲ ਨੇ ਹਰ ਸਿੱਖ ਵਿਰੋਧੀ, ਗੁਰੂਆਂ ਦੀ ਤੌਹੀਨ ਕਰਨ ਵਾਲੇ, ਸਿੱਖੀ ਦੇ ਖ਼ਿਲਾਫ਼ ਪ੍ਰਚਾਰ ਕਰਨ ਵਾਲੇ ਨੂੰ ਤਰਜੀਹ ਦਿੱਤੀ ਤੇ ਪੂਰਾ-ਪੂਰਾ ਮਿਲਵਰਤਣ ਦਿੱਤਾ। ਜਨਵਰੀ 2008 ਵਿਚ ਉਸ ਨੇ ਆਪਣੇ ਬੇਅੰਮ੍ਰਿਤੀਏ ਪੁੱਤਰ ਨੂੰ ਪ੍ਰਧਾਨ ਬਣਾ ਦਿਤਾ। ਬਾਦਲ ਨੇ ਅਕਾਲ ਤਖ਼ਤ ਨੂੰ ਜੋਗਿੰਦਰ ਸਿੰਘ ਵੇਦਾਂਤੀ ਰਾਹੀਂ ਨਿੱਜੀ ਮੁਫ਼ਾਦ ਬਦਲੇ, ਫ਼ਾਇਦੇ ਅਤੇ ਖ਼ੁਦਗਰਜ਼ੀ ਵਾਸਤੇ ਵਰਤਿਆ ਤੇ ਇਸ ਦੀ ਵਾਰ-ਵਾਰ ਤੌਹੀਨ ਕੀਤੀ। ਬਾਦਲ ਨੇ ਸ਼੍ਰੋਮਣੀ ਕਮੇਟੀ ਨੂੰ ਵੀ ਨਿੱਜੀ ਫ਼ਾਇਦਿਆਂ ਵਾਸਤੇ ਲੁੱਟਿਆ ਹੈ।

ਪਗੜੀਧਾਰੀ ਚੀਫ਼ ਮਨਿਸਟਰਾਂ ਵਿਚੋਂ ਪੰਜਾਬ ਦਾ ਸਭ ਤੋਂ ਵੱਧ ਨੁਕਸਾਨ ਪ੍ਰਤਾਪ ਸਿੰਘ ਕੈਰੋਂ,ਦਰਬਾਰਾ ਸਿੰਘ, ਬੇਅੰਤ ਸਿੰਘ ਤੇ ਪ੍ਰਕਾਸ਼ ਸਿੰਘ ਬਾਦਲ ਨੇ ਕੀਤਾ ਹੈ। ਸਿੱਖੀ ਦਾ ਸਭ ਤੋਂ ਵਧ ਨੁਕਸਾਨ ਬੇਅੰਤ ਸਿੰਘ, ਸੁਰਜੀਤ ਬਰਨਾਲਾ ਤੇ ਪ੍ਰਕਾਸ਼ ਸਿੰਘ ਬਾਦਲ ਤੇ ਉਸ ਦੀ ਸਾਰੀ ਟੀਮ ਨੇ ਕੀਤਾ ਹੈ। ਬਾਦਲ ਨੇ ਤਾਂ ਸਿਖ ਧਰਮ, ਗੁਰਦੁਆਰੇ, ਗੁਰੂ ਗ੍ਰੰਥ ਸਾਹਿਬ ਤੇ ਗੁਰਬਾਣੀ, ਸਿੱਖ ਵਿਰਸਾ, ਸਿੱਖ ਕਲਚਰ, ਸਿੱਖ ਮਰਿਆਦਾਵਾਂ, ਸਿੱਖ ਤਵਾਰੀਖ਼, ਅਕਾਲ ਤਖ਼ਤ ਦਾ ਫ਼ਲਸਫ਼ਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਮੁੱਚਾ ਗੁਰਦੁਆਰਾ ਪ੍ਰਬੰਧ, ਸ਼੍ਰੋਮਣੀ ਅਕਾਲੀ ਦਲ, ਸਿੱਖ ਦੀ ਦਸਤਾਰ, ਕੇਸਾਂ ਵਾਲਾ ਸਿੱਖੀ ਸਰੂਪ, ਯਾਨਿ ਹਰ ਇਕ ਸਿੱਖ ਅਦਾਰੇ ਅਤੇ ਜਮਾਤ (ਇੰਸਟੀਚਿਊਸ਼ਨ) ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਹੈ। ਮੀਣੇ, ਧੀਰਮੱਲੀਏ, ਰਾਮਰਾਈਏ, ਮਸੰਦ, ਕੂਕੇ (ਨਾਮਧਾਰੀ), ਰਾਧਾਸੁਆਮੀਏ, ਸਰਸੇ ਵਾਲੇ, ਆਰ.ਐਸ.ਐਸ. ਤੇ ਮੁਗ਼ਲਾਂ, ਅੰਗਰੇਜ਼ਾਂ ਤੇ ਹਿੰਦੂਆਂ ਦੀਆਂ ਸਾਰੀਆਂ ਹਕੂਮਤਾਂ, ਸਾਰੇ ਰਲ ਕੇ ਸਿੱਖੀ ਦਾ ਏਨਾ ਨੁਕਸਾਨ ਨਹੀਂ ਸਨ ਕਰ ਸਕੇ ਜਿੰਨਾ ਇਕੱਲੇ ਪ੍ਰਕਾਸ਼ ਸਿੰਘ ਬਾਦਲ ਨੇ ਕਰ ਦਿੱਤਾ ਹੈ। ਇਹੋ ਜਿਹਾ ਹੈ "ਪੰਥ ਰਤਨ ਫ਼ਖ਼ਰੇ ਕੌਮ"।

ਅੱਜ ਜਾਪਦਾ ਹੈ ਕਿ ਸਿੱਖ ਹੀਰੋਆਂ ਵਾਲੇ ਜ਼ਮਾਨੇ ਦਾ ਇਕ ਪੜਾਅ ਮੁੱਕ ਗਿਆ ਹੈ। ਅਗਲਾ ਹੀਰੋ ਕਿਸ ਸਦੀ ਵਿਚ ਜਾਂ ਕਦੋਂ ਪੈਦਾ ਹੋਵੇਗਾ ਕਿਹਾ ਨਹੀਂ ਜਾ ਸਕਦਾ। ਪਰ ਐਂਟੀ-ਹੀਰੋ, ਕੌਮ-ਘਾਤਕ, ਨਫ਼ੀ-ਹੀਰੋ (ਦਰਅਸਲ ਵਿੱਲਨ) ਜ਼ਰੂਰ ਪੈਦਾ ਹੋ ਰਹੇ ਹਨ ਤੇ ਸ਼ਾਇਦ ਹੋਣਗੇ ਵੀ। **ਪਰ, ਕੀ ਪ੍ਰਕਾਸ਼ ਸਿੰਘ ਬਾਦਲ ਤੋਂ ਵੀ ਵੱਡਾ ਕੌਮ ਦਾ ਐਂਟੀ-ਹੀਰੋ ਪੈਦਾ ਹੋਏਗਾ, ਅਜੇ ਮੰਨਣ 'ਤੇ ਜੀਅ ਨਹੀਂ ਕਰਦਾ।**

●

ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ ਪੁਸਤਕਾਂ

(ਪੰਜਾਬੀ):

ਸਿੱਖਾਂ ਦੀ ਨਸਲਕੁਸ਼ੀ (੧੯੮੪ ਤੋਂ ਮਗਰੋਂ ਦੀ ਦਾਸਤਾਨ)
ਸਿੱਖ ਪੰਥ ਦਾ ਮੁਕੰਮਲ ਇਤਿਹਾਸ (੫ ਜਿਲਦਾਂ ਵਿਚ)
ਸਿੱਖ ਇਤਿਹਾਸ ਵਿਚ ਅੱਜ ਦਾ ਦਿਨ (੨ ਜਿਲਦਾਂ ਵਿਚ)
ਅਕਾਲ ਤਖ਼ਤ ਸਾਹਿਬ
ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ
ਸ਼ਰੋਮਣੀ ਅਕਾਲੀ ਦਲ ਦਾ ਇਤਿਹਾਸ,
ਸਿੱਖ ਕੌਣ ਹਨ ?
੧੯੫੫ ਦਾ ਪੰਜਾਬੀ ਸੂਬਾ ਮੋਰਚਾ (੪੦੦ ਤਸਵੀਰਾਂ ਸਣੇ)
ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ ?
ਅਨੰਦਪੁਰ ਸਾਹਿਬ ਦਾ ਇਤਿਹਾਸ
ਕੀਰਤਪੁਰ ਸਾਹਿਬ ਦਾ ਇਤਿਹਾਸ
ਗੁਰੂ ਦੇ ਸ਼ੇਰ
ਸਿੱਖ ਫ਼ਿਲਾਸਫ਼ੀ ਕੀ ਹੈ ਤੇ ਹੋਰ ਲੇਖ
ਮਾਤਾ ਗੁਜਰੀ ਚਾਰ ਸਹਿਬਜ਼ਾਦੇ ਚਾਲ਼ੀ ਮੁਕਤੇ
ਭਾਈ ਮਨੀ ਸਿੰਘ ਤੇ ਉਨ੍ਹਾਂ ਦਾ ਪਰਿਵਾਰ
ਮਹਾਨ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ
ਸਿੱਖ ਤਵਾਰੀਖ਼ ਦੇ ਘੱਲੂਘਾਰੇ
ਸਿੱਖ ਫ਼ਿਲਾਸਫ਼ੀ ਦੀ ਡਿਕਸ਼ਨਰੀ
ਨਾਨਕਸ਼ਾਹੀ ਕੈਲੰਡਰ ਤੇ ਹੋਰ ਲੇਖ
੧੦੦ ਸਿੱਖ ਬੀਬੀਆਂ
ਦਮਦਮੀ ਟਕਸਾਲ (ਤੇ ਹੋਰ ਲੇਖ)
ਜੁਝਾਰੂ ਕਲਾਮ (੧੯੮੪ ਤੋਂ ੧੯੯੫ ਤਕ ਦੀਆਂ ਨਜ਼ਮਾਂ)
ਨਿੱਤਨੇਮ (ਪੰਜਾਬੀ ਵਿਚ ਟੀਕਾ)
ਜਪੁਜੀ ਸਾਹਿਬ (ਪੰਜਾਬੀ ਵਿਚ ਟੀਕਾ)

English :

? **Akal Takht Sâhib**

? **The Sikh Reference Book**

? **Who Are The Sikhs ?**

? **The Sikh Culture**

? **Anandpur Sahib** (History of the city)

? **Encyclopedia of Jalandhar** (with precious maps and dozens of rare photos)

? **Dictionary of Sikh Philosophy**

? **Nitnaym;** English translation

? **Guru Granth Sâhib**: Spiritual Manifesto

? **Sukhmani Sahib;** English translation

? **Ravidas Baani;** English translation

? **Banda Singh Bahadur**

? **Sikh History in 10 Volumes(1469-2012)**

Hindi:

? Anandpur Sâhib *SGPC*

? Sikh Sabhayachaar *Delhi SGPC*

? Sikh Kaun Hain ?

Urdu:

? **Sikh Culture** (*Pakistan*)

French:

? Qui Sont Les Sikhs ?

Spanish

? Quiénes Son Los Sikhs?

Norwegian

Hvem Er Sikhene

Danish:

? Hvem Er Sikherne?

Dutch:

? Wie Zinj De Sikh?



ਡਾ. ਹਰਜਿੰਦਰ ਸਿੰਘ
ਦਿਲਗੀਰ

ISBN 293024754-1
9 782930 247540